# ਸਮਾਜਿਕ ਵਿਗਿਆਨ

## ਭਾਗ-2

## ਨੌਵੀਂ ਸ਼੍ਰੇਣੀ

D2Z1Q7

ਇਹ ਪੁਸਤਕ ਪੰਜਾਬ ਸਰਕਾਰ ਦੁਆਰਾ ਮੁਫ਼ਤ ਦਿੱਤੀ
ਜਾਣੀ ਹੈ ਅਤੇ ਵਿਕਾਊ ਨਹੀਂ ਹੈ।


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਸੰਸਕਰਣ : 2023-24 .............. 1,98,000 ਕਾਪੀਆਂ

ਸਾਰੇ ਅਧਿਕਾਰ, ਅਨੁਵਾਦ, ਪੁਨਰ ਛਪਾਈ ਆਦਿ
ਪੰਜਾਬ ਸਰਕਾਰ ਵੱਲੋਂ ਰਾਖਵੇਂ ਹਨ।

## ਵਿਸ਼ਾ ਕੋ-ਆਰਡੀਨੇਟਰ

| | | |
|---|---|---|
| **ਇਤਿਹਾਸ** | : | ਸੀਮਾ ਚਾਵਲਾ ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ |
| **ਨਾਗਰਿਕ ਸ਼ਾਸ਼ਤਰ** | : | ਰਾਮਿੰਦਰ ਜੀਤ ਸਿੰਘ ਵਾਸੂ, ਵਿਸ਼ਾ ਮਾਹਿਰ, ਪੰਜਾਬ ਸਕੂਲ ਸਿੱਖਿਆ ਬੋਰਡ |

### ਚੇਤਾਵਨੀ

1. ਕੋਈ ਵੀ ਏਜੰਸੀ ਧਾਰਕ ਵਾਧੂ ਪੈਸੇ ਲੈਣ ਦੇ ਉਦੇਸ਼ ਨਾਲ ਪਾਠ-ਪੁਸਤਕ ਦੀ ਜਿਲਦਬੰਦੀ ਨਹੀਂ ਕਰ ਸਕਦਾ (ਏਜੰਸੀ ਵਾਲਿਆਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ ਪਾਠ ਪੁਸਤਕਾਂ ਦੀ ਜਾਅਲੀ ਅਤੇ ਨਕਲੀ ਪ੍ਰਕਾਸ਼ਨ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਸਜ਼ਾ ਪ੍ਰਣਾਲ਼ੀ ਦੇ ਅਧੀਨ ਗ਼ੈਰ-ਕਾਨੂੰਨੀ ਅਪਰਾਧ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਇਹ ਪੁਸਤਕ ਵਿਕਾਊ ਨਹੀਂ ਹੈ।**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ **ਐਸ. ਜੀ. ਪ੍ਰਿੰਟ ਪੈਕਸ ਪ੍ਰ. ਲਿ.**, ਨੋਇਡਾ ਦੁਆਰਾ ਛਾਪੀ ਗਈ।

# ਮੁੱਖ ਬੰਧ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ ਸਿੱਖਿਆ ਪੱਧਰ 'ਤੇ ਸਮੂਹ ਸ਼੍ਰੇਣੀਆਂ ਲਈ ਵੱਖ-ਵੱਖ ਵਿਸ਼ਿਆਂ ਦੀਆਂ ਪਾਠ-ਪੁਸਤਕਾਂ ਤਿਆਰ ਕਰਨ ਦੇ ਉਪਰਾਲੇ ਕਰਦਾ ਆ ਰਿਹਾ ਹੈ। ਇਸੇ ਸਿਲਸਿਲੇ ਅਧੀਨ ਹੱਥਲੀ ਪਾਠ-ਪੁਸਤਕ ਇਸੇ ਲੜੀ ਵਿੱਚੋਂ ਇੱਕ ਹੈ ਅਤੇ ਇਹ ਨੌਂਵੀਂ ਸ਼੍ਰੇਣੀ ਦੇ ਸਮਾਜਿਕ ਵਿਗਿਆਨ ਦੇ ਵਿਦਿਆਰਥੀਆਂ ਲਈ 'ਵਿਦਿਆਰਥੀ ਕੇਂਦਰਿਤ' ਸਿੱਖਿਆ-ਸਿਧਾਂਤ ਨੂੰ ਮੁੱਖ ਰੱਖ ਕੇ ਤਿਆਰ ਕੀਤੀ ਗਈ ਹੈ। ਇਹ ਪਾਠ-ਪੁਸਤਕ ਰਾਸ਼ਟਰੀ ਪਾਠ-ਕ੍ਰਮ ਦੀ ਰੂਪ-ਰੇਖਾ-2005 'ਤੇ ਅਧਾਰਿਤ ਪੰਜਾਬ ਪਾਠ-ਕ੍ਰਮ ਰੂਪ-ਰੇਖਾ 2013 ਦੀ ਸਿਫਾਰਸ਼ ਅਨੁਸਾਰ ਵਿਦਿਆਰਥੀ ਦੀ ਸਕੂਲ ਦੀ ਜ਼ਿੰਦਗੀ ਨੂੰ ਸਕੂਲ ਤੋਂ ਬਾਹਰਲੀ ਦੁਨੀਆਂ ਨਾਲ਼ ਜੋੜਨ ਦੇ ਲਈ 'ਪੁਸਤਕ ਅਧਾਰਿਤ ਸਿੱਖਿਆ' ਦੀ ਪਰੰਪਰਾ ਤੋਂ 'ਗਤੀਵਿਧੀ ਅਧਾਰਿਤ ਸਿੱਖਿਆ' ਵੱਲ ਵਧਣ ਦਾ ਇੱਕ ਉਪਰਾਲਾ ਹੈ।

ਹੱਥਲੀ ਪੁਸਤਕ ਲਈ ਕੀਤੇ ਯਤਨਾਂ ਦੀ ਸਫਲਤਾ ਸਕੂਲ ਮੁਖੀਆਂ ਅਤੇ ਅਧਿਆਪਕਾਂ ਤੇ ਬਹੁਤ ਹੱਦ ਤੱਕ ਨਿਰਭਰ ਕਰਦੀ ਹੈ, ਜਿਹੜੇ ਵਿਦਿਆਰਥੀਆਂ ਦੀਆਂ ਸਵੈ-ਅਧਿਐਨ ਅਤੇ ਰਚਨਾਤਮਿਕ ਰੁਚੀਆਂ ਨੂੰ ਉਜਾਗਰ ਕਰਨ ਲਈ ਪ੍ਰੇਰਿਤ ਕਰਨਗੇ ਤਾਂ ਜੋ ਉਹਨਾਂ ਅੰਦਰ ਰਚਨਾਤਮਿਕਤਾ ਦਾ ਗੁਣ ਪੈਦਾ ਹੋ ਸਕੇ। ਇਹ ਪਹਿਲ ਕਦਮੀ ਤਾਂ ਹੀ ਲੋੜੀਂਦੇ ਮੰਤਵ ਤੱਕ ਪੁੱਜ ਸਕੇਗੀ, ਜੇਕਰ ਅਸੀਂ ਵਿਦਿਆਰਥੀਆਂ ਨੂੰ ਕੇਵਲ ਨਿਸ਼ਚਿਤ ਗਿਆਨ ਪ੍ਰਾਪਤ ਕਰਨ ਦੀ ਥਾਂ ਅਧਿਆਪਨ-ਸਿੱਖਣ ਪ੍ਰਕ੍ਰਿਆ ਵਿੱਚ ਪੂਰੀ ਤਰ੍ਹਾਂ ਭਾਗੀਦਾਰ ਬਣਾ ਸਕੀਏ। ਪੁਸਤਕ ਦੀ ਸਾਰਥਿਕਤਾ, ਅਧਿਆਪਨ ਤੋਂ ਇਲਾਵਾ, ਇਸ ਦੀ ਮੁਲੰਕਣ ਵਿਧੀ ਤੇ ਵੀ ਨਿਰਭਰ ਕਰੇਗੀ, ਜੋ ਸਕੂਲ ਪੱਧਰ ਤੇ ਵਿਦਿਆਰਥੀਆਂ ਦੀ ਸਿੱਖਣ ਸ਼ੈਲੀ ਨੂੰ ਬੋਝਲ ਅਤੇ ਉਦਾਸੀਨ ਬਣਾਉਣ ਦੀ ਥਾਂ ਤੇ ਖੁਸ਼ਗਵਾਰ ਅਤੇ ਵਿਹਾਰਕ ਬਣਾਏਗੀ। ਪਾਠ-ਪੁਸਤਕ ਨੂੰ ਮਨੋਰੰਜਕ ਬਣਾਉਣ ਲਈ ਚਾਰਟ, ਚਿੱਤਰਾਂ, ਨਕਸ਼ਿਆਂ ਅਤੇ ਗਤੀਵਿਧੀਆਂ ਆਦਿ ਨੂੰ ਇਸ ਪੁਸਤਕ ਦੀ ਵਿਸ਼ੇਸ਼ਤਾ ਬਣਾਇਆ ਗਿਆ ਹੈ।

ਪਾਠ-ਪੁਸਤਕ ਵਿੱਚ ਇਤਿਹਾਸ ਵਿਸ਼ੇ ਅਧੀਨ ਸਿੱਖ ਧਰਮ ਦੀ ਸਥਾਪਨਾ ਅਤੇ ਵਿਕਾਸ, ਇਤਿਹਾਸ ਅਤੇ ਬਦਲਦਾ ਸੰਸਾਰ ਅਤੇ ਸਮਾਜ ਦੀ ਸੱਭਿਆਚਾਰਕ ਪਛਾਣ ਸੰਬੰਧੀ ਪੱਖਾਂ ਨੂੰ ਵੱਖ-ਵੱਖ ਪਾਠਾਂ ਰਾਹੀਂ ਉਜਾਗਰ ਕਰਨ ਲਈ ਸੰਬੰਧਿਤ ਵਿਸ਼ਾ-ਵਸਤੂ ਨੂੰ ਸ਼ਾਮਲ ਕੀਤਾ ਗਿਆ ਹੈ। ਨਾਗਰਿਕ ਸ਼ਾਸ਼ਤਰ ਨਾਗਰਿਕਤਾ ਦੇ ਸਿਧਾਂਤਕ, ਰਾਜਨੀਤਿਕ ਅਤੇ ਵਿਵਹਾਰਕ ਪਾਠ-ਕ੍ਰਮ ਦਾ ਅਧਿਐਨ ਹੈ, ਜਿਸ ਦੇ ਅਧੀਨ ਭਾਰਤੀ ਲੋਕਤੰਤਰ, ਲੋਕਤੰਤਰ ਅਤੇ ਚੋਣਾਂ, ਮੌਲਿਕ ਅਧਿਕਾਰਾਂ ਦੇ ਭਾਰਤੀ ਸਰੂਪ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਪੰਜਾਬ ਸਕੂਲ ਸਿੱਖਿਆ ਬੋਰਡ ਇਸ ਪੁਸਤਕ ਨੂੰ ਤਿਆਰ ਕਰਨ ਲਈ ਪਾਠ-ਪੁਸਤਕ ਵਿਕਾਸ ਕਮੇਟੀ ਦੇ ਵੱਲੋਂ ਕੀਤੇ ਗਏ ਸੁਹਿਰਦ ਯਤਨਾਂ ਦੀ ਸ਼ਲਾਘਾ ਕਰਦਾ ਹੈ। ਪਾਠ-ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਪ੍ਰਾਪਤ ਟਿੱਪਣੀਆਂ/ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

**ਚੇਅਰਮੈਨ**

ਪੰਜਾਬ ਸਕੂਲ ਸਿੱਖਿਆ ਬੋਰਡ

'ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ' ਪੰਜਾਬ।

# ਪਾਠ ਪੁਸਤਕ ਰਚਨਾ ਕਮੇਟੀ

**ਸਲਾਹਕਾਰ ਬੋਰਡ**

- ਡਾ. ਐਮ. ਰਾਜੀਵ ਲੋਚਨ ਪ੍ਰੋਫ਼ੈਸਰ ਇਤਿਹਾਸ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।
- ਡਾ. ਸੰਸਾਰ ਸਿੰਘ ਜੰਜੂਆ, ਪ੍ਰੋਫ਼ੈਸਰ, ਰਾਜਨੀਤੀ ਸ਼ਾਸਤਰ ਪੰਜਾਬੀ ਯੂਨੀਵਰਸਿਟੀ ਪਟਿਆਲਾ।
- ਡਾ. ਪਰਮਵੀਰ ਸਿੰਘ, ਪ੍ਰੋਫ਼ੈਸਰ, ਸਿੱਖ ਵਿਸ਼ਵ ਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ।
- ਡਾ. ਮੰਜੂ ਮਲਹੋਤਰਾ ਪ੍ਰੋਫ਼ੈਸਰ ਇਤਿਹਾਸ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ।

**ਮੈਂਬਰ : ਇਤਿਹਾਸ ਭਾਗ**

- ਡਾ. ਪਰਮਿੰਦਰ ਸਿੰਘ, ਪ੍ਰੋਫ਼ੈਸਰ (ਇਤਿਹਾਸ), ਸ਼ਹੀਦ ਉੱਧਮ ਸਿੰਘ ਕਾਲਜ, ਸੁਨਾਮ।
- ਸ਼੍ਰੀਮਤੀ ਬਲਜੀਤ ਕੌਰ ਟਿਵਾਣਾ, ਅਸਿਸਟੈਂਟ ਪ੍ਰੋ. (ਇਤਿਹਾਸ) ਐਮ. ਸੀ. ਐਮ. ਡੀ. ਏ. ਵੀ. ਕਾਲਜ, ਸੈਕਟਰ 36 ਚੰਡੀਗੜ੍ਹ।
- ਸ੍ਰੀ ਵਿਸ਼ਾਲ ਬੱਤਾ, ਲੈਕਚਰਾਰ, ਇਤਿਹਾਸ, ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਭਾਗੂ
- ਸ੍ਰੀ ਅਮਨੀਸ਼ ਕੁਮਾਰ, ਲੈਕਚਰਾਰ ਇਤਿਹਾਸ, ਸ.ਸ.ਸ.ਸ. ਛਾਜਲੀ, ਸੰਗਰੂਰ।
- ਸ਼੍ਰੀ ਰਾਮ ਮੂਰਤੀ ਸ਼ਰਮਾ, ਲੈਕਚਰਾਰ (ਇਤਿਹਾਸ) ਸਰਕਾਰੀ ਸੀਨੀ. ਸੈ. ਸਕੂਲ ਲਾਲੜੂ, ਮੋਹਾਲੀ।
- ਡਾ. ਸ਼ੰਕਰ ਚੌਧਰੀ, ਲੈਕਚਰਾਰ, ਸਰਕਾਰੀ ਸੀਨੀ. ਸੈ. ਸਕੂਲ ਬੱਲੂਆਣਾ, (ਫਾਜ਼ਿਲਕਾ)
- ਡਾ. ਹਰਪਾਲ ਸਿੰਘ, ਟੀ. ਜੀ. ਟੀ. ਸਰਕਾਰੀ ਸੀਨੀ. ਸੈ. ਸਕੂਲ ਗੀਗੇ ਮਾਜਰਾ।
- ਡਾ. ਭੁਪਿੰਦਰਪਾਲ ਸਿੰਘ ਲੈਕਚਰਾਰ (ਇਤਿਹਾਸ) ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ 3ਬੀ-1 ਐਸ.ਏ.ਐਸ. ਨਗਰ (ਮੁਹਾਲੀ)।
- ਕੁਮਾਰੀ ਨਵਜੋਤ ਕੌਰ, ਅਸਿਸਟੈਂਟ ਪ੍ਰੋਫ਼ੈਸਰ (ਇਤਿਹਾਸ), ਐੱਸ ਜੀ ਜੀ ਐੱਸ ਕਾਲਜ, ਸੈਕਟਰ 26 ਚੰਡੀਗੜ੍ਹ।

**ਮੈਂਬਰ : ਲੇਖਕ ਨਾਗਰਿਕ ਸ਼ਾਸਤਰ**

- ਸ਼੍ਰੀ ਮੇਵਾ ਸਿੰਘ, ਲੈਕਚਰਾਰ, ਸਰਕਾਰੀ ਸੀਨੀ. ਸੈ. ਸਕੂਲ ਨਾਢਾ, (ਮੋਹਾਲੀ)
- ਸ਼੍ਰੀਮਤੀ ਹਰਮਿੰਦਰ ਕੌਰ, ਲੈਕਚਰਾਰ, ਸਰਕਾਰੀ ਸੀਨੀ. ਸੈ. ਸਕੂਲ ਮਨੌਲੀ, (ਮੋਹਾਲੀ)

**ਅਨੁਵਾਦਕ ਅਤੇ ਭਾਸ਼ਾ ਸੋਧਕ :**

- ਸ. ਹਰਜੇਸ਼ਵਰਪਾਲ ਸਿੰਘ ਅਸਿਸਟੈਂਟ ਪ੍ਰੋਫ਼ੈਸਰ (ਇਤਿਹਾਸ) ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸੈਕਟਰ-26 ਚੰਡੀਗੜ੍ਹ
- ਸ਼੍ਰੀਮਤੀ ਮਨਜੀਤ ਕੌਰ, ਰਿਟਾਇਰਡ ਵਿਸ਼ਾ ਮਾਹਿਰ, ਐਸ. ਸੀ. ਈ. ਆਰ. ਟੀ. ਪੰਜਾਬ।
- ਸ਼੍ਰੀ ਵਿਨੋਦ ਕੁਮਾਰ, (ਰਿਟਾ. ਪ੍ਰਿੰਸੀਪਲ) ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਕੋਟਭਾਈ (ਸ਼੍ਰੀ ਮੁਕਤਸਰ ਸਾਹਿਬ)।
- ਸ੍ਰੀ ਅਭੀਜੀਤ ਵਧਵਾ, ਸਰਕਾਰੀ ਸੀ. ਸੈਕੰਡਰੀ ਸਕੂਲ, ਨਾਨਕ ਨਗਰੀ (ਅਬੋਹਰ)।
- ਸ਼੍ਰੀਮਤੀ ਜਸਬੀਰ ਕੌਰ, ਰਿਟਾਇਰਡ ਡਿਪਟੀ ਡਾਇਰੈਕਟਰ, ਪੰਜਾਬ ਸਕੂਲ ਸਿੱਖਿਆ ਬੋਰਡ।
- ਸ਼੍ਰੀਮਤੀ ਰਜਿੰਦਰ ਕੌਰ, ਰਿਟਾਇਰਡ ਅਧਿਆਪਕ, ਪੰਚਮ ਸੁਸਾਇਟੀ, ਸੈਕਟਰ 68 ਮੋਹਾਲੀ।
- ਡਾ. ਅਜੇ ਵਰਮਾ, ਅਸੀਸਟੈਂਟ ਪ੍ਰੋਫ਼ੈਸਰ ਰਿਜਨਲ ਸੈਂਟਰ ਬਠਿੰਡਾ
- ਸ੍ਰੀਮਤੀ ਮੀਨੂ ਅਰੋੜਾ, ਸੈਕਟਰ 38 (ਵੈਸਟ) ਚੰਡੀਗੜ੍ਹ।

**ਡਿਜ਼ਾਇਨ/ਚਿੱਤਰ/ਗ੍ਰਾਫਿਕਸ**

- ਸ਼੍ਰੀ ਕੁੰਵਰ ਅਰੋੜਾ, ਅਸ਼ੋਕਾ ਯੂਨੀਵਰਸਿਟੀ, ਸੋਨੀਪਤ।
- ਸ਼੍ਰੀ ਜਸਵਿੰਦਰ ਸਿੰਘ, ਡਾਟਾਐਂਟਰੀ ਓਪਰੇਟਰ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ।
- ਸ਼੍ਰੀ ਮਨਜੀਤ ਸਿੰਘ ਆਰਟਿਸਟ ਪੰਜਾਬ ਸਕੂਲ ਸਿੱਖਿਆ ਬੋਰਡ ਐਸ.ਏ.ਐਸ. ਨਗਰ।

# ਆਭਾਰ

ਪੰਜਾਬ ਸਕੂਲ ਸਿੱਖਿਆ ਬੋਰਡ, ਪ੍ਰੋਫੈਸਰ ਐਮ. ਰਾਜੀਵ ਲੋਚਨ ਇਤਿਹਾਸ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਪ੍ਰੋ. ਸੰਸਾਰ ਸਿੰਘ ਜੰਜੂਆ, ਰਾਜਨੀਤੀ ਸ਼ਾਸ਼ਤਰ ਵਿਭਾਗ, ਪੰਜਾਬੀ ਯੂਨੀਵਰਸਿਟੀ ਚੰਡੀਗੜ੍ਹ ਦੇ ਬਹੁਮੁੱਲੇ ਯੋਗਦਾਨ ਨੂੰ ਸਵੀਕਾਰ ਕਰਦਾ ਹੈ, ਜਿਨ੍ਹਾਂ ਵੱਲੋਂ ਪਾਠ-ਪੁਸਤਕ ਦੇ ਖਰੜੇ ਦੇ ਸੋਧਕ ਵਜੋਂ ਆਪਣੀਆਂ ਸੇਵਾਵਾਂ ਬੋਰਡ ਨੂੰ ਪ੍ਰਦਾਨ ਕੀਤੀਆਂ ਗਈਆਂ ਹਨ। ਬੋਰਡ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦੀ ਹੈ, ਜਿਸ ਵੱਲੋਂ ਪਾਠ-ਪੁਸਤਕ ਦੀ ਸਿੱਖ ਇਤਿਹਾਸ ਨਾਲ ਸੰਬੰਧਿਤ ਵਿਸ਼ਾ ਵਸਤੂ ਦੀ ਸੋਧ ਵਿੱਚ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਮੈਂਬਰ ਵਜੋਂ ਡਾ. ਪਰਮਵੀਰ ਸਿੰਘ, ਪ੍ਰੋ. ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀਆਂ ਸੇਵਾਵਾਂ ਉਪਲਬਧ ਕਰਵਾ ਕੇ ਸਾਨੂੰ ਸਹਿਯੋਗ ਦਿੱਤਾ ਹੈ।

ਅਸੀਂ ਪਾਠ-ਪੁਸਤਕ ਰੀਵਿਊ ਕਮੇਟੀ ਦੇ ਮੈਂਬਰ - ਡਾ. ਕਰਮਜੀਤ ਕੌਰ ਮਲਹੋਤਰਾ, ਪ੍ਰੋਫੈਸਰ ਪੰਜਾਬ ਇਤਿਹਾਸਕ ਅਧਿਐਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਸ਼੍ਰੀ ਗੁਰਦੇਵ ਸਿੰਘ ਲੈਕਚਰਾਰ ਵਿਵੇਕ ਹਾਈ ਸਕੂਲ ਸੈਕਟਰ-38 ਚੰਡੀਗੜ੍ਹ, ਸ਼੍ਰੀ ਰਾਜੀਵ ਗੱਖੜ ਲੈਕਚਰਾਰ (ਇਤਿਹਾਸ) ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੋਰਾਂ ਵਾਲੀ (ਫ਼ਰੀਦਕੋਟ)। (ਐਸ.ਸੀ.ਈ.ਆਰ.ਟੀ.), ਸ਼੍ਰੀ ਰਣਬੀਰ ਸਿੰਘ ਅਤੇ ਸ਼੍ਰੀਮਤੀ ਨਵਨੀਤ ਕੌਰ ਵਿਸ਼ਾ ਮਾਹਿਰ ਐਸ.ਸੀ.ਈ.ਆਰ.ਟੀ.), ਸ਼੍ਰੀਮਤੀ ਹਰਜੀਤ ਕੌਰ ਗਿੱਲ, ਸਰਕਾਰੀ ਹਾਈ ਸਕੂਲ ਬਲੌਂਗੀ, ਮੋਹਾਲੀ, ਸ਼੍ਰੀਮਤੀ ਲਵਲੀ ਸੱਭਰਵਾਲ, ਲੈਕਚਰਾਰ ਸਰਕਾਰੀ ਸੀ. ਸੈਕੰ. ਸਕੂਲ ਬੀਜਾ ਲੁਧਿਆਣਾ, ਸ਼੍ਰੀਮਤੀ ਪ੍ਰਕਾਸ਼ ਕੁਮਾਰੀ, ਲੈਕਚਰਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫੇਜ਼ 3 ਬੀ 1 ਮੋਹਾਲੀ, ਸ਼੍ਰੀਮਤੀ ਹਰਮਿੰਦਰ ਕੌਰ, ਲੈਕਚਰਾਰ, ਸਰਕਾਰੀ ਸੀਨੀ. ਸੈਕੰ. ਸਕੂਲ, ਮਨੌਲੀ, ਮੋਹਾਲੀ, ਸ਼੍ਰੀਮਤੀ ਰੇਖਾ ਚਾਵਲਾ, ਸਰਕਾਰੀ. ਸੀ. ਸੈਕੰ. ਸਕੂਲ, ਪੰਡਵਾਲਾ, ਮੋਹਾਲੀ, ਸ਼੍ਰੀ ਰਨਜੀਤ ਆਨੰਦ, ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਕਟਰ 34, ਚੰਡੀਗੜ੍ਹ, ਸ੍ਰੀ ਸੁਖਵਿੰਦਰ ਸਿੰਘ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਕਾਦੀਆਂਵਾਲੀ ਜਲੰਧਰ ਉਪਰੋਕਤ ਸਾਰਿਆਂ ਦਾ, ਜਿਨ੍ਹਾਂ ਨੇ ਖਰੜੇ ਦੀ ਸਮੀਖਿਆ ਕਰਨ ਵਿੱਚ ਸਹਿਯੋਗ ਦਿੱਤਾ, ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ।

ਇਸ ਪਾਠ ਪੁਸਤਕ ਦੀ ਰਚਨਾ ਦੌਰਾਨ ਅਸੀਂ ਸੰਦਰਭ ਪੁਸਤਕਾਂ 'ਦੀ ਸਿੱਖਸ ਔਫ ਪੰਜਾਬ' ( ਜੇ ਐੱਸ ਗਰੇਵਾਲ), 'ਸਿੱਖ ਇਤਿਹਾਸ' (ਤੇਜਾ ਸਿੰਘ ਅਤੇ ਗੰਡਾ ਸਿੰਘ) , 'ਹਿਸਟਰੀ ਆਫ ਸਿੱਖਸ'(ਹਰੀ ਰਾਮ ਗੁਪਤਾ) ਤੇ 'ਐਜੂਕੋਮ ਪਬਲੀਕੇਸ਼ਨ' ਅਤੇ 'ਐਨ ਸੀ ਈ ਆਰ ਟੀ ਕਲਾਸ-9' ਲਈ ਸੰਬੰਧਿਤ ਮਾਹਿਰਾਂ ਅਤੇ ਸੰਸਥਾਵਾਂ ਦੇ ਵੀ ਧੰਨਵਾਦੀ ਹਾਂ।

ਅਸੀਂ ਸ਼੍ਰੀ ਪ੍ਰਿਤਪਾਲ ਸਿੰਘ, ਵਿਸ਼ਾ ਮਾਹਿਰ ਇੰਚਾਰਜ ਕੰਪਿਊਟਰ ਲੈੱਬ: ਸ਼੍ਰੀਮਤੀ ਦਲਵਿੰਦਰ ਕੌਰ, ਡਾਟਾ ਐਂਟਰੀ ਓਪਰੇਟਰ, ਪੰਜਾਬ ਸਕੂਲ ਸਿੱਖਿਆ ਬੋਰਡ, ਸ਼੍ਰੀਮਤੀ ਸਰਿਸ਼ਟਾ, ਡਾਟਾ ਐਂਟਰੀ ਓਪਰੇਟਰ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਹੋਰ ਸਾਰੇ ਸਹਿਯੋਗੀ ਮੈਂਬਰਾਂ ਦਾ ਪਾਠ-ਪੁਸਤਕ ਦੀ ਕੰਪੋਜ਼ਿੰਗ ਦੇ ਕਾਰਜ ਵਿੱਚ ਸਹਿਯੋਗ ਦੇਣ ਲਈ ਧੰਨਵਾਦੀ ਹਾਂ।

ਪਾਠ-ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਪ੍ਰਾਪਤ ਟਿੱਪਣੀਆਂ/ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

# ਵਿਸ਼ਾ-ਸੂਚੀ


| ਪਾਠ-ਕ੍ਰਮ | ਪਾਠ ਦਾ ਨਾਮ | ਪੰਨਾ ਨੰ. |
|---|---|---|
| | **ਇਤਿਹਾਸ** | |
| 1. | ਪੰਜਾਬ: ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ | 1-13 |
| 2. | ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਮਕਾਲੀ ਸਮਾਜ | 14-26 |
| 3. | ਸਿੱਖ ਧਰਮ ਦਾ ਵਿਕਾਸ (1539ਈ.-1581ਈ.) | 27-34 |
| 4. | ਸ੍ਰੀ ਗੁਰੂ ਅਰਜਨ ਦੇਵ ਜੀ: ਯੋਗਦਾਨ ਅਤੇ ਸ਼ਹੀਦੀ ਦਾ ਮਹੱਤਵ | 35-42 |
| 5. | ਫਰਾਂਸੀਸੀ ਕ੍ਰਾਂਤੀ | 44-57 |
| 6. | ਰੂਸੀ ਕ੍ਰਾਂਤੀ | 58-66 |
| 7. | ਵਣ ਸਮਾਜ ਤੇ ਬਸਤੀਵਾਦ | 69-82 |
| 8. | ਪਹਿਰਾਵੇ ਦਾ ਸਮਾਜਿਕ ਇਤਿਹਾਸ | 83-95 |
| | **ਨਾਗਰਿਕ ਸ਼ਾਸਤਰ** | |
| 9. | ਵਰਤਮਾਨ ਲੋਕਤੰਤਰ ਦਾ ਇਤਿਹਾਸ, ਵਿਕਾਸ ਅਤੇ ਵਿਸਤਾਰ | 99-110 |
| 10. | ਲੋਕਤੰਤਰ ਦਾ ਅਰਥ ਅਤੇ ਮਹੱਤਵ | 111-120 |
| 11. | ਭਾਰਤੀ ਲੋਕਤੰਤਰ ਦੀ ਸਥਾਪਨਾ ਅਤੇ ਸਰੂਪ | 122-131 |
| 12. | ਭਾਰਤ ਦਾ ਸੰਸਦੀ ਲੋਕਤੰਤਰ | 132-144 |
| 13. | ਲੋਕਤੰਤਰ ਅਤੇ ਚੋਣ ਰਾਜਨੀਤੀ | 147-155 |
| 14. | ਸੰਵਿਧਾਨ ਅਧੀਨ ਨਾਗਰਿਕਾਂ ਦੇ ਮੌਲਿਕ ਅਧਿਕਾਰ | 156-166 |
| | ਵਿੱਤੀ ਕਿਰਿਆਵਾਂ ਸੰਬੰਧੀ ਅਤੇ ਕਨੂੰਨੀ ਅਧਿਐਨ ਸਮਗਰੀ | 167-180 |

# ਇਕਾਈ -1

## ਘਟਨਾਵਾਂ ਅਤੇ ਪ੍ਰਕਿਰਿਆਵਾਂ

### ਸਿੱਖ ਧਰਮ ਦੀ ਸਥਾਪਨਾ ਅਤੇ ਵਿਕਾਸ (1450 ਈ.-1606 ਈ.)

# ਪੰਜਾਬ : ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ

## 1

ਪੰਜਾਬ ਅਜੋਕੇ ਭਾਰਤ ਦਾ ਇੱਕ ਮਹੱਤਵਪੂਰਨ ਸੂਬਾ ਹੈ। ਜਿਸ ਪੰਜਾਬ ਬਾਰੇ ਅਸੀਂ ਅੱਜ ਜਾਣਦੇ ਹਾਂ, ਉਸਦਾ ਸਰੂਪ ਸਦਾ ਤੋਂ ਹੀ ਅਜਿਹਾ ਨਹੀਂ ਸੀ। ਸਮੇਂ-ਸਮੇਂ 'ਤੇ ਇਸ ਦੇ ਨਾਂ ਅਤੇ ਹੱਦਾਂ ਵਿੱਚ ਤਬਦੀਲੀਆਂ ਹੁੰਦੀਆਂ ਰਹੀਆਂ ਹਨ। ਇਸ ਸੂਬੇ ਨੇ ਭਾਰਤ ਦੇ ਹੀ ਨਹੀਂ ਸਗੋਂ ਵਿਸ਼ਵ ਦੇ ਇਤਿਹਾਸ ਨੂੰ ਵੀ ਪ੍ਰਭਾਵਿਤ ਕੀਤਾ ਹੈ। ਸੰਸਾਰ ਦੀ ਮਹਾਨ **ਸਿੰਧੂ ਘਾਟੀ ਦੀ ਸੱਭਿਅਤਾ (ਹੜੱਪਾ ਸਭਿਅਤਾ)** ਦਾ ਜਨਮ ਪੰਜਾਬ ਦੀ ਧਰਤੀ 'ਤੇ ਹੀ ਹੋਇਆ ਸੀ। ਵਿਸ਼ਵ ਪ੍ਰਸਿੱਧ ਅਤੇ ਪ੍ਰਾਚੀਨ **'ਤਕਸ਼ਿਲਾ ਵਿਸ਼ਵ ਵਿਦਿਆਲਾ'** ਵੀ ਪੰਜਾਬ ਦੀ ਧਰਤੀ 'ਤੇ ਸਥਿਤ ਸੀ। ਭਾਰਤ ਦੇ ਪ੍ਰਾਚੀਨ ਗ੍ਰੰਥ 'ਰਿਗਵੇਦ' ਦੀ ਰਚਨਾ ਵੀ ਪੰਜਾਬ ਦੀ ਧਰਤੀ 'ਤੇ ਹੀ ਹੋਈ।



ਸਿੰਧੂ ਘਾਟੀ (ਹੜੱਪਾ) ਸੱਭਿਅਤਾ ਦੇ ਅਵਸ਼ੇਸ਼ਾਂ ਦਾ ਚਿੱਤਰ




**ਗਤੀਵਿਧੀ**

- ਤਕਸ਼ਿਲਾ ਵਿਸ਼ਵ ਵਿਦਿਆਲਾ ਵਰਤਮਾਨ ਸਮੇ ਕਿੱਥੇ ਸਥਿਤ ਹੈ ? ਇਸ ਬਾਰੇ ਜਾਣਕਾਰੀ ਇਕੱਤਰ ਕਰੋ ਅਤੇ 1947 ਈ. ਤੋਂ ਪਹਿਲਾਂ ਵਾਲੇ ਪੰਜਾਬ ਦੇ ਨਕਸ਼ੇ 'ਤੇ ਦਿਖਾਓ।




ਸਿੰਧੂ ਘਾਟੀ (ਹੜੱਪਾ) ਸੱਭਿਅਤਾ ਦਾ ਵਿਸਥਾਰ

ਸਾਡੇ ਮਹਾਨ ਸਿੱਖ ਗੁਰੂਆਂ ਦੀ ਕਰਮ-ਭੂਮੀ ਵੀ ਪੰਜਾਬ ਦੀ ਧਰਤੀ ਹੀ ਹੈ, ਇੱਥੇ ਹੀ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਮਨੁੱਖਤਾ ਦਾ ਸੰਦੇਸ਼ ਦਿੱਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ **'ਖਾਲਸਾ ਪੰਥ'** ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪ੍ਰੇਰਨਾ ਨਾਲ਼ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਸਿੱਖਾਂ ਨੇ ਮੁਗ਼ਲਾਂ ਦੇ ਅੱਤਿਆਚਾਰਾਂ ਦਾ ਸਾਮ੍ਹਣਾ ਕੀਤਾ ਅਤੇ ਲਾਸਾਨੀ ਕੁਰਬਾਨੀਆਂ ਦਿੰਦੇ ਹੋਏ ਪਹਿਲੇ ਸਿੱਖ ਰਾਜ ਦੀ ਸਥਾਪਨਾ ਕੀਤੀ। ਜਿਸ ਉੱਪਰ ਅਗਾਂਹ ਚੱਲ ਕੇ ਮਹਾਰਾਜਾ ਰਣਜੀਤ ਸਿੰਘ ਨੇ ਪ੍ਰਭੂਸੱਤਾ ਸੰਪੰਨ ਸਿੱਖ ਰਾਜ ਦੀ ਸਥਾਪਨਾ ਕੀਤੀ। ਪੰਜਾਬ ਦੇ ਸੂਰਬੀਰਾਂ, ਦੇਸ਼-ਭਗਤਾਂ ਅਤੇ ਸਮਾਜ ਸੁਧਾਰਕਾਂ ਦਾ ਭਾਰਤੀ ਸੁਤੰਤਰਤਾ ਸੰਗਰਾਮ ਵਿੱਚ ਬੇਮਿਸਾਲ ਯੋਗਦਾਨ ਹੈ।

ਗਤੀਵਿਧੀ



ਉਪਰੋਕਤ ਚਿੱਤਰ ਧਿਆਨ ਨਾਲ਼ ਦੇਖੋ ਅਤੇ ਦੱਸੋ ਕਿ ਚਿੱਤਰ ਵਿੱਚ ਦਰਸਾਈ ਗਈ ਇਹ ਰਸਮ ਕਦੋਂ ਅਤੇ ਕਿੱਥੇ ਨਿਭਾਈ ਗਈ?

ਪੰਜਾਬ ਦੇ ਇਤਿਹਾਸ ਦਾ ਅਧਿਐਨ ਕਰਨ ਲਈ ਸਾਨੂੰ ਇਸ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਉਹਨਾਂ ਦਾ ਇਤਿਹਾਸ 'ਤੇ ਪਏ ਪ੍ਰਭਾਵ ਦਾ ਅਧਿਐਨ ਕਰਨਾ ਜ਼ਰੂਰੀ ਹੈ। ਇਸ ਪਾਠ ਵਿੱਚ ਅਸੀਂ ਜਮਨਾ ਨਦੀ ਤੋਂ ਸਿੰਧ ਨਦੀ ਦੇ ਵਿਚਕਾਰਲੇ ਇਲਾਕੇ ਦੀ ਚਰਚਾ ਕਰਾਂਗੇ ਜਿਸ ਨੂੰ ਮੱਧਕਾਲ ਵਿੱਚ **'ਪੰਜਾਬ'** ਦਾ ਨਾਂ ਦਿੱਤਾ ਗਿਆ।

## ਪੰਜਾਬ ਦੇ ਵੱਖ-ਵੱਖ ਇਤਿਹਾਸਿਕ ਨਾਂ

ਵੈਦਿਕ ਕਾਲ ਵਿੱਚ ਆਰੀਆ ਦੇ ਪ੍ਰਾਚੀਨ ਗ੍ਰੰਥ **ਰਿਗਵੇਦ** ਵਿੱਚ ਪੰਜਾਬ ਨੂੰ **'ਸਪਤ ਸਿੰਧੂ'** ਭਾਵ **ਸੱਤ ਨਦੀਆਂ ਦੀ ਧਰਤੀ** ਕਿਹਾ ਗਿਆ ਹੈ। ਇਹ ਸੱਤ ਨਦੀਆਂ ਹਨ- ਸਿੰਧੂ, ਵਿਤਸਤਾ (ਜੇਹਲਮ), ਅਸਿਕਨੀ (ਚਿਨਾਬ), ਪਰੁਸ਼ਨੀ (ਰਾਵੀ), ਵਿਪਾਸ਼ਾ (ਬਿਆਸ), ਸ਼ਤੁੱਦਰੀ (ਸਤਲੁਜ) ਅਤੇ ਸਰਸਵਤੀ। ਹੁਣ ਸਰਸਵਤੀ ਨਦੀ ਦੀ ਹੋਂਦ ਖ਼ਤਮ ਹੋ ਚੁੱਕੀ ਹੈ। ਪ੍ਰਾਚੀਨ ਮਹਾਂਕਾਵਿ ਰਮਾਇਣ, ਮਹਾਂਭਾਰਤ ਅਤੇ ਪੁਰਾਣਾਂ ਵਿੱਚ ਪੰਜਾਬ ਨੂੰ **'ਪੰਚਨਦ'** ਕਿਹਾ ਗਿਆ ਹੈ। ਯੂਨਾਨੀਆਂ ਨੇ ਪੰਜਾਬ ਨੂੰ **ਪੈਂਟਾਪੋਟਾਮੀਆ** (**Pentapotamia**) ਨਾਂ ਦਿੱਤਾ, ਜਿਸ ਵਿੱਚ **ਪੈਂਟਾ** ਦਾ ਅਰਥ ਹੈ-ਪੰਜ ਅਤੇ **ਪੋਟਾਮੀਆ** ਦਾ ਅਰਥ ਹੈ-ਨਦੀ, ਭਾਵ ਪੰਜ ਨਦੀਆਂ ਦੀ ਧਰਤੀ। ਪੰਜਾਬ ਵਿੱਚ ਬਹੁਤ ਸਮੇਂ ਤੱਕ ਕਬੀਲੇ ਦਾ ਸ਼ਾਸਨ ਰਿਹਾ, ਜਿਸ ਕਾਰਨ ਇਸ ਨੂੰ **ਟੱਕ ਪ੍ਰਦੇਸ਼** ਜਾਂ **ਟਕੀ** ਵੀ ਕਿਹਾ ਜਾਂਦਾ ਸੀ। ਚੀਨੀ ਯਾਤਰੀ ਹਿਊਨਸਾਂਗ ਨੇ ਇਸ ਪ੍ਰਦੇਸ਼ ਨੂੰ **ਸੇਕੀਆ** ਦਾ ਨਾਂ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਨੂੰ **ਲਾਹੌਰ ਸੂਬਾ** ਕਿਹਾ ਜਾਣ ਲੱਗਾ। ਅਕਬਰ ਦੇ ਸਮੇਂ ਇਸਨੂੰ ਲਾਹੌਰ ਸੂਬਾ (ਸੂਬਾ-ਏ-ਲਾਹੌਰ) ਕਿਹਾ ਜਾਂਦਾ ਸੀ। ਪੰਜਾਬ ਫਾਰਸੀ ਭਾਸ਼ਾ ਦੇ ਸ਼ਬਦ 'ਪੰਜ' ਅਤੇ 'ਆਬ' ਤੋਂ ਮਿਲ ਕੇ ਬਣਿਆ ਹੈ। ਪੰਜ ਦਾ ਅਰਥ ਹੈ ਪੰਜ ਅਤੇ 'ਆਬ' ਦਾ ਅਰਥ ਪਾਣੀ ਇਸ ਤਰ੍ਹਾਂ ਪੰਜਾਬ ਦਾ ਇਹ ਨਾਂ ਪ੍ਰਚਲਿਤ ਹੋ ਗਿਆ। 1849 ਈ. ਵਿੱਚ ਅੰਗਰੇਜ਼ਾਂ ਨੇ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾ ਲਿਆ ਅਤੇ ਇਸ ਨੂੰ **ਪੰਜਾਬ ਪ੍ਰਾਂਤ** ਦਾ ਨਾਂ ਦਿੱਤਾ। 1947 ਈ. ਵਿੱਚ ਭਾਰਤ-ਪਾਕਿਸਤਾਨ ਦੀ ਵੰਡ ਹੋਣ ਕਾਰਨ ਪੰਜਾਬ ਵੀ ਦੋ ਭਾਗਾਂ ਵਿੱਚ ਵੰਡਿਆ ਗਿਆ। ਪਾਕਿਸਤਾਨ ਦੇ ਹਿੱਸੇ ਆਏ ਪੰਜਾਬ (ਜਿਸ ਵਿੱਚ ਜੇਹਲਮ, ਚਿਨਾਬ ਅਤੇ ਰਾਵੀ ਨਦੀ ਦੇ ਇਲਾਕੇ ਸ਼ਾਮਿਲ ਹਨ) ਨੂੰ **ਪੱਛਮੀ ਪੰਜਾਬ** ਅਤੇ ਭਾਰਤੀ ਪੰਜਾਬ (ਜਿਸ ਵਿੱਚ ਬਿਆਸ ਅਤੇ ਸਤਲੁਜ ਨਦੀ ਦੇ ਇਲਾਕੇ ਸ਼ਾਮਿਲ ਹਨ) ਨੂੰ **ਪੂਰਬੀ ਪੰਜਾਬ** ਕਿਹਾ ਜਾਂਦਾ ਹੈ, ਪਰੰਤੂ ਦੋਹਾਂ ਦੇਸ਼ਾਂ ਦੇ ਲੋਕਾਂ ਵਿੱਚ ਇਸ ਦਾ ਨਾਂ **ਪੰਜਾਬ** ਹੀ ਹਰਮਨ ਪਿਆਰਾ ਹੈ।

ਕੀ ਤੁਸੀਂ ਜਾਣਦੇ ਹੋ ?


DESI CONNECT

Australia too has a Punjaub, a land of five rivers

There is a Punjab here, which you can visit without taking your passport along... (It's matter of pride) that Sikh history has documented evidence of its influence in Australia since 1880s.

| | |
|---|---|
| 1. ਵੈਦਿਕ ਕਾਲ (ਰਿਗਵੇਦ ਅਨੁਸਾਰ) - ਸਪਤ ਸਿੰਧੂ | 4. ਚੀਨੀ ਯਾਤਰੀ ਹਿਊਨਸਾਂਗ - ਸੇਕੀਆ |
| 2. ਹਿੰਦੂ ਮਹਾਂਕਾਵਿ ਅਤੇ ਪੁਰਾਣਾਂ ਵਿੱਚ - ਪੰਚਨਦ | 5. ਮੁਗਲ-ਕਾਲ ਵਿੱਚ - ਲਾਹੌਰ ਸੂਬਾ |
| 3. ਟੱਕ ਕਬੀਲੇ ਦਾ ਸ਼ਾਸਨ - ਟੱਕ ਪ੍ਰਦੇਸ਼ ਜਾਂ ਟਕੀ | 6. 1849 ਈ. ਵਿੱਚ - ਪੰਜਾਬ |

## ਪੰਜਾਬ ਦਾ ਬਦਲਦਾ ਰਾਜਨੀਤਿਕ ਸਰੂਪ

ਰਿਗਵੈਦਿਕ ਕਾਲ ਤੋਂ ਲੈ ਕੇ ਭਾਰਤ ਦੀ ਅਜ਼ਾਦੀ ਤੋਂ ਬਾਅਦ ਤੱਕ ਵੀ ਪੰਜਾਬ ਦੀਆਂ ਸੀਮਾਵਾਂ ਵਿੱਚ ਲਗਾਤਾਰ ਤਬਦੀਲੀ ਹੁੰਦੀ ਰਹੀ ਹੈ।

- ਰਿਗਵੇਦ ਦੇ ਸਮੇ ਸਿੰਧੂ ਨਦੀ ਤੋਂ ਸਰਸਵਤੀ ਨਦੀ ਦੇ ਵਿਚਕਾਰ ਦਾ ਖੇਤਰ (ਸਪਤ ਸਿੰਧੂ) ਪੰਜਾਬ ਵਿੱਚ ਸ਼ਾਮਲ ਸੀ।
- ਚੰਦਰਗੁਪਤ ਮੌਰੀਆ ਨੇ ਪੱਛਮ ਵੱਲ ਅਫ਼ਗਾਨਿਸਤਾਨ ਅਤੇ ਬਲੋਚਿਸਤਾਨ ਦੇ ਖੇਤਰਾਂ ਤੱਕ ਆਪਣੇ ਰਾਜ ਦਾ ਵਿਸਥਾਰ ਕਰਕੇ ਪੰਜਾਬ ਦੀਆਂ ਸੀਮਾਵਾਂ ਨੂੰ ਹਿੰਦੂਕੁਸ਼ ਦੇ ਪਹਾੜਾਂ ਤਕ ਪਹੁੰਚਾ ਦਿੱਤਾ ਅਤੇ ਤਕਸ਼ਿਲਾ ਵੀ ਪੰਜਾਬ ਦਾ ਹਿੱਸਾ ਬਣ ਗਿਆ।
- ਹਿੰਦੀ-ਬਾਖ਼ਤਰੀ ਅਤੇ ਹਿੰਦੀ-ਪਾਰਥੀ ਰਾਜਿਆਂ ਦੇ ਸਮੇ ਪੰਜਾਬ ਦੀ ਸੀਮਾ ਅਫ਼ਗਾਨਿਸਤਾਨ ਤੱਕ ਲਗਦੀ ਸੀ ਅਤੇ ਰਾਜਧਾਨੀ **ਸਾਕਲਾ** (**ਸਿਆਲਕੋਟ ਪਾਕਿਸਤਾਨ**) ਸੀ।
- ਦਿੱਲੀ ਸਲਤਨਤ ਕਾਲ ਵਿੱਚ ਪੰਜਾਬ (ਲਾਹੌਰ ਸੂਬਾ) ਦੀ ਸੀਮਾ ਸਤਲੁਜ ਨਦੀ ਤੋਂ ਪੇਸ਼ਾਵਰ ਤੱਕ ਸੀ।
- ਮੁਗ਼ਲ ਬਾਦਸ਼ਾਹ ਅਕਬਰ ਨੇ ਪੰਜਾਬ ਨੂੰ ਦੋ ਪ੍ਰਾਤਾਂ ਵਿੱਚ ਵੰਡ ਦਿੱਤਾ। ਜਿਨ੍ਹਾਂ ਦੇ ਨਾਂ- ਲਾਹੌਰ ਅਤੇ ਮੁਲਤਾਨ ਪ੍ਰਾਂਤ ਰੱਖੇ ਗਏ।
- ਮਹਾਰਾਜਾ ਰਣਜੀਤ ਸਿੰਘ ਦੇ ਸਮੇ ਪੰਜਾਬ ਪੂਰਬ ਵਿੱਚ ਸਤਲੁਜ ਨਦੀ ਤੋਂ ਲੈ ਕੇ ਪੱਛਮ ਵਿੱਚ ਖ਼ੈਬਰ ਦੱਰਾ ਤੱਕ ਫੈਲ ਗਿਆ, ਜਿਸ ਦੀ ਰਾਜਧਾਨੀ ਲਾਹੌਰ ਸੀ।
- 1849 ਈ. ਵਿੱਚ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਮਿਲਾ ਲਿਆ ਗਿਆ। 1857 ਈ. ਦੇ ਵਿਦਰੋਹ ਤੋਂ ਬਾਅਦ ਦਿੱਲੀ (ਸਤਲੁਜ ਨਦੀ ਤੋਂ ਜਮਨਾ ਨਦੀ ਤੱਕ ਦੇ ਇਲਾਕੇ) ਨੂੰ ਵੀ ਪੰਜਾਬ ਦਾ ਹਿੱਸਾ ਬਣਾ ਦਿੱਤਾ ਗਿਆ।
- 1901 ਈ. ਵਿੱਚ ਲਾਰਡ ਕਰਜ਼ਨ ਨੇ ਪੱਛਮ ਵੱਲ ਸਿੰਧ ਨਦੀ ਤੋਂ ਪਾਰ ਦੇ ਇਲਾਕੇ ਨੂੰ ਪੰਜਾਬ ਨਾਲੋਂ ਵੱਖਰਾ ਕਰਕੇ ਉੱਤਰ-ਪੱਛਮੀ ਸਰਹੱਦੀ ਸੂਬਾ ਬਣਾ ਦਿੱਤਾ।
- 1911 ਈ. ਵਿੱਚ ਲਾਰਡ ਹਾਰਡਿੰਗ ਨੇ ਪੂਰਬ ਵੱਲ ਸਤਲੁਜ ਨਦੀ ਤੋਂ ਜਮਨਾ ਨਦੀ ਤੱਕ ਦੇ ਇਲਾਕੇ ਨੂੰ ਇੱਕ ਵਾਰ ਫਿਰ ਪੰਜਾਬ ਨਾਲੋਂ ਵੱਖਰਾ ਕਰਕੇ ਦਿੱਲੀ ਨੂੰ ਹਿੰਦੁਸਤਾਨ ਦੀ ਰਾਜਧਾਨੀ ਬਣਾ ਦਿੱਤਾ। ਇਸ ਤਰ੍ਹਾਂ ਇਤਿਹਾਸ ਵਿੱਚ ਪੰਜਾਬ ਪਹਿਲੀ ਵਾਰ ਸਹੀ ਅਰਥਾਂ ਵਿੱਚ **ਪੰਜ ਨਦੀਆਂ ਦੀ ਧਰਤੀ** ਦੇ ਸਰੂਪ ਵਿੱਚ ਆਇਆ।
- 1947 ਈ. ਵਿੱਚ ਭਾਰਤ ਦੀ ਅਜ਼ਾਦੀ ਸਮੇ ਪੰਜਾਬ ਦੀ ਫਿਰ ਵੰਡ ਹੋਈ। ਪੰਜਾਬ ਦਾ ਪੱਛਮੀ ਹਿੱਸਾ, ਜੋ ਕਿ ਮੁਸਲਮਾਨ ਬਹੁ-ਗਿਣਤੀ ਵਾਲ਼ਾ ਇਲਾਕਾ ਸੀ, ਨਵੇਂ ਬਣੇ ਦੇਸ਼ ਪਾਕਿਸਤਾਨ ਵਿੱਚ ਚਲਾ ਗਿਆ ਅਤੇ ਪੂਰਬੀ ਹਿੱਸਾ ਭਾਰਤ ਵਿੱਚ ਹੀ ਰਹਿ ਗਿਆ। ਉਸ ਸਮੇ ਪੰਜਾਬ ਦੇ 29 ਜ਼ਿਲ੍ਹਿਆਂ ਵਿੱਚੋਂ 16 ਜ਼ਿਲ੍ਹੇ ਪਾਕਿਸਤਾਨੀ ਪੰਜਾਬ ਅਤੇ 13 ਜ਼ਿਲ੍ਹੇ ਭਾਰਤੀ ਪੰਜਾਬ ਦੇ ਹਿੱਸੇ ਆਏ।
- 1956 ਈ. ਵਿੱਚ ਰਾਜ-ਪੁਨਰਗਠਨ ਦੇ ਕਾਰਨ ਮਾਲਵਾ ਦੀਆਂ ਰਿਆਸਤਾਂ (ਸਤਲੁਜ ਨਦੀ ਤੋਂ ਘੱਗਰ ਨਦੀ ਤੱਕ) ਭੰਗ ਕਰਕੇ ਪੰਜਾਬ ਰਾਜ ਵਿੱਚ ਮਿਲਾ ਦਿੱਤੀਆਂ ਗਈਆਂ।
- 1 ਨਵੰਬਰ 1966 ਈ. ਨੂੰ ਭਾਸ਼ਾ ਦੇ ਅਧਾਰ ਤੇ ਹੋਏ ਰਾਜ ਦੇ ਪੁਨਰਗਠਨ ਦੀ ਮੰਗ ਨੂੰ ਲੈ ਕੇ ਪੰਜਾਬ ਦੀ ਵੰਡ ਕਰਕੇ ਇੱਕ ਨਵਾਂ ਰਾਜ ਹਰਿਆਣਾ ਬਣਾ ਦਿੱਤਾ ਗਿਆ ਅਤੇ ਪੰਜਾਬ ਦਾ ਕੁੱਝ ਪਹਾੜੀ ਹਿੱਸਾ ਹਿਮਾਚਲ ਪ੍ਰਦੇਸ਼ ਵਿੱਚ ਮਿਲਾ ਦਿੱਤਾ ਗਿਆ। ਇਸ ਵੰਡ ਤੋਂ ਬਾਅਦ ਹੀ ਵਰਤਮਾਨ ਪੰਜਾਬ ਦੀ ਸਥਾਪਨਾ ਹੋਈ।

**ਅਜ਼ਾਦੀ ਵੇਲ਼ੇ ਭਾਰਤੀ ਪੰਜਾਬ (ਪੂਰਬੀ ਪੰਜਾਬ)**

ਭਾਰਤੀ ਪੰਜਾਬ (ਪੂਰਬੀ ਪੰਜਾਬ) ਵਿੱਚ ਅੰਬਾਲਾ, ਅੰਮ੍ਰਿਤਸਰ, ਬਠਿੰਡਾ, ਫ਼ਿਰੋਜ਼ਪੁਰ, ਜਲੰਧਰ, ਗੁਰਦਾਸਪੁਰ, ਗੁੜਗਾਓਂ (ਗੁਰੂਗ੍ਰਾਮ), ਹਿਸਾਰ, ਹੁਸ਼ਿਆਰਪੁਰ, ਕਾਂਗੜਾ, ਕਪੂਰਥਲਾ, ਮਹਿੰਦਰਗੜ੍ਹ, ਪਟਿਆਲਾ, ਰੋਹਤਕ, ਸੰਗਰੂਰ ਅਤੇ ਸ਼ਿਮਲਾ ਜ਼ਿਲ੍ਹੇ ਸ਼ਾਮਲ ਕੀਤੇ ਗਏ।

**1 ਨਵੰਬਰ, 1966 ਈ. ਨੂੰ ਪੰਜਾਬ ਦੀ ਵੰਡ ਵਿੱਚ**
ਜ਼ਿਲ੍ਹਾ ਅੰਬਾਲਾ, ਕਰਨਾਲ, ਰੋਹਤਕ, ਹਿਸਾਰ, ਗੁੜਗਾਓਂ, ਮਹਿੰਦਰਗੜ੍ਹ ਅਤੇ ਜੀਂਦ ਤਹਿਸੀਲ ਦੇ ਇਲਾਕੇ ਹਰਿਆਣਾ ਦੇ ਹਿੱਸੇ ਆਏ। ਜ਼ਿਲ੍ਹਾ ਸ਼ਿਮਲਾ ਕਾਂਗੜਾ ਅਤੇ ਊਨਾ ਤਹਿਸੀਲ ਉਸ ਸਮੇਂ ਦੇ ਕੇਂਦਰ ਸ਼ਾਸ਼ਤ ਪ੍ਰਦੇਸ਼ ਹਿਮਾਚਲ ਪ੍ਰਦੇਸ਼ ਦੇ ਹਿੱਸੇ ਆਏ।


**ਕੀ ਤੁਸੀਂ ਜਾਣਦੇ ਹੋ?**

## ਪੰਜਾਬੀ ਦੀਆਂ ਉਪਭਾਸ਼ਾਵਾਂ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤੇ ਸਰਵੇਖਣ ਮੁਤਾਬਿਕ ਪੰਜਾਬੀ ਦੀਆਂ ਕੁੱਲ 28 ਉਪਭਾਸ਼ਾਵਾਂ ਹਨ। ਇਹਨਾਂ ਵਿੱਚੋਂ ਭਾਰਤੀ ਪੰਜਾਬ ਦੀਆਂ ਮੁੱਖ ਉਪਭਾਸ਼ਾਵਾਂ ਮਾਝੀ ਦੁਆਬੀ ਮਲਵਈ ਪੁਆਧੀ ਅਤੇ ਡੋਗਰੀ ਹਨ। ਮਾਝੀ ਭਾਰਤੀ ਪੰਜਾਬ ਦੇ ਗੁਰਦਾਸਪੁਰ ਪਠਾਨਕੋਟ ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ। ਪੰਜਾਬੀ ਦਾ ਟਕਸਾਲੀ ਰੂਪ ਇਸ ਉਪਭਾਸ਼ਾ ਦੇ ਸਭ ਤੋਂ ਨੇੜੇ ਹੈ। ਦੁਆਬੀ, ਉਪਭਾਸ਼ਾ ਜਲੰਧਰ ਸ਼ਹੀਦ ਭਗਤ ਸਿੰਘ ਨਗਰ ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਬੋਲੀ ਜਾਂਦੀ ਹੈ। ਫ਼ਿਰੋਜ਼ਪੁਰ, ਫ਼ਾਜ਼ਿਲਕਾ, ਫ਼ਰੀਦਕੋਟ, ਸ੍ਰੀ ਮੁਕਤਸਰ ਸਾਹਿਬ, ਮੋਗਾ, ਬਠਿੰਡਾ, ਬਰਨਾਲਾ, ਮਾਨਸਾ ਅਤੇ ਲੁਧਿਆਣਾ ਜ਼ਿਲ੍ਹੇ ਮਲਵਈ ਉਪਭਾਸ਼ਾ ਦੇ ਖੇਤਰ ਹਨ। ਰੋਪੜ ਮੁਹਾਲੀ ਫ਼ਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹੇ ਪੁਆਧੀ ਉਪਭਾਸ਼ਾ ਦੇ ਖੇਤਰ ਹਨ। ਡੋਗਰੀ ਭਾਸ਼ਾ ਜੰਮੂ ਅਤੇ ਕਸ਼ਮੀਰ ਪ੍ਰਾਂਤ ਦੇ ਜੰਮੂ ਖੇਤਰ ਦੀ ਬੋਲੀ ਹੈ।

## ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ

ਅਸੀਂ ਜਿਸ ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦਾ ਅਧਿਐਨ ਕਰ ਰਹੇ ਹਾਂ, ਉਹ ਸਿੰਧ ਨਦੀ ਅਤੇ ਜਮਨਾ ਨਦੀ ਦੇ ਵਿਚਕਾਰ ਦਾ ਇਲਾਕਾ ਹੈ। ਇਸ ਦੇ ਉੱਤਰ ਦੇ ਵਿੱਚ ਹਿਮਾਲਾ ਪਰਬਤ, ਪੱਛਮ ਵਿੱਚ ਸੁਲੇਮਾਨ ਅਤੇ ਕਿਰਥਾਰ ਦੀਆਂ ਪਰਬਤ ਲੜੀਆਂ, ਪੂਰਬ ਵਿੱਚ ਜਮਨਾ ਨਦੀ ਅਤੇ ਦੱਖਣ ਵਿੱਚ ਸਿੰਧ ਅਤੇ ਰਾਜਸਥਾਨ ਦਾ ਥਾਰ ਮਾਰੂਥਲ ਹੈ। ਧਰਾਤਲ ਦੇ ਆਧਾਰ ਤੇ ਪੰਜਾਬ ਨੂੰ ਤਿੰਨ ਭਾਗਾ ਵਿੱਚ ਵੰਡਿਆ ਜਾ ਸਕਦਾ ਹੈ :-




### ੳ) ਹਿਮਾਲਾ ਅਤੇ ਉੱਤਰ-ਪੱਛਮੀ ਪਰਬਤ ਲੜੀਆਂ

**1) ਹਿਮਾਲਾ - ਹਿਮਾਲਾ ਪਰਬਤ** ਜਿਸ ਨੂੰ 'ਬਰਫ ਦਾ ਘਰ' ਵੀ ਕਿਹਾ ਜਾਂਦਾ ਹੈ, ਪੰਜਾਬ ਦੇ ਉੱਤਰ ਵਿੱਚ ਸਥਿਤ ਹੈ। ਇਸ ਦੀ ਪੱਛਮ ਤੋਂ ਪੂਰਬ ਵੱਲ ਲੰਬਾਈ ਲਗਪਗ 2400 ਕਿਲੋਮੀਟਰ ਅਤੇ ਉੱਤਰ ਤੋਂ ਦੱਖਣ ਵੱਲ ਚੌੜਾਈ ਲਗਭਗ 250 ਕਿਲੋਮੀਟਰ ਹੈ। ਹਿਮਾਲਾ ਵਿੱਚ ਸੰਸਾਰ ਦੀ ਸਭ ਤੋਂ ਉੱਚੀ ਪਰਬਤ ਚੋਟੀ **ਮਾਊਂਟ ਐਵਰੇਸਟ** (8848 ਮੀਟਰ) ਸਥਿਤ ਹੈ, ਪਰੰਤੂ ਹਿਮਾਲਾ ਦੀਆਂ ਸਾਰੀਆਂ ਪਹਾੜੀਆਂ ਦੀ ਉਚਾਈ ਇੱਕਸਾਰ ਨਹੀਂ ਹੈ। ਉਚਾਈ ਦੇ ਲਿਹਾਜ਼ ਨਾਲ ਹਿਮਾਲਾ ਪਰਬਤ ਦੀਆਂ ਤਿੰਨ ਸ਼੍ਰੇਣੀਆਂ ਹਨ।

**ਗਤੀ ਵਿਧੀ**

**ਕੋਈ ਪੰਜ ਪਹਾੜੀ ਇਲਾਕਿਆਂ ਦੇ ਨਾਂ ਲਿਖੋ।**

1. ..................... 2. .......................
3. ..................... 4. .......................
5. .....................

ਵਿਸ਼ਾਲ ਹਿਮਾਲਾ (ਔਸਤ ਉੱਚਾਈ 20,000 ਫੁੱਟ)
ਮੱਧ ਹਿਮਾਲਾ (ਔਸਤ ਉੱਚਾਈ 6000-7000 ਫੁੱਟ)
ਬਾਹਰੀ ਹਿਮਾਲਾ (ਔਸਤ ਉੱਚਾਈ 4000-5000 ਫੁੱਟ)

**2) ਹਿਮਾਲਾ ਅਤੇ ਉੱਤਰ-ਪੱਛਮੀ ਪਰਬਤ ਲੜੀਆਂ** - ਪੰਜਾਬ ਦੇ ਪੱਛਮ ਵਿੱਚ ਹਿਮਾਲਾ ਦੀਆਂ ਸੁਲੇਮਾਨ ਅਤੇ ਕਿਰਥਾਰ ਪਰਬਤ ਸ਼ਾਖਾਵਾਂ ਹਨ। ਇਹ ਪਰਬਤ ਸ਼ਾਖਾਵਾਂ ਜ਼ਿਆਦਾ ਉੱਚੀਆਂ ਨਹੀਂ ਹਨ, ਇਸ ਕਾਰਨ ਇਹਨਾਂ ਵਿੱਚ ਕਈ ਦੱਰੇ ਬਣੇ ਹੋਏ ਹਨ। ਇਹਨਾਂ ਵਿਚੋਂ ਖੈਬਰ, ਕੁਰਮ, ਟੋਚੀ, ਗੋਮਲ ਅਤੇ ਦੱਰਾ ਬੋਲਾਨ ਪ੍ਰਸਿੱਧ ਦੱਰੇ ਹਨ। ਇਹਨਾਂ ਦੱਰਿਆਂ ਨੇ ਹੀ ਪੰਜਾਬ ਅਤੇ ਭਾਰਤ ਦੇ ਸੰਪੂਰਨ ਇਤਿਹਾਸ ਨੂੰ ਪ੍ਰਭਾਵਿਤ ਕੀਤਾ ਹੈ। ਖੈਬਰ ਦੱਰਾ (ਲਗਪਗ 3500 ਫੁੱਟ ਉਚਾਈ) ਸਭ ਤੋਂ ਮਹੱਤਵਪੂਰਨ ਦੱਰਾ ਹੈ। ਇਹ ਕਾਬੁਲ (ਅਫ਼ਗਾਨਿਸਤਾਨ) ਨੂੰ ਪੇਸ਼ਾਵਰ (ਪਾਕਿਸਤਾਨ) ਨਾਲ਼ ਮਿਲਾਉਂਦਾ ਹੈ। ਪੱਛਮੀ ਅਤੇ ਮੱਧ-ਏਸ਼ੀਆਈ ਦੇਸ਼ਾਂ ਤੋਂ ਵਿਦੇਸ਼ੀ ਹਮਲਾਵਰ ਇਸੇ ਦੱਰੇ ਰਾਹੀਂ ਹੀ ਪੰਜਾਬ ਹੁੰਦੇ ਹੋਏ, ਭਾਰਤ ਵਿੱਚ ਦਾਖ਼ਲ ਹੋਏ। ਇਹਨਾਂ ਦੱਰਿਆਂ ਰਾਹੀਂ ਭਾਰਤ ਦਾ ਮੱਧ-ਏਸ਼ੀਆ ਨਾਲ਼ ਵਪਾਰ ਹੁੰਦਾ ਰਿਹਾ ਹੈ। ਬੋਲਾਨ ਦੱਰਾ ਸਭ ਤੋਂ ਚੌੜਾ ਦੱਰਾ ਹੈ, ਜੋ ਕਿ ਪਾਕਿਸਤਾਨ ਦੇ ਬਲੋਚਿਸਤਾਨ ਪ੍ਰਾਂਤ ਵਿੱਚ ਸਥਿਤ ਹੈ।

## ਅ) ਉਪ-ਪਰਬਤੀ ਖੇਤਰ

ਹਿਮਾਲਾ ਦੀਆਂ ਪੀਰ ਪੰਜਾਲ ਸ਼ਾਖਾਵਾਂ ਦੇ ਦੱਖਣ ਵਿੱਚ ਸ਼ਿਵਾਲਿਕ ਅਤੇ ਕਸੌਲੀ ਦੀਆਂ ਪਹਾੜੀਆਂ ਦੇ ਢਲਾਨੀ ਖੇਤਰ ਨੂੰ ਪੰਜਾਬ ਦਾ **ਤਰਾਈ** ਜਾਂ **ਉਪ-ਪਰਬਤੀ** ਖੇਤਰ ਕਿਹਾ ਜਾਂਦਾ ਹੈ। ਇਸ ਖੇਤਰ ਵਿੱਚ ਪਹਾੜੀਆਂ ਦੀ ਔਸਤ ਉਚਾਈ 1000-3000 ਫੁੱਟ ਹੈ। ਇਸ ਵਿੱਚ ਸਿਆਲਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਕਾਂਗੜਾ, ਊਨਾ ਅਤੇ ਅੰਬਾਲਾ ਦੇ ਇਲਾਕੇ ਸ਼ਾਮਿਲ ਹਨ। ਇੱਥੇ ਵਰਖਾ ਤਾਂ ਬਹੁਤ ਹੁੰਦੀ ਹੈ ਪਰ ਮਿੱਟੀ ਰੇਤਲੀ ਤੇ ਪਥਰੀਲੀ ਹੋਣ ਕਾਰਨ ਜ਼ਿਆਦਾ ਉਪਜਾਊ ਨਹੀਂ ਹੈ। ਇਥੋਂ ਦੀਆਂ ਮੁੱਖ ਫ਼ਸਲਾਂ ਚਾਵਲ, ਮੱਕੀ, ਆਲੂ ਅਤੇ ਕਣਕ ਹਨ। ਇਹ ਇਲਾਕਾ ਕੁਦਰਤੀ ਸੁੰਦਰਤਾ ਨਾਲ਼ ਭਰਪੂਰ ਹੈ।

## ੲ) ਮੈਦਾਨੀ ਭਾਗ

ਪੰਜਾਬ ਦੇ ਉਪ-ਪਰਬਤੀ ਖੇਤਰ ਦੇ ਹੇਠਾਂ ਦੱਖਣ ਵਾਲ਼ੇ ਪਾਸੇ ਸਿੰਧ ਨਦੀ ਤੋਂ ਲੈ ਕੇ ਜਮਨਾ ਨਦੀ ਤੱਕ ਮੈਦਾਨੀ ਖੇਤਰ ਹੈ ਜੋ ਕਿ ਪੰਜਾਬ ਦੀਆਂ ਨਦੀਆਂ ਰਾਹੀਂ ਹਿਮਾਲਾ ਤੋਂ ਵਹਾ ਕੇ ਲਿਆਈ ਗਈ ਜਲੋਢ ਮਿੱਟੀ ਤੋਂ ਬਣਿਆ ਹੈ। ਇਹ ਪੰਜਾਬ ਦਾ ਸਭ ਤੋਂ ਵੱਡਾ ਭਾਗ ਹੈ, ਇਸ ਖੇਤਰ ਨੂੰ ਮੁੱਖ ਤਿੰਨ ਮੁੱਖ ਭਾਗਾਂ ਵਿੱਚਵੰਡਿਆ ਗਿਆ ਹੈ-



ਮੈਦਾਨੀ ਭਾਗ

1) **ਪੰਜ ਦੁਆਬ**- ਅਕਬਰ ਦੇ ਸਮੇਂ ਵਿੱਚ ਪੰਜਾਬ ਨੂੰ ਪੰਜ ਦੁਆਬਿਆਂ ਵਿੱਚ ਵੰਡਿਆ ਗਿਆ ਸੀ। ਇਹਨਾਂ ਦੁਆਬਿਆਂ ਦੇ ਨਾਂ ਉਹਨਾਂ ਦੋਹਾਂ ਨਦੀਆਂ ਦੇ ਨਾਂ ਦੇ ਪਹਿਲੇ ਅੱਖਰਾਂ ਨੂੰ ਜੋੜ ਕੇ ਬਣਾਇਆ ਗਿਆ, ਜਿਨ੍ਹਾਂ ਨਦੀਆਂ ਦੇ ਵਿਚਕਾਰ ਉਹ ਇਲਾਕਾ ਪੈਂਦਾ ਸੀ। ਇਹ ਵੰਡ ਅਤੇ ਨਾਮਕਰਨ ਅਕਬਰ ਦੇ ਸਮੇਂ ਤੋਂ ਅੱਜ ਤੱਕ ਉਸੇ ਤਰ੍ਹਾਂ ਹੀ ਮੌਜੂਦ ਹੈ।

(i) **ਸਿੰਧ ਸਾਗਰ ਦੁਆਬ** - ਇਸ ਦੁਆਬ ਦਾ ਖੇਤਰ ਸਿੰਧ ਅਤੇ ਜੇਹਲਮ ਨਦੀ ਦੇ ਵਿਚਕਾਰ ਫੈਲਿਆ ਹੋਇਆ ਹੈ। ਇਹ ਦੁਆਬ ਘੱਟ ਉਪਜਾਊ ਹੈ।

(ii) **ਚੱਜ ਦੁਆਬ**- ਇਸ ਦੁਆਬ ਦਾ ਖੇਤਰ ਚਿਨਾਬ ਅਤੇ ਜੇਹਲਮ ਨਦੀਆਂ ਦੇ ਵਿਚਕਾਰ ਦਾ ਇਲਾਕਾ ਹੈ। ਇਹ ਦੁਆਬ, ਸਿੰਧ ਸਾਗਰ ਦੁਆਬ ਨਾਲ਼ੋਂ ਵਧੇਰੇ ਉਪਜਾਊ ਹੈ।

(iii) **ਰਚਨਾ ਦੁਆਬ** - ਇਹ ਦੁਆਬ ਦਰਿਆ ਰਾਵੀ ਅਤੇ ਚਿਨਾਬ ਦੇ ਵਿਚਕਾਰ ਹੈ। ਇਹ ਇਲਾਕਾ ਵੀ ਬਹੁਤ ਉਪਜਾਊ ਹੈ।

| ਦੁਆਬ ਦਾ ਨਾਂ | ਨਦੀਆਂ | ਆਬ ਦੇ ਪ੍ਰਸਿੱਧ ਸ਼ਹਿਰ |
|---|---|---|
| ਸਿੰਧ ਸਾਗਰ ਦੁਆਬ | ਸਿੰਧੂ , ਜੇਹਲਮ | ਜੇਹਲਮ, ਰਾਵਲ ਪਿੰਡੀ, ਅਟਕ, ਮੀਆਂਵਾਲੀ |
| ਚੱਜ ਦੁਆਬ | ਚਿਨਾਬ, ਜੇਹਲਮ | ਝੰਗ, ਗੁਜਰਾਤ, ਸ਼ਾਹਕੋਟ |
| ਰਚਨਾ ਦੁਆਬ | ਰਾਵੀ, ਚਿਨਾਬ | ਗੁਜਰਾਂਵਾਲਾ, ਸਿਆਲਕੋਟ |
| ਬਾਰੀ ਦੁਆਬ | ਬਿਆਸ ਰਾਵੀ | ਅੰਮ੍ਰਿਤਸਰ, ਲਾਹੌਰ |
| ਬਿਸਤ ਦੁਆਬ | ਬਿਆਸ ਸਤਲੁਜ | ਜਲੰਧਰ, ਹੁਸ਼ਿਆਰਪੁਰ, ਕਪੂਰਥਲਾ |

(iv) **ਬਾਰੀ ਦੁਆਬ** – ਇਹ ਦੁਆਬ ਬਿਆਸ ਅਤੇ ਰਾਵੀ ਨਦੀਆਂ ਵਿਚਕਾਰ ਫੈਲਿਆ ਹੋਇਆ ਹੈ। ਬਾਰੀ ਦੁਆਬ ਪੰਜਾਬ ਦੇ ਮੱਧ ਵਿੱਚ ਸਥਿਤ ਹੋਣ ਕਾਰਨ, ਇਸ ਨੂੰ **ਮਾਝਾ** ਵੀ ਕਿਹਾ ਜਾਂਦਾ ਹੈ। ਦੁਆਬ ਦਾ ਇਹ ਇਲਾਕਾ ਕਾਫੀ ਉਪਜਾਊ ਹੈ।

(v) **ਬਿਸਤ ਜਲੰਧਰ ਦੁਆਬ** – ਦਰਿਆ ਬਿਆਸ ਅਤੇ ਸਤਲੁਜ ਦੇ ਵਿਚਕਾਰ ਸਥਿਤ ਇਲਾਕੇ ਨੂੰ ਬਿਸਤ ਜਲੰਧਰ ਦੁਆਬ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਇਸ ਇਲਾਕੇ ਦਾ ਪ੍ਰਚਲਿਤ ਨਾਂ **ਦੁਆਬਾ** ਹੈ। ਇਹ ਇਲਾਕਾ ਵੀ ਬਹੁਤ ਉਪਜਾਊ ਹੈ।

ਗਤੀਵਿਧੀ : ਉਪਰੋਕਤ ਨਦੀਆਂ ਅਤੇ ਉਹਨਾਂ ਦੇ ਵਿਚਕਾਰਲੇ ਦੁਆਬਿਆਂ ਦੇ ਨਾਂ ਲਿਖੋ ਅਤੇ ਇਹਨਾਂ ਨੂੰ ਨਕਸ਼ੇ ਵਿੱਚ ਰੰਗਾਂ ਨਾਲ ਦਿਖਾਓ।

2) **ਮਾਲਵਾ ਅਤੇ ਬਾਂਗਰ** – ਪੰਜਾਬ ਦੇ ਸਤਲੁਜ ਦਰਿਆ ਤੋਂ ਜਮਨਾ ਨਦੀ ਦੇ ਵਿਚਕਾਰ ਵਿਸ਼ਾਲ ਮੈਦਾਨੀ ਇਲਾਕਾ ਹੈ, ਜਿਸ ਨੂੰ **ਮਾਲਵਾ** ਅਤੇ **ਬਾਂਗਰ** ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ।

(i) **ਮਾਲਵਾ** - ਸਤਲੁਜ ਅਤੇ ਘੱਗਰ ਨਦੀ ਦੇ ਵਿਚਕਾਰ ਦੇ ਇਲਾਕੇ ਨੂੰ **ਮਾਲਵਾ** ਆਖਦੇ ਹਨ ਅਤੇ ਇੱਥੋਂ ਦੇ ਵਸਨੀਕਾਂ ਨੂੰ ਮਲਵਈ ਕਿਹਾ ਜਾਂਦਾ ਹੈ। ਇਸ ਵਿੱਚ ਪਟਿਆਲਾ, ਰੋਪੜ, ਸਰਹਿੰਦ, ਲੁਧਿਆਣਾ, ਫ਼ਿਰੋਜ਼ਪੁਰ, ਬਠਿੰਡਾ, ਫਰੀਦਕੋਟ, ਮਾਨਸਾ, ਫ਼ਾਜ਼ਿਲਕਾ ਆਦਿ ਪ੍ਰਸਿੱਧ ਨਗਰ ਹਨ।

(ii) **ਬਾਂਗਰ** - ਘੱਗਰ ਅਤੇ ਜਮਨਾ ਨਦੀ ਦੇ ਵਿਚਕਾਰ ਦੇ ਇਲਾਕੇ ਨੂੰ ਬਾਂਗਰ ਕਿਹਾ ਜਾਂਦਾ ਹੈ। ਇਸ ਨੂੰ **ਹਰਿਆਣਾ** ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ। ਇਸ ਖੇਤਰ ਵਿੱਚ ਅੰਬਾਲਾ, ਕੁਰੂਕਸ਼ੇਤਰ, ਪਾਣੀਪਤ, ਕਰਨਾਲ, ਥਾਣੇਸਰ, ਰੋਹਤਕ, ਜੀਂਦ, ਗੁੜਗਾਓ ( ਗੁਰੂਗ੍ਰਾਮ) ਆਦਿ ਪ੍ਰਸਿੱਧ ਨਗਰ ਸ਼ਾਮਲ ਹਨ।

ਕੀ ਤੁਸੀਂ ਜਾਣਦੇ ਹੋ?

ਮਹਾਂਭਾਰਤ ਦਾ ਯੁੱਧ, ਪਾਣੀਪਤ ਦੇ ਤਿੰਨ ਯੁੱਧ ਅਤੇ ਤਰਾਇਨ ਦੇ ਦੋ ਯੁੱਧ ਬਾਂਗਰ ਦੇ ਮੈਦਾਨੀ ਖੇਤਰ ਵਿੱਚ ਹੀ ਲੜੇ ਗਏ।

3) **ਦੱਖਣ ਦੇ ਮਾਰੂਥਲ** – ਪੰਜਾਬ ਦੇ ਦੁਆਬਿਆਂ ਦੇ ਹੇਠਲੇ ਪਾਸੇ ਦੱਖਣ-ਪੱਛਮ ਵਿੱਚ ਘੱਟ ਵਰਖਾ ਵਾਲ਼ਾ ਰੇਤਲਾ ਇਲਾਕਾ ਹੈ, ਜੋ ਕਿ ਉਪਜਾਊ ਨਹੀਂ ਹੈ। ਇਹ ਇਲਾਕਾ ਹੁਣ ਪਾਕਿਸਤਾਨ ਵਿੱਚ ਹੈ, ਜਿਸ ਵਿੱਚ ਸਿੰਧ, ਮੁਲਤਾਨ ਅਤੇ ਬਹਾਵਲਪੁਰ ਦੇ ਇਲਾਕੇ ਸ਼ਾਮਿਲ ਹਨ। ਮੌਜੂਦਾ ਪੰਜਾਬ ਦੇ ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਬਠਿੰਡਾ ਅਤੇ ਮਾਨਸਾ ਜ਼ਿਲ੍ਹਿਆ ਦੇ ਕੁਝ ਭਾਗ ਇਸ ਖੇਤਰ ਵਿੱਚ ਸ਼ਾਮਿਲ ਹਨ।


ਮਾਰੂਥਲ ਦਾ ਦ੍ਰਿਸ਼

ਕੀ ਤੁਸੀਂ ਜਾਣਦੇ ਹੋ?

- ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਹਾ ਜਾਂਦਾ ਹੈ।
- ਦੱਰੇ : ਪਹਾੜਾਂ ਵਿੱਚ ਲੰਘਣ ਲਈ ਕੁਦਰਤ ਵੱਲੋਂ ਬਣਾਏ ਗਏ ਉਹ ਰਸਤੇ ਹਨ ਜਿਨ੍ਹਾਂ ਰਾਹੀਂ ਪਹਾੜਾਂ ਤੋਂ ਪਾਰ ਲੰਘਿਆ ਜਾ ਸਕਦਾ ਹੈ।

ਗਤੀਵਿਧੀ

| ਪੁਰਾਤਨ ਪੰਜਾਬ ਦੇ ਸੰਸਕ੍ਰਿਤਕ ਅਤੇ ਸਮਾਜਿਕ ਇਤਿਹਾਸ ਨੂੰ ਦਰਸਾਉਣ ਵਾਲ਼ੇ ਕੋਈ ਤਿੰਨ ਸ੍ਰੋਤ ਦੱਸੋ? | | |
|---|---|---|
| | | |

## ਪੰਜਾਬ ਦੀ ਭੂਗੋਲਿਕ ਸਥਿਤੀ ਦਾ ਇਤਿਹਾਸ 'ਤੇ ਪ੍ਰਭਾਵ:

ਕਿਸੇ ਵੀ ਖੇਤਰ ਦੀ ਭੂਗੋਲਿਕ ਸਥਿਤੀ ਉਥੋਂ ਦੇ ਇਤਿਹਾਸ 'ਤੇ ਡੂੰਘਾ ਪ੍ਰਭਾਵ ਪਾਉਂਦੀ ਹੈ। ਪੰਜਾਬ ਦੀ ਭੂਗੋਲਿਕ ਸਥਿਤੀ ਨੇ ਇਸ ਦੇ ਇਤਿਹਾਸ ਨੂੰ ਹਰ ਪੱਖੋਂ ਪ੍ਰਭਾਵਿਤ ਕੀਤਾ ਹੈ। ਇੱਥੋਂ ਦੀ ਖੁਸ਼ਹਾਲੀ ਨੇ ਵਿਦੇਸ਼ੀ ਹਮਲਾਵਰਾਂ ਨੂੰ ਹਮੇਸ਼ਾਂ ਹੀ ਆਪਣੇ ਵੱਲ ਖਿੱਚਿਆ ਹੈ। ਪੰਜਾਬ, ਭਾਰਤ ਦਾ **ਪ੍ਰਵੇਸ਼ ਦੁਆਰ** ਸੀ, ਜਿਸ ਨੂੰ ਪਾਰ ਕਰਕੇ ਹੀ ਭਾਰਤ ਨੂੰ ਜਿੱਤਿਆ ਜਾ ਸਕਦਾ ਸੀ। ਪੰਜਾਬ ਦੇ ਇਤਿਹਾਸ ਉੱਪਰ ਇਸ ਦੀ ਭੂਗੋਲਿਕ ਸਥਿਤੀ ਨੇ ਜੋ ਪ੍ਰਭਾਵ ਪਾਏ ਹਨ, ਉਹ ਇਸ ਪ੍ਰਕਾਰ ਹਨ-

ੳ) ਰਾਜਨੀਤਿਕ ਖੇਤਰ ਵਿੱਚ ਪ੍ਰਭਾਵ

ਅ) ਸੰਸਕ੍ਰਿਤਿਕ ਅਤੇ ਸਮਾਜਿਕ ਖੇਤਰ ਵਿੱਚ ਪ੍ਰਭਾਵ

ੲ) ਧਾਰਮਿਕ ਖੇਤਰ ਵਿੱਚ ਪ੍ਰਭਾਵ

ਸ) ਆਰਥਿਕ ਖੇਤਰ ਵਿੱਚ ਪ੍ਰਭਾਵ

### ੳ) ਰਾਜਨੀਤਿਕ ਖੇਤਰ ਵਿੱਚ ਪ੍ਰਭਾਵ:

1) **ਪੰਜਾਬ ਭਾਰਤ ਦਾ ਪ੍ਰਵੇਸ਼ ਦੁਆਰ:** — ਪੰਜਾਬ ਦੇ ਪੱਛਮ ਵਿੱਚ ਸੁਲੇਮਾਨ ਅਤੇ ਕਿਰਥਾਰ ਪਹਾੜੀਆਂ ਵਿੱਚ ਸਥਿਤ ਦੱਰੇ ਵਿਦੇਸ਼ੀ ਹਮਲਾਵਰਾਂ ਲਈ ਹਮੇਸ਼ਾਂ ਹੀ ਭਾਰਤ ਦਾ ਪ੍ਰਵੇਸ਼ ਦੁਆਰ ਰਹੇ ਹਨ। 18ਵੀਂ ਸਦੀ ਤੱਕ ਭਾਰਤ ਵਿੱਚ ਈਰਾਨੀ, ਯੂਨਾਨੀ, ਸ਼ੱਕ, ਹੂਣ, ਕੁਸ਼ਾਣ, ਤੁਰਕ, ਮੰਗੋਲ ਅਤੇ ਮੁਗ਼ਲ ਆਦਿ ਵਿਦੇਸ਼ੀ ਹਮਲਾਵਰ ਇਹਨਾਂ ਦੱਰਿਆਂ ਰਾਹੀਂ ਹੀ ਭਾਰਤ ਆਏ, ਕਿਉਂਕਿ ਇਹ ਦੱਰੇ ਉਹਨਾਂ ਨੂੰ ਮੱਧ ਏਸ਼ੀਆ ਤੋਂ ਸਿੱਧਾ ਪੰਜਾਬ ਦੀ ਧਰਤੀ ਤੇ ਪਹੁੰਚਾ ਦਿੰਦੇ ਸਨ।

2) **ਪੰਜਾਬ ਯੁੱਧਾਂ ਦਾ ਮੈਦਾਨ** - ਦਿੱਲੀ ਜਿੱਤਣ ਵਾਲ਼ੇ ਸਾਰੇ ਹਮਲਾਵਰਾਂ ਨੂੰ ਪੰਜਾਬ ਵਿੱਚੋਂ ਹੀ ਲੰਘਣਾ ਪੈਂਦਾ ਸੀ, ਇਸ ਲਈ ਵਿਦੇਸ਼ੀ ਹਮਲਾਵਰਾਂ ਦਾ ਸਾਮ੍ਹਣਾ ਸਭ ਤੋਂ ਪਹਿਲਾਂ ਪੰਜਾਬ ਦੇ ਲੋਕ ਹੀ ਕਰਦੇ ਸਨ। ਭਾਰਤੀ ਇਤਿਹਾਸ ਦੇ ਕਈ ਮਹੱਤਵਪੂਰਨ ਯੁੱਧ ਪੰਜਾਬ ਦੇ ਮੈਦਾਨਾਂ ਵਿੱਚ ਹੀ ਲੜੇ ਗਏ। ਕੱਰੀ ਵਿੱਚ ਸਿਕੰਦਰ-ਪੋਰਸ ਦਾ ਯੁੱਧ, ਤਰਾਈਨ ਵਿੱਚ ਪ੍ਰਿਥਵੀਰਾਜ ਚੌਹਾਨ ਅਤੇ ਮੁਹੰਮਦ ਗੌਰੀ ਦੇ ਯੁੱਧ ਅਤੇ ਪਾਣੀਪਤ ਦੀਆਂ ਤਿੰਨ ਲੜਾਈਆਂ ਨੇ ਭਾਰਤੀ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ।

3) **ਪੰਜਾਬ ਦੇ ਜੰਗਲ਼ਾਂ ਅਤੇ ਪਹਾੜਾਂ ਦਾ ਪ੍ਰਭਾਵ** - ਪੰਜਾਬ ਦੇ ਜੰਗਲ਼ਾਂ ਅਤੇ ਪਹਾੜਾਂ ਨੇ ਵੀ ਪੰਜਾਬ ਦੇ ਰਾਜਨੀਤਿਕ ਇਤਿਹਾਸ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖਾਂ ਨੇ ਅਹਿਮਦਸ਼ਾਹ ਅਬਦਾਲੀ ਅਤੇ ਸਮਕਾਲੀ ਸ਼ਾਸਕਾਂ ਦੇ ਵਿਰੁੱਧ ਸੰਘਰਸ਼ ਕਰਨ ਲਈ ਜੰਗਲ਼ਾਂ ਅਤੇ ਪਹਾੜਾਂ ਵਿੱਚ ਸ਼ਰਨ ਲਈ ਅਤੇ ਗੁਰੀਲਾ ਯੁੱਧ ਨੀਤੀ ਅਪਨਾਈ ਇਸ ਤਰ੍ਹਾਂ ਸਿੱਖ ਕੌਮ ਪੰਜਾਬ ਵਿੱਚ ਆਪਣਾ ਸੁਤੰਤਰ ਤੌਰ ਤੇ ਰਾਜ ਸਥਾਪਿਤ ਕਰ ਸਕੇ।

4) **ਅੰਗਰੇਜ਼ਾਂ ਦਾ ਪੰਜਾਬ ਵਿੱਚ ਪ੍ਰਵੇਸ਼**- ਅੰਗਰੇਜ਼ ਭਾਰਤ ਦੇ ਪੂਰਬੀ ਤਟ ਵੱਲੋਂ ਜਲ-ਮਾਰਗ ਰਾਹੀਂ ਭਾਰਤ ਵਿੱਚ ਦਾਖ਼ਲ ਹੋਏ। ਉਹ ਹੌਲ਼ੀ-ਹੌਲ਼ੀ ਉੱਤਰ ਵੱਲ ਵਧੇ। ਪੰਜਾਬ ਦੀ ਰਾਜਨੀਤਕ ਅਤੇ ਭੂਗੋਲਿਕ ਸਥਿਤੀ ਕਾਰਨ ਹੀ ਅੰਗਰੇਜ਼ ਪੰਜਾਬ ਨੂੰ ਸਭ ਤੋਂ ਬਾਅਦ ਵਿੱਚ ਭਾਰਤੀ-ਬ੍ਰਿਟਿਸ਼ ਰਾਜ ਵਿੱਚ ਮਿਲ਼ਾ ਸਕੇ।

### ਅ) ਸੰਸਕ੍ਰਿਤਿਕ ਅਤੇ ਸਮਾਜਿਕ ਖੇਤਰ ਵਿੱਚ ਪ੍ਰਭਾਵ :

1) **ਪੰਜਾਬੀਆਂ ਦੀ ਵਿਸ਼ੇਸ਼ ਸੰਸਕ੍ਰਿਤੀ**- ਮੱਧ ਏਸ਼ੀਆ ਵੱਲੋਂ ਆਉਣ ਵਾਲ਼ੇ ਸਾਰੇ ਵਿਦੇਸ਼ੀ ਹਮਲਾਵਰ ਸਭ ਤੋਂ ਪਹਿਲਾਂ ਪੰਜਾਬ ਵਿੱਚ ਆਏ। ਇਹਨਾਂ ਵਿੱਚੋਂ ਕੁਝ ਹਮਲਾਵਰ ਪੰਜਾਬ ਵਿੱਚ ਹੀ ਵੱਸ ਗਏ ਅਤੇ ਉਹਨਾਂ ਨੇ ਇੱਥੋਂ ਦੀਆਂ ਇਸਤਰੀਆਂ ਨਾਲ਼ ਵਿਆਹ ਵੀ ਕਰਵਾ ਲਏ। ਇਹਨਾਂ ਦੀਆਂ ਪੀੜ੍ਹੀਆਂ ਨੂੰ ਹਿੰਦੂਆਂ ਨੇ ਆਪਣੀ ਜਾਤ ਵਿੱਚ ਸ਼ਾਮਿਲ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਕਈ ਨਵੀਆਂ ਜਾਤੀਆਂ ਦਾ ਜਨਮ ਹੋਇਆ। ਇਸ ਤਰ੍ਹਾਂ ਪੰਜਾਬ ਵਿੱਚ ਇੱਕ ਮਿਲ਼ੀ-ਜੁਲ਼ੀ ਨਵੀਂ ਸੱਭਿਅਤਾ ਅਤੇ ਸੰਸਕ੍ਰਿਤੀ ਦਾ ਜਨਮ ਹੋਇਆ। ਇਸ ਤੋਂ ਇਲਾਵਾ ਜਦ ਵੀ ਇਹ ਹਮਲਾਵਰ ਇੱਥੋਂ ਵਾਪਿਸ ਗਏ, ਤਾਂ ਇੱਥੋਂ ਦੀ ਸੰਸਕ੍ਰਿਤੀ ਵੀ ਆਪਣੇ ਨਾਲ਼ ਲੈ ਗਏ, ਜਿਸ ਕਾਰਨ ਵਿਦੇਸ਼ਾਂ ਵਿੱਚ ਭਾਰਤੀ ਸੰਸਕ੍ਰਿਤੀ ਦਾ ਪ੍ਰਸਾਰ ਅਤੇ ਪ੍ਰਚਾਰ ਹੋਇਆ।

2) **ਪੰਜਾਬੀਆਂ ਦੇ ਵਿਸ਼ੇਸ਼ ਗੁਣ**- ਪੰਜਾਬ ਦੇ ਲੋਕਾਂ ਨੂੰ ਵਾਰ-ਵਾਰ ਵਿਦੇਸ਼ੀ ਹਮਲਾਵਰਾਂ ਦਾ ਸਾਮ੍ਹਣਾ ਕਰਨਾ ਪਿਆ, ਇਸ ਕਾਰਨ ਪੰਜਾਬੀ ਹਮੇਸ਼ਾਂ ਹੀ ਯੁੱਧ ਵਿੱਚ ਰੁੱਝੇ ਰਹਿੰਦੇ ਸਨ, ਜਿਸ ਕਾਰਨ ਪੰਜਾਬੀਆਂ ਵਿੱਚ ਬਹਾਦਰੀ, ਹਿੰਮਤ ਅਤੇ ਮਿਹਨਤ ਦੇ ਗੁਣ ਵਿਕਸਿਤ ਹੋਏ। ਕਈ ਜਾਤੀਆਂ, ਉਪ-ਜਾਤੀਆਂ ਅਤੇ ਕਬੀਲਿਆਂ ਦੇ ਲੋਕਾਂ ਦੇ ਸੰਪਰਕ ਵਿੱਚ ਆਉਣ ਕਾਰਨ ਪੰਜਾਬੀਆਂ ਦੇ ਖਾਣ-ਪੀਣ, ਰੀਤੀ-ਰਿਵਾਜ਼, ਭਾਸ਼ਾ, ਰਹਿਣ-ਸਹਿਣ ਅਤੇ ਪਹਿਰਾਵੇ ਵਿੱਚ ਵੀ ਤਬਦੀਲੀ ਆਈ।

3) **ਕਲਾ ਅਤੇ ਸਾਹਿਤ 'ਤੇ ਪ੍ਰਭਾਵ** - ਪ੍ਰਾਚੀਨ ਕਾਲ ਵਿੱਚ ਪੰਜਾਬ ਨੇ ਕਲਾ ਅਤੇ ਸਾਹਿਤ ਵਿੱਚ ਬਹੁਤ ਉੱਨਤੀ ਕੀਤੀ ਸੀ, ਪਰ ਸਦੀਆਂ ਤੱਕ ਪੰਜਾਬ 'ਤੇ ਹੁੰਦੇ ਹਮਲਿਆਂ ਕਾਰਨ ਪੰਜਾਬ ਦੀ ਕਲਾ ਅਤੇ ਸਾਹਿਤ ਦਾ ਬਹੁਤ ਨੁਕਸਾਨ ਹੋਇਆ। ਇਸ ਸਮੇਂ ਦੌਰਾਨ ਵਿਦੇਸ਼ੀ ਸੰਸਕ੍ਰਿਤੀ ਦੇ ਸੰਪਰਕ ਵਿੱਚ ਆਉਣ ਕਾਰਨ ਪੰਜਾਬ ਦੀ ਭਵਨ ਨਿਰਮਾਣ ਕਲਾ ਵਿੱਚ ਗੁੰਬਦ ਅਤੇ ਮਹਿਰਾਬ ਆਦਿ ਦੀ ਵਰਤੋਂ ਹੋਣ ਲੱਗੀ।

## ੲ) ਧਾਰਮਿਕ ਖੇਤਰ ਵਿੱਚ ਪ੍ਰਭਾਵ:

1) **ਵੈਦਿਕ ਧਰਮ ਦਾ ਜਨਮ ਅਤੇ ਵਿਕਾਸ**- ਵੈਦਿਕ ਧਰਮ ਦਾ ਆਰੰਭ ਵੇਦਾਂ ਤੋਂ ਮੰਨਿਆ ਜਾਂਦਾ ਹੈ। ਵੇਦ ਚਾਰ ਹਨ- ਰਿਗਵੇਦ, ਸਾਮਵੇਦ, ਅਥਰਵਵੇਦ, ਯਜੁਰਵੇਦ। ਇੰਨਾਂ ਵਿੱਚੋਂ ਰਿਗਵੇਦ ਪ੍ਰਾਚੀਨ ਅਤੇ ਸ਼੍ਰੋਮਣੀ ਹੈ ਜਿਸ ਦੀ ਰਚਨਾ ਪੰਜਾਬ ਦੀ ਧਰਤੀ ਤੇ ਹੋਈ ਹੈ। ਇਸ ਤਰ੍ਹਾਂ ਇਹ ਖੇਤਰ ਵੈਦਿਕ ਧਰਮ ਮੰਨਣ ਵਾਲਿਆਂ ਦਾ ਕੇਂਦਰ ਕਿਹਾ ਹੈ।

2) **ਇਸਲਾਮ ਧਰਮ ਦਾ ਪਸਾਰ** - ਇਸਲਾਮ ਧਰਮ ਦਾ ਜਨਮ ਮੱਕਾ-ਮਦੀਨਾ ਵਿੱਚ ਹੋਇਆ ਅਤੇ ਤੇਜ਼ੀ ਨਾਲ਼ ਮੱਧ ਏਸ਼ੀਆ ਦੇ ਖੇਤਰਾਂ ਵਿੱਚ ਫੈਲ ਗਿਆ। ਇਹਨਾਂ ਦੇਸ਼ਾਂ ਤੋਂ ਮੁਸਲਿਮ ਹਮਲਾਵਰ, ਧਰਮਪ੍ਰਚਾਰਕ ਵਪਾਰੀ ਅਤੇ ਸੂਫ਼ੀ ਸੰਤ ਉੱਤਰ-ਪੱਛਮੀ ਦੱਰਿਆਂ ਰਾਹੀਂ ਭਾਰਤ ਆਏ। ਮੁਸਲਿਮ ਹਮਲਾਵਰਾਂ ਨੇ ਪੰਜਾਬ ਤੇ ਆਪਣਾ ਅਧਿਕਾਰ ਕੀਤਾ ਅਤੇ ਇਥੋਂ ਦੇ ਲੋਕਾਂ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਮਜ਼ਬੂਰ ਕੀਤਾ। ਹਿੰਦੂ ਜਾਤੀ ਦੇ ਕਠੋਰ ਰੀਤੀ-ਰਿਵਾਜ਼ਾਂ ਅਤੇ ਜਾਤੀ ਭੇਦਭਾਵ ਕਾਰਨ ਨਿਮਨ ਜਾਤੀ ਦੇ ਬਹੁਤੇ ਲੋਕਾਂ ਨੇ ਇਸਲਾਮ ਧਰਮ ਨੂੰ ਕਬੂਲ ਕਰ ਲਿਆ। ਇਸ ਤਰ੍ਹਾਂ ਪੰਜਾਬ ਵਿੱਚ ਇਸਲਾਮ ਧਰਮ ਕਾਫੀ ਤੇਜ਼ੀ ਨਾਲ਼ ਫੈਲਿਆ।

3) **ਸਿੱਖ ਧਰਮ ਦਾ ਜਨਮ** - ਵਿਦੇਸ਼ੀ ਹਮਲਾਵਰਾਂ ਨੇ ਪੰਜਾਬ ਦੇ ਲੋਕਾਂ ਤੇ ਕਈ ਤਰ੍ਹਾਂ ਦੇ ਅਤਿਆਚਾਰ ਕੀਤੇ। ਹਿੰਦੂ ਸਮਾਜ, ਜਾਤੀ ਭੇਦ, ਕਰਮ-ਕਾਂਡਾਂ ਅਤੇ ਪਾਖੰਡਾਂ ਦੀ ਭੇਟ ਚੜ੍ਹ ਚੁੱਕਾ ਸੀ। ਇਸ ਤਰ੍ਹਾਂ ਲੋਕਾਂ ਦਾ ਜੀਵਨ ਬਹੁਤ ਹੀ ਮੁਸ਼ਕਿਲ ਹੋ ਗਿਆ ਸੀ। ਇਸ ਜਬਰ ਅਤੇ ਜ਼ੁਲਮ ਦੇ ਦੌਰ ਵਿੱਚ ਪੰਜਾਬ ਦੀ ਧਰਤੀ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਜਿਹੇ ਮਹਾਂਪੁਰਖ ਨੇ ਜਨਮ ਲਿਆ। ਉਹਨਾਂ ਨੇ ਪ੍ਰਚਲਿਤ ਵਰਨ- ਵੰਡ, ਕਰਮ-ਕਾਂਡਾਂ, ਪਾਖੰਡਾਂ ਅਤੇ ਰਾਜਸੀ ਅੱਤਿਆਚਾਰ ਦਾ ਵਿਰੋਧ ਕੀਤਾ। ਉਹਨਾਂ ਨੇ ਸੰਸਾਰ ਨੂੰ ਸਰਬਤ ਦੇ ਭਲੇ ਦਾ ਸੰਦੇਸ਼ ਦਿੱਤਾ ਅਤੇ ਸਿੱਖ ਧਰਮ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਨੌਂ ਸਿੱਖ ਗੁਰੂਆਂ ਨੇ ਵੀ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਅੱਤਿਆਚਾਰਾਂ ਵਿਰੁੱਧ ਧਰਮ ਦੀ ਰੱਖਿਆ ਲਈ ਸਿੱਖ ਗੁਰੂਆਂ ਦੇ ਬਲੀਦਾਨਾਂ ਸਦਕਾ ਪੰਜਾਬ ਵਿੱਚ ਸਿੱਖ ਧਰਮ ਤੇਜ਼ੀ ਨਾਲ਼ ਵਿਕਸਤ ਹੋਇਆ।

## ਸ) ਆਰਥਿਕ ਖੇਤਰ ਵਿੱਚ ਪ੍ਰਭਾਵ:

1) **ਖੇਤੀਬਾੜੀ ਪੰਜਾਬੀਆਂ ਦਾ ਮੁੱਖ ਕਿੱਤਾ ਹੈ** - ਪੰਜਾਬ ਦਾ ਜ਼ਿਆਦਾਤਰ ਖੇਤਰ ਮੈਦਾਨੀ ਹੈ। ਇੱਥੇ ਸਾਰਾ ਸਾਲ ਵਗਦੀਆਂ ਨਦੀਆਂ ਰਾਹੀਂ ਲਿਆਂਦੀ ਗਈ ਮਿੱਟੀ ਨਾਲ਼ ਬਣੇ ਮੈਦਾਨ ਬਹੁਤ ਹੀ ਉਪਜਾਊ ਹਨ। ਇੱਥੋਂ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੈ ਇੱਥੇ ਕਣਕ, ਚੌਲ, ਕਪਾਹ, ਦਾਲਾਂ, ਮੱਕੀ, ਜੌਂ, ਛੋਲੇ, ਗੰਨਾ, ਤਿਲਹਣ ਅਤੇ ਸਰ੍ਹੋਂ ਦੀ ਖੇਤੀ ਕੀਤੀ ਜਾਂਦੀ ਹੈ। ਇੱਥੋਂ ਦੇ ਪਹਾੜੀ ਇਲਾਕਿਆਂ ਵਿੱਚ ਲੋਕ ਭੇਡਾਂ-ਬੱਕਰੀਆਂ ਪਾਲ਼ਦੇ ਹਨ।



ਪੰਜਾਬ ਵਿੱਚ ਖੇਤੀਬਾੜੀ ਦਾ ਇੱਕ ਦ੍ਰਿਸ਼

2) **ਵਿਦੇਸ਼ਾਂ ਨਾਲ਼ ਵਪਾਰ** - ਪੰਜਾਬ ਦੀ ਖ਼ੁਸ਼ਹਾਲੀ ਨੇ ਵਿਦੇਸ਼ੀ ਵਪਾਰੀਆਂ ਨੂੰ ਹਮੇਸ਼ਾਂ ਹੀ ਆਪਣੇ ਵੱਲ ਖਿੱਚਿਆ ਹੈ। ਪੱਛਮੀ ਪਰਬਤ ਲੜੀਆਂ ਵਿੱਚ ਸਥਿਤ ਦੱਰੇ ਪੰਜਾਬ ਨੂੰ ਮੱਧ ਏਸ਼ੀਆ ਨਾਲ਼ ਜੋੜਦੇ ਸਨ। ਇਹ ਦੱਰੇ ਵਪਾਰਿਕ ਮਾਰਗ ਸਨ। ਇਹਨਾਂ ਦੱਰਿਆਂ ਨੂੰ ਭਾਰਤੀ ਅਤੇ ਵਿਦੇਸ਼ੀ ਵਪਾਰੀ ਮੱਧ-ਮਾਰਗ ਵਾਂਗ ਇਸਤੇਮਾਲ ਕਰਦੇ ਸਨ। ਇਸੇ ਲਈ ਪ੍ਰਾਚੀਨ ਕਾਲ ਤੋਂ ਹੀ ਪੰਜਾਬ ਦੇ ਮੱਧ ਏਸ਼ੀਆ ਨਾਲ਼ ਚੰਗੇ ਵਪਾਰਿਕ ਸੰਬੰਧ ਰਹੇ ਹਨ।

3) **ਵਪਾਰਿਕ ਨਗਰਾਂ ਦਾ ਜਨਮ**-ਆਪਣੀ ਭੂਗੋਲਿਕ ਸਥਿਤੀ ਕਾਰਨ ਪੰਜਾਬ ਵਪਾਰ ਦਾ ਵੱਡਾ ਕੇਂਦਰ ਬਣ ਗਿਆ। ਮੱਧ ਕਾਲ ਵਿੱਚ ਪੰਜਾਬ ਵਿੱਚ ਘਰੇਲੂ ਅਤੇ ਵਿਦੇਸ਼ੀ ਵਪਾਰ ਵਧਣ-ਫੁੱਲਣ ਕਾਰਨ ਕਈ ਵੱਡੇ ਨਗਰ ਹੋਂਦ ਵਿੱਚ ਆਏ। ਇਹਨਾਂ ਵਿੱਚ ਲਾਹੌਰ, ਮੁਲਤਾਨ, ਪੇਸ਼ਾਵਰ, ਗੁੱਜਰਾਂਵਾਲਾ, ਅੰਮ੍ਰਿਤਸਰ, ਜਲੰਧਰ, ਹਿਸਾਰ ਅਤੇ ਫ਼ਿਰੋਜ਼ਪੁਰ ਪ੍ਰਮੁੱਖ ਹਨ।

ਸਾਰ-ਪੰਜਾਬ ਦੇ ਵੱਖ-ਵੱਖ ਧਰਾਤਲੀ ਸਰੂਪਾਂ ਜਿਵੇਂ-ਪਹਾੜਾਂ ਮੈਦਾਨਾਂ ਮਾਰੂਥਲ ਅਤੇ, ਵੱਖ-ਵੱਖ ਨਦੀਆਂ ਨੇ ਇੱਥੋਂ ਦੇ ਲੋਕਾਂ ਦੇ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਿਕ ਪੱਖਾਂ ਨੂੰ ਇਤਿਹਾਸਿਕ ਰੂਪ ਤੋਂ ਪ੍ਰਭਾਵਿਤ ਕੀਤਾ ਹੈ। ਇਸ ਧਰਤੀ 'ਤੇ ਹਜ਼ਾਰਾਂ ਵਰ੍ਹਿਆਂ ਪਹਿਲਾਂ ਨਦੀਆਂ ਦੇ ਕੰਢਿਆਂ 'ਤੇ ਦੁਨੀਆ ਦੀ ਪੁਰਾਤਨ ਸਿੰਧੂ ਘਾਟੀ ਦੀ ਸੱਭਿਅਤਾ ਨੇ ਜਨਮ ਲਿਆ। ਭਿੰਨ-ਭਿੰਨ ਸਮਿਆਂ ਵਿੱਚ ਇਸ ਦੀਆਂ ਰਾਜਨੀਤਿਕ ਸੀਮਾਵਾਂ ਫੈਲਦੀਆਂ ਅਤੇ ਸੁੰਗੜਦੀਆਂ ਰਹੀਆਂ ਹਨ। ਇੱਥੋਂ ਦੀ ਖ਼ੁਸ਼ਹਾਲ ਧਰਤੀ ਨੇ ਵਿਦੇਸ਼ੀਆਂ ਨੂੰ ਆਪਣੇ ਵੱਲ ਖਿੱਚਿਆ ਜਿਸ ਨੇ ਇਸਦੇ ਸਮੁੱਚੇ ਇਤਿਹਾਸ ਨੂੰ ਪ੍ਰਭਾਵਿਤ ਕੀਤਾ।



## ਮਹੱਤਵਪੂਰਨ ਮਿਤੀਆਂ

1. 1849 ਈ. ਵਿੱਚ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਸ਼ਾਮਲ ਕੀਤਾ ਗਿਆ।
2. 1857 ਈ. ਵਿੱਚ ਦਿੱਲੀ ਅਤੇ ਹਿਸਾਰ ਦੇ ਇਲਾਕੇ ਪੰਜਾਬ ਵਿੱਚ ਸ਼ਾਮਲ ਕੀਤੇ ਗਏ।
3. 1901 ਈ. ਵਿੱਚ ਪੰਜਾਬ ਪ੍ਰਾਂਤ ਵਿੱਚੋਂ ਉੱਤਰ-ਪੱਛਮੀ ਸੀਮਾ ਪ੍ਰਾਂਤ ਬਣਾਇਆ ਗਿਆ।
4. 1911 ਈ. ਵਿੱਚ ਦਿੱਲੀ ਨੂੰ ਪੰਜਾਬ ਤੋਂ ਵੱਖ ਕਰ ਦਿੱਤਾ ਗਿਆ।
5. 1947 ਈ. ਵਿੱਚ ਭਾਰਤ ਦੀ ਵੰਡ ਸਮੇ ਪੰਜਾਬ ਦੋ ਭਾਗਾਂ-ਪੱਛਮੀ ਪੰਜਾਬ ਅਤੇ ਪੂਰਬੀ ਪੰਜਾਬ ਵਿੱਚ ਵੰਡਿਆ ਗਿਆ।
6. 1 ਨਵੰਬਰ, 1966 ਈ. ਨੂੰ ਪੰਜਾਬ ਭਾਸ਼ਾ ਦੇ ਆਧਾਰ 'ਤੇ ਪੰਜਾਬ ਅਤੇ ਹਰਿਆਣਾ ਦੋ ਸੂਬਿਆਂ ਵਿੱਚ ਵੰਡਿਆ ਗਿਆ ਅਤੇ ਕੁਝ ਇਲਾਕਾ ਹਿਮਾਚਲ ਪ੍ਰਦੇਸ਼ ਵਿੱਚ ਸ਼ਾਮਿਲ ਕਰ ਦਿੱਤਾ ਗਿਆ।



## ਕੁਝ ਯਾਦ ਰੱਖਣ ਯੋਗ ਗੱਲਾਂ:

1. 'ਪੰਜਾਬ' ਸ਼ਬਦ ਫ਼ਾਰਸੀ ਭਾਸ਼ਾ ਦੇ ਦੋ ਸ਼ਬਦ-ਪੰਜ ਅਤੇ ਆਬ ਦੇ ਸੁਮੇਲ ਤੋਂ ਬਣਿਆ ਹੈ।
2. ਵੈਦਿਕ ਕਾਲ ਵਿੱਚ ਪੰਜਾਬ ਨੂੰ ਸਪਤ ਸਿੰਧੂ ਕਿਹਾ ਜਾਂਦਾ ਸੀ।
3. ਯੂਨਾਨੀਆਂ ਨੇ ਪੰਜਾਬ ਦਾ ਨਾਂ ਪੈਂਟਾਪੋਟਾਮੀਆ ਰੱਖਿਆ ਸੀ।
4. ਪ੍ਰਾਚੀਨਕਾਲ ਵਿੱਚ ਪੰਜਾਬ ਵਿੱਚ ਟੱਕ ਕਬੀਲੇ ਦਾ ਸ਼ਾਸਨ ਸੀ। ਇਸ ਲਈ ਪੰਜਾਬ ਨੂੰ ਟੱਕੀ ਪ੍ਰਦੇਸ਼ ਕਿਹਾ ਜਾਂਦਾ ਸੀ।
5. ਭਾਰਤ ਵਿੱਚ ਮੁਗਲ ਸਾਮਰਾਜ ਦੇ ਦੌਰਾਨ ਪੰਜਾਬ ਨੂੰ ਲਾਹੌਰ ਸੂਬਾ ਕਿਹਾ ਜਾਂਦਾ ਸੀ।
6. 1849 ਈ. ਵਿੱਚ ਅੰਗਰੇਜ਼ਾਂ ਨੇ ਪੰਜਾਬ ਦਾ ਨਾਂ ਪੰਜਾਬ ਪ੍ਰਾਂਤ ਰੱਖਿਆ।
7. ਭਾਰਤ ਦੀ ਵੰਡ ਸਮੇਂ ਪੰਜਾਬ ਦਾ ਜਿਹੜਾ ਭਾਗ ਭਾਰਤ ਦੇ ਹਿੱਸੇ ਵਿੱਚ ਆਇਆ ਉਸ ਨੂੰ ਪੂਰਬੀ ਪੰਜਾਬ ਕਿਹਾ ਜਾਣ ਲੱਗਾ।
8. ਦੋ ਦਰਿਆਵਾਂ ਦੇ ਵਿਚਕਾਰ ਵਾਲ਼ੇ ਇਲਾਕੇ ਨੂੰ ਦੁਆਬ ਕਿਹਾ ਜਾਂਦਾ ਹੈ।
9. ਪੰਜਾਬ ਵਿੱਚ ਪੰਜ ਦੁਆਬ ਹਨ।
10. ਬਾਰੀ ਦੁਆਬ ਦੇ ਇਲਾਕੇ ਨੂੰ 'ਮਾਝਾ' ਵੀ ਕਿਹਾ ਜਾਂਦਾ ਹੈ।
11. ਪੰਜਾਬ ਨੂੰ ਭਾਰਤ ਦਾ 'ਪ੍ਰਵੇਸ਼ ਦੁਆਰ' ਕਿਹਾ ਜਾਂਦਾ ਹੈ।

# ਅਭਿਆਸ

## 1. ਵਸਤੂਨਿਸ਼ਠ ਪ੍ਰਸ਼ਨ

### (ੳ) ਬਹੁ ਵਿਕਲਪੀ ਪ੍ਰਸ਼ਨ -

1. ਰਿਗਵੇਦ ਅਨੁਸਾਰ ਪੰਜਾਬ ਦਾ ਨਾਂ ਕੀ ਸੀ?
   ੳ) ਹੜੱਪਾ　　ਅ) ਸਪਤ ਸਿੰਧੂ
   ੲ) ਪੰਚਨਦ　　ਸ) ਪੈਂਟਾਪੋਟਾਮੀਆ
2. ਚੀਨੀ ਯਾਤਰੀ ਕੌਣ ਸੀ?
   ੳ) ਚਾਣਕਯ　　ਅ) ਲਾਰਡ ਕਰਜ਼ਨ
   ੲ) ਹਿਊਨਸਾਂਗ　　ਸ) ਕੋਈ ਵੀ ਨਹੀਂ
3. ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿੱਚ ਕਦੋਂ ਮਿਲਾਇਆ ਗਿਆ?
   ੳ) 1849 ਈ:　　ਅ) 1887 ਈ:
   ੲ) 1889 ਈ:　　ਸ) 1901ਈ:
4. ਕਿਹੜਾ ਦੁਆਬ ਘੱਟ ਉਪਜਾਊ ਹੈ।
   ੳ) ਚੱਜ ਦੁਆਬ　　ਅ) ਸਿੰਧੂ ਸਾਗਰ ਦੁਆਬ
   ੲ) ਰਚਨਾ ਦੁਆਬ　　ਸ) ਬਾਰੀ ਦੁਆਬ
5. ਘੱਗਰ ਅਤੇ ਜਮੁਨਾ ਦਰਿਆਵਾਂ ਦੇ ਵਿਚਕਾਰ ਦਾ ਖੇਤਰ
   ੳ) ਮਾਲਵਾ　　ਅ) ਬਾਂਗਰ
   ੲ) ਮਾਝਾ　　ਸ) ਕੋਈ ਵੀ ਨਹੀਂ
6. ਮਾਲਵਾ ਖੇਤਰ ਕਿਨ੍ਹਾਂ ਨਦੀਆਂ ਦੇ ਵਿਚਕਾਰ ਹੈ?
   ੳ) ਸਤਲੁਜ ਅਤੇ ਜਮੁਨਾ　ਅ) ਸਤਲੁਜ ਅਤੇ ਘੱਗਰ
   ੲ) ਘੱਗਰ ਅਤੇ ਜਮਨਾ　ਸ) ਸਤਲੁਜ ਅਤੇ ਬਿਆਸ

### (ਅ) ਖ਼ਾਲੀ ਥਾਵਾਂ ਭਰੋ

1. ................ਸੱਭਿਅਤਾ ਦਾ ਜਨਮ ਪੰਜਾਬ ਵਿੱਚ ਹੋਇਆ ਸੀ।
2. 'ਪੈਂਟਾ' ਦਾ ਅਰਥ............ ਹੈ ਅਤੇ 'ਪੋਟਾਮੀਆ' ਦਾ ਅਰਥ............ਹੈ।
3. ਭੂਗੋਲਿਕ ਦ੍ਰਿਸ਼ਟੀਕੋਣ ਤੋਂ ਪੰਜਾਬ ਨੂੰ ............ ਭਾਗਾਂ ਵਿੱਚ ਵੰਡਿਆ ਗਿਆ ਹੈ।
4. ......................ਦਾ ਖੇਤਰ ਚਿਨਾਬ ਅਤੇ ਜੇਹਲਮ ਨਦੀਆਂ ਦੇ ਵਿਚਕਾਰ ਦਾ ਇਲਾਕਾ ਹੈ।
5. ਸਿੱਖ ਧਰਮ ਦੇ ਸੰਸਥਾਪਕ...............ਸਨ।
6. ਭਾਸ਼ਾ ਦੇ ਅਧਾਰ 'ਤੇ................ਵਿੱਚ ਪੰਜਾਬ ਦਾ ਪੁਨਰਗਠਨ ਕੀਤਾ ਗਿਆ।
7. ਮਾਊਂਟ ਐਵਰੈਸਟ ਦੀ ਉਚਾਈ..........ਮੀਟਰ ਹੈ।

### (ੲ) ਸਹੀ ਮਿਲਾਣ ਕਰੋ:

| | ੳ | ਅ |
|---|---|---|
| 1. | ਰਿਗਵੇਦ | 1. ਉੱਤਰ-ਪੱਛਮੀ ਪਰਬਤ |
| 2. | ਸੁਲੇਮਾਨ | 2. ਸੇਕੀਆ |
| 3. | ਬਾਂਗਰ | 3. ਉਪ ਪਰਬਤੀ ਖੇਤਰ |
| 4. | ਸ਼ਿਵਾਲਿਕ | 4. ਸਪਤ ਸਿੰਧੂ |
| 5. | ਹਿਊਨਸਾਂਗ | 5. ਘੱਗਰ ਅਤੇ ਜਮਨਾ |

### (ਸ) ਅੰਤਰ ਦੱਸੋ:

1. ਮਾਲਵਾ ਅਤੇ ਬਾਂਗਰ
2. ਪੱਛਮੀ ਪੰਜਾਬ ਤੇ ਪੂਰਬੀ ਪੰਜਾਬ
3. ਦੱਰੇ ਤੇ ਦੁਆਬ
4. ਹਿਮਾਲਿਆ ਅਤੇ ਉਪ-ਪਰਬਤੀ ਖੇਤਰ
5. ਚੱਜ ਦੁਆਬ ਅਤੇ ਬਿਸਤ ਜਲੰਧਰ ਦੁਆਬ

## 2. ਬਹੁਤ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ

1. 'ਪੰਜਾਬ' ਸ਼ਬਦ ਤੋਂ ਕੀ ਭਾਵ ਹੈ?
2. ਯੂਨਾਨੀਆਂ ਨੇ ਪੰਜਾਬ ਦਾ ਕੀ ਨਾਂ ਰੱਖਿਆ ਸੀ?
3. 'ਸਪਤ ਸਿੰਧੂ' ਤੋਂ ਕੀ ਭਾਵ ਹੈ?
4. 1947 ਈ. ਵਿੱਚ ਪੰਜਾਬ ਨੂੰ ਕਿਹੜੇ ਦੋ ਭਾਗਾਂ ਵਿੱਚ ਵੰਡਿਆ ਗਿਆ ਸੀ?
5. ਪੰਜਾਬ ਦੀ ਉੱਤਰ-ਪੱਛਮ ਸੀਮਾ ਵਿੱਚ ਸਥਿਤ ਕਿਸੇ ਦੋ ਦਰਿੱਆ ਦੇ ਨਾਂ ਲਿਖੋ।
6. ਪੰਜਾਬ ਨੂੰ ਭਾਸ਼ਾ ਦੇ ਆਧਾਰ 'ਤੇ ਕਦੋਂ ਅਤੇ ਕਿੰਨੇ ਰਾਜਾਂ ਵਿੱਚ ਵੰਡਿਆ ਗਿਆ?

## 3. ਛੋਟੇ ਉੱਤਰ ਵਾਲ਼ੇ ਪ੍ਰਸ਼ਨ

1. ਪੰਜਾਬ ਦੇ ਵੱਖ-ਵੱਖ ਇਤਿਹਾਸਿਕ ਨਾਵਾਂ ਤੇ ਚਾਨਣਾ ਪਾਓ।
2. ਪੰਜਾਬ ਦੇ ਇਤਿਹਾਸ ਦਾ ਅਧਿਐਨ ਕਰਨ ਲਈ ਪੰਜਾਬ

ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦਾ ਅਧਿਐਨ ਕਿਉਂ ਜ਼ਰੂਰੀ ਹੈ?

3. ਪੰਜਾਬ ਨੂੰ ਭਾਰਤ ਦਾ ਪ੍ਰਵੇਸ਼ ਦੁਆਰ ਕਿਉਂ ਕਿਹਾ ਜਾਂਦਾ ਹੈ?

4. ਪੰਜਾਬ ਵਿੱਚ ਇਸਲਾਮ ਧਰਮ ਦਾ ਪ੍ਰਸਾਰ ਤੇਜ਼ੀ ਨਾਲ ਕਿਉਂ ਹੋਇਆ?

5. ਪੰਜਾਬ ਦੀ ਭੂਗੋਲਿਕ ਸਥਿਤੀ ਦਾ ਲੋਕਾਂ ਦੀ ਆਰਥਿਕ ਸਥਿਤੀ ਤੇ ਕੀ ਪ੍ਰਭਾਵ ਪਿਆ?

## ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. ਪੰਜਾਬ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ?

2. ਪੰਜਾਬ ਦੀ ਭੂਗੋਲਿਕ ਸਥਿਤੀ ਨੇ ਪੰਜਾਬ ਦੇ ਰਾਜਨੀਤਿਕ ਅਤੇ ਧਾਰਮਿਕ ਖੇਤਰ ਦੇ ਇਤਿਹਾਸ 'ਤੇ ਕੀ ਪ੍ਰਭਾਵ ਪਾਇਆ? ਵਿਸਤਾਰ ਸਹਿਤ ਲਿਖੋ।

3. ਵਿਦੇਸ਼ੀ ਹਮਲਿਆਂ ਦਾ ਪੰਜਾਬ ਦੇ ਲੋਕਾਂ 'ਤੇ ਕੀ ਪ੍ਰਭਾਵ ਪਿਆ?


**ਨਕਸ਼ੇ ਸੰਬੰਧੀ ਪ੍ਰਸ਼ਨ :**


1. ਪ੍ਰਮੁੱਖ ਨਦੀਆਂ (ਸਿੰਧ, ਜੇਹਲਮ, ਚਿਨਾਬ, ਰਾਵੀ, ਬਿਆਸ, ਸਤਲੁਜ)
2. ਪ੍ਰਮੁੱਖ ਦੱਰੇ


## ਪ੍ਰੋਜੈਕਟ

1. ਹੇਠ ਦਰਜ ਤਸਵੀਰਾਂ ਦੀ ਪਛਾਣ ਕਰੋ ਅਤੇ ਇਹਨਾਂ ਵਿੱਚ ਦਰਸਾਏ ਦੇਸ਼ ਭਗਤਾਂ/ਮਹਾਨ ਵਿਅਕਤੀਆਂ ਦੇ ਦੇਸ਼ ਲਈ ਯੋਗਦਾਨ ਬਾਰੇ ਆਪਣੀ ਸ਼੍ਰੇਣੀ ਵਿੱਚ ਚਰਚਾ ਕਰੋ।

ਪੰਜਾਬ ਦੀਆਂ ਮਹਾਨ ਸਖਸ਼ੀਅਤਾਂ









2. ਲੋਕ ਕਥਾਵਾਂ ਵਿੱਚ ਪੰਜਾਬ ਦਾ ਕੀ ਮਹਤੱਵ ਹੈ? ਕੋਈ ਇੱਕ ਲੋਕ-ਕਥਾ ਦੇ ਬਾਰੇ ਸ਼੍ਰੇਣੀ ਅਧਿਆਪਕ ਤੋਂ ਜਾਣਕਾਰੀ ਹਾਸਲ ਕਰੋ।



1947 ਤੋਂ ਪਹਿਲਾਂ ਪੰਜਾਬ ਦੇ ਦੱਰੇ ਤੇ ਨਦੀਆਂ



ਅਭਿਆਸ ਲਈ ਖਾਲੀ ਨਕਸ਼ਾ :



2

# ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਮਕਾਲੀ ਸਮਾਜ

15ਵੀਂ ਸਦੀ ਦੇ ਮੱਧ ਤੋਂ ਲੈ ਕੇ 16ਵੀਂ ਸਦੀ ਦੇ ਆਰੰਭਿਕ ਸਾਲਾਂ ਤੱਕ ਪੰਜਾਬ ਵਿੱਚ ਲੋਧੀ ਸੁਲਤਾਨਾਂ ਦਾ ਸ਼ਾਸਨ ਸੀ। ਉਹਨਾਂ ਦੀਆਂ ਨੀਤੀਆਂ ਦੇ ਕਾਰਨ ਪੰਜਾਬ ਵਿੱਚ ਰਾਜਨੀਤਿਕ ਅਸਥਿਰਤਾ ਫੈਲੀ ਹੋਈ ਸੀ। ਪੰਜਾਬ ਦੀ ਸਮਾਜਿਕ ਅਵਸਥਾ ਵੀ ਚੰਗੀ ਨਹੀਂ ਸੀ। ਸਮਾਜ ਦੋ ਮੁੱਖ ਵਰਗਾਂ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਵੰਡਿਆ ਹੋਇਆ ਸੀ। ਸਮਾਜ ਵਿੱਚ ਔਰਤਾਂ ਦੀ ਹਾਲਤ ਤਰਸਯੋਗ ਸੀ। ਸਮਾਜ ਵਿੱਚ ਜਾਤੀ ਪ੍ਰਥਾ ਅਤੇ ਹੋਰ ਵੀ ਕਈ ਕੁਰੀਤੀਆਂ ਪ੍ਰਚਲਿਤ ਸਨ। ਆਮ ਜਨਤਾ ਅਗਿਆਨਤਾ ਅੰਧ-ਵਿਸ਼ਵਾਸਾਂ ਤੇ ਵਹਿਮਾਂ-ਭਰਮਾਂ ਵਿੱਚ ਫਸੀ ਹੋਈ ਸੀ। ਇਸ ਦੌਰਾਨ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਅਤੇ ਸਮਾਜ ਨੂੰ ਨਵਾਂ ਰਾਹ ਵਿਖਾਇਆ। ਆਓ, ਉਹਨਾਂ ਦੇ ਜੀਵਨ, ਸਿੱਖਿਆਵਾਂ ਅਤੇ ਸਮਕਾਲੀ ਸਮਾਜ ਦੀਆਂ ਅਵਸਥਾਵਾਂ ਬਾਰੇ ਅਧਿਐਨ ਕਰੀਏ।

## ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਰਾਇ ਭੋਇ ਦੀ ਤਲਵੰਡੀ ਪਿੰਡ ਵਿੱਚ ਹੋਇਆ, ਜੋ ਕਿ ਅੱਜ-ਕੱਲ੍ਹ ਪਾਕਿਸਤਾਨ ਵਿੱਚ ਹੈ। ਹੁਣ ਇਸ ਸਥਾਨ ਨੂੰ **ਸ੍ਰੀ ਨਨਕਾਣਾ ਸਾਹਿਬ** ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 15 ਅਪ੍ਰੈਲ 1469 ਈ. ਵਿੱਚ ਹੋਇਆ ਪਰੰਤੂ ਇਸ ਨੂੰ ਕੱਤਕ ਦੀ ਪੂਰਨਮਾਸ਼ੀ (ਅਕਤੂਬਰ-ਨਵੰਬਰ ਵਿੱਚ) ਨੂੰ ਹੀ ਮਨਾਇਆ ਜਾਂਦਾ ਹੈ। ਗੁਰੂ ਜੀ ਦੀ ਮਾਤਾ ਦਾ ਨਾਂ ਤ੍ਰਿਪਤਾ ਸੀ, ਜੋ ਕਿ ਧਾਰਮਿਕ ਵਿਚਾਰਾਂ ਵਾਲੀ ਇਸਤਰੀ ਸੀ। ਗੁਰੂ ਜੀ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਸੀ, ਜੋ ਪੇਸ਼ੇ ਵਜੋਂ ਪਟਵਾਰੀ (ਲੇਖਾਕਾਰ) ਸਨ। ਉਹਨਾਂ ਦਾ ਵਿਆਹ ਬਟਾਲਾ (ਜ਼ਿਲ੍ਹਾ ਗੁਰਦਾਸਪੁਰ) ਦੇ ਮੂਲ ਚੰਦ ਦੀ ਪੁੱਤਰੀ ਬੀਬੀ ਸੁਲੱਖਣੀ ਜੀ ਨਾਲ਼ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੋ ਪੁੱਤਰਾਂ ਸ੍ਰੀਚੰਦ ਅਤੇ ਲੱਖਮੀ ਦਾਸ ਨੇ ਜਨਮ ਲਿਆ।

### ਜਨੇਊ ਦੀ ਰਸਮ



ਪੁਰਾਤਨ ਜਨਮ ਸਾਖੀ ਦੇ ਅਨੁਸਾਰ ਨੌਂ ਵਰ੍ਹਿਆਂ ਦੀ ਉਮਰ ਵਿੱਚ ਹਿੰਦੂ ਰਿਵਾਇਤਾਂ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਜਨੇਊ ਧਾਰਨ ਕਰਨ ਦੀ ਰਸਮ ਦੀ ਤਿਆਰੀ ਕੀਤੀ ਗਈ। ਕੁਲ-ਪੁਰੋਹਿਤ ਹਰਦਿਆਲ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਨੇਊ ਧਾਰਨ ਕਰਨ ਲਈ ਕਿਹਾ। ਗੁਰੂ ਜੀ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿੱਤਾ। ਇਸ ਪ੍ਰਕਾਰ ਸਿਰਫ਼ ਨੌਂ ਸਾਲ ਦੀ ਉਮਰ ਵਿੱਚ ਹੀ ਉਹਨਾਂ ਨੇ ਰੂੜ੍ਹੀਵਾਦੀ ਸਮਾਜਿਕ-ਧਾਰਮਿਕ ਰਿਵਾਇਤਾਂ ਨੂੰ ਚੁਣੌਤੀ ਦੇ ਦਿੱਤੀ ਸੀ।

### ਗਤੀਵਿਧੀ

ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਵਿਸਾਖ (15 ਅਪ੍ਰੈਲ) ਨੂੰ ਹੋਣ ਦੇ ਬਾਵਜੂਦ ਵੀ ਇਹ ਅਕਤੂਬਰ-ਨਵੰਬਰ ਵਿੱਚ ਕੱਤਕ ਦੀ ਪੁੰਨਿਆ ਨੂੰ ਕਿਉਂ ਮਨਾਇਆ ਜਾਂਦਾ ਹੈ? ਇਸ ਦੇ ਇਤਿਹਾਸਿਕ ਕਾਰਨਾਂ ਅਤੇ ਪਰੰਪਰ੍ਹਾਵਾਂ ਦੀ ਜਾਣਕਾਰੀ ਇਕੱਠੀ ਕਰੋ।

## ਸੱਚਾ ਸੌਦਾ



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਨੇ ਗੁਰੂ ਜੀ ਦਾ ਧਿਆਨ ਸੰਸਾਰਿਕ ਕੰਮਾਂ ਵਿੱਚ ਲਗਾਉਣ ਲਈ ਕੁਝ ਰਕਮ ਦੇ ਕੇ ਚੂਹੜਕਾਨਾ ਨਗਰ ਵਿੱਚ ਕੋਈ ਵਪਾਰ ਕਰਨ ਲਈ ਭੇਜ ਦਿੱਤਾ। ਗੁਰੂ ਜੀ ਮੰਡੀ ਵੱਲ ਜਾ ਰਹੇ ਸਨ, ਤਾਂ ਰਸਤੇ ਵਿੱਚ ਉਹਨਾਂ ਨੂੰ ਕੁਝ ਜ਼ਰੂਰਤਮੰਦ ਫ਼ਕੀਰ ਅਤੇ ਸਾਧੂ ਮਿਲੇ, ਜੋ ਕਿ ਭੁੱਖੇ ਸਨ। ਗੁਰੂ ਜੀ ਨੇ ਪਿਤਾ ਵੱਲੋਂ ਦਿੱਤੀ ਰਕਮ ਨਾਲ ਰਸਦ ਖਰੀਦ ਕੇ ਉਹਨਾਂ ਜ਼ਰੂਰਤਮੰਦ ਲੋਕਾਂ ਅਤੇ ਭੁੱਖੇ ਫ਼ਕੀਰ-ਸਾਧੂਆਂ ਨੂੰ ਭੋਜਨ ਕਰਵਾ ਦਿੱਤਾ। ਜਦ ਸ੍ਰੀ ਗੁਰੂ ਨਾਨਕ ਦੇਵ ਜੀ ਖਾਲੀ ਹੱਥ ਘਰ ਮੁੜੇ ਤਾਂ ਪਿਤਾ ਮਹਿਤਾ ਕਾਲੂ ਬਹੁਤ ਨਰਾਜ਼ ਹੋਏ। ਉਹਨਾਂ ਨੇ ਰਕਮ ਦਾ ਹਿਸਾਬ ਮੰਗਿਆ ਤਾਂ ਗੁਰੂ ਜੀ ਨੇ ਸਾਰੀ ਘਟਨਾ ਸੱਚ-ਸੱਚ ਦੱਸ ਦਿੱਤੀ। ਇਸ ਘਟਨਾ ਨੂੰ **ਸੱਚਾ ਸੌਦਾ** ਕਿਹਾ ਜਾਂਦਾ ਹੈ।

## ਮੋਦੀਖ਼ਾਨੇ ਦੀ ਘਟਨਾ

ਮਹਿਤਾ ਕਾਲੂ ਜੀ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸੁਲਤਾਨਪੁਰ ਲੋਧੀ ਵਿਖੇ ਆਪਣੇ ਜਵਾਈ ਜੈ ਰਾਮ (ਜੋ ਕਿ ਸੂਬੇਦਾਰ ਦੌਲਤ ਖਾਂ ਲੋਧੀ ਕੋਲ਼ ਵੱਡੇ ਅਹੁਦੇ 'ਤੇ ਕੰਮ ਕਰਦਾ ਸੀ) ਕੋਲ਼ ਨੌਕਰੀ ਕਰਨ ਲਈ ਭੇਜ ਦਿੱਤਾ। ਗੁਰੂ ਜੀ ਨੂੰ ਮੋਦੀਖਾਨੇ (ਅਨਾਜ ਦਾ ਭੰਡਾਰ) ਦੀ ਨੌਕਰੀ ਮਿਲ਼ ਗਈ। ਗੁਰੂ ਜੀ ਪੂਰੀ ਮਿਹਨਤ, ਲਗਨ ਅਤੇ ਈਮਾਨਦਾਰੀ ਨਾਲ਼ ਕੰਮ ਕਰਦੇ ਸਨ। ਉਹ ਕੰਮ ਕਰਦੇ ਸਮੇਂ ਵੀ ਪ੍ਰਭੂ-ਭਗਤੀ ਵਿੱਚ ਲੀਨ ਰਹਿੰਦੇ। ਉਹਨਾਂ ਨੇ ਮੋਦੀਖਾਨੇ ਵਿੱਚ ਤਨਖਾਹ ਦੇ ਰੂਪ ਵਿੱਚ ਮਿਲ਼ਨ ਵਾਲ਼ੇ ਆਪਣੇ ਹਿੱਸੇ ਦਾ ਅਨਾਜ ਗਰੀਬਾਂ ਨੂੰ ਮੁਫ਼ਤ ਵੰਡਣਾ ਸ਼ੁਰੂ ਕਰ ਦਿੱਤਾ। ਸੂਬੇਦਾਰ ਨੂੰ ਸ਼ਿਕਾਇਤ ਕੀਤੀ ਗਈ ਕਿ ਨਾਨਕ ਮੋਦੀਖ਼ਾਨੇ ਦਾ ਅਨਾਜ ਮੁਫ਼ਤ ਲੁਟਾ ਰਿਹਾ ਹੈ। ਪਰੰਤੂ ਜਦ ਉਸਨੇ ਮੋਦੀਖ਼ਾਨੇ ਵਿੱਚ ਅਨਾਜ ਦੇ ਭੰਡਾਰ ਦੀ ਜਾਂਚ ਕਰਵਾਈ, ਤਾਂ ਭੰਡਾਰ ਵਿੱਚ ਅਨਾਜ ਪੂਰਾ ਪਾਇਆ ਗਿਆ। ਇਸ ਘਟਨਾ ਤੋਂ ਬਾਅਦ ਗੁਰੂ ਜੀ ਦੀ ਮਹਿਮਾ ਦੂਰ-ਦੂਰ ਤੱਕ ਫੈਲ ਗਈ।

## ਗਿਆਨ ਪ੍ਰਾਪਤੀ- 1499 ਈ.

ਸੁਲਤਾਨਪੁਰ ਲੋਧੀ ਵਿਖੇ ਰਹਿੰਦਿਆਂ ਗੁਰੂ ਜੀ ਹਰ ਰੋਜ਼ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਜਾਂਦੇ ਸਨ। ਇੱਕ ਦਿਨ ਗੁਰੂ ਜੀ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਗਏ ਅਤੇ ਗੁਰੂ ਜੀ ਵੇਈਂ ਨਦੀ ਦੇ ਕੰਢੇ ਜੰਗਲਾਂ ਵਿੱਚ ਤਿੰਨ ਦਿਨਾਂ ਤੱਕ ਅੰਤਰ ਧਿਆਨ ਰਹੇ। ਇੱਥੇ ਹੀ ਗੁਰੂ ਜੀ ਨੂੰ ਸੱਚੇ ਰੂਹਾਨੀ ਗਿਆਨ ਦੀ ਪ੍ਰਾਪਤੀ ਹੋਈ। ਅੱਜ ਕੱਲ ਇਸ ਸਥਾਨ ਤੇ ਗੁਰਦੁਆਰਾ 'ਤਪ ਅਸਥਾਨ' ਬਣਿਆ ਹੋਇਆ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ :

ਗਿਆਨ ਪ੍ਰਾਪਤੀ ਉਪਰੰਤ ਜਦ ਗੁਰੂ ਜੀ ਘਰ ਪਰਤੇ ਤਾਂ ਉਹ ਚੁੱਪ ਸਨ। ਗੁਰੂ ਜੀ ਨੇ ਜਦੋਂ ਚੁੱਪੀ ਤੋੜੀ ਤਾਂ ਉਹਨਾਂ ਨੇ ਕਿਹਾ-'ਨਾ ਕੋਈ ਹਿੰਦੂ, ਨਾ ਕੋਈ ਮੁਸਲਮਾਨ'। ਜਦੋਂ ਬ੍ਰਾਹਮਣਾਂ ਅਤੇ ਕਾਜ਼ੀਆਂ ਨੇ ਇਸ ਵਾਕ ਦਾ ਅਰਥ ਪੁੱਛਿਆ, ਤਾਂ ਗੁਰੂ ਜੀ ਨੇ ਕਿਹਾ ਕਿ ਹਿੰਦੂ ਅਤੇ ਮੁਸਲਮਾਨ ਵਿੱਚ ਕੋਈ ਅੰਤਰ ਨਹੀਂ ਹੈ। ਉਹ ਇੱਕ ਹੀ ਪਰਮਾਤਮਾ ਦੀ ਸੰਤਾਨ ਹਨ। ਉਹਨਾਂ ਇਹ ਵੀ ਕਿਹਾ ਕਿ ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਅਸਲ ਧਰਮ ਦੇ ਰਸਤੇ ਤੋਂ ਭਟਕ ਚੁੱਕੇ ਹਨ। ਇਸ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੋਦੀਖ਼ਾਨੇ ਦੀ ਨੌਕਰੀ ਛੱਡ ਦਿੱਤੀ ਅਤੇ ਆਪਣਾ ਅਗਲਾ ਜੀਵਨ ਲੋਕਾਂ ਵਿੱਚ ਗਿਆਨ ਪ੍ਰਚਾਰ ਕਰਨ ਵਿੱਚ ਬਤੀਤ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਤਕਾਲੀ ਸਮਾਜ ਅਤੇ ਧਰਮਾਂ ਵਿੱਚ ਫੈਲੀ ਅਗਿਆਨਤਾ ਅੰਧ-ਵਿਸ਼ਵਾਸਾਂ ਨੂੰ ਦੂਰ ਕਰਨ ਅਤੇ ਸੱਚੇ ਮਨ ਨਾਲ਼ ਈਸ਼ਵਰ ਦੀ ਭਗਤੀ ਕਰਨ ਦੇ ਸਿਧਾਂਤ ਦਾ ਪ੍ਰਚਾਰ ਕਰਨ ਦੇ ਉਦੇਸ਼ ਨਾਲ 1499 ਈ: ਤੋਂ 1521 ਈ. ਤੱਕ ਦੇਸ਼-ਵਿਦੇਸ਼ ਦੀਆਂ ਯਾਤਰਾਵਾਂ ਕੀਤੀਆਂ ਜਿਨ੍ਹਾਂ ਨੂੰ ਉਦਾਸੀਆਂ ਕਿਹਾ ਜਾਂਦਾ ਹੈ।

## ਪਹਿਲੀ ਉਦਾਸੀ (1499 ਈ. ਤੋਂ-1510 ਈ. ਤੱਕ)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਹਿਲੀ ਉਦਾਸੀ (ਯਾਤਰਾ)1499 ਈ. ਵਿੱਚ ਆਰੰਭ ਕੀਤੀ। ਇਸ ਉਦਾਸੀ ਦੌਰਾਨ ਉਹ ਪੂਰਬੀ ਭਾਰਤ ਵੱਲ ਗਏ। ਭਾਈ ਮਰਦਾਨਾ ਜੀ ਵੀ ਉਹਨਾਂ ਦੇ ਨਾਲ਼ ਸਨ। ਇਸ ਯਾਤਰਾ ਦੌਰਾਨ ਉਹ ਲਾਹੌਰ, ਸੱਯਦਪੁਰ ਸਿਆਲਕੋਟ ਤਾਲੁੰਬਾ, ਕੁਰੂਕਸ਼ੇਤਰ, ਪਾਣੀਪਤ, ਦਿੱਲੀ, ਹਰਿਦੁਆਰ, ਗੋਰਖਮਤਾ (ਹੁਣ ਨਾਨਕ ਮੱਤਾ), ਬਨਾਰਸ, ਗਯਾ/ਪਟਨਾ, ਕਟਕ, ਕਾਮਰੂਪ ਸਿਲਹਟ, ਢਾਕਾ, ਜਗਨਾਥਪੁਰੀ ਤੋਂ ਮੱਧ ਭਾਰਤ ਦੇ ਰਸਤੇ ਚੰਦੇਰੀ, ਭੋਪਾਲ, ਗਵਾਲੀਅਰ, ਆਗਰਾ, ਮਥੁਰਾ ਹੁੰਦੇ ਹੋਏ, 1510 ਈ. ਵਿੱਚ ਗੁਰੂ ਜੀ ਮੁੜ ਆਪਣੇ ਪਿੰਡ ਤਲਵੰਡੀ ਪਹੁੰਚੇ। ਉਹਨਾਂ ਨੇ ਭਾਈ ਮਰਦਾਨਾ ਨੂੰ ਆਪਣੇ ਘਰ ਜਾਣ ਦੀ ਇਜਾਜ਼ਤ ਦੇ ਦਿੱਤੀ ਅਤੇ ਉਹ ਆਪ ਤਲਵੰਡੀ ਤੋਂ ਕੁਝ ਦੂਰ ਇਕਾਂਤ ਵਿੱਚ ਰਹਿਣ ਲੱਗੇ।

### ਪਹਿਲੀ ਉਦਾਸੀ ਦੀਆਂ ਪ੍ਰਮੁੱਖ ਘਟਨਾਵਾਂ

#### ਸੱਯਦਪੁਰ - ਐਮਨਾਬਾਦ

ਇੱਥੇ ਗੁਰੂ ਜੀ ਗਰੀਬ ਤਰਖਾਣ ਭਾਈ ਲਾਲੋ ਜੀ ਦੇ ਘਰ ਠਹਿਰੇ। ਉਥੋਂ ਦੇ ਅਮੀਰ ਮਲਿਕ ਭਾਗੋ ਨੇ ਗੁਰੂ ਜੀ ਨੂੰ ਆਪਣੀ ਹਵੇਲੀ ਵਿੱਚ ਠਹਿਰਨ ਅਤੇ ਭੋਜਨ ਕਰਨ ਦਾ ਬੁਲਾਵਾ ਭੇਜਿਆ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ, ਕਿਉਂਕਿ ਮਲਿਕ ਭਾਗੋ ਨੇ ਗਰੀਬਾਂ ਦਾ ਆਰਥਿਕ ਸੋਸ਼ਣ ਕਰਕੇ ਦੌਲਤ ਕਮਾਈ ਸੀ, ਜਦ ਕਿ ਭਾਈ ਲਾਲੋ ਦੀ ਕਮਾਈ ਮਿਹਨਤ ਅਤੇ ਈਮਾਨਦਾਰੀ ਦੀ ਸੀ। ਇਸ ਪ੍ਰਕਾਰ ਗੁਰੂ ਜੀ ਨੇ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਸਾਨੂੰ ਹੱਕ ਅਤੇ ਮਿਹਨਤ ਦੀ ਕਿਰਤ ਕਰਨੀ ਚਾਹੀਦੀ ਹੈ।



ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਲਾਲੋ ਦੇ ਘਰ

#### ਹਰਿਦੁਆਰ

ਆਪਣੀ ਯਾਤਰਾ ਦੌਰਾਨ ਗੁਰੂ ਜੀ ਜਦੋਂ ਹਰਿਦੁਆਰ ਪਹੁੰਚੇ, ਉੱਥੇ ਲੋਕ ਕਰਮ-ਕਾਂਡਾਂ ਵਿੱਚ ਫਸੇ ਹੋਏ ਲੋਕ ਅਗਿਆਨਤਾ ਵੱਸ ਗੰਗਾ ਨਦੀ ਵਿੱਚ ਪੂਰਬ ਦਿਸ਼ਾ ਵੱਲ ਮੂੰਹ ਕਰਕੇ ਆਪਣੇ ਮਰੇ ਹੋਏ ਪੁਰਖਾਂ (ਪਿੱਤਰਾਂ) ਤੱਕ ਪਾਣੀ ਪਹੁੰਚਾਉਣ ਲਈ ਸੂਰਜ ਨੂੰ ਪਾਣੀ ਦੇ ਰਹੇ ਸਨ। ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਣ ਲਈ ਗੁਰੂ ਜੀ ਨੇ ਪੱਛਮ ਦਿਸ਼ਾ ਵੱਲ ਮੂੰਹ ਕਰਕੇ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਜਦੋਂ ਲੋਕਾਂ ਨੇ ਗੁਰੂ ਜੀ ਨੂੰ ਇਸ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਕਿਹਾ ਕਿ ਉਹ ਆਪਣੇ ਖੇਤਾਂ ਨੂੰ ਪਾਣੀ ਪਹੁੰਚਾ ਰਹੇ ਹਨ। ਲੋਕਾਂ ਨੇ ਸੁਆਲ ਕੀਤਾ ਕਿ ਤੁਹਾਡੇ ਵੱਲੋਂ ਦਿੱਤਾ ਪਾਣੀ ਇੰਨੀ ਦੂਰ ਤੁਹਾਡੇ ਖੇਤਾਂ ਤਕ ਕਿਵੇਂ ਪਹੁੰਚ ਸਕਦਾ ਹੈ ਤਾਂ ਗੁਰੂ ਜੀ ਨੇ ਉੱਤਰ ਦਿੱਤਾ ਕਿ ਜੇਕਰ ਤੁਹਾਡੇ ਵੱਲੋਂ ਦਿੱਤਾ ਪਾਣੀ ਦੂਜੀ ਦੁਨੀਆ ਵਿੱਚ ਤੁਹਾਡੇ ਪਿੱਤਰਾਂ ਕੋਲ ਪਹੁੰਚ ਸਕਦਾ ਹੈ, ਤਾਂ ਮੇਰਾ ਪਾਣੀ ਕੁਝ ਸੌ ਮੀਲ ਮੇਰੇ ਖੇਤਾਂ ਤੱਕ ਕਿਉਂ ਨਹੀਂ ਪਹੁੰਚ ਸਕਦਾ? ਗੁਰੂ ਜੀ ਦੇ ਇਸ ਤਰਕ ਤੋਂ ਲੋਕ ਬਹੁਤ ਪ੍ਰਭਾਵਿਤ ਹੋਏ।



ਸ੍ਰੀ ਗੁਰੂ ਨਾਨਕ ਦੇਵ ਜੀ ਹਰਿਦੁਆਰ ਵਿੱਚ

### ਤਾਲੁੰਬਾ

ਤਾਲੁੰਬਾ ਵਿਖੇ ਸੱਜਣ ਨਾਂ ਦਾ ਇੱਕ ਠੱਗ ਰਹਿੰਦਾ ਸੀ, ਜੋ ਆਪਣੀ ਹਵੇਲੀ ਵਿੱਚ ਠਹਿਰਨ ਵਾਲ਼ੇ ਯਾਤਰੀਆਂ ਨੂੰ ਕਤਲ ਕਰਕੇ ਉਹਨਾਂ ਦਾ ਸਮਾਨ ਲੁੱਟ ਲੈਂਦਾ ਸੀ। ਗੁਰੂ ਜੀ ਨੇ ਆਪਣੇ ਉਪਦੇਸ਼ਾਂ ਰਾਹੀਂ ਉਸਦਾ ਮਨ ਬਦਲ ਦਿੱਤਾ ਅਤੇ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ 'ਸਿੱਖ' ਬਣ ਗਿਆ, ਉਸਨੇ ਲੁਟਮਾਰ ਦਾ ਕੰਮ ਛੱਡ ਕੇ ਧਰਮ ਪ੍ਰਚਾਰ ਸ਼ੁਰੂ ਕਰ ਦਿੱਤਾ ਅਤੇ ਆਪਣੀ ਹਵੇਲੀ ਨੂੰ ਧਰਮਸ਼ਾਲਾ ਵਿੱਚ ਤਬਦੀਲ ਕਰ ਦਿੱਤਾ।

### ਜਗਨਨਾਥ ਪੁਰੀ

ਜਗਨਨਾਥ ਪੁਰੀ ਹਿੰਦੂਆਂ ਦਾ ਪ੍ਰਸਿੱਧ ਧਾਰਮਿਕ ਸਥਾਨ ਹੈ, ਜਿੱਥੇ ਭਗਵਾਨ ਸ੍ਰੀ ਜਗਨਨਾਥ (ਵਿਸ਼ਨੂੰ) ਦਾ ਮੰਦਰ ਹੈ। ਇੱਥੇ ਗੁਰੂ ਜੀ ਨੇ ਪੁਜਾਰੀਆਂ ਨੂੰ ਵਿਸ਼ਨੂੰ ਭਗਵਾਨ ਦੀ ਮੂਰਤੀ ਦੀ ਪੂਜਾ ਅਤੇ ਆਰਤੀ ਕਰਦਿਆਂ ਦੇਖਿਆ, ਤਾਂ ਉਹਨਾਂ ਨੇ ਲੋਕਾਂ ਨੂੰ ਉਪਦੇਸ਼ ਦਿੱਤਾ ਕਿ ਪਰਮਾਤਮਾ ਨਿਰਾਕਾਰ ਹੈ ਅਤੇ ਸੰਪੂਰਨ ਬ੍ਰਹਿਮੰਡ, ਅਕਾਸ਼, ਸੂਰਜ, ਚੰਨ, ਤਾਰੇ, ਹਵਾ, ਬਨਸਪਤੀ, ਫੁੱਲ ਆਦਿ ਰਲ਼ ਕੇ ਹਰ ਵੇਲ਼ੇ ਹੀ ਉਸ ਨਿਰਾਕਾਰ ਪਰਮਾਤਮਾ ਦੀ ਅਲੌਕਿਕ ਆਰਤੀ ਕਰਦੇ ਰਹਿੰਦੇ ਹਨ।

## ਦੂਜੀ ਉਦਾਸੀ (1510 ਈ.-1515 ਈ.)

ਕੁਝ ਸਮਾਂ ਤਲਵੰਡੀ ਵਿੱਚ ਰੁਕਣ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਨੇ 1510 ਈ. ਵਿੱਚ ਦੱਖਣੀ ਭਾਰਤ ਦੀ ਯਾਤਰਾ ਸ਼ੁਰੂ ਕੀਤੀ। ਇਸ ਯਾਤਰਾ ਦੌਰਾਨ ਉਹਨਾਂ ਨੇ ਸੈਦੋ ਅਤੇ ਗੋਹੋ ਨਾਂ ਦੇ ਦੋ ਭਰਾਵਾਂ ਅਤੇ ਭਾਈ ਮਰਦਾਨਾ ਨੂੰ ਆਪਣੇ ਨਾਲ਼ ਲਿਆ।

**ਰਾਜਸਥਾਨ**

ਆਪਣੀ ਇਸ ਉਦਾਸੀ ਦੌਰਾਨ ਗੁਰੂ ਜੀ ਨੇ ਮਾਲਵਾ ਦੇ ਸੰਤਾਂ ਨਾਲ਼ ਭੇਂਟ ਕੀਤੀ। ਉਹ ਹਿੰਦੂਆਂ ਦੇ ਪ੍ਰਸਿੱਧ ਤੀਰਥ ਅਸਥਾਨ ਪੁਸ਼ਕਰ ਵੀ ਗਏ। ਉਹਨਾਂ ਨੇ ਮਾਂਊਂਟ ਆਬੂ ਵਿਖੇ ਜੈਨ ਮੁਨੀਆਂ ਨਾਲ਼ ਵੀ ਮੁਲਾਕਾਤ ਕੀਤੀ।

**ਦੱਖਣੀ ਭਾਰਤ**

ਰਾਜਸਥਾਨ ਤੋਂ ਬਾਅਦ ਗੁਰੂ ਜੀ ਨੇ ਦੱਖਣੀ-ਭਾਰਤ ਵਿੱਚ ਉਜੈਨ, ਹੈਦਰਾਬਾਦ, ਨਾਂਦੇੜ ਬਿਦਰ, ਗੋਲਕੁੰਡਾ, ਗੰਟੂਰ, ਮਦਰਾਸ, ਤ੍ਰਿਚਨਾਪੱਲੀ, ਨਾਗਾਪੱਟਮ, ਕਾਂਚੀਪੁਰਮ ਅਤੇ ਤੀਰਥ ਸਥਾਨ ਰਾਮੇਸ਼ਵਰਮ ਦੀ ਯਾਤਰਾ ਕੀਤੀ।

**ਲੰਕਾ**

ਸ੍ਰੀ ਗੁਰੂ ਨਾਨਕ ਦੇਵ ਜੀ ਸਮੁੰਦਰੀ ਮਾਰਗ ਰਾਹੀਂ ਲੰਕਾ ਗਏ। ਕਹਿੰਦੇ ਹਨ ਕਿ ਲੰਕਾ ਦਾ ਰਾਜਾ ਸ਼ਿਵਨਾਭ ਅਤੇ ਹੋਰ ਬਹੁਤ ਸਾਰੇ ਲੋਕ ਗੁਰੂ ਜੀ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਦੇ ਅਨੁਯਾਈ ਬਣ ਗਏ।

**ਘਰ ਵਾਪਸੀ**

ਸ੍ਰੀ ਗੁਰੂ ਨਾਨਕ ਦੇਵ ਜੀ ਲੰਕਾ ਤੋਂ ਵਾਪਸ ਰਾਮੇਸ਼ਵਰਮ, ਤ੍ਰਿਵੇਂਦਰਮ, ਕੋਟੀਯਮ, ਸ੍ਰੀ ਰੰਗਾਪਟਨਮ, ਸੋਮਨਾਥ, ਦੁਆਰਕਾ, ਕੱਛ, ਮਾਂਡਵੀ, ਬਹਾਵਲਪੁਰ, ਮੁਲਤਾਨ ਹੁੰਦੇ ਹੋਏ, 1515 ਈ. ਨੂੰ ਆਪਣੇ ਪਿੰਡ ਤਲਵੰਡੀ ਪਹੁੰਚੇ ਅਤੇ ਫਿਰ ਸੁਲਤਾਨਪੁਰ ਚਲੇ ਗਏ।

## ਤੀਜੀ ਉਦਾਸੀ (1515ਈ.-1517ਈ.)

ਕੁਝ ਸਮਾਂ ਸੁਲਤਾਨਪੁਰ ਲੋਧੀ ਆਪਣੇ ਪਰਿਵਾਰ ਨਾਲ਼ ਰਹਿਣ ਤੋਂ ਬਾਅਦ ਗੁਰੂ ਜੀ ਨੇ ਭਾਈ ਮਰਦਾਨਾ, ਹੱਸੂ ਲੁਹਾਰ ਅਤੇ ਸੀਹਾ ਛੀਂਬੇ ਨੂੰ ਨਾਲ਼ ਲੈ ਕੇ ਉੱਤਰੀ ਭਾਰਤ ਵੱਲ ਤੀਜੀ ਯਾਤਰਾ ਸ਼ੁਰੂ ਕੀਤੀ।

ਤੀਜੀ ਉਦਾਸੀ ਸਮੇਂ ਗੁਰੂ ਜੀ ਹੇਠ ਲਿਖੀਆਂ ਥਾਂਵਾਂ 'ਤੇ ਗਏ।




## ਚੌਥੀ ਉਦਾਸੀ (1517ਈ.-1521ਈ.)

ਸ੍ਰੀ ਗੁਰੂ ਨਾਨਕ ਦੇਵ ਜੀ ਨੇ 1517 ਈ. ਤੋਂ 1521 ਈ. ਤਕ ਭਾਈ ਮਰਦਾਨੇ ਨੂੰ ਨਾਲ਼ ਲੈ ਕੇ ਆਪਣੀ ਚੌਥੀ ਉਦਾਸੀ ਦੌਰਾਨ ਪੱਛਮੀ ਏਸ਼ੀਆਈ ਦੇਸ਼ਾਂ ਦੀ ਯਾਤਰਾ ਕੀਤੀ। ਇਸ ਯਾਤਰਾ ਦੌਰਾਨ ਉਹਨਾਂ ਨੇ ਮੁਸਲਮਾਨ ਹਾਜੀਆਂ ਵਾਲ਼ਾ ਨੀਲਾ ਪਹਿਰਾਵਾ ਧਾਰਨ ਕੀਤਾ। ਇਸ ਯਾਤਰਾ ਦੌਰਾਨ ਉਹ ਮੁਲਤਾਨ, ਉੱਚ, ਹਿੰਗਲਾਜ, ਮੱਕਾ, ਮਦੀਨਾ, ਬਗਦਾਦ, ਕੰਧਾਰ, ਕਾਬੁਲ, ਜਲਾਲਾਬਾਦ, ਸੁਲਤਾਨਪੁਰ, ਪੇਸ਼ਾਵਰ ਅਤੇ ਸੱਯਦਪੁਰ ਦੀ ਯਾਤਰਾ ਕੀਤੀ।

### ਪਰਮਾਤਮਾ ਸਰਬ-ਵਿਆਪਕ ਹੈ

ਆਪਣੀ ਯਾਤਰਾ ਦੌਰਾਨ ਗੁਰੂ ਜੀ ਮੁਸਲਮਾਨਾਂ ਦੇ ਤੀਰਥ ਸਥਾਨ ਮੱਕਾ ਗਏ। ਉੱਥੇ ਉਹ ਕਾਅਬਾ ਵੱਲ ਪੈਰ ਕਰਕੇ ਸੌਂ ਗਏ। ਉਥੋਂ ਦੇ ਕਾਜ਼ੀ ਰੁਕਨਦੀਨ ਨੇ ਗੁਰੂ ਜੀ ਨੂੰ ਕਾਫ਼ਿਰ ਕਹਿੰਦਿਆਂ ਇਸ 'ਤੇ ਇਤਰਾਜ਼ ਕੀਤਾ ਤਾਂ ਗੁਰੂ ਜੀ ਨੇ ਉਸ ਨੂੰ ਨਿਮਰਤਾ ਨਾਲ਼ ਕਿਹਾ ਕਿ ਉਹ ਉਸ ਦੇ ਪੈਰ ਉਸ ਪਾਸੇ ਵੱਲ ਕਰ ਦੇਵੇ, ਜਿਸ ਪਾਸੇ ਅੱਲ੍ਹਾ ਨਹੀਂ ਹੈ। ਇਹ ਸੁਣ ਕੇ ਕਾਜ਼ੀ ਸੋਚਾਂ ਵਿੱਚ ਪੈ ਗਿਆ ਅਤੇ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਇਸ ਪ੍ਰਕਾਰ ਗੁਰੂ ਜੀ ਨੇ ਲੋਕਾਂ ਨੂੰ ਈਸ਼ਵਰ-ਅੱਲ੍ਹਾ ਦੇ ਸਰਵ-ਵਿਆਪੀ ਹੋਣ ਦਾ ਸੁਨੇਹਾ ਦਿੱਤਾ। ਜਦੋਂ ਹਾਜੀਆਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਹਿੰਦੂ ਧਰਮ ਚੰਗਾ ਹੈ ਜਾਂ ਮੁਸਲਮਾਨ ਧਰਮ ਚੰਗਾ ਹੈ ਤਾਂ ਉੱਤਰ ਵਿੱਚ ਗੁਰੂ ਜੀ ਨੇ ਕਿਹਾ ਕਿ ਸ਼ੁੱਭ ਕਰਮਾਂ ਤੋਂ ਬਿਨਾਂ ਕਿਸੇ ਵੀ ਧਰਮ ਦਾ ਵਿਅਕਤੀ ਪਰਮਾਤਮਾ ਦੇ ਦਰਬਾਰ ਵਿੱਚ ਸੁੱਖ ਪ੍ਰਾਪਤ ਨਹੀਂ ਕਰ ਸਕਦਾ।

### ਹਸਨ ਅਬਦਾਲ

ਮੱਕਾ ਮਦੀਨਾ ਦੀ ਯਾਤਰਾ ਤੋਂ ਵਾਪਸ ਆਉਂਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਹਸਨ ਅਬਦਾਲ ਪਹੁੰਚੇ। ਉੱਥੇ ਇੱਕ ਉੱਚੀ ਪਹਾੜੀ ਉੱਤੇ ਹੰਕਾਰੀ ਮੁਸਲਮਾਨ ਫ਼ਕੀਰ ਵਲੀ ਕੰਧਾਰੀ ਰਹਿੰਦਾ ਸੀ। ਉਸ ਨੇ ਪਹਾੜੀ ਤੋਂ ਹੇਠਾਂ ਨਗਰ ਵੱਲ ਵਗਣ ਵਾਲੇ ਪਾਣੀ ਨੂੰ ਰੋਕਿਆ ਹੋਇਆ ਸੀ। ਲੋਕਾਂ ਦੇ ਮਿੰਨਤਾਂ ਕਰਨ 'ਤੇ ਵੀ ਵਲੀ ਕੰਧਾਰੀ ਨੇ ਪਾਣੀ ਨਹੀਂ ਸੀ ਖੋਲ੍ਹਿਆ। ਉਸ ਨੇ ਭਾਈ ਮਰਦਾਨਾ ਜੀ ਨੂੰ ਵੀ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ। ਜਦ ਗੁਰੂ ਸ੍ਰੀ ਨਾਨਕ ਦੇਵ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਪਹਾੜੀ ਦੇ ਹੇਠੋਂ ਹੀ ਪੱਥਰ ਹਟਾ ਕੇ ਪਾਣੀ ਕੱਢ ਦਿੱਤਾ। ਗੁੱਸੇ ਵਿੱਚ ਆ ਕੇ ਵਲੀ ਕੰਧਾਰੀ ਨੇ ਪਹਾੜ ਉਪਰੋਂ ਇੱਕ ਵੱਡੀ ਚੱਟਾਨ ਰੋੜ੍ਹ ਕੇ ਗੁਰੂ ਜੀ ਨੂੰ ਮਾਰਨਾ ਚਾਹਿਆ, ਪਰੰਤੂ ਗੁਰੂ ਜੀ ਨੇ ਉਸ ਚੱਟਾਨ ਨੂੰ ਆਪਣੇ ਪੰਜੇ ਨਾਲ ਰੋਕ ਲਿਆ। ਇਸ ਪ੍ਰਕਾਰ ਵਲੀ ਕੰਧਾਰੀ ਦਾ ਹੰਕਾਰ ਟੁੱਟ ਗਿਆ ਅਤੇ ਉਹ ਗੁਰੂ ਜੀ ਦੇ ਚਰਨਾਂ ਵਿੱਚ ਡਿੱਗ ਪਿਆ ਅਤੇ ਉਹਨਾਂ ਦਾ ਸ਼ਰਧਾਲੂ ਬਣ ਗਿਆ। ਅੱਜਕਲ੍ਹ ਉੱਥੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਪਾਕਿਸਤਾਨ) ਸਥਿਤ ਹੈ।

### ਗਤੀਵਿਧੀ

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੇ ਨਾਲ ਸੰਬੰਧਿਤ ਸਥਾਨਾਂ ਤੇ ਬਣੇ ਗੁਰਦੁਆਰਿਆਂ ਦੇ ਨਾਮ ਅਤੇ ਉਨ੍ਹਾਂ ਦੀ ਇਤਿਹਾਸਕ ਮਹੱਤਤਾ ਬਾਰੇ ਜਾਣਕਾਰੀ ਪ੍ਰਾਪਤ ਕਰੋ।

**ਕੀ ਤੁਸੀਂ ਜਾਣਦੇ ਹੋ?**

**ਕਾਅਬਾ** - ਮੁਸਲਮਾਨਾਂ ਦੇ ਤੀਰਥ ਸਥਾਨ ਮੱਕਾ ਵਿੱਚ ਇੱਕ ਪਵਿੱਤਰ ਕਾਲ਼ਾ ਪੱਥਰ ਹੈ ਜਿਸਨੂੰ 'ਕਾਬਾ' ਕਿਹਾ ਜਾਂਦਾ ਹੈ।

**ਹਾਜੀ** - ਮੁਸਲਮਾਨਾਂ ਦੇ ਤੀਰਥ ਸਥਾਨ ਮੱਕਾ-ਮਦੀਨਾਂ ਦੀ ਯਾਤਰਾ ਕਰਨ ਨੂੰ ਹੱਜ ਕਿਹਾ ਜਾਂਦਾ ਹੈ ਅਤੇ ਜੋ ਮੁਸਲਮਾਨ ਇਸ ਤੀਰਥ ਸਥਾਨਾ ਦੀ ਯਾਤਰਾ ਕਰਦੇ ਹਨ ਉਹਨਾਂ ਨੂੰ 'ਹਾਜੀ' ਕਿਹਾ ਜਾਂਦਾ ਹੈ।

# ਸਮਕਾਲੀਨ ਪੰਜਾਬ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਵਿੱਚ ਬਾਬਰ ਵੱਲੋਂ ਇਬਰਾਹਿਮ ਲੋਧੀ ਨੂੰ ਹਰਾ ਕੇ ਭਾਰਤ ਵਿੱਚ ਮੁਗ਼ਲ (ਤੁਰਕ) ਰਾਜ ਦੀ ਸਥਾਪਨਾ ਕਰਨਾ ਸਭ ਤੋਂ ਵੱਡੀ ਰਾਜਨੀਤਕ ਘਟਨਾ ਸੀ।

## (ੳ) ਲੋਧੀ ਸੁਲਤਾਨਾ (ਅਫ਼ਗਾਨਾ) ਦੇ ਅਧੀਨ ਪੰਜਾਬ :-

ਸ੍ਰੀ ਗੁਰੂ ਨਾਨਕ ਦੇਵ ਦੇ ਸਮੇਂ ਵਿੱਚ ਪੰਜਾਬ ਦਿੱਲੀ ਸਲਤਨਤ ਦਾ ਹੀ ਇੱਕ ਹਿੱਸਾ ਸੀ। ਗੁਰੂ ਜੀ ਦੇ ਜੀਵਨ ਤੋਂ ਪਹਿਲੇ 56 ਸਾਲਾਂ ਤੱਕ ਦਿੱਲੀ ਸਲਤਨਤ, ਤਿੰਨ ਲੋਧੀ ਸ਼ਾਸਕਾਂ ਦੇ ਅਧੀਨ ਰਹੀ।





**ਬਹਿਲੋਲ ਲੋਧੀ** (1451-1489 ਈ.) **ਸਿਕੰਦਰ ਲੋਧੀ** (1489-1517 ਈ.) **ਇਬਰਾਹਿਮ ਲੋਧੀ** (1517-1526 ਈ.)

ਲੋਧੀ ਸੁਲਤਾਨਾਂ ਨੇ ਪੰਜਾਬ ਦੇ ਸ਼ਾਸਨ ਨੂੰ ਠੀਕ ਢੰਗ ਨਾਲ਼ ਚਲਾਉਣ ਦੇ ਲਈ ਪੰਜਾਬ ਵਿੱਚ ਪਹਿਲਾਂ ਤਾਤਾਰ ਖਾਂ ਲੋਧੀ (1469-1485 ਈ:) ਅਤੇ ਦੌਲਤ ਖਾਂ ਲੋਧੀ (1500-1525 ਈ:) ਨੂੰ ਆਪਣਾ ਸੂਬੇਦਾਰ ਨਿਯੁਕਤ ਕੀਤਾ।

ਪੰਜਾਬ ਦਾ ਸੂਬੇਦਾਰ ਦੌਲਤ ਖਾਂ ਲੋਧੀ ਦਿੱਲੀ ਦੇ ਸ਼ਾਸਕ ਸਿਕੰਦਰ ਲੋਧੀ ਦੇ ਪ੍ਰਤੀ ਪੂਰਾ ਵਫਾਦਾਰ ਰਿਹਾ, ਪਰੰਤੂ ਜਦ ਲੋਧੀ ਵੰਸ਼ ਦੇ ਆਖ਼ਰੀ ਸੁਲਤਾਨ ਇਬਰਾਹਿਮ ਲੋਧੀ ਨੇ ਸ਼ਾਸਨ ਦੀ ਵਾਗਡੋਰ ਸੰਭਾਲੀ ਤਾਂ ਦੌਲਤ ਖਾਂ ਲੋਧੀ ਦੀ ਵਫ਼ਾਦਾਰੀ ਬਗਾਵਤ ਵਿੱਚ ਤਬਦੀਲ ਹੋਣੀ ਸ਼ੁਰੂ ਹੋ ਗਈ, ਕਿਉਂਕਿ ਉਹ ਆਪ ਪੰਜਾਬ ਤੇ ਆਪਣਾ ਸੁਤੰਤਰ ਸ਼ਾਸਨ ਸਥਾਪਿਤ ਕਰਨਾ ਚਾਹੁੰਦਾ ਸੀ, ਇਸ ਉਦੇਸ਼ ਨੂੰ ਪੂਰਾ ਕਰਨ ਲਈ ਉਸ ਨੇ ਬਾਬਰ ਨੂੰ ਪੰਜਾਬ ਤੇ ਹਮਲਾ ਕਰਨ ਲਈ ਉਕਸਾਇਆ।

## ਅ) ਬਾਬਰ ਦੇ ਪੰਜਾਬ ਉੱਤੇ ਹਮਲੇ ਅਤੇ ਮੁਗ਼ਲ ਰਾਜ ਦੀ ਸਥਾਪਨਾ :

ਬਾਬਰ, ਕਾਬਲ (ਮੱਧ ਏਸ਼ੀਆਂ) ਤੋਂ ਸ਼ਾਸਨ ਕਰਨ ਦੇ ਉਦੇਸ਼ ਨਾਲ਼ ਭਾਰਤ ਆਇਆ ਸੀ। ਉਹ ਪੰਜਾਬ ਉੱਤੇ ਆਪਣਾ ਅਧਿਕਾਰ ਕਰਨਾ ਚਾਹੁੰਦਾ ਸੀ। ਪੰਜਾਬ ਉੱਤੇ ਅਧਿਕਾਰ ਕਰਨ ਲਈ ਇਬਰਾਹਿਮ ਲੋਧੀ, ਦੌਲਤ ਖਾਂ ਲੋਧੀ ਅਤੇ ਬਾਬਰ ਦੇ ਵਿਚਕਾਰ 1519 ਈ: ਤੋਂ ਲੈ ਕੇ 1526 ਈ: ਤੱਕ ਸੰਘਰਸ਼ ਜਾਰੀ ਰਿਹਾ ਜਿਸ ਨੂੰ **ਤਿਕੋਣੀ ਸੰਘਰਸ਼** ਵੀ ਕਿਹਾ ਜਾਂਦਾ ਹੈ। ਬਾਬਰ ਨੇ ਪੰਜਾਬ 'ਤੇ ਜਿੱਤ ਪ੍ਰਾਪਤ ਕਰਨ ਲਈ, ਪੰਜ ਵਾਰ ਹਮਲੇ ਕੀਤੇ। ਬਾਬਰ ਨੇ ਪੰਜਾਬ ਤੇ ਪਹਿਲਾ ਹਮਲਾ ਅਪ੍ਰੈਲ 1519 ਈ. (ਭੇਰਾ ਤੇ ਬਿਜਨੌਰ), ਦੂਜਾ ਹਮਲਾ ਸਤੰਬਰ 1519 ਈ. (ਪੇਸ਼ਾਵਰ) ਅਤੇ ਤੀਜਾ ਹਮਲਾ 1520 ਈ: (ਸੱਯਦਪੁਰ) ਵਿਖੇ ਕੀਤਾ।

1524 ਈ: ਵਿੱਚ ਬਾਬਰ ਨੇ ਦੌਲਤ ਖਾਂ ਲੋਧੀ ਦੇ ਬੁਲਾਵੇ ਤੇ ਪੰਜਾਬ ਉੱਤੇ ਚੌਥਾ ਹਮਲਾ ਕੀਤਾ ਸੀ ਪਰੰਤੂ 1525 ਈ: ਵਿੱਚ ਪੰਜਵੇਂ ਹਮਲੇ ਵਿੱਚ ਬਾਬਰ ਨੇ ਦੌਲਤ ਖਾਂ ਲੋਧੀ ਨੂੰ ਹੀ ਹਰਾ ਕੇ ਉਸ ਨੂੰ ਬੰਦੀ ਬਣਾ ਲਿਆ। ਬਾਬਰ ਨੇ ਲਾਹੌਰ ਦੇ ਨਾਲ਼ ਨਾਲ਼ ਪੰਜਾਬ ਉੱਤੇ ਆਪਣਾ ਅਧਿਕਾਰ ਕਰ ਲਿਆ। ਪੰਜਾਬ ਤੋਂ ਬਾਅਦ ਬਾਬਰ ਦਿੱਲੀ ਵੱਲ ਵਧਿਆ। 1526 ਈ: ਵਿੱਚ ਇਬਰਾਹੀਮ ਲੋਧੀ ਅਤੇ ਬਾਬਰ ਦੇ ਵਿਚਕਾਰ ਪਾਣੀਪਤ ਦੇ ਮੈਦਾਨ ਵਿੱਚ ਯੁੱਧ ਹੋਇਆ ਜਿਸ ਨੂੰ ਪਾਣੀਪਤ ਦੀ ਪਹਿਲੀ ਲੜਾਈ ਕਿਹਾ ਜਾਂਦਾ ਹੈ। ਇਸ ਯੁੱਧ ਵਿੱਚ ਇਬਰਾਹਿਮ ਲੋਧੀ ਹਾਰ ਗਿਆ। ਬਾਬਰ ਨੇ ਦਿੱਲੀ ਉੱਤੇ ਜਿੱਤ ਪ੍ਰਾਪਤ ਕਰ ਲਈ ਅਤੇ ਭਾਰਤ ਵਿੱਚ ਮੁਗ਼ਲ (ਤੁਰਕ) ਰਾਜ ਦੀ ਸਥਾਪਨਾ ਕੀਤੀ।

### ਸੱਯਦਪੁਰ/ਏਮਨਾਬਾਦ ਦੀ ਘਟਨਾ

1520 ਈ: ਵਿੱਚ ਆਪਣੀ ਚੌਥੀ ਉਦਾਸੀ ਦੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਸੱਯਦਪੁਰ ਪਹੁੰਚੇ ਤਾਂ ਉਸ ਸਮੇਂ ਸੱਯਦਪੁਰ (ਏਮਨਾਬਾਦ) ਉੱਤੇ ਬਾਬਰ ਨੇ ਹਮਲਾ ਕੀਤਾ। ਮੁਗ਼ਲ ਸੈਨਿਕਾਂ ਨੇ ਇਸਤਰੀਆਂ, ਪੁਰਸ਼ਾਂ ਅਤੇ ਬੱਚਿਆਂ ਤੇ ਬਹੁਤ ਅਤਿਆਚਾਰ ਕੀਤੇ ਅਤੇ ਲੁੱਟ ਖੋਹ ਕੀਤੀ। ਉਹਨਾਂ ਨੇ ਬਹੁਤ ਸਾਰੇ ਲੋਕਾਂ ਨੂੰ ਬੰਦੀ ਬਣਾ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਬਾਬਰ ਦੇ ਪੰਜਾਬ ਉੱਤੇ ਕੀਤੇ ਅਤਿਆਚਾਰਾਂ ਦਾ ਜ਼ਿਕਰ ਵੀ ਕੀਤਾ ਹੈ।

ਜੇਕਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਗਹਿਰਾਈ ਨਾਲ ਅਧਿਐਨ ਕੀਤਾ ਜਾਵੇ, ਤਾਂ ਉਸ ਸਮੇਂ ਦੀ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਅਵਸਥਾਵਾਂ ਵਿੱਚ ਕੁਝ ਵੀ ਪ੍ਰਸੰਸਾ ਯੋਗ ਨਹੀਂ ਸੀ। ਸਮਾਜਿਕ ਅਤੇ ਧਾਰਮਿਕ ਵਿਵਸਥਾ ਦਾ ਪਤਨ ਹੋ ਚੁੱਕਾ ਸੀ। ਇਸੇ ਕਾਰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਵੀਂ ਵਿਚਾਰਧਾਰਾ ਨੂੰ ਜਨਮ ਦਿੱਤਾ। ਅਸਲ ਵਿੱਚ ਗੁਰੂ ਜੀ ਦੀ ਬਾਣੀ ਵਿੱਚ ਸਮਕਾਲੀ ਅਵਸਥਾਵਾਂ ਦਾ ਵਰਣਨ ਉਹਨਾਂ ਦੀਆਂ ਨੈਤਿਕ ਸਿੱਖਿਆਵਾਂ ਦੇ ਸੰਦਰਭ ਵਿੱਚ ਹੀ ਹੈ।

#### ਰਾਜਨੀਤਿਕ ਅਵਸਥਾ

ਪੰਜਾਬ ਵਿੱਚ ਤੁਰਕ ਅਫ਼ਗਾਨ ਸ਼ਾਸਨ ਦੇ ਸਮੇਂ ਮੁਸਲਮਾਨ ਸ਼ਾਸਕ ਸ਼ਰੀਅਤ ਦੇ ਅਨੁਸਾਰ ਸ਼ਾਸਨ ਪ੍ਰਬੰਧ ਚਲਾਉਂਦੇ ਸਨ। ਲੋਧੀ ਕਾਲ ਵਿੱਚ ਕਈ ਨਗਰਾਂ ਵਿੱਚ ਅਦਾਲਤਾਂ ਵੀ ਸਥਾਪਿਤ ਕੀਤੀਆਂ ਗਈਆਂ, ਜਿੱਥੇ ਕਾਜ਼ੀ ਸ਼ਰੀਅਤ ਦੇ ਅਨੁਸਾਰ ਨਿਆਂ ਪ੍ਰਦਾਨ ਕਰਦੇ ਸਨ। ਮੁਸਲਿਮ ਕੁਲੀਨ ਵਰਗ ਦੇ ਉਲਮਾਂ ਅਤੇ ਸੂਫ਼ੀ ਸ਼ੇਖ਼ਾਂ ਨੂੰ ਰਾਜਨੀਤਿਕ ਸਰਪ੍ਰਸਤੀ ਪ੍ਰਾਪਤ ਸੀ। ਉਨ੍ਹਾਂ ਨੂੰ ਨਕਦੀ ਅਤੇ ਕਰ-ਮੁਕਤ ਜਾਗੀਰਾਂ ਦਿੱਤੀਆਂ ਜਾਂਦੀਆਂ ਸਨ। ਗ਼ੈਰ ਮੁਸਲਮਾਨਾਂ ਦੇ ਨਾਲ ਭੇਦ ਭਾਵ ਕੀਤਾ ਜਾਂਦਾ ਸੀ। ਉਹਨਾਂ ਨੂੰ ਜਜ਼ੀਆ ਅਤੇ ਤੀਰਥ ਯਾਤਰਾ ਕਰ ਦੇਣਾ ਪੈਂਦਾ ਸੀ। ਕਈ ਹਿੰਦੂ ਜੋ ਕਿ ਫ਼ਾਰਸੀ ਭਾਸ਼ਾ ਦਾ ਗਿਆਨ ਰੱਖਦੇ ਸਨ ਉਹਨਾਂ ਨੂੰ ਮੱਧ ਅਤੇ ਨਿਮਨ ਵਰਗ ਦੇ ਪ੍ਰਸ਼ਾਸਨਿਕ ਕੰਮਾਂ ਜਿਵੇਂ ਪ੍ਰਾਂਤ ਦੇ ਦੀਵਾਨ, ਲੇਖਾਕਾਰ, ਕਾਨੂੰਗੋ, ਚੌਧਰੀ, ਮੁੱਕਦਮ ਅਤੇ ਪਟਵਾਰੀ ਲਗਾ ਲਿਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਸਮਕਾਲੀਨ ਪੰਜਾਬ ਦੇ ਅਫ਼ਗਾਨ ਸ਼ਾਸਕਾਂ ਦੇ ਸ਼ਾਸਨ-ਪ੍ਰਬੰਧਾਂ ਅਤੇ ਨੀਤੀਆਂ ਤੋਂ ਚੰਗੀ ਤਰ੍ਹਾਂ ਜਾਣੂੰ ਸਨ। ਗੁਰੂ ਜੀ ਨੇ ਆਪਣੀ ਬਾਣੀ ਵਿੱਚ ਤੁਰਕ-ਅਫ਼ਗਾਨ ਸ਼ਾਸਨ ਦੀ ਕਲਯੁੱਗ ਨਾਲ਼ ਤੁਲਨਾਂ ਕੀਤੀ ਹੈ। ਉਹਨਾਂ ਨੇ ਸ਼ਾਸਕ ਵਰਗ ਦੇ ਅੱਤਿਆਚਾਰਾਂ, ਅਨਿਆਂ ਅਤੇ ਗ਼ੈਰ-ਮੁਸਲਿਮ ਲੋਕਾਂ ਦੇ ਨਾਲ਼ ਜਜ਼ੀਆ ਅਤੇ ਧਾਰਮਿਕ ਯਾਤਰਾ ਕਰ ਵਰਗੇ ਭੇਦ ਭਾਵ ਪੂਰਨ ਕਾਰਜਾਂ ਦਾ ਉਲੇਖ ਕੀਤਾ ਹੈ। ਉਹਨਾਂ ਨੇ ਲਿਖਿਆ ਹੈ ਕਿ ਸ਼ਾਸਕ ਸ਼ੇਰ ਦੀ ਭਾਂਤੀ ਪ੍ਰਜਾ ਦਾ ਸ਼ਿਕਾਰ ਕਰਦੇ ਹਨ। ਉਹਨਾਂ ਦੇ ਮੁੱਕਦਮ (ਵਜ਼ੀਰ) ਲੋਕਾਂ ਨੂੰ ਕੁੱਤਿਆਂ ਵਾਂਗ ਨੋਚਦੇ ਹਨ। ਰਿਸ਼ਵਤਖੋਰੀ ਦਾ ਬੋਲ ਬਾਲਾ ਹੈ। ਉਹ ਪਰਮਾਤਮਾ ਦੇ ਨਾਂ ਤੇ ਉਹਨਾਂ ਦਾ ਦਿਨ ਰਾਤ ਸ਼ੋਸ਼ਣ ਕਰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਸੱਚੇ ਰਾਜਾ ਭਾਵ ਪਰਮਾਤਮਾ ਦੀ ਭਗਤੀ ਕਰਨ ਦੀ ਸਿੱਖਿਆ ਦਿੱਤੀ। ਉਹਨਾਂ ਦੇ ਅਨੁਸਾਰ ਪਰਮਾਤਮਾ ਦੀ ਸੇਵਾ ਹੀ ਸੱਚੀ ਸੇਵਾ ਹੈ। ਉਹਨਾਂ ਦੇ ਅਨੁਸਾਰ ਪਰਮਾਤਮਾ ਸਰਬ-ਸ਼ਕਤੀਮਾਨ ਹੈ। ਉਹ ਇੱਕ ਪਲ ਵਿੱਚ ਰਾਜਾ ਨੂੰ ਰੰਕ ਅਤੇ ਰੰਕ ਨੂੰ ਰਾਜਾ ਬਣਾ ਦਿੰਦਾ ਹੈ।

#### ਕੀ ਤੁਸੀਂ ਜਾਣਦੇ ਹੋ?

**ਸ਼ਰੀਅਤ**- ਮੁਸਲਮਾਨਾਂ ਦੇ ਧਾਰਮਿਕ ਪਵਿੱਤਰ ਗ੍ਰੰਥ ਕੁਰਾਨ ਵਿੱਚ ਦੱਸੀ ਗਈ ਜੀਵਨ ਜਾਂਚ ਦੇ ਅਨੁਸਾਰ ਜੀਵਨ ਬਤੀਤ ਕਰਨ ਨੂੰ ਸ਼ਰੀਅਤ ਕਿਹਾ ਜਾਂਦਾ ਹੈ।

**ਜਜ਼ੀਆ**- ਇਹ ਇੱਕ ਵਿਸ਼ੇਸ਼ ਕਿਸਮ ਦਾ ਕਰ ਸੀ, ਜੋ ਮੁਗ਼ਲ ਸਰਕਾਰ ਵੱਲੋਂ ਗ਼ੈਰ ਮੁਸਲਿਮ ਲੋਕਾਂ ਤੇ ਇਸ ਲਈ ਲਗਾਇਆ ਜਾਂਦਾ ਸੀ ਕਿਉਂਕਿ ਮੁਗ਼ਲ ਸਰਕਾਰ ਨੇ ਉਹਨਾਂ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਲਈ ਹੋਈ ਸੀ ਪਰ ਹਿੰਦੂ ਇਹ ਕਰ ਦੇਣ ਵਿੱਚ ਆਪਣਾ ਅਪਮਾਨ ਸਮਝਦੇ ਸਨ।

**ਤੀਰਥ ਯਾਤਰਾ ਕਰ (ਟੈਕਸ)**- ਗ਼ੈਰ-ਮੁਸਲਮਾਨਾਂ ਨੂੰ ਆਪਣੇ ਤੀਰਥਾਂ ਦੀ ਯਾਤਰਾ ਕਰਨ ਲਈ ਯਾਤਰਾ ਕਰ ਦੇਣਾ ਪੈਂਦਾ ਸੀ।

**ਇਸਲਾਮ ਧਰਮ**- ਇਸਲਾਮ ਦੀ ਸਥਾਪਨਾ ਹਜ਼ਰਤ ਮੁਹੰਮਦ ਸਾਹਿਬ ਨੇ ਮੱਕਾ ਮਦੀਨਾ ਵਿੱਚ ਸੱਤਵੀਂ ਸਦੀ ਵਿੱਚ ਕੀਤੀ। ਪੰਜਾਬ ਵਿੱਚ ਹਿੰਦੂ ਧਰਮ ਤੋਂ ਬਾਅਦ ਇਸਲਾਮ ਦੂਜਾ ਵੱਡਾ ਧਰਮ ਸੀ। ਪੰਜਾਬ ਉੱਤੇ ਮੁਸਲਿਮ ਸ਼ਾਸਕਾਂ ਦਾ ਸ਼ਾਸਨ ਬਹੁਤ ਸਮੇਂ ਤੱਕ ਰਿਹਾ ਜਿਸ ਕਾਰਨ ਇਸਲਾਮ ਧਰਮ ਦਾ ਪ੍ਰਚਾਰ ਅਤੇ ਪ੍ਰਸਾਰ ਬਹੁਤ ਤੇਜ਼ੀ ਨਾਲ ਹੋਇਆ। ਇਸ ਧਰਮ ਦੇ ਦੋ ਮੁੱਖ ਸੰਪ੍ਰਦਾਇ ਸੁੰਨੀ ਅਤੇ ਸ਼ੀਆ ਸਨ। ਇਸਲਾਮ ਧਰਮ ਦੀ ਧਾਰਮਿਕ ਪੁਸਤਕ ਦਾ ਨਾਂ ਕੁਰਾਨ ਹੈ।

## ਸਮਾਜਿਕ ਅਤੇ ਧਾਰਮਿਕ ਅਵਸਥਾ :

16ਵੀਂ ਸਦੀ ਵਿੱਚ ਪੰਜਾਬ ਦੀ ਸਮਾਜਿਕ ਸਥਿਤੀ ਜ਼ਿਆਦਾ ਚੰਗੀ ਨਹੀਂ ਸੀ। ਸਮਾਜ ਦੋ ਮੁੱਖ ਵਰਗਾਂ–ਹਿੰਦੂ ਅਤੇ ਮੁਸਲਿਮ ਵਿੱਚ ਵੰਡਿਆ ਹੋਇਆ ਸੀ। ਮੁਸਲਮਾਨ, ਸ਼ਾਸਕ ਵਰਗ ਨਾਲ ਸੰਬੰਧ ਰੱਖਦੇ ਸਨ ਇਸ ਲਈ ਉਹਨਾਂ ਨੂੰ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਪੰਜਾਬ ਵਿੱਚ ਮੁਸਲਿਮ ਸਮਾਜ ਵਿਦੇਸ਼ਾਂ ਤੋਂ ਆਏ ਤੁਰਕ–ਅਫ਼ਗਾਨ ਅਤੇ ਧਰਮ–ਪਰਿਵਰਤਨ ਕਰਨ ਵਾਲ਼ੇ ਸਥਾਨਿਕ ਲੋਕਾਂ ਤੇ ਅਧਾਰਿਤ ਸੀ। ਧਰਮ–ਪਰਿਵਰਤਨ ਕਰਨ ਵਾਲ਼ਿਆਂ ਵਿੱਚ ਯੁੱਧ ਦੇ ਸਮੇਂ ਗ਼ੁਲਾਮ ਬਣਾਏ ਗਏ ਇਸਤਰੀ ਪੁਰਸ਼ ਬੱਚੇ ਅਤੇ ਸੂਫ਼ੀ–ਸੰਤਾਂ ਦੇ ਪ੍ਰਭਾਵ ਨਾਲ਼ ਇਸਲਾਮ ਧਰਮ ਕਬੂਲ ਕੀਤਾ।

ਸਾਖ਼ਰਤਾ ਕੇਵਲ ਨਗਰਾਂ ਤੱਕ ਹੀ ਸੀਮਤ ਸੀ ਜਿੱਥੇ ਵਿਦਵਾਨ ਲੋਕ ਰਹਿੰਦੇ ਸਨ। ਫ਼ਾਰਸੀ ਭਾਸ਼ਾ ਮੁਸਲਮਾਨ (ਉੱਚ) ਕੁਲੀਨ ਵਰਗ ਦੀ ਭਾਸ਼ਾ ਸੀ ਜਦਕਿ ਸੂਫ਼ੀ–ਸੰਤਾਂ ਦੇ ਪ੍ਰਭਾਵ ਕਾਰਨ ਲੋਕ–ਭਾਸ਼ਾ ਪੰਜਾਬੀ, ਸਾਹਿਤਕ ਰੂਪ ਧਾਰਨ ਕਰ ਰਹੀ ਸੀ। ਉਸ ਸਮੇਂ ਮੁਸਲਿਮ ਸਮਾਜ ਤਿੰਨ ਵਰਗਾਂ ਵਿੱਚ ਵੰਡਿਆ ਹੋਇਆ ਸੀ।

### ਕੀ ਤੁਸੀਂ ਜਾਣਦੇ ਹੋ?

- ਬਾਬਰ ਦਾ ਪੂਰਾ ਨਾਮ ਜ਼ਹੀਰ-ਉੱਦ-ਦੀਨ ਮੁਹੰਮਦ ਬਾਬਰ ਸੀ ਜੋ ਭਾਰਤ ਵਿੱਚ ਪਹਿਲਾਂ ਮੁਗ਼ਲ ਸਮਰਾਟ ਬਣਨ ਵਿੱਚ ਸਫ਼ਲ ਹੋਇਆ। ਬਾਬਰ ਦਾ ਦਾਦਕਾ ਘਰਾਣਾ ਤੈਮੂਰ ਅਤੇ ਨਾਨਕਾ ਘਰਾਣਾ ਚੰਗੇਜ਼ ਖਾਨ ਸੀ।
- ਬਾਬਰ ਦੀ ਆਤਮ ਕਥਾ ਤੁਜ਼ਕ–ਏ–ਬਾਬਰੀ (ਬਾਬਰ ਨਾਮਾ) ਤੁਰਕੀ ਭਾਸ਼ਾ ਵਿੱਚ ਲਿਖੀ ਗਈ।



ਜ਼ਹੀਰ-ਉੱਦ-ਦੀਨ ਮੁਹੰਮਦ ਬਾਬਰ

#### ਉੱਚ ਵਰਗ

ਉੱਚ ਵਰਗ-ਮੁਸਲਿਮ ਸਮਾਜ ਦੀ ਉੱਚ ਸ਼੍ਰੇਣੀ ਵਿੱਚ ਸਰਦਾਰ, ਅਮੀਰ ਖ਼ਾਨ, ਸ਼ੇਖ਼, ਮਲਿਕ, ਇਕਤਾਦਾਰ ਅਤੇ ਉਲਮਾ ਕਾਜ਼ੀ ਆਦਿ ਸ਼ਾਮਿਲ ਸਨ। ਸਰਕਾਰ ਦੇ ਉੱਚ ਅਹੁਦੇ ਦੇ ਅਧਿਕਾਰੀਆਂ ਨੂੰ ਖ਼ਾਨ ਮਲਿਕ ਅਮੀਰ ਕਿਹਾ ਜਾਂਦਾ ਸੀ। ਇਕਤਾਦਾਰ ਉਹਨਾਂ ਸਰਦਾਰਾਂ ਨੂੰ ਕਿਹਾ ਜਾਂਦਾ ਸੀ ਜਿਨ੍ਹਾਂ ਨੂੰ ਸਰਕਾਰ ਵੱਲੋਂ ਕੁਝ ਨਿਰਧਾਰਤ ਇਲਾਕੇ ਮਿਲੇ ਹੋਏ ਸਨ। ਸਮਾਜ ਵਿੱਚ ਉਹਨਾਂ ਦਾ ਜੀਵਨ ਉੱਚ-ਪੱਧਰ ਦਾ ਸੀ।

#### ਮੱਧ ਵਰਗ

ਮੱਧ ਵਰਗ- ਮੁਸਲਿਮ ਸਮਾਜ ਦੀ ਮੱਧ ਸ਼੍ਰੇਣੀ ਵਿੱਚ ਰੂੜ੍ਹੀਵਾਦੀ ਉਲੇਮਾ ਸੂਫ਼ੀ ਸ਼ੇਖ ਪੀਰ ਅਤੇ ਸੱਯਦ ਤੋਂ ਇਲਾਵਾ ਸੈਨਿਕ, ਕਿਸਾਨ, ਵਪਾਰੀ, ਵਿਦਵਾਨ ਅਤੇ ਲੇਖਕ ਆਦਿ ਸ਼ਾਮਿਲ ਸਨ। ਸਮਾਜ ਵਿੱਚ ਇਹਨਾਂ ਦਾ ਜੀਵਨ ਹੇਠਲੇ ਪੱਧਰ ਦਾ ਸੀ।

#### ਨਿਮਨ ਵਰਗ

ਨਿਮਨ ਵਰਗ-ਮੁਸਲਿਮ ਸਮਾਜ ਦੀ ਨਿਮਨ ਸ਼੍ਰੇਣੀ ਵਿੱਚ ਲੁਹਾਰ, ਤਰਖਾਣ, ਸੁਨਿਆਰ, ਮੋਚੀ, ਜੁਲਾਹੇ ਅਤੇ ਭਿਸ਼ਤੀ ਆਦਿ ਕਾਰੀਗਰ ਅਤੇ ਸ਼ਿਲਪਕਾਰਾਂ ਤੋਂ ਇਲਾਵਾ ਨੌਕਰ ਅਤੇ ਗ਼ੁਲਾਮ ਸ਼ਾਮਿਲ ਸਨ। ਸਭ ਤੋਂ ਹੇਠਲਾ ਪੱਧਰ ਗ਼ੁਲਾਮ ਵਰਗ ਦਾ ਸੀ। ਗ਼ੁਲਾਮਾਂ ਨੂੰ ਵੇਚਿਆ ਅਤੇ ਖਰੀਦਿਆ ਜਾਂਦਾ ਸੀ।

16ਵੀਂ ਸਦੀ ਵਿੱਚ ਤੁਰਕ–ਅਫ਼ਗਾਨਾਂ ਦੇ ਸ਼ਾਸਨ ਸੰਭਾਲ਼ਨ ਕਾਰਨ ਹਿੰਦੂ ਸਮਾਜ ਦੀ ਸਥਿਤੀ ਕਮਜ਼ੋਰ ਹੋ ਗਈ। ਰਾਜਪੂਤਾਂ ਦੇ ਸ਼ਕਤੀਹੀਨ ਹੋਣ ਕਾਰਨ ਵਰਨ–ਵਿਵਸਥਾ ਵਿੱਚ ਕਈ ਬਦਲਾਅ ਆਏ। ਵੈਦਿਕ ਕਾਲ ਤੋਂ ਹੀ ਹਿੰਦੂ ਸਮਾਜ ਚਾਰ ਵਰਣਾਂ- ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ ਵਿੱਚ ਵੰਡਿਆ ਹੋਇਆ ਸੀ। ਬ੍ਰਾਹਮਣਾਂ ਦੀ ਰਾਜਨੀਤਿਕ ਸਰਪ੍ਰਸਤੀ

ਖ਼ਤਮ ਹੋ ਗਈ ਸੀ। ਜ਼ਿਆਦਾਤਰ ਬ੍ਰਾਹਮਣ ਸਿੱਖਿਆ ਦੇਣ ਅਤੇ ਪੂਜਾ-ਪਾਠ ਦਾ ਕੰਮ ਛੱਡ ਕੇ ਹੋਰ ਕਾਰਜਾਂ ਵਿੱਚ ਲੱਗ ਗਏ। ਖੱਤਰੀ ਲੋਕਾਂ ਦਾ ਮੁੱਖ ਧੰਦਾ ਯੁੱਧ ਕਰਨਾ ਸੀ ਪਰ ਹੁਣ ਉਹ ਬਦਲਦੇ ਹਾਲਾਤਾਂ ਕਾਰਨ ਯੁੱਧ ਕਰਨਾ ਛੱਡ ਕੇ ਵਪਾਰ ਅਤੇ ਹੋਰ ਕਿੱਤਿਆਂ ਵਿੱਚ ਲੱਗ ਗਏ। ਵੈਸ਼ ਵਰਗ ਦੇ ਲੋਕ ਹਮੇਸ਼ਾਂ ਤੋਂ ਹੀ ਸ਼ਾਹੂਕਾਰੀ ਵਪਾਰ ਅਤੇ ਖੇਤੀਬਾੜੀ ਕਰਨ ਵਾਲੇ ਸਨ। ਬ੍ਰਾਹਮਣਾਂ ਅਤੇ ਖੱਤਰੀਆਂ ਦਾ ਪ੍ਰਭਾਵ ਘੱਟ ਹੋਣ ਕਾਰਨ ਸ਼ੂਦਰ ਵੀ ਕੁਝ ਹੱਦ ਤੱਕ ਵਰਨ-ਵਿਵਸਥਾ ਤੋਂ ਮੁਕਤ ਹੋ ਕੇ ਹੋਰ ਕੰਮ-ਧੰਦੇ ਕਰਨ ਲੱਗੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਉਸ ਸਮੇਂ ਦੀ ਸਮਾਜਿਕ ਅਤੇ ਆਰਥਿਕ ਅਵਸਥਾ ਦਾ ਚਿੱਤਰਣ ਕਰਦੀ ਹੈ। ਉਹਨਾਂ ਅਨੁਸਾਰ ਬ੍ਰਾਹਮਣ ਵਰਗ ਸ਼ਾਸਕ-ਵਰਗ ਦੀ ਪ੍ਰਸ਼ੰਸਾ ਕਰਕੇ ਆਪਣੀ ਰੋਜ਼ੀ-ਰੋਟੀ ਕਮਾ ਰਿਹਾ ਸੀ ਅਤੇ ਖੱਤਰੀਆਂ ਨੇ ਸ਼ਾਸਕ-ਵਰਗ ਦਾ ਆਚਰਨ ਅਪਣਾ ਲਿਆ ਸੀ ਦੋਵੇਂ ਵਰਗ ਹੀ ਆਪਣਾ ਅਸਲ ਧਰਮ ਵਿਸਾਰ ਚੁੱਕੇ ਸਨ। ਉਹਨਾਂ ਦਾ ਵਿਸ਼ਵਾਸ ਸੀ ਕਿ ਸਾਰੇ ਮਨੁੱਖ ਇੱਕ ਹੀ ਪਰਮਾਤਮਾ ਦੀ ਸੰਤਾਨ ਹਨ। ਪਰਮਾਤਮਾ ਦੀ ਨਜ਼ਰ ਵਿੱਚ ਜਨਮ ਤੋਂ ਕੋਈ ਵੀ ਉੱਤਮ ਜਾਂ ਨੀਚ ਨਹੀਂ ਹੈ। ਪਰਮਾਤਮਾ ਦੀ ਆਪਣੀ ਕੋਈ ਜਾਤ ਨਹੀਂ ਹੈ। ਸੱਚਾ ਬ੍ਰਾਹਮਣ ਉਹ ਹੈ ਜੋ ਆਪਣੇ ਆਚਰਨ ਅਤੇ ਕੰਮਾਂ ਨਾਲ ਆਪਣੇ ਆਪ ਨੂੰ ਅਤੇ ਲੋਕਾਂ ਨੂੰ ਪਾਪਾਂ ਤੋਂ ਮੁਕਤ ਕਰ ਸਕੇ। ਸੱਚਾ ਖੱਤਰੀ ਉਹ ਹੈ ਜੋ ਲੋਕਾਂ ਨੂੰ ਜ਼ੁਲਮਾਂ ਤੋਂ ਬਚਾ ਸਕੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਵਰਣਾਂ ਤੋਂ ਉੱਪਰ ਉੱਠ ਕੇ ਧਰਮ ਦੇ ਰਾਹ ਤੇ ਚੱਲਣ ਦਾ ਉਪਦੇਸ਼ ਦਿੱਤਾ ਉਨ੍ਹਾਂ ਦੇ ਅਨੁਸਾਰ ਬ੍ਰਾਹਮਣਾਂ ਅਤੇ ਖੱਤਰੀਆਂ ਦਾ ਸ਼ੂਦਰਾਂ ਨਾਲ ਭੇਦਭਾਵ ਪੁਰਸ਼ ਦੁਆਰਾ ਇਸਤਰੀ ਪ੍ਰਤੀ ਭੇਦਭਾਵਪੂਰਨ ਵਿਵਹਾਰ ਆਦਿ ਕੁਰੀਤਿਆਂ ਨੂੰ ਸਮਾਪਤ ਕਰਕੇ ਹੀ ਸੱਚੇ ਗਿਆਨ ਦੀ ਪ੍ਰਾਪਤੀ ਸੰਭਵ ਹੈ।

**ਮੁਸਲਿਮ ਸਮਾਜ ਵਿੱਚ ਇਸਤਰੀਆਂ ਦੀ ਸਥਿਤੀ-** ਮੁਸਲਿਮ ਸਮਾਜ ਵਿੱਚ ਸਿਰਫ਼ ਉੱਚ-ਵਰਗ ਦੀਆਂ ਇਸਤਰੀਆਂ ਦੀ ਹਾਲਤ ਕੁਝ ਚੰਗੀ ਸੀ ਪਰੰਤੂ ਬਾਕੀ ਵਰਗਾਂ ਦੀਆਂ ਇਸਤਰੀਆਂ ਦੀ ਹਾਲਤ ਮਾੜੀ ਸੀ। ਇਸਤਰੀਆਂ ਨੂੰ ਘਰ ਦੀ ਚਾਰ-ਦੀਵਾਰੀ ਵਿੱਚ ਰੱਖਿਆ ਜਾਂਦਾ ਸੀ। ਇਸਤਰੀਆਂ ਬੁਰਕਾ ਪਾਉਂਦੀਆਂ ਸਨ। ਉਹਨਾਂ ਨੂੰ ਪੜ੍ਹਨ ਦਾ ਅਧਿਕਾਰ ਨਹੀਂ ਸੀ। ਕਿਸੇ ਵੀ ਤਰ੍ਹਾਂ ਦੇ ਫੈਸਲੇ ਵਿੱਚ ਉਨ੍ਹਾਂ ਦੀ ਸਲਾਹ ਜ਼ਰੂਰੀ ਨਹੀਂ ਸਮਝੀ ਜਾਂਦੀ ਸੀ। ਅਮੀਰ ਲੋਕ ਕਈ ਇਸਤਰੀਆਂ ਨਾਲ ਵਿਆਹ ਕਰਦੇ ਸਨ। ਇਸਤਰੀਆਂ ਨੂੰ ਖਰੀਦਿਆ ਅਤੇ ਵੇਚਿਆ ਜਾਂਦਾ ਸੀ। ਤਲਾਕ ਦੀ ਪ੍ਰਥਾ ਵੀ ਪ੍ਰਚਲਤ ਸੀ।

**ਹਿੰਦੂ ਸਮਾਜ ਵਿੱਚ ਇਸਤਰੀਆਂ ਦੀ ਸਥਿਤੀ-** ਹਿੰਦੂ ਸਮਾਜ ਵਿੱਚ ਵੀ ਇਸਤਰੀਆਂ ਦੀ ਸਥਿਤੀ ਜ਼ਿਆਦਾ ਚੰਗੀ ਨਹੀਂ ਸੀ। ਜਨਮ ਲੈਂਦੇ ਹੀ ਕੁੜੀਆਂ ਦੀ ਹੱਤਿਆ ਕਰ ਦਿੱਤੀ ਜਾਂਦੀ ਸੀ। ਬਾਲ-ਵਿਆਹ ਦੀ ਪ੍ਰਥਾ ਪ੍ਰਚਲਤ ਹੋਣ ਕਾਰਨ ਛੋਟੀ ਉਮਰ ਵਿੱਚ ਹੀ ਵਿਆਹ ਕਰ ਦਿੱਤਾ ਜਾਂਦਾ ਸੀ। ਉਸ ਸਮੇਂ ਸਤੀ-ਪ੍ਰਥਾ ਵੀ ਪ੍ਰਚਲਤ ਸੀ। ਜੇਕਰ ਕਿਸੇ ਵਿਆਹੁਤਾ ਇਸਤਰੀ ਦਾ ਪਤੀ ਮਰ ਜਾਂਦਾ ਸੀ ਤਾਂ ਉਸ ਇਸਤਰੀ ਨੂੰ ਪਤੀ ਦੀ ਚਿਤਾ ਦੇ ਨਾਲ ਹੀ ਸਾੜ ਦਿੱਤਾ ਜਾਂਦਾ ਸੀ। ਇਸਤਰੀਆਂ ਘਰ ਦੀ ਚਾਰ-ਦੀਵਾਰੀ ਵਿੱਚ ਰਹਿੰਦੀਆਂ ਸਨ। ਉਹਨਾਂ ਨੂੰ ਪੜ੍ਹਨ-ਲਿਖਣ ਦਾ ਅਧਿਕਾਰ ਨਹੀਂ ਸੀ।

ਗੁਰੂ ਜੀ ਨੇ ਇਸਤਰੀਆਂ 'ਤੇ ਹੋਣ ਵਾਲੇ ਅੱਤਿਆਚਾਰਾਂ ਦਾ ਵਿਰੋਧ ਕੀਤਾ ਅਤੇ ਇਸਤਰੀਆਂ ਨੂੰ ਸਨਮਾਨ ਦੇਣ ਦਾ ਪ੍ਰਚਾਰ ਕੀਤਾ। ਇਸ ਲਈ ਗੁਰੂ ਜੀ ਨੇ ਇਸਤਰੀਆਂ ਨੂੰ ਸੰਗਤ ਅਤੇ ਪੰਗਤ ਵਿੱਚ ਸ਼ਾਮਿਲ ਕੀਤਾ। ਗੁਰੂ ਜੀ ਨੇ ਆਪਣੀ ਬਾਣੀ ਵਿੱਚ ਫਰਮਾਇਆ ਹੈ- 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥



**ਇਸਤਰੀ ਲੰਗਰ ਵਰਤਾਉਂਦੀ ਹੋਈ**

16ਵੀਂ ਸਦੀ ਵਿੱਚ ਹਿੰਦੂ ਧਰਮ ਪੰਜਾਬ ਦਾ ਮੁੱਖ ਧਰਮ ਸੀ। ਵੇਦ, ਰਮਾਇਣ, ਮਹਾਂਭਾਰਤ, ਉਪਨਿਸ਼ਦ ਅਤੇ ਗੀਤਾ ਆਦਿ 'ਤੇ ਅਧਾਰਿਤ ਸਿੱਖਿਆਵਾਂ ਪ੍ਰਚਲਤ ਸਨ। ਹਿੰਦੂ ਧਰਮ ਕਈ ਸੰਪਰਦਾਵਾਂ ਵਿੱਚ ਵੰਡਿਆ ਹੋਇਆ ਸੀ।

1. **ਵੈਸ਼ਨਵ ਮਤ**- ਇਸ ਮਤ ਨੂੰ ਮੰਨਣ ਵਾਲ਼ੇ ਲੋਕ ਵਿਸ਼ਨੂੰ ਅਤੇ ਉਹਨਾਂ ਦੇ ਅਵਤਾਰ ਰਾਮ ਕ੍ਰਿਸ਼ਨ ਆਦਿ ਦੀ ਪੂਜਾ ਕਰਦੇ ਸਨ। ਇਹ ਲੋਕ ਸ਼ੁੱਧ ਸ਼ਾਕਾਹਾਰੀ ਸਨ।
2. **ਸ਼ੈਵ ਮਤ**- ਸ਼ੈਵ ਮਤ ਨੂੰ ਮੰਨਣ ਵਾਲ਼ੇ ਸ਼ਿਵ ਜੀ ਦੇ ਭਗਤ ਸਨ। ਉਹ ਜ਼ਿਆਦਾਤਰ ਸੰਨਿਆਸੀ ਸਨ। ਜਿਨ੍ਹਾਂ ਵਿੱਚ ਗੋਰਖਪੰਥੀ ਨਾਥਪੰਥੀ ਅਤੇ ਕੰਨ-ਫਟੇ ਜੋਗੀ ਸਨ।
3. **ਸ਼ਾਕਤ ਮਤ**- ਇਸ ਮਤ ਨੂੰ ਮੰਨਣ ਵਾਲ਼ੇ ਲੋਕ ਕਾਲੀ ਅਤੇ ਦੁਰਗਾ ਮਾਤਾ ਨੂੰ ਸ਼ਕਤੀ ਦਾ ਰੂਪ ਮੰਨ ਕੇ ਪੂਜਾ ਕਰਦੇ ਸਨ। ਇਹ ਲੋਕ ਪੂਜਾ ਲਈ ਜਾਨਵਰਾਂ ਦੀ ਬਲੀ ਵੀ ਦਿੰਦੇ ਸਨ।

ਬਹੁਤ ਸਾਰੇ ਲੋਕ ਜਾਦੂ-ਟੂਣਿਆਂ ਵਿੱਚ ਵਿਸ਼ਵਾਸ ਕਰਦੇ ਸਨ। ਕੁਝ ਲੋਕ ਪਿੱਤਰਾਂ ਅਤੇ ਸਥਾਨਕ ਦੇਵੀ-ਦੇਵਤਿਆਂ ਜਿਵੇਂ ਗੁੱਗਾ ਪੀਰ ਅਤੇ ਸ਼ੀਤਲਾ ਮਾਤਾ ਆਦਿ ਦੀ ਪੂਜਾ ਵੀ ਕਰਦੇ ਸਨ। ਸਾਰੇ ਗ਼ੈਰ-ਮੁਸਲਮਾਨ ਹਿੰਦੂ ਨਹੀਂ ਸਨ। ਇਸ ਤੋਂ ਇਲਾਵਾ ਉਸ ਸਮੇ ਪੰਜਾਬ ਦੇ ਪਹਾੜੀ ਖੇਤਰਾਂ ਵਿੱਚ ਬੁੱਧ ਅਤੇ ਮੈਦਾਨੀ ਭਾਗਾਂ ਵਿੱਚ ਜੈਨ-ਧਰਮ ਨੂੰ ਮੰਨਣ ਵਾਲ਼ੇ ਲੋਕ ਵੀ ਰਹਿੰਦੇ ਸਨ ਜਿਹੜੇ ਅਹਿੰਸਾ ਵਿੱਚ ਵਿਸ਼ਵਾਸ ਰੱਖਦੇ ਸਨ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਮਾਤਮਾ ਸੰਬੰਧੀ ਵਿਚਾਰ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਸਿੱਖਿਆਵਾਂ ਦਾ ਪ੍ਰਚਾਰ ਆਮ ਲੋਕਾਂ ਦੀ ਭਾਸ਼ਾ ਵਿੱਚ ਕੀਤਾ। ਗੁਰੂ ਜੀ ਦੀਆਂ ਰਚਨਾਵਾਂ ਦਾ ਅਧਿਐਨ ਕਰਨ ਤੋਂ ਬਾਅਦ ਉਹਨਾਂ ਦੀਆਂ ਸਿੱਖਿਆਵਾਂ ਬਾਰੇ ਕਾਫੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ।

1) **ਪਰਮਾਤਮਾ ਇੱਕ ਹੈ** - ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨੁਸਾਰ, **ਪਰਮਾਤਮਾ** ਇੱਕ ਹੈ ਅਤੇ ਸਾਰੇ ਮਨੁੱਖ ਇੱਕ ਹੀ **ਪਰਮਾਤਮਾ** ਦੀ ਸੰਤਾਨ ਹਨ।
2) **ਪਰਮਾਤਮਾ ਨਿਰਾਕਾਰ ਹੈ** - ਗੁਰੂ ਜੀ ਅਨੁਸਾਰ **ਪਰਮਾਤਮਾ** ਦਾ ਕੋਈ ਰੰਗ-ਰੂਪ ਜਾਂ ਅਕਾਰ ਨਹੀਂ ਹੈ। ਉਹ ਨਿਰਾਕਾਰ ਹੈ। ਇਸੇ ਲਈ ਹੀ ਗੁਰੂ ਜੀ ਮੂਰਤੀ ਪੂਜਾ ਦੇ ਸਖ਼ਤ ਵਿਰੋਧੀ ਸਨ।
3) **ਪਰਮਾਤਮਾ ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪੀ ਹੈ** - ਗੁਰੂ ਜੀ ਅਨੁਸਾਰ **ਪਰਮਾਤਮਾ** ਸਰਬ-ਸ਼ਕਤੀਮਾਨ ਅਤੇ ਸਰਬ-ਵਿਆਪਕ ਹੈ। ਉਹ ਬੇਅੰਤ ਸ਼ਕਤੀਆਂ ਦਾ ਮਾਲਕ ਹੈ।
4) **ਪਰਮਾਤਮਾ ਸਦਾ ਰਹਿਣ ਵਾਲ਼ਾ ਹੈ** - ਗੁਰੂ ਜੀ ਅਨੁਸਾਰ ਪਰਮਾਤਮਾ ਚਿਰਸਥਾਈ ਹੈ, ਜਦਕਿ ਸੰਸਾਰ ਨਾਸ਼ਵਾਨ ਹੈ।
5) **ਪਰਮਾਤਮਾ ਦੇ ਹੁਕਮ ਦਾ ਮਹੱਤਵ**- ਗੁਰੂ ਜੀ ਅਨੁਸਾਰ ਮਨੁੱਖ ਨੂੰ **ਪਰਮਾਤਮਾ** ਦੇ ਹੁਕਮ ਜਾਂ ਰਜ਼ਾ ਵਿੱਚ ਰਹਿਣਾ ਚਾਹੀਦਾ ਹੈ। ਜੋ **ਪਰਮਾਤਮਾ** ਦੇ ਭਾਣੇ ਅਨੁਸਾਰ ਨਹੀਂ ਹੈ, ਉਹ ਸਭ ਝੂਠ ਹੈ।
6) **ਪਰਮਾਤਮਾ ਦੀ ਨਦਰਿ ਜਾਂ ਮਿਹਰ** - ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਉਪਦੇਸ਼ ਦਿੱਤਾ ਕਿ **ਪਰਮਾਤਮਾ** ਦੀ ਨਦਰਿ, ਮਿਹਰ, ਦਯਾ, ਬਖਸ਼ਿਸ਼ ਪ੍ਰਾਪਤ ਕਰਨ ਲਈ ਉਸਦਾ ਸਿਮਰਨ ਕਰਨਾ ਚਾਹੀਦਾ ਹੈ।
7) **ਪਰਮਾਤਮਾ ਦੀ ਮਹਾਨਤਾ** - ਗੁਰੂ ਜੀ ਅਨੁਸਾਰ **ਪਰਮਾਤਮਾ** ਸਭ ਤੋਂ ਮਹਾਨ ਹੈ। ਉਸਦੀ ਮਹਾਨਤਾ ਦਾ ਵਰਣਨ ਕਰਨਾ ਸੰਭਵ ਨਹੀਂ।


## ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿੱਚ

1521 ਈ. ਵਿੱਚ ਸੁਲਤਾਨਪੁਰ ਲੋਧੀ ਵਾਪਸ ਆਉਣ ਤੋਂ ਬਾਅਦ ਗੁਰੂ ਜੀ ਨੇ ਪੰਜਾਬ ਦੇ ਵੱਖ-ਵੱਖ ਨੇੜਲੇ ਇਲਾਕਿਆਂ ਦੀ ਯਾਤਰਾ ਕੀਤੀ। 1522 ਈ. ਵਿੱਚ ਉਹਨਾਂ ਨੇ ਰਾਵੀ ਨਦੀ ਦੇ ਕੰਢੇ ਕਰਤਾਰਪੁਰ ਨਗਰ ਵਸਾਇਆ। ਇੱਥੇ ਉਹਨਾਂ ਨੇ ਆਪਣੇ ਜੀਵਨ ਦੇ ਆਖ਼ਰੀ ਲਗਪਗ 18 ਸਾਲ ਆਪਣੇ ਪਰਿਵਾਰ ਨਾਲ਼ ਬਤੀਤ ਕੀਤੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿੱਚ ਇੱਕ ਕਿਸਾਨ ਦੇ ਰੂਪ ਵਿੱਚ ਖੇਤੀਬਾੜੀ ਕਰਕੇ ਆਦਰਸ਼ ਗ੍ਰਿਹਸਥ ਜੀਵਨ ਬਤੀਤ ਕੀਤਾ। ਉਹਨਾਂ ਨੇ

ਲੋਕਾਂ ਨੂੰ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦਾ ਸੰਦੇਸ਼ ਦਿੱਤਾ। ਉਹਨਾਂ ਦੀਆਂ ਸਿੱਖਿਆਵਾਂ ਉਹਨਾਂ ਦੇ ਆਪਣੇ ਵਿਹਾਰਿਕ ਜੀਵਨ ਦੀਆਂ ਹੀ ਉਦਾਹਰਣਾਂ ਹਨ।

ਉਹਨਾਂ ਨੇ ਆਪਣੇ ਪਿਆਰੇ ਸਿੱਖ ਭਾਈ ਲਹਿਣਾ ਨੂੰ ਗਲ਼ ਨਾਲ਼ ਲਾ ਕੇ ਅੰਗਦ ਦਾ ਨਾਂ ਦੇ ਕੇ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ। ਭਾਈ ਲਹਿਣਾ ਸਿੱਖਾਂ ਦੇ ਦੂਸਰੇ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਨਾਂ ਨਾਲ਼ ਪ੍ਰਸਿੱਧ ਹੋਏ। 22 ਸਤੰਬਰ, 1539 ਈ. ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਵਿਖੇ ਜੋਤੀ-ਜੋਤ ਸਮਾ ਗਏ। ਉਹਨਾਂ ਨੂੰ ਸ੍ਰੀ ਗੁਰੂ ਨਾਨਕ, ਸ਼ਾਹ ਫ਼ਕੀਰ, ਹਿੰਦੂਆਂ ਦਾ ਗੁਰੂ ਅਤੇ ਮੁਸਲਮਾਨਾਂ ਦਾ ਪੀਰ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਸ਼ਵ-ਇਤਿਹਾਸ ਵਿੱਚ ਉੱਚਾ ਸਥਾਨ ਹੈ। ਉਹਨਾਂ ਨੇ ਆਪਣੀਆਂ ਸਿੱਖਿਆਵਾਂ ਰਾਹੀਂ ਸਾਰੀ ਮਨੁੱਖ ਜਾਤੀ ਦੇ ਕਲਿਆਣ ਦਾ ਰਾਹ ਤਿਆਰ ਕੀਤਾ। ਉਹਨਾਂ ਨੇ ਵਿਸ਼ਵ ਭਾਈਚਾਰੇ ਵਿੱਚ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ। ਉਹਨਾਂ ਦੀਆਂ ਸਿੱਖਿਆਵਾਂ ਸਿੱਖ ਧਰਮ ਦਾ ਮੂਲ ਅਧਾਰ ਹਨ।



ਖੇਤੀ ਕਰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਕੇਤਕ ਚਿੱਤਰ

### ਕੀ ਤੁਸੀਂ ਜਾਣਦੇ ਹੋ?

**ਗੁਰੂ ਜੀ ਦੀ ਬਾਣੀ**-ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਾਰ ਮਲਹਾਰ, ਵਾਰ, ਮਾਝ, ਵਾਰ ਆਸਾ, ਜਪੁ ਜੀ ਸਾਹਿਬ, ਓਂਕਾਰ ਪੱਟੀ, ਥਿੱਤ, ਬਾਰਾਂਮਾਹ ਆਦਿ ਬਾਣੀਆਂ ਦੀ ਰਚਨਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਜੀ ਦੇ 974 ਸ਼ਬਦ, 19 ਰਾਗਾਂ ਵਿੱਚ ਦਰਜ ਹਨ।



### ਯਾਦ ਰੱਖਣ ਯੋਗ ਗੱਲਾਂ

- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈ. ਵਿੱਚ ਰਾਇ ਭੋਇ ਦੀ ਤਲਵੰਡੀ ਪਿੰਡ ਵਿੱਚ ਹੋਇਆ।
- ਰਾਇ ਭੋਇ ਦੀ ਤਲਵੰਡੀ ਪਿੰਡ ਅੱਜਕੱਲ੍ਹ ਪਾਕਿਸਤਾਨ ਵਿੱਚ ਸਥਿਤ ਹੈ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ।
- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਦਾ ਨਾਂ ਮਹਿਤਾ ਕਾਲੂ ਜੀ ਅਤੇ ਮਾਤਾ ਦਾ ਨਾਂ ਤ੍ਰਿਪਤਾ ਸੀ।
- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਸ੍ਰੀ ਮੂਲਚੰਦ ਦੀ ਪੁੱਤਰੀ ਬੀਬੀ ਸੁਲੱਖਣੀ ਜੀ ਨਾਲ਼ ਹੋਇਆ।
- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋ ਪੁੱਤਰ ਸਨ- ਸ੍ਰੀਚੰਦ ਅਤੇ ਲੱਖਮੀ ਦਾਸ।
- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਮੁੱਖ ਘਟਨਾਵਾਂ-ਜਨੇਊ ਦੀ ਰਸਮ, ਸੱਚਾ ਸੌਦਾ, ਮੋਦੀਖ਼ਾਨੇ ਦੀ ਘਟਨਾ ਅਤੇ ਗਿਆਨ ਦੀ ਪ੍ਰਾਪਤੀ।
- 16ਵੀਂ ਸਦੀ ਦੌਰਾਨ ਪੰਜਾਬ ਵਿੱਚ ਰਾਜਨੀਤਿਕ ਅਸਥਿਰਤਾ ਅਤੇ ਅਰਾਜਕਤਾ ਫੈਲੀ ਹੋਈ ਸੀ।
- 16ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਤੇ ਲੋਧੀ ਸ਼ਾਸਕਾਂ ਦਾ ਸ਼ਾਸਨ ਸੀ।
- ਬਹਿਲੋਲ ਲੋਧੀ ਨੇ 1451-1489 ਈ. ਤੱਕ ਰਾਜ ਕੀਤਾ।
- ਸਿਕੰਦਰ ਲੋਧੀ ਨੇ 1489-1517 ਈ. ਤੱਕ ਰਾਜ ਕੀਤਾ।
- ਇਬਰਾਹਿਮ ਲੋਧੀ ਨੇ 1517-1526 ਈ. ਤੱਕ ਰਾਜ ਕੀਤਾ।
- ਦੌਲਤ ਖਾਂ ਲੋਧੀ ਨੇ 1500-1525 ਈ. ਤੱਕ ਲਾਹੌਰ ਤੇ ਰਾਜ ਕੀਤਾ।
- ਬਾਬਰ ਦਾ ਪੂਰਾ ਨਾਂ ਜ਼ਹੀਰ-ਉਦ-ਦੀਨ ਮੁਹੰਮਦ ਬਾਬਰ ਸੀ।

**ਮਹੱਤਵਪੂਰਨ ਮਿਤੀਆਂ**

- ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ - 1469 ਈ.
- ਸੁਲਤਾਨਪੁਰ ਵਿਖੇ ਵੇਂਈ ਨਦੀ ਦੇ ਆਲੇ ਦੁਆਲੇ ਜੰਗਲਾਂ ਵਿੱਚ ਗਿਆਨ ਦੀ ਪ੍ਰਾਪਤੀ-1499 ਈ
- ਪਹਿਲੀ ਉਦਾਸੀ (1499 ਈ. -1510 ਈ.)
- ਦੂਜੀ ਉਦਾਸੀ (1510 ਈ. ਤੋਂ -1515 ਈ.)
- ਤੀਜੀ ਉਦਾਸੀ (1515 ਈ. ਤੋਂ -1517 ਈ.)
- ਚੌਥੀ ਉਦਾਸੀ (1517 ਈ. ਤੋਂ -1521 ਈ.)
- 1522 ਈ. ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਵੀ ਨਦੀ ਦੇ ਕੰਢੇ ਕਰਤਾਰਪੁਰ ਨਗਰ ਵਸਾਇਆ।
- ਪਾਣੀਪਤ ਦੀ ਪਹਿਲੀ ਲੜਾਈ 1526 ਈ. ਵਿੱਚ ਹੋਈ।
- 22 ਸਤੰਬਰ, 1539 ਈ. ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰ ਪੁਰ ਵਿਖੇ ਜੋਤੀ-ਜੋਤ ਸਮਾ ਗਏ।

# ਅਭਿਆਸ

## 1. ਵਸਤੂਨਿਸ਼ਠ ਪ੍ਰਸ਼ਨ

### (ੳ) ਬਹੁ ਵਿਕਲਪੀ ਪ੍ਰਸ਼ਨ -

1. ਲੇਖਕ ਮੁਸਲਿਮ ਸਮਾਜ ਦੇ ਕਿਹੜੇ ਵਰਗ ਵਿੱਚ ਆਉਂਦੇ ਸਨ?
   ੳ) ਉੱਚ ਵਰਗ  ਅ) ਮੱਧ ਵਰਗ
   ੲ) ਨਿਮਨ ਵਰਗ  ਸ) ਕੋਈ ਵੀ ਨਹੀਂ
2. ਦੇਵੀ ਦੁਰਗਾ ਦੀ ਪੂਜਾ ਕਰਨ ਵਾਲ਼ਿਆਂ ਨੂੰ ਕੀ ਕਿਹਾ ਜਾਂਦਾ ਸੀ?
   ੳ) ਵੈਸ਼ਨਵ  ਅ) ਸ਼ੈਵ
   ੲ) ਸ਼ਾਕਤ  ਸ) ਸੁੰਨੀ
3. ਜਜ਼ੀਆ ਕੀ ਹੈ?
   ੳ) ਧਰਮ  ਅ) ਧਾਰਮਿਕ ਕਰ
   ੲ) ਪ੍ਰਥਾ  ਸ) ਗਹਿਣਾ
4. ਉਲਮਾ ਕੌਣ ਸਨ?
   ੳ) ਮਜ਼ਦੂਰ  ਅ) ਹਿੰਦੂ ਧਾਰਮਿਕ ਨੇਤਾ
   ੲ) ਮੁਸਲਿਮ ਧਾਰਮਿਕ ਨੇਤਾ  ਸ) ਕੋਈ ਵੀ ਨਹੀਂ
5. ਸੱਚਾ ਸੌਦਾ ਦੀ ਘਟਨਾ ਕਿੱਥੇ ਘਟੀ?
   ੳ) ਚੂਹੜਕਾਨੇ  ਅ) ਰਾਇ ਭੋਇ
   ੲ) ਹਰਿਦੁਆਰ  ਸ) ਸੱਯਦਪੁਰ

### (ਅ) ਖ਼ਾਲੀ ਥਾਵਾਂ ਭਰੋ:

1. ਮੁਸਲਮਾਨਾਂ ਦੀਆਂ ਸੁੰਨੀ ਅਤੇ...................... ਦੋ ਮੁੱਖ ਸੰਪਰਦਾਵਾਂ ਸਨ।
2. ..............ਨੂੰ ਮੰਨਣ ਵਾਲੇ ਲੋਕ ਵਿਸ਼ਨੂੰ ਦੀ ਪੂਜਾ ਕਰਦੇ ਸਨ।
3. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਉਦੇਸ਼ ..............ਦਾ ਕਲਿਆਣ ਸੀ।
4. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿੱਚ ................ਦਾ ਸੰਦੇਸ਼ ਦਿੱਤਾ।
5. ਸੁਲਤਾਨਪੁਰ ਵਿੱਚ ਰਹਿੰਦਿਆਂ ਗੁਰੂ ਜੀ ਰੋਜ਼......... .............ਨਦੀ ਵਿੱਚ ਇਸ਼ਨਾਨ ਕਰਨ ਜਾਂਦੇ ਸਨ।

### (ੲ) ਸਹੀ ਮਿਲਾਣ ਕਰੋ:

| ੳ | ਅ |
|---|---|
| 1. ਪਾਣੀਪਤ ਦੀ ਪਹਿਲੀ ਲੜਾਈ | 1. ਚੂਹੜਕਾਨਾ |
| 2. ਸੱਚਾ ਸੌਦਾ | 2. 1526 ਈ. |
| 3. ਸ੍ਰੀ ਗੁਰੂ ਅੰਗਦ ਦੇਵ ਜੀ | 3. ਤਲਵੰਡੀ |
| 4. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ | 4. ਭਾਈ ਲਹਿਣਾ |

### (ਸ) ਅੰਤਰ ਦੱਸੋ-

1. ਮੁਸਲਿਮ ਉੱਚ ਵਰਗ ਅਤੇ ਮੁਸਲਿਮ ਮੱਧ ਵਰਗ
2. ਵੈਸ਼ਨਵ ਮਤ ਅਤੇ ਸ਼ੈਵ ਮਤ

## 2. ਬਹੁਤ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ

1. ਲੋਧੀ ਵੰਸ਼ ਦਾ ਆਖ਼ਰੀ ਸ਼ਾਸਕ ਕੌਣ ਸੀ?
2. ਬਾਬਰ ਨੂੰ ਪੰਜਾਬ 'ਤੇ ਹਮਲਾ ਕਰਨ ਲਈ ਕਿਸ ਨੇ ਸੁਨੇਹਾ ਭੇਜਿਆ?
3. ਲੋਧੀਕਾਲ ਵਿੱਚ ਕਿਹੜੇ ਧਾਰਮਿਕ ਨੇਤਾਵਾਂ ਨੂੰ ਰਾਜਨੀਤਿਕ ਸਰਪ੍ਰਸਤੀ ਹਾਸਿਲ ਸੀ?
4. ਜਜ਼ੀਆ ਤੋਂ ਕੀ ਭਾਵ ਹੈ?
5. ਤੀਰਥ-ਯਾਤਰਾ ਕਰ ਤੋਂ ਕੀ ਭਾਵ ਹੈ?
6. ਪਾਣੀਪਤ ਦੀ ਪਹਿਲੀ ਲੜਾਈ ਕਦੋਂ ਅਤੇ ਕਿੰਨ੍ਹਾਂ ਵਿਚਕਾਰ ਹੋਈ?
7. ਮੁਸਲਿਮ ਧਰਮ ਦੇ ਦੋ ਮੁੱਖ ਸੰਪਰਦਾਇ ਕਿਹੜੇ ਸਨ?
8. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?
9. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਤਾ-ਪਿਤਾ ਦਾ ਨਾਮ ਦੱਸੋ।
10. ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਕੋਈ ਦੋ ਪ੍ਰਮੁੱਖ ਬਾਣੀਆਂ ਦਾ ਨਾਂ ਦੱਸੋ।
11. ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਯਾਤਰਾਵਾਂ ਨੂੰ ਕੀ ਕਿਹਾ ਜਾਂਦਾ ਹੈ?

## 3. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ

1. 16ਵੀਂ ਸਦੀ ਦੇ ਅਰੰਭ ਵਿੱਚ ਔਰਤਾਂ ਦੀ ਸਥਿਤੀ ਬਾਰੇ ਨੋਟ ਲਿਖੋ।
2. ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਬਾਰੇ ਤੁਸੀਂ ਕੀ ਜਾਣਦੇ ਹੋ? ਨੋਟ ਲਿਖੋ।
3. ਲੋਧੀਕਾਲ ਵਿੱਚ ਮੱਧ ਵਰਗ 'ਤੇ ਨੋਟ ਲਿਖੋ।
4. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹੜੇ ਰੀਤੀ-ਰਿਵਾਜ਼ਾਂ ਦਾ ਖੰਡਨ ਕੀਤਾ?
5. ਲੋਧੀਕਾਲ ਵਿੱਚ ਮੁਸਲਿਮ ਵਰਗ 'ਤੇ ਨੋਟ ਲਿਖੋ।

## 4. ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ

1. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਸਮਾਜਿਕ ਅਤੇ ਧਾਰਮਿਕ ਅਵਸਥਾ ਦਾ ਵਰਣਨ ਕਰੋ।
2. ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀ ਗਈ ਪਹਿਲੀ ਉਦਾਸੀ ਦਾ ਵਰਨਣ ਵਿਸਥਾਰ ਸਹਿਤ ਕਰੋ।
3. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੋਂ ਸਾਨੂੰ ਕੀ ਸਿੱਖਿਆ ਮਿਲ਼ਦੀ ਹੈ?

## ਪ੍ਰੋਜੈਕਟ

1. ਸੰਗਤ ਅਤੇ ਪੰਗਤ ਦੀ ਪਰਿਭਾਸ਼ਾ ਅਤੇ ਮਹੱਤਤਾ ਦੱਸੋ।



# ਸਿੱਖ ਧਰਮ ਦਾ ਵਿਕਾਸ (1539 ਈ.-1581ਈ.)

3

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਅਧਿਆਤਮਿਕ ਵਿਰਾਸਤ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਕੇ ਗੁਰੂਗੱਦੀ ਦੀ ਪਰੰਪਰਾ ਸ਼ੁਰੂ ਕੀਤੀ। 1539 ਈ. ਤੋਂ 1581 ਈ. ਤੱਕ ਦਾ ਸਮਾਂ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਸਮੇ ਦੌਰਾਨ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਗਤ, ਪੰਗਤ, ਮੰਜੀ ਅਤੇ ਮਸੰਦ ਪ੍ਰਥਾ ਵਰਗੀਆਂ ਸੰਸਥਾਵਾਂ ਦੀ ਸਥਾਪਨਾ ਅਤੇ ਵਿਸਥਾਰ ਕੀਤਾ। ਗੁਰੂ ਸਹਿਬਾਨ ਦੇ ਅਦੁੱਤੀ ਯੋਗਦਾਨ ਸਦਕਾ ਸਿੱਖ ਧਰਮ ਚਾਰੇ ਦਿਸ਼ਾਵਾਂ ਵਿੱਚ ਫੈਲ ਗਿਆ।

## ਸ੍ਰੀ ਗੁਰੂ ਅੰਗਦ ਦੇਵ ਜੀ (1539 ਈ.-1552 ਈ.)

ਭਾਈ ਲਹਿਣਾ (ਸ੍ਰੀ ਗੁਰੂ ਅੰਗਦ ਦੇਵ ਜੀ) ਦਾ ਜਨਮ 31 ਮਾਰਚ, 1504 ਈ. ਵਿੱਚ ਮੱਤੇ ਦੀ ਸਰਾਏ (ਸਰਾਏਨਾਗਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ) ਵਿਖੇ ਹੋਇਆ। ਇਹਨਾਂ ਦੇ ਪਿਤਾ ਜੀ ਦਾ ਨਾਂ ਸ੍ਰੀ ਫੇਰੂਮੱਲ ਅਤੇ ਮਾਤਾ ਜੀ ਦਾ ਨਾਂ ਸਭਰਾਈ ਦੇਵੀ ਸੀ। ਇਹਨਾਂ ਦਾ ਵਿਆਹ ਦੇਵੀਚੰਦ ਦੀ ਪੁੱਤਰੀ ਬੀਬੀ ਖੀਵੀ ਨਾਲ਼ ਹੋਇਆ। ਭਾਈ ਲਹਿਣਾ ਜੀ ਦੇ ਦੋ ਪੁੱਤਰ – ਦਾਤੂ ਅਤੇ ਦਾਸੂ ਅਤੇ ਦੋ ਪੁੱਤਰੀਆਂ– ਬੀਬੀ ਅਮਰੋ ਅਤੇ ਬੀਬੀ ਅਨੋਖੀ ਸੀ। 1526 ਈ. ਵਿੱਚ ਬਾਬਰ ਦੇ ਪੰਜਾਬ 'ਤੇ ਹਮਲੇ ਕਾਰਨ ਇਹਨਾਂ ਦਾ ਪਰਿਵਾਰ ਖਡੂਰ ਸਾਹਿਬ ਚਲਾ ਗਿਆ। ਭਾਈ ਲਹਿਣਾ ਜੀ ਦੁਰਗਾ ਮਾਤਾ ਦੇ ਉਪਾਸਕ ਸਨ। ਉਹ ਹਰ ਸਾਲ ਮਾਤਾ ਜਵਾਲਾ ਜੀ ਦੀ ਯਾਤਰਾ 'ਤੇ ਜਾਂਦੇ ਸਨ। ਇੱਕ ਦਿਨ ਉਹਨਾਂ ਨੇ ਭਾਈ ਜੋਧਾ ਜੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣੀ। ਗੁਰੂ ਜੀ ਦੀ ਬਾਣੀ ਸੁਣ ਕੇ ਭਾਈ ਲਹਿਣਾ ਜੀ ਇੰਨੇ ਪ੍ਰਭਾਵਿਤ ਹੋਏ ਕਿ ਉਹ ਗੁਰੂ ਸ੍ਰੀ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਲਈ ਕਰਤਾਰਪੁਰ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਦਾ ਭਾਈ ਲਹਿਣਾ ਜੀ 'ਤੇ ਇੰਨਾ ਪ੍ਰਭਾਵ ਪਿਆ ਕਿ ਉਹ ਗੁਰੂ ਜੀ ਦੇ ਸਿੱਖ ਬਣ ਗਏ ਅਤੇ ਕਰਤਾਰਪੁਰ ਵਿੱਚ ਹੀ ਗੁਰੂ ਜੀ ਦੀ ਸੇਵਾ ਵਿੱਚ ਰਹਿਣ ਲੱਗ ਪਏ। ਉਹਨਾਂ ਦੀ ਸੱਚੀ ਭਗਤੀ ਅਤੇ ਸੇਵਾ ਭਾਵਨਾ ਤੋਂ ਖ਼ੁਸ਼ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਆਪਣੇ ਗਲ਼ ਨਾਲ਼ ਲਗਾਇਆ। ਗੁਰੂ ਜੀ ਨੇ ਭਾਈ ਲਹਿਣਾ ਨੂੰ **ਅੰਗਦ** ਦਾ ਨਾਂ ਦੇ ਕੇ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ। ਇਸ ਤਰ੍ਹਾਂ ਭਾਈ ਲਹਿਣਾ ਜੀ ਸਿੱਖਾਂ ਦੇ ਦੂਜੇ ਗੁਰੂ, ਗੁਰੂ ਅੰਗਦ ਦੇਵ ਜੀ ਦੇ ਨਾਂ ਨਾਲ਼ ਪ੍ਰਸਿੱਧ ਹੋਏ।



ਸ੍ਰੀ ਗੁਰੂ ਅੰਗਦ ਦੇਵ ਜੀ

## ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ

ਸ੍ਰੀ ਗੁਰੂ ਅੰਗਦ ਦੇਵ ਜੀ 2 ਸਤੰਬਰ, 1539 ਈ. ਤੋਂ 29 ਮਾਰਚ, 1552 ਈ. ਤੱਕ ਗੁਰਗੱਦੀ ਤੇ ਬਿਰਾਜਮਾਨ ਰਹੇ। ਇਸ ਸਮੇ ਦੌਰਾਨ ਗੁਰੂ ਜੀ ਨੇ ਸਿੱਖ ਪੰਥ ਦੇ ਵਿਕਾਸ ਲਈ ਬਹੁਤ ਹੀ ਮਹੱਤਵਪੂਰਨ ਕੰਮ ਕੀਤੇ।


1) **ਗੁਰਮੁਖੀ ਲਿਪੀ ਦਾ ਮਿਆਰੀਕਰਨ-** ਇਸ ਲਿਪੀ ਦਾ ਜਨਮ ਭਾਵੇਂ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਪਹਿਲਾਂ ਹੋ ਚੁੱਕਿਆ ਸੀ ਪਰੰਤੂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਲਿਪੀ ਨੂੰ ਮਿਆਰੀ ਰੂਪ ਪ੍ਰਦਾਨ ਕਰ ਦਿੱਤਾ। ਜਿਸ ਕਰਕੇ ਇਹ ਲਿਪੀ ਆਮ ਲੋਕਾਂ ਵਿੱਚ ਹਰਮਨ ਪਿਆਰੀ ਬਣ ਗਈ। ਗੁਰੂ ਜੀ ਨੇ ਇਸ ਲਿਪੀ ਨੂੰ **ਗੁਰਮੁਖੀ** (ਗੁਰੂਆਂ ਦੇ ਮੁੱਖ ਵਿੱਚੋਂ ਨਿਕਲ਼ਣ ਵਾਲ਼ੀ) ਦਾ ਨਾਂ ਦਿੱਤਾ। ਗੁਰੂ ਜੀ ਨੇ ਗੁਰਮੁਖੀ ਲਿਪੀ ਵਿੱਚ **ਬਾਲਬੋਧ** ਵੀ ਲਿਖਿਆ। ਗੁਰੂ ਜੀ ਨੇ ਆਪਣੀ ਬਾਣੀ ਦੀ ਰਚਨਾ ਵੀ ਇਸੇ ਲਿਪੀ ਵਿੱਚ ਹੀ ਕੀਤੀ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।


ਗੁਰਮੁਖੀ ਲਿਪੀ ਦਾ ਗਿਆਨ ਦਿੰਦੇ ਹੋਏ

2) **ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸੰਭਾਲ-** ਸ੍ਰੀ ਗੁਰੂ ਨਾਨਕ ਦੇਵ ਜੀ ਗੁਰਬਾਣੀ ਦੀ ਪੋਥੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਗਏ ਸਨ, ਜਿਸ ਵਿੱਚ ਹੋਰ ਸੰਤਾਂ ਅਤੇ ਭਗਤਾਂ ਦੀ ਬਾਣੀ ਵੀ ਸ਼ਾਮਲ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪ ਵੀ **ਨਾਨਕ** ਨਾਂ ਹੇਠ ਬਾਣੀ ਦੀ ਰਚਨਾ ਕੀਤਾ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਵਿੱਚ 63 ਸ਼ਲੋਕਾਂ ਦੀ ਰਚਨਾ ਕੀਤੀ, ਜਿਹਨਾਂ ਨੂੰ ਬਾਅਦ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਵਿੱਚ ਦਜ ਕੀਤਾ।

3) **ਲੰਗਰ ਪ੍ਰਥਾ ਦਾ ਵਿਸਥਾਰ-** ਲੰਗਰ ਪ੍ਰਥਾ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ। ਗੁਰੂ ਅੰਗਦ ਦੇਵ ਜੀ ਦੇ ਸਮੇ ਇਹ ਪ੍ਰਥਾ ਇੱਕ ਮਹੱਤਵਪੂਰਨ ਸੰਸਥਾ ਬਣ ਗਈ। ਲੰਗਰ ਦੀ ਦੇਖ-ਰੇਖ ਉਹਨਾਂ ਦੀ (ਮਹਲ) ਧਰਮ-ਪਤਨੀ ਬੀਬੀ ਖੀਵੀ ਜੀ ਆਪ ਕਰਦੇ ਸਨ। ਲੰਗਰ ਵਿੱਚ ਇਸਤਰੀ, ਪੁਰਖ, ਬੱਚੇ, ਗ਼ਰੀਬ ਅਤੇ ਬੇਸਹਾਰਾ ਲੋਕ ਬਿਨਾਂ ਕਿਸੇ ਭੇਦਭਾਵ ਦੇ ਇੱਕ ਪੰਗਤ ਵਿੱਚ ਬੈਠ ਕੇ ਲੰਗਰ ਛਕਦੇ ਸਨ। ਲੰਗਰ, ਗੁਰੂ ਘਰ ਨੂੰ ਮੰਨਣ ਵਾਲੀ ਸੰਗਤ ਵੱਲੋਂ ਦਿੱਤੇ ਗਏ ਦਾਨ ਨਾਲ਼ ਚਲਦਾ ਸੀ। ਲੰਗਰ ਪ੍ਰਥਾ ਨਾਲ਼ ਸਮਾਜ ਵਿੱਚ ਭਾਈਚਾਰਾ, ਆਪਸੀ ਸਹਿਯੋਗ ਅਤੇ ਵੰਡ ਕੇ ਛਕਣ ਦੀ ਭਾਵਨਾ ਦਾ ਵਿਕਾਸ ਹੋਇਆ।


ਲੰਗਰ ਸੇਵਾ

4) **ਸੰਗਤ ਪ੍ਰਥਾ ਦਾ ਵਿਕਾਸ-** ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਗਤ ਪ੍ਰਥਾ ਆਰੰਭ ਕੀਤੀ। **ਸੰਗਤ** ਦਾ ਅਰਥ ਹੈ ਇੱਕ ਧਾਰਮਿਕ ਇਕੱਠ ਜਿਸ ਵਿੱਚ ਸਾਰੇ ਧਰਮਾਂ ਅਤੇ ਵਰਗਾਂ ਦੇ ਲੋਕ ਹਿੱਸਾ ਲੈ ਸਕਦੇ ਹਨ। ਬਾਅਦ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੰਗਤ ਨੂੰ ਇੱਕ ਨਵਾਂ ਸਰੂਪ ਦਿੱਤਾ। ਖਡੂਰ ਸਾਹਿਬ ਵਿੱਚ ਰੋਜ਼ਾਨਾ ਸਵੇਰੇ-ਸ਼ਾਮ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸ਼ਬਦ ਕੀਰਤਨ ਕੀਤਾ ਜਾਂਦਾ ਸੀ। ਇਸ ਪ੍ਰਕਾਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸੰਗਤ ਪ੍ਰਥਾ ਨੂੰ ਹੋਰ ਵਿਕਸਿਤ ਕੀਤਾ। ਇਸ ਨੇ ਸਿੱਖਾਂ ਨੂੰ ਸੰਗਠਿਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ।

5) **ਸਰੀਰਿਕ ਵਿਕਾਸ 'ਤੇ ਜ਼ੋਰ-** ਸ੍ਰੀ ਗੁਰੂ ਅੰਗਦ ਦੇਵ ਜੀ ਸਿੱਖ ਸੰਗਤਾਂ ਦਾ ਅਧਿਆਤਮਿਕ ਵਿਕਾਸ ਦੇ ਨਾਲ-ਨਾਲ ਸਰੀਰਿਕ ਵਿਕਾਸ ਵੀ ਕਰਨਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਖਡੂਰ ਸਾਹਿਬ ਵਿਖੇ ਸਿੱਖਾਂ ਨੂੰ ਕਸਰਤ ਅਤੇ ਕੁਸ਼ਤੀ

ਦੀ ਸਿਖਲਾਈ ਦੇਣ ਲਈ ਇੱਕ ਅਖਾੜਾ ਤਿਆਰ ਕਰਵਾਇਆ। ਜਿਸ ਨੂੰ 'ਮੱਲ ਅਖਾੜਾ' ਕਿਹਾ ਜਾਂਦਾ ਸੀ। ਇਹ ਪਰੰਪਰਾ ਹੀ ਬਾਅਦ ਵਿੱਚ ਸਿੱਖਾਂ ਦੀ ਸੈਨਿਕ ਸ਼ਕਤੀ ਦੀ ਸਹਾਇਕ ਬਣੀ।

6) **ਗੋਇੰਦਵਾਲ ਦੀ ਸਥਾਪਨਾ-** ਸ੍ਰੀ ਗੁਰੂ ਅੰਗਦ ਦੇਵ ਜੀ ਨੇ 1546 ਈ. ਵਿੱਚ ਸ੍ਰੀ ਗੁਰੂ ਅਮਰਦਾਸ ਜੀ ਦੀ ਨਿਗਰਾਨੀ ਹੇਠ ਗੋਇੰਦਵਾਲ ਨਗਰ ਦੀ ਸਥਾਪਨਾ ਕੀਤੀ। ਸਮਾਂ ਪਾ ਕੇ ਗੋਇੰਦਵਾਲ ਸਿੱਖਾਂ ਦਾ ਇੱਕ ਵੱਖਰਾ ਪ੍ਰਮੁੱਖ ਕੇਂਦਰ ਬਣ ਗਿਆ।

7) **ਉੱਤਰਾਧਿਕਾਰੀ ਦੀ ਨਿਯੁਕਤੀ-** 1552 ਈ. ਵਿੱਚ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਪੁੱਤਰਾਂ ਨੂੰ ਗੁਰਗੱਦੀ ਨਹੀਂ ਦਿੱਤੀ। ਉਹਨਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ। ਇਹ ਉਹਨਾਂ ਦਾ ਬਹੁਤ ਹੀ ਮਹੱਤਵਪੂਰਨ ਕਦਮ ਸੀ। 29 ਮਾਰਚ, 1552 ਈ. ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ-ਜੋਤ ਸਮਾ ਗਏ। ਉਹਨਾਂ ਨੇ 13 ਸਾਲ ਤੱਕ ਸਿੱਖ ਧਰਮ ਦੀ ਨਿਸ਼ਕਾਮ ਭਾਵ ਨਾਲ ਸੇਵਾ ਕੀਤੀ।

## ਸ੍ਰੀ ਗੁਰੂ ਅਮਰਦਾਸ ਜੀ (1552 ਈ. ਤੋਂ 1574 ਈ.)

ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ 5 ਮਈ, 1479 ਈ. ਨੂੰ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿਖੇ ਹੋਇਆ ਸੀ। ਇਹਨਾਂ ਦੇ ਪਿਤਾ ਦਾ ਨਾਂ ਤੇਜਭਾਨ ਅਤੇ ਮਾਤਾ ਦਾ ਨਾਂ ਸੁਲੱਖਣੀ ਸੀ। ਇਹਨਾਂ ਦਾ ਵਿਆਹ ਦੇਵੀਚੰਦ ਦੀ ਪੁੱਤਰੀ ਮਨਸਾ ਦੇਵੀ ਨਾਲ ਹੋਇਆ। ਇਹਨਾਂ ਦੇ ਦੋ ਪੁੱਤਰ ਮੋਹਣ ਅਤੇ ਮੋਹਰੀ ਅਤੇ ਦੋ ਪੁੱਤਰੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਸਨ। ਸ੍ਰੀ ਗੁਰੂ ਅਮਰਦਾਸ ਜੀ ਹਰ ਸਾਲ ਹਰਿਦੁਆਰ ਵਿਖੇ ਗੰਗਾ ਇਸ਼ਨਾਨ ਲਈ ਜਾਂਦੇ ਸਨ, ਪਰੰਤੂ ਇੱਕ ਦਿਨ ਗੁਰੂ ਸ੍ਰੀ ਅਮਰਦਾਸ ਜੀ ਨੇ ਬੀਬੀ ਅਮਰੋ (ਸ੍ਰੀ ਗੁਰੂ ਅੰਗਦ ਦੇਵ ਜੀ ਦੀ ਪੁੱਤਰੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਦੀ ਧਰਮ ਪਤਨੀ) ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਸੁਣੀ ਅਤੇ ਉਹ ਬਹੁਤ ਪ੍ਰਭਾਵਿਤ ਹੋਏ। ਉਹ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਮਿਲਣ ਖਡੂਰ ਸਾਹਿਬ ਗਏ ਅਤੇ ਉਹਨਾਂ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਗੁਰੂ ਜੀ ਤਨ, ਮਨ ਨਾਲ ਸੰਗਤ ਦੀ ਸੇਵਾ ਵਿੱਚ ਨਿਰੰਤਰ ਲੱਗੇ ਰਹਿੰਦੇ। ਮਾਰਚ, 1552 ਈ. ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਨ੍ਹਾਂ ਦੀ ਅਸਧਾਰਨ ਨਿਮਰਤਾ ਅਤੇ ਗੁਰੂ ਸੇਵਾ ਤੋਂ ਪ੍ਰਭਾਵਿਤ ਹੋ ਕੇ ਗੁਰਗੱਦੀ ਸ੍ਰੀ ਗੁਰੂ ਅਮਰਦਾਸ ਜੀ ਨੂੰ ਸੌਂਪ ਦਿੱਤੀ। ਇਸ ਸਮੇਂ ਗੁਰੂ ਅਮਰਦਾਸ ਜੀ ਦੀ ਉਮਰ 73 ਸਾਲ ਦੀ ਸੀ। ਗੁਰਗੱਦੀ ਪ੍ਰਾਪਤ ਕਰਨ ਤੋਂ ਬਾਅਦ ਗੁਰੂ ਅਮਰਦਾਸ ਜੀ ਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

### ਸੇਵਾ ਨੂੰ ਫਲ ਲਗਦਾ ਹੈ

ਖਡੂਰ ਸਾਹਿਬ ਵਿੱਚ ਸ੍ਰੀ ਗੁਰੂ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿੱਚ ਲੱਗੇ ਰਹਿੰਦੇ ਸਨ। ਉਨ੍ਹਾਂ ਨੇ ਜਲ ਦੀ ਸੇਵਾ ਸੰਭਾਲ ਲਈ। ਉਹ ਸ੍ਰੀ ਗੁਰੂ ਅੰਗਦ ਦੇਵ ਜੀ ਲਈ ਰੋਜ਼ ਬਿਆਸ ਨਦੀ ਤੋਂ ਪਾਣੀ ਭਰ ਕੇ ਲਿਆਉਂਦੇ ਅਤੇ ਗੁਰੂ ਜੀ ਨੂੰ ਇਸਨਾਨ ਕਰਵਾਉਂਦੇ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਸੇਵਾਭਾਵ ਤੋਂ ਖੁਸ਼ ਹੋ ਕੇ ਉਨ੍ਹਾਂ ਨੂੰ ਗੁਰਗੱਦੀ ਸੌਂਪ ਦਿੱਤੀ। ਉਧਰ ਗੁਰੂ ਜੀ ਦੇ ਪੁੱਤਰ ਦਾਤੂ ਅਤੇ ਦਾਸੂ ਖੁਦ ਨੂੰ ਗੁਰਗੱਦੀ ਦਾ ਅਧਿਕਾਰੀ ਸਮਝਦੇ ਸਨ ਅਤੇ ਬਾਬਾ ਅਮਰਦਾਸ ਜੀ ਨਾਲ ਈਰਖਾ ਕਰਦੇ ਸਨ। ਬਾਬਾ ਬੁੱਢਾ ਜੀ ਨੇ ਉਨ੍ਹਾਂ ਨੂੰ ਸਮਝਾਇਆ ਕਿ ਗੁਰਗੱਦੀ ਕੋਈ ਪਿੱਤਰੀ ਜਾਇਦਾਦ ਨਹੀਂ ਹੈ ਸੇਵਾ ਨੂੰ ਫਲ ਲਗਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਵੱਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕੀਤੀ ਸੇਵਾ ਕਾਰਨ ਹੀ ਉਨ੍ਹਾਂ ਨੂੰ ਗੁਰਗੱਦੀ ਸੌਂਪੀ ਗਈ।



ਸ੍ਰੀ ਗੁਰੂ ਅਮਰਦਾਸ ਜੀ

### ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ

ਸ੍ਰੀ ਗੁਰੂ ਅਮਰਦਾਸ ਜੀ ਨੇ 1552 ਈ. ਤੋਂ 1574 ਈ. ਤੱਕ 22 ਸਾਲ ਸਿੱਖ ਧਰਮ ਦੀ ਰਹਿਨੁਮਾਈ ਕੀਤੀ। ਭਾਵੇਂ ਗੁਰੂ ਜੀ ਨੂੰ ਅਨੇਕਾਂ ਮੁਸ਼ਕਲਾਂ ਦਾ ਸ੍ਹਾਮਣਾ ਕਰਨਾ ਪਿਆ, ਪਰੰਤੂ ਫਿਰ ਵੀ ਸਿੱਖ ਧਰਮ ਦੇ ਵਿਕਾਸ ਲਈ ਉਹਨਾਂ ਨੇ ਕਈ ਸ਼ਲਾਘਾਯੋਗ ਕਾਰਜ ਕੀਤੇ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-



ਗੋਇੰਦਵਾਲ ਵਿਖੇ ਬਾਉਲੀ

1) **ਗੋਇੰਦਵਾਲ ਵਿੱਚ ਬਾਉਲੀ ਦਾ ਨਿਰਮਾਣ-** ਗੋਇੰਦਵਾਲ ਨਗਰ ਦੀ ਸਥਾਪਨਾ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਦੇਖ ਰੇਖ ਹੇਠ ਕਰਵਾਈ ਸੀ। ਗੁਰਗੱਦੀ 'ਤੇ ਬੈਠਣ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਨੇ 1552 ਈ. ਵਿੱਚ ਇੱਥੇ ਬਾਉਲੀ ਦਾ ਨਿਰਮਾਣ ਸ਼ੁਰੂ ਕਰਵਾਇਆ ਤੇ 1559 ਈ. ਵਿੱਚ ਪੂਰਾ ਕਰਵਾਇਆ। ਇਸ ਬਾਉਲੀ ਦੀਆਂ 84 ਪੌੜੀਆਂ ਹਨ। ਬਾਉਲੀ ਦੇ ਨਿਰਮਾਣ ਨੇ ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਅਤੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ।

2) **ਲੰਗਰ ਪ੍ਰਥਾ ਦਾ ਵਿਸਥਾਰ**- ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਿਤ ਲੰਗਰ ਪ੍ਰਥਾ ਦਾ ਵਿਸਥਾਰ ਕਰਦੇ ਹੋਏ ਗੁਰੂ ਅਮਰਦਾਸ ਜੀ ਨੇ ਦਰਸ਼ਨ ਕਰਨ ਆਉਣ ਵਾਲੇ ਸਾਰੇ ਸ਼ਰਧਾਲੂਆਂ ਲਈ 'ਪਹਿਲੇ ਪੰਗਤ, ਪਾਛੈ ਸੰਗਤ' ਦਾ ਸਿਧਾਂਤ ਲਾਗੂ ਕੀਤਾ। ਸੰਗਤਾਂ ਨੂੰ ਲੰਗਰ ਲਈ ਆਪਣੀ ਹੱਕ ਦੀ ਕਮਾਈ ਵਿੱਚੋਂ ਦਾਨ ਦੇਣ ਲਈ ਪ੍ਰੇਰਿਤ ਵੀ ਕੀਤਾ। ਇਸ ਪ੍ਰਥਾ ਨਾਲ ਸੰਗਤ ਵਿੱਚ ਜਾਤੀ ਭੇਦ ਭਾਵ ਸਮਾਪਤ ਕੀਤਾ ਗਿਆ ਜਿਸ ਨਾਲ ਉਹਨਾਂ ਵਿੱਚ ਏਕਤਾ ਦੀ ਭਾਵਨਾ ਵੀ ਵਿਕਸਿਤ ਹੋਈ। ਜਦੋਂ ਮੁਗਲ ਬਾਦਸ਼ਾਹ ਅਕਬਰ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰਨ ਲਈ ਗੋਇੰਦਵਾਲ ਵਿਖੇ ਆਇਆ ਅਤੇ ਉਸ ਨੇ ਵੀ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ।


ਮੁਗਲ ਸਮਰਾਟ ਅਕਬਰ ਨੇ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ

3) **ਬਾਣੀ ਦੀ ਰਚਨਾ** — ਸ੍ਰੀ ਗੁਰੂ ਅਮਰ ਦਾਸ ਜੀ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ 'ਸ਼ਬਦਾਂ ਦੀ ਪੋਥੀ' ਪ੍ਰਾਪਤ ਹੋਈ ਸੀ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪ 17 ਰਾਗਾਂ ਵਿੱਚ 907 ਸ਼ਬਦਾਂ ਦੀ ਰਚਨਾ ਕਰਕੇ ਇਸ ਪੋਥੀ ਵਿੱਚ ਸ਼ਾਮਲ ਕੀਤਾ।

4) **ਮੰਜੀ ਪ੍ਰਥਾ**- ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਦੇ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਮੰਜੀ ਪ੍ਰਥਾ ਆਰੰਭ ਕੀਤੀ। ਗੁਰੂ ਜੀ ਨੇ 22 ਮੰਜੀਆਂ ਦੀ ਸਥਾਪਨਾ ਕੀਤੀ। ਗੁਰੂ ਸਾਹਿਬ ਮੰਜੀਆਂ ਦੇ ਪ੍ਰਮੁੱਖ ਨੂੰ ਮੰਜੀਦਾਰ ਕਿਹਾ ਜਾਂਦਾ ਸੀ ਇਹ ਮੰਜੀਦਾਰ ਗੁਰੂ ਸਾਹਿਬ ਅਤੇ ਸੰਗਤ ਦੇ ਵਿਚਕਾਰ ਇੱਕ ਕੜੀ ਦਾ ਕਾਰਜ ਕਰਦੇ ਸਨ। ਸੰਗਤ ਆਪਣੀਆਂ ਭੇਟਾਵਾਂ ਇਹਨਾਂ ਰਾਹੀਂ ਹੀ ਗੁਰੂ ਸਾਹਿਬ ਤੱਕ ਪੁੱਜਦਾ ਕਰਦੀ ਸੀ। ਇਸ ਤਰ੍ਹਾਂ ਮੰਜੀ ਪ੍ਰਥਾ ਦੀ ਸਥਾਪਨਾ ਨਾਲ ਦੂਰ ਦਰਾਡੇ ਦੀ ਸੰਗਤ ਮੰਜੀਦਾਰਾਂ ਰਾਹੀਂ ਗੁਰੂ ਘਰ ਦੇ ਨਾਲ਼ ਜੁੜੀ ਹੋਈ ਸੀ। ਸਿੱਖ ਧਰਮ ਦੇ ਯੋਜਨਾਬੱਧ ਵਿਕਾਸ ਵਿੱਚ ਇਸ ਪ੍ਰਥਾ ਨੇ ਮਹੱਤਵਪੂਰਨ ਯੋਗਦਾਨ ਦਿੱਤਾ।

**ਕੀ ਤੁਸੀਂ ਜਾਣਦੇ ਹੋ?**

**ਮੰਜੀ ਪ੍ਰਥਾ**- 22 ਮੰਜੀਆਂ ਵਿੱਚੋਂ ਦੋ ਮੰਜੀਆਂ ਇਸਤਰੀ ਸੇਵਾਦਾਰ ਕਾਬੁਲ ਦੀ ਮਾਈ ਸੇਵਾ ਅਤੇ ਕਸ਼ਮੀਰ ਦੀ ਮਾਈ ਭਾਗਭਰੀ ਨੂੰ ਵੀ ਦਿੱਤੀਆਂ ਗਈਆਂ।

5) **ਮੁ.ਗਲ ਸਮਰਾਟ ਅਕਬਰ ਨਾਲ਼ ਚੰਗੇ ਸੰਬੰਧ**- ਮੁ.ਗਲ ਸਮਰਾਟ ਅਕਬਰ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਸੀ। ਉਹ 1567 ਈ. ਵਿੱਚ ਗੁਰੂ ਜੀ ਨੂੰ ਮਿਲਨ ਲਈ ਗੋਇੰਦਵਾਲ ਆਇਆ। ਅਕਬਰ ਨੇ ਗੁਰੂ ਜੀ ਨਾਲ ਮੁਲਾਕਾਤ ਕਰਨ ਤੋਂ ਪਹਿਲਾਂ ਸੰਗਤ ਨਾਲ਼ ਪੰਗਤ ਵਿੱਚ ਬੈਠ ਕੇ ਲੰਗਰ ਛਕਿਆ। ਅਕਬਰ ਲੰਗਰ ਪ੍ਰਬੰਧ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਸਮੇਂ ਪੰਜਾਬ ਵਿੱਚ ਕਾਲ਼ ਪਿਆ ਹੋਇਆ ਸੀ। ਗੁਰੂ ਜੀ ਦੇ ਕਹਿਣ ਤੇ ਅਕਬਰ ਬਾਦਸ਼ਾਹ ਨੇ ਕਿਸਾਨਾਂ ਦਾ ਲਗਾਨ ਮਾਫ਼ ਕਰ ਦਿੱਤਾ।

## ਸ੍ਰੀ ਗੁਰੂ ਅਮਰਦਾਸ ਜੀ ਇੱਕ ਸਮਾਜ ਸੁਧਾਰਕ

ਸ੍ਰੀ ਗੁਰੂ ਅਮਰਦਾਸ ਜੀ ਅਧਿਆਤਮਿਕ ਗੁਰੂ ਹੋਣ ਦੇ ਨਾਲ਼-ਨਾਲ਼ ਇੱਕ ਸਮਾਜ-ਸੁਧਾਰਕ ਵੀ ਸਨ ਉਹਨਾਂ ਵੱਲੋਂ ਕੀਤੇ ਸੁਧਾਰਾਂ ਨੇ ਹੀ ਸਿੱਖ ਧਰਮ ਨੂੰ ਇੱਕ ਵੱਖਰੀ ਪਛਾਣ ਦਿੱਤੀ।

1. ਸ੍ਰੀ ਗੁਰੂ ਅਮਰਦਾਸ ਜੀ ਨੇ ਜਾਤੀ-ਭੇਦ ਅਤੇ ਛੂਤਛਾਤ ਦੀ ਨਿੰਦਿਆ ਕੀਤੀ। ਲੰਗਰ ਪ੍ਰਥਾ ਨੇ ਸਿੱਖਾਂ ਵਿੱਚ ਇਸ ਭੇਦਭਾਵ ਨੂੰ ਖ਼ਤਮ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।
2. ਗੁਰੂ ਜੀ ਨੇ ਸਮਾਜ ਵਿੱਚ ਸਦੀਆਂ ਤੋਂ ਚੱਲੀ ਆ ਰਹੀ ਸਤੀ ਪ੍ਰਥਾ ਦਾ ਵਿਰੋਧ ਕੀਤਾ।
3. ਮੱਧਕਾਲੀਨ ਭਾਰਤ ਵਿੱਚ ਇਸਤਰੀਆਂ ਵਿੱਚ ਪਰਦਾ ਪ੍ਰਥਾ ਪ੍ਰਚਲਤ ਸੀ। ਇਸ ਪ੍ਰਥਾ ਨੇ ਇਸਤਰੀਆਂ ਦੇ ਸਰੀਰਿਕ-ਮਾਨਸਿਕ ਅਤੇ ਅਧਿਆਤਮਿਕ ਵਿਕਾਸ ਵਿੱਚ ਰੁਕਾਵਟ ਪੈਦਾ ਕੀਤੀ ਹੋਈ ਸੀ। ਗੁਰੂ ਜੀ ਨੇ ਇਸ ਪ੍ਰਥਾ ਦਾ ਵਿਰੋਧ ਕੀਤਾ ਅਤੇ ਇਸਤਰੀਆਂ ਨੂੰ ਪਰਦਾ ਨਾ ਕਰਨ ਦਾ ਆਦੇਸ਼ ਦਿੱਤਾ।

4. ਗੁਰੂ ਜੀ ਨੇ ਸਿੱਖਾਂ ਨੂੰ ਸ਼ਰਾਬ, ਤੰਬਾਕੂ ਅਤੇ ਹੋਰ ਨਸ਼ੀਲੀਆਂ ਵਸਤੂਆਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ।

5. ਗੁਰੂ ਸਾਹਿਬ ਨੇ ਗੋਇੰਦਵਾਲ ਵਿਖੇ ਬਾਉਲੀ ਦਾ ਨਿਰਮਾਣ ਕੀਤਾ। ਇਹ ਸਿੱਖਾਂ ਦੀ ਸਮੂਹਿਕ ਕਾਰ ਸੇਵਾ ਅਤੇ ਭੇਟਾ ਨਾਲ਼ ਬਣਾਇਆ ਗਿਆ ਸੀ, ਜਿਸ ਨਾਲ਼ ਉਸ ਖੇਤਰ ਵਿੱਚ ਜਲ ਦੀ ਪੂਰਤੀ ਅਸਾਨ ਹੋ ਗਈ।



**ਗੁਰੂ ਜੀ ਵੱਲੋਂ ਸਮਾਜਿਕ ਕੁਰੀਤੀਆਂ ਦਾ ਵਿਰੋਧ**

6. ਗੁਰੂ ਸਾਹਿਬ ਜੀ ਦੇ ਸਮੇ ਸਿੱਖ ਵਿਸਾਖੀ ਅਤੇ ਦੀਵਾਲੀ ਦੇ ਤਿਉਹਾਰ ਮਨਾਉਣ ਲਈ ਗੋਇੰਦਵਾਲ ਵਿਖੇ ਇਕੱਠੇ ਹੋ ਕੇ ਗੁਰੂ ਜੀ ਦਾ ਉਪਦੇਸ਼ ਸੁਣਦੇ ਅਤੇ ਲੰਗਰ ਛਕਦੇ। ਇਸਦਾ ਉਦੇਸ਼ ਸਿੱਖਾਂ ਵਿੱਚ ਸਮਾਜਿਕ ਏਕਤਾ ਅਤੇ ਭਾਈਚਾਰਾ ਪੈਦਾ ਕਰਨਾ ਸੀ।

**ਗਤੀਵਿਧੀ**

ਵਰਤਮਾਨ ਸਮਾਜ ਵਿੱਚ ਪ੍ਰਚਲਿਤ ਸਮਾਜਿਕ ਬੁਰਾਈਆਂ ਬਾਰੇ ਆਪਣੇ ਅਧਿਆਪਕ ਦੀ ਮਦਦ ਨਾਲ ਚਰਚਾ ਕਰੋ।

### ਉੱਤਰਾਧਿਕਾਰੀ ਦੀ ਨਿਯੁਕਤੀ:

ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਸ਼ਰਧਾਲੂ ਭਾਈ ਜੇਠਾ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ, ਜੋ ਕਿ ਗੁਰੂ ਰਾਮਦਾਸ ਜੀ ਦੇ ਨਾਂ ਨਾਲ਼ ਪ੍ਰਸਿੱਧ ਹੋਏ। ਖ਼ਿਮਾ, ਨਿਮਰਤਾ, ਦਯਾ, ਸੰਤੋਖ ਦੇ ਪੁੰਜ ਗੁਰੂ ਅਮਰਦਾਸ ਜੀ 1574 ਈ. ਵਿੱਚ 95 ਸਾਲ ਦੀ ਉਮਰ ਵਿੱਚ ਜੋਤੀ-ਜੋਤ ਸਮਾ ਗਏ।

## ਸ੍ਰੀ ਗੁਰੂ ਰਾਮਦਾਸ ਜੀ (1574 ਈ. ਤੋਂ 1581 ਈ.)

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ 24 ਸਤੰਬਰ, 1534 ਈ. ਨੂੰ ਲਾਹੌਰ ਦੀ ਚੂਨਾਮੰਡੀ ਵਿੱਚ ਹੋਇਆ। ਇਹਨਾਂ ਦੇ ਪਿਤਾ ਦਾ ਨਾਂ ਸ੍ਰੀ ਹਰਿਦਾਸ ਅਤੇ ਮਾਤਾ ਅਨੂਪ ਦੇਵੀ ਸੀ। ਗੁਰੂ ਜੀ ਦੇ ਬਚਪਨ ਦਾ ਨਾਂ ਜੇਠਾ ਸੀ। ਜੇਠਾ ਜੀ ਬਚਪਨ ਤੋਂ ਹੀ ਧਾਰਮਕ ਸੁਭਾਅ ਦੇ ਮਾਲਕ ਸਨ। ਇੱਕ ਵਾਰ ਉਹ ਕੁਝ ਸਿੱਖਾਂ ਦੇ ਨਾਲ ਗੋਇੰਦਵਾਲ ਸਾਹਿਬ ਗਏ। ਉੱਥੇ ਉਹ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਖ਼ਸੀਅਤ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਉਹਨਾਂ ਦੇ ਸਿੱਖ ਬਣ ਗਏ। ਉਹ ਗੁਰੂ ਜੀ ਦੀ ਸੇਵਾ ਕਰਦੇ ਅਤੇ ਆਪਣਾ ਗੁਜ਼ਾਰਾ ਉਬਲ਼ੇ ਹੋਏ ਛੋਲੇ ਵੇਚ ਕੇ ਹੀ ਕਰਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਦੀ ਭਗਤੀ ਭਾਵਨਾ ਅਤੇ ਸੇਵਾ ਭਾਵ ਤੋਂ ਖ਼ੁਸ਼ ਹੋ ਕੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਵਿਆਹ ਉਹਨਾਂ ਨਾਲ ਕਰ ਦਿੱਤਾ। ਭਾਈ ਜੇਠਾ ਜੀ ਦੇ ਤਿੰਨ ਪੁੱਤਰ ਸਨ- ਪਿਰਥੀ ਚੰਦ (ਪਿਰਥੀਆ), ਮਹਾਂਦੇਵ ਅਤੇ ਸ੍ਰੀ ਗੁਰੂ ਅਰਜਨ ਦੇਵ। ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਭਾਈ ਜੇਠਾ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕੀਤਾ, ਜੋ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂ ਨਾਲ਼ ਪ੍ਰਸਿੱਧ ਹੋਏ।

## ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ:

ਸ੍ਰੀ ਗੁਰੂ ਰਾਮਦਾਸ ਜੀ 1574 ਈ. ਤੋਂ ਲੈ ਕੇ 1581 ਈ. ਤੱਕ ਗੁਰਗੱਦੀ ਤੇ ਬਿਰਾਜਮਾਨ ਰਹੇ। ਇਹਨਾਂ ਨੇ ਬਹੁਤ ਹੀ ਘੱਟ ਸਮੇ ਵਿੱਚ ਸਿੱਖ ਪੰਥ ਦੇ ਵਿਕਾਸ, ਪ੍ਰਚਾਰ, ਪ੍ਰਸਾਰ ਅਤੇ ਸੰਗਠਨ ਲਈ ਕਈ ਮਹੱਤਵਪੂਰਨ ਕੰਮ ਕੀਤੇ।

1. **ਰਾਮਦਾਸਪੁਰ (ਅੰਮ੍ਰਿਤਸਰ) ਦੀ ਸਥਾਪਨਾ**- ਰਾਮਦਾਸਪੁਰ ਜਾਂ ਅੰਮ੍ਰਿਤਸਰ ਨਗਰ ਦੀ ਸਥਾਪਨਾ ਸ੍ਰੀ ਗੁਰੂ ਰਾਮਦਾਸ ਜੀ ਦੀ ਸਿੱਖ ਧਰਮ ਨੂੰ ਸਭ ਤੋਂ ਵੱਡੀ ਦੇਣ ਹੈ। ਉਹਨਾਂ ਨੇ 1577 ਈ. ਵਿੱਚ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਅੰਮ੍ਰਿਤ ਸਰੋਵਰ ਦੀ ਖੁਦਾਈ ਦਾ ਕੰਮ ਸ਼ੁਰੂ ਕਰਵਾਇਆ। ਉਹਨਾਂ ਨੇ ਸਿੱਖਾਂ ਨੂੰ ਰਾਮਦਾਸਪੁਰ ਜਾ ਕੇ ਵਸਣ ਦਾ ਆਦੇਸ਼ ਦਿੱਤਾ। ਗੁਰੂ ਜੀ ਦੇ ਆਦੇਸ਼ ਅਨੁਸਾਰ ਇੱਥੇ 52 ਵਪਾਰੀ ਵੀ ਆ ਕੇ ਵੱਸ ਗਏ ਜਿੰਨ੍ਹਾ ਨੇ ਇੱਥੇ ਆਪਣਾ ਕਾਰੋਬਾਰ ਆਰੰਭ ਦਿੱਤਾ। ਹੌਲ਼ੀ-ਹੌਲ਼ੀ ਇੱਥੇ ਇੱਕ ਬਜ਼ਾਰ ਬਣ ਗਿਆ, ਜਿਸ ਨੂੰ **ਗੁਰੂ ਕਾ ਬਜ਼ਾਰ** ਕਿਹਾ ਜਾਣ ਲੱਗਾ। ਰਾਮਦਾਸਪੁਰਾ ਨੂੰ **ਚੱਕ ਗੁਰੂ**, **ਚੱਕ ਗੁਰੂ ਰਾਮਦਾਸ** ਦੇ ਨਾਂ ਨਾਲ਼ ਵੀ ਜਾਣਿਆ ਜਾਣ ਲੱਗਾ। ਬਾਅਦ ਵਿੱਚ ਇਸ ਦਾ ਨਾਂ ਅੰਮ੍ਰਿਤ ਸਰੋਵਰ ਤੋਂ **ਅੰਮ੍ਰਿਤਸਰ** ਪੈ ਗਿਆ। ਜਲਦੀ ਹੀ ਇਹ ਨਗਰ ਧਰਮ ਪ੍ਰਚਾਰ ਅਤੇ ਵਪਾਰ ਦਾ ਇੱਕ ਵੱਡਾ ਕੇਂਦਰ ਬਣ ਗਿਆ।



ਚੱਕ ਗੁਰੂ ਰਾਮਦਾਸ ਦੀ ਉਸਾਰੀ



ਗੁਰੂ ਕਾ ਬਾਜ਼ਾਰ ਦਾ ਵਰਤਮਾਨ ਦ੍ਰਿਸ਼

2. **ਮਸੰਦ ਪ੍ਰਥਾ ਦਾ ਅਰੰਭ**- ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਆਰੰਭ ਕੀਤਾ। ਸਥਾਨਕ ਸਿੱਖ ਸੰਗਤ ਦੇ ਲਈ ਇਹ ਗੁਰੂ ਘਰ ਦੇ ਪ੍ਰਤਿਨਿਧੀ ਸਨ। ਸੰਗਤ ਦੇ ਸਮੂਹਿਕ ਮਸਲਿਆਂ ਦਾ ਹੱਲ ਕਰਨਾ ਅਤੇ ਉਹਨਾਂ ਨੂੰ ਗੁਰੂ ਘਰ ਦੇ ਨਾਲ਼ ਜੋੜਨਾਂ ਇਹਨਾਂ ਦਾ ਪ੍ਰਮੁੱਖ ਕਾਰਜ ਸੀ।

3 **ਬਾਣੀ ਦੀ ਰਚਨਾ** - ਸ੍ਰੀ ਗੁਰੂ ਰਾਮਦਾਸ ਜੀ ਨੇ ਬਾਣੀ ਰਚਨਾ ਦਾ ਮਹੱਤਵਪੂਰਨ ਕਾਰਜ ਸੰਪੂਰਨ ਕੀਤਾ। ਸ੍ਰੀ ਗੁਰੂ ਅਮਰਦਾਸ ਜੀ ਤੋਂ ਪ੍ਰਾਪਤ ਬਾਣੀ ਦੀ ਪੋਥੀ ਤੋਂ ਗੁਰੂ ਜੀ ਨੇ 30 ਰਾਗਾਂ ਵਿੱਚ ਬਾਣੀ ਦੀ ਰਚਨਾ ਕੀਤੀ। 8 ਵਾਰਾਂ ਅਤੇ ਘੋੜੀਆਂ ਦੇ ਨਾਲ਼ ਨਾਲ਼ ਸੂਹੀ ਰਾਗਾਂ ਵਿੱਚ 'ਲਾਵਾਂ' ਸਿਰਲੇਖ ਹੇਠ ਰਚਿਤ ਇਹਨਾਂ ਦੀ 'ਬਾਣੀ' ਵਿਸ਼ੇਸ਼ ਰੂਪ ਵਿੱਚ ਜ਼ਿਕਰਯੋਗ ਹੈ, ਜੋ ਕਿ 'ਅਨੰਦਕਾਰਜ' (ਵਿਆਹ ਸਮੇ ਦੀ ਰਸਮ) ਦੇ ਮੌਕੇ ਤੇ **ਪੜ੍ਹੀ ਜਾਂਦੀ ਹੈ।**

4) **ਉੱਤਰਾਧਿਕਾਰੀ ਦੀ ਨਿਯੁਕਤੀ**- ਸ੍ਰੀ ਗੁਰੂ ਰਾਮਦਾਸ ਜੀ ਆਪਣੇ ਤਿੰਨ ਪੁੱਤਰਾਂ ਵਿੱਚੋਂ ਸ੍ਰੀ ਅਰਜਨ ਦੇਵ ਨੂੰ ਗੁਰਗੱਦੀ ਲਈ ਸਭ ਤੋਂ ਯੋਗ ਸਮਝਦੇ ਸਨ, ਜਦਕਿ ਪਿਰਥੀਆ ਬਹੁਤ ਹੀ ਲਾਲਚੀ ਅਤੇ ਸਾਜਿਸ਼ਕਾਰੀ ਮਨੁੱਖ ਸੀ ਅਤੇ ਮਹਾਂਦੇਵ ਦੀ ਸੰਸਾਰਕ ਕੰਮਾਂ ਵਿੱਚ ਕੋਈ ਰੁਚੀ ਨਹੀਂ ਸੀ। 1581 ਈ. ਵਿੱਚ ਸ੍ਰੀ ਗੁਰੂ ਸ੍ਰੀ ਰਾਮਦਾਸ ਜੀ ਨੇ ਸ੍ਰੀ ਅਰਜਨ ਦੇਵ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਦਿੱਤਾ। 1 ਸਤੰਬਰ, 1581 ਈ. ਨੂੰ ਸ੍ਰੀ ਗੁਰੂ ਰਾਮਦਾਸ ਜੀ ਜੋਤੀ-ਜੋਤ ਸਮਾ ਗਏ।

ਇਸ ਤਰ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਉਹਨਾਂ ਵੱਲੋਂ ਸ਼ੁਰੂ ਕੀਤੇ ਕੰਮਾਂ ਨੂੰ ਨਾ ਕੇਵਲ ਜਾਰੀ ਰੱਖਿਆ ਬਲਕਿ ਉਹਨਾਂ ਨੇ ਆਮ ਲੋਕਾਂ ਨੂੰ ਇੱਕ ਵੱਖਰੀ ਜੀਵਨ-ਸ਼ੈਲੀ ਧਾਰਮਿਕ ਸ਼ੈਲੀ ਅਤੇ ਵੱਖਰੇ ਸਰਲ ਰੀਤੀ-ਰਿਵਾਜ਼ ਪ੍ਰਦਾਨ ਕਰਕੇ ਸਿੱਖ ਧਰਮ ਨੂੰ ਇੱਕ ਵੱਖਰੀ ਪਛਾਣ ਦਿੱਤੀ।



## ਕੁਝ ਯਾਦ ਰੱਖਣ ਯੋਗ ਗੱਲਾਂ-

1. **ਸ੍ਰੀ ਗੁਰੂ ਅੰਗਦ ਦੇਵ ਜੀ**- ਗੁਰਗੱਦੀ 'ਤੇ ਬਿਰਾਜਮਾਨ 2 ਸਤੰਬਰ, 1539 ਈ. ਤੋਂ 29 ਮਾਰਚ 1552 ਈ. ਤੱਕ ਰਹੇ। ਗੋਇੰਦਵਾਲ ਦੀ ਸਥਾਪਨਾ- 1546 ਈ. ਵਿੱਚ ਕੀਤੀ। 29 ਮਾਰਚ 1552 ਈ. ਵਿੱਚ ਜੋਤੀ-ਜੋਤ ਸਮਾ ਗਏ।
2. **ਸ੍ਰੀ ਗੁਰੂ ਅਮਰਦਾਸ ਜੀ** - ਗੁਰਗੱਦੀ ਤੇ ਬਿਰਾਜਮਾਨ ਮਾਰਚ 1552 ਈ. ਤੋਂ 1574 ਈ. ਤੱਕ ਰਹੇ।
   - ਬਾਉਲੀ ਸਾਹਿਬ ਦਾ ਨਿਰਮਾਣ (ਗੋਇੰਦਵਾਲ ਵਿੱਚ) ਮਾਰਚ 1559 ਈ. ਨੂੰ ਕੀਤਾ।
   - 1574 ਈ. ਵਿੱਚ ਗੁਰੂ ਜੀ ਜੋਤੀ-ਜੋਤ ਸਮਾ ਗਏ।
3. **ਸ੍ਰੀ ਗੁਰੂ ਰਾਮਦਾਸ ਜੀ**- ਗੁਰਗੱਦੀ ਤੇ ਬਿਰਾਜਮਾਨ 1574 ਈ. ਤੋਂ-1581 ਈ. ਤੱਕ **ਰਹੇ।**
   - 1 ਸਤੰਬਰ 1581 ਈ. ਵਿੱਚ ਜੋਤੀ-ਜੋਤ ਸਮਾ ਗਏ।

# ਅਭਿਆਸ

## 1. ਵਸਤੂਨਿਸ਼ਠ ਪ੍ਰਸ਼ਨ

### (ੳ) ਬਹੁ ਵਿਕਲਪੀ ਪ੍ਰਸ਼ਨ -

1. ਕਿਹੜੇ ਸਿੱਖ ਗੁਰੂ ਜੀ ਨੇ ਗੋਇੰਦਵਾਲ ਵਿੱਚ ਬਾਉਲੀ ਦਾ ਨਿਰਮਾਣ ਸ਼ੁਰੂ ਕਰਾਇਆ?

   ੳ) ਸ੍ਰੀ ਗੁਰੂ ਅੰਗਦ ਦੇਵ ਜੀ ਅ) ਸ੍ਰੀ ਗੁਰੂ ਅਮਰਦਾਸ ਜੀ

   ੲ) ਸ੍ਰੀ ਗੁਰੂ ਰਾਮਦਾਸ ਜੀ ਸ) ਸ੍ਰੀ ਗੁਰੂ ਨਾਨਕ ਦੇਵ ਜੀ

2. ਮੰਜੀਦਾਰਾਂ ਦੀ ਕੁੱਲ ਸੰਖਿਆ ਕਿੰਨੀ ਸੀ?

   ੳ) 20 ਅ) 21

   ੲ) 22 ਸ) 23

3. ਮੁਗਲ ਬਾਦਸ਼ਾਹ ਅਕਬਰ ਕਿਹੜੇ ਗੁਰੂ ਜੀ ਨੂੰ ਮਿਲਨ ਗੋਇੰਦਵਾਲ ਵਿਖੇ ਆਏ?

   ੳ) ਸ੍ਰੀ ਗੁਰੂ ਨਾਨਕ ਦੇਵ ਜੀ ਅ) ਸ੍ਰੀ ਗੁਰੂ ਅੰਗਦ ਦੇਵ ਜੀ

   ੲ) ਸ੍ਰੀ ਗੁਰੂ ਅਮਰਦਾਸ ਜੀ ਸ) ਸ੍ਰੀ ਗੁਰੂ ਰਾਮਦਾਸ ਜੀ

4. ਭਾਈ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨ ਲਈ ਕਿੱਥੇ ਗਏ?

   ੳ) ਸ੍ਰੀ ਅੰਮ੍ਰਿਤਸਰ ਸਾਹਿਬ ਅ) ਕਰਤਾਰਪੁਰ

   ੲ) ਗੋਇੰਦਵਾਲ ਸ) ਲਾਹੌਰ

5. ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਕਿਹੜੇ ਪੁੱਤਰ ਨੂੰ ਗੁਰਗੱਦੀ ਦਿੱਤੀ?

   ੳ) ਪਿਰਥੀਚੰਦ ਅ) ਮਹਾਂਦੇਵ

   ੲ) ਸ੍ਰੀ ਅਰਜਨ ਦੇਵ ਸ) ਕਿਸੇ ਨੂੰ ਨਹੀਂ

### (ਅ) ਖ਼ਾਲੀ ਥਾਂਵਾਂ ਭਰੋ:

1. ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਲਿਪੀ ਵਿੱਚ............ ਲਿਖਿਆ।
2. ............ਜੀ ਹਰ ਸਾਲ ਹਰਿਦੁਆਰ ਵਿੱਚ ਗੰਗਾ ਇਸਨਾਨ ਕਰਨ ਲਈ ਜਾਂਦੇ ਸਨ।
3. ............ ਨੇ ਗੋਇੰਦਵਾਲ ਵਿੱਚ ਬਾਉਲੀ ਦਾ ਨਿਰਮਾਣ ਪੂਰਾ ਕਰਵਾਇਆ।
4. ਸ੍ਰੀ ਗੁਰੂ ਰਾਮਦਾਸ ਜੀ ਨੇ.........ਨਗਰ ਦੀ ਸਥਾਪਨਾ ਕੀਤੀ।
5. 'ਲਾਵਾਂ' ਬਾਣੀ........... ਜੀ ਦੀ ਪ੍ਰਸਿੱਧ ਰਚਨਾ ਹੈ।

### (ੲ) ਸਹੀ ਮਿਲਾਣ ਕਰੋ:

| ੳ | ਅ |
|---|---|
| (1) ਬਾਬਾ ਬੁੱਢਾ ਜੀ | ਅੰਮ੍ਰਿਤ ਸਰੋਵਰ |
| (2) ਮਸੰਦ ਪ੍ਰਥਾ | ਸ੍ਰੀ ਗੁਰੂ ਰਾਮਦਾਸ ਜੀ |
| (3) ਭਾਈ ਲਹਿਣਾ | ਸ੍ਰੀ ਗੁਰੂ ਅੰਗਦ ਦੇਵ ਜੀ |
| (4) ਮੰਜੀਪ੍ਰਥਾ | ਸ੍ਰੀ ਗੁਰੂ ਅਮਰਦਾਸ ਜੀ |

## (ਸ) ਅੰਤਰ ਦੱਸੋ:

1. ਸੰਗਤ ਅਤੇ ਪੰਗਤ

## 2. ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂ ਕੀ ਸੀ?
2. 'ਗੁਰਮੁਖੀ' ਲਿਪੀ ਤੋਂ ਕੀ ਭਾਵ ਹੈ?
3. ਮੰਜੀਦਾਰ ਕਿਸਨੂੰ ਕਿਹਾ ਜਾਂਦਾ ਸੀ?
4. ਅੰਮ੍ਰਿਤਸਰ ਦਾ ਪੁਰਾਣਾ ਨਾਂ ਕੀ ਸੀ?
5. ਸ੍ਰੀ ਗੁਰੂ ਰਾਮਦਾਸ ਜੀ ਦਾ ਮੁਢਲਾ ਨਾਂ ਕੀ ਸੀ?
6. ਮਸੰਦ ਪ੍ਰਥਾ ਤੋਂ ਕੀ ਭਾਵ ਹੈ?

## 3. ਛੋਟੇ ਉੱਤਰਾਂ ਵਾਲੇ ਪ੍ਰਸ਼ਨ:

1. ਮੰਜੀ ਪ੍ਰਥਾ 'ਤੇ ਨੋਟ ਲਿਖੋ।
2. ਸ੍ਰੀ ਗੁਰੂ ਅੰਗਦ ਦੇਵ ਜੀ ਦਾ ਗੁਰਮੁਖੀ ਲਿਪੀ ਦੇ ਵਿਕਾਸ ਵਿੱਚ ਕੀ ਯੋਗਦਾਨ ਹੈ?
3. ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਕੀਤੇ ਸਮਾਜ ਸੁਧਾਰਕ ਕੰਮਾਂ 'ਤੇ ਨੋਟ ਲਿਖੋ।
4. ਅੰਮ੍ਰਿਤਸਰ ਦੀ ਸਥਾਪਨਾ 'ਤੇ ਨੋਟ ਲਿਖੋ।

## 3. ਵੱਡੇ ਉੱਤਰਾਂ ਵਾਲੇ ਪ੍ਰਸ਼ਨ:

1. ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖ ਪੰਥ ਦੇ ਵਿਕਾਸ ਲਈ ਬਹੁਤ ਹੀ ਮਹੱਤਵਪੂਰਨ ਕਾਰਜ ਕੀਤੇ। ਵਰਨਣ ਕਰੋ।
2. ਸ੍ਰੀ ਗੁਰੂ ਅਮਰਦਾਸ ਜੀ ਦਾ ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ ਦਾ ਵਰਨਣ ਕਰੋ?
3. ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਪੰਥ ਦੇ ਵਿਕਾਸ ਲਈ ਕਿਹੜੇ ਮਹੱਤਵਪੂਰਨ ਕਾਰਜ ਕੀਤੇ। ਵਰਨਣ ਕਰੋ।
4. ਗੁਰੂਆਂ ਵੱਲੋਂ ਨਵੇਂ ਨਗਰਾਂ ਦੀ ਸਥਾਪਨਾ ਅਤੇ ਨਵੀਂਆਂ ਪਰੰਪਰਾਵਾਂ ਦੀ ਸ਼ੁਰੂਆਤ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਪਾਇਆ?



# ਸ੍ਰੀ ਗੁਰੂ ਅਰਜਨ ਦੇਵ ਜੀ: ਸਿੱਖ ਧਰਮ ਦੇ ਵਿਕਾਸ ਵਿੱਚ ਯੋਗਦਾਨ ਅਤੇ ਉਹਨਾਂ ਦੀ ਸ਼ਹੀਦੀ

4

ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਦੇ ਰੂਪ ਵਿੱਚ 1581 ਈ. ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 25 ਸਾਲਾਂ ਤੱਕ ਸਿੱਖਾਂ ਦੀ ਅਗਵਾਈ ਕੀਤੀ। ਉਹਨਾਂ ਵੱਲੋਂ ਸਿੱਖ ਧਰਮ ਦੇ ਵਿਕਾਸ ਲਈ ਕੀਤੇ ਮਹਾਨ ਕਾਰਜਾਂ ਨੇ ਸਿੱਖਾਂ ਨੂੰ ਨਵੀਂ ਸੋਚ ਅਤੇ ਨਵੀਂ ਦਿਸ਼ਾ ਪ੍ਰਦਾਨ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾ ਕੇ ਅੰਮ੍ਰਿਤਸਰ ਨੂੰ ਸਿੱਖਾਂ ਦੇ ਮਹਾਨ ਅਧਿਆਤਮਕ ਕੇਂਦਰ ਦੇ ਰੂਪ ਵਿੱਚ ਸਥਾਪਿਤ ਕੀਤਾ ਅਤੇ ਸਿੱਖ ਧਰਮ ਲਈ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਸਿੱਖ ਧਰਮ ਨੂੰ ਪੂਰਨ ਰੂਪ ਵਿੱਚ ਇੱਕ ਵੱਖਰੇ ਧਰਮ ਦੇ ਰੂਪ ਵਿੱਚ ਪਹਿਚਾਨ ਦਿੱਤੀ। ਉਹਨਾਂ ਦੀ ਸ਼ਹੀਦੀ ਨੇ ਸਿੱਖਾਂ ਵਿੱਚ ਧਰਮ ਲਈ ਸਭ ਕੁਝ ਕੁਰਬਾਨ ਕਰਨ ਦਾ ਜਜ਼ਬਾ ਭਰਿਆ। ਆਓ ! ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਿੱਖ ਧਰਮ ਨੂੰ ਮਹਾਨ ਦੇਣ ਅਤੇ ਉਹਨਾਂ ਦੀ ਲਾਸਾਨੀ ਸ਼ਹੀਦੀ ਬਾਰੇ ਜਾਣੀਏ।

## ਮੁੱਢਲਾ ਜੀਵਨ:

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 ਈ. ਨੂੰ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਦੇ ਘਰ ਗੋਇੰਦਵਾਲ ਵਿਖੇ ਹੋਇਆ। ਸ੍ਰੀ ਅਰਜਨ ਦੇਵ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਤੀਸਰੇ ਅਤੇ ਸਭ ਤੋਂ ਛੋਟੇ ਪੁੱਤਰ ਸਨ। ਉਹ ਬਚਪਨ ਤੋਂ ਹੀ ਬਹੁਤ ਬੁੱਧੀਮਾਨ ਅਤੇ ਧਾਰਮਿਕ ਪ੍ਰਵਿਰਤੀ ਵਾਲੇ ਸਨ। ਉਹਨਾਂ ਨੇ ਬਾਬਾ ਬੁੱਢਾ ਜੀ ਤੋਂ ਗੁਰਮੁਖੀ ਦਾ ਗਿਆਨ ਪ੍ਰਾਪਤ ਕੀਤਾ, ਇਸ ਤੋਂ ਇਲਾਵਾ ਗੁਰੂ ਜੀ ਨੇ ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾ ਦੀ ਸਿੱਖਿਆ ਵੀ ਗ੍ਰਹਿਣ ਕੀਤੀ। ਉਹਨਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਤੋਂ ਅਧਿਆਤਮਿਕ ਅਤੇ ਗੁਰਬਾਣੀ ਦੀ ਸਿੱਖਿਆ ਪ੍ਰਾਪਤ ਕੀਤੀ। 1579 ਈ. ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ ਮੀਓ ਪਿੰਡ (ਫਿਲੌਰ) ਦੇ ਕ੍ਰਿਸ਼ਨ ਚੰਦ ਦੀ ਪੁੱਤਰੀ ਗੰਗਾ ਜੀ ਨਾਲ਼ ਹੋਇਆ। 1595 ਈ. ਵਿੱਚ ਆਪ ਜੀ ਦੇ ਘਰ ਪੁੱਤਰ ਨੇ ਜਨਮ ਲਿਆ, ਜੋ ਸਿੱਖਾਂ ਦੇ ਛੇਵੇਂ ਗੁਰੂ, ਸ੍ਰੀ ਗੁਰੂ ਹਰਗੋਬਿੰਦ ਜੀ ਦੇ ਨਾਂ ਨਾਲ਼ ਪ੍ਰਸਿੱਧ ਹੋਏ। ਸ੍ਰੀ ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਪਿਰਥੀਚੰਦ (ਪਿਰਥੀਆ), ਮਹਾਂਦੇਵ ਅਤੇ ਸ੍ਰੀ ਅਰਜਨ ਦੇਵ ਸਨ। ਪਿਰਥੀਆ ਸਭ ਤੋਂ ਵੱਡਾ ਪੁੱਤਰ ਸੀ। ਉਹ ਬਹੁਤ ਹੀ ਬੇਈਮਾਨ ਅਤੇ ਲਾਲਚੀ ਸੀ। ਸਿੱਖ ਪਰੰਪਰਾ ਦੇ ਅਨੁਸਾਰ ਉਸ ਨੂੰ **ਮੀਣਾ** ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ। ਮਹਾਂਦੇਵ ਦੀ ਸੰਸਾਰਿਕ ਕੰਮਾਂ ਵਿੱਚ ਰੁਚੀ ਨਹੀਂ ਸੀ। ਸ੍ਰੀ ਅਰਜਨ ਦੇਵ ਜੀ ਬਹੁਤ ਹੀ ਨਿਮਰ ਅਤੇ ਆਗਿਆਕਾਰੀ ਸਨ। ਉਨ੍ਹਾਂ ਦੀ ਸੇਵਾਭਾਵ ਅਤੇ ਭਗਤੀ ਕਾਰਨ ਸ੍ਰੀ ਗੁਰੂ ਰਾਮਦਾਸ ਜੀ ਨੇ 1581 ਈ. ਵਿੱਚ ਉਨ੍ਹਾਂ ਨੂੰ ਪੰਜਵੇਂ ਸਿੱਖ ਗੁਰੂ ਵਜੋਂ ਗੁਰਗੱਦੀ ਤੇ ਬਿਰਾਜਮਾਨ ਕੀਤਾ।

| ਸ੍ਰੀ ਗੁਰੂ ਅਰਜਨ ਦੇਵ ਜੀ | | | |
|---|---|---|---|
| ਜਨਮ | ਵਿਆਹ | ਗੁਰੂ ਗੱਦੀ | ਸ਼ਹੀਦੀ |
| 1563 ਈ. | 1579 ਈ. | 1581 ਈ. | 1606 ਈ. |

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਵਿੱਚ ਸਿੱਖ ਧਰਮ ਦਾ ਵਿਕਾਸ (1581-1606 ਈਂ ਤੱਕ)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁਸ਼ਕਲਾਂ ਅਤੇ ਵਿਰੋਧਾਂ ਦੇ ਬਾਵਜੂਦ 25 ਸਾਲ ਦੇ ਆਪਣੇ ਗੁਰੂਕਾਲ ਵਿੱਚ ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਅਤੇ ਵਿਕਾਸ ਲਈ ਬਹੁਤ ਹੀ ਮਹੱਤਵਪੂਰਨ ਕੰਮ ਕੀਤੇ।

1. **ਅੰਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਦੀ ਉਸਾਰੀ** - ਰਾਮਦਾਸਪੁਰ (ਅੰਮ੍ਰਿਤਸਰ ਨਗਰ) ਦੀ ਸਥਾਪਨਾ ਗੁਰੂ ਰਾਮਦਾਸ ਜੀ ਨੇ ਕੀਤੀ ਸੀ। ਉਨ੍ਹਾਂ ਨੇ ਅੰਮ੍ਰਿਤਸਰ ਅਤੇ ਸੰਤੋਖਸਰ ਨਾਂ ਦੇ ਸਰੋਵਰਾਂ ਦੇ ਨਿਰਮਾਣ ਦਾ ਕੰਮ ਵੀ ਸ਼ੁਰੂ ਕਰਵਾਇਆ, ਪਰ ਇਹ ਕੰਮ ਗੁਰੂ ਅਰਜਨ ਦੇਵ ਜੀ ਦੇ ਸਮੇਂ ਸੰਪੂਰਨ ਹੋਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਇੱਕ ਧਰਮ ਸਾਲ ਦਾ ਨਿਰਮਾਣ ਕਰਵਾਇਆ, ਜਿਸ ਦਾ ਨਾਂ **ਹਰਿਮੰਦਰ (ਈਸ਼ਵਰ ਦਾ ਘਰ)** ਰੱਖਿਆ ਗਿਆ। ਹਰਿਮੰਦਰ ਸਾਹਿਬ ਦੀ ਨੀਂਹ 1588 ਈ. ਵਿੱਚ ਪ੍ਰਸਿੱਧ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਜੀ ਨੇ ਰੱਖੀ। 1604 ਈ. ਵਿੱਚ ਹਰਿਮੰਦਰ ਸਾਹਿਬ ਵਿੱਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਇਸ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ।

2. **ਆਦਿ ਗ੍ਰੰਥ ਸਾਹਿਬ ਦਾ ਸੰਪਾਦਨ-ਸ੍ਰੀ** ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਸਿੱਖ ਧਰਮ ਬਹੁਤ ਫੈਲ ਚੁੱਕਿਆ ਸੀ। ਸਿੱਖ ਗੁਰੂਆਂ ਨੇ ਕਾਫੀ ਮਾਤਰਾ ਵਿੱਚ ਬਾਣੀ ਦੀ ਰਚਨਾ ਕਰ ਲਈ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੀ 30 **ਰਾਗਾਂ ਵਿੱਚ** 2218 **ਸ਼ਬਦਾਂ** ਦੀ ਰਚਨਾ ਕੀਤੀ। ਕੁਝ ਲੋਕਾਂ ਨੇ ਗੁਰੂਆਂ ਦੇ ਨਾਂ ਤੇ ਬਾਣੀ ਦੀ ਰਚਨਾ ਸ਼ੁਰੂ ਕਰ ਦਿੱਤੀ ਸੀ। ਇਸ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਗੁਰੂ ਸਾਹਿਬਾਨ ਦੀ ਬਾਣੀ ਦਾ ਗਿਆਨ ਕਰਵਾਉਣ ਅਤੇ ਉਸ ਦੀ ਸੰਭਾਲ ਕਰਨ ਲਈ ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਰਕੇ ਸਿੱਖਾਂ ਨੂੰ ਇੱਕ ਵੱਖਰਾ ਧਾਰਮਿਕ ਗ੍ਰੰਥ ਪ੍ਰਦਾਨ ਕੀਤਾ। ਗ੍ਰੰਥ ਦੇ ਸੰਕਲਨ ਦਾ ਕੰਮ ਅੰਮ੍ਰਿਤਸਰ ਵਿਖੇ ਰਾਮਸਰ ਸਰੋਵਰ ਦੇ ਕੰਢੇ ਏਕਾਂਤ ਸਥਾਨ 'ਤੇ ਆਰੰਭ ਕੀਤਾ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਬੋਲ ਕੇ ਭਾਈ ਗੁਰਦਾਸ ਜੀ ਤੋਂ ਬਾਣੀ ਨੂੰ ਲਿਖਵਾਇਆ। ਆਦਿ ਗ੍ਰੰਥ ਸਾਹਿਬ ਜੀ ਵਿੱਚ ਸਿੱਖ ਗੁਰੂਆਂ ਦੀ ਬਾਣੀ ਤੋਂ ਇਲਾਵਾ ਕਈ ਹਿੰਦੂ ਭਗਤਾਂ, ਸੂਫ਼ੀ-ਸੰਤਾਂ, ਭੱਟਾਂ ਅਤੇ ਗੁਰਸਿੱਖਾਂ ਦੇ ਸ਼ਬਦਾਂ ਨੂੰ ਸਥਾਨ ਦਿੱਤਾ ਗਿਆ। 1604 ਈ. ਵਿੱਚ ਆਦਿ ਗ੍ਰੰਥ ਸਾਹਿਬ ਜੀ ਦੇ ਸੰਕਲਨ ਦਾ ਕੰਮ ਸੰਪੂਰਨ ਹੋਇਆ ਅਤੇ ਇਸਦਾ ਪਹਿਲਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਬਾਬਾ ਬੁੱਢਾ ਜੀ ਨੂੰ ਇਸ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ ਗਿਆ।

**ਗਤੀਵਿਧੀ**

**ਸ਼੍ਰੀ ਹਰਿਮੰਦਰ ਸਾਹਿਬ ਨੂੰ ਸਵਰਨ ਮੰਦਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦੇ ਇਤਿਹਾਸਕ ਕਾਰਨਾਂ ਦੀ ਖੋਜ ਕਰੋ ਅਤੇ ਅਧਿਆਪਕ ਨਾਲ ਇਸ ਤੇ ਚਰਚਾ ਕਰੋ।**



ਸਾਈਂ ਮੀਆਂ ਮੀਰ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਦੇ ਹੋਏ



ਸ੍ਰੀ ਹਰਿਮੰਦਰ ਸਾਹਿਬ



ਗ੍ਰੰਥ ਸਾਹਿਬ ਜੀ ਦੇ ਸੰਕਲਨ ਦੀ ਤਸਵੀਰ



ਗ੍ਰੰਥ ਸਾਹਿਬ ਜੀ ਪ੍ਰਕਾਸ਼ ਉਤਸਵ

3. **ਛੇਹਰਟਾ ਦਾ ਨਿਰਮਾਣ**- ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਡਾਲੀ ਪਿੰਡ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਇੱਕ ਖੂਹ ਖੁਦਵਾਇਆ ਅਤੇ ਉਸ ਖੂਹ 'ਤੇ ਛੇ ਰਹਟ ਲਗਵਾਏ। ਇਸ ਤੋਂ ਬਾਅਦ ਇਸ ਪਿੰਡ ਦਾ ਨਾਂ ਛੇਹਰਟਾ ਪੈ ਗਿਆ।

4. **ਮਸੰਦ ਪ੍ਰਥਾ ਦਾ ਵਿਕਾਸ**- ਮਸੰਦ ਪ੍ਰਥਾ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ੁਰੂ ਕੀਤੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਸੰਦ ਪ੍ਰਥਾ ਦੇ ਵਿਕਾਸ ਲਈ ਨਵੇਂ ਨਿਯਮ ਬਣਾਏ। ਉਨ੍ਹਾਂ ਨੇ ਸਿੱਖਾਂ ਨੂੰ ਆਪਣੀ ਕਮਾਈ ਦਾ **ਦਸਵਾਂ ਭਾਗ (ਦਸਵੰਧ)** ਗੁਰੂਘਰ ਨੂੰ ਭੇਟ ਕਰਨ ਲਈ ਪ੍ਰੇਰਿਤ ਕੀਤਾ। ਦਸਵੰਧ ਇਕੱਠਾ ਕਰਨ ਲਈ ਗੁਰੂ ਜੀ ਨੇ ਬਹੁਤ ਹੀ ਜ਼ਿੰਮੇਵਾਰ ਸਿੱਖਾਂ ਨੂੰ ਮਸੰਦ ਨਿਯੁਕਤ ਕੀਤਾ, ਜੋ ਧਰਮ ਦਾ ਪ੍ਰਚਾਰ ਵੀ ਕਰਦੇ ਸਨ।

5. **ਲਾਹੌਰ ਵਿੱਚ ਬਾਉਲੀ ਦਾ ਨਿਰਮਾਣ**- ਗੁਰੂ ਜੀ ਨੇ 1599 ਈਂ ਵਿੱਚ ਆਪਣੀ ਲਾਹੌਰ ਯਾਤਰਾ ਦੌਰਾਨ ਡੱਬੀ ਬਜ਼ਾਰ ਵਿੱਚ ਇੱਕ ਬਾਉਲੀ ਦਾ ਨਿਰਮਾਣ ਕਰਵਾਇਆ। ਜਿਸ ਨਾਲ ਸਥਾਨਕ ਖੇਤਰ ਦੇ ਪਾਣੀ ਦੀ ਘਾਟ ਨੂੰ ਦੂਰ ਕੀਤਾ ਜਾ ਸਕਿਆ।

**ਛੇਹਰਟਾ ਦਾ ਨਿਰਮਾਣ**



ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਡਾਲੀ ਪਿੰਡ ਵਿੱਚ ਪਾਣੀ ਦੀ ਘਾਟ ਪੂਰੀ ਕਰਨ ਲਈ ਇੱਕ ਖੂਹ ਖੁਦਵਾਇਆ ਅਤੇ ਉਸ ਉੱਪਰ ਛੇਹਰਟਾ ਲਗਵਾਏ। ਇਸ ਤੋਂ ਬਾਅਦ ਇਸ ਪਿੰਡ ਦਾ ਨਾ ਛੇਹਰਟਾ ਪੈ ਗਿਆ।

**ਨਵੇਂ ਨਗਰਾਂ ਦੀ ਸਥਾਪਨਾ**

| ਤਰਨਤਾਰਨ | ਕਰਤਾਰਪੁਰ | ਹਰਗੋਬਿੰਦਪੁਰ |
|---|---|---|
| 1590 ਈ. ਵਿੱਚ ਗੁਰੂ ਅਰਜਨ ਦੇਵ ਜੀ ਨੇ ਮਾਝਾ ਦੇ ਖਾਰਾ ਨਾਂ ਦੇ ਪਿੰਡ ਵਿੱਚ ਅੰਮ੍ਰਿਤਸਰ ਤੋਂ ਵੀਹ ਕਿਲੋਮੀਟਰ ਦੱਖਣ ਵਿੱਚ ਤਰਨਤਾਰਨ ਨਾਮ ਦਾ ਸਰੋਵਰ ਬਣਵਾਇਆ। ਇਸ ਕਾਰਨ ਇਸ ਜਗ੍ਹਾ ਦਾ ਨਾਂ ਤਰਨਤਾਰਨ ਪੈ ਗਿਆ। | 1593 ਈ. ਵਿੱਚ ਜਲੰਧਰ ਦੇ ਕੋਲ ਕਰਤਾਰਪੁਰ ਨਗਰ (ਈਸ਼ਵਰ ਦਾ ਘਰ) ਦੀ ਸਥਾਪਨਾ ਕੀਤੀ ਅਤੇ ਗੰਗਸਰ ਸਰੋਵਰ ਦਾ ਨਿਰਮਾਣ ਕਰਵਾਇਆ। | 1595 ਈ. ਵਿੱਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਪੁੱਤਰ ਹਰਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿੱਚ ਬਿਆਸ ਨਦੀ ਦੇ ਕਿਨਾਰੇ ਹਰਗੋਬਿੰਦਪੁਰ ਨਗਰ ਵਸਾਇਆ। |

ਕੁਝ ਸਮੇਂ ਬਾਅਦ ਮਸੰਦ ਪ੍ਰਥਾ ਵਿੱਚ ਕਈ ਬੁਰਾਈਆਂ ਆ ਗਈਆਂ। ਮਸੰਦ ਲਾਲਚੀ ਅਤੇ ਹੰਕਾਰੀ ਹੋ ਗਏ। ਇਸ ਕਾਰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਥਾ ਨੂੰ ਬੰਦ ਕਰ ਦਿੱਤਾ।

6. **ਉੱਤਰਾਧਿਕਾਰੀ ਦੀ ਨਿਯੁਕਤੀ**- 1606 ਈ. ਵਿੱਚ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਤੋਂ ਪਹਿਲਾਂ ਹੀ ਆਪਣੇ ਪੁੱਤਰ ਹਰਗੋਬਿੰਦ ਜੀ ਨੂੰ ਸਿੱਖਾਂ ਦੇ ਛੇਵੇਂ ਗੁਰੂ ਦੇ ਰੂਪ ਵਿੱਚ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਦਿੱਤਾ ਸੀ। ਉਨ੍ਹਾਂ ਨੇ ਗੁਰੂ ਹਰਗੋਬਿੰਦ ਜੀ ਨੂੰ ਸਿੱਖ ਧਰਮ ਨੂੰ ਜਬਰ-ਜ਼ੁਲਮ ਦਾ ਟਾਕਰਾ ਕਰਨ ਲਈ ਪ੍ਰੇਰਿਤ ਕੀਤਾ।

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਮੁਗ਼ਲ ਬਾਦਸ਼ਾਹ ਅਕਬਰ ਸਾਰੇ ਧਰਮਾਂ ਪ੍ਰਤਿ ਬਹੁਤ ਉਦਾਰ ਸੀ। ਉਸਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਜਹਾਂਗੀਰ ਮੁਗ਼ਲ ਸਮਰਾਟ ਬਣਿਆ। ਉਹ ਇੱਕ ਕੱਟੜ ਮੁਸਲਮਾਨ ਸੀ। ਉਹ ਸਿੱਖ ਧਰਮ ਅਤੇ ਗੁਰੂ ਅਰਜਨ ਦੇਵ ਜੀ ਦੀ ਵੱਧ ਰਹੀ ਪ੍ਰਸਿੱਧੀ ਕਾਰਨ ਖੁਸ਼ ਨਹੀਂ ਸੀ। ਗੁਰੂ ਜੀ ਦੇ ਵਿਰੋਧੀਆਂ ਲਈ ਇਹ ਸੁਨਹਿਰੀ ਮੌਕਾ ਸੀ। ਉਸ ਸਮੇ ਸਮਰਾਟ ਜਹਾਂਗੀਰ ਦੇ ਪੁੱਤਰ ਖੁਸਰੋ ਨੇ ਜਹਾਂਗੀਰ ਦੇ ਵਿਰੁੱਧ ਵਿਦਰੋਹ ਕਰ ਦਿੱਤਾ। ਜਹਾਂਗੀਰ ਨੇ ਖੁਸਰੋ ਦੀ ਸਹਾਇਤਾ ਕਰਨ ਦੇ ਦੋਸ਼ ਵਿੱਚ ਗੁਰੂ ਜੀ ਨੂੰ ਬੜੀ ਬੇਰਹਿਮੀ ਨਾਲ ਸ਼ਹੀਦ ਕਰਵਾ ਦਿੱਤਾ।



ਮੁਗਲ ਸਮਰਾਟ (ਬਾਦਸ਼ਾਹ) ਜਹਾਂਗੀਰ

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੇਠ ਲਿਖੇ ਕਾਰਨਾਂ ਕਰਕੇ ਹੋਈ-

1. **ਸਿੱਖ ਪੰਥ ਦਾ ਵਿਸਥਾਰ**-ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਹਰਿਮੰਦਰ ਸਾਹਿਬ ਦਾ ਨਿਰਮਾਣ, ਤਰਨਤਾਰਨ, ਕਰਤਾਰਪੁਰ, ਹਰਗੋਬਿੰਦਪੁਰ ਨਗਰਾਂ ਦੀ ਸਥਾਪਨਾ ਅਤੇ ਆਦਿ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਾਰਨ ਸਿੱਖ ਧਰਮ ਬਹੁਤ ਤੇਜ਼ੀ ਨਾਲ਼ ਫੈਲ ਰਿਹਾ ਸੀ। ਲੋਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ **ਸੱਚੇ ਪਾਤਸ਼ਾਹ** ਕਹਿ ਕੇ ਬੁਲਾਉਣ ਲੱਗ ਪਏ ਸਨ। **ਦਸਵੰਧ ਪ੍ਰਥਾ** ਦੇ ਕਾਰਨ ਗੁਰੂ ਘਰ ਦੀ ਆਮਦਨ ਵਿੱਚ ਵੀ ਵਾਧਾ ਹੋ ਰਿਹਾ ਸੀ। ਇਸ ਲਈ ਜਹਾਂਗੀਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਧਦੇ ਹੋਏ ਪ੍ਰਭਾਵ ਤੋਂ ਰਾਜਨੀਤਿਕ ਖ਼ਤਰਾ ਮਹਿਸੂਸ ਹੋਣ ਲੱਗਾ।

2. **ਪ੍ਰਿਥੀ ਚੰਦ ਦੀ ਦੁਸ਼ਮਣੀ-ਪ੍ਰਿਥੀ ਚੰਦ ਗੁਰੂ ਅਰਜਨ ਦੇਵ ਜੀ ਦਾ ਸਭ ਤੋਂ ਵੱਡਾ ਭਰਾ ਸੀ। ਉਹ ਬਹੁਤ ਹੀ ਸੁਆਰਥੀ ਧੋਖੇਬਾਜ਼ ਅਤੇ ਬੇਈਮਾਨ ਸੀ। ਇਸ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਪਿਰਥੀਆ ਨੂੰ ਗੁਰਗੱਦੀ ਨਹੀਂ ਸੌਂਪੀ ਪਰ ਪ੍ਰਿਥੀ ਚੰਦ ਵੱਡਾ ਪੁੱਤਰ ਹੋਣ ਕਰਕੇ ਗੁਰਗੱਦੀ 'ਤੇ ਆਪਣਾ ਹੱਕ ਸਮਝਦਾ ਸੀ। ਗੁਰਗੱਦੀ ਨਾ ਮਿਲ਼ਨ ਦੇ ਕਾਰਨ ਉਹ ਗੁਰੂ ਜੀ ਦਾ ਦੁਸ਼ਮਣ ਬਣ ਗਿਆ।** ਉਸ ਨੇ ਗੁਰਗੱਦੀ ਪ੍ਰਾਪਤ ਕਰਨ ਲਈ ਗੁਰੂ ਜੀ ਵਿਰੁੱਧ ਬਹੁਤ ਸਾਜਿਸ਼ਾਂ ਕੀਤੀਆਂ। ਉਸ ਨੇ ਮਸੰਦਾਂ ਤੋਂ ਧਨ ਖੋਹਣਾ ਸ਼ੁਰੂ ਕਰ ਦਿੱਤਾ ਅਤੇ ਆਪਣੀਆਂ ਰਚਨਾਵਾਂ ਨੂੰ ਗੁਰੂ ਦੀ ਬਾਣੀ ਕਹਿ ਕੇ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ ਗੁਰੂ ਜੀ ਦੇ ਪੁੱਤਰ ਹਰਗੋਬਿੰਦ ਜੀ ਦੀ ਹੱਤਿਆ ਕਰਨ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ, ਪਰ ਪਿਰਥੀਆ ਆਪਣੀਆਂ ਸਾਜਿਸ਼ਾਂ ਵਿੱਚ ਅਸਫ਼ਲ ਹੋਣ ਕਾਰਨ ਉਸ ਨੇ ਮੁਗ਼ਲ ਅਧਿਕਾਰੀਆਂ ਨਾਲ਼ ਮਿਲ਼ ਕੇ ਗੁਰੂ ਜੀ ਦੇ ਵਿਰੁੱਧ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ।

3. **ਨਕਸ਼ਬੰਦੀਆਂ ਦਾ ਵਿਰੋਧ**- ਪੰਜਾਬ ਵਿੱਚ ਸਿੱਖ ਧਰਮ ਦੇ ਵਧ ਰਹੇ ਪ੍ਰਭਾਵ ਨੂੰ ਰੋਕਣ ਲਈ ਸਰਹੰਦ ਦੇ ਨਕਸ਼ਬੰਦੀ ਲਹਿਰ ਨਾਲ਼ ਸੰਬੰਧਿਤ ਮੁਸਲਮਾਨਾਂ ਨੇ ਸ਼ੇਖ ਅਹਿਮਦ ਸਰਹੰਦੀ ਦੀ ਅਗਵਾਈ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਮੁਗ਼ਲ ਬਾਦਸ਼ਾਹ ਅਕਬਰ ਨੂੰ ਬਹੁਤ ਸ਼ਿਕਾਇਤਾਂ ਕੀਤੀਆਂ। ਉਹ ਚਾਹੁੰਦਾ ਸੀ ਕਿ ਗ਼ੈਰ-ਮੁਸਲਮਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਵੀ ਛੋਟ ਨਾ ਦਿੱਤੀ ਜਾਵੇ ਪਰੰਤੂ ਅਕਬਰ ਬਾਦਸ਼ਾਹ ਧਾਰਮਿਕ ਤੌਰ ਤੇ ਉਦਾਰਵਾਦੀ ਸੀ ਇਸ ਲਈ ਨਕਸ਼ਬੰਦੀ ਲਹਿਰ ਨਾਲ਼ ਸੰਬੰਧਿਤ ਮੁਸਲਮਾਨ ਆਪਣੇ ਉਦੇਸ਼ਾਂ ਵਿੱਚ ਸਫ਼ਲ ਨਾ ਹੋ ਸਕੇ। ਇਸ ਤੋਂ ਬਾਅਦ ਜਹਾਂਗੀਰ ਦੇ ਮੁਗ਼ਲ ਸਮਰਾਟ ਬਣਨ 'ਤੇ ਉਹਨਾਂ ਨੇ ਜਹਾਂਗੀਰ ਨੂੰ ਗੁਰੂ ਜੀ ਦੇ ਖਿਲਾਫ਼ ਕਾਰਵਾਈ ਕਰਨ ਲਈ ਉਕਸਾਇਆ।

4. **ਚੰਦੂ ਸ਼ਾਹ ਦਾ ਵਿਰੋਧ** - ਚੰਦੂ ਸ਼ਾਹ ਲਾਹੌਰ ਦਰਬਾਰ ਦਾ ਪ੍ਰਭਾਵਸ਼ਾਲੀ ਅਧਿਕਾਰੀ ਸੀ। ਚੰਦੂਸ਼ਾਹ ਦੀ ਪੁੱਤਰੀ ਦਾ ਰਿਸ਼ਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪੁੱਤਰ ਹਰਗੋਬਿੰਦ ਦੇ ਨਾਲ਼ ਹੋਣਾ ਤੈਅ ਹੋਇਆ ਸੀ। ਪਰੰਤੂ ਚੰਦੂਸ਼ਾਹ ਦੇ ਹੰਕਾਰ ਦੇ ਕਾਰਨ ਗੁਰੂ ਜੀ ਨੇ ਸਿੱਖ ਸੰਗਤ ਦੀ ਸਲਾਹ ਮੰਨਦੇ ਹੋਏ ਇਹ ਰਿਸ਼ਤਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਚੰਦੂਸ਼ਾਹ ਨੇ ਇਸ ਨੂੰ ਆਪਣਾ ਅਪਮਾਨ ਸਮਝਿਆ ਅਤੇ ਉਹ ਗੁਰੂ ਜੀ ਦਾ ਵਿਰੋਧੀ ਬਣ ਗਿਆ। ਉਸ ਨੇ ਬਾਦਸ਼ਾਹ ਅਕਬਰ ਨੂੰ ਗੁਰੂ ਜੀ ਦੇ ਵਿਰੁੱਧ



**ਕੀ ਤੁਸੀਂ ਜਾਣਦੇ ਹੋ?**

ਗੁਰਗੱਦੀ ਪ੍ਰਾਪਤ ਕਰਨ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਹੋਣ ਤੋਂ ਬਾਅਦ ਪ੍ਰਿਥੀ ਚੰਦ ਨੇ ਇੱਕ ਨਵਾਂ ਸੰਪਰਦਾਇ ਚਲਾ ਲਿਆ ਜਿਸ ਨੂੰ 'ਮੀਣਾ ਸੰਪਰਦਾਇ' ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਪਿਰਥੀਆ ਦਾ ਪੁੱਤਰ ਮਿਹਰਬਾਨ ਉੱਚ ਕੋਟਿ ਦਾ ਵਿਦਵਾਨ ਸੀ। ਪ੍ਰਿਥੀ ਚੰਦ ਤੋਂ ਬਾਅਦ ਉਹ ਮੀਣਾ ਸੰਪਰਦਾਇ ਦਾ ਮੁਖੀ ਬਣਿਆ। ਉਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ਼ ਸੰਬੰਧਿਤ ਜਨਮਸਾਖੀ ਦੀ ਰਚਨਾ ਕੀਤੀ। ਮਿਹਰਬਾਨ ਦੁਆਰਾ ਰਚੀ ਜਨਮਸਾਖੀ ਨੂੰ ਮਹੱਤਵਪੂਰਨ ਜਨਮਸਾਖੀ ਮੰਨਿਆ ਜਾਂਦਾ ਹੈ।

ਭੜਕਾਇਆ ਪਰ ਉਹ ਅਸਫ਼ਲ ਰਿਹਾ। ਬਾਅਦ ਵਿੱਚ ਉਸ ਨੇ ਜਹਾਂਗੀਰ ਨੂੰ ਗੁਰੂ ਜੀ ਖਿਲਾਫ਼ ਕਾਰਵਾਈ ਕਰਨ ਲਈ ਭੜਕਾਇਆ, ਜੋ ਕਿ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਬਣਿਆ।

5. **ਜਹਾਂਗੀਰ ਦੀ ਧਾਰਮਿਕ ਅਸਹਿਣਸ਼ੀਲਤਾ**- ਮੁਗ਼ਲ ਬਾਦਸ਼ਾਹ ਜਹਾਂਗੀਰ ਇੱਕ ਕੱਟੜ ਮੁਸਲਮਾਨ ਸੀ। ਪਰ ਉਸ ਸਮੇ ਹਰ ਜਾਤੀ ਅਤੇ ਧਰਮ ਦੇ ਲੋਕ ਸਿੱਖ ਧਰਮ ਦੀ ਉਦਾਰਤਾ ਅਤੇ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਧਰਮ ਨੂੰ ਅਪਣਾ ਰਹੇ ਸਨ। ਜਹਾਂਗੀਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਧਦੇ ਪ੍ਰਭਾਵ ਨਾਲ਼ ਈਰਖਾ ਹੋਣ ਲੱਗੀ। ਉਹ ਸਿੱਖ ਮੱਤ ਦੇ ਵਿਸਥਾਰ ਨੂੰ ਰੋਕਣਾ ਚਾਹੁੰਦਾ ਸੀ।

6. **ਤਤਕਾਲੀ ਕਾਰਨ**- ਖੁਸਰੋ ਨੇ ਰਾਜਗੱਦੀ ਪ੍ਰਾਪਤ ਕਰਨ ਲਈ ਆਪਣੇ ਪਿਤਾ ਜਹਾਂਗੀਰ ਵਿਰੁੱਧ ਵਿਦਰੋਹ ਕਰ ਦਿੱਤਾ ਸੀ। ਜਹਾਂਗੀਰ ਨੇ ਖੁਸਰੋ ਨੂੰ ਗ੍ਰਿਫ਼ਤਾਰ ਕਰਨ ਲਈ ਉਸ ਦੇ ਪਿੱਛੇ ਮੁਗ਼ਲ ਸੈਨਾ ਭੇਜ ਦਿੱਤੀ। ਕਿਹਾ ਜਾਂਦਾ ਹੈ ਕਿ ਖੁਸਰੋ ਗੁਰੂ ਜੀ ਨੂੰ ਗੋਇੰਦਵਾਲ ਵਿਖੇ ਮਿਲ਼ਿਆ। ਸਿੱਖ ਮਰਿਆਦਾ ਅਨੁਸਾਰ ਗੁਰੂ ਜੀ ਨੇ ਉਸ ਦਾ ਗੁਰੂ ਘਰ ਆਉਣ 'ਤੇ ਆਦਰ-ਮਾਣ ਕੀਤਾ ਅਤੇ ਲੰਗਰ ਵੀ ਛਕਾਇਆ। ਪਰੰਤੂ ਗੁਰੂ ਜੀ ਦੇ ਵਿਰੋਧੀਆਂ ਨੇ ਜਹਾਂਗੀਰ ਦੇ ਕੰਨ ਭਰ ਦਿੱਤੇ ਕਿ ਗੁਰੂ ਜੀ ਨੇ ਖੁਸਰੋ ਨੂੰ ਸ਼ਰਨ ਦਿੱਤੀ ਹੈ ਅਤੇ ਉਸ ਨੂੰ ਧਨ ਦੇ ਕੇ ਉਸਦੀ ਸਹਾਇਤਾ ਵੀ ਕੀਤੀ ਹੈ। ਜਹਾਂਗੀਰ ਨੇ ਖੁਸਰੋ ਦੀ ਸਹਾਇਤਾ ਕਰਨ ਦੇ ਅਪਰਾਧ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਦਾ ਆਦੇਸ਼ ਦੇ ਦਿੱਤਾ।

7. **ਸ਼ਹੀਦੀ**- ਮੁਗ਼ਲ ਸਮਰਾਟ ਜਹਾਂਗੀਰ ਦੇ ਆਦੇਸ਼ ਅਨੁਸਾਰ 24 ਮਈ, 1606 ਈ. ਨੂੰ ਗੁਰੂ ਜੀ ਨੂੰ ਬੰਦੀ ਬਣਾ ਕੇ ਲਾਹੌਰ ਲਿਆਂਦਾ ਗਿਆ। ਜਹਾਂਗੀਰ ਨੇ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ। ਇਸਦੇ ਨਾਲ਼ ਨਾਲ਼ ਗੁਰੂ ਜੀ ਦੇ ਪਰਿਵਾਰ ਨੂੰ ਮੁਰਤਜਾਖ਼ਾਨ ਦੇ ਸਪੁਰਦ ਕਰਨ ਅਤੇ ਉਹਨਾਂ ਦੀ ਸੰਪਤੀ ਨੂੰ ਜ਼ਬਤ ਕਰਨ ਦੇ ਹੁਕਮ ਵੀ ਦਿੱਤੇ। ਜਹਾਂਗੀਰ ਦੇ ਹੁਕਮਾਂ ਅਨੁਸਾਰ 30 ਮਈ 1606 ਈ. ਨੂੰ ਬਹੁਤ ਹੀ ਦਿਲਵਲੂੰਦਰ ਦੇਣ ਵਾਲ਼ੇ ਤਸੀਹੇ ਦੇ ਕੇ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ। ਸਿੱਖ ਪਰੰਪਰਾ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦਾਂ ਦੇ 'ਸਿਰਤਾਜ' ਕਿਹਾ ਜਾਂਦਾ ਹੈ।

**ਸ਼੍ਰੀ ਗੁਰੂ ਗ੍ਰੰਥ ਸਾਹਿਬ**





ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੱਲ 1430 ਪੰਨੇ ਹਨ, ਜਿਹਨਾਂ ਨੂੰ ਅੰਗ ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 6 ਗੁਰੂਆਂ 15 ਭਗਤਾਂ 11 ਭੱਟਾਂ ਅਤੇ 4 ਸਿੱਖਾਂ ਦੀ ਬਾਣੀ ਦਰਜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 974, ਸ੍ਰੀ ਗੁਰੂ ਅੰਗਦ ਦੇਵ ਜੀ ਦੇ 63, ਗੁਰੂ ਅਮਰਦਾਸ ਜੀ ਦੇ 907, ਗੁਰੂ ਰਾਮਦਾਸ ਜੀ ਦੇ 679, ਸ੍ਰੀ ਗੁਰੂ ਅਰਜਨ ਦੇਵ ਜੀ ਦੇ 2218 ਸ਼ਲੋਕ ਅਤੇ 116 ਸ਼ਬਦ ਅਤੇ 2 ਸ਼ਲੋਕ ਸ਼ਾਮਿਲ ਹਨ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕਬੀਰ ਫ਼ਰੀਦ, ਰਵੀਦਾਸ, ਸੂਰਦਾਸ, ਨਾਮਦੇਵ, ਜੈ ਦੇਵ, ਤ੍ਰਿਲੋਚਨ, ਧੰਨਾ, ਪੀਪਾ ਸੈਣ, ਸਧਨਾ, ਪਰਮਾਨੰਦ, ਰਾਮਾਨੰਦ, ਜੋ ਕਿ ਵੱਖ-ਵੱਖ ਜਾਤੀਆਂ ਅਤੇ ਧਰਮਾਂ ਨਾਲ ਸਬੰਧਤ ਸਨ, ਦੀ ਬਾਣੀ ਨੂੰ ਸਥਾਨ ਦਿੱਤਾ ਗਿਆ। ਇਸ ਵਿੱਚ ਬਲ, ਦਲ, ਨਲ, ਸਲ, ਗੰਗਾ, ਦਾਸ, ਮਥੁਰਾ, ਭੀਖਾ, ਕਿਰਤ, ਹਰਬੰਸ ਨਾਂ ਦੇ ਭੱਟਾਂ ਦੇ ਸ਼ਬਦ ਅਤੇ ਮਰਦਾਨਾ, ਸੱਤਾ ਬਲਵੰਡ ਅਤੇ ਸੁੰਦਰ ਦੀਆਂ ਰਚਨਾਵਾਂ ਵੀ ਸ਼ਾਮਿਲ ਹਨ।

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਪ੍ਰਭਾਵ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਰਾਜਸੀ ਤਾਕਤਾਂ ਦੇ ਅੱਤਿਆਚਾਰਾਂ ਦਾ ਨਿਡਰਤਾ ਨਾਲ਼ ਵਿਰੋਧ ਕੀਤਾ ਜਿਸ ਦੇ ਕਾਰਨ ਸਿੱਖ ਧਰਮ ਵਿੱਚ ਮਹੱਤਵ ਪੂਰਨ ਪਰਿਵਰਤਨ ਆਏ।ਉਹਨਾਂ ਦੀ ਸ਼ਹੀਦੀ ਨਾਲ਼ ਲੋਕਾਂ ਦਾ ਸਿੱਖ ਧਰਮ ਵਿੱਚ ਵਿਸ਼ਵਾਸ ਹੋਰ ਵੱਧ ਗਿਆ।

1. **ਸ੍ਰੀ ਗੁਰੂ ਹਰਗੋਬਿੰਦ ਜੀ ਦੀ ਨਵੀਂ ਨੀਤੀ**- ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਾਰਨ ਸਿੱਖ ਧਰਮ ਵਿੱਚ ਬਹੁਤ ਵੱਡਾ ਪਰਿਵਰਤਨ ਆਇਆ। ਛੇਵੇਂ ਗੁਰੂ ਸ੍ਰੀ ਹਰਗੋਬਿੰਦ ਜੀ 'ਤੇ ਇਸ ਘਟਨਾ ਦਾ ਬਹੁਤ ਡੂੰਘਾ ਪ੍ਰਭਾਵ ਪਿਆ। ਉਹਨਾਂ ਨੇ ਮਹਿਸੂਸ ਕੀਤਾ ਕਿ ਧਰਮ ਦੀ ਰੱਖਿਆ ਲਈ ਰਾਜਸੀ ਤਾਕਤ ਵੀ ਹੋਣੀ ਜਰੂਰੀ ਹੈ। ਇਸ ਲਈ ਉਹਨਾਂ ਨੇ **ਮੀਰੀ** (**ਰਾਜਸੀ**) ਅਤੇ **ਪੀਰੀ** (**ਅਧਿਆਤਮਕ**) ਨਾਂ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਉਹਨਾਂ ਨੇ ਹੌਲ਼ੀ-ਹੌਲ਼ੀ ਆਪਣੀ ਸੈਨਿਕ ਤਾਕਤ ਵਧਾਉਣੀ ਸ਼ੁਰੂ ਕਰ ਦਿੱਤੀ। ਇਸ ਮੰਤਵ ਲਈ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰਾਮਣੇ 1606 ਈ. ਵਿੱਚ ਸ੍ਰੀ **ਅਕਾਲ ਤਖ਼ਤ ਸਾਹਿਬ** ਦਾ ਨਿਰਮਾਣ ਕਰਵਾਇਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਾਰੀਆਂ ਰਾਜਨੀਤਿਕ ਗਤੀਵਿਧੀਆਂ ਚਲਾਈਆਂ ਜਾਂਦੀਆਂ ਸਨ। ਹੁਣ ਸਿੱਖ ਹਥਿਆਰ ਧਾਰਨ ਕਰਨ ਲੱਗ ਗਏ ਅਤੇ ਉਹ ਗੁਰੂ ਜੀ ਨੂੰ ਘੋੜੇ ਅਤੇ ਹਥਿਆਰ ਭੇਟ ਕਰਨ ਲੱਗ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ **ਸੰਤ ਸਿਪਾਹੀ** ਬਣਾ ਦਿੱਤਾ।



ਸ੍ਰੀ ਗੁਰੂ ਹਰਿ ਗੋਬਿੰਦ ਮੀਰੀ ਪੀਰੀ ਧਾਰਨ ਕਰਦੇ ਹੋਏ



ਮੀਰੀ (ਰਾਜਸੀ) ਪੀਰੀ (ਧਾਰਮਿਕ) ਤਲਵਾਰਾਂ

2. **ਸਿੱਖ ਤੇ ਮੁਗ਼ਲ ਸ਼ਾਸ਼ਕਾਂ ਦੇ ਸਬੰਧਾਂ ਵਿੱਚ ਟਕਰਾਅ**: - **ਮੁਗ਼ਲ ਬਾਦਸ਼ਾਹ** ਅਕਬਰ ਦੇ ਸਮੇ ਤੱਕ ਸਿੱਖਾਂ ਦੇ ਮੁਗ਼ਲਾਂ ਨਾਲ਼ ਬਹੁਤ ਵਧੀਆ ਸਬੰਧ ਰਹੇ।ਅਕਬਰ ਖ਼ੁਦ ਸਿੱਖ ਗੁਰੂਆਂ ਅਤੇ ਸਿੱਖ ਧਰਮ ਦਾ ਸਨਮਾਨ ਕਰਦਾ ਸੀ, ਪਰ ਮੁਗ਼ਲ ਸਮਰਾਟ ਜਹਾਂਗੀਰ ਦੁਆਰਾ ਬੇਦਰਦੀ ਨਾਲ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਕਾਰਨ ਸਿੱਖ ਕੌਮ ਦਾ ਮੁਗਲਾਂ ਦੇ ਨਾਲ ਟਕਰਾਅ ਸ਼ੁਰੂ ਹੋ ਗਿਆ।

3. **ਮੁਗ਼ਲ ਸ਼ਾਸ਼ਕਾਂ ਦਾ ਸਿੱਖਾਂ ਉੱਤੇ ਅੱਤਿਆਚਾਰ**- ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਸਿੱਖਾਂ ਨੂੰ ਹਥਿਆਰਬੰਦ ਕੀਤਾ। ਸਿੱਖਾਂ ਉੱਤੇ ਰਾਜਸੀ ਅੱਤਿਆਚਾਰ ਦਾ ਦੌਰ ਸ਼ੁਰੂ ਹੋ ਗਿਆ। ਸ੍ਰੀ ਗੁਰੂ ਹਰਗੋਬਿੰਦ ਜੀ ਨੂੰ 1609 ਈਂ ਵਿੱਚ ਜਹਾਂਗੀਰ ਨੇ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ। ਸ਼ਾਹਜਹਾਂ ਦੇ ਸਮੇਂ ਸਿੱਖਾਂ ਅਤੇ ਮੁਗ਼ਲਾਂ ਦੇ ਵਿਚਕਾਰ ਕਈ ਯੁੱਧ ਹੋਏ।ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ 1675 ਈ. ਵਿੱਚ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿਖੇ ਸ਼ਹੀਦ ਕਰਵਾ ਦਿੱਤਾ।ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੰਦਾ ਸਿੰਘ ਬਹਾਦਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇ ਵੀ ਮੁਗ਼ਲ-ਸਿੱਖ ਸੰਘਰਸ਼ ਜਾਰੀ ਰਿਹਾ।

4. **ਸਿੱਖਾਂ ਵਿੱਚ ਏਕਤਾ ਦੀ ਭਾਵਨਾ ਦਾ ਵਿਕਾਸ**- ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਜਬਰ-ਜ਼ੁਲਮ ਦੇ

ਖਿਲਾਫ਼ ਮਰ-ਮਿਟਣ ਲਈ ਤਿਆਰ ਹੋ ਗਏ। ਉਹਨਾਂ ਦਾ ਸਿੱਖ ਧਰਮ ਵਿੱਚ ਵਿਸ਼ਵਾਸ ਹੋਰ ਪੱਕਾ ਹੋ ਗਿਆ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਿੱਖਾਂ ਲਈ ਪ੍ਰੇਰਨਾ ਦਾ ਸ੍ਰੋਤ ਬਣ ਗਈ ਅਤੇ ਉਹਨਾਂ ਵਿੱਚ ਏਕਤਾ ਦੀ ਭਾਵਨਾ ਦਾ ਵਿਕਾਸ ਹੋਇਆ।

ਇਸ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੇ ਗਏ ਕਾਰਜਾਂ ਨੇ ਸਿੱਖ ਧਰਮ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਉਹਨਾਂ ਦੀ ਅਸਧਾਰਨ ਨਿਮਰਤਾ, ਬਹਾਦਰੀ, ਨਿਡਰਤਾ, ਸਾਹਸ ਅਤੇ ਲਾਸਾਨੀ ਆਤਮ-ਬਲੀਦਾਨ ਨੇ ਸਿੱਖਾਂ ਵਿੱਚ ਅਦੁੱਤੀ ਜੋਸ਼ ਦਾ ਸੰਚਾਰ ਕੀਤਾ।

## ਕੁੱਝ ਯਾਦ ਰੱਖਣ ਯੋਗ ਗੱਲਾਂ

| ਸਿੱਖ ਗੁਰੂ | ਜਨਮ ਮਿਤੀ | ਜਨਮ ਸਥਾਨ | ਮਾਤਾ-ਪਿਤਾ | ਪਤਨੀ | ਸੰਤਾਨ | ਗੁਰਗੱਦੀ ਸਾਲ |
|---|---|---|---|---|---|---|
| 1. ਸ੍ਰੀ ਗੁਰੂ ਨਾਨਕ ਦੇਵ ਜੀ | 15 ਅਪ੍ਰੈਲ, 1469 ਈ. | ਰਾਇ ਭੋਇ ਦੀ ਤਲਵੰਡੀ (ਪਾਕਿਸਤਾਨ) | ਪਿਤਾ-ਮਹਿਤਾ ਕਾਲੂ ਜੀ ਮਾਤਾ-ਤ੍ਰਿਪਤਾ ਜੀ | ਬੀਬੀ ਸੁਲੱਖਣੀ ਜੀ | ਪੁੱਤਰ-ਬਾਬਾ ਸ੍ਰੀਚੰਦ, ਬਾਬਾ ਲਖਮੀਚੰਦ | 1469 ਈ. 1539 ਈ. |
| 2. ਸ੍ਰੀ ਗੁਰੂ ਅੰਗਦ ਦੇਵ ਜੀ | 31 ਮਾਰਚ, 1504 ਈ. | ਮਤੇ ਦੀ ਸਰਾਇ (ਸਰਾਂਨਿਗਾਰਾ) ਸ੍ਰੀ ਮੁਕਤਸਰ ਸਾਹਿਬ। | ਪਿਤਾ-ਫੇਰੂਮਲ ਜੀ ਮਾਤਾ-ਸਭਰਾਈ ਦੇਵੀ ਜੀ | ਬੀਬੀ ਖੀਵੀ ਜੀ | ਪੁੱਤਰ-ਦਾਤੂ ਅਤੇ ਦਾਸੂ ਪੁੱਤਰੀਆਂ-ਬੀਬੀ ਅਮਰੋ, ਬੀਬੀ ਅਨੋਖੀ | 1539 ਈ. 1552 ਈ. |
| 3. ਸ੍ਰੀ ਗੁਰੂ ਅਮਰਦਾਸ ਜੀ | 5 ਮਈ, 1479 ਈ. | ਬਾਸਰਕੇ, ਸ੍ਰੀ ਅੰਮ੍ਰਿਤਸਰ। | ਪਿਤਾ-ਤੇਜਭਾਨ ਜੀ ਮਾਤਾ-ਸੁਲੱਖਣੀ ਜੀ | ਮਨਸਾ ਦੇਵੀ ਜੀ | ਪੁੱਤਰ-ਮੋਹਨ ਅਤੇ ਮੋਹਰੀ ਪੁੱਤਰੀਆਂ-ਬੀਬੀ ਦਾਨੀ, ਬੀਬੀ ਭਾਨੀ | 1552 ਈ. 1574 ਈ. |
| 4. ਸ੍ਰੀ ਗੁਰੂ ਰਾਮਦਾਸ ਜੀ | 24 ਸਤੰਬਰ, 1534 ਈ. | ਚੂਨਾਮੰਡੀ, ਲਾਹੌਰ। (ਪਾਕਿਸਤਾਨ) | ਪਿਤਾ-ਸ੍ਰੀ ਹਰਿਦਾਸ ਜੀ ਮਾਤਾ-ਅਨੂਪ ਦੇਵੀ ਜੀ | ਬੀਬੀ ਭਾਨੀ ਜੀ | ਪੁੱਤਰ-ਪ੍ਰਿਥੀਚੰਦ, ਮਹਾਂਦੇਵ, ਅਰਜਨ ਦੇਵ | 1574 ਈ. 1581 ਈ. |
| 5. ਸ੍ਰੀ ਗੁਰੂ ਅਰਜਨ ਦੇਵ ਜੀ | 15 ਅਪ੍ਰੈਲ, 1563 | ਗੋਇੰਦਵਾਲ, ਅੰਮ੍ਰਿਤਸਰ। | ਪਿਤਾ-ਗੁਰੂ ਰਾਮਦਾਸ ਜੀ ਮਾਤਾ-ਬੀਬੀ ਭਾਨੀ ਜੀ | ਬੀਬੀ ਗੰਗਾ ਜੀ | ਪੁੱਤਰ-ਹਰਗੋਬਿੰਦ | 1581 ਈ. 1606 ਈ. |



## ਮਹੱਤਵਪੂਰਨ ਮਿਤੀਆਂ

1. 1581 ਈ. ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ।
2. 1588 ਈ. ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਪ੍ਰਸਿੱਧ ਸੂਫ਼ੀ ਫ਼ਕੀਰ ਮੀਆਂ ਮੀਰ ਜੀ ਨੇ ਰੱਖੀ।
3. 1590 ਈ. ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝੇ ਦੇ ਖਾਰਾ ਪਿੰਡ ਵਿੱਚ ਤਰਨਤਾਰਨ ਨਾਂ ਦਾ ਸਰੋਵਰ ਬਣਵਾਇਆ।
4. 1593 ਈ. ਵਿੱਚ ਕਰਤਾਰਪੁਰ ਜਲੰਧਰ ਦੀ ਸਥਾਪਨਾ ਕੀਤੀ ਅਤੇ ਗੰਗਸਰ ਸਰੋਵਰ ਦਾ ਨਿਰਮਾਣ ਕਰਵਾਇਆ।
5. 1595 ਈ. ਵਿੱਚ ਬਿਆਸ ਨਦੀ ਦੇ ਕੰਢੇ ਹਰਗੋਬਿੰਦਪੁਰ ਨਗਰ ਵਸਾਇਆ।
6. 1604 ਈ. ਵਿੱਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪਾਦਨ ਦਾ ਕੰਮ ਸੰਪੂਰਨ ਹੋਇਆ।
7. 1606 ਈ. ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਸਿੱਖਾਂ ਦਾ ਛੇਵਾਂ ਗੁਰੂ ਨਿਯੁਕਤ ਕੀਤਾ।
8. 30 ਮਈ, 1606 ਈ. ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਜੋਤੀ-ਜੋਤ ਸਮਾ ਗਏ।

# ਅਭਿਆਸ

## ਵਸਤੂਨਿਸ਼ਠ ਪ੍ਰਸ਼ਨ

### (ੳ) ਬਹੁਵਿਕਲਪੀ ਪ੍ਰਸ਼ਨ :

1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਤਾ ਜੀ ਦਾ ਨਾਂ–
   ੳ) ਬੀਬੀ ਭਾਨੀ ਅ) ਸਭਰਾਈ ਦੇਵੀ
   ੲ) ਬੀਬੀ ਅਮਰੋ ਸ) ਬੀਬੀ ਅਨੋਖੀ
2. ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਦਾ ਨਾਂ–
   ੳ) ਮਹਾਂਦੇਵ ਅ) ਸ੍ਰੀ ਅਰਜਨ ਦੇਵ
   ੲ) ਪ੍ਰਿਥੀ ਚੰਦ ਸ) ਸ੍ਰੀ ਹਰਗੋਬਿੰਦ
3. ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਜਹਾਂਗੀਰ ਨੇ ਕਿਹੜੇ ਕਿਲੇ ਵਿੱਚ ਕੈਦ ਕੀਤਾ ਸੀ?
   ੳ) ਗਵਾਲੀਅਰ ਅ) ਲਾਹੌਰ
   ੲ) ਦਿੱਲੀ ਸ) ਜੈਪੁਰ
4. ਖੁਸਰੋ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਿੱਥੇ ਮਿਲਿਆ?
   ੳ) ਗੋਇੰਦਵਾਲ ਅ) ਸ੍ਰੀ ਹਰਗੋਬਿੰਦਪੁਰ
   ੲ) ਕਰਤਾਰਪੁਰ ਸ) ਸੰਤੋਖਸਰ
5. ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੁਆਰਾ ਕਦੋਂ ਸ਼ਹੀਦ ਕੀਤਾ ਗਿਆ?
   ੳ) 24 ਮਈ, 1606 ਈ. ਅ) 30 ਮਈ, 1606 ਈ.
   (ੲ)30 ਮਈ,1581 ਈ. ਸ) 24 ਮਈ,1675 ਈ.

### (ਅ) ਖ਼ਾਲੀ ਥਾਵਾਂ ਭਰੋ:

1. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਰੂਕਾਲ..........ਤੋਂ ..........ਤੱਕ ਸੀ।
2. 1590 ਈ. ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ....... .......ਨਾਂ ਦਾ ਸਰੋਵਰ ਬਣਵਾਇਆ।

### (ੲ) ਸਹੀ ਮਿਲਾਨ ਕਰੋ:

| ੳ | ਅ |
|---|---|
| .1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ | 1. ਜਹਾਂਗੀਰ |
| 2. ਮੀਰੀ ਪੀਰੀ | 2. 30 ਮਈ 1606 ਈ. |
| 3. ਸਾਂਈ ਮੀਆਂ ਮੀਰ | 3. ਸ੍ਰੀ ਗੁਰੂ ਹਰਗੋਬਿੰਦ ਜੀ |
| 4. ਖੁਸਰੋ | 4. ਸ੍ਰੀ ਹਰਮੰਦਿਰ ਸਾਹਿਬ ਦੀ ਨੀਂਹ ਰੱਖਣਾ |

### (ਸ) ਅੰਤਰ ਦੱਸੋ:

1. ਮੀਰੀ ਅਤੇ ਪੀਰੀ

## II. ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

1. ਸਿੱਖਾਂ ਦੇ ਪੰਜਵੇਂ ਗੁਰੂ ਕੌਣ ਹਨ?
2. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਦੋਂ ਅਤੇ ਕਿਸ ਨੇ ਰੱਖੀ?
3. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਿਸ ਤੋਂ ਲਿਖਵਾਇਆ?
4. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਦੋਂ ਸੰਪੂਰਨ ਹੋਈ?
5. ਨਕਸ਼ਬੰਦੀ ਲਹਿਰ ਦਾ ਨੇਤਾ ਕੌਣ ਸੀ?
6. ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਕੌਣ ਸਨ?
7. 'ਦਸਵੰਧ' ਤੋਂ ਕੀ ਭਾਵ ਹੈ?

## III. ਛੋਟੇ ਉੱਤਰ ਵਾਲੇ ਪ੍ਰਸ਼ਨ

1. ਸ੍ਰੀ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਕਿਸ ਨੂੰ ਅਤੇ ਕਦੋਂ ਸੌਂਪੀ?
2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਸੰਖੇਪ ਵਿੱਚ ਵਰਣਨ ਕਰੋ।
3. 'ਜਹਾਂਗੀਰ ਦੀ ਧਾਰਮਿਕ ਅਸਹਿਣਸ਼ੀਲਤਾ' ਤੋਂ ਕੀ ਭਾਵ ਹੈ?
4. ਚੰਦੂਸ਼ਾਹ ਕੌਣ ਸੀ ਅਤੇ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਕਿਉਂ ਹੋ ਗਿਆ?
5. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਕੀ ਸੀ?
6. ਮਸੰਦ ਪ੍ਰਥਾ ਦਾ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਸੀ?

## IV. ਵੱਡੇ ਉੱਤਰ ਵਾਲੇ ਪ੍ਰਸ਼ਨ

1. ਗੁਰੂ ਅਰਜਨ ਦੇਵ ਜੀ ਦਾ ਸਿੱਖ ਧਰਮ ਦੇ ਵਿਕਾਸ ਵਿੱਚ ਕੀ ਯੋਗਦਾਨ ਹੈ? ਵਿਸਥਾਰ ਸਹਿਤ ਲਿਖੋ।
2. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕੀ ਕਾਰਨ ਸਨ? ਵਰਣਨ ਕਰੋ।
3. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਸਿੱਖ ਧਰਮ 'ਤੇ ਕੀ ਪ੍ਰਭਾਵ ਪਿਆ? ਵਰਣਨ ਕਰੋ।

# ਇਕਾਈ -II



ਘਟਨਾਵਾਂ ਅਤੇ ਪ੍ਰਕਿਰਿਆਵਾਂ

ਇਤਿਹਾਸ ਅਤੇ ਬਦਲਦਾ ਸੰਸਾਰ



# ਫਰਾਂਸ ਦੀ ਕ੍ਰਾਂਤੀ 5

ਅੱਜ ਅਸੀਂ ਲੋਕਤੰਤਰੀ ਸਰਕਾਰ ਦੀ ਧਾਰਨਾ ਨੂੰ ਭਲੀ-ਭਾਂਤ ਜਾਣਦੇ ਹਾਂ। ਇਸ ਅਧੀਨ ਸਮੇ-ਸਮੇ 'ਤੇ ਚੋਣਾਂ ਹੁੰਦੀਆਂ ਹਨ ਅਤੇ ਚੁਣੇ ਹੋਏ ਪ੍ਰਤੀਨਿਧੀ ਕਾਨੂੰਨ ਬਣਾਉਂਦੇ ਤੇ ਸਰਕਾਰ ਚਲਾਉਂਦੇ ਹਨ। ਲੋਕਤੰਤਰ ਵਿੱਚ ਸਾਰੇ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਾਪਤ ਹਨ ਅਤੇ ਕਾਨੂੰਨ ਦੇ ਸਾਹਮਣੇ ਸਾਰੇ ਬਰਾਬਰ ਹਨ। ਫਰਾਂਸੀਸੀ ਕ੍ਰਾਂਤੀ ਤੋਂ ਪਹਿਲਾਂ ਅਜਿਹਾ ਲੋਕਤੰਤਰ ਮੌਜੂਦ ਨਹੀਂ ਸੀ। ਦੇਸ਼ਾਂ ਦਾ ਸ਼ਾਸਨ ਰਾਜਿਆਂ ਜਾਂ ਬਾਦਸ਼ਾਹਾਂ ਵੱਲੋਂ ਚਲਾਇਆ ਜਾਂਦਾ ਸੀ ਜੋ ਆਪਣੀ ਇੱਛਾ ਅਨੁਸਾਰ ਕਾਨੂੰਨ ਬਣਾਉਂਦੇ ਸਨ। ਸਮਾਜ ਉੱਚ ਤੇ ਨਿਮਨ ਦੋ ਵਰਗਾਂ ਵਿੱਚ ਵੰਡਿਆ ਹੋਇਆ ਸੀ। ਹਰੇਕ ਦੇ ਆਪਣੇ ਵਿਸ਼ੇਸ਼ ਅਧਿਕਾਰ ਤੇ ਕਰਤੱਵ ਹੁੰਦੇ ਸਨ। ਇਸ ਅਧਿਆਇ ਵਿੱਚ ਅਸੀਂ ਸੰਖੇਪ ਵਿੱਚ ਪੜ੍ਹਾਂਗੇ ਕਿ ਕਿਵੇਂ ਲੋਕਾਂ ਨੇ ਲੋਕਤੰਤਰੀ ਰਾਜਨੀਤਿਕ ਵਿਵਸਥਾ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕਰਕੇ ਸਮਾਜਿਕ ਸਮਾਨਤਾ ਪ੍ਰਾਪਤ ਕੀਤੀ।

## ਕ੍ਰਾਂਤੀ : ਸਮਾਜ ਵਿੱਚ ਅਚਨਚੇਤ ਅਤੇ ਉਗਰ ਪਰਿਵਰਤਨ

### ਇਤਿਹਾਸਕ ਪਿੱਠਭੂਮੀ

ਫਰਾਂਸੀਸੀ ਕ੍ਰਾਂਤੀ ਵਿਸ਼ਵ ਇਤਿਹਾਸ ਦੀ ਇੱਕ ਮਹਾਨ ਘਟਨਾ ਹੈ। ਇਸ ਕ੍ਰਾਂਤੀ ਨੇ ਇਤਿਹਾਸ ਤੇ ਬਹੁਤ ਡੂੰਘਾ ਪ੍ਰਭਾਵ ਪਾਇਆ। ਇਸ ਨੇ ਮਨੁੱਖਤਾ ਨੂੰ ਤਿੰਨ ਨਵੇਂ ਵਿਚਾਰ ਦਿੱਤੇ- ਸੁਤੰਤਰਤਾ, ਸਮਾਨਤਾ ਅਤੇ ਭਰਾਤਰੀ ਭਾਵ। ਇਹ ਕ੍ਰਾਂਤੀ 1789 ਈ. ਤੋਂ 1799 ਈ. ਤੱਕ ਹੋਈ। ਫਰਾਂਸੀਸੀ ਸਰਕਾਰ ਵਿਸ਼ੇਸ਼ ਤੌਰ 'ਤੇ 1780 ਦੇ ਸਮੇਂ ਵਿੱਤੀ ਸੰਕਟ ਨੂੰ ਘੱਟ ਕਰਨ ਲਈ ਟੈਕਸ ਵਧਾਉਣ ਦੀ ਚੁਣੌਤੀ ਦਾ ਸਾਮ੍ਹਣਾ ਕਰ ਰਹੀ ਸੀ। ਇਸ ਨੇ ਲੋਕਾਂ ਵਿੱਚ ਰੋਸ ਦੀ ਭਾਵਨਾ ਪੈਦਾ ਕੀਤੀ ਜਿਸ ਨੇ ਫਰਾਂਸੀਸੀ ਕ੍ਰਾਂਤੀ ਲਈ ਰਾਹ ਪੱਧਰਾ ਕੀਤਾ। ਫਰਾਂਸੀਸੀ ਕ੍ਰਾਂਤੀ ਦੇ ਵਰਣਨ ਤੋਂ ਪਹਿਲਾਂ ਯੂਰਪ ਦੀ ਰਾਜਨੀਤਿਕ ਸਮਾਜਿਕ ਅਤੇ ਆਰਥਿਕ ਸਥਿਤੀ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

**ਪ੍ਰਾਚੀਨ ਰਾਜ ਪ੍ਰਬੰਧ**

ਫਰਾਂਸੀਸੀ ਕ੍ਰਾਂਤੀ ਤੋਂ ਪਹਿਲਾਂ ਫਰਾਂਸ ਵਿੱਚ ਬੋਰਬੋ ਵੰਸ਼ ਦੇ ਅਧੀਨ ਰਾਜਤੰਤਰੀ ਸ਼ਾਸਨ ਸੀ। ਫਰਾਂਸੀਸੀ ਸਮਾਜ ਮੁੱਖ ਤੌਰ 'ਤੇ ਤਿੰਨ ਵਰਗਾਂ ਵਿੱਚ ਵੰਡਿਆ ਹੋਇਆ ਸੀ। ਜਿਨ੍ਹਾਂ ਨੂੰ 'ਐਸਟੇਟ' ਕਹਿੰਦੇ ਸਨ। ਪਹਿਲਾਂ-ਪਾਦਰੀ ਵਰਗ, ਦੂਜਾ ਕੁਲੀਨ ਵਰਗ ਤੇ ਤੀਸਰਾ - ਆਮ ਜਨਤਾ ਦਾ ਵਰਗ ਸੀ।

**ਗਤੀਵਿਧੀ: ਆਓ ਵਿਚਾਰੀਏ:**

ਜੇ ਅੱਜ ਵੀ ਸਾਡੇ ਉੱਪਰ ਰਾਜਿਆਂ ਦਾ ਸ਼ਾਸਨ ਹੁੰਦਾ ਤਾਂ ਸਾਡਾ ਜੀਵਨ ਕਿਸ ਤਰ੍ਹਾਂ ਦਾ ਹੁੰਦਾ? ਕਾਨੂੰਨ ਦੇ ਸਾਹਮਣੇ ਜੇ ਸਾਰਿਆਂ ਲੋਕਾਂ ਨੂੰ ਇੱਕੋ ਜਿਹਾ ਨਾ ਸਮਝਿਆ ਜਾਂਦਾ ਤੇ ਕੁਝ ਲੋਕਾਂ ਕੋਲ ਵਿਸ਼ੇਸ਼ ਅਧਿਕਾਰ ਹੁੰਦੇ ਤਾਂ ਕਿਸ ਤਰ੍ਹਾਂ ਦੀ ਸਥਿਤੀ ਪੈਦਾ ਹੁੰਦੀ? ਆਪਣੇ ਅਧਿਆਪਕ ਨਾਲ ਇਸ ਬਾਰੇ ਚਰਚਾ ਕਰੋ।

**ਮੁੱਖ ਸ਼ਬਦ ਰਾਜਤੰਤਰ (ਮੋਨਾਰਕੀ)**

**ਰਾਜਤੰਤਰ (ਮੋਨਾਰਕੀ)** ਦਾ ਅਰਥ ਹੈ-ਉਹ ਪ੍ਰਸ਼ਾਸਨ ਜੋ ਇੱਕ ਰਾਜੇ ਜਾਂ ਰਾਣੀ ਦੁਆਰਾ ਚਲਾਇਆ ਜਾਂਦਾ ਹੈ। ਇਹ ਪ੍ਰਸ਼ਾਸ਼ਨ ਆਮਤੌਰ ਤੇ ਪੀੜ੍ਹੀ ਦਰ ਪੀੜ੍ਹੀ ਚਲਦਾ ਹੈ।

## ਰਾਜਨੀਤਿਕ ਵਿਵਸਥਾ

ਫਰਾਂਸ ਵਿੱਚ ਰਾਜਤੰਤਰ ਹੋਣ ਕਾਰਣ ਰਾਜਾ ਆਪਣੇ ਆਪ ਨੂੰ ਰੱਬ ਦਾ ਪ੍ਰਤੀਨਿਧ ਮੰਨਦਾ ਸੀ। ਲੂਈਸ 14ਵੇਂ ਦੇ ਸਮੇ ਰਾਜਤੰਤਰ ਦੀ ਨਿਰੰਕੁਸ਼ਤਾ ਪੂਰੇ ਸਿਖ਼ਰ 'ਤੇ ਸੀ। ਲੂਈਸ 15ਵਾਂ ਜੋ ਕਿ ਲੂਈਸ 14ਵੇਂ ਦਾ ਉਤਰਾਧਿਕਾਰੀ ਸੀ ਇੱਕ ਅਯੋਗ ਸ਼ਾਸਕ ਸੀ। ਰਾਜ ਪ੍ਰਬੰਧ ਵਿੱਚ ਸੁਧਾਰ ਕਰਨ ਦੀ ਥਾਂ ਉਸਨੇ ਆਪਣੇ ਆਪ ਨੂੰ ਵਿਲਾਸਮਈ ਜੀਵਨ ਵਿੱਚ ਗਲਤਾਨ ਕਰ ਲਿਆ। ਲੂਈਸ 16ਵਾਂ (ਜੋ ਕਿ ਲੂਈਸ 15ਵੇਂ ਦਾ ਉੱਤਰਾਧਿਕਾਰੀ ਸੀ) 1774ਈ. ਤੋਂ -1792 ਈ. ਤਕ ਫਰਾਂਸ ਦਾ ਆਖ਼ਰੀ ਸ਼ਾਸਕ ਰਿਹਾ। ਉਹ ਇੱਕ ਚੰਗੀ ਸੋਚ ਵਾਲਾ ਵਿਅਕਤੀ ਸੀ ਪਰੰਤੂ ਉਸ ਵਿੱਚ ਦ੍ਰਿੜ੍ਹਤਾ ਨਾਲ਼ ਫੈਸਲੇ ਲੈ ਕੇ ਲਾਗੂ ਕਰਨ ਦੀ ਸਮਰੱਥਾ ਦੀ ਘਾਟ ਸੀ। ਉਸਦਾ ਵਿਆਹ ਆਸਟਰੀਆ ਦੀ ਸ਼ਹਿਜ਼ਾਦੀ ਮੇਰੀ ਐਨਟੋਨਿਟ (Marie Antoinette) ਨਾਲ਼ ਹੋਇਆ।

**ਰਾਜਾ ਦੇ ਦੈਵੀ ਅਧਿਕਾਰ**- ਰਾਜਾ ਆਪਣੇ ਆਪ ਨੂੰ ਧਰਤੀ 'ਤੇ ਪਰਮਾਤਮਾ ਦਾ ਪ੍ਰਤੀਨਿਧ ਸਮਝਦਾ ਸੀ। ਉਹ ਕਿਸੇ ਨੂੰ ਕਿਸੇ ਵੀ ਸਮੇ ਬਿਨਾਂ ਕਿਸੇ ਕਾਰਨ ਦੇ ਬੰਦੀ ਬਣਾ ਸਕਦਾ ਸੀ।



ਲੂਈਸ ਚੌਦਵਾਂ



ਲੂਈਸ ਪੰਦਰਾਂ



ਲੂਈਸ ਸੋਲਵਾਂ

ਕਈ ਸਾਲਾਂ ਤੋਂ ਚੱਲ ਰਹੇ ਯੁੱਧਾਂ ਕਾਰਨ ਸੈਨਾ ਦੇ ਰੱਖ-ਰਖਾਵ ਵਰਸਾਇ ਦੇ ਮਹਿਲਾਂ (Palace of Versailles) ਦੀ ਦੇਖ-ਰੇਖ ਅਤੇ ਸਰਕਾਰੀ ਦਫ਼ਤਰਾਂ ਨੂੰ ਚਲਾਉਣ ਦਾ ਖਰਚ ਆਦਿ ਨੇ ਫਰਾਂਸ ਦਾ ਖਜ਼ਾਨਾ ਖਾਲੀ ਕਰ ਦਿੱਤਾ ਸੀ।



ਵਰਸਾਇ ਨੂੰ Chateau de Versailles ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ 1682 ਈ. ਤੋਂ ਰਾਜਨੀਤਕ ਸ਼ਕਤੀ ਦਾ ਕੇਂਦਰ ਰਿਹਾ ਸੀ। ਇਹ ਕੇਵਲ ਇਸ ਦੀ ਸੁੰਦਰ ਇਮਾਰਤ ਕਾਰਨ ਹੀ ਪ੍ਰਸਿੱਧ ਨਹੀਂ ਹੈ ਸਗੋਂ ਨਿਰੰਕੁਸ਼ ਰਾਜਤੰਤਰ ਦਾ ਇੱਕ ਪ੍ਰਤੀਕ ਹੈ।

ਫਰਾਂਸ ਦੀ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਹਾਲਾਤ ਇੰਨੀ ਖ਼ਰਾਬ ਸੀ ਕਿ ਵਧੇ ਹੋਏ ਕਰਾਂ ਤੋਂ ਹੋਣ ਵਾਲ਼ੀ ਆਮਦਨ ਵੀ ਉਹਨਾਂ ਦੀ ਆਰਥਿਕ ਸਥਿਤੀ ਨੂੰ ਸੁਧਾਰਨ ਵਿੱਚ ਕਾਫੀ ਨਹੀਂ ਸੀ।

**ਸਮਾਜ**- ਫਰਾਂਸੀਸੀ ਸਮਾਜ ਤਿੰਨ ਵਰਗਾਂ (Estates) ਵਿੱਚ ਵੰਡਿਆ ਹੋਇਆ ਸੀ-

1. **ਪਹਿਲਾ ਵਰਗ ਜਾਂ ਪਾਦਰੀ ਵਰਗ**- ਪਾਦਰੀ ਵਰਗ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ-ਉੱਚ ਪਾਦਰੀ ਅਤੇ ਸਧਾਰਨ ਪਾਦਰੀ। ਉੱਚ ਪਾਦਰੀ ਦੀ ਸ਼੍ਰੇਣੀ ਵਿੱਚ ਪ੍ਰਧਾਨ ਪਾਦਰੀ (Archbishops) ਧਰਮ ਅਧਿਅਕਸ਼ (Bishops) ਅਤੇ ਮਹੰਤ (Abbots) ਆਉਂਦੇ ਸਨ ਜੋ ਕਿ ਫਰਾਂਸ ਵਿੱਚ ਗਿਰਜਾਘਰ (Church) ਦਾ ਪ੍ਰਬੰਧ ਚਲਾਉਂਦੇ ਸਨ। ਪ੍ਰਧਾਨ ਪਾਦਰੀ ਜੋ ਕਿ ਕੁੱਲ ਜਨਸੰਖਿਆ ਦਾ 1 ਪ੍ਰਤਿਸ਼ਤ ਹਿੱਸਾ ਸਨ, ਜੋ ਗਿਰਜਾਘਰ ਦੀ ਸੰਪਤੀ ਦਾ ਲਾਭ ਉਠਾਉਂਦੇ ਸਨ ਜਿਹੜੀ ਕਿ ਕੁੱਲ ਭੂਮੀ ਦਾ ਪੰਜਵਾਂ ਹਿੱਸਾ ਸੀ ਅਤੇ ਉਹਨਾਂ ਨੂੰ ਲੋਕਾਂ ਕੋਲੋਂ ਟੈਕਸ ਇਕੱਠਾ (Tithe) ਕਰਨ ਦਾ ਅਧਿਕਾਰ ਵੀ ਸੀ।

ਪ੍ਰਧਾਨ ਪਾਦਰੀ ਆਮ ਤੌਰ 'ਤੇ ਸਧਾਰਨ ਪਾਦਰੀਆਂ ਦਾ ਅਪਮਾਨ ਕਰਦੇ ਸਨ ਅਤੇ ਐਸ਼ੋ-ਅਰਾਮ ਵਾਲਾ ਜੀਵਨ ਬਤੀਤ ਕਰਦੇ ਸਨ। ਸਧਾਰਨ ਪਾਦਰੀ ਈਸਾਈ ਮੱਠਾਂ ਵਿੱਚ ਰਹਿੰਦੇ ਸਨ ਅਤੇ ਗਿਰਜਾਘਰ ਵਿੱਚ ਅਧਿਆਤਮਿਕ ਸੇਵਾਵਾਂ ਦਿੰਦੇ ਸਨ।ਉਹਨਾਂ ਦੀ ਆਮਦਨ ਇੰਨੀ ਘੱਟ ਸੀ ਕਿ ਉਹ ਇੱਕ ਸਧਾਰਨ ਜੀਵਨ ਵੀ ਮੁਸ਼ਕਿਲ ਨਾਲ ਗੁਜ਼ਾਰਦੇ ਸਨ। ਇਹ ਪਾਦਰੀ ਪ੍ਰਧਾਨ ਪਾਦਰੀਆਂ ਦੇ ਵਿਰੁੱਧ ਸਨ।



ਫਰਾਂਸ ਦਾ ਪਾਦਰੀ ਵਰਗ

2. **ਦੂਜਾ ਵਰਗ ਜਾਂ ਕੁਲੀਨ ਵਰਗ-** ਇਸ ਵਰਗ ਵਿੱਚ ਕੁਲੀਨ ਅਤੇ ਰਈਸ ਲੋਕ ਆਉਂਦੇ ਸਨ ਜਿਨ੍ਹਾਂ ਨੂੰ ਕੋਈ ਕਰ ਨਹੀਂ ਦੇਣਾ ਪੈਂਦਾ ਸੀ ਅਤੇ ਭੂਮੀ ਰਾਹੀਂ ਧਨ ਇਕੱਠਾ ਕਰਦੇ ਸਨ। ਦੂਜਾ ਵਰਗ ਕੁੱਲ ਫਰਾਂਸੀਸੀ ਅਬਾਦੀ ਦਾ 2 ਪ੍ਰਤਿਸ਼ਤ ਸੀ ਪਰ ਇਹ ਦੇਸ਼ ਦੀ ਕੁੱਲ ਭੂਮੀ ਦੇ 30 ਪ੍ਰਤਿਸ਼ਤ ਦੇ ਮਾਲਕ ਸਨ।
3. **ਤੀਸਰਾ ਵਰਗ ਜਾਂ ਸਧਾਰਨ ਵਰਗ-** ਸਮਾਜ ਦੇ ਇਸ ਵਰਗ ਵਿੱਚ ਕੁੱਲ ਜਨਸੰਖਿਆ ਦੇ 97 ਪ੍ਰਤੀਸ਼ਤ ਲੋਕ ਆਉਂਦੇ ਸਨ।ਇਸ ਵਰਗ ਨੂੰ ਅਸਮਾਨਤਾ ਅਤੇ ਸਮਾਜਿਕ ਤੇ ਆਰਥਿਕ ਤੌਰ 'ਤੇ ਪਛੱੜੇਪਣ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਸ਼੍ਰੇਣੀ ਵਿੱਚ ਇਕਰੂਪਤਾ ਨਹੀਂ ਸੀ। ਇਸਦੇ ਵਿੱਚ ਅਮੀਰ ਵਪਾਰੀ ਅਦਾਲਤੀ ਤੇ ਕਾਨੂੰਨੀ ਅਧਿਕਾਰੀ ਅਤੇ ਸ਼ਾਹੂਕਾਰ, ਕਿਸਾਨ, ਕਾਰੀਗਰ, ਛੋਟੇ ਕਾਸ਼ਤਕਾਰ, ਭੂਮੀ ਰਹਿਤ ਮਜ਼ਦੂਰ ਅਤੇ ਨੌਕਰ ਵੀ ਆਉਂਦੇ ਸਨ। ਤੀਸਰੇ ਵਰਗ ਦੇ ਲੋਕ ਹੀ ਸਭ ਤੋਂ ਜ਼ਿਆਦਾ ਟੈਕਸ ਦਿੰਦੇ ਸਨ।



ਫਰਾਂਸ ਦੇ ਤੀਸਰੇ ਵਰਗ ਦੇ ਕਾਰੀਗਰ



ਫਰਾਂਸ ਦੇ ਸਧਾਰਨ ਵਰਗ ਦੇ ਕਾਸ਼ਤਕਰ, ਮਜ਼ਦੂਰ

**ਆਰਥਿਕ ਹਾਲਾਤ/ਸਥਿਤੀ-** ਫਰਾਂਸ ਦੀ ਅਰਥ-ਵਿਵਸਥਾ ਮੁੱਖ ਤੌਰ 'ਤੇ ਖੇਤੀਬਾੜੀ 'ਤੇ ਅਧਾਰਿਤ ਸੀ। ਫਰਾਂਸ ਦੇ ਕਿਸਾਨ ਕਰਾਂ ਦੇ ਭਾਰ ਹੇਠ ਦੱਬੇ ਹੋਏ ਸਨ। ਕਰ ਦੋ ਪ੍ਰਕਾਰ ਦੇ ਹੁੰਦੇ ਸਨ- ਪ੍ਰਤੱਖ ਕਰ (ਭੂਮੀ ਕਰ, ਆਮਦਨ ਕਰ, ਸੰਪਤੀ ਕਰ) ਅਤੇ ਅਪ੍ਰਤੱਖ ਕਰ (ਨਮਕ ਘਰ ਅਤੇ ਤੰਬਾਕੂ ਆਦਿ ਵਸਤੂਆਂ ਤੇ ਲੱਗਣ ਵਾਲੇ ਕਰ) ਸਨ।

ਅਪਰਤੱਖ ਕਰ ਦੋ ਤਰ੍ਹਾਂ ਦੇ ਸਨ-

- **ਟਾਈਦ (Tithe)**- ਇਹ ਕਰ ਗਿਰਜਾਘਰ ਨੂੰ ਦਿੱਤਾ ਜਾਂਦਾ ਸੀ।
- **ਟਾਈਲ (Taille)**- ਇਹ ਕਰ ਰਾਜ ਨੂੰ ਦਿੱਤਾ ਜਾਂਦਾ ਸੀ।

**ਕੇਵਲ ਤੀਜੇ** ਵਰਗ ਦੇ ਲੋਕਾਂ ਤੇ ਕਰ ਲਗਾਇਆ ਜਾਂਦਾ ਸੀ। ਉਹਨਾਂ ਨੂੰ ਟਾਈਦ ਅਤੇ ਟਾਈਲ ਤੋਂ ਇਲਾਵਾ ਅਣਗਿਣਤ ਪ੍ਰਤੱਖ ਅਤੇ ਅਪ੍ਰਤੱਖ ਕਰ ਦੇਣੇ ਪੈਂਦੇ ਸਨ। ਫਰਾਂਸੀਸੀ ਦੀ ਇੱਕ ਕਹਾਵਤ ਮੁਤਾਬਿਕ ਪਾਦਰੀ ਸਾਰਿਆਂ ਲਈ ਪ੍ਰਾਥਨਾ ਕਰਦੇ ਸਨ, ਕੁਲੀਨ ਵਰਗ ਸਾਰਿਆਂ ਦੇ ਲਈ ਲੜਦੇ ਸਨ ਤੇ ਆਮ ਲੋਕ ਸਭ ਦੇ ਵੱਲੋਂ ਕਰ ਦਿੰਦੇ ਸਨ।

**ਮੂਲ ਧਾਰਨਾਵਾਂ-**




**ਟਾਈਦ (Tithe)**-ਇਹ ਗਿਰਜਾਘਰ ਨੂੰ ਦਿੱਤਾ ਜਾਣ ਵਾਲ਼ਾ ਕਰ ਸੀ। ਕਿਸਾਨਾਂ ਨੂੰ ਆਪਣੀ ਸਲਾਨਾ ਆਮਦਨੀ ਦਾ ਦਸਵਾਂ ਹਿੱਸਾ ਕਰ ਦੇ ਰੂਪ ਵਿੱਚ ਦੇਣਾ ਪੈਂਦਾ ਸੀ। ਇਹ ਇੱਕ ਭੂਮੀ ਕਰ ਸੀ, ਜੋ ਪਹਿਲਾਂ ਸਵੈ-ਇੱਛਾ ਨਾਲ਼ ਦੇਣਾ ਹੁੰਦਾ ਸੀ ਪਰ ਬਾਅਦ ਵਿੱਚ ਲਾਜ਼ਮੀ ਕਰ ਦਿੱਤਾ ਗਿਆ।




**ਟਾਈਲ (Taille)**- ਇਹ ਆਮ ਤੌਰ ਤੇ ਰਾਜ ਨੂੰ ਦਿੱਤਾ ਜਾਣ ਵਾਲ਼ਾ ਕਰ ਸੀ। ਜੋ ਆਮ ਲੋਕਾਂ ਤੇ ਲਗਾਇਆ ਜਾਂਦਾ ਸੀ ਅਤੇ ਆਮ ਤੌਰ ਤੇ ਰਾਜਾ ਦੁਆਰਾ ਆਪਣੀ ਪ੍ਰਜਾ ਦੀ ਭੂਮੀ ਅਤੇ ਸੰਪਤੀ 'ਤੇ ਲਗਾਇਆ ਜਾਂਦਾ ਸੀ। ਇਹ ਕਰ ਰੋਜ਼ਾਨਾ ਲੋੜਾਂ ਜਿਵੇਂ ਕਿ ਨਮਕ ਅਤੇ ਤੰਬਾਕੂ ਆਦਿ 'ਤੇ ਲਗਾਇਆ ਜਾਂਦਾ ਸੀ। ਇਸਦਾ ਪ੍ਰਤੀਸ਼ਤ ਹਰ ਸਾਲ ਰਾਜੇ ਦੀ ਮਰਜ਼ੀ ਨਾਲ ਤੈਅ ਕੀਤਾ ਜਾਂਦਾ ਸੀ



## ਗਤੀਵਿਧੀ

ਇਹਨਾਂ ਤਸਵੀਰਾਂ ਨੂੰ ਧਿਆਨ ਨਾਲ ਦੇਖੋ ਤੇ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਇਸ ਦਾ ਵਿਸ਼ਲੇਸ਼ਣ ਕਰੋ।



## ਮੱਧ ਵਰਗ ਦਾ ਵਿਕਾਸ (ਬੌਧਿਕ ਅੰਦੋਲਨ)

ਉਸ ਸਮੇ ਇੱਕ ਵਿਸ਼ਵਾਸ ਪੈਦਾ ਹੋਇਆ ਕਿ ਬੌਧਿਕਤਾ ਦੀ ਪ੍ਰਾਪਤੀ ਹੀ ਫਰਾਂਸ ਦੀ ਵਿਗੜਦੀ ਹੋਈ ਹਾਲਤ ਦਾ ਉਪਾਅ ਹੈ। ਲੋਕਾਂ ਵਿੱਚ ਜਾਗਰੂਕਤਾ ਲਿਆਉਣ ਲਈ ਪੈਂਫਲੈਟ/ਇਸ਼ਤਿਹਾਰ ਪੱਤਰ ਆਦਿ ਜਾਰੀ ਕੀਤੇ ਗਏ ਜਿਨ੍ਹਾਂ ਨੇ ਬਾਅਦ ਵਿੱਚ ਪੁਸਤਕਾਂ ਤੇ ਵਿਸਵਕੋਸ਼ ਦਾ ਰੂਪ ਧਾਰਨ ਕਰ ਲਿਆ।

ਪੜ੍ਹੇ-ਲਿਖੇ ਲੋਕਾਂ ਨੂੰ ਅਮਰੀਕਨ ਕ੍ਰਾਂਤੀ ਜਾਣਕਾਰੀ ਸੀ। ਅਮਰੀਕਨ ਕ੍ਰਾਂਤੀ ਦੇ ਕੁਝ ਨੇਤਾ ਜਿਵੇਂ ਕਿ ਬੈਂਜਾਮਿਨ ਫਰੈਂਕਲਿਨ (Benajmin Franklin) ਫਰਾਂਸੀਸੀ ਬੁੱਧੀਜੀਵੀਆਂ ਨਾਲ ਜੁੜੇ ਹੋਏ ਸਨ ਅਤੇ ਉਹ ਪੈਰਿਸ ਵਿੱਚ ਰਹੇ ਵੀ ਸਨ।

**ਤਰਕ ਅਤੇ ਵਿਵੇਕ ਦਾ ਦੌਰ**

18ਵੀਂ ਸਦੀ ਨੂੰ ਚੇਤਨਤਾ ਦਾ ਦੌਰ ਕਿਹਾ ਜਾਂਦਾ ਹੈ। ਫਰਾਂਸੀਸੀ ਵਿਦਵਾਨਾਂ ਅਨੁਸਾਰ ਮਨੁੱਖ ਦੁੱਖ ਸਹਿਣ ਲਈ ਪੈਦਾ ਨਹੀਂ ਹੋਇਆ (ਜਿਵੇਂ ਕਿ ਈਸਾਈ ਧਰਮ ਦੀ ਸਿੱਖਿਆ ਹੈ) ਸਗੋਂ ਉਹ ਖ਼ੁਸ਼ ਰਹਿਣ ਲਈ ਪੈਦਾ ਹੋਇਆ ਹੈ। ਮਨੁੱਖ ਤਾਂ ਹੀ ਖ਼ੁਸ਼ ਰਹਿ ਸਕਦਾ ਹੈ ਜੇਕਰ ਚੇਤਨਤਾ ਦੁਆਰਾ ਭੇਦਭਾਵ ਨੂੰ ਨਸ਼ਟ ਕੀਤਾ ਜਾਵੇ। ਉਨ੍ਹਾਂ ਨੇ ਰੱਬ ਦੀ ਹੋਂਦ ਨੂੰ ਨਕਾਰਿਆ ਅਤੇ ਕੁਦਰਤ ਦੇ ਸਿਧਾਂਤ ਨੂੰ ਮੰਨਿਆ ਅਤੇ ਇਸਦੇ ਕਾਨੂੰਨ ਵਿੱਚਤਰਕ ਉੱਤੇ ਵਿਸ਼ਵਾਸ ਕੀਤਾ।



**ਵਾਲਟੇਅਰ** (1694ਈ. -1778ਈ.)

ਵਾਲਟੇਅਰ ਨੇ ਆਪਣੀਆਂ ਲਿਖਤਾਂ ਦੁਆਰਾ ਕੁਲੀਨਾਂ ਤੇ ਅਮੀਰਾਂ ਦੀ ਪਕੜ ਨੂੰ ਸਾਹਮਣੇ ਲਿਆਂਦਾ। ਉਸਦਾ ਵਿਸ਼ਵਾਸ ਸੀ ਕਿ ਸਾਰੇ ਧਰਮ ਫਜ਼ੂਲ ਹਨ ਤੇ ਤਰਕ ਦੇ ਖਿਲਾਫ ਹਨ। ਇਵੇਂ ਕ੍ਰਾਂਤੀ ਦੀ ਅੱਗ ਹੋਰ ਤੇਜ਼ ਹੋ ਗਈ। ਲਾਕ (Locke) ਜਿਹੇ ਵਿਦਵਾਨਾਂ ਨੇ ਇੱਕ ਅਜਿਹੇ ਸਮਾਜ 'ਤੇ ਜ਼ੋਰ ਦਿੱਤਾ ਜੋ ਕਿ ਸਮਾਨ ਕਦਰਾਂ-ਕੀਮਤਾਂ ਤੇ ਅਧਾਰਿਤ ਸੀ।

**ਰੂਸੋ** (1712 ਈ. -1778ਈ.)



ਰੂਸੋ ਨੇ ਤਾਨਾਸ਼ਾਹੀ ਤੇ ਜ਼ਾਲਮ ਸ਼ਾਸਕਾਂ ਵਿਰੁੱਧ ਅਵਾਜ਼ ਉਠਾਈ ਤੇ ਇੱਕ ਲੋਕਤੰਤਰੀ ਰਾਜ ਦੀ ਸਥਾਪਨਾ 'ਤੇ ਜ਼ੋਰ ਦਿੱਤਾ। ਉਸ ਨੇ ਲੋਕਮਤ 'ਪ੍ਰਭੁਸਤਾ ਦੇ ਸਿਧਾਂਤ' ਤੇ ਜ਼ੋਰ ਦਿੱਤਾ। ਉਸਨੇ ਕਿਹਾ ਕਿ ਮਨੁੱਖ ਸੁਤੰਤਰ ਪੈਦਾ ਹੋਇਆ ਸੀ ਫਿਰ ਵੀ ਉਹ ਜੰਜ਼ੀਰਾਂ ਵਿੱਚ ਜਕੜਿਆ ਹੋਇਆ ਹੈ। ਉਸਨੇ 'ਰਾਜ ਦੀ ਪ੍ਰਾਕਿਤੀ ਬਾਰੇ ਦੱਸਿਆ ਉਸਨੇ ਕਿਹਾ ਕਿ ਧਰਮ ਸੰਪਤੀ ਦੇ ਪ੍ਰਭਾਵ ਨੇ ਮਨੁੱਖ ਨੂੰ ਜੰਜ਼ੀਰਾਂ ਵਿੱਚ ਜਕੜਿਆ ਹੋਇਆ ਹੈ। ਉਸ ਨੇ ਰਾਜ ਨੂੰ ਇੱਕ ਜ਼ਰੂਰੀ ਬੁਰਾਈ ਦੱਸਿਆ ਹੈ। ਆਪਣੀ ਪੁਸਤਕ **ਸੋਸ਼ਲ ਕੰਟਰੈਕਟ** (**Social Contract**) ਵਿੱਚ ਰੂਸੋ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਮਨੁੱਖ ਕੇਵਲ ਸਮਾਜਿਕ ਅਜ਼ਾਦੀ ਅਤੇ ਸਮਾਨ ਅਧਿਕਾਰਾਂ ਦੀ ਪ੍ਰਾਪਤੀ ਤੋਂ ਬਾਅਦ ਹੀ ਖੁਸ਼ਨੁਮਾ ਜੀਵਨ ਬਤੀਤ ਕਰ ਸਕਦਾ ਹੈ। ਉਸ ਨੇ 'ਲੋਕਤੰਤਰ' ਨੂੰ ਸਭ ਤੋਂ ਵਧੀਆ ਸਰਕਾਰ ਮੰਨਿਆ ਤੇ ਕਿਹਾ ਕਿ ਇੱਕ ਰਾਜਾ ਉਦੋਂ ਤਕ ਰਾਜ ਕਰ ਸਕਦਾ ਹੈ ਜਦੋਂ ਤਕ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਹੋਵੇ।



**ਮੌਨਟੈਸਕਿਊ** (1689ਈ. -1755ਈ.)

ਮੌਨਟੈਸਕਿਊ ਜੋ ਕਿ ਇੱਕ ਮਹਾਨ ਵਿਦਵਾਨ ਤੇ ਦਾਰਸ਼ਨਿਕ ਸੀ ਨੇ ਰਾਜੇ ਦੇ ਦੈਵੀ ਅਧਿਕਾਰਾਂ ਨੂੰ ਚੁਣੌਤੀ ਦਿੱਤੀ ਅਤੇ ਸੰਵਿਧਾਨਕ ਰਾਜਤੰਤਰ ਦੀ ਰੂਪ-ਰੇਖਾ ਤਿਆਰ ਕੀਤੀ। ਉਸ ਨੇ ਸਰਕਾਰ ਦੀਆਂ ਸ਼ਕਤੀਆਂ ਨੂੰ ਵਿਧਾਨਪਾਲਿਕਾ ਕਾਰਜਪਾਲਿਕਾ ਤੇ ਨਿਆਂਪਾਲਿਕਾ 'ਤੇ ਅਧਾਰਿਤ ਕਰਨ ਤੇ ਜ਼ੋਰ ਦਿੱਤਾ। ਉਸ ਨੇ ਲੋਕਤੰਤਰੀ ਸਰਕਾਰ ਨੂੰ ਹੀ ਸਭ ਤੋਂ ਉੱਤਮ ਸਰਕਾਰ ਮੰਨਿਆ ਜਿਸ ਨੂੰ ਬਾਅਦ ਵਿੱਚ ਅਮਰੀਕਾ ਦੁਆਰਾ ਲਾਗੂ ਕੀਤਾ ਗਿਆ।

ਫਰਾਂਸੀਸੀਆਂ ਨੇ ਸਭ ਤੋਂ ਪਹਿਲਾਂ ਆਜ਼ਾਦੀ ਤੇ ਸਮਾਨਤਾ ਦੇ ਵਿਚਾਰਾਂ ਨੂੰ ਗ੍ਰਹਿਣ ਕੀਤਾ ਅਤੇ ਇਸ ਨੂੰ ਪ੍ਰਾਪਤ ਕਰਨ ਲਈ ਸੰਘਰਸ਼ ਕੀਤਾ। ਫਰਾਂਸ ਦੇ ਵਿਦਵਾਨ ਜਿਵੇਂ ਕਿ ਵਾਲਟੇਅਰ, ਰੂਸੋ, ਮੌਨਟੈਸਕਿਊ ਆਦਿ ਨੇ ਸਰਕਾਰ ਦੀਆਂ ਵਧੀਕੀਆਂ 'ਤੇ ਚਾਨਣ ਪਾਇਆ ਤੇ ਹੋ ਰਹੇ ਭੇਦਭਾਵ ਅਸਮਾਨਤਾ ਵਿਰੁੱਧ ਲੋਕਾਂ ਦੀਆਂ ਭਾਵਨਾਵਾਂ ਨੂੰ ਜਾਗਰੂਕ ਕੀਤਾ।

## ਕ੍ਰਾਂਤੀ ਦਾ ਆਰੰਭ (ਪ੍ਰਤੀਨਿਧੀ ਸਭਾ ਦੀ ਬੈਠਕ)–

ਲੂਈਸ 16ਵੇਂ ਨੇ ਵਿੱਤੀ ਸੰਕਟ ਨਾਲ ਨਜਿੱਠਣ ਲਈ 5 ਮਈ 1789ਈ. ਨੂੰ ਵਧੇਰੇ ਕਰ ਲਗਾਉਣ ਦੀ ਪ੍ਰਵਾਨਗੀ ਲੈਣ ਲਈ ਪ੍ਰਤੀਨਿਧੀ ਸਭਾ ਦੀ ਬੈਠਕ ਬੁਲਾਈ। ਪ੍ਰਤੀਨਿਧੀ ਸਭਾ ਵਿੱਚ ਮਤਦਾਨ ਦੇ ਸਮੇਂ ਤਿੰਨਾਂ ਵਰਗਾਂ ਦੇ ਪ੍ਰਤੀਨਿਧੀ ਮਤਦਾਨ ਕਰਦੇ ਸਨ। ਇਸ ਤੋਂ ਪਹਿਲਾਂ ਪ੍ਰਤੀਨਿਧੀ ਸਭਾ ਦੀ ਬੈਠਕ 1614ਈ. ਵਿੱਚ ਬੁਲਾਈ ਗਈ ਸੀ ਅਤੇ ਹਰ ਵਰਗ ਦੀ ਇੱਕ ਵੋਟ ਸੀ। ਇਸ ਵਾਰ ਵੀ ਲੂਈਸ 16ਵੇਂ ਨੇ ਇਸੇ ਪ੍ਰਥਾ ਨੂੰ ਜਾਰੀ ਰੱਖਣ ਦਾ ਫੈਸਲਾ ਕੀਤਾ। ਪਰੰਤੂ ਤੀਸਰੇ ਵਰਗ ਦੇ ਲੋਕਾਂ ਨੇ ਇਹ ਮੰਗ ਕੀਤੀ ਕਿ ਹਰੇਕ ਸਭਾ ਦੇ ਸਾਰੇ ਮੈਂਬਰਾਂ ਨੂੰ ਵੋਟ ਪਾਉਣ ਦੀ ਆਗਿਆ ਦਿੱਤੀ ਜਾਵੇ ਅਤੇ ਬਹੁਮਤ ਨਾਲ ਫੈਸਲਾ ਕੀਤਾ ਜਾਵੇ। ਪਹਿਲੇ ਦੋ ਵਰਗਾਂ ਦੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ। ਇਸ ਤਰ੍ਹਾਂ ਪ੍ਰਤੀਨਿਧੀ ਸਭਾ ਦਾ ਇਜਲਾਸ ਹੋਣ ਤੋਂ ਪਹਿਲਾਂ ਹੀ ਅੜਚਨ ਪੈਦਾ ਹੋ ਗਈ। ਲੂਈਸ 16ਵੇਂ ਨੇ ਤੀਸਰੇ ਵਰਗ ਦੇ ਲੋਕਾਂ ਦੀ ਇਹ ਮੰਗ ਰੱਦ ਕਰ ਦਿੱਤੀ ਸੀ। ਤੀਸਰੇ ਵਰਗ ਦੇ ਲੋਕ ਰੋਸ ਵਜੋਂ ਸਭਾ ਵਿਚੋਂ ਬਾਹਰ ਚਲੇ ਗਏ। ਪ੍ਰਤੀਨਿਧੀ ਸਭਾ ਦੀ ਬੈਠਕ ਸੰਕਟ ਨੂੰ ਘੱਟ ਕਰਨ ਲਈ ਬੁਲਾਈ ਗਈ ਸੀ ਪਰ ਸੰਕਟ ਹੋਰ ਵਧ ਗਿਆ। 17 ਜੂਨ 1789 ਵਿੱਚ ਤੀਸਰੇ ਵਰਗ ਨੇ ਇੱਕ ਦਲੇਰ ਕਦਮ ਚੁੱਕਦਿਆਂ ਆਪਣੇ ਆਪ ਨੂੰ ਰਾਸ਼ਟਰੀ ਪਰੀਸ਼ਦ ਐਲਾਨ ਕਰ ਦਿੱਤਾ। ਕ੍ਰਾਂਤੀ ਦੇ ਸਬੰਧ ਵਿੱਚ ਇਹ ਸਭ ਤੋਂ ਪਹਿਲਾ ਮਹੱਤਵਪੂਰਨ ਕਦਮ ਸੀ ਅਤੇ ਇਸ ਨੇ ਅੱਗੇ ਜਾ ਕੇ ਫਰਾਂਸੀਸੀ ਕ੍ਰਾਂਤੀ ਲਈ ਰਾਹ ਪੱਧਰਾ ਕੀਤਾ।



ਪ੍ਰਤੀਨਿਧੀ ਸਭਾ ਦੀ ਬੈਠਕ ਦਾ ਦ੍ਰਿਸ਼

**ਟੈਨਿਸ ਕੋਰਟ ਸਹੁੰ**- 17 ਜੂਨ 1789 ਨੂੰ ਤੀਸਰੇ ਵਰਗ ਨੇ ਆਪਣੇ ਆਪ ਨੂੰ ਰਾਸ਼ਟਰ ਦੀ ਜਨਤਾ ਦੇ ਪ੍ਰਤੀਨਿਧੀ ਹੋਣ ਦਾ ਦਾਅਵਾ ਕਰਦਿਆਂ ਮਨੁੱਖੀ **ਅਧਿਕਾਰਾਂ ਦਾ ਘੋਸ਼ਣਾ ਪੱਤਰ** ਜਾਰੀ ਕੀਤਾ।

**ਮਨੁੱਖ ਤੇ ਨਾਗਰਿਕਾਂ ਦੇ ਅਧਿਕਾਰਾਂ ਦਾ ਘੋਸ਼ਣਾ ਪੱਤਰ**

1. ਇਹ ਸਾਰੇ ਮਨੁੱਖਾਂ ਦੀ ਕਾਨੂੰਨ ਸਾਹਮਣੇ ਬਰਾਬਰੀ ਨੂੰ ਦਰਸਾਉਂਦਾ ਹੈ।
2. ਜਨਤਕ ਦਫ਼ਤਰਾਂ ਵਿੱਚ ਕੰਮ ਕਰਨ ਲਈ ਸਾਰੇ ਨਾਗਰਿਕਾਂ ਦੀ ਬਰਾਬਰ ਪਾਤਰਤਾ
3. ਪ੍ਰਮਾਣਿਤ ਕਾਰਨਾਂ ਤੋਂ ਬਿਨ੍ਹਾਂ ਗਿਰਫ਼ਤਾਰੀ ਤੇ ਸਜ਼ਾ ਤੋਂ ਸੁਤੰਤਰਤਾ
4. ਪ੍ਰੈੱਸ ਤੇ ਬੋਲਣ ਦੀ ਸੁਤੰਤਰਤਾ
5. ਸਭ ਤੋਂ ਜਿਆਦਾ ਮਹੱਤਵਪੂਰਨ ਇਹ ਸੀ ਕਿ ਕਰਾਂ ਦੇ ਭਾਰ ਦੀ ਬਰਾਬਰ ਵੰਡ ਤੇ ਨਿੱਜੀ ਸੰਪਤੀ ਦਾ ਅਧਿਕਾਰ ਦਿੱਤਾ ਗਿਆ।

**ਗਤੀਵਿਧੀ**

ਮਨੁੱਖੀ ਤੇ ਨਾਗਰਿਕ ਅਧਿਕਾਰਾਂ ਦੇ ਘੋਸ਼ਣਾ-ਪੱਤਰ ਨੂੰ ਪੜ੍ਹੋ ਅਤੇ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਚਰਚਾ ਕਰੋ। ਭਾਰਤੀ ਸੰਵਿਧਾਨ ਵਿੱਚ ਇਨ੍ਹਾਂ ਵਿੱਚੋਂ ਕਿਹੜੇ ਅਧਿਕਾਰ ਸ਼ਾਮਿਲ ਕੀਤੇ ਗਏ ਹਨ ?

20 ਜੂਨ 1789 ਈ. ਨੂੰ ਤੀਸਰੇ ਵਰਗ ਦੇ ਲੋਕਾਂ ਨੇ ਇਨਡੋਰ ਟੈਨਿਸ ਕੋਰਟ ਵਿੱਚ ਆਪਣੀ ਬੈਠਕ ਸ਼ੁਰੂ ਕੀਤੀ। ਉਨ੍ਹਾਂ ਨੇ ਇੱਕ ਮਤਾ ਪਾਸ ਕੀਤਾ ਜਿਸ ਨੂੰ ਟੈਨਿਸ ਕੋਰਟ ਸਹੁੰ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਮੈਂਬਰਾਂ ਨੇ ਫੈਸਲਾ ਕੀਤਾ ਕਿ ਕਦੀ ਵੱਖਰੇ ਨਹੀਂ ਹੋਵਾਂਗੇ ਅਤੇ ਜਦੋਂ ਵੀ ਲੋੜ ਪਏਗੀ ਦੁਬਾਰਾ ਇਕੱਠੇ ਹੋਵਾਂਗੇ। ਤੀਸਰੇ ਵਰਗ ਦੇ ਪ੍ਰਤੀਨਿਧੀਆਂ ਵੱਲੋਂ ਸਹੁੰ ਚੁੱਕੀ ਗਈ ਤੇ ਦਸਤਖਤ ਕੀਤੇ ਗਏ। 5 ਜੁਲਾਈ 1789 ਈ. ਨੂੰ ਰਾਸ਼ਟਰੀ ਸੰਸਦ ਦਾ ਨਾਮ ਬਦਲ ਕੇ ਰਾਸ਼ਟਰੀ ਸੰਵਿਧਾਨ ਸਭਾ ਰੱਖਿਆ ਗਿਆ। ਇਹ ਆਮ ਲੋਕਾਂ ਦੀ ਰਾਜੇ ਉੱਪਰ ਪਹਿਲੀ ਜਿੱਤ ਸੀ।



ਟੈਨਿਸ ਕੋਰਟ ਸਹੁੰ ਦਾ ਮਕਸਦ ਲੋਕਾਂ ਨੂੰ ਪ੍ਰਭੁਸੱਤਾ ਦੇ ਮੁੱਖ ਸੋਮੇ ਦੇ ਤੌਰ ਤੇ ਪ੍ਰਗਟ ਕਰਦਾ ਸੀ। ਤੀਸਰੇ ਵਰਗ ਦੇ ਪ੍ਰਤੀਨਿਧੀਆਂ ਵੱਲੋਂ ਚੁੱਕਿਆ ਗਿਆ ਇਹ ਪਹਿਲਾ ਕ੍ਰਾਂਤੀਕਾਰੀ ਕਦਮ ਸੀ। ਇਸ ਦੇ ਨਤੀਜੇ ਵਜੋਂ ਇਨ੍ਹਾਂ ਪ੍ਰਤੀਨਿਧੀਆਂ ਵਿੱਚ ਏਕਤਾ ਹੋਰ ਮਜ਼ਬੂਤ ਹੋ ਗਈ। ਇਨ੍ਹਾਂ ਨੇ ਸੰਵਿਧਾਨ ਬਣਾਉਣ ਲਈ ਵੀ ਮੰਗ ਕੀਤੀ।



ਟੈਨਿਸ ਕੋਰਟ ਵਿੱਚ ਸਹੁੰ ਚੁੱਕਦੇ ਸਮੇਂ ਦਾ ਦ੍ਰਿਸ਼

ਲੁਈਸ 16ਵਾਂ ਇਨ੍ਹਾਂ ਤਬਦੀਲੀਆਂ ਨਾਲ ਸਮਝੌਤਾ ਨਹੀਂ ਕਰ ਸਕਿਆ ਅਤੇ ਉਹ ਆਪਣੇ ਪੁਰਾਣੇ ਰੁਤਬੇ ਨੂੰ ਮੁੜ ਹਾਸਿਲ ਕਰਨ ਦਾ ਇੱਛੁਕ ਸੀ। ਉਸ ਨੇ ਸਭਾ (ਅਸੈਂਬਲੀ) ਨੂੰ ਭੰਗ ਕਰਨ ਦੀ ਯੋਜਨਾ ਬਣਾਈ। ਉਸ ਨੇ ਫ਼ੌਜ ਬੁਲਾ ਲਈ ਅਤੇ ਅਫ਼ਵਾਹ ਫੈਲਾ ਦਿੱਤੀ ਗਈ ਕਿ ਰਾਸ਼ਟਰੀ ਸੰਵਧਾਨਿਕ ਸਭਾ ਦੀ ਅਗਵਾਈ ਕਰਨ ਵਾਲੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। 14 ਜੁਲਾਈ 1789ਈ. ਨੂੰ ਗੁੱਸੇ ਵਿੱਚ ਆਈ ਭੀੜ ਨੇ ਸਖ਼ਤ ਸੁਰੱਖਿਆ ਵਾਲੀ ਕਿਲ੍ਹੇ ਦੀ ਜੇਲ੍ਹ 'ਤੇ ਹਮਲਾ ਕਰ ਦਿੱਤਾ। ਜਿਸ ਨੂੰ **ਬੈਸਟੀਲ ਦਾ ਘੇਰਾ ਪਾਉਣਾ** ਕਿਹਾ ਜਾਂਦਾ ਹੈ। ਬੈਸਟੀਲ ਨੂੰ ਘੇਰਨ ਨਾਲ ਕ੍ਰਾਂਤੀ ਸਿਖਰਾਂ 'ਤੇ ਪੁੱਜ ਗਈ। ਹਥਿਆਰ ਤੇ ਗੋਲਾ-ਬਾਰੂਦ ਲੁੱਟ ਲਿਆ ਗਿਆ। ਦੰਗਈਆਂ ਨੇ 14 ਕੈਦੀਆਂ ਨੂੰ ਛੁਡਾ ਲਿਆ। ਬੈਸਟੀਲ ਦੇ ਸੁਰੱਖਿਆ ਮੁਲਾਜ਼ਮਾਂ ਤੇ ਹੋਰ ਕਰਮਚਾਰੀਆਂ ਨੂੰ ਬੰਦੀ ਬਣਾ ਲਿਆ ਗਿਆ ਤੇ ਫਿਰ ਕਤਲ ਕਰ ਦਿੱਤਾ ਗਿਆ। ਬੈਸਟੀਲ ਦੇ ਪਤਨ ਨਾਲ ਰਾਜਤੰਤਰ ਦਾ ਅੰਤ ਹੋ ਗਿਆ। ਅਤੇ ਰਾਜਨੀਤਕ ਸ਼ਕਤੀ ਨੂੰ ਰਾਸ਼ਟਰੀ ਵਿਧਾਨ ਸਭਾ ਦੇ ਹੱਥਾ ਵਿੱਚ ਆ ਗਈ।



**ਬੈਸਟੀਲ ਦੀ ਤਬਾਹੀ 14 ਜੁਲਾਈ, 1789**

14 ਜੁਲਾਈ ਨੂੰ ਅਜੇ ਵੀ ਫਰਾਂਸ ਵਿੱਚ ਬੈਸਟੀਲ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।

ਬੈਸਟੀਲ ਪੈਰਿਸ ਦਾ ਇੱਕ ਪੁਰਾਤਲ ਕਿਲ੍ਹਾ ਸੀ ਜਿਸ ਨੂੰ ਰਾਜਸੀ ਕੈਦੀਆਂ ਨੂੰ ਰੱਖਣ ਲਈ ਵਰਤਿਆ ਜਾਂਦਾ ਸੀ। ਜਿਸਨੂੰ ਪੁਰਾਣੇ ਰਾਜ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

4 ਅਗਸਤ 1789 ਨੂੰ ਰਾਸ਼ਟਰੀ ਸੰਵਿਧਾਨ ਸਭਾ ਨੇ ਕਰ ਹਟਾ ਦਿੱਤੇ ਅਤੇ ਪਾਦਰੀਆਂ ਨੂੰ ਆਪਣੇ ਵਿਸ਼ੇਸ਼ ਅਧਿਕਾਰ ਛੱਡਣ ਲਈ ਮਜਬੂਰ ਕਰ ਦਿੱਤਾ। ਗਿਰਜਾ ਘਰਾਂ ਦੀ ਮਲਕੀਅਤ ਹੇਠ ਆਉਣ ਵਾਲੀ ਭੂਮੀ ਨੂੰ ਖੋਹ ਲਿਆ ਗਿਆ ਅਤੇ ਟਾਈਥ (ਚਰਚ ਵੱਲੋਂ ਲਿਆ ਜਾਣ ਵਾਲਾ ਕਰ) ਖ਼ਤਮ ਕਰ ਦਿੱਤਾ ਗਿਆ। ਇਸ ਨਾਲ ਸਾਮੰਤਵਾਦ ਦਾ ਅੰਤ ਹੋ ਗਿਆ। ਵਿਦਰੋਹੀ ਲੋਕਾਂ ਦੀ ਸ਼ਕਤੀ ਦੇ ਸਾਹਮਣੇ ਝੁਕਦੇ ਹੋਏ ਲੁਈਸ 16ਵੇਂ ਨੇ ਰਾਸ਼ਟਰੀ ਸਭਾ ਨੂੰ ਮਾਨਤਾ ਦੇ ਦਿੱਤੀ ਅਤੇ ਉਸ ਨੇ ਇਹ ਸਵੀਕਾਰ ਕਰ ਲਿਆ ਕਿ ਹੁਣ ਤੋਂ ਉਸ ਦੀਆਂ ਸ਼ਕਤੀਆਂ ਸੰਵਿਧਾਨ ਦੁਆਰਾ ਨਿਯੰਤ੍ਰਿਤ ਹੋਣਗੀਆਂ।

**ਰਾਸ਼ਟਰੀ ਪ੍ਰੀਸ਼ਦ: (1789 ਈ.-1791ਈ.)**

ਤੀਜੇ ਵਰਗ ਦੇ ਪ੍ਰਤੀਨਿਧੀਆਂ ਨੇ ਆਪਣੇ ਆਪ ਨੂੰ ਫਰਾਂਸ ਦੇ ਪ੍ਰਤੀਨਿੱਧ ਦੱਸਦੇ ਹੋਏ ਰਾਸ਼ਟਰੀ ਪ੍ਰੀਸ਼ਦ ਦਾ ਐਲਾਨ ਕਰ ਦਿੱਤਾ ਅਤੇ ਸਹੁੰ ਚੁੱਕੀ ਕਿ ਫਰਾਂਸ ਦੇ ਲਈ ਸੰਵਿਧਾਨ ਬਣਾਉਣ ਤੋਂ ਪਹਿਲਾਂ ਵਖੱਰੇ ਨਹੀਂ ਹੋਵਾਂਗੇ। ਰਾਸ਼ਟਰੀ ਪ੍ਰੀਸ਼ਦ ਕੇਵਲ ਸਮੰਤਵਾਦ ਅਤੇ ਕੁਲੀਨ ਵਰਗ ਦੀ ਪ੍ਰਭੂਸੱਤਾ ਨੂੰ ਖਤਮ ਕਰਨ ਵਿੱਚ ਹੀ ਕਾਮਯਾਬ ਨਹੀਂ ਰਹੀਂ ਸਗੋਂ ਇਸਨੇ ਅਧਿਕਾਰਾਂ ਦਾ ਐਲਾਨ ਵੀ ਕੀਤਾ, ਜੋ ਇਸ ਕ੍ਰਾਂਤੀ ਦਾ ਉਦੇਸ਼ ਸੀ।

**ਫਰਾਂਸ ਦਾ ਸੰਵਿਧਾਨਕ ਰਾਜਤੰਤਰ ਬਣਨਾ (1791ਈ.- 92ਈ.)**

- ਫਰਾਂਸ ਦੇ ਲਿਖਤੀ ਸੰਵਿਧਾਨ ਦਾ ਖਰੜਾ 1791 ਈ. ਵਿੱਚ ਪੂਰਾ ਹੋ ਗਿਆ।
- ਇਸ ਸੰਵਿਧਾਨ ਨੇ ਸ਼ਕਤੀਆਂ ਨੂੰ ਵਿਧਾਨਪਾਲਿਕਾ ਕਾਰਜਪਾਲਿਕਾ ਅਤੇ ਨਿਆਂਪਾਲਿਕਾ ਵਿੱਚ ਵੰਡ ਦਿੱਤਾ। ਜਦੋਂ ਕਿ ਪਿਛਲੇ ਸੰਵਿਧਾਨ ਵਿੱਚ ਸਾਰੀਆਂ ਸ਼ਕਤੀਆਂ ਰਾਜੇ ਦੇ ਹੱਥ ਵਿੱਚ ਸਨ।
- ਇਸ ਨਵੇਂ ਸੰਵਿਧਾਨ ਨੇ ਫਰਾਂਸ ਨੂੰ ਇੱਕ ਸੰਵਿਧਾਨਕ ਰਾਜਤੰਤਰ ਵਿੱਚ ਬਦਲ ਦਿੱਤਾ।

**ਸੰਵਿਧਾਨਕ ਰਾਜਤੰਤਰ-** ਸੰਵਿਧਾਨਕ ਰਾਜਤੰਤਰ ਇੱਕ ਅਜਿਹੀ ਸਰਕਾਰ ਹੈ ਜਿਸ ਦੇ ਵਿੱਚ ਰਾਜੇ ਨੂੰ ਸੰਵਿਧਾਨ ਅਨੁਸਾਰ ਸੀਮਤ ਸ਼ਕਤੀਆਂ ਪ੍ਰਾਪਤ ਹੁੰਦੀਆਂ ਹਨ।

**ਕਨਵੈਨਸ਼ਨ (1792 ਈ. -1795ਈ.)**- ਰਾਸ਼ਟਰੀ ਸਭਾ ਦੇ ਸ਼ਾਸਨ ਦੌਰਾਨ ਫਰਾਂਸ ਵਿੱਚ ਲਗਾਤਾਰ ਉਥਲ-ਪੁਥਲ ਮੱਚੀ ਰਹੀ। ਪਰਸ਼ੀਆ ਤੇ ਆਸਟਰੀਆ ਵਰਗੇ ਗੁਆਂਢੀ ਦੇਸ਼ਾਂ ਵਿੱਚ ਸਮਾਜਿਕ ਤੇ ਰਾਜਨੀਤਕ ਗਤੀਵਿਧੀਆਂ ਚਿੰਤਾ ਦਾ ਮੁੱਖ ਕਾਰਨ ਸਨ। ਤੀਸਰੇ ਵਰਗ ਦੇ ਉਭਾਰ ਦੇ ਡਰ ਤੋਂ ਲੁਈਸ 16ਵੇਂ ਨੇ ਇਨ੍ਹਾਂ ਦੇਸ਼ਾਂ ਨਾਲ ਗੁਪਤ ਸਮਝੌਤਾ ਕੀਤਾ ਅਤੇ ਕ੍ਰਾਂਤੀ ਨੂੰ ਕੁਚਲਣ ਲਈ ਸੈਨਾ ਭੇਜਣ ਦੀ ਯੋਜਨਾ ਬਣਾਈ। ਇਸ ਤੋਂ ਪਹਿਲਾਂ ਕਿ ਇਸ ਯੋਜਨਾ ਨੂੰ ਫਰਾਂਸ ਪਰਸ਼ੀਆ ਅਤੇ ਆਸਟਰੀਆ ਦੇ ਸ਼ਾਸਕਾਂ ਵੱਲੋਂ ਨੇਪਰੇ ਚਾੜ੍ਹਿਆ ਜਾਂਦਾ ਰਾਸ਼ਟਰੀ ਸਭਾ ਨੇ ਪਰਸ਼ੀਆ ਤੇ ਆਸਟਰੀਆ ਵਿਰੁੱਧ ਲੜਾਈ ਦੀ ਘੋਸ਼ਣਾ ਕਰ ਦਿੱਤੀ। ਯੁੱਧ ਨੇ ਕ੍ਰਾਂਤੀਕਾਰੀ ਸ਼ਕਤੀਆਂ ਨੂੰ ਵਧੇਰੇ ਪ੍ਰੇਰਨਾ ਦਿੱਤੀ ਜਿਨ੍ਹਾਂ ਨੇ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਾ ਦਿੱਤਾ। ਜਿਸ ਦੇ ਨਤੀਜੇ ਵਜੋਂ ਕਨਵੈਨਸ਼ਨ ਨੇ ਫਰਾਂਸ ਨੂੰ ਗਣਤੰਤਰ ਘੋਸ਼ਿਤ ਕਰ ਦਿੱਤਾ। ਵੱਖ-ਵੱਖ ਪ੍ਰਾਂਤਾਂ ਤੋਂ ਹਜ਼ਾਰਾਂ ਲੋਕ ਆਪਣੀ ਸਵੈ-ਇੱਛਾ ਨਾਲ ਸੈਨਾ ਵਿੱਚ ਸ਼ਾਮਿਲ ਹੋ ਗਏ। ਉਨ੍ਹਾਂ ਵਿਚੋਂ ਜ਼ਿਆਦਾਤਰ ਲਈ ਇਹ ਲੜਾਈ ਫਰਾਂਸ ਨੂੰ ਬਚਾਉਣ ਲਈ ਹੀ ਨਹੀਂ ਸਗੋਂ ਯੂਰਪ ਦੇ ਗਰੀਬ ਲੋਕਾਂ ਵੱਲੋਂ ਰਾਜਤੰਤਰ ਵਿਰੁੱਧ ਇੱਕ ਯੁੱਧ ਸੀ।

**ਕੀ ਤੁਸੀਂ ਜਾਣਦੇ ਹੋ ?**

ਪੈਰਿਸ ਵੱਲ ਕੂਚ ਕਰਦਿਆਂ ਰੋਜੇ ਡੀ ਲੀਲ (**Roger de L'Isle**) ਦੁਆਰਾ ਲਿਖਿਆ ਇੱਕ ਗੀਤ **ਮਾਰਸਾਈਜ਼ (Marseillaise)** ਫਰਾਂਸ ਦਾ ਰਾਸ਼ਟਰੀ ਗੀਤ ਬਣ ਗਿਆ। ਲੁਈਸ 16ਵੇਂ ਤੇ ਉਸ ਦੀ ਪਤਨੀ ਨੇ ਫਰਾਂਸ ਵਿਚੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਫੜ੍ਹੇ ਗਏ। ਦੋਹਾਂ ਨੂੰ 1793 ਈ. ਵਿੱਚ ਸਜ਼ਾ ਦੇ ਕੇ ਗਿਲੋਟਿਨ ਰਾਹੀਂ ਮੌਤ ਦਾ ਦੰਡ ਦਿੱਤਾ ਗਿਆ।



**ਗਿਲੋਟਿਨ ਰਾਹੀਂ ਮੌਤ ਦੀ ਸਜ਼ਾ ਦਿੱਤੇ ਜਾਣ ਦਾ ਦ੍ਰਿਸ਼**

## ਜੈਕੋਬਿਨ

ਫਰਾਂਸ ਵਿੱਚ ਰਾਜਨੀਤਕ ਕਲੱਬ ਲੋਕਾਂ ਦੇ ਇਕੱਠ ਦਾ ਮੁੱਖ ਕੇਂਦਰ ਬਣ ਗਏ। ਇਨ੍ਹਾਂ ਕਲੱਬਾਂ ਵਿੱਚ ਲੋਕ ਰਾਜਨੀਤਕ ਘਟਨਾਵਾਂ ਬਾਰੇ ਚਰਚਾ ਤੇ ਅਗਲੇਰੀ ਕਾਰਵਾਈ ਲਈ ਯੋਜਨਾਵਾਂ ਬਣਾਉਂਦੇ। ਇਨ੍ਹਾਂ ਕਲੱਬਾਂ ਵਿਚੋਂ ਫਰਾਂਸ ਦਾ ਜੈਕੋਬਿਨ ਕਲੱਬ ਸਭ ਤੋਂ ਪ੍ਰਸਿੱਧ ਕਲੱਬ ਸੀ। ਜੋ ਕਿ ਫਰਾਂਸ ਦੇ ਗਰੀਬ ਤੇ ਪਿਛੜੇ ਤਬਕਿਆਂ ਦੇ ਲੋਕਾਂ ਨਾਲ ਸਬੰਧਤ ਸੀ। ਇਨ੍ਹਾਂ ਵਿੱਚ ਛੋਟੇ ਦੁਕਾਨਦਾਰ ਕਾਰੀਗਰ, ਮੋਚੀ, ਘੜੀਸਾਜ ਤੇ ਦਿਹਾੜੀਦਾਰ ਕਾਮੇ ਸ਼ਾਮਿਲ ਸਨ। ਇਹ ਕ੍ਰਾਂਤੀਕਾਰੀ ਸਮੂਹ (Radical) ਸਿੱਧੇ ਲੋਕਤੰਤਰ ਵਿੱਚ ਵਿਸ਼ਵਾਸ ਰੱਖਦਾ ਸੀ। ਇਨ੍ਹਾਂ ਨੇ ਕ੍ਰਾਂਤੀ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਨੂੰ ਕੁਚਲਣ ਲਈ ਸਖ਼ਤ ਕਦਮ ਚੁੱਕੇ। ਇਨ੍ਹਾਂ ਦਾ ਆਗੂ ਮੈਕਮਿਲੀਅਨ ਰੋਬਸਪੇਅਰ (Maximilian Robespierre) ਸੀ। ਉਹ ਆਪਣੇ ਆਪ ਨੂੰ ਦੂਸਰਿਆਂ ਤੋਂ ਅਲੱਗ ਦਿਖਾਉਣ ਲਈ ਗੋਡਿਆਂ ਤਕ ਧਾਰੀਦਾਰ ਪੰਜਾਮੀ ਪਹਿਨਦੇ ਸਨ।



**ਗਿਲੋਟਿਨ**

ਡਾ. ਗਿਲੋਟਿਨ ਦੁਆਰਾ ਬਣਾਇਆ ਗਿਆ ਇੱਕ ਯੰਤਰ ਜੋ ਕਿ ਦੋ ਖੰਭਿਆਂ ਅਤੇ ਆਰੇ ਨਾਲ ਬਣਿਆ ਸੀ। ਇਸ ਨਾਲ ਆਦਮੀ ਦਾ ਸਿਰ ਧੜ ਤੋਂ ਅਲੱਗ ਕੀਤਾ ਜਾਂਦਾ ਸੀ।

## ਆਤੰਕ ਦਾ ਦੌਰ ਤੇ ਜੈਕੋਬਿਨਾਂ ਦਾ ਅੰਤ

ਖਾਣ-ਪੀਣ ਦੀਆਂ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਤੇ ਘੱਟ ਪੂਰਤੀ ਦੇ ਕਾਰਨ ਲੋਕਾਂ ਦੇ ਸਰਕਾਰ ਪ੍ਰਤੀ ਵੱਧਦੇ ਗੁੱਸੇ ਨੂੰ ਦੇਖਦਿਆਂ ਹੋਇਆਂ ਜੈਕੋਬਿਨਾਂ ਨੇ 1792ਈ. ਵਿੱਚ ਬਗਾਵਤ ਦੀ ਯੋਜਨਾ ਬਣਾਈ। 10 ਅਗਸਤ ਨੂੰ ਉਨ੍ਹਾਂ ਨੇ ਤੁਈਲਰੀ (Tuileries) ਦੇ ਮਹਿਲਾਂ ਨੂੰ ਘੇਰ ਲਿਆ ਅਤੇ ਰਾਜੇ ਦੇ ਅੰਗਰੱਖਿਅਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। 1793ਈ. ਤੋਂ 1794 ਈ. ਦਾ ਸਮਾਂ ਫਰਾਂਸ ਲਈ ਬੁਰਾ ਸਮਾਂ ਸੀ ਜਿਸ ਵਿੱਚ ਘੱਟੋ-ਘੱਟ 16000 ਤੋਂ ਲੈ ਕੇ 40000 ਤਕ ਲੋਕ ਜੈਕੋਬਿਨ ਸਰਕਾਰ ਦੁਆਰਾ ਮਾਰ ਦਿੱਤੇ ਗਏ। ਇਸ ਸਮੇਂ ਨੂੰ **ਆਤੰਕ ਦੇ ਦੌਰ** ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਜੈਕੋਬਿਨਾਂ ਦੇ ਆਗੂ ਰੋਬਸਪੇਅਰ (Robespierre) ਨੇ ਲੋਕਾਂ ਨੂੰ ਸਖ਼ਤੀ ਨਾਲ ਕਾਬੂ ਰੱਖਣ ਤੇ ਸਖ਼ਤ ਸਜ਼ਾ ਦੇਣ ਦੀ ਨੀਤੀ ਅਪਣਾਈ। ਉਹ ਸਾਰੇ ਲੋਕ ਜਿਨ੍ਹਾਂ ਨੂੰ ਉਹ ਗਣਤੰਤਰ ਦਾ ਦੁਸ਼ਮਣ ਮੰਨਦਾ ਸੀ ਇੱਥੋਂ ਤੀਕ ਕਿ ਲੋਕ ਉਸ ਦੀ ਆਪਣੀ ਪਾਰਟੀ ਦੇ ਮੈਂਬਰ ਜਿਹੜੇ ਉਸ ਨਾਲ ਸਹਿਮਤ ਨਹੀਂ ਸਨ ਨੂੰ ਗਿਰਫ਼ਤਾਰ ਕਰਕੇ ਜੇਲ੍ਹ 'ਚ ਸੁੱਟ ਦਿੱਤਾ। ਇੱਕ ਕ੍ਰਾਂਤੀਕਾਰੀ ਟ੍ਰਿਬਿਊਨਲ ਦੁਆਰਾ ਮੁਕੱਦਮੇ ਚਲਾਏ ਗਏ ਅਤੇ ਦੋਸ਼ੀਆਂ ਨੂੰ **ਗਿਲੋਟਿਨ** ਰਾਹੀਂ ਕਤਲ ਕਰ ਦਿੱਤਾ ਗਿਆ।

ਰੋਬਸਪੇਅਰ ਦੀ ਸਰਕਾਰ ਨੇ ਕਾਨੂੰਨਾਂ ਦੁਆਰਾ ਤਨਖ਼ਾਹ ਅਤੇ ਕੀਮਤਾਂ ਦੀਆਂ ਹੱਦਾਂ ਨਿਸ਼ਚਿਤ ਕਰ ਦਿੱਤੀਆਂ। ਮੀਟ ਅਤੇ ਰੋਟੀ (ਬਰੈੱਡ) ਨੂੰ ਰਾਸ਼ਨ ਦੀਆਂ ਸਰਕਾਰੀ ਦੁਕਾਨਾਂ 'ਤੇ ਵੇਚਣਾ ਯਕੀਨੀ ਬਣਾਇਆ ਅਤੇ ਨਾਲ ਹੀ ਕਿਸਾਨਾਂ ਨੂੰ ਸਰਕਾਰ ਦੁਆਰਾ ਨਿਸ਼ਚਿਤ ਕੀਤੀਆਂ ਕੀਮਤਾਂ 'ਤੇ ਅਨਾਜ ਵੇਚਣ ਲਈ ਮਜਬੂਰ ਕੀਤਾ। ਮਹਿੰਗੇ ਮੈਦੇ ਦੀ ਵਰਤੋਂ 'ਤੇ ਰੋਕ ਲਾ ਦਿੱਤੀ। ਗਿਰਜਾਘਰ ਬੰਦ ਕਰ ਦਿੱਤੇ ਅਤੇ ਇਨ੍ਹਾਂ ਦੀਆਂ ਇਮਾਰਤਾਂ ਨੂੰ ਛਾਉਣੀਆਂ ਅਤੇ ਦਫ਼ਤਰਾਂ 'ਚ ਬਦਲ ਦਿੱਤਾ।

ਰੋਬਸਪੇਅਰ ਨੇ ਆਪਣੀਆਂ ਨੀਤੀਆਂ ਨੂੰ ਏਨੀ ਸਖ਼ਤੀ ਨਾਲ ਲਾਗੂ ਕੀਤਾ ਕਿ ਉਸਦੇ ਆਪਣੇ ਸਮਰਥਕ ਵੀ ਇਨ੍ਹਾਂ ਨੀਤੀਆਂ 'ਚ ਨਰਮੀ ਦੀ ਮੰਗ ਕਰਨ ਲੱਗੇ। ਅੰਤ ਵਿੱਚ ਉਸ 'ਤੇ ਮੁਕੱਦਮੇ ਚਲਾ ਕੇ ਦੋਸ਼ੀ ਪਾਇਆ ਅਤੇ ਉਸ ਨੂੰ ਜੁਲਾਈ 1794 ਈ. ਵਿੱਚ ਗਿਲੋਟਿਨ ਦੀ ਸਜ਼ਾ ਦੇ ਕੇ ਮੌਤ ਦੇ ਘਾਟ ਉਤਾਰ ਦਿੱਤਾ।



ਫਰਾਂਸ ਦਾ ਡਾਇਰੈਕਟਰੀ ਰਾਜ

## ਡਾਇਰੈਕਟਰੀ (Directory) 1795ਈ.- 1799 ਈ.

ਰੋਬਸਪੇਅਰ ਦੀ ਮੌਤ ਦੇ ਨਾਲ ਹੀ ਜੈਕੋਬਿਨਾਂ ਦੀ ਸਰਕਾਰ ਦਾ ਅੰਤ ਹੋ ਗਿਆ। ਇਸ ਦੇ ਨਾਲ ਫਰਾਂਸੀਸੀ ਸਮਾਜ ਦੇ ਅਮੀਰ ਲੋਕਾਂ ਨੇ ਰਾਜਸੀ ਤਾਕਤ ਅਤੇ ਸਰਕਾਰ ਨੂੰ ਆਪਣੇ ਹੱਥਾਂ 'ਚ ਲੈ ਲਿਆ। ਸੰਪਤੀ ਰਹਿਤ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ।

1795 ਈ. ਤੋਂ 1799 ਈ. ਤਕ ਫਰਾਂਸ 'ਚ ਡਾਇਰੈਕਟਰੀ ਦਾ ਰਾਜ ਰਿਹਾ। ਲੋਕ ਇਸ ਗੱਲ ਤੋਂ ਚਿੰਤਤ ਸਨ ਕਿ ਰਾਜਨੀਤਕ ਸੱਤਾ ਇੱਕ ਹੱਥ ਵਿੱਚ ਨਹੀਂ ਰਹਿਣੀ ਚਾਹੀਦੀ ਜਿਵੇਂ ਕਿ ਜੈਕੋਬਿਨਜ਼ ਨੇ ਕੀਤਾ ਸੀ। ਉਨ੍ਹਾਂ ਨੇ ਪੰਜ ਮੈਂਬਰੀ ਡਾਇਰੈਕਟਰੀ ਕੌਂਸਲ ਬਣਾਈ ਅਤੇ ਦੋ ਵਿਧਾਨ ਪ੍ਰੀਸ਼ਦਾਂ ਦੀ ਚੋਣ ਕੀਤੀ। ਹਾਲਾਂਕਿ ਇਸ ਨਾਲ ਸੱਤਾ ਦੀਆਂ ਸ਼ਕਤੀਆਂ ਦੀ ਵੰਡ ਹੋ ਗਈ ਫਿਰ ਵੀ ਵਿਧਾਨ ਪ੍ਰੀਸ਼ਦ ਮੈਂਬਰਾਂ ਅਤੇ ਡਾਇਰੈਕਟਰਾਂ ਵਿਚਕਾਰ ਝੜਪਾਂ ਹੁੰਦੀਆਂ ਰਹਿੰਦੀਆਂ ਸਨ। ਵਿਧਾਨ ਪ੍ਰੀਸ਼ਦ ਅਤੇ ਡਾਇਰੈਕਟਰਾਂ ਦੀ ਆਪਸੀ ਖਿੱਚੋਤਾਣ ਕਾਰਨ ਪੈਦਾ ਹੋਈ ਰਾਜਨੀਤਕ ਅਸਥਿਰਤਾ ਕਾਰਨ ਫਰਾਂਸ ਵਿੱਚ ਨੈਪੋਲੀਅਨ ਬੋਨਾਪਾਰਟ ਦੀ ਫੌਜੀ ਤਾਨਾਸ਼ਾਹੀ ਦੇ ਉਭਾਰ ਦਾ ਰਸਤਾ ਖੁਲ੍ਹ ਗਿਆ।

## ਨੈਪੋਲੀਅਨ ਬੋਨਾਪਾਰਟ

ਨੈਪੋਲੀਅਨ ਬੋਨਾਪਾਰਟ ਫਰਾਂਸੀਸੀ ਜਰਨੈਲ ਸੀ ਜੋ ਇਟਲੀ ਉੱਤੇ ਆਪਣੀਆਂ ਜਿੱਤਾਂ ਕਾਰਨ ਪ੍ਰਸਿੱਧ ਹੋਇਆ ਉਸ ਨੇ 1799 ਈ. ਵਿੱਚ ਰਾਜਨੀਤਕ ਸੱਤਾ ਹਾਸਿਲ ਕੀਤੀ ਪਰੰਤੂ



ਨੈਪੋਲੀਅਲ ਬੋਨਾਪਾਰਟ

1804 ਵਿੱਚ ਉਸਨੇ ਆਪਣੇ ਆਪ ਨੂੰ ਫਰਾਂਸ ਦਾ ਸਮਰਾਟ ਘੋਸ਼ਿਤ ਕਰ ਦਿੱਤਾ। ਉਹ ਕੇਵਲ ਇੱਕ ਫੌਜੀ ਜਰਨੈਲ ਹੀ ਨਹੀਂ ਸੀ ਬਲਕਿ ਇੱਕ ਯੋਗ ਰਾਜਨੀਤਕ ਆਗੂ ਵੀ ਸੀ। ਉਸ ਨੇ ਆਪਣੇ ਗੁਆਂਢੀ ਯੂਰਪੀ ਦੇਸ਼ਾਂ ਨੂੰ ਜਿੱਤਿਆ ਅਤੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਉਥੋਂ ਦਾ ਸ਼ਾਸਕ ਬਣਾ ਦਿੱਤਾ। ਸ਼ੁਰੂ ਵਿੱਚ ਲੋਕਾਂ ਨੇ ਉਸ ਨੂੰ ਮੁਕਤੀਦਾਤਾ ਦੇ ਰੂਪ ਵਿੱਚ ਦੇਖਿਆ। ਉਸ ਦੀ ਸੋਚ ਬਹੁਤ ਪ੍ਰਗਤੀਸ਼ੀਲ ਸੀ। ਜਲਦੀ ਹੀ ਉਸ ਦੀਆਂ ਫੌਜਾਂ ਨੂੰ ਯੂਰਪ ਵਿੱਚ ਘੁਸਪੈਠੀਏ ਵਜੋਂ ਜਾਣਿਆ ਜਾਣ ਲੱਗਾ। ਉਸਦੇ ਉਦਾਰਵਾਦੀ ਕਾਨੂੰਨ ਫਰਾਂਸ ਤੇ ਦੂਜੇ ਯੂਰਪੀ ਦੇਸ਼ਾਂ ਵਿੱਚ ਲਾਗੂ ਹੋ ਗਏ ਸਨ ਅਤੇ ਉਸਦੀ ਹਾਰ ਤੋਂ ਬਾਅਦ ਵੀ ਇਨ੍ਹਾਂ ਕਾਨੂੰਨਾਂ ਤੋਂ ਲੋਕ ਪ੍ਰਭਾਵਿਤ ਰਹੇ। 1815 ਈ. ਵਿੱਚ ਉਹ ਵਾਟਰਲੂ ਦੀ ਲੜਾਈ ਵਿੱਚ ਹਾਰ ਗਿਆ। ਅੰਗਰੇਜ਼ਾਂ ਨੇ ਉਸ ਨੂੰ ਦੂਰ ਇੱਕ ਟਾਪੂ **ਸੈਂਟ ਹੇਲੀਨਾ** ਵਿੱਚ ਕੈਦ ਕਰ ਦਿੱਤਾ ਜਿੱਥੇ 5 ਮਈ 1821 ਈ. ਨੂੰ ਉਸਦੀ ਮੌਤ ਹੋ ਗਈ।

**ਨੈਪੋਲੀਅਨ ਬੋਨਾਪਾਰਟ ਦੁਆਰਾ ਬਣਾਏ ਆਧੁਨਿਕ ਕਾਨੂੰਨ**

1. ਨਿਜੀ ਸੰਪਤੀ ਦੀ ਸੁਰੱਖਿਆ ਦਾ ਕਾਨੂੰਨ
2. ਨਾਪ-ਤੋਲ ਦੀ ਇਕਸਾਰ ਪ੍ਰਣਾਲੀ
3. ਸਰਕਾਰ ਦੇ ਕੇਂਦਰੀਕਰਨ
4. ਬੈਂਕ ਆਫ਼ ਫਰਾਂਸ ਦੀ ਸਥਾਪਨਾ
5. ਰੋਮਨ ਕੈਥੋਲਿਕ ਸਥਾਨਾ ਨੂੰ ਰਾਜ ਧਰਮ ਦੇ ਤੌਰ ਤੇ ਮੁੜ ਮਾਨਤਾ
6. ਸਿੱਖਿਆ ਸਬੰਧੀ ਸੁਧਾਰ: ਇਕਸਾਰ ਅਤੇ ਲਾਜ਼ਮੀ ਸਕੂਲੀ ਸਿੱਖਿਆ ਪ੍ਰਣਾਲੀ ਦੀ ਸ਼ੁਰੂਆਤ

## ਫਰਾਂਸੀਸੀ ਕ੍ਰਾਂਤੀ ਵਿੱਚ ਔਰਤਾਂ ਦਾ ਯੋਗਦਾਨ

ਫਰਾਂਸੀਸੀ ਔਰਤਾਂ ਨੂੰ ਕਿਸੇ ਨੇ ਫਰਾਂਸੀਸੀ ਕ੍ਰਾਂਤੀ ਦੌਰਾਨ ਸਰਗਰਮ ਨਾਗਰਿਕ ਨਾ ਮੰਨਿਆ ਪਰੰਤੂ ਕ੍ਰਾਂਤੀ ਦੇ ਦੌਰਾਨ ਉਨ੍ਹਾਂ ਦੀ ਭੂਮਿਕਾ ਕਾਫੀ ਸਰਗਰਮ ਸੀ। ਉਨ੍ਹਾਂ ਨੇ ਕ੍ਰਾਂਤੀ ਵਿੱਚ ਇਸ ਉਮੀਦ ਨਾਲ ਭਾਗ ਲਿਆ ਕਿ ਨਵੀਂ ਸਰਕਾਰ ਉਨ੍ਹਾਂ ਦੇ ਜੀਵਨ ਨੂੰ ਬੇਹਤਰ ਬਣਾਏਗੀ।




PATRIOTIC WOMEN'S CLUB

ਤੀਸਰੇ ਵਰਗ ਵਿੱਚ ਸ਼ਾਮਿਲ ਔਰਤਾਂ ਜਿਆਦਾਤਰ ਆਪਣੇ ਜੀਵਨ ਦਾ ਗੁਜਾਰਾ ਕਰਨ ਲਈ ਫੁੱਲ, ਫੱਲ, ਸਬਜੀਆਂ ਵੇਚਣ, ਕੱਪੜੇ ਸਿਲਾਈ ਅਤੇ ਅਮੀਰ ਲੋਕਾਂ ਘਰਾਂ ਵਿੱਚ ਕੰਮ ਕਰਨ ਦੀ ਨੌਕਰੀ ਕਰਦੇ ਸਨ। ਪੁਰਸ਼ਾ ਦੇ ਬਰਾਬਰ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਦੇ ਵੇਤਨ ਬਰਾਬਰ ਨਹੀਂ ਸੀ। ਕੰਮਕਾਜ਼ੀ ਔਰਤਾਂ ਨੂੰ ਆਪਣੇ ਘਰੇਲੂ ਕੰਮ ਵੀ ਕਰਨੇ ਪੈਂਦੇ ਸਨ। ਉਹਨਾਂ ਨੂੰ ਸਿੱਖਿਆ ਤੇ ਪੇਸ਼ੇ ਦੀ ਸਿਖਲਾਈ ਤੋਂ ਵਾਂਝੇ ਰੱਖਿਆ ਜਾਂਦਾ ਸੀ।

ਵੋਟ ਦੇ ਅਧਿਕਾਰ ਅਤੇ ਬਰਾਬਰ ਤਨਖਾਹ ਲਈ ਔਰਤਾਂ ਨੇ ਲਗਾਤਾਰ ਅੰਦੋਲਨ ਚਲਾਇਆ। ਬਹੁਤ ਸਾਰੀਆਂ ਪ੍ਰਮੁੱਖ ਅਤੇ ਚਿੰਤਕ ਔਰਤ ਆਗੂਆਂ ਨੂੰ ਆਤੰਕ ਦੇ ਦੌਰ ਵਿੱਚ ਗਿਰਫਤਾਰ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਤਕਰੀਬਨ 150 ਸਾਲ ਬਾਅਦ 1946 ਈ. ਵਿੱਚ ਫਰਾਂਸੀਸੀ ਔਰਤਾਂ ਨੂੰ ਵੋਟ ਦਾ ਅਧਿਕਾਰ ਮਿਲਿਆ।

ਕੁਝ ਸਮੇਂ ਬਾਅਦ ਔਰਤਾਂ ਦੇ ਪੱਖ ਵਿੱਚ ਕੁਝ ਤਬਦੀਲੀਆਂ ਲਿਆਂਦੀਆਂ ਗਈਆਂ। ਔਰਤਾਂ ਲਈ ਸਕੂਲੀ ਸਿੱਖਿਆ ਲਾਜ਼ਮੀ ਕਰ ਦਿੱਤੀ ਗਈ ਅਤੇ ਸਰਕਾਰੀ ਸਕੂਲਾਂ ਵਿੱਚ ਉਹਨਾਂ ਨੂੰ ਪੜ੍ਹਨ ਲਈ ਉਤਸ਼ਾਹਿਤ ਕੀਤਾ ਗਿਆ। ਸਮਾਜਿਕ ਤੌਰ 'ਤੇ ਉਨ੍ਹਾਂ ਨੂੰ ਆਪਣੀ ਮਰਜ਼ੀ ਤੋਂ ਬਿਨਾਂ ਵਿਆਹ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਸੀ। ਉਨ੍ਹਾਂ ਨੂੰ ਤਲਾਕ ਦਾ ਵੀ ਅਧਿਕਾਰ ਦਿੱਤਾ ਗਿਆ। ਵਿਆਹ ਨੂੰ ਵੀ ਇੱਕ ਕਾਨੂੰਨੀ ਇਕਰਾਰ ਮੰਨਿਆ ਗਿਆ

**ਉਲੰਪ ਦੇ ਗੂਜ਼ (Olympe de Gouges)**



ਫਰਾਂਸੀਸੀ ਕ੍ਰਾਂਤੀ ਸਮੇਂ ਉਲੰਪ ਦੇ ਗੂਜ਼ ਇੱਕ ਸਰਗਰਮ ਰਾਜਨੀਤਕ ਮਹਿਲਾ ਆਗੂ ਸੀ। ਉਸ ਨੇ ਸੰਵਿਧਾਨ ਦੇ ਮਨੁੱਖ ਤੇ ਨਾਗਰਿਕਾਂ ਦੇ ਅਧਿਕਾਰਾਂ ਦੇ ਘੋਸ਼ਣਾ-ਪੱਤਰ ਦਾ ਇਸ ਲਈ ਵਿਰੋਧ ਕੀਤਾ ਕਿਉਂਕਿ ਉਸ ਵਿੱਚ ਔਰਤਾਂ ਨੂੰ ਇਨ੍ਹਾਂ ਮੂਲ ਅਧਿਕਾਰਾਂ ਤੋਂ ਵਾਂਝੇ ਰੱਖਿਆ ਗਿਆ ਸੀ। ਉਸਨੇ ਜੈਕੋਬਿਨ ਸਰਕਾਰ ਦੁਆਰਾ ਔਰਤਾਂ ਦੇ ਕਲੱਬ ਬੰਦ ਕਰਨ ਦੀ ਅਲੋਚਨਾ ਕੀਤੀ। ਉਸ ਉੱਤੇ ਰਾਸ਼ਟਰੀ ਵਿਧਾਨਸਭਾ ਦੁਆਰਾ ਮੁਕੱਦਮਾ ਚਲਾਇਆ ਗਿਆ ਅਤੇ ਛੇਤੀ ਹੀ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

## ਕ੍ਰਾਂਤੀ ਅਤੇ ਫਰਾਂਸ ਦੇ ਲੋਕਾਂ ਦੀ ਰੋਜ਼ਾਨਾ ਦੀ ਜ਼ਿੰਦਗੀ

ਕ੍ਰਾਂਤੀ ਤੋਂ ਬਾਅਦ ਫਰਾਂਸ ਦੇ ਲੋਕਾਂ ਦੇ ਜੀਵਨ ਵਿੱਚ ਕਈ ਪਰਿਵਰਤਨ ਆਏ। ਕ੍ਰਾਂਤੀ ਤੋਂ ਬਾਅਦ ਬਣੀ ਸਰਕਾਰ ਨੇ ਸੁਤੰਤਰਤਾ ਅਤੇ ਸਮਾਨਤਾ ਦੇ ਵਿਚਾਰਾਂ ਨੂੰ ਲੋਕਾਂ ਦੇ ਆਮ ਜੀਵਨ ਵਿੱਚ ਲਿਆਉਣ ਲਈ ਕਈ ਕਾਨੂੰਨ ਪਾਸ ਕੀਤੇ। ਪੁਰਾਣੇ ਰਾਜ ਵਿੱਚ ਕੁਝ ਵਰਗਾਂ ਨੂੰ ਮਿਲੇ ਵਿਸ਼ੇਸ਼ ਅਧਿਕਾਰ ਖ਼ਤਮ ਕਰ ਦਿੱਤੇ। ਚਰਚ ਦੀ ਜ਼ਮੀਨ ਮੱਧਵਰਗ ਦੇ ਲੋਕਾਂ ਵੱਲੋਂ ਖਰੀਦ ਲਈ ਗਈ ਅਤੇ ਕੁਲੀਨ ਲੋਕਾਂ ਦੀਆਂ ਜ਼ਮੀਨਾਂ ਜ਼ਬਤ ਕਰ ਲਈਆਂ ਗਈਆਂ। ਮਨੁੱਖ 'ਤੇ ਨਾਗਰਿਕਾਂ ਦੇ ਅਧਿਕਾਰਾਂ ਦੇ ਘੋਸ਼ਣਾ-ਪੱਤਰ ਵਿੱਚ ਉਨ੍ਹਾਂ ਲਈ ਬੋਲਣ ਅਤੇ ਪ੍ਰਗਟਾਵੇ ਦੀ ਅਜ਼ਾਦੀ ਸੁਨਿਸ਼ਚਿਤ ਕੀਤੀ ਗਈ। ਨਤੀਜੇ ਵਜੋਂ ਪਰੈੱਸ ਸਾਹਿਤ ਕਲਾ ਆਦਿ ਦਾ ਵਿਕਾਸ ਹੋਇਆ। ਅਜ਼ਾਦੀ ਸਮਾਨਤਾ ਅਤੇ ਭਾਈਚਾਰੇ ਦੇ ਸਿਧਾਂਤ ਜੋ ਕਿ ਫਰਾਂਸੀਸੀ ਕ੍ਰਾਂਤੀ ਦੇ ਥੰਮ ਸਨ ਪਰੈੱਸ ਦੀ ਅਜ਼ਾਦੀ ਨਾਲ ਦੂਰ-ਦੂਰ ਤਕ ਫੈਲ ਗਏ।




ਕ੍ਰਾਂਤੀ ਪਿੱਛੋਂ ਉਤਸ਼ਾਹਿਤ ਲੋਕ

ਫਰਾਂਸੀਸੀ ਕ੍ਰਾਂਤੀ ਨੇ **ਰਾਸ਼ਟਰ** ਸ਼ਬਦ ਦੇ ਨਵੇਂ ਅਰਥ ਦਿੱਤੇ। ਰਾਸ਼ਟਰ ਕੇਵਲ ਇੱਕ ਇਲਾਕਾ ਨਹੀਂ ਹੁੰਦਾ ਸਗੋਂ ਉਸ ਇਲਾਕੇ ਨਾਲ ਸਬੰਧਤ ਲੋਕ ਹੁੰਦੇ ਹਨ। ਫਰਾਂਸ ਨੂੰ ਕੇਵਲ ਇਸ ਦੇ ਇਲਾਕੇ ਕਰਕੇ ਨਹੀਂ ਸਗੋਂ ਫਰਾਂਸੀਸੀ ਲੋਕਾਂ ਕਰਕੇ ਜਾਣਿਆ ਜਾਂਦਾ ਹੈ। ਫਰਾਂਸੀਸੀ ਕ੍ਰਾਂਤੀ ਤੋਂ ਹੀ **ਪ੍ਰਭੂਸੱਤਾ** ਦੀ ਧਾਰਨਾ ਵਿਕਸਤ ਹੋਈ ਜਿਸਦਾ ਮਤਲਬ ਹੈ ਕਿ ਲੋਕ ਹੀ ਸ਼ਕਤੀ ਅਤੇ ਅਧਿਕਾਰਾਂ ਦਾ ਮੁੱਢਲਾ ਸੋਮਾ ਹੁੰਦੇ ਹਨ। ਗਣਤੰਤਰ ਵਿੱਚ ਲੋਕਾਂ ਤੋਂ ਉੱਪਰ ਕੋਈ ਸ਼ਾਸਕ ਨਹੀਂ ਹੋ ਸਕਦਾ ਗਣਤੰਤਰੀ ਸਰਕਾਰਾਂ ਆਪਣੀਆਂ ਸਾਰੀਆਂ ਸ਼ਕਤੀਆਂ ਅਤੇ ਅਧਿਕਾਰ ਲੋਕਾਂ ਤੋਂ ਹੀ ਹਾਸਲ ਕਰਦੀਆਂ ਹਨ। ਬਹੁਤ ਸਾਰੇ ਰਾਜਨੀਤਕ ਚਿੰਤਕ ਅਤੇ ਇਤਿਹਾਸਕਾਰ ਫਰਾਂਸੀਸੀ ਕ੍ਰਾਂਤੀ ਤੋਂ ਲੰਬੇ ਸਮੇਂ ਤਕ ਪ੍ਰਭਾਵਿਤ ਰਹੇ।

> ਰਾਸ਼ਟਰੀ ਵਿਧਾਨ ਸਭਾ ਦੇ ਵਿਕਾਸ ਅਤੇ ਕ੍ਰਾਂਤੀ ਦੇ ਦੌਰਾਨ ਸਮਾਜ ਵਿੱਚ ਬਹੁਤ ਮਹੱਤਵਪੂਰਨ ਪਰਿਵਰਤਨ ਆਏ। ਫਰਾਂਸੀਸੀ ਸਮਾਜ ਦਾ ਤੀਜਾ ਵਰਗ ਜਿਆਦਾਤਰ ਅਨਪੜ੍ਹ ਸੀ। ਇਸ ਲਈ ਉਸ ਨੇ ਕੁਝ ਅਜਿਹੇ ਪ੍ਰਤੀਕ ਬਣਾਏ ਜੋ ਖਾਸ ਵਿਚਾਰਾਂ ਦੀ ਪ੍ਰਤੀਨਿਧਤਾ ਕਰਦੇ ਸਨ।

ਮਹਾਨ ਚਿੰਤਕ ਕਾਰਲ ਮਾਰਕਸ ਦੀ ਵਿਚਾਰਧਾਰਾ ਵੀ ਫਰਾਂਸੀਸੀ ਕ੍ਰਾਂਤੀ ਦੀਆਂ ਘਟਨਾਵਾਂ ਤੋਂ ਪ੍ਰਭਾਵਿਤ ਸੀ। ਬਹੁਤ ਸਾਰੇ ਇਤਿਹਾਸਕਾਰ ਇਸ ਕ੍ਰਾਂਤੀ ਨੂੰ ਮੱਧਕਾਲ ਅਤੇ ਆਧੁਨਿਕ ਕਾਲ ਨੂੰ ਜੋੜਨ ਵਾਲੀ ਇੱਕ ਅਹਿਮ ਕੜੀ ਮੰਨਦੇ ਹਨ। ਇਸ ਨੂੰ ਆਧੁਨਿਕ ਯੁੱਗ ਦੀ ਸਵੇਰ ਮੰਨਿਆ ਜਾਂਦਾ ਹੈ।

**ਸਿੱਟਾ-**

ਫਰਾਂਸੀਸੀ ਕ੍ਰਾਂਤੀ ਸੰਸਾਰ ਦੇ ਇਤਿਹਾਸ ਵਿੱਚ ਪ੍ਰਮੁੱਖ ਘਟਨਾ ਮੰਨੀ ਜਾਂਦੀ ਹੈ। ਇਸ ਨੇ ਮੱਧਕਾਲ ਵਿੱਚ ਰਾਜਿਆਂ ਵੱਲੋਂ ਚਲਾਈ ਜਾ ਰਹੀ ਤਾਨਾਸ਼ਾਹੀ ਦਾ ਅੰਤ ਕਰ ਦਿੱਤਾ। ਪਾਦਰੀ ਅਤੇ ਕੁਲੀਨ ਵਰਗ ਦੇ ਵਿਸ਼ੇਸ਼ ਅਧਿਕਾਰਾਂ ਦਾ ਖਾਤਮਾ ਹੋਇਆ ਅਤੇ ਰਾਜਸੀ ਤਾਕਤ ਕਾਫੀ ਹੱਦ ਤਕ ਆਮ ਲੋਕਾਂ ਦੇ ਹੱਥਾਂ ਵਿੱਚ ਆ ਗਈ। ਇਸ ਕ੍ਰਾਂਤੀ ਨਾਲ ਉਦਾਰਵਾਦੀ ਯੁੱਗ ਦੀ ਸ਼ੁਰੂਆਤ ਹੋਈ ਜਿਸਦੇ ਵਿੱਚ ਲੋਕਤੰਤਰ ਦਾ ਇੱਕ ਸ਼ਾਸਨ ਪ੍ਰਣਾਲੀ ਦੇ ਰੂਪ ਵਿੱਚ ਵਿਕਾਸ ਹੋਇਆ। ਜਿਸ ਵਿੱਚ ਮੱਧ ਵਰਗ ਕਿਸਾਨਾਂ ਮਜ਼ਦੂਰਾਂ ਅਤੇ ਔਰਤਾਂ ਨੇ ਆਪਣੇ ਆਲੇ ਦੁਆਲੇ ਸਰਗਰਮ ਰੂਪ ਵਿੱਚ ਭਾਗ ਲੈਣਾ ਆਰੰਭ ਕਰ ਦਿੱਤਾ।



ਤ੍ਰਿਕੋਣ ਵਿੱਚ ਅੱਖ ਦਾ ਚਿੰਨ੍ਹ ਗਿਆਨ ਅਤੇ ਸੂਰਜ ਦੀਆਂ ਕਿਰਨਾਂ ਅਗਿਆਨਤਾ ਦੂਰ ਕਰਨ ਲਈ ਹਨ।



ਇੱਕ ਸੱਪ ਆਪਣੀ ਪੂਛ ਨੂੰ ਖਾ ਰਿਹਾ ਹੈ ਜਿਸਦਾ ਅਰਥ ਹੈ ਕਿ ਹਰੇਕ ਪ੍ਰਕਿਰਿਆ ਦਾ ਅੰਤ ਹੁੰਦਾ ਹੈ।



ਟੁੱਟੀਆਂ ਜ਼ੰਜੀਰਾਂ ਦਾ ਅਰਥ ਹੈ- ਗੁਲਾਮੀ ਤੋਂ ਅਜ਼ਾਦੀ।



ਇੱਕ ਫਰੇਜ਼ੀਅਨ ਟੋਪੀ (Phrygian Cap) ਗੁਲਾਮਾਂ ਦੀ ਅਜ਼ਾਦੀ ਨੂੰ ਦਰਸਾਉਂਦਾ ਹੈ।



ਕੁਹਾੜੀ ਸਮੇਤ ਡੰਡਿਆਂ ਦੀ ਗੱਠੜੀ ਏਕਤਾ 'ਚ ਬਲ ਨੂੰ ਚਿੰਨ੍ਹਤ ਕਰਦੀ ਹੈ।



ਰਾਜ ਦਾ ਡੰਡਾ ਸ਼ਾਹੀ ਤਾਕਤ ਦਾ ਚਿੰਨ੍ਹ ਹੈ।




ਕਾਨੂੰਨ ਦੀ ਫੱਟੀ ਦਾ ਅਰਥ ਹੈ ਕਿ ਕਾਨੂੰਨ ਦੀਆਂ ਨਜ਼ਰਾਂ ਵਿੱਚ ਸਾਰੇ ਨਾਗਰਿਕ ਸਮਾਨ ਹਨ।



ਖੰਭਾਂ ਵਾਲੀ ਔਰਤ ਕਾਨੂੰਨ ਦੀ ਸਰਵ-ਉੱਚਤਾ ਦਾ ਚਿੰਨ੍ਹ ਸੀ।



ਨੀਲਾ ਸਫੈਦ ਅਤੇ ਲਾਲ ਰੰਗ ਫਰਾਂਸ ਦੇ ਰਾਸ਼ਟਰੀ ਰੰਗ ਹਨ।

## ਕੀ ਤੁਸੀਂ ਜਾਣਦੇ ਹੋ?

**ਰਾਸ਼ਟਰ-** ਰਾਸ਼ਟਰ ਉਨ੍ਹਾਂ ਨਾਗਰਿਕਾਂ ਤੋਂ ਮਿਲ ਕੇ ਬਣਦਾ ਹੈ ਜੋ ਕਿ ਸਾਂਝੇ ਇਲਾਕੇ ਵਿੱਚ ਰਹਿੰਦੇ ਹਨ ਜਿਨ੍ਹਾਂ ਦੀ ਸਰਕਾਰ ਵਿੱਚ ਆਪਣੀ ਨੁਮਾਇੰਦਗੀ ਹੁੰਦੀ ਹੈ ਉਹ ਸਾਂਝੀ ਵਿਰਾਸਤ ਅਤੇ ਸਾਂਝੇ ਹਿੱਤਾਂ ਲਈ ਚੇਤੰਨ ਰਹਿੰਦੇ ਹਨ।

**ਉਦਾਰਵਾਦ-** ਉਦਾਰਵਾਦ ਦਾ ਅਰਥ ਹੈ-ਕਿਸੇ ਵਿਅਕਤੀ ਦਾ ਜਾਤੀ ਵਰਗ ਸਰਕਾਰ ਦੀਆਂ ਬੰਦਸ਼ਾਂ ਤੋਂ ਅਜ਼ਾਦ ਹੋਣਾ ਤੇ ਲੋਕਤੰਤਰੀ ਅਸੂਲਾਂ ਅਨੁਸਾਰ ਹੱਕਾਂ ਦਾ ਮਿਲਣਾ। ਕੋਈ ਵੀ ਸ਼ਾਸਕ ਕਿਸੇ ਵੀ ਵਿਅਕਤੀ ਉੱਪਰ ਮਨਮਰਜ਼ੀ ਨਾਲ ਸ਼ਾਸਨ ਨਹੀਂ ਕਰ ਸਕਦਾ। ਕਾਨੂੰਨ ਦੇ ਸਾਹਮਣੇ ਸਾਰੇ ਬਰਾਬਰ ਹਨ। ਸਾਰੇ ਲੋਕਾਂ ਵਿੱਚ ਮਨੁੱਖਤਾ ਤੇ ਭਾਈਚਾਰਾ ਹੋਣਾ ਚਾਹੀਦਾ ਹੈ।

**ਸਮਾਜਵਾਦ-** ਇਹ ਸਮਾਜ ਦੇ ਅਧਿਕਾਰਾਂ ਅਤੇ ਸਮੁੱਚੇ ਸਮਾਜ ਦੀ ਭਲਾਈ 'ਤੇ ਜ਼ੋਰ ਦਿੰਦਾ ਹੈ। ਵਿਅਕਤੀਗਤ ਲਾਭ ਦੀ ਥਾਂ 'ਤੇ ਸਮੂਹਿਕ ਲੋਕਾਂ ਦੀ ਭਲਾਈ ਦੀ ਪ੍ਰੇਰਨਾ ਦਿੰਦਾ ਹੈ।

# ਅਭਿਆਸ

## 1. ਵਸਤੂਨਿਸ਼ਠ ਪ੍ਰਸ਼ਨ

### (ੳ) ਬਹੁ ਵਿਕਲਪੀ ਪ੍ਰਸ਼ਨ -

1. ਫਰਾਂਸ ਵਿੱਚ ਪੁਰਾਣੇ ਰਾਜ ਦੌਰਾਨ ਆਰਥਿਕ ਗਤੀਵਿਧੀਆਂ ਦਾ ਭਾਰ ਕਿਸ ਦੁਆਰਾ ਚੁੱਕਿਆ ਜਾਂਦਾ ਸੀ?
   ੳ) ਚਰਚ ਅ) ਕੇਵਲ ਅਮੀਰ
   ੲ) ਤੀਜਾ ਵਰਗ ਸ) ਕੇਵਲ ਰਾਜਾ
2. ਅਸਟ੍ਰੀਅਨ ਰਾਜਕੁਮਾਰੀ ਮੈਰੀ ਐਨਟੋਨਿਟ ਫਰਾਂਸ ਦੇ ਕਿਸ ਰਾਜਾ ਦੀ ਰਾਣੀ ਸੀ?
   ੳ) ਲੁਈਸ ਤੀਜਾ ਅ) ਲੁਈਸ 14ਵਾਂ
   ੲ) ਲੁਈਸ 15ਵਾਂ ਸ) ਲੁਈਸ 16ਵਾਂ
3. ਨੈਪੋਲੀਅਨ ਨੇ ਆਪਣੇ ਆਪ ਨੂੰ ਫਰਾਂਸ ਦਾ ਰਾਜਾ ਕਦੋਂ ਬਣਾਇਆ?
   ੳ) 1805 ਈ. ਅ) 1804 ਈ.
   ੲ) 1803 ਈ. ਸ) 1806 ਈ.
4. ਫਰਾਂਸ ਦੇ ਵਿੱਚ **ਟੈਨਿਸ ਕੋਰਟ ਸਹੁੰ** ਕਦੋਂ ਚੁੱਕੀ ਗਈ?
   ੳ) 14 ਜੁਲਾਈ 1789 ਈ. ਅ) 20 ਜੂਨ 1789 ਈ.
   ੲ) 4 ਅਗਸਤ 1789 ਈ. ਸ) 5 ਮਈ 1789 ਈ.
5. ਫਰਾਂਸ ਦੇ ਵਿਸ਼ੇ ਵਿੱਚ **ਸਭਾ (ਕਨਵੈਨਸ਼ਨ)** ਕੀ ਸੀ?
   ੳ) ਇੱਕ ਫਰਾਂਸੀਸੀ ਸਕੂਲ ਅ) ਨਵੀਂ ਚੁਣੀ ਪ੍ਰੀਸ਼ਦ
   ੲ) ਕਲੱਬ ਸ) ਇੱਕ ਔਰਤ ਸਭਾ
6. ਮੌਨਟੇਸਕਿਉ ਨੇ ਕਿਹੜੇ ਵਿਚਾਰ ਦਾ ਪ੍ਰਚਾਰ ਕੀਤਾ?
   ੳ) ਦੈਵੀ ਅਧਿਕਾਰ ਅ) ਸਮਾਜਿਕ ਸਮਝੌਤਾ
   ੲ) ਸ਼ਕਤੀਆਂ ਦੀ ਵੰਡ ਸ) ਸ਼ਕਤੀ ਦਾ ਸੰਤੁਲਨ
7. ਫਰਾਂਸੀਸੀ ਇਤਿਹਾਸ ਵਿੱਚ ਕਿਸ ਸਮੇਂ ਨੂੰ **ਆਤੰਕ ਦਾ ਦੌਰ** ਦੇ ਨਾਂ ਨਾਲ ਜਾਣਿਆ ਜਾਂਦਾ ਹੈ?
   ੳ) 1792 ਈ.-93 ਈ. ਅ) 1774 ਈ.-76 ਈ.
   ੲ) 1793ਈ.-94 ਈ. ਸ) 1804-1815 ਈ.

### (ਅ) ਖ਼ਾਲੀ ਥਾਵਾਂ ਭਰੋ:

1. ਸਿਰ ਕੱਟਣ ਵਾਲਾ ਇੱਕ ਯੰਤਰ ਸੀ ਜਿਸ ਦੀ ਵਰਤੋਂ ਫ਼ਰਾਂਸੀਸੀਆਂ ਨੇ ਕੀਤੀ ਸੀ ................
2. ਬੈਸਟਾਈਲ ਦਾ ਹਮਲਾ..........ਵਿੱਚ ਹੋਇਆ ਸੀ।
3. 1815ਵਿੱਚ ਵਾਟਰਲੂ ਦੀ ਜੰਗ ਵਿੱਚ.........ਹਾਰ ਗਿਆ।
4. ਜੈਕੋਬਿਨ ਕਲੱਬ ਦਾ ਆਗੂ.................ਸੀ।
5. 'ਸੋਸ਼ਲ ਕੰਟਰੈਕਟ' ਪੁਸਤਕ ਦਾ ਲੇਖਕ............ਹੈ।
6. ਮਾਰਸੇ ਦੀ ਰਚਨਾ................ਨੇ ਕੀਤੀ।

### (ੲ) ਸਹੀ ਮਿਲਾਣ ਕਰੋ:

| | ੳ | ਅ |
|---|---|---|
| 1. | ਕਿਲੇਨੁਮਾ ਜੇਲ੍ਹ | ਗਿਲੋਟੀਨ |
| 2. | ਚਰਚ ਦੁਆਰਾ ਪ੍ਰਾਪਤ ਟੈਕਸ | ਜੈਕੋਬਿਨ |
| 3. | ਬੰਦੇ ਦਾ ਸਿਰ ਕੱਟਣਾ | ਰੂਸੋ |
| 4. | ਫਰਾਂਸ ਦੀ ਮੱਧ ਸ਼੍ਰੇਣੀ ਦਾ ਕਲੱਬ | ਬਿਸਟਾਈਲ |
| 5. | 'ਦਾ ਸੋਸ਼ਲ ਕਾਨਟਰੈਕਟ' | ਟਾਈਥ |

### (ਸ) ਅੰਤਰ ਦੱਸੋ:

1. ਪਹਿਲਾ ਵਰਗ ਅਤੇ ਤੀਸਰਾ ਵਰਗ
2. ਟਾਈਥ ਅਤੇ ਟਾਇਲ

## 2. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ

1. ਫਰਾਂਸ ਦੀ ਕ੍ਰਾਂਤੀ ਕਦੋਂ ਹੋਈ?
2. ਜੈਕੋਬਿਨ ਕਲੱਬ ਦਾ ਆਗੂ ਕੌਣ ਸੀ?
3. ਡਾਇਰੈਕਟਰੀ ਕੀ ਸੀ?
4. ਫਰਾਂਸ ਦੇ ਸਮਾਜ ਵਿੱਚ ਕੌਣ ਕਰ ਦਿੰਦਾ ਸੀ?
5. ਰਾਜ ਨੂੰ ਦਿੱਤੇ ਜਾਣ ਵਾਲੇ ਕਰ ਨੂੰ ਕੀ ਕਹਿੰਦੇ ਸਨ?
6. ਕਿਹੜੇ ਵਰਗਾਂ ਨੂੰ ਟੈਕਸ ਤੋਂ ਛੋਟ ਸੀ?
7. ਕਿਸਾਨਾਂ ਨੂੰ ਕਿੰਨੇ ਤਰ੍ਹਾਂ ਦੇ ਕਰ ਦੇਣੇ ਪੈਂਦੇ ਸਨ?
8. ਫਰਾਂਸ ਦੇ ਰਾਸ਼ਟਰੀ ਗੀਤ ਦਾ ਕੀ ਨਾਂ ਸੀ?

## 3. ਛੋਟੇ ਉੱਤਰ ਵਾਲੇ ਪ੍ਰਸ਼ਨ

1. ਫਰਾਂਸ ਦੀ ਕ੍ਰਾਂਤੀ ਤੋਂ ਪਹਿਲਾਂ ਸਮਾਜ ਕਿਸ ਤਰ੍ਹਾਂ ਵੰਡਿਆਂ ਹੋਇਆ ਸੀ?
2. ਫਰਾਂਸੀਸੀ ਕ੍ਰਾਂਤੀ ਵਿੱਚ ਔਰਤਾਂ ਦੇ ਯੋਗਦਾਨ ਬਾਰੇ ਲਿਖੋ?
3. ਫਰਾਂਸੀਸੀ ਕ੍ਰਾਂਤੀ ਨੂੰ ਪ੍ਰਭਾਵਿਤ ਕਰਨ ਵਾਲੇ ਤਿੰਨ ਪ੍ਰਮੁੱਖ ਲੇਖਕਾਂ/ ਦਾਰਸ਼ਨਿਕਾਂ ਬਾਰੇ ਸੰਖੇਪ 'ਚ ਲਿਖੋ।
4. ਰਾਜਤੰਤਰ ਤੋਂ ਤੁਸੀਂ ਕੀ ਸਮਝਦੇ ਹੋ?
5. ਰਾਸ਼ਟਰੀ ਸੰਵਿਧਾਨ ਸਭਾ ਤੇ ਸੰਖੇਪ ਨੋਟ ਲਿਖੋ?

## 4. ਵੱਡੇ ਉੱਤਰ ਵਾਲੇ ਪ੍ਰਸ਼ਨ-

1. ਉਨ੍ਹਾਂ ਹਾਲਤਾਂ ਦਾ ਵਰਨਣ ਕਰੋਂ ਜਿਸ ਕਾਰਨ ਫਰਾਂਸੀਸੀ ਕ੍ਰਾਂਤੀ ਹੋਈ।
2. ਫਰਾਂਸ ਦੀ ਕ੍ਰਾਂਤੀ ਦੇ ਪੜਾਵਾਂ ਬਾਰੇ ਵਿਸਥਾਰ ਨਾਲ ਲਿਖੋ।
3. ਫਰਾਂਸ ਦੀ ਕ੍ਰਾਂਤੀ ਦੇ ਕੀ ਪ੍ਰਭਾਵ ਪਏ?
4. 1789 ਈ. ਤੋਂ ਪਹਿਲਾਂ ਤੀਜੇ ਵਰਗ ਦੀਆਂ ਔਰਤਾਂ ਦੀ ਕੀ ਸਥਿਤੀ ਸੀ?

## ਅਭਿਆਸ ਲਈ

## ਨਕਸ਼ਾ




**Project**

**ਨਕਸ਼ਾ-**

ਯੂਰਪ ਦੇ ਉਪਰੋਕਤ ਨਕਸ਼ੇ ਵਿੱਚ ਦਿੱਤੇ ਗਏ ਦੇਸ਼ ਅਤੇ ਉਨ੍ਹਾਂ ਦੀਆਂ ਰਾਜਧਾਨੀਆਂ ਦਿਖਾਓ-

ਫਰਾਂਸ, ਪੁਰਤਗਾਲ, ਸਪੇਨ, ਇਟਲੀ, ਇੰਗਲੈਂਡ ਅਤੇ ਆਸਟ੍ਰੀਆ





# ਰੂਸ ਦੀ ਕ੍ਰਾਂਤੀ

# 6

## ਭੂਮਿਕਾ

ਪਿਛਲੇ ਪਾਠ ਵਿੱਚ ਤੁਸੀਂ ਯੂਰਪ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਹਾਲਾਤਾਂ ਬਾਰੇ ਪੜ੍ਹਿਆ ਹੈ, ਜਿੰਨ੍ਹਾਂ ਕਰਕੇ ਫਰਾਂਸ ਦੇ ਸਮਾਜ ਵਿੱਚ ਵੱਡੇ ਪੱਧਰ 'ਤੇ ਪਰਿਵਰਤਨ ਆਏ। ਅਸੀਂ ਇਹ ਵੀ ਪੜ੍ਹਿਆ ਹੈ ਕਿ ਕਿਵੇਂ ਸੰਵਿਧਾਨਿਕ ਰਾਜਤੰਤਰ ਪ੍ਰਣਾਲੀ ਹੌਲ਼ੀ-ਹੌਲ਼ੀ ਖਤਮ ਹੋ ਗਈ ਅਤੇ ਫਰਾਂਸ ਦੀ ਕ੍ਰਾਂਤੀ ਤੋਂ ਬਾਅਦ ਯੂਰਪ ਵਿੱਚ ਸੁਤੰਤਰਤਾ ਸਮਾਨਤਾ ਅਤੇ ਭਾਈਚਾਰੇ ਵਰਗੇ ਸਿਧਾਂਤ ਪ੍ਰਚਲਿਤ ਹੋਣ ਲੱਗੇ। ਫਰਾਂਸ ਦੀ ਕ੍ਰਾਂਤੀ ਕਾਰਨ ਉਥੋਂ ਦੇ ਸਮਾਜ ਵਿੱਚ ਕਈ ਤਰ੍ਹਾਂ ਦੇ ਪਰਿਵਰਤਨ ਆਏ। ਇਸ ਪਾਠ ਵਿੱਚ ਅਸੀਂ ਇਕ ਹੋਰ ਕ੍ਰਾਂਤੀ ਬਾਰੇ ਪੜ੍ਹਾਂਗੇ ਜਿਸ ਨੂੰ 'ਰੂਸ ਦੀ ਕ੍ਰਾਂਤੀ' ਕਿਹਾ ਜਾਂਦਾ ਹੈ। ਇਸ ਪਾਠ ਨੂੰ ਅਸੀ ਰੂਸ ਦੀ ਕ੍ਰਾਂਤੀ ਦੇ ਸਾਧਾਰਨ ਵੇਰਵੇ ਤੋਂ ਸ਼ੁਰੂ ਕਰਾਂਗੇ ਅਤੇ ਇਸ ਦਾ ਅੰਤ ਅਸੀਂ ਫਰਵਰੀ ਅਤੇ ਅਕਤੂਬਰ ਦੀਆਂ ਕ੍ਰਾਂਤੀਆਂ ਦੀ ਚਰਚਾ ਨਾਲ ਕਰਾਂਗੇ।

> **ਉਦਾਰਵਾਦੀਆਂ ਦੀਆਂ ਪ੍ਰਤੀਕ੍ਰਿਆਵਾਂ-**
> ਇਹ ਪ੍ਰਤੀਕਿਆਵਾਂ ਮੁੱਖ ਤੌਰ ਤੇ ਉਹਨਾਂ ਲੋਕਾਂ ਦੀਆਂ ਸਨ, ਜਿਹੜੇ ਕਿ ਸਮਾਜ ਦੇ ਢਾਂਚੇ ਨੂੰ ਮੂਲ ਰੂਪ ਵਿੱਚ ਪੁਨਰਗਠਿਤ ਕਰਨਾ ਚਾਹੁੰਦੇ ਸਨ।
>
> **ਰੂੜ੍ਹੀਵਾਦੀ ਪ੍ਰਤੀਕਿਰਿਆਵਾਂ-** ਰੂੜ੍ਹੀਵਾਦੀ ਸਮੂਹ ਮੂਲ ਢਾਂਚੇ ਵਿੱਚ ਪਰਿਵਰਤਨ ਕੀਤੇ ਬਿਨਾਂ ਹੌਲ਼ੀ-ਹੌਲ਼ੀ ਤਬਦੀਲੀਆਂ ਕਰਨ ਦੇ ਪੱਖ ਵਿੱਚ ਸਨ।

### 1. ਰੂਸ ਦੀ ਕ੍ਰਾਂਤੀ ਤੋਂ ਪਹਿਲਾਂ ਦੇ ਹਾਲਾਤ

19ਵੀਂ ਸਦੀ ਦੇ ਅੰਤ ਵਿੱਚ ਪੱਛਮੀ ਯੂਰਪ ਦੇ ਬਹੁਤ ਸਾਰੇ ਦੇਸਾਂ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਪਰਿਵਰਤਨ ਹੋ ਰਹੇ ਸਨ। ਕੁਝ ਦੇਸ਼ ਜਿਵੇਂ ਕਿ ਫਰਾਂਸ ਗਣਰਾਜ ਬਣ ਗਿਆ ਸੀ, ਜਦਕਿ ਇੰਗਲੈਂਡ ਵਰਗੇ ਦੇਸ਼ ਸੰਵਿਧਾਨਿਕ ਰਾਜਤੰਤਰ ਬਣ ਗਏ ਸਨ। ਪੁਰਾਣੇ ਸਾਮੰਤੀ ਅਤੇ ਕੁਲੀਨ ਵਰਗਾਂ ਦੀ ਥਾਂ ਨਵੇਂ ਮੱਧ ਵਰਗਾਂ ਦਾ ਉਭਾਰ ਹੋ ਰਿਹਾ ਸੀ। ਤੇਜ਼ੀ ਨਾਲ ਹੋ ਰਹੇ ਉਦਯੋਗੀਕਰਨ ਨੇ ਇਨ੍ਹਾਂ ਵਰਗਾਂ ਨੂੰ ਖੁਸ਼ਹਾਲ ਅਤੇ ਸ਼ਕਤੀਆਂ ਬਣਾ ਦਿੱਤਾ। ਉਦਾਰਵਾਦੀ, ਖੁਸ਼ਹਾਲ ਅਤੇ ਸ਼ਕਤੀਸ਼ਾਲੀ ਪੱਛਮੀ ਯੂਰਪ ਦੀ ਤੁਲਨਾ ਵਿੱਚ, ਰੂਸ ਖੇਤੀਬਾੜੀ ਤੇ ਅਧਾਰਿਤ ਇਕ ਪਛੜਿਆ ਦੇਸ਼ ਰਹਿ ਗਿਆ ਸੀ। ਰੂਸ ਵਿੱਚ ਜ਼ਾਰ (Tsar) ਦੀ ਤਾਨਾਸ਼ਾਹੀ ਸੀ ਅਤੇ ਉਹ ਸੈਨਾ ਦੀ ਸਹਾਇਤਾ ਨਾਲ ਸਮਾਜ ਦੇ ਨਿਮਨ ਵਰਗਾਂ 'ਤੇ ਆਪਣਾ ਨਿਯੰਤਰਣ ਰੱਖਦਾ ਸੀ।




ਖੇਤੀ ਦਾਸ ਪ੍ਰਥਾ ਦਾ ਇੱਕ ਦ੍ਰਿਸ਼

ਭਾਵੇਂ ਕਿ 1861 ਈ. ਵਿੱਚ ਖੇਤੀ ਦਾਸ ਪ੍ਰਥਾ ਦਾ ਅੰਤ ਹੋ ਗਿਆ ਸੀ ਪ੍ਰੰਤੂ ਇਸ ਨਾਲ ਕਿਸਾਨਾਂ ਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਹੋਇਆ ਸੀ। ਦਾਸਾਂ ਨੂੰ ਆਪਣੀ ਮੁਕਤੀ ਅਤੇ ਆਪਣੀ ਜ਼ਮੀਨ ਦੇ ਛੋਟੇ-ਛੋਟੇ ਟੁਕੜਿਆਂ ਦੀ ਮਲਕੀਅਤ ਲਈ ਪੈਸੇ ਦੇਣੇ ਪੈਂਦੇ ਸਨ। ਜ਼ਿਆਦਾਤਰ ਕਿਸਾਨ ਜ਼ਾਰ (Tsar) ਦੇ ਪ੍ਰਤੀ ਵਫਾਦਾਰ ਸਨ ਅਤੇ ਉਸ ਨੂੰ ਆਪਣੇ ਪਿਤਾ ਸਮਾਨ ਸਮਝਦੇ ਸਨ। ਕਿਸਾਨ ਆਪਣੀ ਰੋਜ਼ਾਨਾ ਜ਼ਿੰਦਗੀ ਦੀਆਂ ਔਕੜਾਂ ਦੇ ਹੱਲ ਲਈ ਵੀ ਜ਼ਾਰ (Tsar) ਦੀ ਅਗਵਾਈ ਚਾਹੁੰਦੇ ਸਨ।

## ਉਦਯੋਗੀਕਰਨ

ਉਦਯੋਗੀਕਰਨ ਇੱਕ ਸਮਾਜਿਕ ਅਤੇ ਆਰਥਿਕ ਪ੍ਰਕਿਰਿਆ ਦਾ ਨਾਂ ਹੈ ਇਸ ਵਿੱਚ ਮਨੁੱਖਤਾ (ਮਨੁੱਖੀ ਸਮਾਜ) ਦੀ ਸਮਾਜਿਕ- ਆਰਥਿਕ ਸਥਿਤੀ ਬਦਲ ਜਾਂਦੀ ਹੈ। ਜਿਸ ਵਿੱਚ ਉਦਯੋਗ-ਧੰਦਿਆਂ ਦਾ ਬੋਲਬਾਲਾ ਹੁੰਦਾ ਹੈ।




**ਰੂਸ ਦਾ ਉਦਯੋਗੀਕਰਨ :**

ਰੂਸ ਨੂੰ ਇਕ ਤਾਕਤਵਰ ਦੇਸ਼ ਬਣਾਉਣ ਦੇ ਉਦੇਸ਼ ਨਾਲ ਜ਼ਾਰ (Tsar) ਨੇ ਉੱਨੀਂਵੀ ਸਦੀ ਦੇ ਅੰਤ ਵਿਚ ਤੇਜ਼ੀ ਨਾਲ ਉਦਯੋਗੀਕਰਨ ਸ਼ੁਰੂ ਕਰ ਦਿੱਤਾ। ਮਾਸਕੋ ਦੇ ਆਸ ਪਾਸ ਅਤੇ ਯੂਰਾਲ ਵਿਚ ਬਹੁਤ ਸਾਰੇ ਲੋਹਾ ਇਸਪਾਤ ਅਤੇ ਦੂਜੇ ਉਦਯੋਗ ਲਗਾਏ ਗਏ। ਜ਼ਿਆਦਾਤਰ ਉਦਯੋਗਾਂ ਦੇ ਮਾਲਕ ਵਿਦੇਸ਼ੀ ਸਨ ਅਤੇ ਉਨ੍ਹਾਂ ਨੇ ਬਹੁਤ ਸਾਰੇ ਰੂਸੀ ਕਾਮੇ ਭਰਤੀ ਕੀਤੇ। ਉਦਯੋਗੀਕਰਨ ਨਾਲ ਆਦਮੀ ਔਰਤਾਂ ਤੇ ਬੱਚੇ ਕਾਰਖਾਨਿਆਂ ਵਿੱਚ ਕੰਮ ਕਰਨ ਲਈ ਜਾਣ ਲੱਗੇ। ਕੰਮ ਦੇ ਮਾੜੇ ਹਾਲਾਤਾਂ ਅਤੇ ਘੱਟ ਤਨਖਾਹਾਂ ਕਰਕੇ ਇਹ ਮਜ਼ਦੂਰ ਇਕ-ਦੂਜੇ ਦੇ ਨੇੜੇ ਆਏ ਤੇ ਇੱਕਠੇ ਹੋਣ ਲੱਗੇ। ਸਮਾਜਵਾਦ ਦੇ ਪ੍ਰਭਾਵ ਨਾਲ ਮਜ਼ਦੂਰਾਂ ਨੇ ਆਪਣੇ ਸੰਗਠਨ ਬਣਾ ਲਏ ਤੇ ਆਪਣੀ ਵੱਖਰੀ ਪਛਾਣ ਸਥਾਪਿਤ ਕੀਤੀ।

**ਕੀ ਤੁਸੀਂ ਜਾਣਦੇ ਹੋ**

Tsar, Czar ਦਾ ਉਚਾਰਨ Zaar ਦੇ ਤੌਰ ਤੇ ਹੁੰਦਾ ਹੈ ਜਿਸਦਾ ਅਰਥ ਹੈ 'ਸਰਵਉੱਚ ਸ਼ਾਸਕ'। ਰੂਸ ਵਿਚ ਜ਼ਾਰਸ਼ਾਹੀ ਦੀ ਸ਼ੁਰੂਆਤ 1547 ਈ: ਵਿਚ ਸ਼ੁਰੂ ਹੋਈ।



ਜ਼ਾਰ ਨਿਕੋਲਸ II

**ਸਮਾਜਵਾਦ :**

ਸਮਾਜਵਾਦ ਇਕ ਵਿਚਾਰਧਾਰਾ ਹੈ ਜਿਸਦਾ ਅਰਥ ਹੈ ਕਿ ਉਤਪਾਦਨ ਅਤੇ ਵੰਡ ਦੇ ਸਾਧਨਾਂ 'ਤੇ ਸਰਕਾਰ ਜਾਂ ਸਮੂਹਾਂ ਦੀ ਮਲਕੀਅਤ ਹੋਣਾ।



ਇਸ ਦੌਰਾਨ ਜ਼ਾਰ (Tsar) ਤਾਨਾਸ਼ਾਹੀ ਢੰਗ ਨਾਲ ਆਪਣਾ ਰਾਜ ਚਲਾਉਂਦਾ ਰਹੇ। ਉਹਨਾਂ ਨੇ ਜਨਤਾ ਨੂੰ ਲੋਕਤੰਤਰੀ ਅਤੇ ਨਾਗਰਿਕ ਅਧਿਕਾਰਾਂ ਤੋਂ ਵਾਂਝਾ ਰੱਖਿਆ। ਜ਼ਾਰ (Tsar) ਗੁਪਤ ਪੁਲਿਸ ਤੇ ਸੈਨਾ ਦੀ ਸਹਾਇਤਾ ਨਾਲ ਲੋਕਾਂ ਦਾ ਦਮਨ ਕਰਦੇ ਸਨ। ਨਤੀਜੇ ਵਜੋਂ ਉਦਯੋਗਪਤੀਆਂ ਸ਼ਹਿਰੀ ਪੇਸ਼ੇਵਰਾਂ ਅਤੇ ਬੁਧੀਜੀਵੀਆਂ ਆਦਿ 'ਤੇ ਆਧਾਰਿਤ ਨਵੇਂ ਉਭਰ ਰਹੇ ਮੱਧਵਰਗੀ ਸਮੂਹਾਂ ਲੋਕਾਂ ਦੇ ਵਿੱਚ ਸ਼ਾਸਨ ਪ੍ਰਤੀ ਅਸੰਤੋਸ਼ (ਰੋਸ) ਵਧਣ ਲੱਗ ਪਿਆ।

ਨਾਗਰਿਕ ਅਤੇ ਰਾਜਨੀਤਕ ਸੁਤੰਤਰਤਾ ਦੀ ਘਾਟ, ਅਤਿ ਦਾ ਰਾਜਨੀਤਕ ਦਮਨ ਅਤੇ ਤਰਸਯੋਗ ਉਦਯੋਗਿਕ ਹਾਲਾਤਾਂ ਕਾਰਨ ਮਜਦੂਰਾਂ ਤੇ ਮੱਧਵਰਗੀ ਲੋਕਾਂ (ਬੁਰਜੂਆਂ) ਨੇ ਆਪਣੇ ਵੱਖ ਵੱਖ ਧੜੇ ਬਣਾ ਲਏ। ਬਾਅਦ ਵਿੱਚ ਇਹ ਹੀ ਧੜੇ ਰਾਜਨੀਤਕ ਪਾਰਟੀਆਂ ਦੇ ਰੂਪ ਵਿਚ ਉਭਰੇ ਜਿਵੇਂ ਕਿ ਉਦਾਰਵਾਦੀ, ਬੋਲਸ਼ਵਿਕ ਤੇ ਮੈਨਸ਼ਵਿਕ ਆਦਿ। ਰਾਜਨੀਤਕ ਪਰਿਵਰਤਨ ਦੇ ਚਾਹਵਾਨ ਧੜਿਆਂ ਨੇ ਹਿੰਸਕ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿਤੀਆਂ ਜਿਵੇਂ ਕਿ 1881 ਵਿਚ ਜ਼ਾਰ ਅਲੈਗਜ਼ੈਂਡਰ ਦੂਜੇ (Tsar Alexander II) ਦੀ ਹੱਤਿਆ ਕਰਨਾ ਆਦਿ।

## 2. 1905 ਈ. ਦੀ ਕ੍ਰਾਂਤੀ

ਪਿਛਲੇ ਕੁਝ ਸਾਲਾਂ ਤੋਂ ਲੋਕਾਂ ਨੂੰ ਆਈਆਂ ਔਕੜਾਂ ਨੇ ਆਖਰਕਾਰ 1905 ਈ. ਦੀ ਕ੍ਰਾਂਤੀ ਨੂੰ ਜਨਮ ਦਿਤਾ। 1905ਈ. ਦੇ ਰੂਸੀ-ਜਾਪਾਨੀ ਯੁੱਧ ਵਿਚ ਵੀ ਜਾਪਾਨ ਦੇ ਹਥੋਂ ਰੂਸ ਦੀ ਕਰਾਰੀ ਹਾਰ ਨੇ ਕ੍ਰਾਂਤੀ ਦੀ ਚੰਗਿਆਰੀ ਭੜਕਾਈ। ਇਸ ਹਾਰ ਨੇ ਜ਼ਾਰ (Tsar) ਦੀ ਅਪਰਾਜਿਤ ਯੋਧਾ ਹੋਣ ਅਤੇ ਰੂਸ ਦੀ ਮਹਾਨਤਾ ਦੀ ਛਾਪ ਨੂੰ ਵੱਡਾ ਧੱਬਾ ਲਾਇਆ। ਅਸੰਤੁਸ਼ਟ ਸਿਪਾਹੀਆਂ ਅਤੇ ਕਿਸਾਨਾਂ ਦੁਆਰਾ ਕੀਤੇ ਗਏ ਛੋਟੇ-ਛੋਟੇ ਵਿਦਰੋਹ ਜ਼ਾਰ (Tsar) ਦੁਆਰਾ ਮੱਧਵਰਗੀ ਲੋਕਾਂ ਅਤੇ ਅਮੀਰ ਜਿਮੀਦਾਰਾਂ (Kulaks) ਦੀ ਸਹਾਇਤਾ ਨਾਲ ਕੁਚਲ ਦਿੱਤੇ ਗਏ। ਵਿਦਰੋਹੀਆਂ ਵਿੱਚ ਤਾਲਮੇਲ ਤੇ ਏਕਤਾ ਦੀ ਘਾਟ ਹੋਣ ਕਰਕੇ ਜ਼ਾਰ (Tsar) ਨੇ ਬਹੁਗਿਣਤੀ ਸੈਨਾ ਦੀ ਸਹਾਇਤਾ ਨਾਲ ਉਨ੍ਹਾਂ ਨੂੰ ਹਰਾ ਦਿੱਤਾ।




## 3. ਰੂਸ- 1905 ਈ. ਤੋਂ 1917 ਈ. ਤਕ

ਜ਼ਾਰ ਨਿਕੋਲਸ II (Tsar Nicholas II) ਨੇ 'ਅਕਤੂਬਰ ਘੋਸ਼ਣਾ ਪੱਤਰ' ਰਾਹੀਂ ਰੂਸ ਦੇ ਲੋਕਾਂ ਨੂੰ ਕਈ ਰਿਆਇਤਾਂ ਦੇਣ ਦਾ ਵਾਅਦਾ ਕੀਤਾ। ਇਨ੍ਹਾਂ ਵਿਚ ਨਿਮਨਲਿਖਤ ਰਿਆਇਤਾਂ ਮੁੱਖ ਸਨ।

1. ਡੂੰਮਾ (ਸੰਸਦ) ਦੀ ਚੋਣ
2. ਪਰੈਸ ਅਤੇ ਸੰਗਠਨ ਬਣਾਉਣ ਦੀ ਸੁਤੰਤਰਤਾ
3. ਮਜ਼ਦੂਰਾਂ ਦੀ ਕੰਮ ਕਰਨ ਦੀਆਂ ਸਥਿਤੀਆਂ ਵਿੱਚ ਸੁਧਾਰ ਅਤੇ ਤਨਖਾਹਾਂ ਵਿੱਚ ਵਾਧਾ
4. ਮੁਕਤੀ-ਭੁਗਤਾਨ (ਦਾਸਾਂ ਵਲੋਂ ਆਪਣੇ ਆਪ ਨੂੰ ਮੁਕਤ ਕਰਾਉਣ ਤੇ ਜ਼ਮੀਨ ਦੀ ਮਲਕੀਅਤ ਹਾਸਿਲ ਕਰਨ ਲਈ ਦਿੱਤਾ ਜਾਣ ਵਾਲਾ ਪੈਸਾ) ਨੂੰ ਰੱਦ ਕਰਨਾ

ਡੂੰਮਾ ਸ਼ਬਦ ਰੂਸੀ ਭਾਸ਼ਾ ਦਾ ਹੈ ਜਿਸਦਾ ਅਰਥ ਹੈ 'ਸੋਚਣਾ'। 1905 ਈ. ਦੀ ਰੂਸੀ ਕ੍ਰਾਂਤੀ ਨਾਲ ਜ਼ਾਰ (Tsar) ਨੂੰ ਵੱਡਾ ਧੱਕਾ ਲੱਗਾ। ਜ਼ਾਰ (Tsar) ਨੂੰ ਮਜਬੂਰ ਹੋ ਕੇ ਡੂੰਮਾ ਦੀ ਸਥਾਪਨਾ ਕਰਨੀ ਪਈ ਜਿਸ ਦਾ ਕੰਮ ਜ਼ਾਰ ਨੂੰ ਸਲਾਹ ਦੇਣਾ ਤੇ ਰੂਸ ਦੇ ਲੋਕਾਂ ਲਈ ਕਾਨੂੰਨ ਪਾਸ ਕਰਨਾ ਸੀ। ਡੂੰਮਾ ਇਕ ਤਰ੍ਹਾਂ ਦੀ ਚੁਣੀ ਹੋਈ ਸਲਾਹ ਦੇਣ ਵਾਲੀ ਸੰਸਦ ਸੀ। ਅੱਜਕਲ੍ਹ ਵੀ ਰੂਸ ਦੀ ਸੰਸਦ ਨੂੰ ਡੂੰਮਾ (Duma) ਕਿਹਾ ਜਾਂਦਾ ਹੈ।

ਇਨ੍ਹਾਂ ਵਿਚੋਂ ਵਧੇਰੇ ਸੁਧਾਰ ਕੇਵਲ ਕਾਗਜਾਂ ਤਕ ਹੀ ਸੀਮਿਤ ਰਹੇ ਅਤੇ ਜ਼ਾਰ (Tsar) ਬਹੁਤ ਸਾਰੇ ਵਾਅਦਿਆਂ ਤੋਂ ਮੁਕਰ ਗਿਆ। ਡੂਮਾ (Duma) ਨੂੰ ਨਜ਼ਰਅੰਦਾਜ਼ ਕੀਤਾ ਗਿਆ ਅਤੇ ਚੋਣ ਨਿਯਮਾਂ ਨੂੰ ਤੋੜ-ਮਰੋੜ ਕੇ ਇਸ ਤਰ੍ਹਾਂ ਬਣਾਇਆ ਗਿਆ ਜਿਸ ਨਾਲ ਜ਼ਾਰ (Tsar) ਦੇ ਵਫਾਦਾਰ ਲੋਕ ਹੀ ਡੂੰਮਾ Duma ਵਿੱਚ ਚੁਣੇ ਜਾ ਸਕਣ। ਗੁਪਤ ਪੁਲਿਸ ਨੇ ਵਿਦਿਆਰਥੀਆਂ

ਯਹੂਦੀਆਂ ਤੇ ਪੜ੍ਹੇ-ਲਿਖੇ ਲੋਕਾਂ ਨੂੰ ਲਗਾਤਾਰ ਤੰਗ ਕਰਨਾ ਤੇ ਗ੍ਰਿਫਤਾਰ ਕਰਨਾ ਸ਼ੁਰੂ ਕਰ ਦਿੱਤਾ। ਪ੍ਰੈਸ, ਬੋਲਣ ਤੇ ਸੰਗਠਨ ਬਣਾਉਣ ਦੀ ਆਜ਼ਾਦੀ ਤੋਂ ਵਾਂਝਾ ਕਰ ਦਿੱਤਾ ਗਿਆ। ਸਟੋਲੀਪਿਨ (Stolypin's) ਦੇ ਸੁਧਾਰਾਂ ਦੇ ਬਾਵਜੂਦ ਵਧਦੀ ਹੋਈ ਜਨਸੰਖਿਆ ਤੇ ਜਮੀਨ ਦੀ ਘਾਟ ਕਰਕੇ ਕਿਸਾਨਾਂ ਵਿਚ ਗੁੱਸਾ ਲਗਾਤਾਰ ਵਧਦਾ ਰਿਹਾ। 1912 ਈ. ਤੋਂ 1914 ਈ. ਤਕ ਹੋਣ ਵਾਲੀਆਂ ਉਦਯੋਗਿਕ ਹੜਤਾਲਾਂ ਦੀ ਲਹਿਰ ਤੋਂ ਮਜ਼ਦੂਰਾਂ ਵਿਚ ਪੈਦਾ ਹੋਇਆ ਤਣਾਅ ਜ਼ਾਹਿਰ ਹੁੰਦਾ ਸੀ। 1912 ਈ. ਵਿਚ ਲੇਨਾ ਗੋਲਡ (Lena Gold) ਨਾਮਕ ਸੋਨੇ ਦੀ ਖਾਨ ਵਿਚ 270 ਹੜਤਾਲੀਆਂ ਨੂੰ ਮਾਰ ਦਿੱਤਾ ਗਿਆ। ਸਮਾਜਿਕ ਲੋਕਤੰਤਰਿਕ ਅਤੇ ਸਮਾਜਿਕ ਕ੍ਰਾਂਤੀਕਾਰੀ ਨਾਮਕ ਰਾਜਨੀਤਿਕ ਪਾਰਟੀਆਂ (ਰੇਡੀਕਲ ਰਾਜਨੀਤਿਕ ਪਾਰਟੀਆਂ) ਦੁਬਾਰਾ ਤੋਂ ਕਿਰਿਆਸ਼ੀਲ ਹੋ ਗਈਆਂ।

ਸਮਾਜਿਕ ਕ੍ਰਾਂਤੀਕਾਰੀ ਪਾਰਟੀ (Social Revolutionary Party) ਕਿਸਾਨਾਂ ਨੂੰ ਦੇਸ਼ ਵਿੱਚ ਕ੍ਰਾਂਤੀ ਲਿਆਉਣ ਲਈ ਸੰਗਠਿਤ ਕਰਨਾ ਚਾਹੁੰਦੀ ਸੀ।

ਸਮਾਜਿਕ ਲੋਕਤੰਤ੍ਰਿਕ ਪਾਰਟੀ (Social Democratic Party) ਜੋ ਕਿ 1898 ਈ. ਵਿਚ ਹੋਂਦ ਵਿਚ ਆਈ, ਪ੍ਰੋਲਤਾਰੀ (ਮਜ਼ਦੂਰ ਵਰਗ) ਨੂੰ ਕ੍ਰਾਂਤੀ ਲਿਆਉਣ ਵਾਲੇ ਮੁੱਖ ਤੱਤ ਮੰਨਦੀ ਸੀ।

ਰੂਸੀ ਸਮਾਜ ਦੇ ਕਈ ਮਹੱਤਵਪੂਰਣ ਤਬਕੇ ਜਿਵੇਂ ਕਿ ਕਿਸਾਨ, ਮਜਦੂਰ ਅਤੇ ਮੱਧਵਰਗੀ ਲੋਕ ਸਰਕਾਰ ਦੇ ਪ੍ਰਤੀ ਉਦਾਸੀਨ ਹੋਣ ਲਗੇ ਸਨ। ਕਈ ਘੁਟਾਲਿਆਂ (ਜਿਨ੍ਹਾਂ ਵਿਚ ਜ਼ਾਰ ਅਤੇ ਉਸਦਾ ਸ਼ਾਹੀ ਪਰਿਵਾਰ ਸ਼ਾਮਲ ਸੀ) ਕਰਕੇ ਜ਼ਾਰ (Tsar) ਅਤੇ ਉਸ ਦਾ ਸ਼ਾਹੀ ਪਰਿਵਾਰ ਬਦਨਾਮ ਹੋ ਗਿਆ ਸੀ। ਸ਼ਾਹੀ ਪਰਿਵਾਰ ਨੂੰ ਰੂਸ ਦੇ ਕਿਸਾਨਾਂ ਅਤੇ ਰੂੜੀਵਾਦੀ ਈਸਾਈਆਂ ਦਾ ਭਰਪੂਰ ਵਿਸ਼ਵਾਸ ਪ੍ਰਾਪਤ ਸੀ। ਸਟੋਲੀਪਿਨ (Stolypin) ਦੇ ਕਤਲ ਅਤੇ ਸ਼ਾਹੀ ਦਰਬਾਰ ਵਿਚ ਰਸਪੁਟਿਨ (Rasputin) ਦੇ ਵਧਦੇ ਹੋਏ ਪ੍ਰਭਾਵ ਨੇ ਸ਼ਾਹੀ ਪਰਿਵਾਰ ਦੇ ਅਕਸ ਨੂੰ ਪ੍ਰਭਾਵਿਤ ਕੀਤਾ।

ਪਹਿਲੇ ਵਿਸ਼ਵ ਯੁਧ (1914-19) ਵਿਚ ਰੂਸ ਦੀ ਹਾਰ ਨੇ ਕ੍ਰਾਂਤੀ ਨੂੰ ਲਾਜ਼ਮੀ ਬਣਾ ਦਿੱਤਾ ਸੀ। ਪੂਰਬੀ ਮੋਰਚੇ 'ਤੇ ਜਰਮਨ ਦੀ ਅਨੁਸ਼ਾਸ਼ਿਤ ਅਤੇ ਪੇਸ਼ੇਵਰ ਸੈਨਾ ਦੇ ਮੁਕਾਬਲੇ ਵਿਚ ਰੂਸ ਦੀ ਸੈਨਾ ਦੀ ਕਮਜ਼ੋਰ ਅਗਵਾਈ, ਹਥਿਆਰਾਂ ਦੀ ਕਮੀ ਅਤੇ ਅਯੋਗ ਤੇ ਭ੍ਰਿਸ਼ਟ ਸੈਨਿਕ ਸੰਗਠਨ ਆਦਿ ਕਾਰਨ ਰੂਸ ਦੀ ਬੁਰੀ ਤਰ੍ਹਾਂ ਹਾਰ ਹੋਈ। 1916 ਤਕ ਰੂਸ ਦੇ 16 ਤੋਂ 18 ਲੱਖ ਸੈਨਿਕ ਲੜਾਈ ਵਿਚ ਮਾਰੇ ਗਏ ਅਤੇ 20 ਲੱਖ ਤਕ ਸੈਨਿਕ ਬੰਦੀ ਬਣਾ ਲਏ ਗਏ। ਰੂਸ ਦੀ ਇਸ ਤਬਾਹੀ ਲਈ ਜ਼ਾਰ ਨੂੰ ਸਭ ਤੋਂ ਵੱਧ ਦੋਸ਼ੀ ਕਰਾਰ ਦਿਤਾ ਗਿਆ ਕਿਉਂਕਿ ਉਹ ਫੌਜ ਦਾ ਸਰਵ-ਉੱਚ ਕਮਾਂਡਰ ਸੀ। ਇਸੇ ਦੌਰਾਨ ਵੱਧਦੀ ਹੋਈ ਮਹਿੰਗਾਈ, ਭੋਜਨ ਦੀਆਂ ਵਸਤੂਆਂ, ਬਾਲਣ ਦੀ ਕਮੀ ਅਤੇ ਰੋਜ਼ਾਨਾ ਜ਼ਰੂਰਤਾਂ ਦੀ ਘਾਟ ਕਾਰਨ ਰੂਸੀ ਸਮਾਜ ਦੇ ਸਾਰੇ ਵਰਗਾਂ ਵਿਚ ਬੇਚੈਨੀ ਦਿਨ-ਪ੍ਰਤੀਦਿਨ ਵੱਧਦੀ ਗਈ। ਰੂਸੀ ਸਮਾਜ ਦੇ ਮਹੱਤਵਪੂਰਨ ਤਬਕੇ (ਕੁਲੀਨ ਵਰਗ, ਡੂਮਾ,ਉਦਯੋਗਪਤੀ ਅਤੇ ਸੈਨਾ ਆਦਿ) ਜ਼ਾਰ ਦੀ ਅਯੋਗਤਾ ਕਾਰਨ ਉਸ ਦੇ ਵਿਰੁੱਧ ਹੋਣ ਲੱਗ ਪਏ।

## 3.1 ਦੋ ਕ੍ਰਾਂਤੀਆ (ਮਾਰਚ ਅਤੇ ਨਵੰਬਰ 1917 ਈ.)

**ਮਾਰਚ ਦੀ ਕ੍ਰਾਂਤੀ (March Revolution)**: 7 ਮਾਰਚ ਨੂੰ ਪੋਟਰੋਗਰੈਡ (Patrograd) ਵਿਚ ਡਬਲ ਰੋਟੀ ਲਈ ਹੋਣ ਵਾਲੇ ਦੰਗਿਆਂ ਤੋਂ ਕ੍ਰਾਂਤੀ ਦੀ ਸ਼ੁਰੂਆਤ ਹੋਈ। 10 ਮਾਰਚ ਨੂੰ ਹੜਤਾਲ ਪੈਟਰੋਗਰੇਡ ਦੇ ਮਜ਼ਦੂਰਾਂ ਵਿਚ ਫੈਲ ਗਈ। ਸੈਨਿਕਾਂ ਨੇ ਲੋਕਾਂ ਤੇ ਗੋਲੀ ਚਲਾਉਣ ਤੋਂ ਮਨ੍ਹਾ ਕਰ ਦਿੱਤਾ। ਪੈਟਰੋਗਰੈਡ ਦੀ ਸੈਨਿਕ ਟੁਕੜੀ ਨੇ ਬਗਾਵਤ ਕਰ ਦਿੱਤੀ ਅਤੇ ਲੋਕਾਂ ਦੀ ਭੀੜ ਵਿਚ ਸ਼ਾਮਲ ਹੋ ਗਏ। ਭੀੜ ਨੇ ਸਰਕਾਰੀ ਇਮਾਰਤਾਂ ਨੂੰ ਘੇਰ ਲਿਆ, ਥਾਣਿਆਂ 'ਤੇ ਕਬਜ਼ਾ ਕਰ ਲਿਆ, ਹਥਿਆਰ ਲੁੱਟ ਲਏ ਅਤੇ ਕੈਦੀਆਂ ਨੂੰ ਰਿਹਾ ਕਰਾ ਲਿਆ।

ਡੂਮਾ (Duma) ਨੇ ਜ਼ਾਰ (Tsar) ਨੂੰ ਸੰਵਿਧਾਨਿਕ ਰਾਜਤੰਤਰ ਦੀ ਘੋਸ਼ਣਾ ਕਰਨ ਦੀ ਸਲਾਹ ਦਿੱਤੀ। ਪਰੰਤੂ ਜ਼ਾਰ ਨੇ ਇਸ ਨੂੰ ਰੱਦ ਕਰਕੇ ਹੋਰ ਸੈਨਿਕ ਭੇਜ ਦਿੱਤੇ। ਆਖਿਰਕਾਰ ਡੂਮਾ (Duma) ਦੇ ਸਰਗਰਮ ਮੈਂਬਰਾਂ ਤੇ ਜਰਨੈਲਾਂ ਨੇ ਜ਼ਾਰ ਨਿਕੋਲਸ II ਨੂੰ ਗੱਦੀ ਤੋਂ ਹਟਾਉਣ ਦਾ ਫੈਸਲਾ ਕੀਤਾ। ਤਿੰਨ ਦਿਨਾਂ ਬਾਦ ਇੰਨ੍ਹਾਂ ਦੇ ਦਬਾਅ ਵਿਚ ਆ ਕੇ ਜ਼ਾਰ ਨਿਕੋਲਸ II ਨੇ ਮਜ਼ਬੂਰ ਹੋ ਕੇ ਗੱਦੀ ਛੱਡ ਦਿਤੀ। ਇਸ ਤਰ੍ਹਾਂ ਪਿਛਲੀਆਂ ਚਾਰ ਸਦੀਆਂ ਤੋਂ ਰੂਸ ਵਿੱਚ ਚਲ ਰਹੀ ਜ਼ਾਰਸ਼ਾਹੀ ਦਾ ਅੰਤ ਹੋ ਗਿਆ।

ਇਸ ਤੋਂ ਬਾਅਦ ਰੂਸ ਵਿਚ ਆਰਜ਼ੀ ਤੌਰ 'ਤੇ ਜਾਰਜ ਲਵੋਵ (George Lvov) ਨੂੰ ਉਦਾਰਵਾਦੀ ਸਰਕਾਰ ਦਾ ਪ੍ਰਧਾਨਮੰਤਰੀ ਬਣਾਇਆ ਗਿਆ। ਜੁਲਾਈ ਵਿਚ ਉਸ ਦੀ ਥਾਂ ਅਲੈਗਜ਼ੈਂਡਰ ਕਰੈਨਸਕੀ (Alexander Krensky) ਨੇ ਸੱਤਾ ਦੀ ਵਾਗਡੋਰ ਸੰਭਾਲੀ। ਨਵੀਂ ਸਰਕਾਰ ਨੂੰ ਕਈ ਵਿਆਪਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਕਰੈਨਸਕੀ ਦੀ ਸਰਕਾਰ ਇਨ੍ਹਾਂ ਸਮੱਸਿਆਵਾਂ ਨੂੰ ਨਜਿੱਠਣ ਵਿੱਚ ਅਸਫਲ ਰਹੀ ਜਿਸ ਕਰਕੇ ਨਵੰਬਰ 1917 ਈ. ਵਿਚ ਇਸ ਦਾ ਪਤਨ ਹੋ ਗਿਆ।

**ਆਰਜੀ ਸਰਕਾਰ ਦੇ ਪਤਨ ਦੇ ਕਾਰਨ:**

ਆਰਜ਼ੀ ਸਰਕਾਰ ਨੇ ਲੜਾਈ ਜਾਰੀ ਰੱਖਣ ਦਾ ਫੈਸਲਾ ਲਿਆ। ਇਸ ਕਾਰਨ ਲੜਾਈ ਤੋਂ ਅੱਕ ਚੁੱਕੀ ਜਨਤਾ ਸਰਕਾਰ ਪ੍ਰਤੀ ਉਦਾਸੀਨ ਹੋ ਗਈ। ਜੂਨ ਦੇ ਹਮਲੇ ਦੇ ਅਸਫਲ ਹੋਣ ਕਾਰਨ ਫੌਜ਼ ਦੇ ਹੌਸਲੇ ਅਤੇ ਅਨੁਸ਼ਾਸਨ ਨੂੰ ਵਡੀ ਢਾਹ ਲਗੀ ਤੇ ਹਜ਼ਾਰਾਂ ਸੈਨਿਕ ਭਗੌੜੇ ਹੋ ਗਏ। ਸਰਕਾਰ ਦੀ ਸਾਖ ਬੁਰੀ ਤਰ੍ਹਾਂ ਡਿੱਗ ਪਈ।

ਆਰਜ਼ੀ ਸਰਕਾਰ ਨੂੰ ਪੈਟਰੋਗਰੈਡ ਦੀ ਸੋਵੀਅਤ ਨਾਲ ਅਧਿਕਾਰਾਂ ਦੀ ਵੰਡ ਕਰਨੀ ਪਈ ਜਿਸ ਕਾਰਨ ਸਰਕਾਰ ਦੀ ਸ਼ਕਤੀ ਤੇ ਅਧਿਕਾਰ ਸੀਮਿਤ ਹੋ ਗਏ। ਸਿਪਾਹੀਆਂ ਵਲੋਂ ਸਿਰਫ ਪੈਟਰੋਗ੍ਰਾਡ ਸੋਵੀਅਤ ਦੇ ਹੁਕਮ ਮੰਨਣ ਦੇ ਫੈਸਲੇ ਨਾਲ ਆਰਜ਼ੀ ਸਰਕਾਰ ਨੂੰ ਵੱਡਾ ਝਟਕਾ ਲੱਗਾ। ਲੜਾਈ ਦੇ ਬਹਾਨੇ ਸੰਵਿਧਾਨ ਸਭਾ ਦੀਆਂ ਚੋਣਾਂ ਨੂੰ ਟਾਲਣ ਦੇ ਫੈਸਲੇ ਨਾਲ ਵੀ ਆਮ ਜਨਤਾ ਵਿਚ ਆਰਜ਼ੀ ਸਰਕਾਰ ਬਦਨਾਮ ਹੋ ਗਈ ਸੀ।

'ਸੋਵੀਅਤ' ਦਾ ਅਰਥ ਹੈ-ਪਰਿਸ਼ਦ ਜਾਂ ਸਥਾਨਕ ਪੱਧਰ 'ਤੇ ਸ਼ਾਸਨ ਚਲਾਉਣ ਵਾਲੀ ਇਕਾਈ। ਇਹ ਆਮ ਤੌਰ 'ਤੇ ਮਜ਼ਦੂਰ ਵਰਗ ਵਲੋਂ ਚੁਣੀ ਜਾਂਦੀ ਸੀ।

**ਗਤੀਵਿਧੀ**

ਬਗਾਵਤ ਤੇ ਕ੍ਰਾਂਤੀ ਵਿੱਚ ਕੀ ਫਰਕ ਹੈ? ਕੁੱਝ ਬਗਾਵਤਾਂ ਅਤੇ ਕ੍ਰਾਂਤੀਆਂ ਦੇ ਨਾਂ ਲਿਖੋ।

ਵੱਡੇ ਖੇਤਾਂ ਨੂੰ ਛੋਟੇ-ਛੋਟੇ ਖੇਤਾਂ ਵਿੱਚ ਵੰਡ ਕੇ ਕਿਸਾਨਾਂ ਨੂੰ ਜ਼ਮੀਨ ਦੇਣ ਦੀ ਉਮੀਦ ਵੀ ਪੂਰੀ ਨਹੀਂ ਹੋ ਸਕੀ। ਬਹੁਤ ਸਾਰੇ ਕਿਸਾਨਾਂ ਨੇ ਬੋਲਸ਼ਵਿਕਾਂ ਦੀ ਸਹਾਇਤਾ ਨਾਲ ਆਪ ਹੀ ਜਮੀਨਾਂ 'ਤੇ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ। ਸਿੱਟੇ ਵਜੋਂ ਕਿਸਾਨਾਂ ਦੇ ਇਕ ਮਹੱਤਵਪੂਰਨ ਤਬਕੇ ਨੇ ਬੋਲਸ਼ਵਿਕਾਂ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ।

### ਬੋਲਸ਼ਵਿਕ ਪਾਰਟੀ ਦਾ ਨੇਤਾ ਲੈਨਿਨ

ਬੋਲਸ਼ਵਿਕ ਪਾਰਟੀ ਦਾ ਇਹ ਵਿਸ਼ਵਾਸ ਸੀ ਕਿ ਰੂਸ ਵਰਗੇ ਦੇਸ਼ ਵਿੱਚ ਜਿੱਥੇ ਕਿ ਸੰਸਦੀ ਲੋਕਤੰਤਰ ਨਹੀਂ ਹੈ ਉੱਥੇ ਲੋਕਤੰਤਰੀ ਅਸੂਲਾਂ 'ਤੇ ਚਲਣ ਵਾਲੀ ਪਾਰਟੀ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਨਹੀਂ ਕਰ ਸਕਦੀ। ਲੈਨਿਨ ਨੇ ਆਪਣੇ ਆਪ ਨੂੰ ਬੋਲਸ਼ਵਿਕ ਪਾਰਟੀ ਨੂੰ ਸੰਗਠਿਤ ਕਰਨ ਲਈ ਸਮਰਪਿਤ ਕੀਤਾ ਸੀ। ਉਸ ਉੱਤੇ (Karl Marx) ਕਾਰਲ ਮਾਰਕਸ ਅਤੇ (Angels) ਐਂਜਲਜ਼ ਦੇ ਵਿਚਾਰਾਂ ਦਾ ਡੂੰਘਾ ਪ੍ਰਭਾਵ ਸੀ। ਲੈਨਿਨ ਨੂੰ (Marx) ਮਾਰਕਸ ਤੋਂ ਬਾਅਦ ਸਮਾਜਵਾਦੀ ਅੰਦੋਲਨ ਦਾ ਸਭ ਤੋਂ ਮਹਾਨ ਨੇਤਾ ਮੰਨਿਆ ਜਾਂਦਾ ਸੀ।



ਲੈਨਿਨ ਲੋਕਾਂ ਨੂੰ ਸੰਬੋਧਨ ਕਰਦੇ ਹੋਏ

ਲੈਨਿਨ ਦੇ ਜਲਾਵਤਨ ਤੋਂ ਵਾਪਸ ਰੂਸ ਆਉਣ 'ਤੇ ਬੋਲਸ਼ਵਿਕ ਵਧੇਰੇ ਉਤਸ਼ਾਹਿਤ ਹੋਏ। ਲੈਨਿਨ ਦੇ ਅਪ੍ਰੈਲ ਮਤਾ ਜਿਸ ਵਿੱਚ ਉਸ ਨੇ ਆਰਜ਼ੀ ਸਰਕਾਰ ਨੂੰ ਸਮਰਥਨ ਦੇਣਾ ਬੰਦ ਕਰਨ, ਸੋਵੀਅਤਾਂ ਨੂੰ ਸੱਤਾ ਦੇਣ ਅਤੇ ਯੁੱਧ ਤੋਂ ਰੂਸ ਨੂੰ ਅਲੱਗ ਹੋਣ ਦੇ ਨੁਕਤੇ ਦਿੱਤੇ ਜੋ ਲਗਾਤਾਰ ਲੋਕਾਂ ਵਿੱਚ ਗੂੰਜਣ ਲੱਗੇ।

ਇਸ ਦੌਰਾਨ ਕੀਮਤਾਂ ਦੇ ਵਧਣ, ਤਨਖਾਹਾਂ ਦੇ ਘਟਣ ਅਤੇ ਬਾਲਣ, ਭੋਜਨ ਅਤੇ ਕੱਚੇ ਮਾਲ ਦੀ ਕਮੀ ਦੇ ਕਾਰਨ ਆਰਥਿਕ ਉਥਲ-ਪੁਥਲ ਮੱਚ ਗਈ। ਆਰਜੀ ਸਰਕਾਰ ਵੱਲੋਂ ਇਨ੍ਹਾਂ ਹਾਲਾਤਾਂ ਨੂੰ ਨਜਿੱਠਣ ਵਿੱਚ ਅਸਫਲ ਰਹਿਣ ਕਾਰਨ ਹਾਲਾਤ ਹੋਰ ਵੀ ਵਿਗੜ ਗਏ। ਦੂਜੇ ਪਾਸੇ ਬੋਲਸ਼ਵਿਕਾਂ ਵੱਲੋਂ ਦਿੱਤੇ ਜਾਣ ਵਾਲੇ ਸ਼ਾਂਤੀ, ਰੋਟੀ ਅਤੇ ਜ਼ਮੀਨ ਦੇ ਵਿਕਲਪ ਲੋਕਾਂ ਨੂੰ ਵਧੇਰੇ ਆਪਣੇ ਵੱਲ ਖਿੱਚਣ ਲੱਗੇ।

ਕੋਰਨੀਲਵ (The Kornilov) ਵਲੋਂ ਸੋਵੀਅਤਾਂ ਨੂੰ ਤੋੜਨ ਦੀ ਅਸਫਲ ਕੋਸ਼ਿਸ਼ ਸਰਕਾਰ ਲਈ ਭਾਰੀ ਪਰੇਸ਼ਾਨੀ ਦਾ ਕਾਰਨ ਸਾਬਤ ਹੋਈ। ਇਸ ਨਾਲ ਬੋਲਸ਼ਵਿਕਾਂ ਦੀ ਹੋਰ ਵੀ ਪ੍ਰਸਿੱਧੀ ਹੋਈ। ਇਸ ਦੌਰਾਨ ਬੋਲਸ਼ਵਿਕਾਂ ਨੇ ਪੈਟਰੋਗਰੈਡ (Patrograd) ਅਤੇ ਮਾਸਕੋ ਦੀਆਂ ਸੋਵੀਅਤਾਂ ਵਿੱਚ ਆਪਣੇ ਵਿਰੋਧੀ ਮੈਨਸ਼ਵਿਕਾਂ ਤੇ ਸਮਾਜਿਕ ਕ੍ਰਾਂਤੀਕਾਰੀਆਂ ਨੂੰ ਹਰਾ ਕੇ ਬਹੁਮਤ ਹਾਸਲ ਕੀਤਾ। ਇਸ ਦੇ ਨਾਲ ਬੋਲਸ਼ਵਿਕਾਂ ਦੀ ਸਥਿਤੀ ਹੋਰ ਵੀ ਮਜ਼ਬੂਤ ਹੋ ਗਈ। ਟਰੌਟਸਕੀ (Trotsky) ਨੂੰ ਪੈਟਰੋਗਰੈਡ (Petrograd) ਸੋਵੀਅਤ ਦਾ ਚੈਅਰਮੈਨ ਚੁਣਿਆ ਗਿਆ।

**ਨਵੰਬਰ ਦੀ ਕ੍ਰਾਂਤੀ**- ਨਵੰਬਰ ਦੀ ਕ੍ਰਾਂਤੀ ਨੂੰ ਸੋਵੀਅਤ ਸਾਹਿਤ ਵਿੱਚ ਸਰਕਾਰੀ ਤੌਰ 'ਤੇ 'ਅਕਤੂਬਰ ਦੀ ਬਗਾਵਤ' ਜਾਂ "ਬੋਲਸ਼ਵਿਕ ਕ੍ਰਾਂਤੀ" ਦੇ ਨਾਂ ਨਾਲ ਜਾਣਿਆ ਜਾਂਦਾ ਹੈ ਕਿਉਂਕਿ ਰੂਸ ਉਸ ਵੇਲੇ ਗ੍ਰੀਗੋਰੀਅਨ ਕੈਲੰਡਰ ਦੀ ਬਜਾਏ ਜੂਲੀਅਨ ਕੈਲੰਡਰ ਅਨੁਸਾਰ ਚੱਲਦਾ ਸੀ। ਜੋ ਕਿ ਗਰੀਗੋਰੀਆਈ ਕੈਲੰਡਰ ਤੋਂ 13 ਦਿਨ ਪਿੱਛੇ ਸੀ।

**ਕੀ ਤੁਸੀਂ ਜਾਣਦੇ ਹੋ?**

31 ਜਨਵਰੀ 1918 ਈ. ਤੋਂ ਰੂਸ ਨੇ ਗ੍ਰੀਗੋਰੀਅਨ ਕੈਲੰਡਰ ਅਪਣਾ ਲਿਆ ਸੀ ਅਤੇ ਇਸ ਨੂੰ ਨਵੀਂ ਸ਼ੈਲੀ ਕਰਾਰ ਦਿੱਤਾ। ਉਦੋਂ ਤੱਕ ਰੂਸ ਵਿੱਚ ਜੂਲੀਅਨ ਕੈਲੰਡਰ ਵਰਤਿਆ ਜਾਂਦਾ ਸੀ, ਜਿਸ ਨੂੰ ਉਹ ਹੁਣ ਪੁਰਾਣੀ ਸ਼ੈਲੀ ਦਾ ਕਹਿਣ ਲੱਗ ਪਏ ਸਨ। ਦੋਨੋਂ ਕੈਲੰਡਰਾਂ ਵਿੱਚ ਤੇਰਾਂ ਦਿਨਾਂ ਦਾ ਫਰਕ ਸੀ।



**ਸਮਾਜਵਾਦੀਆਂ ਦਾ ਇਕ ਧੜਾ ਮੈਨਸ਼ਵਿਕ ਘੱਟ ਗਿਣਤੀ ਕਹਾਉਂਦਾ ਸੀ।**

ਮੈਨਸ਼ਵਿਕ ਪਾਰਟੀ ਦੇ ਨੇਤਾ ਲੀਓਨ ਟਰੌਟਸਕੀ (Leon Trotsky) ਉਦਾਰਵਾਦੀ ਸਨ ਤੇ ਉਨ੍ਹਾਂ ਨੇ ਫਰਾਂਸ ਅਤੇ ਜਰਮਨੀ ਵਿੱਚ ਮੌਜੂਦ ਸਮਾਜਵਾਦੀ ਪਾਰਟੀਆਂ ਵਰਗੀ ਪਾਰਟੀ ਦਾ ਗਠਨ ਕੀਤਾ। ਉਹ ਸੰਸਦੀ ਚੋਣਾਂ ਵਿੱਚ ਵੀ ਭਾਗ ਲੈਣਾ ਚਾਹੁੰਦੇ ਸਨ। ਅਕਤੂਬਰ ਕ੍ਰਾਂਤੀ ਤੋਂ ਥੋੜੇ ਦਿਨ ਪਹਿਲਾਂ ਉਹ ਬਾਲਸ਼ਵਿਕ ਪਾਰਟੀ 'ਚ ਸ਼ਾਮਿਲ ਹੋ ਗਏ ਸਨ।

ਆਰਜ਼ੀ ਸਰਕਾਰ ਅਤੇ ਬੋਲਸ਼ਵਿਕਾਂ ਵਿੱਚ ਸੰਘਰਸ਼ ਵਧਿਆ, ਲੈਨਿਨ ਨੂੰ ਇਹ ਖਤਰਾ ਲੱਗਣ ਲੱਗਾ ਕਿ ਆਰਜੀ ਸਰਕਾਰ ਤਾਨਾਸ਼ਾਹੀ ਲਾਗੂ ਕਰ ਦੇਵੇਗੀ। ਸਤੰਬਰ ਵਿੱਚ ਲੈਨਿਨ ਨੇ ਸਰਕਾਰ ਦੇ ਖਿਲਾਫ਼ ਬਗਾਵਤ ਦੀ ਯੋਜਨਾ ਬਣਾਉਣੀ ਸ਼ੁਰੂ ਕਰ ਦਿੱਤੀ। ਸੈਨਾ, ਸੋਵੀਅਤਾਂ ਅਤੇ ਉਦਯੋਗਾਂ ਵਿੱਚ ਕੰਮ ਕਰਨ ਵਾਲੇ ਬੋਲਸ਼ਵਿਕਾਂ ਦੇ ਸਮਰਥਕ ਇਕੱਠੇ ਕੀਤੇ ਗਏ। 16 ਅਕਤੂਬਰ 1917ਈ. ਨੂੰ ਲੈਨਿਨ ਨੇ ਪੈਟਰੋਗ੍ਰਾਡ (Petrograd) ਸੋਵੀਅਤ ਅਤੇ ਬੋਲਸ਼ਵਿਕ ਪਾਰਟੀ ਦੇ ਮੈਂਬਰਾਂ ਨੂੰ ਇਕੱਠਾ ਕਰਕੇ ਸੱਤਾ ਹਾਸਿਲ ਕਰਨ ਲਈ ਅਤੇ ਆਪਣੀ ਸਰਕਾਰ ਬਣਾਉਣ ਦੀ ਯੋਜਨਾ ਨੂੰ ਅੰਤਿਮ ਰੂਪ ਦਿੱਤਾ। ਲਿਓਨ ਟਰੌਟਸਕੀ (Leon Trotsky) ਦੀ ਅਗਵਾਈ ਹੇਠ ਸੱਤਾ ਹਾਸਿਲ ਕਰਨ ਲਈ ਸੋਵੀਅਤਾਂ ਨੇ ਇਕ ਸੈਨਿਕ ਕ੍ਰਾਂਤੀਕਾਰੀ ਸੰਮਤੀ ਦਾ ਗਠਨ ਕੀਤਾ। ਕਾਰਵਾਈ ਦੀ ਤਾਰੀਖ ਨੂੰ ਗੁਪਤ ਰੱਖਿਆ ਗਿਆ।


25 ਅਕਤੂਬਰ (7 ਨਵੰਬਰ ਗਰੀਗੋਰੀਅਨ ਕੈਲੰਡਰ ਅਨੁਸਾਰ) ਦੀ ਦੇਰ ਰਾਤ ਤੱਕ ਸੇਂਟ ਪੀਟਰਸਬਰਗ ਸ਼ਹਿਰ ਸੈਨਿਕ ਕ੍ਰਾਂਤੀਕਾਰੀ ਸਮਿਤੀ ਦੇ ਲਾਲ ਗਾਰਡ (Red Guards) ਦੇ ਕਬਜ਼ੇ ਵਿੱਚ ਆ ਚੁੱਕਾ ਸੀ ਅਤੇ ਆਰਜੀ ਸਰਕਾਰ ਅਤੇ ਮੰਤਰੀ ਆਤਮ-ਸਮਰਪਣ ਕਰ ਚੁੱਕੇ ਸਨ। ਦਸੰਬਰ 1917 ਤੱਕ ਬੋਲਸ਼ਵਿਕਾਂ ਨੇ ਰੂਸ ਦੇ ਦੋ ਮੁੱਖ ਸ਼ਹਿਰਾਂ ਮਾਸਕੋ ਅਤੇ ਪੈਟਰੋਗਰੈਡ ਨੂੰ ਆਪਣੇ ਨਿਯੰਤਰਨ ਵਿੱਚ ਲੈ ਲਿਆ। ਲੈਨਿਨ ਦੀ ਅਗਵਾਈ ਵਿੱਚ ਨਵੀਂ ਬੋਲਸ਼ਵਿਕ ਸਰਕਾਰ ਨੇ ਸਤ੍ਹਾ ਸੰਭਾਲ ਲਈ।

3.2 **ਅਕਤਬੂਰ ਦੀ ਕ੍ਰਾਂਤੀ ਤੋਂ ਬਾਅਦ ਪਰਿਵਰਤਨ**: ਸੋਵੀਅਤਾਂ ਦੀ ਕਾਂਗਰਸ ਨੇ ਹੁਕਮ ਜਾਰੀ ਕੀਤਾ-

- ਇਸ ਹੁਕਮ ਰਾਹੀਂ ਰੂਸ ਪਹਿਲੇ ਵਿਸ਼ਵ ਯੁੱਧ ਤੋਂ ਅਲੱਗ ਹੋ ਗਿਆ। ਬਾਅਦ ਵਿੱਚ ਜਰਮਨੀ ਨਾਲ ਸ਼ਾਂਤੀ ਸੰਧੀ ਹੋਈ, ਇਸ ਸੰਧੀ ਵਿੱਚ ਰੂਸ ਨੇ ਜਰਮਨੀ ਨੂੰ ਆਪਣੇ ਕਈ ਇਲਾਕੇ ਸ਼ਾਂਤੀ ਦੀ ਕੀਮਤ ਵਜੋਂ ਦਿੱਤੇ।
- ਜ਼ਾਰ, ਚਰਚ ਅਤੇ ਜਿੰਮੀਦਾਰਾਂ ਦੀਆਂ ਸੰਪਤੀਆਂ ਜ਼ਬਤ ਕਰਕੇ ਕਿਸਾਨਾਂ ਨੂੰ ਦੇ ਦਿੱਤੀਆਂ ਗਈਆਂ। ਕਿਉਂਕਿ ਨਵੀਂ ਸਰਕਾਰ ਨਿੱਜੀ ਸੰਪਤੀ ਰੱਖਣ ਦੇ ਹੱਕ ਵਿੱਚ ਨਹੀਂ ਸੀ।
- ਉਦਯੋਗਾਂ ਦਾ ਨਿਯੰਤਰਨ ਮਜ਼ਦੂਰ ਸਮਿਤੀਆਂ ਨੂੰ ਦੇ ਦਿੱਤਾ ਗਿਆ।
- ਬੈਂਕਾਂ, ਬੀਮਾ ਕੰਪਨੀਆਂ, ਖਾਣਾਂ, ਪਾਣੀ, ਆਵਾਜਾਈ ਦੇ ਸਾਧਨਾਂ ਅਤੇ ਰੇਲਵੇ ਦਾ ਕੌਮੀਕਰਨ ਕਰ ਦਿੱਤਾ ਗਿਆ।
- ਵਿਦੇਸ਼ੀ ਨਿਵੇਸ਼ ਜ਼ਬਤ ਕਰ ਲਿਆ ਗਿਆ।

4. **ਬੋਲਸ਼ਵਿਕ ਅਤੇ ਸਮਾਜਿਕ ਪਰਿਵਰਤਨ:** ਬੋਲਸ਼ਵਿਕ ਪਾਰਟੀ ਦਾ ਨਾਂ ਬਦਲ ਕੇ 'ਰੂਸੀ ਕਮਿਊਨਿਸਟ ਪਾਰਟੀ' ਰੱਖ ਦਿੱਤਾ ਗਿਆ। 1917 ਈ. ਵਿੱਚ ਸੰਵਿਧਾਨ ਸਭਾ ਲਈ ਚੋਣਾਂ ਹੋਈਆਂ ਪਰ ਬੋਲਸ਼ਵਿਕਾਂ ਨੂੰ ਬਹੁਮਤ ਹਾਸਲ ਨਹੀਂ ਹੋਇਆ।

1918 ਈ. ਵਿੱਚ ਰਾਜਨੀਤਿਕ ਸਹਿਯੋਗੀਆਂ ਦੇ ਵਿਰੋਧ ਦੇ ਬਾਵਜੂਦ ਬੋਲਸ਼ਵਿਕਾਂ ਨੇ ਜਰਮਨੀ ਨਾਲ ਸੰਧੀ ਕਰ ਲਈ ਅਤੇ ਚੋਣਾਂ ਵਿੱਚ ਭਾਗ ਲੈਣ ਵਾਲੀ ਇੱਕੋ ਪਾਰਟੀ ਰਹਿ ਗਈ। ਇਸਦੇ ਨਾਲ ਹੀ ਰੂਸ ਇੱਕ ਪਾਰਟੀ ਦੇ ਰਾਜ ਵਾਲਾ ਦੇਸ਼ ਬਣ ਗਿਆ। ਬੋਲਸ਼ਵਿਕਾਂ ਦੇ ਸੱਤਾ ਹਾਸਲ ਕਰਨ ਨਾਲ ਰੂਸ ਵਿੱਚ ਬਹੁਤ ਸਾਰੀਆਂ ਸਮਾਜਿਕ ਅਤੇ ਆਰਥਿਕ ਤਬਦੀਲੀਆਂ ਆਈਆਂ। ਬੋਲਸ਼ਵਿਕਾਂ ਨੇ ਤਬਦੀਲੀਆਂ ਨਾਲ ਸਬੰਧਿਤ ਵਿਚਾਰਾਂ ਦਾ 'ਪ੍ਰਾਵਦਾ' ਨਾਮ ਦੀ ਅਖ਼ਬਾਰ ਰਾਹੀਂ ਪ੍ਰਚਾਰ ਕੀਤਾ 'ਯੁੱਧ ਰੋਕੋ, ਕਿਸਾਨਾਂ ਨੂੰ ਖੇਤ ਦਿਓ ਅਤੇ ਗਰੀਬਾਂ ਨੂੰ ਰੋਟੀ ਦਿਓ'। ਇਹ ਅਵਾਜ਼ ਪੂਰੇ ਰੂਸ ਵਿੱਚ ਗੂੰਜੀ; ਬੋਲਸ਼ਵਿਕਾਂ ਦੇ ਰੂਸ 'ਤੇ ਨਿਯੰਤਰਨ ਕਰਨ ਤੋਂ ਬਾਅਦ ਕਈ ਬਦਲਾਅ ਲਿਆਂਦੇ ਗਏ।




ਨਵੰਬਰ 1917 ਈ. ਵਿੱਚ ਸੰਵਿਧਾਨ ਸਭਾ ਦੀਆਂ ਚੋਣਾਂ ਵਿਚ ਬੋਲਸ਼ਵਿਕ (Bolsheviks) ਬਹੁਮਤ ਹਾਸਲ ਨਹੀਂ ਕਰ ਸਕੇ। ਜਨਵਰੀ 1918 ਈ. ਵਿੱਚ ਸੰਵਿਧਾਨ ਸਭਾ ਨੇ ਬੋਲਸ਼ਵਿਕਾਂ ਦੇ ਕੁਝ ਹੋਰ ਮਤੇ ਰੱਦ ਕਰ ਦਿੱਤੇ ਅਤੇ ਇਸ ਨਾਲ ਲੈਨਿਨ ਨੇ ਸੰਵਿਧਾਨ ਸਭਾ ਨੂੰ ਭੰਗ ਕਰ ਦਿਤਾ। ਉਸਦਾ ਮੰਨਣਾ ਸੀ ਕਿ ਡਾਵਾਂਡੋਲ ਹਾਲਾਤ ਵਿੱਚ ਚੁਣੀ ਗਈ ਸੰਵਿਧਾਨ ਸਭਾ ਨਾਲੋਂ ਸੋਵੀਅਤਾਂ ਦੀ ਕੁਲ ਰੂਸੀ ਕਾਂਗਰਸ ਕਿਤੇ ਜ਼ਿਆਦਾ ਲੋਕਤੰਤਰਿਕ ਹੈ।

**ਗ੍ਰਹਿ ਯੁੱਧ**- ਜਿਵੇਂ ਹੀ ਬੋਲਸ਼ਵਿਕਾਂ ਨੇ ਜ਼ਮੀਨ ਦੀ ਮੁੜ ਵੰਡ ਦਾ ਐਲਾਨ ਕੀਤਾ, ਕਿਸਾਨ ਪਰਿਵਾਰਾਂ ਨਾਲ ਸੰਬੰਧਿਤ ਬਹੁਤ ਸਾਰੇ ਸੈਨਿਕਾਂ ਨੇ ਜ਼ਮੀਨ ਪ੍ਰਾਪਤ ਕਰਨ ਲਈ ਫ਼ੌਜ ਛੱਡ ਦਿੱਤੀ। ਬਹੁਤ ਸਾਰੇ ਗੈਰ-ਬੋਲਸ਼ਵਿਕ ਸਮਾਜਵਾਦੀਆਂ, ਉਦਾਰਵਾਦੀਆਂ ਅਤੇ ਜ਼ਾਰਸ਼ਾਹੀ ਦੇ ਹੋਰ ਸਮਰਥਕਾਂ ਨੇ ਬੋਲਸ਼ਵਿਕਾਂ ਦੀ ਬਗਾਵਤ ਦਾ ਵਿਰੋਧ ਕੀਤਾ। ਉਨ੍ਹਾਂ ਦੇ ਨੇਤਾ ਦੱਖਣੀ ਰੂਸ ਚਲੇ ਗਏ ਅਤੇ ਉਨ੍ਹਾਂ ਨੇ ਬੋਲਸ਼ਵਿਕਾਂ ਨਾਲ ਲੜਨ ਲਈ ਸੈਨਿਕ ਟੁਕੜੀਆਂ ਦਾ ਗਠਨ ਕੀਤਾ। 1918 ਈ. ਅਤੇ 1919 ਈ. ਦੇ ਦੌਰਾਨ 'ਹਰੇ' (Greens) ਸਮਾਜਵਾਦੀ ਕ੍ਰਾਂਤੀਕਾਰੀਆਂ ਅਤੇ 'ਚਿੱਟੇ' (Pro-Tsarists) ਜ਼ਾਰ ਸਮਰਥਕਾਂ ਨੇ ਰੂਸੀ ਸਾਮਰਾਜ ਦੇ ਬਹੁਤ ਹਿੱਸਿਆਂ ਤੇ ਕਬਜ਼ਾ ਕਰ ਲਿਆ।

ਦਸੰਬਰ 1922 ਈ. ਵਿਚ ਬੋਲਸ਼ਵਿਕਾਂ ਨੇ ਰੂਸੀ ਸਮਰਾਜ ਦੇ ਵੱਖ-ਵੱਖ ਹਿੱਸਿਆਂ ਨੂੰ ਇਕੱਠਾ ਕਰਕੇ ਸੋਵੀਅਤ ਸੰਘ (USSR) ਦੀ ਸਥਾਪਨਾ ਕੀਤੀ। ਵੱਖ-ਵੱਖ ਕੌਮੀਅਤਾਂ ਨੂੰ ਇਕੱਠਾ ਕਰਨ ਦਾ ਇਹ ਪ੍ਰਯੋਗ ਅੰਸ਼ਿਕ ਤੌਰ 'ਤੇ ਸਫਲ ਹੋਇਆ ਕਿਉਂਕਿ ਬੋਲਸ਼ਵਿਕ ਸਰਕਾਰ ਨੇ ਸਥਾਨਕ ਸਰਕਾਰਾਂ ਨੂੰ ਕਈ ਅਜਿਹੀਆਂ ਨੀਤੀਆਂ ਦਾ ਪਾਲਣ ਕਰਨ 'ਤੇ ਮਜਬੂਰ ਕੀਤਾ ਜਿਹੜੀਆਂ ਲੋਕਾਂ ਨੂੰ ਪਸੰਦ ਨਹੀਂ ਸਨ ਜਿਵੇਂ ਕਿ ਖਾਨਾਬਦੋਸ਼ ਜੀਵਨ ਸ਼ੈਲੀ ਨੂੰ ਦਾ ਸਖ਼ਤੀ ਨਾਲ ਰੋਕਣਾ।

**ਸਿੱਟਾ :**

ਰੂਸੀ ਕ੍ਰਾਂਤੀ ਵੀਹਵੀਂ ਸਦੀ ਦੇ ਇਤਿਹਾਸ ਦੀ ਇਕ ਸਭ ਤੋਂ ਮਹੱਤਵਪੂਰਨ ਘਟਨਾ ਹੈ। ਇਹ ਕ੍ਰਾਂਤੀ 1917 ਈ. ਵਿਚ ਹੋਈ। ਇਸ ਨਾਲ ਨਿਰੰਕੁਸ਼ ਜ਼ਾਰਸ਼ਾਹੀ ਦਾ ਅੰਤ ਹੋਇਆ ਅਤੇ ਲੋਕਤੰਤਰ ਦੀ ਸਥਾਪਨਾ ਹੋ ਗਈ। ਇਸ ਨਾਲ ਰੂਸ ਦੇ ਸਮਾਜਿਕ ਆਰਥਿਕ ਅਤੇ ਖੇਤੀਬਾੜੀ ਦੇ ਖੇਤਰਾਂ ਵਿਚ ਕੁਲੀਨ ਵਰਗ ਪੂੰਜੀਪਤੀਆਂ ਅਤੇ ਜਿਮੀਦਾਰਾਂ ਦੀ ਸ਼ਕਤੀ ਦਾ ਅੰਤ ਹੋ ਗਿਆ। ਇਸ ਕ੍ਰਾਂਤੀ ਨੇ ਕਾਮਾ (ਪ੍ਰੋਲਤਾਰੀ) ਵਰਗ ਦੀ ਤਾਨਾਸ਼ਾਹੀ ਨੂੰ ਸਥਾਪਿਤ ਕੀਤਾ। ਇਸਨੇ ਸੰਸਾਰ ਵਿੱਚ ਪਹਿਲੀ ਵਾਰੀ ਸਮਾਜਵਾਦ ਦੀ ਵਿਚਾਰਧਾਰਾ ਨੂੰ ਸਪਸ਼ਟ ਰੂਪ ਵਿਚ ਲਾਗੂ ਕੀਤਾ।

# ਅਭਿਆਸ

## I. ਵਸਤੂਨਿਸ਼ਠ ਪ੍ਰਸ਼ਨ

### (ੳ) ਬਹੁ ਵਿਕਲਪੀ ਪ੍ਰਸ਼ਨ -

1. ਰੂਸ ਦੀ ਕ੍ਰਾਂਤੀ ਦੌਰਾਨ ਬੋਲਸ਼ਵਿਕਾਂ ਦੀ ਅਗਵਾਈ ਕਿਸ ਨੇ ਕੀਤੀ?

   ੳ) ਕਾਰਲ ਮਾਰਕਸ  ਅ) ਫਰੈਡਰਿਕ ਏਂਜਲਸ

   ੲ) ਲੈਨਿਨ  ਸ) ਟਰੌਟਸਕੀ

2. ਰੂਸ ਦੀ ਕ੍ਰਾਂਤੀ ਦੁਆਰਾ ਸਮਾਜ ਦੇ ਪੁਨਰ-ਗਠਨ ਲਈ ਕਿਹੜਾ ਵਿਚਾਰ ਸਭ ਤੋਂ ਮਹੱਤਵਪੂਰਨ ਹੈ?

   ੳ) ਸਮਾਜਵਾਦ  ਅ) ਰਾਸ਼ਟਰਵਾਦ

   ੲ) ਉਦਾਰਵਾਦ  ਸ) ਇਨ੍ਹਾਂ ਵਿਚੋਂ ਕੋਈ ਨਹੀਂ

3. ਮੈਨਸ਼ਵਿਕ ਸਮੂਹ ਦਾ ਨੇਤਾ ਕੌਣ ਸੀ?

   ੳ) ਟਰੌਟਸਕੀ  ਅ) ਕਾਰਲ ਮਾਰਕਸ

   ੲ) ਜ਼ਾਰ ਨਿਕੋਲਸ II  ਸ) ਇਨ੍ਹਾਂ 'ਚੋਂ ਕੋਈ ਨਹੀਂ

4. ਕਿਹੜੇ ਦੇਸ਼ ਨੇ ਆਪਣੇ ਆਪ ਨੂੰ ਪਹਿਲੇ ਵਿਸ਼ਵ ਯੁਧ ਵਿਚੋਂ ਬਾਹਰ ਕਢ ਲਿਆ ਅਤੇ ਜਰਮਨੀ ਨਾਲ ਸੰਧੀ ਕਰ ਲਈ?

   ੳ) ਅਮਰੀਕਾ  ਅ) ਰੂਸ

   ੲ) ਫਰਾਂਸ  ਸ) ਇੰਗਲੈਂਡ

### (ਅ) ਖ਼ਾਲੀ ਥਾਂਵਾਂ ਭਰੋ:

1. ................... ਨੇ ਰੂਸੀ ਕ੍ਰਾਂਤੀ ਸਮੇਂ ਰੂਸ ਦੇ ਬੋਲਸ਼ਵਿਕ ਸੰਗਠਨ ਦੀ ਅਗਵਾਈ ਕੀਤੀ।

2. ................... ਦਾ ਅਰਥ ਹੈ- ਪਰਿਸ਼ਦ ਜਾਂ ਸਥਾਨਕ ਸਰਕਾਰ।

3. ਰੂਸ ਵਿਚ ਚੁਣੀ ਗਈ ਸਲਾਹਕਾਰ ਸੰਸਦ ਨੂੰ ...................ਕਿਹਾ ਜਾਂਦਾ ਸੀ।

4. ਜ਼ਾਰ ਦਾ ਸ਼ਬਦਿਕ ਅਰਥ ਹੈ..............।

### (ੲ) ਅੰਤਰ ਦੱਸੋ :

1. ਬੋਲਸ਼ਵਿਕ ਅਤੇ ਮੈਨਸ਼ਵਿਕ।
2. ਉਦਾਰਵਾਦੀ ਅਤੇ ਰੂੜੀਵਾਦੀ।

### (ਸ) ਸਹੀ ਮਿਲਾਣ ਕਰੋ:

| | |
|---|---|
| 1. ਲੈਨਿਨ | (ੳ) ਮੈਨਸ਼ਵਿਕ |
| 2. ਟਰੌਟਸਕੀ | (ਅ) ਅਖਬਾਰ |
| 3. ਰੂਸ ਦੀ ਕ੍ਰਾਂਤੀ | (ੲ) ਰੂਸੀ ਸੰਸਦ |
| 4. ਡੂਮਾਂ | (ਸ) ਬੋਲਸ਼ਵਿਕ |
| 5. ਪ੍ਰਾਵਧਾ | (ਹ) 1911 ਈ: |

## II. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ

1. ਵੀਹਵੀਂ ਸਦੀ ਵਿੱਚ ਸਮਾਜ ਦੇ ਪੁਨਰ ਗਠਨ ਲਈ ਕਿਹੜਾ ਵਿਚਾਰ ਸਭ ਤੋਂ ਮਹੱਤਵਪੂਰਨ ਮੰਨਿਆ ਗਿਆ।
2. ਡੂਮਾਂ ਕੀ ਸੀ?
3. 1917 ਈ. ਦੀ ਰੂਸੀ ਕ੍ਰਾਂਤੀ ਦੇ ਸਮੇਂ ਰੂਸ ਦਾ ਸ਼ਾਸਕ ਕੌਣ ਸੀ।
4. 1905 ਈ: ਵਿੱਚ ਹੋਣ ਵਾਲੀ ਰੂਸੀ ਕ੍ਰਾਂਤੀ ਦਾ ਮੁੱਖ ਕਾਰਨ ਕੀ ਸੀ?
5. 1905 ਈ. ਵਿੱਚ ਰੂਸ ਦੀ ਹਾਰ ਕਿਸ ਦੇਸ ਤੋਂ ਹੋਈ ?

## III. ਛੋਟੇ ਉੱਤਰ ਵਾਲੇ ਪ੍ਰਸ਼ਨ

1. ਅਕਤੂਬਰ 1917 ਈ: ਦੀ ਰੂਸੀ ਕ੍ਰਾਂਤੀ ਦੇ ਤੱਤਕਾਲੀਨ ਨਤੀਜਿਆਂ ਦਾ ਵਰਨਣ ਕਰੋ।
2. ਬੋਲਸ਼ਵਿਕ ਅਤੇ ਮੈਨਸ਼ਵਿਕ ਤੇ ਨੋਟ ਲਿਖੋ?
3. ਰੂਸ ਵਿੱਚ ਅਸਥਾਈ ਸਰਕਾਰ ਦੀ ਅਸਫਲਤਾ ਦੇ ਕਾਰਨ ਸਨ?
4. ਲੈਨਿਨ ਦਾ 'ਅਪ੍ਰੈਲ ਮਤਾ' ਕੀ ਸੀ?
5. ਅਕਤੂਬਰ ਦੀ ਕ੍ਰਾਂਤੀ ਤੋਂ ਬਾਅਦ ਰੂਸ ਵਿੱਚ ਖੇਤੀਬਾੜੀ ਦੇ ਖੇਤਰ ਵਿੱਚ ਕੀ ਪਰਿਵਰਤਨ ਆਏ?

## 4. ਵੱਡੇ ਉੱਤਰਾਂ ਵਾਲੇ ਪ੍ਰਸ਼ਨ

1. 1905 ਈ. ਦੀ ਕ੍ਰਾਂਤੀ ਤੋਂ ਪਹਿਲਾਂ ਰੂਸ ਦੇ ਸਮਾਜਿਕ, ਆਰਥਿਕ ਤੇ ਰਾਜਨੀਤਿਕ ਹਾਲਾਤਾਂ ਬਾਰੇ ਵਰਣਨ ਕਰੋ?
2. ਉਦਯੋਗੀਕਰਨ ਨਾਲ ਰੂਸ ਦੇ ਆਮ ਲੋਕਾਂ ਤੇ ਕੀ ਪ੍ਰਭਾਵ ਪਏ?
3. ਸਮਾਜਵਾਦ ਤੇ ਵਿਸਥਾਰ ਸਹਿਤ ਨੋਟ ਲਿਖੋ?
4. ਕਿੰਨ੍ਹਾਂ ਕਾਰਨਾਂ ਕਰਕੇ ਆਮ ਜਨਤਾ ਨੇ ਬੋਲਸ਼ਵਿਕ ਦਾ ਸਮਰਥਨ ਕੀਤਾ?
5. ਅਕਤੂਬਰ ਦੀ ਕ੍ਰਾਂਤੀ ਤੋਂ ਬਾਅਦ ਬੋਲਸ਼ਵਿਕ ਸਰਕਾਰ ਵੱਲੋਂ ਕਿਹੜੀਆਂ ਤਬਦੀਲੀਆਂ ਲਿਆਂਦੀਆਂ ਗਈਆਂ? ਵਿਸਥਾਰ ਸਹਿਤ ਦੱਸੋ।

## ਪ੍ਰੋਜੈਕਟ

**ਹੇਠ ਲਿਖੇ ਵਿਸ਼ਿਆਂ ਤੇ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਚਰਚਾ ਕਰੋ :-**

1. ਫਰਵਰੀ ਦੀ ਕ੍ਰਾਂਤੀ
2. ਅਕਤੂਬਰ ਦੀ ਕ੍ਰਾਂਤੀ
3. ਬੋਲਸ਼ਵਿਕ ਸਰਕਾਰ ਦੀ ਸਥਾਪਨਾ



# ਇਕਾਈ -III



**ਘਟਨਾਵਾਂ ਅਤੇ ਪ੍ਰਕਿਰਿਆਵਾਂ**

**ਸੱਭਿਆਚਾਰਿਕ ਪਛਾਣ ਅਤੇ ਸਮਾਜ**

# 7 ਵਣ-ਸਮਾਜ ਅਤੇ ਬਸਤੀਵਾਦ

## ਵਣ-

ਵਣ ਸਾਡੇ ਲਈ ਵੱਡੇ ਪੈਮਾਨੇ 'ਤੇ ਉਪਯੋਗੀ ਸਰੋਤ ਹਨ। ਆਦਿ ਕਾਲ ਤੋਂ ਲੈ ਕੇ ਮਨੁੱਖ ਇਨ੍ਹਾਂ ਨੂੰ ਰਹਿਣ ਲਈ ਘਰ ਬਣਾਉਣ ਅਤੇ ਬਾਲਣ ਲਈ ਲੱਕੜ ਜੜ੍ਹੀਆਂ-ਬੂਟੀਆਂ ਆਦਿ ਲਈ ਵਰਤਦਾ ਆਇਆ ਹੈ। ਇਹ ਪੇਡੂ 'ਤੇ ਲੋਕਾਂ ਲਈ ਰੋਜ਼ੀ-ਰੋਟੀ ਲਈ ਵੀ ਮਹੱਤਵਪੂਰਨ ਸਾਧਨ ਹੈ। ਇਸ ਤੋਂ ਇਲਾਵਾ ਇਹ ਪਸ਼ੂਆਂ ਲਈ ਚਾਰੇ ਅਤੇ ਜੰਗਲੀ ਜਾਨਵਾਰਾਂ ਲਈ ਪਨਾਹਗਾਹ ਵੀ ਬਣਦੇ ਹਨ।



ਵਣ ਦਾ ਦ੍ਰਿਸ਼

**ਵਣ-ਸਮਾਜ**- ਵਣ ਸਮਾਜ ਤੋਂ ਭਾਵ ਉਨ੍ਹਾਂ ਲੋਕਾਂ ਤੋਂ ਹੈ ਜਿਹੜੇ ਵਣਾਂ ਦੇ ਆਲੇ ਦੁਆਲੇ ਰਹਿੰਦੇ ਹਨ ਅਤੇ ਆਪਣੀ ਰੋਜ਼ੀ ਰੋਟੀ ਲਈ ਜ਼ਿਆਦਾਤਰ ਵਣਾਂ ਤੇ ਨਿਰਭਰ ਹਨ।

**ਬਸਤੀਵਾਦ**- ਕਿਸੇ ਸ਼ਕਤੀਸ਼ਾਲੀ ਦੇਸ ਦੁਆਰਾ ਆਪਣੇ ਹਿੱਤਾਂ ਦੀ ਪੂਰਤੀ ਲਈ ਕਿਸੇ ਕਮਜ਼ੋਰ ਅਤੇ ਕੁਦਰਤੀ ਸਾਧਨਾਂ ਨਾਲ ਭਰਪੂਰ ਦੇਸ ਦੇ ਸਾਧਨਾਂ ਦਾ ਬਲਪੂਰਵਕ ਪ੍ਰਯੋਗ ਬਸਤੀਵਾਦ ਕਹਾਉਂਦਾ ਹੈ ਜਾਂ ਫਿਰ ਕਿਸੇ ਇੱਕ ਭੂਗੋਲਿਕ ਖੇਤਰ ਦੇ ਲੋਕਾਂ ਦੁਆਰਾ ਕਿਸੇ ਦੂਸਰੇ ਭੂਗੋਲਿਕ ਖੇਤਰ ਵਿੱਚ ਉਪ-ਨਿਵੇਸ਼ (ਬਸਤੀ/ਕਾਲੋਨੀ) ਸਥਾਪਿਤ ਕਰਨਾ, ਬਸਤੀਵਾਦ ਕਹਾਉਂਦਾ ਹੈ। ਉਦਾਹਰਨ ਵਜੋਂ ਅਜ਼ਾਦੀ ਤੋਂ ਪਹਿਲਾਂ ਭਾਰਤ ਇੰਗਲੈਂਡ ਦੀ ਇੱਕ ਬਸਤੀ (ਕਲੋਨੀ) ਸੀ।

**ਗਤੀਵਿਧੀ**

ਜੰਗਲਾਂ ਤੋਂ ਪ੍ਰਾਪਤ ਹੋਣ ਵਾਲੀਆਂ ਕੋਈ ਛੇ ਵਸਤਾਂ ਦੇ ਨਾਂ ਲਿਖੋ?

| | | |
|---|---|---|
| | | |
| | | |

ਕਲੋਨਿਅਲਿਜ਼ਮ (Colonialism) ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਕੋਲੋਨੀਆ ਤੋਂ ਬਣਿਆ ਹੈ, ਜਿਸਦਾ ਅਰਥ ਇੱਕ ਐਸੀ ਜਾਇਦਾਦ ਤੋਂ ਹੈ, ਜਿਸ ਨੂੰ ਯੋਜਨਾਬੱਧ ਤਰੀਕੇ ਨਾਲ ਵਿਦੇਸ਼ 'ਚ ਕਾਇਮ ਕੀਤਾ ਗਿਆ ਹੋਵੇ।

ੳ) **ਵਣਾਂ ਅਤੇ ਜੀਵਿਕਾ 'ਚ ਸਬੰਧ-**



ਵਣ ਵਾਸੀਆਂ ਦੇ ਨਿਵਾਸ ਅਸਥਾਨ

ਸਾਡੇ ਸਮਾਜ ਵਿੱਚ ਜਲ ਅਤੇ ਜੰਗਲਾਂ ਨੂੰ ਜੀਵਨ ਦਾ ਅਧਾਰ ਮੰਨਿਆ ਗਿਆ ਹੈ। ਜੰਗਲਾਂ ਤੋਂ ਸਾਨੂੰ ਫਲ, ਫੁੱਲ, ਜੜ੍ਹੀ-ਬੂਟੀਆਂ, ਰਬੜ, ਇਮਾਰਤੀ ਲੱਕੜ, ਬਾਲਣ ਲਈ ਲੱਕੜ ਆਦਿ ਮਿਲਦੀ ਹੈ। ਇਹ ਜੰਗਲੀ-ਜੀਵਾਂ ਦਾ ਰੈਣ-ਬਸੇਰਾ (ਪਨਾਹਗਾਹ) ਹਨ। ਪਸ਼ੂ-ਪਾਲਣ ਵਾਲੇ ਬਹੁਤੇ ਲੋਕ ਇਨ੍ਹਾਂ 'ਤੇ ਨਿਰਭਰ ਹਨ। ਇਨ੍ਹਾਂ ਤੋਂ ਇਲਾਵਾ ਜੰਗਲ ਵਾਤਾਵਰਨ ਨੂੰ ਸਾਫ਼ ਰੱਖਦੇ ਹਨ। ਇਹ ਵਰਖਾ ਲਿਆਉਣ ਲਈ ਵੀ ਮੱਦਦਗਾਰ ਹਨ। ਇਹ ਵਰਖਾ ਮੋੜਵੇਂ ਰੂਪ ਵਿੱਚ ਵਣਾਂ 'ਚ ਰਹਿਣ ਵਾਲੇ ਲੋਕਾਂ ਦੀ ਖੇਤੀ, ਪਸ਼ੂ-ਪਾਲਣ ਆਦਿ ਕੰਮਾਂ ਲਈ ਲਾਭਦਾਇਕ ਸਿੱਧ ਹੁੰਦੀ ਹੈ। ਯੂਰਪ ਦੀ ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਵਣਾਂ 'ਚ ਰਹਿਣ ਵਾਲੇ ਲੋਕ ਪੂਰਨ ਤੌਰ 'ਤੇ ਇਨ੍ਹਾਂ 'ਤੇ ਹੀ ਨਿਰਭਰ ਸਨ। ਉਨ੍ਹਾਂ ਦਾ ਬਾਹਰਲੀ ਦੁਨੀਆ ਨਾਲ ਬਹੁਤਾ ਸਬੰਧ ਨਹੀਂ ਹੁੰਦਾ ਸੀ। ਉਹ ਆਪਣਾ ਗੁਜ਼ਾਰਾ ਵਣਾਂ ਤੋਂ ਹੀ ਕਰਦੇ ਸਨ।



ਜੰਗਲੀ ਜੀਵਾਂ ਦਾ ਰੈਣ-ਬਸੇਰਾ

### ਉਦਯੋਗਿਕ ਕ੍ਰਾਂਤੀ-

1750 ਈ. ਤੋਂ 1850ਈ. ਦੇ ਦਰਮਿਆਨ ਇੰਗਲੈਂਡ ਅਤੇ ਯੂਰਪ ਦੇ ਦੂਜੇ ਦੇਸ਼ਾਂ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਤਕਨੀਕੀ ਖੋਜਾ ਦੀ ਮੱਦਦ ਨਾਲ ਉੱਤਪਾਦਨ ਪ੍ਰਕ੍ਰਿਆ ਵਿੱਚ ਆਉਣ ਵਾਲੀ ਵਿਆਪਕ ਤਬਦੀਲੀਆਂ ਨੂੰ ਉੱਦਯੋਗਿਕ ਕ੍ਰਾਂਤੀ ਕਿਹਾ ਜਾਂਦਾ ਹੈ। ਉਦਯੋਗਿਕ ਕ੍ਰਾਂਤੀ ਦੇ ਕਾਰਨ ਹੱਥਾਂ ਜਾਂ ਹੱਥਾਂ ਨਾਲ ਚਲਾਏ ਜਾਣ ਵਾਲੇ ਔਜ਼ਾਰਾਂ ਦੀ ਥਾਂ ਉੱਤਪਾਦਨ ਮਸ਼ੀਨਾਂ ਨਾਲ ਵੱਡੇ ਪੱਧਰ ਤੇ ਹੋਣ ਲੱਗਾ। ਯੂਰਪ ਦੀ ਉਦਯੋਗਿਕ ਕ੍ਰਾਂਤੀ ਨਾਲ ਕੱਚੇ ਮਾਲ ਅਤੇ ਭੋਜਨ ਦੀਆਂ ਵਧਦੀਆਂ ਲੋੜਾਂ ਕਾਰਨ ਜੰਗਲਾਂ ਦੀ ਕਟਾਈ ਦਾ ਕੰਮ ਸ਼ੁਰੂ ਹੋ ਗਿਆ। ਸੰਸਾਰ ਦੇ ਹਰੇਕ ਖੇਤਰ ਵਿੱਚੋਂ ਜੰਗਲਾਂ ਦੀ ਕਟਾਈ ਤੇਜ਼ੀ ਨਾਲ ਹੋਣ ਲੱਗੀ, ਜਿਸ ਨੇ ਵਣ-ਸਮਾਜ ਅਤੇ ਵਾਤਾਵਰਨ 'ਤੇ ਆਪਣੇ ਪ੍ਰਭਾਵ ਪਾਇਆ।

ਅ) **ਬਸਤੀਵਾਦ ਅਧੀਨ ਵਣ-ਸਮਾਜਾਂ 'ਚ ਪਰਿਵਰਤਨ-** ਉਦਯੋਗਿਕ ਕ੍ਰਾਂਤੀ ਕਾਰਨ ਸੰਸਾਰ ਵਿੱਚ ਲੱਕੜ ਅਤੇ ਜੰਗਲੀ ਸੋਮਿਆਂ ਦੀ ਮੰਗ ਵਧ ਗਈ, ਜੰਗਲਾਂ ਦੀ ਕਟਾਈ ਹੋਣ ਲੱਗੀ ਅਤੇ ਹੌਲੀ-ਹੌਲੀ ਲੱਕੜ ਦੀ ਘਾਟ ਮਹਿਸੂਸ ਹੋਣ ਲੱਗੀ। ਯੂਰਪੀ ਦੇਸ਼ਾਂ ਦੀ ਅੱਖ ਭਾਰਤ ਸਮੇਤ ਸੰਸਾਰ ਦੇ ਉਨ੍ਹਾਂ ਦੇਸ਼ਾਂ 'ਤੇ ਗਈ, ਜਿਹੜੇ ਵਣ-ਸੰਪਤੀ ਅਤੇ ਹੋਰ ਕੁਦਰਤੀ ਸੋਮਿਆਂ ਨਾਲ ਭਰਪੂਰ ਸਨ। ਇਸੇ ਉਦੇਸ਼ ਦੀ ਪੂਰਤੀ ਲਈ ਡੱਚਾਂ, ਪੁਰਤਗਾਲੀਆਂ, ਫਰਾਂਸੀਸੀਆਂ ਅਤੇ ਅੰਗਰੇਜ਼ਾਂ ਆਦਿ ਨੇ ਨਾ ਸਿਰਫ ਵਣ-ਸੰਪਤੀ, ਸਗੋਂ ਹੋਰ ਕੁਦਰਤੀ ਸਾਧਨਾਂ ਦੀ ਲੁੱਟ-ਖਸੁੱਟ ਕਰਨੀ ਸ਼ੁਰੂ ਕਰ ਦਿੱਤੀ। ਜਿਸ ਦੇ ਸਿੱਟੇ ਵਜੋਂ ਸੰਸਾਰ ਦੇ ਵੱਖ-ਵੱਖ ਵਣ-ਸਮਾਜਾਂ ਵਿੱਚ ਵਿਦਰੋਹ ਹੋਏ।

**ਬਸਤੀਵਾਦ ਅਧੀਨ ਵਣਾਂ ਦੀ ਕਟਾਈ ਦੇ ਕਾਰਨ-**


1. ਖੇਤੀ ਦਾ ਵਿਸਥਾਰ
2. ਰੇਲਵੇ ਦਾ ਵਿਸਥਾਰ
3. ਸਮੁੰਦਰੀ ਜਹਾਜਾਂ ਬਣਾਉਣ ਲਈ ਲੱਕੜ ਦੀ ਜ਼ਰੂਰਤ
4. ਵਪਾਰਕ ਫਸਲਾਂ ਦੀ ਖੇਤੀ




### ਗਤੀਵਿਧੀ

- ਵਣ ਸੰਪਤੀ ਤੋਂ ਇਲਾਵਾ ਹੋਰ ਕੁਦਰਤੀ ਸਾਧਨਾਂ ਬਾਰੇ ਜਾਣੋ ਅਤੇ ਆਪਣੇ ਅਧਿਆਪਕ ਦੀ ਸਹਾਇਤਾ ਨਾਲ ਇਸ ਵਿਸ਼ੇ ਤੇ ਚਰਚਾ ਕਰੋ।

1. **ਖੇਤੀ ਲਈ ਭੂਮੀ ਦੀ ਲੋੜ**- ਜਿਉਂ-ਜਿਉਂ ਦੁਨੀਆ ਵਿੱਚ ਅਬਾਦੀ ਵਧਣ ਲੱਗੀ, ਤਿਉਂ-ਤਿਉਂ ਭੋਜਨ/ਅਨਾਜ ਦੀ ਮੰਗ ਵਧਣ ਲੱਗੀ। ਇਸ ਲਈ ਲੋਕਾਂ ਨੇ ਭੋਜਨ ਦੀ ਪੂਰਤੀ ਲਈ ਜੰਗਲਾਂ ਦੀ ਕਟਾਈ ਸ਼ੁਰੂ ਕਰ ਦਿੱਤੀ ਅਤੇ ਉਸ ਭੂਮੀ ਨੂੰ ਖੇਤੀ ਲਈ ਵਰਤਿਆ ਜਾਣ ਲੱਗਾ।




2. **ਰੇਲਵੇ ਦਾ ਵਿਸਥਾਰ**- ਅੰਗਰੇਜ਼ਾਂ ਦੇ ਭਾਰਤ ਵਿੱਚ ਆਉਣ ਸਮੇਂ ਕਈ ਦੇਸ਼ਾਂ ਵਿੱਚ ਰੇਲਵ ਰਾਹੀਂ ਆਵਾਜਾਈ ਸ਼ੁਰੂ ਹੋ ਚੁੱਕਾ ਸੀ। ਅੰਗਰੇਜ਼ਾਂ ਨੂੰ ਭਾਰਤ ਵਿੱਚ ਵੀ ਸੈਨਿਕ ਅਤੇ ਵਪਾਰਕ ਹਿੱਤਾਂ ਅਤੇ ਦੇਸ਼ ਦੇ ਪ੍ਰਸ਼ਾਸਕੀ ਢਾਂਚੇ 'ਤੇ ਮਜ਼ਬੂਤੀ ਲਈ ਰੇਲਵੇ ਦੀ ਲੋੜ ਮਹਿਸੂਸ ਹੋਈ। ਉਨ੍ਹਾਂ ਨੇ ਰੇਲਵੇ ਦਾ ਵਿਸਥਾਰ ਕਰਨਾ ਸ਼ੁਰੂ ਕਰ ਦਿੱਤਾ, ਜੋ ਕਿ ਬੜੀ ਤੇਜ਼ੀ ਨਾਲ ਹੋਇਆ। ਜਿਵੇਂ ਕਿ 1890 ਈ. ਵਿੱਚ ਰੇਲਵੇ ਲਾਈਨਾਂ ਦੀ ਲੰਬਾਈ ਲਗਭਗ 25000 ਕਿਲੋਮੀਟਰ ਸੀ, ਜੋ ਕਿ 1946 ਈਸਵੀ ਵਿੱਚ ਵੱਧ ਕੇ 7,65,000 ਕਿਲੋਮੀਟਰ ਹੋ ਗਈ।




ਰੇਲਵੇ ਪੱਟੜੀ ਬਣਾਉਣ ਲਈ ਸਲੀਪਰਾਂ ਦੀ ਵਰਤੋਂ ਵੱਡੇ ਪੱਧਰ 'ਤੇ ਹੋਣ ਲੱਗੀ। ਸਲੀਪਰ ਲੱਕੜੀ ਦੇ ਬਣਦੇ ਸਨ। ਸਲੀਪਰਾਂ ਲਈ ਲੱਕੜੀ ਦੀ ਭਾਰੀ ਮਾਤਰਾ ਵਿੱਚ ਖਪਤ ਦਾ ਅੰਦਾਜ਼ਾ ਇਸ ਤੱਥ ਤੋਂ ਹੀ ਲੱਗ ਸਕਦਾ ਹੈ ਕਿ ਇੱਕ ਕਿਲੋਮੀਟਰ ਰੇਲਵੇ ਪੱਟੜੀ ਲਈ 450 ਸਲੀਪਰਜ਼ ਦੀ ਲੋੜ ਪੈਂਦੀ ਸੀ। ਇਸ ਤੋਂ ਇਲਾਵਾ ਰੇਲਵੇ ਡੱਬਿਆਂ ਲਈ ਅਤੇ ਬਾਲਣ ਦੇ ਰੂਪ ਵਿੱਚ ਲੱਕੜ ਦੀ ਵਰਤੋਂ ਕੀਤੀ ਜਾਂਦੀ ਸੀ।

**ਗਤੀਵਿਧੀ**

ਰੇਲ ਗੱਡੀ ਦੇ ਇਤਿਹਾਸ ਨੂੰ ਦਰਸਾਉਂਦੇ ਹੋਏ ਇੱਕ ਚਾਰਟ ਬਣਾਓ।

I



3. **ਸਮੁੰਦਰੀ ਜਹਾਜ਼ਾਂ ਲਈ ਲੱਕੜ-** ਯੂਰਪ ਦੇ ਵਿੱਚ **ਓਕ** ਦੇ ਦਰਖ਼ਤ ਤੋਂ ਜਹਾਜ਼ ਬਣਾਏ ਜਾਂਦੇ ਸਨ, ਜਿਨ੍ਹਾਂ ਦੀ ਉਮਰ ਵੱਧ ਤੋਂ ਵੱਧ 18 ਕੁ ਸਾਲ ਹੁੰਦੀ ਸੀ। ਭਾਰਤ ਵਿੱਚ ਜਹਾਜ਼ ਲਈ **ਸਾਗਵਾਨ** ਦੀ ਲੱਕੜ ਵਰਤੀ ਜਾਂਦੀ ਸੀ, ਜਿਸ ਦੀ ਮਿਆਦ ਲਗਭਗ 50 ਸਾਲ ਹੁੰਦੀ ਸੀ। ਸਾਗਵਾਨ ਦੇ ਦਰਖ਼ਤਾਂ ਦੇ ਤਣੇ ਦੀ ਲੰਬਾਈ ਜ਼ਿਆਦਾ ਹੁੰਦੀ ਹੈ, ਜਿਸ ਕਾਰਨ ਜਹਾਜ਼ ਮਜ਼ਬੂਤ ਬਣਦੇ ਸਨ। ਇਸ ਕਾਰਨ ਯੂਰਪ ਖਾਸ ਤੌਰ 'ਤੇ ਇੰਗਲੈਂਡ ਵਿੱਚ ਸਾਗਵਾਨ ਦੀ ਲੱਕੜ ਦੀ ਮੰਗ ਬਹੁਤ ਵੱਧ ਗਈ। ਇੰਗਲੈਂਡ ਦੁਆਰਾ ਲੱਕੜ ਆਯਾਤ ਕਰਕੇ ਵੱਡੀ ਪੱਧਰ 'ਤੇ ਜਹਾਜ਼ ਤਿਆਰ ਕੀਤੇ ਜਾਣ ਲੱਗੇ। ਅੰਗਰੇਜ਼ਾਂ ਨੇ ਭਾਰਤ ਵਿੱਚ ਸਾਗਵਾਨ ਦੇ ਜੰਗਲਾਂ 'ਤੇ ਆਪਣਾ ਏਕਾਧਿਕਾਰ ਅਧਿਕਾਰ ਜਮਾ ਲਿਆ ਅਤੇ ਇਨ੍ਹਾਂ ਦੀ ਕਟਾਈ ਕਰਕੇ ਵਧੀਆ ਲੱਕੜ ਨੂੰ ਇੰਗਲੈਂਡ ਭੇਜਣ ਲੱਗੇ।



ਓਕ ਦਾ ਦਰਖ਼ਤ



ਸਾਗਵਾਨ ਦੇ ਦਰਖ਼ਤ

4. **ਵਪਾਰਕ ਫਸਲਾਂ ਦੀ ਖੇਤੀ-** 19ਵੀਂ ਸਦੀ ਵਿੱਚ ਯੂਰਪ ਦੀ ਅਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਵਪਾਰਕ ਫ਼ਸਲਾਂ ਜਿਵੇਂ- ਕਪਾਹ, ਪਟਸਨ, ਚਾਹ, ਕੌਫ਼ੀ, ਰਬੜ, ਕਣਕ ਆਦਿ ਦੀ ਮੰਗ ਉੱਥੇ ਬਹੁਤ ਵਧ ਗਈ। ਇਨ੍ਹਾਂ ਫ਼ਸਲਾਂ ਦਾ ਉਤਪਾਦਨ ਵਧਾਉਣ ਲਈ ਸਰਕਾਰ ਨੇ ਨਾ ਸਿਰਫ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ, ਸਗੋਂ ਵਣ-ਖੇਤਰ ਨੂੰ ਸਾਫ਼ ਕਰਕੇ ਰਬੜ, ਚਾਹ, ਕੌਫ਼ੀ ਆਦਿ ਦੇ ਬਾਗ਼ ਲਗਾਉਣ ਲਈ ਬਾਗ਼ਬਾਨੀ ਮਾਹਿਰ ਬੁਲਾ ਲਏ। ਜੰਗਲਾਂ ਦੀ ਕਟਾਈ ਕਰਕੇ ਉਸ ਭੂਮੀ ਨੂੰ ਵਪਾਰਕ ਖੇਤੀ ਲਈ ਵਰਤਣਾ ਆਰੰਭ ਕਰ ਦਿੱਤਾ।

**ਵਪਾਰਕ ਫਸਲਾਂ**



ਕਪਾਹ ਦਾ ਖੇਤ



ਕਾਫ਼ੀ ਦਾ ਬੂਟਾ



ਰਬੜ ਦਾ ਦਰਖਤ



ਚਾਹ ਦਾ ਬਾਗ਼

## ਗਤੀਵਿਧੀ

ਹੇਠਾਂ ਦਿੱਤੇ ਚਿੱਤਰਾਂ ਨੂੰ ਦੇਖ ਕੇ ਅਤੇ ਇਨ੍ਹਾਂ ਦੇ ਅਧਾਰ ਤੇ ਵਣਾਂ ਦੇ ਵੱਖ ਵੱਖ ਲਾਭਾਂ ਬਾਰੇ ਜਮਾਤ ਵਿੱਚ ਚਰਚਾ ਕਰੋ।




ਘਰਾਂ ਦਾ ਨਿਰਮਾਣ



ਰੇਲਵੇ ਪਟੜੀ ਦਾ ਨਿਰਮਾਣ

## ਵਣ ਕਾਨੂੰਨ




ਲਾਰਡ ਡਲਹੌਜ਼ੀ

**ਵਪਾਰਕ ਬਾਗ਼ਬਾਨੀ**-ਵਣ-ਸੰਪਤੀ 'ਤੇ ਕਬਜ਼ਾ ਕਰਨ ਲਈ ਅੰਗਰੇਜ਼ਾਂ ਨੇ ਵਣ-ਕਾਨੂੰਨ ਬਣਾਏ। ਉਨ੍ਹਾਂ ਦੇ ਮੁੱਖ ਉਦੇਸ਼ ਸਥਾਨਿਕ ਲੋਕਾਂ ਅਤੇ ਵਪਾਰੀਆਂ ਨੂੰ ਜੰਗਲਾਂ ਦੀ ਕਟਾਈ ਤੋਂ ਰੋਕਣਾ ਸੀ। (ਇਹ ਸਥਿਤੀ ਅੱਜ ਤੀਕ ਜਿਉਂ ਦੀ ਤਿਉਂ ਹੈ।) ਲਾਰਡ ਡਲਹੌਜ਼ੀ ਨੇ 1855 ਈਸਵੀ ਵਿੱਚ ਪੂਰੇ ਦੇਸ਼ ਵਿੱਚ ਵਣ-ਸੁਰੱਖਿਆ ਲਈ ਨਿਯਮ ਬਣਾਏ। ਇਸੇ ਤਹਿਤ ਉਸਨੇ ਮਾਲਾਬਾਰ ਦੀਆਂ ਪਹਾੜੀਆਂ 'ਚ ਸੋਂਗਾਨ (ਸਾਗਵਾਨ) ਤੇ ਨੀਲਗਿਰੀ ਦੀਆਂ ਪਹਾੜੀਆਂ 'ਚ ਬਬੂਲ (ਕਿੱਕਰ) ਅਤੇ ਨੀਲਗਿਰੀ ਦੇ ਦਰਖ਼ਤ ਲਗਾਏ। ਵੱਖ-ਵੱਖ ਕਾਨੂੰਨਾਂ ਤਹਿਤ ਜੰਗਲਾਂ ਦੀ ਕਟਾਈ ਅਤੇ ਇਨ੍ਹਾਂ 'ਚ ਪਸ਼ੂ ਚਾਰਨ 'ਤੇ ਪਾਬੰਦੀ ਲਗਾ ਦਿੱਤੀ। ਡਾਇਟ੍ਰਿਚ ਬ੍ਰੈਂਡਿਸ ਨਾਮੀ ਇੱਕ ਜਰਮਨ ਮਾਹਿਰ ਨੂੰ ਵਣ ਮਹਾਂਨਿਰਦੇਸ਼ਕ ਡਾਇਰੈਕਟਰ ਜਨਰਲ ਨਿਯੁਕਤ ਕਰ ਦਿੱਤਾ। (ਉਸਨੂੰ ਭਾਰਤ ਦੀ ਆਧੁਨਿਕ ਬਾਗ਼ਬਾਨੀ ਦਾ ਮੋਢੀ ਮੰਨਿਆ ਜਾਂਦਾ ਹੈ।) ਉਸ ਦਾ ਮੁੱਖ ਕੰਮ ਜੰਗਲਾਂ ਦੀ ਸੁਰੱਖਿਆ ਲਈ ਬਣਾਏ ਕਾਨੂੰਨਾਂ ਦਾ ਪਾਲਣ ਕਰਵਾਉਣਾ ਅਤੇ ਬਾਗ਼ਬਾਨੀ ਨੂੰ ਵਪਾਰਕ ਲੀਹਾਂ 'ਤੇ ਪਾਉਣਾ ਸੀ। ਉਸ ਨੇ ਭਾਰਤੀ ਵਣ-ਸੇਵਾ ਨਾਮ ਦੀ ਸੰਸਥਾ ਬਣਾ ਕੇ ਵਪਾਰਕ ਵਣਾਂ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ। ਵਿਗਿਆਨਕ ਬਾਗਵਾਨੀ ਵਿੱਚ ਮੌਜੂਦਾ ਵਣਾਂ ਵਿਚੋਂ ਵੱਖ-ਵੱਖ ਕਿਸਮਾਂ ਦੇ ਦਰਖ਼ਤਾਂ ਦੀ ਕਟਾਈ ਕਰਕੇ ਇੱਕੋ ਕਿਸਮ ਦੇ ਦਰਖ਼ਤਾਂ ਨੂੰ ਇੱਕੋ ਕਤਾਰ ਵਿੱਚ ਲਗਾਇਆ ਜਾਂਦਾ ਸੀ।

**ਵਣ ਕਾਨੂੰਨ- ਬਸਤੀਵਾਦ ਅਧੀਨ ਬਣੇ ਨਿਯਮਾਂ/ਕਾਨੂੰਨਾਂ ਤੇ ਇੱਕ ਝਾਤ:**

**1855 ਈਸਵੀ**- ਲਾਰਡ ਡਲਹੌਜ਼ੀ ਦੇ ਵਣਾਂ ਦੀ ਰੱਖਿਆ ਲਈ ਕਈ ਕਾਨੂੰਨ ਬਣਾਏ। ਇਸ ਤਹਿਤ ਮਾਲਾਬਾਰ ਦੀਆਂ ਪਹਾੜੀਆਂ 'ਚ ਸਾਗਵਾਨ ਅਤੇ ਨੀਲਗਿਰੀ ਦੀਆਂ ਪਹਾੜੀਆਂ 'ਚ ਬਬੂਲ (ਕਿੱਕਰ) ਦੇ ਰੁੱਖ ਲਗਾਏ।




ਡਾਇਟ੍ਰਿਚ ਬ੍ਰੈਂਡਿਸ



**1864 ਈਸਵੀ**- ਵਣਾਂ ਦੀ ਰੱਖਿਆ ਸਬੰਧੀ ਕਾਨੂੰਨਾਂ/ਨਿਯਮਾਂ ਦੀ ਪਾਲਣਾ ਹਿੱਤ ਭਾਰਤੀ ਵਣ ਵਿਭਾਗ ਦੀ ਸਥਾਪਨਾ ਕੀਤੀ ਗਈ। ਇਸਦਾ ਮੁੱਖ ਉਦੇਸ਼ ਵਪਾਰਕ ਬਾਗਬਾਨੀ ਨੂੰ ਉਤਸ਼ਾਹਿਤ ਕਰਨਾ ਸੀ।

**1865 ਈਸਵੀ**- ਭਾਰਤ ਵਣ ਕਾਨੂੰਨ 1865 ਬਣਾਇਆ ਗਿਆ।





## ਗਤੀਵਿਧੀ

**ਵਰਤਮਾਨ ਭਾਰਤ ਵਿੱਚ ਮੌਜੂਦਾ ਵਣ ਕਾਨੂੰਨ ਸੰਬੰਧੀ ਜਾਣਕਾਰੀ ਹਾਸਲ ਕਰੋ ਅਤੇ ਸ਼੍ਰੇਣੀ ਵਿੱਚ ਚਰਚਾ ਕਰੋ।**

**1878 ਈਸਵੀ**- ਭਾਰਤੀ ਵਣ ਐਕਟ 1878, ਇਸ ਕਾਨੂੰਨ ਅਧੀਨ ਵਣ ਦੀਆਂ ਤਿੰਨ ਸ਼੍ਰੇਣੀਆਂ ਬਣਾ ਦਿੱਤੀਆਂ- 1. **ਰਾਖਵੇਂ ਵਣ**, 2. **ਸੁਰੱਖਿਅਤ ਵਣ**, 3. **ਗ੍ਰਾਮੀਣ ਵਣ**।

ਜੰਗਲਾਂ ਨੂੰ ਨਿਜੀ ਸੰਪਤੀ ਤੋਂ ਸਰਕਾਰੀ ਸੰਪਤੀ ਬਣਾਉਣ ਦੇ ਅਧਿਕਾਰ ਇਸ ਕਾਨੂੰਨ ਰਾਹੀਂ ਦੇ ਦਿੱਤੇ ਗਏ ਅਤੇ ਆਮ ਲੋਕਾਂ ਦੇ ਜੰਗਲਾਂ ਵਿੱਚ ਜਾਣ ਅਤੇ ਉਨ੍ਹਾਂ ਦੀ ਵਰਤੋਂ ਕਰਨ 'ਤੇ ਬਹੁਤ ਸਾਰੀਆਂ ਪਾਬੰਦੀਆਂ ਲਗਾ ਦਿੱਤੀਆਂ।

**ਵਣਾਂ ਦੀਆਂ ਕਿਸਮਾਂ**

| ਰਾਖਵੇ ਵਣ | ਸੁਰੱਖਿਅਤ ਵਣ | ਪੇਂਡੂ ਵਣ |
|---|---|---|
| ਇਹ ਵਣ ਲਕੜੀ ਦੇ ਵਪਾਰਿਕ ਉਤਪਾਦਨ ਲਈ ਰੱਖੇ ਗਏ ਸੀ। ਇਨ੍ਹਾਂ ਵਣਾਂ ਵਿੱਚ ਪਸ਼ੂ ਚਾਰਨ ਅਤੇ ਖੇਤੀ ਕਰਨ ਦੀ ਸਖਤ ਮਨਾਹੀ ਸੀ। | ਇਨ੍ਹਾਂ ਵਣਾਂ ਵਿੱਚ ਪਸ਼ੂ ਚਰਾਉਣ ਅਤੇ ਖੇਤੀ ਕਰਨ 'ਤੇ ਰੋਕ ਸੀ। ਲੋਕਾਂ ਨੂੰ ਵਣਾਂ ਦੀ ਵਰਤੋਂ ਕਰਨ ਬਦਲੇ ਸਰਕਾਰ ਨੂੰ ਕੁਝ ਦੇਣਾ ਪੈਂਦਾ ਸੀ। ਕਈ ਵਾਰ ਲੋਕਾਂ ਨੂੰ ਵਣਾਂ ਦੀ ਵਰਤੋਂ ਕਰਨ ਦੀ ਪ੍ਰਵਾਨਗੀ ਲੈਣ ਬਦਲੇ ਵੀ ਵਣ ਅਧਿਕਾਰੀਆਂ ਨੂੰ ਰਿਸ਼ਵਤ ਦੇਣੀ ਪੈਂਦੀ ਸੀ। | ਵਣਾਂ ਦੇ ਨੇੜੇ ਰਹਿਣ ਵਾਲੇ ਲੋਕ ਇਨ੍ਹਾਂ ਵਣਾਂ ਤੋਂ ਘਰ ਬਣਾਉਣ ਅਤੇ ਬਾਲਣ ਵਾਸਤੇ ਲਕੜੀ ਪ੍ਰਾਪਤ ਕਰ ਸਕਦੇ ਸੀ। |



ਇੰਪੀਰੀਅਲ ਵਣ ਅਨੁਸੰਧਾਨ, ਦੇਹਰਾਦੂਨ

**1906 ਈਸਵੀ**- ਦੇਹਰਾਦੂਨ 'ਚ ਇੰਪੀਰੀਅਲ ਵਣ ਖੋਜ ਕੇਂਦਰ, ਦੇਹਰਾਦੂਨ ਦੀ ਸਥਾਪਨਾ ਕੀਤੀ ਗਈ।

**1927 ਈਸਵੀ**: ਜੰਗਲਾਂ ਨਾਲ ਸਬੰਧਤ ਕਾਨੂੰਨਾਂ ਨੂੰ ਮਜ਼ਬੂਤ ਕਰਨ, ਜੰਗਲੀ ਲੱਕੜ ਦਾ ਉਤਪਾਦਨ ਵਧਾਉਣ, ਇਮਾਰਤੀ ਲੱਕੜ ਅਤੇ ਹੋਰ ਜੰਗਲੀ ਉਪਜਾਂ 'ਤੇ ਕਰ ਲਗਾਉਣ ਦੇ ਉਦੇਸ਼ ਨਾਲ **ਭਾਰਤੀ ਵਣ ਕਾਨੂੰਨ** 1927 ਲਾਗੂ ਕੀਤਾ ਗਿਆ।

ਇਹ ਕਾਨੂੰਨ ਨੂੰ ਤੋੜਨ ਵਾਲੇ ਨੂੰ ਕੈਦ ਅਤੇ ਜ਼ੁਰਮਾਨਾ ਕਰਨ ਦੀ ਸਜ਼ਾ ਦੇਣ ਦੀ ਤਜਵੀਜ਼ ਸੀ।

**ੲ) ਸਮਕਾਲੀ ਭਾਰਤ ਵਿੱਚ ਵਣਾਂ ਦੀ ਸਥਿਤੀ**- ਭਾਰਤ ਰਿਸ਼ੀਆਂ, ਮੁਨੀਆਂ ਅਤੇ ਭਗਤਾਂ ਦੀ ਧਰਤੀ ਹੈ। ਇਨ੍ਹਾਂ ਸਭ ਦਾ ਵਣਾਂ ਨਾਲ ਗੂੜ੍ਹਾ ਸਬੰਧ ਰਿਹਾ ਹੈ। ਇਸੇ ਕਰਕੇ ਹੀ ਸਾਡੇ ਇੱਥੇ ਵਣਾਂ ਅਤੇ ਵਣ-ਜੀਵਾਂ ਦੀ ਸੁਰੱਖਿਆ ਕਰਨੀ ਸਾਡੀ ਪਰੰਪਰਾ ਰਹੀ ਹੈ।

ਈਸਾ ਪੂਰਵ ਤੋਂ ਤਿੰਨ ਸਦੀਆਂ ਪਹਿਲਾਂ ਸਮਰਾਟ ਅਸ਼ੋਕ ਨੇ ਇੱਕ ਸ਼ਿਲਾਲੇਖ 'ਤੇ ਲਿਖਵਾਇਆ ਸੀ ਕਿ ਹੇਠ ਲਿਖੇ ਜੀਵ-ਜੰਤੂਆਂ ਨੂੰ ਮਾਰਿਆ ਨਹੀਂ ਜਾਵੇਗਾ-ਤੋਤਾ, ਮੈਨਾ, ਅਰੁਣਾ ਕਲਹੰਸ, ਨੰਦੀਮੁਖ, ਸਾਰਸ, ਬਿਨਾਂ ਕੰਡੇ ਵਾਲੀਆਂ ਮੱਛੀਆਂ, ਗੈਂਡੇ ਅਤੇ ਸਾਰੇ ਉਹ ਜਾਨਵਰ, ਜੋ ਉਪਯੋਗੀ ਅਤੇ ਖਾਣ ਦੇ ਕਾਬਲ ਨਹੀਂ ਹਨ ਅਤੇ ਵਣਾਂ ਨੂੰ ਸਾੜਿਆ ਨਹੀਂ ਜਾਵੇਗਾ।



ਰੁੱਖਾਂ ਦੀ ਪੂਜਾ ਦਾ ਦ੍ਰਿਸ਼



ਪਸ਼ੂ ਪੂਜਾ ਦਾ ਇੱਕ ਦ੍ਰਿਸ਼

ਬਸਤੀਵਾਦ ਤੋਂ ਪਹਿਲਾਂ ਭਾਰਤ ਵਿੱਚ ਵਣਾਂ ਅਤੇ ਵਣ-ਸਮਾਜ ਵਿੱਚ ਕੋਈ ਵੱਡੀ ਤਬਦੀਲੀ ਦੇਖਣ ਨੂੰ ਨਹੀਂ ਮਿਲੀ। ਇਨ੍ਹਾਂ 'ਚ ਰਹਿਣ ਵਾਲੇ ਸਾਰੇ ਲੋਕ ਪੂਰਨ ਤੌਰ 'ਤੇ ਵਣਾਂ 'ਤੇ ਨਿਰਭਰ ਸਨ। ਪਰੰਤੂ ਵਿਦੇਸ਼ੀਆਂ ਦੀ ਆਮਦ ਨੇ ਭਾਰਤ ਦੇ ਵਣਾਂ ਅਤੇ ਵਣ-ਸਮਾਜ ਦਾ ਪੂਰਾ ਢਾਂਚਾ ਹੀ ਬਦਲ ਕੇ ਰੱਖ ਦਿੱਤਾ।

## ਬਸਤੀਵਾਦ ਅਧੀਨ ਆਏ ਕਾਨੂੰਨਾਂ ਦਾ ਵਣ-ਸਮਾਜ 'ਤੇ ਪ੍ਰਭਾਵ-

1. **ਮਨੁੱਖੀ ਜੀਵਨ 'ਤੇ ਪ੍ਰਭਾਵ**- ਜੰਗਲਾਂ 'ਚ ਰਹਿਣ ਵਾਲੇ ਲੋਕ ਸਦੀਆਂ ਤੋਂ ਜੰਗਲਾਂ 'ਤੇ ਨਿਰਭਰ ਸਨ। ਉਹ ਆਪਣੀ ਜ਼ਿੰਦਗੀ ਦੀਆਂ ਸਾਰੀਆਂ ਜ਼ਰੂਰਤਾਂ ਜੰਗਲਾਂ 'ਚੋਂ ਪੂਰੀਆਂ ਕਰਦੇ ਸਨ। ਆਪਣੇ ਗੁਜ਼ਾਰੇ ਲਈ ਫਲ, ਰਹਿਣ ਲਈ ਝੌਂਪੜੀਆਂ, ਬਾਲਣ ਲਈ ਲੱਕੜ, ਪਸ਼ੂਆਂ ਲਈ ਚਾਰੇ ਅਤੇ ਖੇਤੀ ਦੇ ਸੰਦਾਂ ਲਈ ਲੱਕੜ ਆਦਿ ਲਈ ਜੰਗਲਾਂ 'ਤੇ ਨਿਰਭਰ ਸਨ। ਬਸਤੀਵਾਦ ਦੇ ਸਮੇਂ ਲਾਗੂ



ਜੰਗਲਾਂ ਵਿੱਚੋਂ ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਕਰਨਾ



ਜੰਗਲਾਂ ਵਿੱਚੋਂ ਬਾਲਣ ਲਈ ਲਕੜ ਚੋਰੀ ਕਰਦਾ ਵਿਅਕਤੀ

ਕੀਤੇ ਵਣ-ਕਾਨੂੰਨਾਂ ਨੇ ਉਨ੍ਹਾਂ ਦੀ ਇਸ ਅਜ਼ਾਦੀ 'ਤੇ ਪਾਬੰਦੀ ਲਗਾ ਦਿੱਤੀ। ਲੋਕੀ ਚੋਰੀ-ਛੁਪੇ ਜੰਗਲਾਂ 'ਚੋਂ ਲੱਕੜ ਕੱਟਣ ਲੱਗੇ। ਜੇਕਰ ਕੋਈ ਵਿਅਕਤੀ ਫੜਿਆ ਜਾਂਦਾ ਸੀ, ਜਾਂ ਤਾਂ ਉਸਨੂੰ ਜੇਲ੍ਹ ਭੇਜਿਆ ਜਾਂਦਾ ਸੀ ਜਾਂ ਫਿਰ ਰਿਸ਼ਵਤ ਦੇਣੀ ਪੈਂਦੀ ਸੀ।

2. **ਖੇਤੀ 'ਤੇ ਪ੍ਰਭਾਵ**- ਇਸ ਤੋਂ ਪਹਿਲਾਂ ਵਣਾਂ ਵਿੱਚ ਰਵਾਇਤੀ ਕਿਸਮ ਦੀ ਖੇਤੀ ਕੀਤੀ ਜਾਂਦੀ ਸੀ, ਜਿਸ ਨੂੰ **ਝੂਮ ਪ੍ਰਥਾ** ਜਾਂ **ਝੂਮੀ ਖੇਤੀ** (**ਬਦਲਵੀਂ ਖੇਤੀ**) ਕਿਹਾ ਜਾਂਦਾ ਸੀ। ਖੇਤੀ ਦੀ ਇਸ ਪ੍ਰਥਾ ਵਿੱਚ ਜੰਗਲਾਂ ਦੇ ਕੁਝ ਭਾਗ 'ਚੋਂ ਰੁੱਖਾਂ ਨੂੰ ਕੱਟ ਕੇ ਅੱਗ ਲਗਾ ਦਿੱਤੀ ਜਾਂਦੀ ਸੀ। ਮਾਨਸੂਨ ਤੋਂ ਬਾਅਦ ਉਸ ਖੇਤਰ ਵਿੱਚ ਫ਼ਸਲ ਬੀਜ ਦਿੱਤੀ ਜਾਂਦੀ ਸੀ, ਜਿਸ ਨੂੰ ਅਕਤੂਬਰ-ਨਵੰਬਰ 'ਚ ਕੱਟ ਲਿਆ ਜਾਂਦਾ ਸੀ। ਦੋ-ਤਿੰਨ ਸਾਲ ਇਸ ਖੇਤਰ 'ਚੋਂ ਫ਼ਸਲ ਪੈਦਾ ਕੀਤੀ ਜਾਂਦੀ ਸੀ। ਜਦੋਂ ਇਸ ਦੀ ਉਪਜਾਊ ਸ਼ਕਤੀ ਘਟ ਜਾਂਦੀ ਸੀ, ਤਾਂ ਇਸ ਖੇਤਰ 'ਚ ਰੁੱਖ ਲਗਾ ਦਿੱਤੇ ਜਾਂਦੇ ਸਨ, ਤਾਂ ਜੋ ਫਿਰ ਜੰਗਲ ਤਿਆਰ ਹੋ ਸਕੇ। ਅਜਿਹਾ ਜੰਗਲ 17-18 ਸਾਲਾਂ 'ਚ ਦੁਬਾਰਾ ਤਿਆਰ ਹੋ ਜਾਂਦਾ ਸੀ। ਵਣਵਾਸੀ ਜੰਗਲ 'ਚ ਖੇਤੀ ਕਰਨ ਲਈ ਹੋਰ ਜਗ੍ਹਾ ਚੁਣ ਲੈਂਦੇ ਸਨ। ਇਸ ਤੋਂ ਇਲਾਵਾ ਮਿਸ਼ਰਤ ਖੇਤੀ ਵੀ ਕੀਤੀ ਜਾਂਦੀ ਸੀ। ਉਹ ਕਈ ਫ਼ਸਲਾਂ ਨੂੰ ਮਿਲਾ ਕੇ ਬੀਜ ਦਿੰਦੇ ਸਨ, ਜਿਵੇਂ- ਜਵਾਰ, ਬਾਜਰਾ ਆਦਿ। ਅੰਗਰੇਜ਼ ਸਰਕਾਰ ਨੇ ਜਿੱਥੇ ਝੂਮ ਪ੍ਰਥਾ/ਰਵਾਇਤੀ ਖੇਤੀ 'ਤੇ ਵਣ-ਕਾਨੂੰਨਾਂ ਰਾਹੀਂ ਰੋਕ ਲਗਾਈ, ਉਥੇ ਵਪਾਰਕ ਫ਼ਸਲਾਂ ਦੀ ਖੇਤੀ ਨੂੰ ਉਤਸ਼ਾਹਿਤ ਕੀਤਾ। ਇਸ ਨਾਲ ਜੰਗਲਾਂ ਵਿੱਚ ਖੇਤੀ ਕਰਨ ਵਾਲੇ ਲੋਕਾਂ ਵਿੱਚ ਰੋਸ ਤੇ ਗੁੱਸਾ ਫੈਲ ਗਿਆ।



ਝੂਮ ਪ੍ਰਥਾ ਦੌਰਾਨ ਰੁੱਖਾਂ ਦੀ ਕਟਾਈ



ਝੂਮੀ ਖੇਤੀ

3. **ਵਣ ਕਾਨੂੰਨ ਦਾ ਸ਼ਿਕਾਰ 'ਤੇ ਪ੍ਰਭਾਵ-** ਪਹਿਲਾਂ ਜੰਗਲਾਂ ਦੇ ਨੇੜੇ-ਤੇੜੇ ਰਹਿਣ ਵਾਲੇ ਲੋਕ ਜੰਗਲਾਂ 'ਚੋਂ ਛੋਟੇ-ਛੋਟੇ ਜਾਨਵਰਾਂ ਅਤੇ ਪੰਛੀਆਂ ਦਾ ਸ਼ਿਕਾਰ ਕਰਕੇ ਆਪਣਾ ਜੀਵਨ ਨਿਰਬਾਹ ਕਰਦੇ ਸਨ, ਪਰੰਤੂ ਅੰਗਰੇਜ਼ ਸਰਕਾਰ ਦੇ ਵਣ-ਕਾਨੂੰਨਾਂ ਨੇ ਉਨ੍ਹਾਂ ਦੇ ਜੰਗਲਾਂ ਵਿੱਚ ਦਾਖਲ ਹੋਣ 'ਤੇ ਪਾਬੰਦੀ ਲਾ ਦਿੱਤੀ। ਦੂਜੇ ਪਾਸੇ ਸਰਕਾਰ ਨੇ ਮਾਸਖੋਰੇ ਖ਼ਤਰਨਾਕ ਜਾਨਵਰਾਂ, ਜਿਵੇਂ-ਸ਼ੇਰ, ਬਘਿਆੜ, ਚੀਤਾ ਆਦਿ ਦੇ ਸ਼ਿਕਾਰ ਨੂੰ ਉਤਸ਼ਾਹਿਤ ਕੀਤਾ। ਇਨ੍ਹਾਂ ਦਾ ਸ਼ਿਕਾਰ ਕਰਨ ਵਾਲਿਆਂ ਨੂੰ ਨਕਦ ਇਨਾਮ ਦਿੱਤਾ ਜਾਂਦਾ ਸੀ। ਜੇਕਰ ਕਿਸੇ ਪਿੰਡ ਦੇ ਲੋਕ ਇਨ੍ਹਾਂ ਕਾਨੂੰਨਾਂ ਦੀ ਉਲੰਘਣਾ ਕਰਦੇ, ਤਾਂ ਸਾਰੇ ਪਿੰਡ ਦਾ ਜੰਗਲ ਵਿੱਚ ਦਾਖਲਾ ਰੋਕ ਦਿੱਤਾ ਜਾਂਦਾ ਸੀ।



ਸ਼ਿਕਾਰ ਕੀਤੇ ਗਏ ਜਾਨਵਰਾਂ ਦਾ ਇੱਕ ਚਿੱਤਰ

**ਕੀ ਤੁਸੀਂ ਜਾਣਦੇ ਹੋ?**
ਇਕ ਅਨੁਮਾਨ ਅਨੁਸਾਰ ਲਗਭਗ ਇਨ੍ਹਾਂ 50-60 ਸਾਲਾਂ (1875 ਈ.-1925 ਈ.) 'ਚ 2,00,000 ਭੇੜੀਏ, 80,000 ਬਾਘ ਅਤੇ 1,50,000 ਤੇਂਦੂਏ ਮਾਰ ਮੁਕਾਏ ਗਏ।

**ਸਮਕਾਲੀ ਭਾਰਤ ਵਿੱਚ ਵਣ-ਵਾਸੀਆਂ ਦੀ ਸਥਿਤੀ :**

ਅਜ਼ਾਦੀ ਤੋਂ ਬਾਅਦ ਦੀ 1952 ਦੀ ਵਣ-ਨੀਤੀ ਨਾਲ਼ ਵੀ ਭਾਰਤੀ ਵਣ-ਵਾਸੀਆਂ ਦੀ ਸਥਿਤੀ ਵਿੱਚ ਬਹੁਤਾ ਅੰਤਰ ਨਹੀਂ ਆਇਆ। ਇਸ ਵਣ-ਨੀਤੀ ਵਿੱਚ ਵੀ ਵਣਾਂ ਦੇ ਵਰਗੀਕਰਨ ਉੱਪਰ ਬਸਤੀਵਾਦ ਅਧੀਨ ਵਣ -ਕਾਨੂੰਨਾਂ ਦਾ ਪਰਛਾਵਾਂ ਦੇਖਿਆ ਜਾ ਸਕਦਾ ਹੈ। ਇਸ ਨੀਤੀ ਵਿੱਚ 'ਸਰਵਜਨਕ ਹਿੱਤ' ਦੀ ਥਾਂ 'ਰਾਸ਼ਟਰੀ ਹਿੱਤ' ਦੀ ਗੱਲ ਕੀਤੀ ਗਈ ਜਿਸਦਾ ਉਦੇਸ਼ ਉਦਯੋਗਾਂ ਲਈ ਕੱਚੇ ਮਾਲ ਦੀ ਪ੍ਰਾਪਤੀ ਸੀ। ਇਸ ਤਰ੍ਹਾਂ ਸ਼ਹਿਰੀ ਅਤੇ ਉਦਯੋਗਿਕ ਲੋੜਾਂ ਦੀ ਪੂਰਤੀ ਲਈ ਜੰਗਲਾਂ ਦੀ ਲੁੱਟ-ਖਸੁੱਟ ਜਾਰੀ ਰਹੀ। ਇਸ ਨੀਤੀ ਵਿੱਚ ਇਹ ਸਿਫਾਰਸ਼ ਦੀ ਕੀਤੀ ਗਈ ਕਿ ਉੱਚਿਤ ਕਰ ਲੈ ਕੇ ਪਸ਼ੂਆਂ ਨੂੰ ਵਾਰੀ-ਵਾਰੀ ਚਰਾਉਣ ਦੀ ਇਜਾਜਤ ਦਿੱਤੀ ਜਾਵੇ ਅਤੇ ਭੇਡ-ਬੱਕਰੀਆਂ ਨੂੰ ਚਾਰਨ 'ਤੇ ਪੂਰੀ ਤਰ੍ਹਾਂ ਪਾਬੰਦੀ ਲਾ ਦਿੱਤੀ ਜਾਵੇ।

ਆਜ਼ਾਦੀ ਤੋਂ ਬਾਅਦ ਸੰਵਿਧਾਨਕ ਸੋਧਾਂ ਦੁਅਰਾ ਵਣਾਂ ਨੂੰ ਸਮਵਰਤੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ, ਜਿਸ ਅਧੀਨ ਹੁਣ ਕੇਂਦਰ ਅਤੇ ਰਾਜ ਦੋਵੇਂ ਵਣਾਂ ਦੇ ਸੰਬੰਧ ਵਿੱਚ ਕਾਨੂੰਨ ਬਣਾਉਣ ਦੇ ਸਮਰੱਥ ਹੋ ਗਏ ਹਨ। ਉਦੋਂ ਤੋਂ ਹੁਣ ਤੀਕ ਕੇਂਦਰ ਸਰਕਾਰ ਰਾਸ਼ਟਰੀ ਨੀਤੀ ਅਤੇ ਕਾਨੂੰਨੀ ਢਾਂਚਾ ਬਣਾਉਂਦੀ ਹੈ ਜੋ ਕਿ ਰਾਜ ਸਰਕਾਰਾਂ ਲਈ ਮਾਰਗ-ਦਰਸ਼ਕ ਦਾ ਕੰਮ ਕਰਦੇ ਹਨ।

ਵਣ ਅਧਿਕਾਰ ਕਾਨੂੰਨ 2006, ਜੋ ਕਿ 18 ਦਸੰਬਰ 2006 ਨੂੰ ਪਾਸ ਕੀਤਾ ਗਿਆ ਹੈ, ਵਣਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਅਧਿਕਾਰਾਂ ਨਾਲ਼ ਜੁੜਿਆ ਹੋਇਆ ਹੈ। ਇਸ ਕਾਨੂੰਨ ਦਾ ਉਦੇਸ਼ ਜਿੱਥੇ ਵਣਾਂ ਦੀ ਰਾਖੀ ਕਰਨਾ ਹੈ, ਉੱਥੇ ਵਣਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰ ਦਿਵਾਉਣਾ ਵੀ ਹੈ ਜੋ ਸਦੀਆਂ ਤੋਂ ਉਹਨਾਂ ਨੂੰ ਮਿਲੇ ਹੋਏ ਸਨ। ਇਹ ਕਾਨੂੰਨ ਉਹਨਾਂ ਨੂੰ ਉਹਨਾਂ ਦੁਆਰਾ ਵਰਤੋਂ ਵਿੱਚ ਲਿਆਂਦੀ ਜਾ ਰਹੀ ਭੂਮੀ ਦਾ ਅਧਿਕਾਰ ਪ੍ਰਦਾਨ ਕਰਦਾ ਹੈ, ਉੱਥੇ ਉਹਨਾਂ ਨੂੰ ਪਸ਼ੂ ਚਰਾਉਣ ਦਾ ਅਧਿਕਾਰ ਵੀ ਦਿੰਦਾ ਹੈ। ਇਹ ਕਾਨੂੰਨ ਉਹਨਾਂ ਨੂੰ ਉਜਾੜਾ ਹੋਣ ਦੀ ਸਥਿਤੀ 'ਚ ਮੁੜ-ਵਸੇਬਾ ਕਰਨ ਦਾ ਹੱਕ ਦਿੰਦਾ ਹੈ ਅਤੇ ਨਾਲ ਹੀ ਵਣ-ਪ੍ਰਬੰਧਨ 'ਚ ਸਥਾਨਕ ਭਾਗੀਦਾਰੀ ਯਕੀਨੀ ਬਣਾਉਂਦਾ ਹੈ। ਇਨ੍ਹਾਂ ਕਾਨੂੰਨਾਂ ਦੇ ਬਣਨ ਦੇ ਬਾਵਜੂਦ ਅੱਜ ਵੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵਣ-ਵਾਸੀ ਆਪਣੇ ਵਧੇਰੇ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਹਨ।

ਉਪਰੋਕਤ ਚਰਚਾ ਦੇ ਨਾਲ਼ ਇਹ ਵੀ ਜ਼ਰੂਰੀ ਹੈ ਕਿ ਅਸੀਂ ਵਣ-ਵਾਸੀਆਂ ਦੁਆਰਾ ਆਪਣੇ ਅਧਿਕਾਰਾ ਨੂੰ ਲੈ ਕੇ ਕੀਤੇ 'ਮੁੰਡਾ ਅੰਦੋਲਨ' ਬਾਰੇ ਵੀ ਜਾਣੀਏ।

## ਮੁੰਡਾ ਅੰਦੋਲਨ

**ਮੁੰਡਾ ਅੰਦੋਲਨ** : ਜਲ, ਜੰਗਲ ਅਤੇ ਜ਼ਮੀਨ ਦੀ ਰਾਖੀ ਲਈ ਕੀਤੇ ਗਏ, ਅੰਦੋਲਨਾਂ ਵਿੱਚੋਂ ਮੁੰਡਾ ਅੰਦੋਲਨ ਅਹਿਮ ਸਥਾਨ ਰੱਖਦਾ ਹੈ। ਜੋ ਕਿ ਆਦਿ ਵਾਸੀ ਨੇਤਾ ਬਿਰਸਾ ਮੁੰਡਾ ਦੀ ਅਗਵਾਈ ਵਿੱਚ ਚਲਾਇਆ ਗਿਆ।

## ਕੀ ਤੁਸੀਂ ਜਾਣਦੇ ਹੋ?

1980 ਵਿੱਚ ਵਣ ਸੁਰੱਖਿਆ ਕਾਨੂੰਨ 'ਚ ਸੋਧ ਕੀਤੀ ਗਈ। ਜਿਸ ਵਿੱਚ ਇਸ ਗੱਲ ਨੂੰ ਸਵੀਕਾਰ ਕੀਤਾ ਗਿਆ ਕਿ ਪਿਛਲੇ ਕੁਝ ਸਾਲਾਂ ਵਿੱਚ ਜੰਗਲਾਂ ਦੀ ਕਟਾਈ ਬਹੁਤ ਤੇਜ਼ੀ ਨਾਲ਼ ਹੋਈ ਹੈ। ਇਸ ਕਾਨੂੰਨ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿੱਚ ਵਣ-ਵਾਸੀਆਂ ਲਈ ਬਾਲਣ ਲਈ ਲੱਕੜੀ, ਚਾਰੇ, ਛੋਟੇ ਪੱਧਰ 'ਤੇ ਜੰਗਲੀ ਵਸਤਾਂ ਦੇ ਉਤਪਾਦਨ ਅਤੇ ਇਮਾਰਤੀ ਲੱਕੜੀ ਦੇ ਹੱਕ ਨੂੰ ਸਵੀਕਾਰਿਆ ਗਿਆ। ਇਹ ਵੀ ਸਵੀਕਾਰਿਆਂ ਗਿਆ ਕਿ ਵਣਾਂ ਅਤੇ ਵਣ-ਵਾਸੀਆਂ ਦੇ ਆਪਸੀ ਸੰਬੰਧ ਬਹੁਤ ਗੂੜੇ ਹਨ ਅਤੇ ਵਣਾਂ ਦੇ ਬੇਹਤਰ ਪ੍ਰਬੰਧਨ ਵਿੱਚ ਵਣ ਵਿਭਾਗ ਦੇ ਨਾਲ਼-ਨਾਲ਼ ਸਥਾਨਕ ਵਾਸੀਆਂ ਦਾ ਸਹਿਯੋਗ ਦੀ ਵੀ ਜ਼ਰੂਰਤ ਹੈ। ਇਸ ਕਾਨੂੰਨ ਦਾ ਉਦੇਸ਼ ਵਣਾਂ ਦੇ ਵਿਨਾਸ਼ ਅਤੇ ਵਣ ਭੂਮੀ ਨੂੰ ਗੈਰ-ਵਣਿਕ ਕੰਮਾਂ ਦੀ ਵਰਤੋਂ ਤੋਂ ਰੋਕਣਾ ਸੀ।

ਜਿੱਥੇ 19ਵੀਂ ਸਦੀ ਦੇ ਅੰਤ ਤੱਕ 80 ਪ੍ਰਤੀਸ਼ਤ ਜੰਗਲ ਕਿਸੇ ਨਾ ਕਿਸੇ ਰੂਪ ਵਿੱਚ ਨਿਜੀ ਸੰਪਤੀ ਅਤੇ ਸਮੁਦਾਇ ਦੇ ਹੱਥਾਂ ਵਿੱਚ ਸੀ ਉਹੀ ਅੱਜ 21ਵੀਂ ਸਦੀ ਵਿੱਚ 90 ਪ੍ਰਤੀਸ਼ਤ ਜੰਗਲਾਂ ਉੱਪਰ ਸਰਕਾਰਾਂ ਦਾ ਅਧਿਕਾਰ ਹੋ ਗਿਆ ਹੈ।


### ਬਿਰਸਾ ਮੁੰਡਾ (ਜਾਣ ਪਛਾਣ)

ਆਦਿਵਾਸੀ ਨੇਤਾ ਬਿਰਸਾ ਮੁੰਡਾ ਦਾ ਜਨਮ 1875 ਈ. ਨੂੰ ਰਾਂਚੀ (ਝਾੜਖੰਡ) ਦੇ ਨੇੜੇ ਲਿਹਾਤੂ ਨਾਮਕ ਪਿੰਡ ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਮ ਸੁਗਨਾ ਮੁੰਡਾ ਅਤੇ ਮਾਤਾ ਦਾ ਨਾਮ ਰਕਮੀ ਹਾਟੂ ਸੀ। ਉਸ ਦਾ ਪਰਿਵਾਰ ਘੁਮੱਕੜ ਜੀਵਨ ਬਤੀਤ ਕਰਦਾ ਸੀ ਪਰ ਉਸਦਾ ਬਚਪਨ ਦਾ ਸਮਾਂ ਚਲਕੜ ਪਿੰਡ ਵਿੱਚ ਬੀਤਿਆ। ਉਹ ਭੇਡਾਂ-ਬੱਕਰੀਆਂ ਚਾਰਿਆ ਕਰਦਾ ਸੀ। ਗਰੀਬੀ ਦੇ ਕਾਰਨ ਉਸਦੇ ਮਾਪਿਆਂ ਨੇ ਉਸਨੂੰ ਉਸਦੇ ਮਾਮੇ ਕੋਲ਼ ਭੇਜ ਦਿੱਤਾ, ਜਿੱਥੇ ਉਸਨੇ ਕ੍ਰਿਸ਼ਚੀਅਨ ਸਕੂਲ 'ਚ ਦਾਖਲਾ ਲੈ ਲਿਆ। ਈਸਾਈ ਧਰਮ ਗ੍ਰਹਿਣ ਕਰਕੇ ਉਸ ਦਾ ਨਾਮ ਬਿਰਸਾ ਡੇਵਿਡ ਹੋ ਗਿਆ। ਅੰਗਰੇਜ਼ਾਂ ਦੁਆਰਾ ਕੀਤੇ ਜਾਂਦੇ ਨਸਲੀ ਭੇਦਭਾਵ ਕਾਰਨ ਉਸ ਦੇ ਮਨ ਅਤੇ ਵਿਚਾਰਾਂ ਵਿੱਚ ਅੰਗਰੇਜ਼ਾਂ ਪ੍ਰਤੀ ਗੁੱਸਾ ਸੀ। ਉਸਨੇ ਇਹ ਸਕੂਲ ਛੱਡ ਦਿੱਤਾ ਅਤੇ ਇਸ ਸਮੇਂ ਦੌਰਾਨ ਉਸ ਵੈਸ਼ਨਵ ਭਗਤ ਆਨੰਦ ਪਾਂਡੇ ਦੇ ਸੰਪਰਕ ਵਿੱਚ ਆਇਆ ਅਤੇ ਉਹਨਾਂ ਹਿੰਦੂ ਧਰਮ ਦੀ ਸਿੱਖਿਆ ਪ੍ਰਾਪਤ ਕੀਤੀ।



1886 ਈ. ਤੋਂ 1890 ਈ. ਦਾ ਸਮਾਂ ਉਹਨਾਂ ਦੇ ਜੀਵਨ ਦਾ ਨਿਰਣਾਇਕ ਮੋੜ ਰਿਹਾ। ਉਹਨਾਂ ਦੇ ਮਨ ਵਿੱਚ ਅੰਗਰੇਜਾਂ ਦੇ ਪ੍ਰਤੀ ਵਿਦਰੋਹ ਦੀ ਭਾਵਨਾ ਪੈਦਾ ਹੋ ਗਈ ਸੀ। ਅੰਗਰੇਜਾਂ ਦੁਆਰਾ ਬਣਾਏ ਕਾਨੂੰਨ ਵਣ-ਵਾਸੀਆਂ ਨੂੰ ਜਲ-ਜੰਗਲ-ਜਮੀਨ ਤੋਂ ਦੂਰ ਕਰ ਰਹੇ ਸਨ। ਉਹ ਜੰਗਲਾਂ ਨੂੰ ਪਿਤਾ ਅਤੇ ਜਮੀਨ ਨੂੰ ਮਾਤਾ ਦੀ ਤਰ੍ਹਾਂ ਪੂਜਦੇ ਸਨ। ਜੰਗਲਾਂ ਸੰਬੰਧੀ ਬਣਾਏ ਨਵੇਂ ਕਾਨੂੰਨ ਨੇ ਉਹਨਾਂ ਨੂੰ ਇਹਨਾਂ ਤੋਂ ਦੂਰ ਕਰ ਦਿੱਤਾ। ਡਾ. ਨੋਟਰੇਟ ਨਾਂ ਦੇ ਈਸਾਈ ਪਾਦਰੀ ਨੇ ਲੋਕਾਂ/ ਕਬੀਲਾ ਆਗੂਆਂ ਨੂੰ ਈਸਾਈ ਧਰਮ ਅਪਣਾਉਣ ਲਈ ਪ੍ਰੇਰਿਤ ਕੀਤਾ ਅਤੇ ਲਾਲਚ ਦਿੱਤਾ ਕਿ ਉਹਨਾਂ ਦੀਆਂ ਜਮੀਨਾਂ ਉਹਨਾਂ ਨੂੰ ਵਾਪਸ ਕਰਵਾ ਦਿੱਤੀਆਂ ਜਾਣਗੀਆਂ। ਪਰ ਸਰਕਾਰ ਇਹਨਾਂ ਦੀਆਂ ਮੰਗਾਂ ਮੰਨਣ ਤੋਂ ਪਿੱਛੇ ਹਟ ਗਈ। ਬਿਰਸਾ ਮੁੰਡਾ ਨੇ ਆਪਣੇ ਅੰਦੋਲਨ ਵਿੱਚ ਤਿੰਨ ਪੱਖਾਂ ਸਮਾਜਿਕ, ਆਰਥਿਕ ਅਤੇ ਸਾਂਸਕ੍ਰਿਤਕ ਨੂੰ ਸ਼ਾਮਿਲ ਕਰ ਲਿਆ ਉਸ ਨੇ ਲੋਕਾਂ ਨੂੰ ਵਹਿਮਾਂ-ਭਰਮਾਂ 'ਚੋਂ ਕੱਢ ਦੇ ਸਿੱਖਿਆ ਨਾਲ਼ ਜੁੜਨ ਲਈ ਪ੍ਰੇਰਿਤ ਕੀਤਾ। ਜਲ-ਜੰਗਲ-ਜਮੀਨ ਦੀ ਰੱਖਿਆ ਅਤੇ ਉਹਨਾਂ 'ਤੇ ਆਦਿਵਾਸੀਆਂ ਦੇ ਅਧਿਕਾਰ ਦੀ ਗੱਲ ਕਰਕੇ ਉਸਨੇ ਆਰਥਿਕ ਪੱਖ ਤੋਂ ਲੋਕਾਂ ਨੂੰ ਨਾਲ਼ ਜੋੜ ਲਿਆ। ਆਪਣੇ ਧਰਮ ਅਤੇ ਸੰਸਕ੍ਰਿਤੀ ਦੀ ਰੱਖਿਆ ਦਾ ਨਾਅਰਾ ਦੇ ਕੇ ਉਨ੍ਹਾਂ ਨੂੰ ਬਚਾਉਣ ਦੀ ਗੱਲ ਕੀਤੀ। ਉਸ ਨੇ ਆਪਣੇ ਵਿਚਾਰਾਂ ਰਾਹੀ ਆਦਿਵਾਸੀਆਂ ਨੂੰ ਸੰਗਠਿਤ ਕਰ ਲਿਆ।

1895 ਈ. ਵਿੱਚ ਵਣ ਸੰਬੰਧੀ ਬਕਾਏ ਦੀ ਮਾਫੀ ਦਾ ਅੰਦੋਲਨ ਚੱਲਿਆ, ਸਰਕਾਰ ਨੇ ਅੰਦੋਲਨਕਾਰੀਆਂ ਦੀ ਮੰਗਾਂ ਨੂੰ ਠੁਕਰਾ ਦਿੱਤਾ। ਬਿਰਸਾ ਮੁੰਡਾ ਨੇ 'ਅਬੂਆਂ ਦੇਸ਼ ਮੇਂ ਅਬੂਆਂ ਰਾਜ' ਦਾ ਨਾਅਰਾ ਦੇ ਕੇ ਅੰਗਰੇਜਾਂ ਦੇ ਖਿਲਾਫ਼ ਸੰਘਰਸ਼ ਦਾ ਬਿਗਲ ਵਜਾ ਦਿੱਤਾ। 8 ਅਗਸਤ 1895 ਈ. ਨੂੰ ਉਸਨੂੰ 'ਚਲਕਟ' ਸਥਾਨ ਤੋਂ ਗ੍ਰਿਫਤਾਰ ਕਰਕੇ 2 ਸਾਲ ਲਈ ਜੇਲ੍ਹ ਭੇਜ ਦਿੱਤਾ। 1897 ਈ. ਵਿੱਚ ਉਸ ਦੀ ਰਿਹਾਈ ਤੋਂ ਬਾਅਦ ਉਸ ਖੇਤਰ ਸੋਕਾ ਪਿਆ। ਬਿਰਸਾ ਮੁੰਡਾ ਨੇ ਆਪਣੇ ਸਾਥੀਆਂ ਨੂੰ ਨਾਲ਼ ਲੈ ਕੇ ਲੋਕਾਂ ਦੀ ਸੇਵਾ ਕੀਤੀ ਅਤੇ ਆਪਣੇ ਵਿਚਾਰਾਂ ਨਾਲ਼ ਲੋਕਾਂ ਨੂੰ ਜਾਗ੍ਰਿਤ ਕੀਤਾ। ਲੋਕ ਉਸ ਨੂੰ 'ਧਰਤੀ ਬਾਬਾ' ਦੇ ਤੌਰ 'ਤੇ ਪੂਜਣ ਲੱਗੇ। 1897 ਤੋਂ 1900 ਈ. ਦੌਰਾਨ ਅੰਗਰੇਜਾਂ ਤੇ ਮੁੰਡਾ ਵਿਦਰੋਹੀਆਂ ਵਿਚਕਾਰ ਲੜਾਈਆਂ ਹੁੰਦੀਆਂ ਰਹੀਆਂ। 1897 ਈ. 'ਚ ਲਗਭਗ 400 ਮੁੰਡਾ ਵਿਦਰੋਹੀਆਂ ਨੇ ਖੂੰਟੀ ਥਾਣੇ 'ਤੇ ਹਮਲਾ ਕਰ ਦਿੱਤਾ। 1898 ਈ. ਵਿੱਚ ਤਾਂਗਾ ਨਦੀ ਦੇ ਇਲਾਕੇ 'ਚ ਵਿਦਰੋਹੀਆਂ ਨੇ ਅੰਗਰੇਜ਼ੀ ਸੈਨਾ ਨੂੰ ਪਿਛਾਂਹ ਧੱਕ ਦਿੱਤਾ ਪ੍ਰੰਤੂ ਬਾਅਦ ਵਿੱਚ ਅੰਗਰੇਜ਼ੀ ਸੈਨਾ ਨੇ ਸੈਂਕੜੇ ਆਦਿਵਾਸੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।



ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੇ ਆਦਿਵਾਸੀ ਨੇਤਾ ਬਿਰਸਾ ਮੁੰਡਾ

14 ਦਸੰਬਰ 1899 ਈ. ਨੂੰ ਬਿਰਸਾ ਨੇ ਅੰਗਰੇਜਾਂ ਦੇ ਖਿਲਾਫ ਯੁੱਧ ਦਾ ਐਲਾਨ ਕਰ ਦਿੱਤਾ ਜੋ ਕਿ ਜਨਵਰੀ 1900 ਵਿੱਚ ਸਾਰੇ ਇਲਾਕੇ 'ਚ ਫੈਲ ਗਿਆ। ਅੰਗਰੇਜ਼ਾਂ ਨੇ ਬਿਰਸਾ ਮੁੰਡਾ ਦੀ ਗ੍ਰਿਫਤਾਰੀ 'ਤੇ ਇਨਾਮ ਦਾ ਐਲਾਨ ਕਰ ਦਿੱਤਾ। ਕੁਝ ਸਥਾਨਕ ਲੋਕਾਂ ਨੇ ਲਾਲਚ 'ਚ ਆ ਕੇ 3 ਫਰਵਰੀ 1900 ਈ. ਨੂੰ ਉਸ ਨੂੰ ਧੋਖੇ ਨਾਲ ਫੜਵਾ ਦਿੱਤਾ। ਉਸ ਨੂੰ ਰਾਂਚੀ ਜੇਲ੍ਹ ਭੇਜ ਦਿੱਤਾ। ਉਸਨੂੰ ਅੰਗਰੇਜਾਂ ਨੇ ਹੌਲੀ-ਹੌਲ਼ੀ ਅਸਰ ਕਰਨ ਵਾਲਾ ਜ਼ਹਿਰ ਦੇ ਦਿੱਤਾ, ਜਿਸ ਕਾਰਨ ਉਸਦੀ 9 ਜੂਨ 1900 ਈ. ਨੂੰ ਮੌਤ ਹੋ ਗਈ। ਉਸ ਦੀ ਮੌਤ ਦਾ ਕਾਰਨ ਹੈਜ਼ਾ ਦੱਸਿਆ ਗਿਆ ਤਾਂ ਜੋ ਮੁੰਡਾ ਸਮੁਦਾਇ ਦੇ ਲੋਕ ਭੜਕ ਨਾ ਜਾਣ। ਉਸਦੀ ਪਤਨੀ, ਬੱਚਿਆਂ ਅਤੇ ਸਾਥੀਆਂ 'ਤੇ ਮੁੱਕਦਮੇ ਚਲਾ ਕੇ ਵੱਖ-ਵੱਖ ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ।

ਆਪਣੇ 25 ਸਾਲ ਦੇ ਇਸ ਛੋਟੇ ਜਿਹੇ ਜੀਵਨ ਵਿੱਚ ਹੀ ਵਣ-ਵਾਸੀਆਂ ਨੂੰ ਆਪਣੇ ਅਧਿਕਾਰਾਂ ਦੀ ਰੱਖਿਆ, ਸੰਸਕ੍ਰਿਤੀ ਅਤੇ ਧਰਮ ਪ੍ਰਤੀ ਜੋੜ ਕੇ ਰੱਖਣ ਅਤੇ ਜੰਗਲਾਂ ਦੀ ਰੱਖਿਆ ਦੇ ਪ੍ਰਤੀ ਜਾਗ੍ਰਿਤ ਕਰਨ ਸੰਬੰਧੀ ਉਨਾਂ ਦੀ ਦੇਣ ਅਤੇ ਵਿਸ਼ਾਲ ਅੰਦੋਲਨ ਕੀ ਅਗਵਾਈ ਕਰਨ ਲਈ ਬਿਰਸਾ ਮੁੰਡਾ ਦਾ ਨਾਂ ਹਮੇਸ਼ਾ ਇਤਿਹਾਸ ਦੇ ਪੰਨਿਆਂ 'ਤੇ ਯਾਦ ਰੱਖਿਆ ਜਾਵੇਗਾ।

## ਜੰਡ ਦੇ ਰੁੱਖ ਦੀ ਰੱਖਿਆ ਲਈ ਸੰਘਰਸ਼



ਰਾਜਸਥਾਨ (ਥਾਰ ਮਾਰੂਥਲ) ਵਿੱਚ ਬਨਸਪਤੀ ਦੀ ਘਾਟ ਕਾਰਨ ਲੋਕ ਰੁੱਖਾਂ ਦੀ ਬਹੁਤ ਕਦਰ ਕਰਦੇ ਹਨ। ਇੱਥੋਂ ਦੇ ਲੋਕ ਜੰਡ (ਖੇਜੜੀ) ਦੇ ਰੁੱਖ ਦੀ ਪੂਜਾ ਕਰਦੇ ਹਨ। ਇਹ ਰੁੱਖ ਬਨਸਪਤੀ ਦੀ ਘਾਟ ਕਾਰਨ ਉਹਨਾਂ ਦੇ ਜੀਵਨ ਦਾ ਅਧਾਰ ਰਿਹਾ ਹੈ। ਉਹ ਇਸਦੀਆਂ ਫਲੀਆਂ ਦੀ ਵਰਤੋਂ ਰਾਇਤੇ ਵਿੱਚ ਜਾਂ ਖਾਣ ਲਈ ਕਰਦੇ ਸਨ। ਪੱਤਿਆਂ ਦੀ ਵਰਤੋਂ ਪਸ਼ੂਆਂ ਦੇ ਚਾਰੇ ਲਈ ਕਰਦੇ ਸਨ। ਇਸ ਰੁੱਖ ਦੀ ਛਗਾਂਈ ਤੋਂ ਬਾਅਦ ਦੀ ਲੱਕੜੀ ਬਾਲਣ ਲਈ ਵਰਤ ਲੈਂਦੇ ਸਨ। ਲਗਭਗ 300 ਸਾਲ ਪਹਿਲਾਂ ਰਾਜਸਥਾਨ ਦੇ ਮਾਰਵਾੜ ਦੇ ਇਲਾਕੇ ਵਿੱਚ ਇਸ ਰੁੱਖ ਦੀ ਰੱਖਿਆ ਲਈ ਲੋਕਾਂ ਨੇ ਸੰਘਰਸ਼ ਕੀਤਾ। ਜੋਧਪੁਰ ਦੇ ਰਾਜੇ ਅਭੈ ਸਿੰਘ ਨੂੰ ਆਪਣੇ ਨਵੇਂ ਮਹਿਲਾਂ ਲਈ ਲੱਕੜੀ ਦੀ ਜ਼ਰੂਰਤ ਸੀ। 1787 ਈ. ਵਿੱਚ ਉਸ ਨੇ ਖੇਜੜਲੀ ਨਾਮਕ ਪਿੰਡ ਵਿੱਚ ਜੰਡਾਂ ਦੀ ਕਟਾਈ ਲਈ ਸੈਨਿਕ ਭੇਜੇ। ਇਸ ਪਿੰਡ ਦੀ ਇੱਕ ਔਰਤ ਅੰਮ੍ਰਿਤਾ ਦੇਵੀ ਬਿਸ਼ਨੋਈ ਨੇ ਰੁੱਖ ਕਟਣ ਦਾ ਵਿਰੋਧ ਕੀਤਾ ਅਤੇ ਉਹ ਰੁੱਖਾਂ ਨਾਲ ਲਿਪਟ ਗਈ। ਉਸਦੀਆਂ ਤਿੰਨ ਪੁੱਤਰੀਆਂ ਨੇ ਵੀ ਉਸਦਾ ਸਹਿਯੋਗ ਕੀਤਾ। ਸੈਨਿਕਾਂ ਨੇ ਉਹਨਾਂ ਦੇ ਸਿਰ ਧੜ ਨਾਲੋਂ ਅਲੱਗ ਕਰ ਦਿੱਤੇ ਇਸ 'ਤੇ ਬਿਸ਼ਨੋਈ ਭਾਈਚਾਰਾ ਨੇ ਤਿੱਖਾ ਵਿਰੋਧ ਕੀਤਾ। ਰੁੱਖਾਂ ਦੀ ਰੱਖਿਆ ਲਈ ਇਹ ਸੰਘਰਸ਼ ਹਿੰਸਕ ਹੋ ਗਿਆ। ਰਾਜੇ ਦੇ ਸੈਨਿਕਾਂ ਨੇ ਇਸ ਭਾਈਚਾਰੇ ਦੇ 363 ਲੋਕਾਂ ਦੀ ਹੱਤਿਆ ਕਰ ਦਿੱਤੀ। ਲੋਕ-ਰੋਹ ਨੂੰ ਦੇਖਦਿਆਂ ਰਾਜੇ ਨੇ ਰੁੱਖਾਂ ਦੀ ਕਟਾਈ 'ਤੇ ਰੋਕ ਦਿੱਤੀ ਅਤੇ ਇਸ ਇਲਾਕੇ ਨੂੰ ਰੁੱਖਾਂ ਅਤੇ ਜਾਨਵਰਾਂ ਲਈ ਸੁਰੱਖਿਅਤ ਕਰ ਦਿੱਤਾ। ਅੱਜ ਵੀ ਬਿਸ਼ਨੋਈ ਭਾਈਚਾਰੇ ਦੇ ਲੋਕ ਰੁੱਖ ਅਤੇ ਜਾਨਵਰਾਂ ਦੀ ਰੱਖਿਆ ਲਈ ਮੋਹਰੀ ਹਨ।

ਉਪਰੋਕਤ ਅੰਦੋਲਨਾਂ ਤੋਂ ਇਲਾਵਾ ਕਈ ਹੋਰ ਅੰਦੋਲਨ ਹਨ ਜੋ ਰੁੱਖਾਂ ਅਤੇ ਵਾਤਾਵਰਨ ਦੀ ਰੱਖਿਆ ਲਈ ਸ਼ੁਰੂ ਕੀਤੇ ਗਏ। ਲੋਕ ਵਾਤਾਵਰਨ ਦੇ ਪ੍ਰਤੀ ਜਾਗਰੂਕ ਹੋ ਚੁੱਕੇ ਹਨ ਕਿਉਂਕਿ ਇਹ ਕੇਵਲ ਜੰਗਲ ਵਾਸੀਆਂ ਦੇ ਜੀਵਨ ਰੱਖਿਅਕ ਹੀ ਨਹੀਂ ਸਗੋਂ ਸਾਡੇ ਵਾਤਾਵਰਨ ਦੇ ਰੱਖਿਅਕ ਵੀ ਹਨ।



## ਯਾਦ ਰੱਖਣ ਯੋਗ ਗੱਲਾਂ

1. **ਵਣ ਸਮਾਜ**- ਇਸ ਦਾ ਸਬੰਧ ਵਣਾਂ, ਇਨ੍ਹਾਂ 'ਚ ਰਹਿਣ ਵਾਲੇ ਲੋਕਾਂ, ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ (ਉਪ-ਜੀਵਿਕਾ) ਆਦਿ ਦੇ ਸਬੰਧ ਤੋਂ ਲਿਆ ਗਿਆ ਹੈ।
2 ਵਪਾਰਕ ਫਸਲਾਂ - ਕਪਾਹ, ਪਟਸਨ, ਚਾਹ, ਕੌਫ਼ੀ, ਰਬੜ, ਕਣਕ ਆਦਿ।
3 ਡਾਇਟ੍ਰਿਚ ਬ੍ਰੈਂਡਿਸ ਨਾਮੀ ਇੱਕ ਜਰਮਨ ਮਾਹਿਰ ਨੂੰ ਵਣ ਮਹਾਂਨਿਰਦੇਸ਼ਕ (ਡਾਇਰੈਕਟਰ ਜਨਰਲ) ਨਿਯੁਕਤ ਕਰ ਦਿੱਤਾ। ਉਸਨੂੰ ਭਾਰਤ ਦੀ ਆਧੁਨਿਕ ਬਾਗ਼ਬਾਨੀ ਦਾ ਮੋਢੀ ਮੰਨਿਆ ਜਾਂਦਾ ਹੈ।
4. 1855 ਈ. ਵਿੱਚ ਲਾਰਡ ਡਲਹੌਜ਼ੀ ਨੇ ਵਣਾਂ ਦੀ ਰੱਖਿਆ ਲਈ ਕਾਨੂੰਨ ਬਣਾਏ।
5. ਭਾਰਤੀ ਵਣ ਕਾਨੂੰਨ 1878 ਅਨੁਸਾਰ ਵਣਾਂ ਦੀਆਂ ਤਿੰਨ ਸ਼੍ਰੇਣੀਆਂ ਬਣਾ ਦਿੱਤੀਆਂ- ਰਾਖਵੇਂ ਸੁਰੱਖਿਅਤ ਅਤੇ ਗ੍ਰਾਮੀਣ ਵਣ।
6. ਵਣ ਅਧਿਕਾਰ ਕਾਨੂੰਨ 18 ਦਸੰਬਰ 2006 ਨੂੰ ਪਾਸ ਕੀਤਾ ਗਿਆ ਜੋ ਵਣ-ਵਾਸੀਆਂ ਦੇ ਅਧਿਕਾਰਾਂ ਨੂੰ ਕਾਫੀ ਹਦ ਤਕ ਸੁਰੱਖਿਅਤ ਕਰਦਾ ਹੈ।
7. ਮੁੰਡਾ ਅੰਦੋਲਨ ਦਾ ਆਗੂ 'ਬਿਰਸਾ ਮੁੰਡਾ' ਸੀ।

# ਅਭਿਆਸ

## 1. ਵਸਤੂਨਿਸ਼ਠ ਪ੍ਰਸ਼ਨ:

### (ੳ) ਬਹੁ ਵਿਕਲਪੀ ਪ੍ਰਸ਼ਨ -

1. ਉਦਯੋਗਿਕ ਕ੍ਰਾਂਤੀ ਕਿਸ ਮਹਾਂਦੀਪ ਤੋਂ ਸ਼ੁਰੂ ਹੋਈ?
   ੳ) ਏਸ਼ੀਆ ਅ) ਯੂਰਪ
   ੲ) ਆਸਟ੍ਰੇਲੀਆ ਸ) ਉੱਤਰੀ ਅਮਰੀਕਾ
2. ਇੰਪੀਰੀਅਲ ਵਣ ਖੋਜ ਸੰਸਥਾ ਕਿੱਥੇ ਹੈ?
   ੳ) ਦਿੱਲੀ ਅ) ਮੁੰਬਈ
   ੲ) ਦੇਹਰਾਦੂਨ ਸ) ਅਬੋਹਰ
3. ਭਾਰਤ ਦੀ ਆਧੁਨਿਕ ਬਾਗਬਾਨੀ ਦਾ ਮੋਢੀ ਕੌਣ ਮੰਨਿਆ ਜਾਂਦਾ ਹੈ?
   ੳ) ਲਾਰਡ ਡਲਹੌਜ਼ੀ ਅ) ਡਾਇਟ੍ਰਿਚ ਬ੍ਰੈਂਡਿਸ
   ੲ) ਕੈਪਟਨ ਵਾਟਸਨ ਸ) ਲਾਰਡ ਹਾਰਡਿੰਗ
4. ਭਾਰਤ ਵਿੱਚ ਸਮੁੰਦਰੀ ਜਹਾਜ਼ਾਂ ਲਈ ਕਿਹੜੇ ਰੁੱਖ ਦੀ ਲੱਕੜ ਸਭ ਤੋਂ ਵਧੀਆ ਮੰਨੀ ਜਾਂਦੀ ਸੀ?
   ੳ) ਬਬੂਲ ਅ) ਓਕ
   ੲ) ਨਿੰਮ ਸ) ਸਾਗਵਾਨ
5. ਮੁੰਡਾ ਅੰਦੋਲਨ ਕਿਹੜੇ ਇਲਾਕੇ ਵਿੱਚ ਹੋਇਆ?
   ੳ) ਰਾਜਸਥਾਨ ਅ) ਛੋਟਾ ਨਾਗਪੁਰ
   ੲ) ਮਦਰਾਸ ਸ) ਪੰਜਾਬ

### ਖ਼ਾਲੀ ਥਾਂਵਾਂ ਭਰੋ:

1. ....... ਅਤੇ.......... ਮਨੁੱਖ ਦੇ ਲਈ ਮਹੱਤਵਪੂਰਨ ਸਾਧਨ ਹੈ।
2. ਕਲੋਨਿਅਲਇਜ਼ਮ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ .....ਤੋਂ ਬਣਿਆ ਹੈ।
3. ਯੂਰਪ ਵਿੱਚ.......... ਦੇ ਦਰੱਖਤ ਦੀ ਲੱਕੜੀ ਤੋਂ ਸਮੁੰਦਰੀ ਜਹਾਜ਼ ਬਣਾਏ ਜਾਂਦੇ ਸਨ।
4. ਬਿਰਸਾ ਮੁੰਡਾ ਨੂੰ 8 ਅਗਸਤ, 1895 ਈ. ........ਸਥਾਨ ਤੋਂ ਗ੍ਰਿਫਤਾਰ ਕੀਤਾ ਗਿਆ।
5. ........ ਨੂੰ ਖੇਤੀਬਾੜੀ ਦਾ ਰਵਾਇਤੀ ਢੰਗ ਮੰਨਿਆ ਗਿਆ।

### (ੲ) ਸਹੀ ਮਿਲਾਣ ਕਰੋ:

| | ੳ | ਅ |
|---|---|---|
| 1. | ਬਿਰਸਾ ਮੁੰਡਾ | (ੳ) 2006 |
| 2. | ਸਮੁੰਦਰੀ ਜਹਾਜ਼ | (ਅ) ਬਬੂਲ |
| 3. | ਜੰਡ | (ੲ) ਧਰਤੀ ਬਾਬਾ |
| 4. | ਵਣ ਅਧਿਕਾਰ ਕਾਨੂੰਨ | (ਸ) ਖੇਜੜੀ |
| 5. | ਮਾਲਬਾਰ ਪਹਾੜੀਆਂ | (ਹ) ਸਾਗਵਾਨ |

### ਅੰਤਰ ਦੱਸੋ:

1. ਸੁੱਰਖਿਅਤ ਵਣ ਅਤੇ ਰਾਖਵੇਂ ਵਣ
2. ਵਪਾਰਕ ਬਾਗਬਾਨੀ ਅਤੇ ਕੁਦਰਤੀ ਵਣ

## 2. ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ:

1. ਵਣ ਸਮਾਜ ਤੋਂ ਕੀ ਭਾਵ ਹੈ?
2. ਬਸਤੀਵਾਦ ਤੋਂ ਤੁਸੀਂ ਕੀ ਸਮਝਦੇ ਹੋ?
3. ਜੰਗਲਾਂ ਦੀ ਕਟਾਈ ਦੇ ਦੋ ਕਾਰਨ ਲਿਖੋ।
4. ਭਾਰਤੀ ਸਮੁੰਦਰੀ ਜਹਾਜ਼ ਕਿਸ ਦਰੱਖਤ ਦੀ ਲੱਕੜੀ ਤੋਂ ਬਣਾਏ ਜਾਂਦੇ ਸਨ?
5. ਕਿਸ ਪ੍ਰਾਚੀਨ ਰਾਜੇ ਨੇ ਜੀਵ ਹੱਤਿਆਂ 'ਤੇ ਪਾਬੰਦੀ ਲਗਾਈ ਸੀ?
6. ਨੀਲਗਿਰੀ ਦੀਆਂ ਪਹਾੜੀਆਂ 'ਤੇ ਕਿਹੜੇ ਰੁੱਖ ਲਗਾਏ ਗਏ?
7. ਚਾਰ ਵਪਾਰਕ ਫਸਲਾਂ ਦੇ ਨਾਂ ਦੱਸੋ।
8. ਬਿਰਸਾ ਮੁੰਡਾ ਨੇ ਕਿਹੜਾ ਨਾਅਰਾ ਦਿੱਤਾ?
9. ਜੋਧਪੁਰ ਦੇ ਰਾਜੇ ਨੂੰ ਕਿਸ ਭਾਈਚਾਰੇ ਦੇ ਲੋਕਾਂ ਨੇ ਕੁਰਬਾਨੀ ਦੇ ਕੇ ਰੁੱਖਾਂ ਦੀ ਕਟਾਈ ਤੋਂ ਰੋਕਿਆ?

## 3. ਛੋਟੇ ਉੱਤਰ ਵਾਲੇ ਪ੍ਰਸ਼ਨ

1. 'ਉਪਨਿਵੇਸ਼' ਕਿਸ ਨੂੰ ਕਿਹਾ ਜਾਂਦਾ ਹੈ? ਉਦਾਹਰਨ ਵੀ ਦਿਓ।
2. ਵਣ ਅਤੇ ਜੀਵਿਕਾ ਵਿੱਚ ਕੀ ਸਬੰਧ ਹੈ?
3. ਰੇਲਵੇ ਦੇ ਵਿਸਥਾਰ ਲਈ ਜੰਗਲਾਂ ਨੂੰ ਕਿਵੇਂ ਵਰਤਿਆ ਗਿਆ?
4. 1878 ਦੇ ਵਣ ਕਾਨੂੰਨ ਅਨੁਸਾਰ ਜੰਗਲਾਂ ਦੀਆਂ ਵੱਖ-ਵੱਖ ਸ਼੍ਰੇਣੀਆਂ ਬਾਰੇ ਦੱਸੋ।

5. ਸਮਕਾਲੀ ਭਾਰਤ ਵਿੱਚ ਵਣਾਂ ਦੀ ਕੀ ਸਥਿਤੀ ਹੈ?

6. 'ਝੂਮ ਪ੍ਰਥਾ' 'ਤੇ ਨੋਟ ਲਿਖੋ।

### 4. ਵੱਡੇ ਉੱਤਰ ਵਾਲੇ ਪ੍ਰਸ਼ਨ

1. ਜੰਗਲਾਂ ਦੀ ਕਟਾਈ ਦੇ ਕੀ ਕਾਰਨ ਸਨ? ਵਰਣਨ ਕਰੋ।
2. ਬਸਤੀਵਾਦ ਅਧੀਨ ਬਣੇ ਕਾਨੂੰਨਾਂ ਦਾ ਵਣ-ਸਮਾਜ 'ਤੇ ਕੀ ਅਸਰ ਪਿਆ?
3. ਮੁੰਡਾ ਅੰਦੋਲਨ 'ਤੇ ਵਿਸਤ੍ਰਿਤ ਨੋਟ ਲਿਖੋ।

### ਪ੍ਰੋਜੈਕਟ

1. ਜੰਗਲਾਂ ਦੀ ਰੱਖਿਆ ਅਤੇ ਵਿਕਾਸ ਲਈ ਤੁਸੀਂ ਕੀ ਕਰ ਸਕਦੇ ਹੋ? ਸੂਚੀ ਬਣਾਓ।
2. ਆਪਣੇ ਸਕੂਲ ਵਿੱਚ ਮਨਾਏ ਗਏ ਵਾਤਾਵਰਨ ਦਿਵਸ ਉੱਤੇ ਸੰਖੇਪ ਰਿਪੋਰਟ ਤਿਆਰ ਕਰੋ।
3. 'ਚਿਪਕੋ ਅੰਦੋਲਨ' ਦੇ ਵਿਸ਼ੇ ਵਿੱਚ ਵਿਸਥਾਰ ਸਹਿਤ ਜਾਣਕਾਰੀ ਪ੍ਰਾਪਤ ਕਰੋ ਅਤੇ ਚਾਰਟ ਬਣਾਂ ਕੇ ਆਪਣੀ ਜਮਾਤ ਵਿੱਚ ਲਗਾਓ।




# ਪਹਿਰਾਵੇ ਦਾ ਸਮਾਜਿਕ ਇਤਿਹਾਸ

8

ਕਿਸੇ ਵੀ ਸੱਭਿਆਚਾਰ ਦੀ ਪਛਾਣ ਉਸਦੇ ਪਹਿਰਾਵੇ ਤੋਂ ਹੁੰਦੀ ਹੈ। ਕਿਸੇ ਮਨੁੱਖ ਦੇ ਪਹਿਰਾਵੇ ਤੋਂ ਇਹ ਪਛਾਣ ਕੀਤੀ ਜਾ ਸਕਦੀ ਹੈ ਕਿ ਉਹ ਕਿਸ ਇਲਾਕੇ ਦਾ ਰਹਿਣ ਵਾਲਾ ਹੈ ਜਾਂ ਕਿਸ ਸੱਭਿਆਚਾਰ ਨਾਲ਼ ਸੰਬੰਧ ਰਖਦਾ ਹੈ। ਵਿਅਕਤੀ ਦਾ ਪਹਿਰਾਵਾ ਉਸਦੀ ਬੌਧਿਕ, ਮਾਨਸਿਕ ਅਤੇ ਆਰਥਿਕ ਸਥਿਤੀ ਦਾ ਪ੍ਰਗਟਾਵਾ ਵੀ ਕਰਦਾ ਹੈ। ਪਹਿਰਾਵੇ ਦੀ ਵਰਤੋਂ ਕੇਵਲ ਸਰੀਰ ਢਕਣ ਲਈ ਹੀ ਨਹੀਂ ਕੀਤੀ ਜਾਂਦੀ ਸਗੋਂ ਇਸ ਤੋਂ ਮਨੁੱਖ ਦੇ ਰੁਤਬੇ, ਸੱਭਿਆਚਾਰ, ਸਮਾਜਿਕ ਪੱਧਰ ਆਦਿ ਦਾ ਪ੍ਰਗਟਾਵਾ ਵੀ ਹੁੰਦਾ ਹੈ। ਤੁਹਾਨੂੰ ਇਹ ਜਾਣ ਕੇ ਕੁਝ ਹੈਰਾਨੀ ਹੋਵੇਗੀ ਕਿ ਪਹਿਰਾਵੇ ਦਾ ਵੀ ਆਪਣਾ ਇੱਕ ਸਮਾਜਿਕ ਇਤਿਹਾਸ ਹੈ। ਇਸ ਪਾਠ ਵਿੱਚ ਅਸੀਂ ਮਨੁੱਖੀ ਪਹਿਰਾਵੇ ਬਾਰੇ ਚਰਚਾ ਕਰਾਂਗੇ।

## ਪਹਿਰਾਵਾ : ਸਮਾਜਿਕ ਇਤਿਹਾਸ

ਪ੍ਰਾਚੀਨ ਕਾਲ ਵਿੱਚ ਮਨੁੱਖ ਗਰਮੀ-ਸਰਦੀ ਅਤੇ ਅਣਸੁਖਾਵੇਂ ਮੌਸਮ ਆਦਿ ਤੋਂ ਬਚਣ ਲਈ ਗੁਫਾਵਾਂ ਵਿੱਚ ਜੀਵਨ-ਬਤੀਤ ਕਰਦਾ ਸੀ। ਫਿਰ ਉਸਨੇ ਸਰੀਰ ਨੂੰ ਢਕਣ ਲਈ ਪੱਤਿਆਂ, ਦਰਖ਼ਤਾਂ ਦੀ ਛਿੱਲ ਅਤੇ ਜਾਨਵਰਾਂ ਦੇ ਖੱਲ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ।



ਮੁੱਢਲੀ ਅਵਸਥਾ 'ਚ
ਬਿਨਾਂ ਪਹਿਰਾਵੇ ਤੋਂ ਮਨੁੱਖ

**ਗਤੀਵਿਧੀ**

ਹੇਠਾਂ ਦਿੱਤੀਆਂ ਤਸਵੀਰਾਂ ਨੂੰ ਵੇਖੋ ਅਤੇ ਦੱਸੋ ਕਿ ਇਹਨਾਂ ਦੇ ਪਹਿਰਾਵੇ ਵਿੱਚ ਕੀ ਅੰਤਰ ਹੈ?



ਨਵੇਂ ਰੇਸ਼ਿਆਂ ਦੀ ਖੋਜ ਕਾਰਨ ਲੋਕ ਵੱਖ-ਵੱਖ ਕਿਸਮ ਦੇ ਰੇਸ਼ਿਆਂ ਤੋਂ ਬਣੇ ਕੱਪੜੇ ਪਹਿਨਣ ਲੱਗੇ। ਮੌਸਮ, ਸਮਾਜਿਕ ਸੱਭਿਆਚਾਰਿਕ, ਆਰਥਿਕ, ਰਾਜਨੀਤਿਕ ਆਦਿ ਪ੍ਰਭਾਵਾਂ ਕਾਰਨ ਲੋਕਾਂ ਦੇ ਪਹਿਰਾਵੇ ਵਿੱਚ ਅੰਤਰ ਆਉਂਦਾ ਰਿਹਾ ਜੋ ਕਿ ਅੱਜ ਵੀ ਜਾਰੀ ਹੈ। ਸਮਾਜ ਦੇ ਵੱਖ-ਵੱਖ ਵਰਗਾਂ ਦੇ ਪੁਰਸ਼, ਇਸਤਰੀਆਂ, ਬੱਚੇ ਅਤੇ ਬਜ਼ੁਰਗ ਲੋਕ ਆਪਣੇ -ਆਪਣੇ ਵਰਗ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਹੀ ਪਹਿਰਾਵਾ ਪਾਉਂਦੇ ਸਨ ਜਿਸ ਤੋਂ ਉਹਨਾਂ ਦੀ ਪਛਾਣ ਹੁੰਦੀ ਸੀ। ਲੋਕਾਂ ਦੇ ਵਿਚਾਰਾਂ ਵਿੱਚ ਆਈ **ਪਰਿਵਰਤਨਸ਼ੀਲਤਾ ਦੀ ਝਲਕ** ਉਹਨਾਂ ਦੇ ਪਹਿਰਾਵੇ ਤੋਂ ਸਪਸ਼ਟ ਰੂਪ ਵਿੱਚ ਦੇਖੀ ਜਾ ਸਕਦੀ ਹੈ। ਪਹਿਰਾਵੇ ਦੇ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਤੋਂ ਪਹਿਲਾਂ ਸਾਨੂੰ




ਪੁਰਾਤਤਵ ਵਿਗਿਆਨੀਆਂ ਨੂੰ ਕੋਸਤੇਨਕੀ (ਰੂਸ) ਦੇ ਨੇੜੇ ਕੀਤੀਆਂ ਖੁਦਾਈਆਂ ਵਿੱਚੋਂ ਹੱਡੀਆਂ ਅਤੇ ਹਾਥੀ-ਦੰਦ ਦੀਆਂ ਬਣੀਆਂ ਹੋਈਆਂ ਸੂਈਆਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਤੋਂ ਜਾਣਕਾਰੀ ਮਿਲ਼ਦੀ ਹੈ ਕਿ ਹਜ਼ਾਰਾਂ ਸਾਲ ਪਹਿਲਾਂ ਤੋਂ ਹੀ ਹੱਥ ਨਾਲ਼ ਕੱਪੜੇ ਸਿਊਣ ਦਾ ਰਿਵਾਜ ਸ਼ੁਰੂ ਹੋਇਆ। ਇਸ ਤੋਂ ਪਹਿਲਾਂ ਸ਼ਾਇਦ ਬਿਨਾਂ ਸਿਲਾਈ ਤੋਂ ਕੱਪੜੇ ਪਹਿਨੇ ਜਾਂਦੇ ਹੋਣਗੇ।





## ਵੱਖ-ਵੱਖ ਕਿਸਮ ਦੇ ਰੇਸ਼ੇ ਤੋਂ ਬਣੇ ਕੱਪੜੇ




ਵੱਖ ਵੱਖ ਤਰ੍ਹਾਂ ਦੇ ਰੇਸ਼ਿਆਂ ਬਾਰੇ ਜਾਣਨਾ ਜ਼ਰੂਰੀ ਹੈ ਜਿਨ੍ਹਾਂ ਤੋਂ ਵੱਖ ਵੱਖ ਕਿਸਮ ਦੇ ਕੱਪੜੇ ਬਣਦੇ ਹਨ।

## ਵੱਖ- ਵੱਖ ਕਿਸਮ ਦੇ ਰੇਸ਼ਿਆਂ ਤੋਂ ਬਣੇ ਕੱਪੜੇ

### ਸੂਤੀ ਕੱਪੜਾ

ਸੂਤੀ ਕੱਪੜਾ ਕਪਾਹ ਤੋਂ ਬਣਾਇਆ ਜਾਂਦਾ ਹੈ। ਭਾਰਤ ਦੇ ਲੋਕ ਸਦੀਆਂ ਤੋਂ ਸੂਤੀ ਕੱਪੜਾ ਪਹਿਨਦੇ ਆ ਰਹੇ ਹਨ। ਹੋਰ ਪ੍ਰਾਚੀਨ ਸੱਭਿਅਤਾਵਾਂ ਵਿੱਚੋਂ ਵੀ ਕਪਾਹ ਅਤੇ ਸੂਤੀ ਕੱਪੜੇ ਦੀ ਵਰਤੋਂ ਦੇ ਇਤਿਹਾਸਿਕ ਸਬੂਤ ਮਿਲੇ ਹਨ। ਪੁਰਾਤਤਵ ਵਿਗਿਆਨੀਆਂ ਨੂੰ ਸਿੰਧੂ ਘਾਟੀ ਦੀ ਸੱਭਿਅਤਾ ਵਿੱਚੋਂ ਵੀ ਕਪਾਹ ਅਤੇ ਸੂਤੀ ਕੱਪੜੇ ਦੀ ਵਰਤੋਂ ਬਾਰੇ ਸਬੂਤ ਮਿਲੇ ਹਨ। ਰਿਗਵੇਦ ਦੇ ਮੰਤਰਾਂ ਵਿੱਚ ਵੀ ਕਪਾਹ ਬਾਰੇ ਜ਼ਿਕਰ ਆਉਂਦਾ ਹੈ।


ਚਰਖਾ


ਕਪਾਹ ਦਾ ਪੌਦਾ

### ਊਨੀ ਕੱਪੜਾ:

ਉੱਨ ਅਸਲ ਵਿੱਚ ਰੇਸ਼ੇਦਾਰ ਪ੍ਰੋਟੀਨ ਹੈ ਜੋ ਵਿਸ਼ੇਸ਼ ਪ੍ਰਕਾਰ ਦੀ ਚਮੜੀ ਦੀਆਂ ਕੋਸ਼ਕਾਵਾਂ ਤੋਂ ਬਣਦੀ ਹੈ। ਭੇਡਾਂ ਤੋਂ ਬਿਨਾਂ ਬੱਕਰੀ, ਯਾਕ, ਖ਼ਰਗੋਸ਼ ਆਦਿ ਜਾਨਵਰਾਂ ਤੋਂ ਵੀ ਊੱਨ ਪ੍ਰਾਪਤ ਕੀਤੀ ਜਾਂਦੀ ਹੈ। ਊਨੀ ਵਸਤਰਾਂ ਦੇ ਅਵਸ਼ੇਸ਼ ਮਿਸਰ, ਬੈਬੀਲੋਨ, ਸਿੰਧੂ ਘਾਟੀ ਦੀ ਸੱਭਿਅਤਾ 'ਚੋਂ ਮਿਲੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਉਸ ਸਮੇ ਦੇ ਲੋਕ ਵੀ ਊਨੀ ਕੱਪੜਾ ਪਹਿਨਦੇ ਸਨ।


ਮੇਰੀਨੋ ਭੇਡਾਂ

ਮੇਰੀਨੋ ਕਿਸਮ ਦੀਆਂ ਭੇਡਾਂ ਦੀ ਉੱਨ ਸਭ ਤੋਂ ਵਧੀਆ ਮੰਨੀ ਜਾਂਦੀ ਹੈ।

### ਰੇਸ਼ਮੀ ਕੱਪੜਾ :

ਰੇਸ਼ਮ ਦਾ ਕੱਪੜਾ ਰੇਸ਼ਮ ਦੇ ਕੀੜਿਆਂ ਤੋਂ ਤਿਆਰ ਰੇਸ਼ਿਆਂ ਤੋਂ ਬਣਿਆ ਹੁੰਦਾ ਹੈ। ਅਸਲ ਵਿੱਚ ਰੇਸ਼ਮ ਦਾ ਕੀੜਾ ਆਪਣੀ ਸੁਰੱਖਿਆ ਲਈ ਆਪਣੇ ਆਲ਼ੇ-ਦੁਆਲ਼ੇ ਇੱਕ ਕਵਚ ਤਿਆਰ ਕਰਦਾ ਹੈ, ਜਿਸ ਨੂੰ ਉਹ ਆਪਣੀ ਲਾਰ ਦੁਆਰਾ ਬਣਾਉਂਦਾ ਹੈ। ਇਸ ਕਵਚ ਤੋਂ ਹੀ ਰੇਸ਼ਮੀ ਧਾਗਾ ਤਿਆਰ ਕੀਤਾ ਜਾਂਦਾ ਹੈ। ਰੇਸ਼ਮ ਦਾ ਕੀੜਾ ਆਮ ਤੌਰ 'ਤੇ ਸ਼ਹਿਤੂਤ ਦੇ ਦਰਖਤਾਂ 'ਤੇ ਪਾਲ਼ਿਆ ਜਾਂਦਾ ਹੈ।


ਰੇਸ਼ਮ ਦੇ ਕੀੜੇ ਦੁਆਰਾ ਬਣਾਇਆ ਕਵਚ


ਰੇਸ਼ਮ ਦਾ ਕੀੜੇ

**ਕੀ ਤੁਸੀਂ ਜਾਣਦੇ ਹੋ?**

ਇੱਕ ਪ੍ਰਚਲਿਤ ਕਹਾਣੀ ਅਨੁਸਾਰ ਰੇਸ਼ਮ ਦੇ ਕੀੜੇ ਚੀਨ 'ਚੋਂ ਬਾਹਰ ਲੈ ਕੇ ਜਾਣ ਦੀ ਮਨਾਹੀ ਸੀ ਪ੍ਰੰਤੂ ਉਥੋਂ ਦੀ ਇੱਕ ਰਾਜਕੁਮਾਰੀ ਨੇ ਆਪਣੀ ਸ਼ਾਦੀ ਸਮੇ ਇੱਕ ਬਾਂਸ ਦੇ ਖੋਲ ਵਿੱਚ ਰੇਸ਼ਮ ਦੇ ਕੀੜੇ ਛੁਪਾ ਕੇ ਦੇਸ਼ ਤੋਂ ਬਾਹਰ ਲੈ ਗਈ। ਇਸ ਤਰ੍ਹਾਂ ਪੂਰੇ ਸੰਸਾਰ ਵਿੱਚ ਰੇਸ਼ਮੀ ਕੱਪੜੇ ਬਣਾਏ ਜਾਣ ਲੱਗੇ।

ਰੇਸ਼ਮੀ ਕੱਪੜੇ ਨੂੰ ਬਣਾਉਣ ਦੀ ਤਕਨੀਕ ਸਭ ਤੋਂ ਪਹਿਲਾਂ ਸਿਰਫ਼ ਚੀਨੀਆਂ ਕੋਲ਼ ਹੀ ਸੀ।

ਭਾਰਤ ਵਿੱਚ ਵੀ ਰੇਸ਼ਮੀ ਕੱਪੜੇ ਦੀ ਵਰਤੋਂ ਹਜ਼ਾਰਾਂ ਸਾਲਾਂ ਤੋਂ ਕੀਤੀ ਜਾ ਰਹੀ ਹੈ। ਪਹਿਲਾਂ-ਪਹਿਲ ਕੇਵਲ ਅਮੀਰ ਲੋਕ ਹੀ ਰੇਸ਼ਮੀ ਕੱਪੜੇ ਪਹਿਨਦੇ ਸਨ।

### ਬਣਾਉਟੀ ਰੇਸ਼ੇ ਤੋਂ ਬਣੇ ਕੱਪੜੇ :

ਅੱਜ-ਕੱਲ੍ਹ ਬਹੁਤ ਸਾਰੇ ਲੋਕ ਬਣਾਉਟੀ ਰੇਸ਼ਿਆਂ ਤੋਂ ਬਣੇ ਕੱਪੜਿਆਂ ਦੀ ਵਰਤੋਂ ਕਰਦੇ ਹਨ। ਬਣਾਉਟੀ ਰੇਸ਼ੇ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਇੱਕ ਅੰਗਰੇਜ਼ ਵਿਗਿਆਨੀ ਰਾਬਰਟ ਹੁੱਕ ਦੇ ਮਨ ਵਿੱਚ ਪੈਦਾ ਹੋਇਆ। ਉਸ ਤੋਂ ਬਾਅਦ ਇੱਕ ਫਰਾਂਸੀਸੀ ਵਿਗਿਆਨੀ ਨੇ ਵੀ ਇਸ ਬਾਰੇ ਲਿਖਿਆ ਪਰ ਉਹ ਇਸ ਨੂੰ ਵਿਹਾਰਿਕ ਰੂਪ ਨਾ ਦੇ ਸਕਿਆ।



ਬਣਾਉਟੀ ਰੇਸ਼ੇ ਅਤੇ ਉਹਨਾਂ ਨੂੰ ਬਣਾਉਣ ਦੀ ਪ੍ਰਕ੍ਰਿਆ

ਸੰਨ 1842 ਈ. ਨੂੰ ਅੰਗਰੇਜ਼ ਵਿਗਿਆਨੀ ਲੂਈਸ ਸੁਬਾਬ ਨੇ ਬਣਾਉਟੀ ਰੇਸ਼ਿਆਂ ਤੋਂ ਕੱਪੜੇ ਤਿਆਰ ਕਰਨ ਦੀ ਮਸ਼ੀਨ ਤਿਆਰ ਕੀਤੀ। ਬਣਾਉਟੀ ਰੇਸ਼ਿਆਂ ਦੇ ਉਤਪਾਦਨ ਲਈ ਅਲਕੋਹਲ, ਰਬੜ, ਰੇਜਿਨ, ਚਰਬੀ, ਸ਼ਹਿਤੂਤ ਅਤੇ ਹੋਰ ਬਨਸਪਤੀ, ਆਦਿ ਵਸਤੂਆਂ ਵਰਤੋਂ 'ਚ ਲਿਆਂਦੀਆਂ ਜਾਂਦੀਆਂ ਹਨ। ਨਾਈਲੋਨ ਪੌਲਿਸਟਰ ਅਤੇ ਰੇਆਨ ਮੁੱਖ ਬਨਾਵਟੀ ਰੇਸ਼ੇ ਹਨ। ਪੌਲਿਸਟਰ ਅਤੇ ਸੂਤ ਤੋਂ ਬਣਿਆ ਕੱਪੜਾ 'ਟੈਰੀਕਾਟ' ਭਾਰਤ ਵਿੱਚ ਬਹੁਤ ਵਰਤਿਆ ਜਾਣ ਲੱਗਿਆ।

**ਗਤੀਵਿਧੀ**

ਬਣਾਉਟੀ ਰੇਸ਼ੇ ਨੂੰ ਬਣਾਉਣ ਦੀ ਪ੍ਰਕਿਰਿਆ ਨੂੰ ਚਿੱਤਰ ਸਹਿਤ ਚਾਰਟ ਉੱਤੇ ਲਗਾਓ ਅਤੇ ਆਪਣੀ ਸ਼੍ਰੇਣੀ ਦੇ ਕਮਰੇ ਵਿੱਚ ਲਗਾਉ।

## ਉਦਯੋਗਿਕ ਕ੍ਰਾਂਤੀ ਅਤੇ ਪਹਿਰਾਵਾ

ਸਦੀਆਂ ਤੋਂ ਲੋਕ ਕੱਪੜੇ ਦੀ ਵਰਤੋਂ ਤਨ ਢਕਣ ਲਈ ਹੀ ਕਰਦੇ ਰਹੇ ਹਨ। ਉਹ ਆਪਣੇ ਇਲਾਕਾਈ ਪ੍ਰਭਾਵ ਦੇ ਅਨੁਸਾਰ ਹੀ ਕੱਪੜੇ ਪਹਿਨਦੇ ਹਨ ਪਰ 18-19ਵੀਂ ਸਦੀ ਦੀਆਂ ਸਮਾਜਿਕ-ਰਾਜਨੀਤਿਕ ਤਬਦੀਲੀਆਂ ਅਤੇ ਉਦਯੋਗਿਕ ਕ੍ਰਾਂਤੀ ਨੇ ਪੂਰੇ ਵਿਸ਼ਵ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਢਾਂਚੇ 'ਤੇ ਡੂੰਘਾ ਅਸਰ ਪਾਇਆ। ਲੋਕਾਂ ਦੇ ਵਿਚਾਰਾਂ ਅਤੇ ਜੀਵਨ-ਸ਼ੈਲੀ 'ਚ ਪਰਿਵਰਤਨ ਆਇਆ, ਸਿੱਟੇ ਵਜੋਂ ਲੋਕਾਂ ਦੇ ਪਹਿਰਾਵੇ 'ਚ ਵੀ ਪਰਿਵਰਤਨ ਦੇਖਣ ਨੂੰ ਮਿਲਿਆ।

ਹੁਣ ਕੱਪੜੇ ਦਾ ਉਤਪਾਦਨ ਮਸ਼ੀਨਾਂ ਨਾਲ਼ ਹੋਣ ਲੱਗਿਆ। ਇਸ ਕਰਕੇ ਕੱਪੜਾ ਸਸਤਾ ਵੀ ਹੋ ਗਿਆ ਅਤੇ ਉਸ ਦੀ ਬਾਜ਼ਾਰ ਵਿੱਚ ਬਹੁਤਾਤ ਵੀ ਹੋ ਗਈ। ਮਸ਼ੀਨੀ ਕੱਪੜਾ ਵੱਖ-ਵੱਖ ਡਿਜ਼ਾਈਨਾਂ ਵਿੱਚ ਆ ਗਿਆ। ਕੱਪੜਾ ਸਸਤਾ ਹੋਣ ਕਾਰਨ ਲੋਕਾਂ ਕੋਲ਼ ਪੁਸ਼ਾਕਾਂ ਦੀ

ਉਦਯੋਗਿਕ ਕ੍ਰਾਂਤੀ ਦਾ ਆਰੰਭ ਯੂਰਪ ਮਹਾਂਦੀਪ ਵਿੱਚ ਹੋਇਆ ਸੀ ਅਤੇ ਬਹੁਤ ਸਾਰੇ ਯੂਰਪੀ ਦੇਸਾਂ ਨੇ ਸੰਸਾਰ ਦੇ ਵੱਖ-ਵੱਖ ਭਾਗਾਂ ਵਿੱਚ ਆਪਣੀਆਂ ਬਸਤੀਆਂ ਕਾਇਮ ਕੀਤੀਆਂ ਹੋਈਆਂ ਸਨ, ਇਸ ਕਰਕੇ ਇਸ ਉਦਯੋਗਿਕ ਕ੍ਰਾਂਤੀ ਨੇ ਸਾਰੇ ਸੰਸਾਰ ਦੇ ਲੋਕਾਂ ਦੇ ਪਹਿਰਾਵੇ ਵਿੱਚ ਪਰਿਵਰਤਨ ਲਿਆ ਦਿੱਤਾ।

ਗਿਣਤੀ ਵਧ ਗਈ। ਪਹਿਲਾਂ ਉਹਨਾਂ ਕੋਲ ਪਹਿਨਣ ਲਈ ਘੱਟ ਪੁਸ਼ਾਕਾਂ ਹੁੰਦੀਆਂ ਸਨ ਕਿਉਂਕਿ ਉਸ ਸਮੇਂ ਕੱਪੜਾ ਮਹਿੰਗਾ ਸੀ।




**1. ਆਮ ਲੋਕਾਂ ਦੇ ਪਹਿਰਾਵੇ 'ਤੇ ਪ੍ਰਭਾਵ :** ਅਠਾਰ੍ਹਵੀਂ ਸਦੀ ਵਿੱਚ ਯੂਰਪ ਦੇ ਲੋਕ ਆਪਣੇ ਸਮਾਜਿਕ ਰੁਤਬੇ, ਵਰਗ ਜਾਂ ਲਿੰਗ ਦੇ ਅਨੁਸਾਰ ਕੱਪੜੇ ਪਹਿਨਦੇ ਸਨ। ਮਰਦਾਂ ਅਤੇ ਔਰਤਾਂ ਦੇ ਪਹਿਰਾਵੇ ਵਿੱਚ ਕਾਫ਼ੀ ਅੰਤਰ ਸੀ। ਔਰਤਾਂ ਪਹਿਰਾਵੇ ਵਿੱਚ ਸਕਰਟਾਂ ਅਤੇ ਉੱਚੀ ਅੱਡੀ ਵਾਲ਼ੀ ਜੁੱਤੀ ਪਹਿਨਦੀਆਂ ਸਨ। ਜਦੋਂ ਕਿ ਮਰਦ ਪਹਿਰਾਵੇ ਵਿੱਚ ਨੈੱਕਟਾਈ ਦੀ ਵਰਤੋਂ ਕਰਦੇ ਸਨ। ਸਮਾਜ ਦੇ ਉੱਚ ਵਰਗ ਦਾ ਪਹਿਰਾਵਾ ਆਮ ਲੋਕਾਂ ਤੋਂ ਵੱਖਰਾ ਹੁੰਦਾ ਸੀ। 1789 ਈ: ਦੀ ਫਰਾਂਸੀਸੀ ਕ੍ਰਾਂਤੀ ਨੇ ਕੁਲੀਨ ਵਰਗ ਦੇ ਲੋਕਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਖ਼ਤਮ ਕਰ ਦਿੱਤਾ। ਇਸ ਕਰਕੇ ਗ਼ਰੀਬ ਅਤੇ ਨਿਮਨ ਵਰਗ ਦੇ ਲੋਕ ਵੀ ਆਪਣੀ ਇੱਛਾ ਮੁਤਾਬਿਕ ਰੰਗ-ਬਿਰੰਗੇ ਕੱਪੜੇ ਪਹਿਨਣ ਲੱਗੇ। ਫਰਾਂਸ ਦੇ ਲੋਕ ਆਪਣੇ-ਆਪ ਨੂੰ ਦੇਸ਼ ਭਗਤ ਅਤੇ ਕ੍ਰਾਂਤੀਕਾਰੀ ਸਮਝਦੇ ਹੋਏ ਨੀਲੇ, ਚਿੱਟੇ ਅਤੇ ਲਾਲ ਰੰਗ ਦੇ ਕੱਪੜੇ ਪਹਿਨਣ ਲੱਗੇ। ਉਹ ਸੁਤੰਤਰਤਾ ਦੇ ਚਿੰਨ੍ਹ ਵੱਜੋਂ ਲਾਲ ਟੋਪੀ ਪਹਿਨਦੇ ਸਨ। ਆਮ ਲੋਕਾਂ ਵੱਲੋਂ ਰੰਗ-ਬਿਰੰਗੇ ਕੱਪੜੇ ਪਹਿਨਣ ਦਾ ਰਿਵਾਜ਼ ਪੂਰੇ ਸੰਸਾਰ ਵਿੱਚ ਹੋ ਗਿਆ।


ਉੱਚ ਵਰਗ ਦੀ ਇਸਤਰੀਆਂ ਦਾ ਪਹਿਰਾਵਾ

**2. ਇਸਤਰੀਆਂ ਦੇ ਪਹਿਰਾਵੇ 'ਤੇ ਪ੍ਰਭਾਵ :** ਯੂਰਪੀ ਦੇਸਾਂ ਵਿੱਚ ਲੜਕੀਆਂ ਨੂੰ ਬਚਪਨ ਤੋਂ ਹੀ ਸਖ਼ਤ ਫੀਤੇ ਨਾਲ ਖਿੱਚੇ ਹੋਏ ਕੱਪੜੇ ਪਹਿਨਾਏ ਜਾਂਦੇ ਸਨ ਤਾਂ ਜੋ ਉਹਨਾਂ ਦੇ ਸਰੀਰ ਦਾ ਫੈਲਾਅ ਨਾ ਹੋ ਸਕੇ ਅਤੇ ਉਹ ਸੁੰਦਰ ਅਤੇ ਆਕਰਸ਼ਕ ਲੱਗਣ। ਉਹ ਚਾਹੁੰਦੇ ਸਨ ਕਿ ਔਰਤਾਂ ਅਗਿਆਕਾਰੀ, ਸਹਿਣਸ਼ੀਲ ਅਤੇ ਸੰਸਕਾਰੀ ਹੋਣ। ਇਸਤਰ੍ਹਾਂ ਵਿਕਟੋਰੀਆ ਦੇ ਸ਼ਾਸਨ ਕਾਲ ਵਿੱਚ ਪ੍ਰਚੱਲਿਤ ਪਹਿਰਾਵਾ ਔਰਤਾਂ ਦੀ ਦੱਬੂ ਛਬੀ ਬਣਾਉਣ ਲਈ ਕਾਫ਼ੀ ਹੱਦ ਤੱਕ ਜ਼ਿੰਮੇਵਾਰ ਸੀ।




ਸਖ਼ਤ ਫੀਤਿਆਂ ਨਾਲ ਖਿੱਚੇ ਹੋਏ ਪਹਿਰਾਵੇ

ਫਰਾਂਸੀਸੀ ਕ੍ਰਾਂਤੀ ਤੇ ਫਜ਼ੂਲ-ਖ਼ਰਚੀ ਰੋਕੂ ਕਾਨੂੰਨਾਂ ਅਨੁਸਾਰ ਪਹਿਰਾਵੇ ਵਿੱਚ ਕੀਤੇ ਸੁਧਾਰਾਂ ਨੂੰ ਸਾਰੀਆਂ ਇਸਤਰੀਆਂ ਨੇ ਸਵੀਕਾਰ ਨਹੀਂ ਕੀਤਾ। ਇਸ ਦੇ ਸਿੱਟੇ ਵਜੋਂ ਬਹੁਤ ਸਾਰੇ ਮਹਿਲਾ-ਸਗੰਠਨਾਂ ਨੇ ਪਹਿਰਾਵੇ ਸੰਬੰਧੀ ਸੁਧਾਰਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। 1830ਈ. ਵਿੱਚ ਇੰਗਲੈਂਡ ਵਿੱਚ ਕੁਝ ਮਹਿਲਾ-ਸੰਸਥਾਵਾਂ ਨੇ ਇਸਤਰੀਆਂ ਲਈ ਲੋਕਤੰਤਰਿਕ ਅਧਿਕਾਰਾਂ ਦੀ ਮੰਗ ਕਰਨੀ ਸ਼ੁਰੂ ਕੀਤੀ। ਜਿਓ ਹੀ ਸਫਰੇਜ ਅੰਦੋਲਨ ਦਾ ਪ੍ਰਸਾਰ ਹੋਇਆ ਤਾਂ ਅਮਰੀਕਾ ਦੀਆਂ 13 ਬ੍ਰਿਟਿਸ਼ ਬਸਤੀਆਂ ਵਿੱਚ ਪਹਿਰਾਵਾ - ਸੁਧਾਰ ਅੰਦੋਲਨ ਸ਼ੁਰੂ ਹੋਇਆ। ਪ੍ਰੈਸ ਤੇ ਸਾਹਿਤ ਨੇ ਤੰਗ ਕੱਪੜੇ


ਫਰਾਂਸੀਸੀ ਲੋਕਾਂ ਦਾ ਪਹਿਰਾਵਾ

ਪਹਿਨਣ ਕਰਕੇ ਜਵਾਨ ਲੜਕੀਆਂ ਨੂੰ ਲੱਗੀਆਂ ਬਿਮਾਰੀਆਂ ਬਾਰੇ ਦੱਸਿਆ ਕਿ ਤੰਗ ਪਹਿਰਾਵੇ ਕਰਕੇ ਉਹਨਾਂ ਦੇ ਸਰੀਰ ਦਾ ਵਿਕਾਸ ਤੇ ਲਹੂ ਸੰਚਾਰ ਰੁਕ ਜਾਂਦਾ ਹੈ। ਲੜਕੀਆਂ ਦੇ ਸਰੀਰ ਦੀਆਂ ਮਾਸਪੇਸ਼ੀਆਂ ਦਾ ਵਿਕਾਸ ਵੀ ਨਹੀਂ ਹੁੰਦਾ ਅਤੇ ਉਹਨਾਂ ਦੀ ਰੀੜ੍ਹ ਦੀ ਹੱਡੀ ਵੀ ਖ਼ਰਾਬ ਹੋ ਜਾਂਦੀ ਹੈ। ਇਸ ਲਈ ਬਹੁਤ ਸਾਰੇ ਮਹਿਲਾ-ਸੰਗਠਨਾਂ ਨੇ ਸਰਕਾਰ ਤੋਂ ਲੜਕੀਆਂ ਦੇ ਸਰੀਰਿਕ, ਸਮਾਜਿਕ ਤੇ ਆਰਥਿਕ ਸਥਿਤੀ ਨੂੰ ਸੁਧਾਰਨ ਲਈ ਪੁਸ਼ਾਕ ਵਿੱਚ ਸੁਧਾਰ ਕਰਨ ਦੀ ਮੰਗ ਕੀਤੀ।

ਅਮਰੀਕਾ ਵਿੱਚ ਵੀ ਬਹੁਤ ਸਾਰੇ ਮਹਿਲਾ ਸੰਗਠਨਾਂ ਨੇ ਇਸਤਰੀਆਂ ਲਈ ਪਰੰਪਰਿਕ ਪੁਸ਼ਾਕ ਦੀ ਨਿੰਦਾ ਕੀਤੀ। ਉਦਾਹਰਨ ਦੇ ਤੌਰ 'ਤੇ ਇਸਤਰੀਆਂ ਨੂੰ ਘਰ ਤੋਂ ਬਾਹਰ ਜਾਣ ਲਈ ਲੰਮੇ ਗਾਊਨ ਪਹਿਨਣੇ ਲਾਜ਼ਮੀ ਸਨ। ਅਜਿਹਾ ਇਸ ਲਈ ਕੀਤਾ ਗਿਆ ਤਾਂ ਜੋ ਉਹ ਘਰ ਤੋਂ ਇਲਾਵਾ ਕਿੱਧਰੇ ਬਾਹਰ ਨਾ ਜਾ ਸਕਣ। ਕਈ ਮਹਿਲਾ-ਸੰਸਥਾਵਾਂ ਨੇ ਇਸ ਗਾਊਨ ਦੀ ਬਜਾਏ ਇਸਤਰੀਆਂ ਲਈ ਆਰਾਮਦਾਇਕ ਪੁਸ਼ਾਕ ਦੀ ਮੰਗ ਕੀਤੀ ਕਿਉਂਕਿ ਜੇਕਰ ਇਸਤਰੀਆਂ ਦੀ ਪੁਸ਼ਾਕ



**ਕੀ ਤੁਸੀਂ ਜਾਣਦੇ ਹੋ ?**

ਸਫਰੇਜ਼ ਅੰਦੋਲਨ :
ਔਰਤਾਂ ਦੇ ਵੋਟ ਦੇਣ ਦੇ ਅਧਿਕਾਰ
ਦੀ ਪ੍ਰਾਪਤੀ ਲਈ ਕੀਤਾ ਗਿਆ ਅੰਦੋਲਨ




ਸਫਰੇਜ਼ ਅੰਦੋਲਨ ਦਾ ਇੱਕ ਚਿੱਤਰ

ਆਰਾਮਦਾਇਕ ਹੋਵੇਗੀ ਤਾਂ ਹੀ ਉਹ ਆਸਾਨੀ ਨਾਲ਼ ਕੰਮ ਕਰ ਸਕਦੀਆਂ ਹਨ। ਇਸ ਲਈ 1870 ਈ. ਵਿੱਚ ਦੋ ਸੰਸਥਾਵਾਂ-ਨੈਸ਼ਨਲ ਵੂਮਿਨ ਸਫਰੇਜ਼ ਐਸੋਸੀਏਸ਼ਨ (National Women Suffrage Association) ਤੇ 'ਅਮੇਰਿਕਨ ਵੂਮਿਨ ਸਫਰੇਜ਼ ਐਸੋਸੀਏਸ਼ਨ' ਨੇ ਮਿਲ਼ ਕੇ ਇਸਤਰੀਆਂ ਦੇ ਪਹਿਰਾਵੇ ਵਿੱਚ ਸੁਧਾਰ ਕਰਨ ਲਈ ਮੁਹਿੰਮ ਸ਼ੁਰੂ ਕੀਤੀ, ਜੋ ਅਸਫ਼ਲ ਰਹੀ ਕਿਉਂਕਿ ਰੂੜ੍ਹੀਵਾਦੀ ਵਿਚਾਰਧਾਰਾ ਦੇ ਲੋਕ ਇਹਨਾਂ ਮਹਿਲਾ-ਸੰਸਥਾਵਾਂ ਦਾ ਵਿਰੋਧ ਕਰਦੇ ਸਨ ਫਿਰ ਵੀ 19ਵੀਂ ਸਦੀ ਵਿੱਚ ਇਸਤਰੀਆਂ ਦੀ ਸੁੰਦਰਤਾ 'ਤੇ ਪਹਿਰਾਵੇ ਸੰਬੰਧੀ ਵਿਚਾਰਾਂ ਦਾ ਪ੍ਰਸਾਰ ਹੋਣਾ ਸ਼ੁਰੂ ਹੋਇਆ। ਸਿੱਟੇ ਵਜੋਂ ਇਸਤਰੀਆਂ ਦੀ ਸੁੰਦਰਤਾ ਅਤੇ ਪਹਿਰਾਵੇ ਦੇ ਨਮੂਨਿਆਂ ਵਿੱਚ ਪਰਿਵਰਤਨ ਹੋਇਆ।

**19ਵੀਂ ਸਦੀ ਦੀ ਸ਼ੁਰੂਆਤ ਤੋਂ ਪਹਿਰਾਵੇ ਵਿੱਚ ਪਰਿਵਰਤਨ :** ਇੰਗਲੈਂਡ ਵਿੱਚ ਉਦਯੋਗਿਕ ਕ੍ਰਾਂਤੀ ਆਉਣ ਪਿੱਛੋਂ ਪਹਿਰਾਵੇ ਸੰਬੰਧੀ ਨਵੀਂ ਸਮੱਗਰੀ ਤੇ ਤਕਨੀਕ ਬਾਰੇ ਜਾਣਕਾਰੀ ਪ੍ਰਾਪਤ ਹੋਣ ਨਾਲ਼ ਲੋਕਾਂ ਦੇ ਜੀਵਨ ਵਿੱਚ ਹੈਰਾਨੀ ਜਨਕ ਪਰਿਵਰਤਨ ਹੋਇਆ। 17ਵੀਂ ਸਦੀ ਤੋਂ ਪਹਿਲਾਂ ਇੰਗਲੈਂਡ ਵਿੱਚ ਜ਼ਿਆਦਾਤਰ ਔਰਤਾਂ ਉੂਨ ਤੋਂ ਤਿਆਰ ਕੀਤੇ ਕੱਪੜੇ ਪਹਿਨਦੀਆਂ ਸਨ ਜਿਨ੍ਹਾਂ ਨੂੰ ਧੋਣਾ ਔਖਾ ਹੁੰਦਾ ਸੀ। 16ਵੀਂ ਸਦੀ ਪਿੱਛੋਂ ਯੂਰਪੀ ਦੇਸ਼ਾਂ ਨੇ ਏਸ਼ੀਆਈ ਦੇਸ਼ਾਂ ਵਿਸ਼ੇਸ਼ ਤੌਰ ਤੇ

ਭਾਰਤ ਨਾਲ਼ ਸੂਤੀ ਕੱਪੜੇ ਦਾ ਵਪਾਰ ਕਰਨਾ ਸ਼ੁਰੂ ਕੀਤਾ। ਉਸ ਸਮੇ ਭਾਰਤ ਸੂਤੀ ਕੱਪੜੇ ਦਾ ਉਤਪਾਦਨ ਕਰਨ ਵਿੱਚ ਵਿਸ਼ਵ ਭਰ ਵਿੱਚ ਪ੍ਰਸਿੱਧ ਸੀ। ਯੂਰਪੀਨ ਵਪਾਰੀਆਂ ਨੇ ਭਾਰਤ ਦੀ ਛੀਟ (ਕੱਪੜੇ ਦੀ ਇੱਕ ਕਿਸਮ) ਦਾ ਆਯਾਤ ਸ਼ੁਰੂ ਕੀਤਾ, ਇਹ ਕੱਪੜਾ ਬਹੁਤ ਸਸਤਾ 'ਤੇ ਇਸਨੂੰ ਸੰਭਾਲਨਾ ਵੀ ਆਸਾਨ ਹੁੰਦਾ ਸੀ।


ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਦਾ ਦ੍ਰਿਸ਼

ਉਦਯੋਗਿਕ ਕ੍ਰਾਂਤੀ ਪਿੱਛੋਂ ਇੰਗਲੈਂਡ ਵਿੱਚ ਸੂਤੀ ਕੱਪੜੇ ਦਾ ਬਹੁਤ ਜ਼ਿਆਦਾ ਉਤਪਾਦਨ ਹੋਣ ਲੱਗਿਆ, ਜੋ ਭਾਰਤ ਸਮੇਤ ਸੰਸਾਰ ਦੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਨਿਰਯਾਤ ਕੀਤਾ ਜਾਂਦਾ ਸੀ। 19ਵੀਂ ਸਦੀ ਦੇ ਅੰਤ ਵਿੱਚ ਭਾਰੀ ਕੱਪੜੇ ਹੌਲੀ-ਹੌਲੀ ਅਲੋਪ ਹੋਣੇ ਸ਼ੁਰੂ ਹੋ ਗਏ ਕਿਉਂਕਿ 20ਵੀਂ ਸਦੀ ਦੇ ਸ਼ੁਰੂ ਵਿੱਚ ਬਨਾਵਟੀ ਰੇਸ਼ਿਆਂ ਤੋਂ ਤਿਆਰ ਕੀਤੇ ਗਏ ਕੱਪੜੇ ਸਸਤੇ ਹੋਣ ਦੇ ਨਾਲ਼ ਧੋਣੇ ਵੀ ਆਸਾਨ ਸਨ। ਹੁਣ ਪਹਿਲਾਂ ਨਾਲ਼ੋਂ ਕੱਪੜੇ ਛੋਟੇ, ਹਲਕੇ ਪਤਲੇ ਬਣਨ ਲੱਗੇ ਪਰੰਤੂ ਫਿਰ ਵੀ 1914 ਈ: ਤੱਕ ਤਾਂ ਗਾਊਨ ਦੀ ਲੰਮਾਈ ਅੱਡੀ ਤੱਕ ਹੁੰਦੀ ਸੀ। 1915 ਈ. ਵਿੱਚ ਸਕਰਟ ਦੀ ਲੰਬਾਈ ਪਿੰਜਣੀਆਂ ਤੱਕ ਸੀ। ਪਹਿਲੇ ਅਤੇ ਦੂਜੇ ਮਹਾਂਯੁੱਧ ਕਾਰਨ ਇਸਤਰੀਆਂ ਦੀਆਂ ਕੰਮ ਕਰਨ ਦੀਆਂ ਸਥਿਤੀਆਂ ਵਿੱਚ ਬਹੁਤ ਪਰਿਵਰਤਨ ਹੋਇਆ।


ਉਦਯੋਗਿਕ ਕ੍ਰਾਂਤੀ ਤੋਂ ਬਾਅਦ ਦਾ ਦ੍ਰਿਸ਼


1914 ਈ. ਤੋਂ ਪਹਿਲਾਂ ਯੂਰਪੀ ਔਰਤਾਂ ਦਾ ਪਹਿਰਾਵਾ

ਪਹਿਲੇ ਵਿਸ਼ਵ ਯੁੱਧ ਦਾ ਔਰਤਾਂ ਦੇ ਪਹਿਰਾਵੇ 'ਤੇ ਬਹੁਤ ਅਸਰ ਪਿਆ। ਮਰਦਾਂ ਦੇ ਯੁੱਧ ਵਿੱਚ ਭਾਗ ਲਏ ਜਾਣ ਕਾਰਨ ਕੰਮ ਕਰਨ ਦੀ ਜ਼ੁੰਮੇਵਾਰੀ ਔਰਤਾਂ 'ਤੇ ਆ ਗਈ। ਉਹ ਉਦਯੋਗਿਕ ਖੇਤਰ ਵਿੱਚ ਵੀ ਕੰਮ 'ਤੇ ਜਾਣ ਲੱਗੀਆਂ ਉਹਨਾਂ ਦੇ ਖੁੱਲ੍ਹੇ ਅਤੇ ਲੰਮੇ ਕੱਪੜੇ ਫੈਕਟਰੀਆਂ ਵਿੱਚ ਕੰਮ ਕਰਦੇ ਸਮੇ ਅੜਿਕਾ ਪੈਦਾ ਕਰਦੇ ਸਨ। ਇਸ ਲਈ ਆਪਣੀ ਲੋੜ ਮੁਤਾਬਿਕ ਔਰਤਾਂ ਨੇ ਤੰਗ ਅਤੇ ਛੋਟੇ ਕੱਪੜੇ ਪਹਿਨਣੇ ਸ਼ੁਰੂ ਕਰ ਦਿੱਤੇ। ਉਹ ਉਦਯੋਗਾਂ ਵਿੱਚ ਵਰਦੀ ਦੇ ਤੌਰ ਤੇ ਬਲਾਊਜ਼ ਪੈਂਟ ਅਤੇ ਟੋਪੀ ਦੀ ਵਰਤੋਂ ਕਰਨ ਲੱਗੀਆਂ। ਹੁਣ ਉਹਨਾਂ ਦੀ ਆਰਥਿਕ ਸਥਿਤੀ ਪਹਿਲਾਂ ਨਾਲ਼ੋਂ ਚੰਗੀ ਹੋ ਗਈ। ਆਰਥਿਕ ਸਥਿਤੀ ਵਿੱਚ ਸੁਧਾਰ ਆਉਣ ਕਰਕੇ ਔਰਤਾਂ ਦੇ ਪਹਿਰਾਵੇ ਵਿੱਚ ਅੰਤਰ ਆ ਗਿਆ। ਇਸ ਤੋਂ ਇਲਾਵਾ ਇਸਤਰੀਆਂ ਨੇ ਆਪਣੇ ਵਾਲ਼ ਛੋਟੇ ਰੱਖਣੇ ਸ਼ੁਰੂ ਕਰ ਦਿੱਤਾ।


ਕੰਮਕਾਜੀ ਔਰਤਾਂ ਦਾ ਨਵਾਂ ਪਹਿਰਾਵਾ

20ਵੀਂ ਸਦੀ ਵਿੱਚ ਸਾਦਾ ਮਨੁੱਖੀ ਜੀਵਨ ਰੁਝੇਵਿਆਂ ਭਰਪੂਰ ਅਤੇ ਕਿੱਤਾਮੁਖੀ ਬਣ ਗਿਆ। ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਚਮਕੀਲੀ-ਭੜਕੀਲੀ ਵਰਦੀ ਦੀ ਬਜਾਇ ਸਾਦੀ ਵਰਦੀ ਪਹਿਨਣਾ ਲਾਜ਼ਮੀ ਕੀਤਾ ਗਿਆ। ਵਿੱਦਿਅਕ ਵਿਭਾਗ ਨੇ ਪਾਠਕ੍ਰਮ ਵਿੱਚ ਜਮਨਾਸਟਿਕ ਅਤੇ ਖੇਡਾਂ ਦੇ ਵਿਸ਼ੇ ਸ਼ਾਮਲ ਕਰ ਦਿੱਤੇ ਜੋ ਲੜਕੀਆਂ ਲਈ ਪੜ੍ਹਨੇ ਲਾਜ਼ਮੀਂ ਸਨ। ਖੇਡਣ ਸਮੇ ਲੜਕੀਆਂ ਅਜਿਹੇ ਕੱਪੜੇ ਪਹਿਨਦੀਆਂ ਸਨ, ਜੋ ਉਹਨਾਂ ਲਈ ਅਰਾਮਦਾਇਕ ਹੁੰਦੇ ਸਨ। ਇਸੇ ਤਰ੍ਹਾਂ ਹੀ ਉਹਨਾਂ ਨੂੰ ਉਦਯੋਗਾਂ ਵਿੱਚ ਕੰਮ ਕਰਨ ਸਮੇ ਅਰਾਮਦਾਇਕ ਪੁਸ਼ਾਕ ਪਹਿਨਣ ਦੀ ਜ਼ਰੂਰਤ ਸੀ। ਹੌਲ਼ੀ ਹੌਲ਼ੀ ਲੋੜ ਅਨੁਸਾਰ ਨਵੀਂ ਤਕਨੀਕ, ਆਰਥਿਕ ਗਤੀਵਿਧੀਆਂ, ਵਿੱਦਿਆ ਦੇ ਪਸਾਰ ਆਦਿ ਦੇ ਪ੍ਰਭਾਵ ਨੇ ਲੋਕਾਂ ਦੀ ਸੋਚ ਨੂੰ ਬਦਲਿਆ, ਜਿਸ ਦਾ ਅਸਰ ਉਹਨਾਂ ਦੇ ਪਹਿਰਾਵੇ ਤੇ ਦੇਖਣ ਨੂੰ ਮਿਲ਼ਿਆ।

## ਭਾਰਤੀ ਬਸਤੀਵਾਦੀ ਸਮੇ ਦੇ ਪਹਿਰਾਵੇ 'ਤੇ ਚਰਚਾ :

ਭਾਰਤੀ ਸਮਾਜ ਵਿੱਚ ਜਾਤੀ ਭੇਦ ਕਾਰਨ ਲੋਕਾਂ ਦੇ ਪਹਿਰਾਵੇ, ਭੋਜਨ, ਰਹਿਣ-ਸਹਿਣ ਸੰਬੰਧੀ ਵੱਖ-ਵੱਖ ਸਮਾਜਿਕ ਨਿਯਮ ਨਿਰਧਾਰਿਤ ਸਨ। ਜਦੋਂ ਨਿਮਨ ਜਾਤੀ ਦੇ ਲੋਕ ਇਹਨਾਂ ਨਿਯਮਾਂ ਦੀ ਉਲੰਘਣਾ ਕਰਦੇ ਸਨ ਤਾਂ ਉਹਨਾਂ ਨੂੰ ਸਖਤ ਸਜ਼ਾ ਦਿੱਤੀ ਜਾਂਦੀ ਸੀ। ਭਾਰਤ ਵਿੱਚ ਬਸਤੀਵਾਦੀ ਸਮੇ ਦੌਰਾਨ ਲੋਕਾਂ ਦੇ ਪਹਿਰਾਵੇ ਵਿੱਚ ਬਹੁਤ ਪਰਿਵਰਤਨ ਹੋਇਆ। ਇਸਤਰੀਆਂ ਰਵਾਇਤੀ ਪਹਿਰਾਵੇ ਅਨੁਸਾਰ ਕੱਪੜੇ ਪਹਿਨਦੀਆਂ ਸਨ ਜਿਹੜੇ ਆਦਮੀ ਅੰਗਰੇਜ਼ੀ ਭਾਸ਼ਾ ਸਿੱਖ ਕੇ ਸਰਕਾਰੀ ਨੌਕਰੀ ਕਰਦੇ ਸਨ, ਉਨ੍ਹਾਂ ਨੇ ਪੱਛਮੀ ਪਹਿਰਾਵੇ ਅਨੁਸਾਰ ਕੱਪੜੇ ਪਹਿਨਣੇ ਸ਼ੁਰੂ ਕਰ ਦਿੱਤੇ ਸਨ। ਸਾਰੇ ਭਾਰਤ ਵਿੱਚ ਲੋਕਾਂ ਦੇ ਪਹਿਰਾਵੇ ਵਿੱਚ ਤਬਦੀਲੀ ਇੱਕੋ ਜਿਹੀ ਨਹੀਂ ਸੀ ਹੋਈ। ਜਿਹੜੇ ਭਾਰਤੀ ਲੋਕ ਅੰਗਰੇਜ਼ ਅਧਿਕਾਰੀਆਂ ਅਧੀਨ ਆਸਾਮੀਆਂ 'ਤੇ ਨਿਯੁਕਤ ਸਨ, ਉਹ ਕੁੜਤੇ ਦੇ ਉੱਪਰ ਸਿਲਾਈ ਕੀਤੀ ਹੋਈ ਜੈਕਟ ਪਹਿਨਦੇ ਸਨ ਜਦੋਂ ਕਿ ਭਾਰਤ ਦੇ ਜਿਹੜੇ ਲੋਕ ਮਹੱਤਵਪੂਰਨ ਅਹੁਦਿਆਂ ਤੇ ਨਿਯੁਕਤ ਸਨ, ਉਹ ਅੰਗਰੇਜ਼ੀ ਸੂਟ ਪਹਿਨਦੇ ਸਨ। ਡਿਊਟੀ 'ਤੇ ਤੈਨਾਤ ਅਫ਼ਸਰ ਲੋਕ ਗਰਮੀ ਦੇ ਮੌਸਮ ਵਿੱਚ ਅੱਧੀ ਪੈਂਟ ਪਹਿਨਦੇ ਸਨ। ਅੰਗਰੇਜ਼ ਅਧਿਕਾਰੀ ਅਤੇ ਉਹਨਾਂ ਦੇ ਸਹਾਇਕ ਭਾਰਤੀ ਕਰਮਚਾਰੀ ਸੋਲੋ ਹੈਟ ਪਹਿਨਦੇ ਸਨ।

## ਬ੍ਰਿਟਿਸ਼ ਸ਼ਾਸਨ ਅਤੇ ਪੁਸ਼ਾਕ-ਨਿਯਮਾਵਲੀ :



ਕੁਝ ਭਾਰਤੀ ਲੋਕ ਪੱਛਮੀ ਪਹਿਰਾਵੇ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਸਨ ਜਦੋਂ ਕਿ ਕੁਝ ਹੋਰ ਲੋਕ ਇਸ ਪਹਿਰਾਵੇ ਦੇ ਬਿਲਕੁਲ ਵਿਰੁੱਧ ਸਨ। ਆਮਤੌਰ 'ਤੇ ਭਾਰਤੀ ਲੋਕ ਕਿਸੇ ਭਵਨ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਆਪਣੇ ਜੁੱਤੇ ਉਤਾਰਦੇ ਸਨ ਜਦੋਂ ਕਿ ਅੰਗਰੇਜ਼ਾਂ ਨੂੰ ਅਜਿਹਾ ਕਰਨ ਦੀ ਜ਼ਰੂਰਤ ਨਹੀਂ ਸੀ ਹੁੰਦੀ। ਇਸੇ ਤਰ੍ਹਾਂ ਭਾਰਤੀ ਲੋਕ ਆਪਣੇ ਸਿਰ 'ਤੇ ਸਨਮਾਨ ਦੇ ਤੌਰ ਤੇ ਪੱਗੜੀ ਬੰਨ੍ਹਦੇ ਸਨ, ਜੋ ਕਿ ਕਿਸੇ ਵਿਅਕਤੀ ਨੂੰ ਸਨਮਾਨ ਦੇਣ ਲਈ ਉਤਾਰਨੀ ਜ਼ਰੂਰੀ ਨਹੀਂ ਸੀ। ਅੰਗਰੇਜ਼ ਲੋਕ ਅਪਣੇ ਸਿਰ ਨੂੰ ਢੱਕਣ ਲਈ ਟੋਪ (ਹੈਟ) ਪਹਿਨਦੇ ਸਨ। ਉਹ ਪੱਛਮੀ ਪ੍ਰੰਪਰਾ ਅਨੁਸਾਰ ਕਿਸੇ ਨੂੰ ਸਨਮਾਨ ਦੇਣ ਲਈ ਆਪਣੀ ਟੋਪੀ ਉਤਾਰ ਦਿੰਦੇ ਸਨ। ਇਸ ਸੱਭਿਆਚਾਰਿਕ ਭਿੰਨਤਾ ਨੇ ਦੋਹਾਂ ਕੌਮਾਂ ਵਿੱਚ ਗ਼ਲਤ ਫ਼ਹਿਮੀ ਪੈਦਾ ਕਰ ਦਿੱਤੀ। ਅੰਗਰੇਜ਼ ਭਾਰਤੀ ਲੋਕਾਂ ਨਾਲ਼ ਬਹੁਤ ਨਰਾਜ਼ ਸਨ ਕਿਉਂਕਿ ਜਦੋਂ ਉਹ ਉਪਨਿਵੇਸ਼ਵਾਦੀ ਅਫ਼ਸਰਾਂ ਨੂੰ ਮਿਲਨ ਜਾਂਦੇ ਸਨ ਤਾਂ ਉਹ ਅਫ਼ਸਰਾਂ ਨੂੰ ਸਨਮਾਨ ਦੇਣ ਲਈ ਆਪਣੀ ਪੱਗੜੀ ਨਹੀਂ ਉਤਾਰਦੇ ਸਨ।

ਇਸ ਦੇ ਇਲਾਵਾ ਭਾਰਤ ਦੇ ਲੋਕਾਂ ਅਤੇ ਯੂਰਪੀ ਦੇਸ਼ਾਂ ਦੇ ਲੋਕਾਂ ਦਰਮਿਆਨ ਝਗੜੇ ਦਾ ਦੂਜਾ ਕਾਰਨ ਜੁੱਤੇ ਪਹਿਨਣ ਨਾਲ਼ ਸੰਬੰਧਿਤ ਸੀ। 19ਵੀਂ ਸਦੀ ਦੇ ਸ਼ੁਰੂ ਵਿੱਚ ਅੰਗਰੇਜ਼ ਲੋਕ ਭਾਰਤੀ ਪ੍ਰੰਪਰਾ ਅਨੁਸਾਰ ਰਾਜਿਆਂ ਦੇ ਦਰਬਾਰ ਵਿੱਚ ਜੁੱਤੇ ਖੋਲ੍ਹ ਕੇ ਜਾਂਦੇ ਸਨ। ਕੁਝ ਬ੍ਰਿਟਿਸ਼ ਅਫ਼ਸਰ ਵੀ ਭਾਰਤੀ ਪਹਿਰਾਵਾ ਪਸੰਦ ਕਰਦੇ ਸਨ ਪਰੰਤੂ 19ਵੀਂ ਸਦੀ ਵਿੱਚ ਯੂਰਪੀਅਨਾਂ ਨੂੰ ਸਰਕਾਰੀ ਪਾਰਟੀਆਂ ਵਿੱਚ ਭਾਰਤੀ ਪੁਸ਼ਾਕ ਪਹਿਨ ਕੇ ਜਾਣ 'ਤੇ ਰੋਕ ਲਗਾ ਦਿੱਤੀ ਗਈ। ਇਸ ਸਮੇ ਦੌਰਾਨ ਭਾਰਤੀਆਂ ਦੀ ਇੱਛਾ ਸੀ ਕਿ ਲੋਕ ਦਫ਼ਤਰਾਂ ਵਿੱਚ ਭਾਰਤੀ ਪਹਿਰਾਵੇ ਵੀ ਨਿਯਮਾਵਲੀ ਅਨੁਸਾਰ ਕੱਪੜੇ ਪਹਿਨਣ। ਭਾਰਤੀ ਗਵਰਨਰ ਜਨਰਲ ਐਮਹਰਸਟ ਨੇ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ ਕਿ ਜਦੋਂ ਭਾਰਤੀ ਲੋਕ ਉਸ ਜਾਂ ਕਿਸੇ ਹੋਰ ਅੰਗਰੇਜ਼ ਅਧਿਕਾਰੀ ਸਾਮ੍ਹਣੇ ਪੇਸ਼ ਹੁੰਦੇ ਹਨ ਤਾਂ ਉਹ ਉਸ ਦੇ ਸਨਮਾਨ ਵਜੋਂ ਆਪਣੇ ਜੁੱਤੇ ਉਤਾਰਨ। ਪਰੰਤੂ ਭਾਰਤੀ ਲੋਕਾਂ ਨੇ ਉਸ ਦੇ ਇਸ ਆਦੇਸ਼ ਦੀ ਉਲੰਘਣਾ ਕੀਤੀ। 19ਵੀਂ ਸਦੀ ਵਿੱਚ ਲਾਰਡ ਡਲਹੌਜੀ ਦੇ ਸ਼ਾਸਨ ਕਾਲ਼ (1848ਈ.-1856 ਈ.) ਦੌਰਾਨ ਜਦੋਂ ਭਾਰਤੀ ਲੋਕ ਕਿਸੇ ਸਰਕਾਰੀ ਦਫ਼ਤਰ ਵਿੱਚ ਜਾਂਦੇ ਸਨ ਤਾਂ ਪਹਿਲਾਂ ਉਹ ਆਪਣੀ ਜੁੱਤੀ ਉਤਰਦੇ ਸਨ। ਭਾਰਤੀ ਸਰਕਾਰ ਦੇ ਬਹੁਤ ਸਾਰੇ ਮੁਲਾਜ਼ਮ ਪਹਿਰਾਵੇ ਦੇ ਇਹਨਾਂ ਨਿਯਮਾਂ ਦੇ ਵਿਰੁੱਧ ਸਨ।

## ਰਾਸ਼ਟਰੀ ਪੁਸ਼ਾਕ ਤਿਆਰ ਕਰਨਾ :

19ਵੀਂ ਸਦੀ ਦੇ ਅੰਤ ਤੱਕ ਸਾਧਾਰਨ ਸ਼ਾਸਨ ਪ੍ਰਬੰਧ, ਪ੍ਰੈੱਸ, ਸਿੱਖਿਆ ਅਤੇ ਸਾਰੇ ਦੇਸ਼ ਵਿੱਚ ਕਾਨੂੰਨ ਦੀ ਇਕਾਸਰਤਾ ਨੇ ਲੋਕਾਂ ਵਿੱਚ ਰਾਸ਼ਟਰਵਾਦ ਤੇ ਏਕਤਾ ਦੀ ਭਾਵਨਾ ਪੈਦਾ ਕੀਤੀ। ਭਾਰਤੀ ਲੋਕਾਂ ਨੇ ਸੱਭਿਆ ਚਾਰਿਕ ਚਿੰਨ੍ਹ ਤਿਆਰ ਕੀਤੇ, ਜੋ ਰਾਸ਼ਟਰੀ ਏਕਤਾ ਦਾ ਪ੍ਰਗਟਾਵਾ ਕਰਦੇ ਸਨ। ਇਸ ਸਮੇਂ ਦੌਰਾਨ ਰਾਸ਼ਟਰੀ ਗੀਤ ਲਿਖਿਆ ਗਿਆ ਅਤੇ ਰਾਸ਼ਟਰੀ ਝੰਡੇ ਦਾ ਨਮੂਨਾ ਤਿਆਰ ਕਰਨ ਸੰਬੰਧੀ ਵਿਚਾਰ-ਵਟਾਂਦਰਾ ਹੋਇਆ। ਵਿਚਾਰ-ਵਟਾਂਦਰੇ ਦੌਰਾਨ ਕੁਝ ਵਿਦਵਾਨਾਂ ਅਤੇ ਦਰਸ਼ਨ ਸ਼ਾਸਤਰੀਆਂ ਨੇ ਇੱਥੋਂ ਦੀ ਸੱਭਿਆਚਾਰਿਕ ਪਛਾਣ ਦਰਸਾਉਣ ਵਾਲੇ ਰਾਸ਼ਟਰੀ ਪਹਿਰਾਵੇ ਦਾ ਸਮਰਥਨ ਕੀਤਾ। ਰਾਵਿੰਦਰ ਨਾਥ ਟੈਗੋਰ ਅਨੁਸਾਰ ਭਾਰਤ ਦਾ ਰਾਸ਼ਟਰੀ ਪਹਿਰਾਵਾ ਭਾਰਤੀ ਤੇ ਯੂਰਪੀਅਨ ਪਹਿਰਾਵੇ ਦੇ ਮਿਲ ਜੁਲ ਹੋਣ ਦੀ ਬਜਾਏ ਹਿੰਦੂ ਅਤੇ ਮੁਸਲਿਮ ਪਹਿਰਾਵੇ ਦੇ ਤੱਤਾਂ ਦਾ ਸੁਮੇਲ ਹੋਣਾ ਚਾਹੀਦਾ ਹੈ। ਇਸ ਲਈ ਪੁਰਸ਼ਾਂ ਲਈ ਅਚਕਨ (ਬਟਨਾਂ ਵਾਲਾ ਲੰਬਾ ਕੋਟ) ਇੱਥੋਂ ਦੀ ਯੋਗ ਪੁਸ਼ਾਕ ਸਮਝੀ ਜਾਂਦੀ ਸੀ। ਗਿਆਨਦਾਨਦੀਨੀ (ਸਤਿੰਦਰਨਾਥ ਟੈਗੋਰ ਦੀ ਪਤਨੀ) ਨੇ ਰਾਸ਼ਟਰੀ ਪਹਿਰਾਵਾ ਤਿਆਰ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਹ ਪਾਰਸੀ ਢੰਗ ਨਾਲ ਸਾੜ੍ਹੀ ਪਹਿਨਦੇ ਸੀ, ਜੋ ਖੱਬੇ ਪਾਸੇ ਤੋਂ ਮੋਢੇ ਤੋਂ ਪਿੰਨ ਕੀਤੀ ਹੁੰਦੀ ਸੀ। ਉਸ ਵੱਲੋਂ ਸਾੜ੍ਹੀ ਨਾਲ ਮਿਲਦਾ ਜੁਲਦਾ ਬਲਾਊਜ਼ ਅਤੇ ਜੁੱਤੇ ਵੀ ਪਹਿਨੇ ਜਾਂਦੇ ਸਨ। ਇਸ ਨੂੰ 'ਬ੍ਰਹਮਕਾ ਸਾੜ੍ਹੀ' ਕਿਹਾ ਜਾਂਦੀ ਸੀ ਕਿਉਂਕਿ ਇਹ ਬ੍ਰਹਮੋ ਸਮਾਜੀ ਇਸਤਰੀਆਂ ਪਹਿਨਦੀਆਂ ਸਨ। ਬਾਅਦ ਵਿੱਚ ਪੁਸ਼ਾਕ ਦਾ ਇਹ ਨਮੂਨਾ ਮਹਾਰਾਸ਼ਟਰ ਅਤੇ ਉੱਤਰ-ਪ੍ਰਦੇਸ਼ ਵਿੱਚ ਬ੍ਰਹਮੋ ਤੇ ਗ਼ੈਰ-ਬ੍ਰਹਮੋ ਸਮਾਜੀ ਇਸਤਰੀਆਂ ਵਿੱਚ ਵੀ ਪ੍ਰਚਲਿਤ ਹੋ ਗਿਆ।


ਗਿਆਨਦਾਨਦੀਨੀ ਟੈਗੋਰ ।


ਪਾਰਸੀ ਸ਼ੈਲੀ ਦੀ ਸਾੜ੍ਹੀ

**ਸਵਦੇਸ਼ੀ ਲਹਿਰ ਅਤੇ ਖਾਦੀ :**

ਸਵਦੇਸ਼ੀ ਲਹਿਰ 1905 ਈ: ਵਿੱਚ ਲਾਰਡ ਕਰਜਨ ਵੱਲੋਂ ਬੰਗਾਲ ਦੀ ਵੰਡ ਕਰਨ ਕਰਕੇ ਹੋਂਦ ਵਿੱਚ ਆਈ। ਇਹ ਲਹਿਰ ਭਾਰਤੀ ਸੁਤੰਤਰਤਾ ਅੰਦੋਲਨ ਦਾ ਇੱਕ ਹਿੱਸਾ ਸੀ। ਇਸ ਦਾ ਪ੍ਰਮੁੱਖ ਉਦੇਸ਼ ਬੰਗਾਲ ਦੀ ਵੰਡ ਨੂੰ ਰੋਕਣਾ ਭਾਰਤ ਦੀ ਆਰਥਿਕ ਸਥਿਤੀ ਦਾ ਸੁਧਾਰ ਕਰਨਾ ਅਤੇ ਭਾਰਤ ਵਿੱਚੋਂ ਬ੍ਰਿਟਿਸ਼ ਸ਼ਾਸਨ ਨੂੰ ਖ਼ਤਮ ਕਰਨ ਦੀ ਇੱਕ ਸਫ਼ਲ ਯੋਜਨਾ ਤਿਆਰ ਕਰਨਾ ਸੀ।

ਆਪਣੇ ਦੇਸ਼ ਦੇ ਸਾਧਨਾਂ ਤੋਂ ਬਣੀਆਂ ਵਸਤੂਆਂ ਦੀ ਵਰਤੋਂ ਕਰਨਾ ਹੀ ਸਵਦੇਸ਼ੀ ਕਹਾਉਂਦਾ ਹੈ।

ਸਵਦੇਸ਼ੀ ਲਹਿਰ ਦਾ ਉਦੇਸ਼ ਭਾਰਤੀ ਉਦਯੋਗਾਂ ਦਾ ਵਿਸਥਾਰ ਕਰਨਾ ਸੀ। ਇਸ ਕਰਕੇ ਜਲਦੀ ਹੀ ਇਹ ਲਹਿਰ ਰਾਜਨੀਤਿਕ ਅਤੇ ਆਰਥਿਕ ਲਹਿਰ ਦਾ ਰੂਪ ਧਾਰਨ ਕਰ ਗਈ। ਸ਼ੁਰੂ ਵਿੱਚ ਇਹ ਲਹਿਰ ਬੰਗਾਲ ਵਿੱਚ ਅਤੇ ਫਿਰ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਫੈਲ ਗਈ। ਬਾਅਦ ਵਿੱਚ ਬਹੁਤ ਸਾਰੀਆਂ ਹੋਰ ਸੰਸਥਾਵਾਂ ਜਿਵੇਂ ਕਿ ਬੰਗਾਲ ਦਾ ਜ਼ਿਮੀਦਾਰ ਕੁਲੀਨ ਵਰਗ ਜਿਹੜਾ ਰਾਜਨੀਤੀ ਨੂੰ ਨਫ਼ਰਤ ਕਰਦਾ ਸੀ, ਉਹ ਵੀ ਸਵਦੇਸ਼ੀ ਲਹਿਰ ਵਿੱਚ ਸ਼ਾਮਲ ਹੋ ਗਿਆ।

1920 ਈ. ਵਿੱਚ ਮਹਾਤਮਾ ਗਾਂਧੀ ਜੀ ਨੇ ਸਵਦੇਸ਼ੀ ਲਹਿਰ ਦੀ ਕਾਰਜ-ਸੂਚੀ ਜਾਰੀ ਕਰਨ ਲਈ ਖਾਦੀ ਲਹਿਰ ਸ਼ੁਰੂ ਕੀਤੀ। ਇਸ ਤੋਂ ਇਲਾਵਾ ਇਸ ਲਹਿਰ ਨੇ ਲੋਕਾਂ ਲਈ ਰੁਜ਼ਗਾਰ ਉਤਪੰਨ ਕੀਤਾ। ਸੁਤੰਤਰਤਾ ਸੰਘਰਸ਼ ਖਾਦੀ ਦੀ ਵਰਤੋਂ ਕਰਨ ਅਤੇ ਵਿਦੇਸ਼ੀ ਚੀਜ਼ਾਂ ਦਾ ਬਹਿਸ਼ਕਾਰ ਕਰਨ 'ਤੇ ਆਧਾਰਤ ਸੀ। ਗਾਂਧੀ ਜੀ ਸੱਦੇ 'ਤੇ ਲੋਕਾਂ ਨੇ ਨਾ ਕੇਵਲ ਵਿਦੇਸ਼ੀ ਕੱਪੜਿਆਂ ਅਤੇ

ਵਸਤੂਆਂ ਦਾ ਬਾਈਕਾਟ ਕੀਤਾ ਸਗੋਂ ਉਨ੍ਹਾਂ ਨੂੰ ਸਾੜ ਵੀ ਦਿੱਤਾ। 'ਸਵਦੇਸ਼ੀ ਲਹਿਰ' ਨੇ ਭਾਰਤੀ ਉਦਯੋਗਾਂ ਨੂੰ ਬਹੁਤ ਉਤਸ਼ਾਹਿਤ ਕੀਤਾ।ਖਾਦੀ ਲਹਿਰ ਦਾ ਉਦੇਸ਼ ਸੀ ਕਿ ਭਾਰਤ ਦਾ ਹਰੇਕ ਵਿਅਕਤੀ ਖਾਦੀ ਦੇ ਕੱਪੜੇ ਪਹਿਨੇ।

ਮਹਾਤਮਾ ਗਾਂਧੀ ਜੀ ਸਵਦੇਸ਼ੀ ਲਹਿਰ ਦੇ ਮਹਾਨ ਸਮਰੱਥਕ ਸਨ।ਉਹਨਾਂ ਨੇ ਆਪਣੇ ਅੰਦੋਲਨਾਂ ਵਿੱਚ ਅੰਗਰੇਜ਼ਾਂ ਵੱਲੋਂ ਤਿਆਰ ਕੀਤੀਆਂ ਵਸਤੂਆਂ ਦੀ ਬਜਾਏ ਭਾਰਤ ਵਿੱਚ ਤਿਆਰ ਕੀਤੀਆਂ ਵਸਤਾਂ-ਭੋਜਨ, ਕੱਪੜਾ ਆਦਿ ਦੀ ਵਰਤੋਂ ਕਰਨ 'ਤੇ ਜ਼ੋਰ ਦਿੱਤਾ।ਇਸ ਦਾ ਮੁੱਖ ਉਦੇਸ਼ ਭਾਰਤ ਦੀ ਪੇਂਡੂ ਜਨਤਾ ਲਈ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨੇ ਅਤੇ ਭਾਰਤੀ ਖਾਦੀ ਉਦਯੋਗ ਨੂੰ ਪਤਨ ਤੋਂ ਬਚਾਉਣਾ ਸੀ।ਇਸ ਲਹਿਰ ਰਾਹੀਂ ਉਹਨਾਂ ਨੇ ਲੋਕਾਂ ਨੂੰ ਅਜ਼ਾਦੀ ਅੰਦੋਲਨ ਨਾਲ਼ ਜੋੜਿਆ।

ਆਧੁਨਿਕ ਯੁੱਗ ਦੌਰਾਨ ਬਾਲ ਗੰਗਾਧਰ ਤਿਲਕ ਜੀ ਵੀ ਸਵਦੇਸ਼ੀ ਲਹਿਰ ਦੇ ਇੱਕ ਹੋਰ ਮਹਾਨ ਸਮੱਰਥਕ ਸਨ।ਉਹਨਾਂ ਨੇ ਭਾਸ਼ਣਾਂ 'ਤੇ ਅਖ਼ਬਾਰਾਂ ਰਾਹੀਂ ਸਵਦੇਸ਼ੀ ਲਹਿਰ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ। ਉਹਨਾਂ ਦੇ ਘਰ ਦੇ ਸਾਮ੍ਹਣੇ ਸਵਦੇਸ਼ੀ ਵਸਤੂਆਂ ਦਾ ਇੱਕ ਬਹੁਤ ਵੱਡਾ ਬਾਜ਼ਾਰ ਸੀ।



ਮਹਾਤਮਾ ਗਾਂਧੀ ਜੀ ਦਾ ਚਰਖਾ ਕੱਤਦੇ ਹੋਏ।

## ਪੰਜਾਬੀ ਸੱਭਿਆਚਾਰ ਵਿੱਚ ਪਹਿਰਾਵਾ :

ਪੰਜਾਬੀਆਂ ਦੇ ਪਹਿਰਾਵੇ ਦੀ ਗੱਲ ਕਰੀਏ ਤਾਂ ਇੱਥੋਂ ਦੇ ਮਰਦਾਂ ਦਾ ਮੁੱਖ ਪਹਿਰਾਵਾ ਕੁੜਤਾ-ਪਜਾਮਾ ਅਤੇ ਇਸਤਰੀਆਂ ਦਾ ਪਹਿਰਾਵਾ ਸਲਵਾਰ-ਕਮੀਜ਼ ਹੀ ਰਿਹਾ ਹੈ।ਉਹ ਆਮ ਤੌਰ 'ਤੇ ਸਿਰ 'ਤੇ ਪੱਗ ਬੰਨ੍ਹਦੇ ਹਨ।ਪੇਂਡੂ ਖੇਤਰ ਵਿੱਚ ਮਰਦ ਪੱਗ ਦੀ ਥਾਂ 'ਤੇ ਪਰਨੇ (ਸਾਫੇ) ਦੀ ਵਰਤੋਂ ਵੀ ਕਰਦੇ ਹਨ। ਪੱਗ ਤੁੱਰ੍ਹੇ ਵਾਲੀ ਅਤੇ ਮਾਵਾ ਲਾ ਕੇ ਬੰਨ੍ਹਣ ਦਾ ਰਿਵਾਜ ਵੀ ਰਿਹਾ ਹੈ। ਪਹਿਲਾਂ ਇਕਹਿਰੀ ਪੱਗ ਬੰਨ੍ਹਣ ਦਾ ਰਿਵਾਜ ਸੀ। ਆਧੁਨਿਕ ਸਮੇ ਵਿੱਚ ਇਹ ਦੂਹਰੀ ਜਾਂ ਸਿਉਣ ਵਾਲ਼ੀ ਪੱਗ ਬੰਨ੍ਹਣ ਵਿੱਚ ਬਦਲ ਗਿਆ ਹੈ।ਆਮਤੌਰ 'ਤੇ ਮਰਦ ਪੱਗ ਹੇਠ 'ਫਿਫਟੀ' ਵੀ ਬੰਨ੍ਹਦੇ ਹਨ।

ਫਿਫਟੀ- ਦੂਜੇ ਵਿਸ਼ਵ ਯੁੱਧ ਵਿੱਚ ਸਿੱਖ ਸੈਨਿਕਾਂ ਨੂੰ ਵਰਦੀ ਨਾਲ ਪੰਜ ਮੀਟਰ ਕੱਪੜਾ ਪਗੜੀ ਬੰਨ੍ਹਣ ਲਈ ਦਿੱਤਾ ਜਾਂਦਾ ਸੀ ਪਰੰਤੂ ਯੁੱਧ ਵਿੱਚ ਹਮੇਸ਼ਾ ਲੰਮੀ ਅਤੇ ਭਾਰੀ ਪੱਗੜੀ ਪਹਿਨਣਾ ਸੰਭਵ ਨਹੀਂ ਸੀ ਇਸ ਲਈ ਢਾਈ ਮੀਟਰ ਕੱਪੜਾ ਛੋਟੀ ਪੱਗੜੀ ਦੇ ਰੂਪ ਵਿੱਚ ਦਿੱਤਾ ਜਾਣ ਲੱਗਾ ਜੋ ਕਿ ਫਿਫਟੀ ਦੇ ਨਾਂ ਨਾਲ਼ ਪ੍ਰਸਿੱਧ ਹੋਈ। ਸ਼ਗਨਾਂ ਜਾਂ ਵਿਆਹ ਮੌਕੇ ਆਦਮੀ ਲਾਲ, ਗੁਲਾਬੀ ਜਾਂ ਸੰਧੂਰੀ ਰੰਗ ਦੀ ਪੱਗ, ਗ਼ਮੀ ਜਾਂ ਸੋਗ ਸਮੇ ਚਿੱਟੇ ਜਾ ਕਿਸੇ ਫਿਕੇ ਰੰਗ ਦੀ ਪੱਗ ਸਿਰੇ 'ਤੇ ਬੰਨ੍ਹਦੇ ਸਨ। ਇਹ ਰਿਵਾਜ਼ ਅੱਜ ਵੀ ਪ੍ਰਚਲਤ ਹੈ।ਮਰਦ ਲੰਮੇ ਕੁੜਤੇ ਦੇ ਨਾਲ਼ ਤੇੜ ਚਾਦਰੇ ਪਹਿਨਦੇ ਸਨ। ਹੌਲ਼ੀ-ਹੌਲ਼ੀ ਕੁੜਤੇ-ਚਾਦਰੇ ਦੀ ਥਾਂ ਕੁੜਤੇ-ਪਜਾਮੇ ਨੇ ਲੈ ਲਈ। ਹੁਣ ਪੜ੍ਹੇ ਲਿਖੇ ਅਤੇ ਨੌਕਰੀ ਪੇਸ਼ਾ ਲੋਕ ਪੈਂਟ-ਸ਼ਰਟ ਪਹਿਨਦੇ ਹਨ। ਉਹ ਪੈਰਾਂ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਜੁੱਤੀਆਂ ਪਹਿਨਦੇ ਹਨ ਜਿਵੇਂ ਪੰਜਾਬੀ ਜੁੱਤੀ, ਸੈਂਡਲ ਤੇ ਬੂਟ ਆਦਿ।





**ਗਤੀਵਿਧੀ**

ਆਧੁਨਿਕ ਪੰਜਾਬੀ ਪਹਿਰਾਵੇ ਦੀਆਂ ਉਦਾਹਰਨਾਂ ਦਿੰਦੇ ਹੋਏ ਚਿੱਤਰਾਂ ਸਮੇਤ ਇੱਕ ਚਾਰਟ ਤੇ ਦਰਜ ਕਰੋ।

ਪੰਜਾਬਣਾਂ ਦਾ ਮੁੱਖ ਪਹਿਰਾਵਾਂ ਸਲਵਾਰ-ਕਮੀਜ਼ ਹੀ ਰਿਹਾ ਹੈ। ਪਹਿਲਾਂ ਔਰਤਾਂ ਕਮੀਜ਼ ਦੀ ਥਾਂ ਲੰਮੇ ਕੁੜਤੇ ਪਾਉਂਦੀਆਂ ਸਨ। ਫਿਰ ਕਾਲਰ ਵਾਲ਼ੇ ਗਲ਼ੇ ਅਤੇ ਕਫਾਂ ਦੀਆਂ ਬਾਹਾਂ ਵਾਲ਼ੀਆਂ ਕੁੜਤੀਆਂ (ਕਮੀਜ਼) ਦਾ ਰਿਵਾਜ ਵੀ ਰਿਹਾ। ਇਸਤਰੀਆਂ ਸਿਰ ਚੁੰਨੀ ਨਾਲ਼ ਢਕ ਕੇ ਰੱਖਦੀਆਂ ਸਨ। ਵਿਆਹੀਆਂ ਹੋਈਆਂ ਔਰਤਾਂ ਵੱਲੋਂ ਇਸੇ ਚੁੰਨੀ ਦੀ ਵਰਤੋਂ ਸਹੁਰੇ ਪਰਿਵਾਰ ਦੇ ਵਡੇਰਿਆਂ ਤੋਂ ਘੁੰਡ ਕੱਢਣ ਲਈ ਕੀਤੀ ਜਾਂਦੀ ਸੀ ਕਿਧਰੇ-ਕਿਧਰੇ ਘੁੰਡ ਕੱਢਣ ਦਾ ਰਿਵਾਜ ਅੱਜ ਵੀ ਹੈ। ਚੁੰਨੀਆਂ ਨੂੰ ਸੁੰਦਰ ਅਤੇ ਦਿਲ ਖਿੱਚਵਾਂ ਬਣਾਉਣ ਲਈ ਉਹਨਾਂ ਉੱਪਰ ਗੋਟੇ, ਸਿਤਾਰ, ਮੁਕੈਸ਼ ਅਤੇ ਸ਼ੀਸ਼ੇ ਆਦਿ ਵੀ ਲਾਏ ਜਾਂਦੇ ਹਨ। ਰੰਗ-ਬਿਰੰਗੀਆਂ ਚੁੰਨੀਆਂ ਲੈਣ ਦਾ ਰਿਵਾਜ ਵੀ ਪ੍ਰਚੱਲਿਤ ਰਿਹਾ ਹੈ। ਕੁਆਰੀਆ ਕੁੜੀਆਂ ਬੜੇ ਸ਼ੌਕ ਨਾਲ਼ ਵਿਆਹ ਲਈ ਫੁਲਕਾਰੀ ਕੱਢਦੀਆਂ ਸਨ। ਸੂਟਾਂ ਨਾਲ਼ ਮਿਲਦੀਆਂ-ਜੁਲਦੀਆਂ ਚੁੰਨੀਆਂ ਲਈਆਂ ਜਾਂਦੀਆਂ ਸਨ। ਸੂਟਾਂ 'ਤੇ ਕਢਾਈ ਵੀ ਕੀਤੀ ਜਾਂਦੀ ਸੀ ਅਤੇ ਕਦੇ-ਕਦੇ ਪੇਂਟ ਨਾਲ਼ ਵੀ ਫੁੱਲ-ਬੂਟੇ ਪਾ ਲਏ ਜਾਂਦੇ ਸਨ। ਚੁੰਨੀਆਂ ਨੂੰ ਗੋਟੇ ਲਾ ਕੇ ਹੋਰ ਵੀ ਆਕਰਸ਼ਿਤ ਬਣਾ ਲਿਆ ਜਾਂਦਾ ਸੀ। ਸ਼ਹਿਰੀ ਔਰਤਾਂ ਸਾੜ੍ਹੀ ਅਤੇ ਬਲਾਊਜ਼ ਵੀ ਪਹਿਨਦੀਆਂ ਸਨ। ਸਰਦੀਆਂ ਵਿੱਚ ਸਵੈਟਰ, ਕੋਟੀ ਅਤੇ ਸਕੀਵੀ ਪਾਉਣ ਦਾ ਰਿਵਾਜ ਰਿਹਾ ਹੈ। ਸਰਦੀ ਤੋਂ ਬਚਣ ਲਈ ਔਰਤਾਂ ਸ਼ਾਲ ਦੀ ਵਰਤੋਂ ਵੀ ਕਰਦੀਆਂ ਸਨ। ਸ਼ਿੰਗਾਰ ਲਈ ਗਹਿਣਿਆਂ ਦੀ ਵਰਤੋਂ ਕੀਤੀ ਜਾਂਦੀ ਸੀ, ਜਿੰਨ੍ਹਾਂ ਵਿੱਚ ਟਿੱਕਾ, ਮੋਹਰਾਂ, ਕੋਕਾ, ਝੁਮਕੇ, ਵਾਲ਼ੀਆਂ, ਕਾਂਟੇ, ਛਾਪਾਂ, ਕਲਿੱਪ ਚੂੜੀਆਂ-ਚੂੜੇ ਆਦਿ ਸ਼ਾਮਿਲ ਸਨ ਇਹ ਰਿਵਾਜ਼ ਅੱਜ ਫੇਰ ਸਿੱਖਰ ਤੇ ਹੈ। ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਅੱਜ-ਕੱਲ੍ਹ ਲੋਕ ਜੀਨਜ਼ ਦੀ ਵਰਤੋ ਕਰਨ ਲੱਗ ਪਏ ਹਨ, ਪਰ ਇਸਦਾ ਪ੍ਰਭਾਵ ਅਜੇ ਸ਼ਹਿਰੀ ਖੇਤਰ ਵਿੱਚ ਵਧੇਰੇ ਦੇਖਣ ਨੂੰ ਮਿਲ ਰਿਹਾ ਹੈ।

ਪਹਿਰਾਵੇ ਉੱਤੇ ਸਮਾਜਿਕ ਅਤੇ ਧਾਰਮਿਕ ਪ੍ਰਭਾਵ ਦੇਖਣ ਨੂੰ ਮਿਲਦਾ ਹੈ। ਨਿਹੰਗ ਸਿੰਘਾਂ ਦਾ ਬਾਣਾ ਨੀਲਾ ਜਾਂ ਕੇਸਰੀ ਹੀ ਰਿਹਾ। ਉਹ ਲੰਬਾ ਚੋਲ਼ਾ ਪਹਿਨਦੇ ਹਨ। ਸਿਰ ਉਪਰ ਵੱਡੀ ਉੱਚੀ ਸਾਰੀ ਗੋਲ਼ ਪੱਗ ਬੰਨ੍ਹਣ ਦਾ ਰਿਵਾਜ ਰਿਹਾ ਹੈ, ਜੋ ਕਿ ਅੱਜ-ਕੱਲ੍ਹ ਵੀ ਪ੍ਰਚਲਿਤ ਹੈ। ਪੱਗ ਉੱਪਰ ਚੱਕਰ ਅਤੇ ਖੰਡੇ ਜਾਂ ਕਿਰਪਾਨਾਂ ਦੇ ਛੋਟੇ ਛੋਟੇ ਚਿੰਨ੍ਹ ਲਗਾਉਂਦੇ ਹਨ। ਨਾਮਧਾਰੀ ਸੰਪਰਦਾ ਦੇ ਲੋਕ ਚਿੱਟੇ ਰੰਗ ਦੇ ਕੱਪੜੇ ਪਹਿਨਦੇ ਹਨ। ਉਹ ਸਿਰ ਉੱਪਰ ਗੋਲ਼ ਪੱਗ ਬੰਨ੍ਹਦੇ ਹਨ। ਲੰਬੇ ਕਮੀਜ਼ ਅਤੇ ਤੰਗ ਪਜਾਮੇ ਪਹਿਨਦੇ ਹਨ। ਪੰਡਿਤ ਅਤੇ ਹਿੰਦੂ ਧਰਮ ਦੇ ਲੋਕ ਆਮ ਤੌਰ 'ਤੇ ਕੁੜਤਾ ਧੋਤੀ ਪਹਿਨਦੇ ਹਨ। ਭਗਤ ਸਾਧੂ, ਜੋਗੀਆਂ ਦਾ ਪਹਿਰਾਵਾ ਵੱਖਰਾ ਸੀ। ਉਹ ਲੰਬੇ-ਲੰਬੇ ਚੋਲ਼ੇ ਪਹਿਨਦੇ ਸਨ ਜੋ ਆਮ ਤੌਰ 'ਤੇ ਗੇਰੂਆ ਰੰਗ ਦੇ ਹੁੰਦੇ ਹਨ। ਕਿਸਾਨ ਮਜ਼ਦੂਰ ਕੁੜਤਾ ਅਤੇ ਚਾਦਰਾ ਪਹਿਨਦੇ ਸਨ। ਅਮੀਰ ਲੋਕ ਮਹਿੰਗੇ ਕੱਪੜੇ ਪਹਿਨਦੇ ਸਨ। ਆਮ ਲੋਕ ਸੂਤੀ ਕੱਪੜੇ ਪਹਿਨਦੇ ਸਨ। ਘਰਾਂ ਵਿੱਚ ਹੀ ਕੱਪੜੇ ਦੀ ਬੁਣਾਈ ਕੀਤੀ ਜਾਂਦੀ ਸੀ। ਹੌਲ਼ੀ-ਹੌਲ਼ੀ ਇਸ ਕੱਪੜੇ ਦੀ ਥਾਂ ਮਸ਼ੀਨੀ ਕੱਪੜੇ ਨੇ ਲੈ ਲਈ। ਬਨਾਵਟੀ ਰੇਸ਼ਿਆਂ ਦੀ ਆਮਦ ਨੇ ਵੀ ਲੋਕਾਂ ਦੇ ਪਹਿਰਾਵੇ 'ਤੇ ਅਸਰ ਪਾਇਆ। ਮਸ਼ੀਨੀਕਰਨ, ਪੱਛਮੀ ਸੱਭਿਆਚਾਰ, ਮੀਡੀਆ ਅਤੇ ਸ਼ਹਿਰੀਕਰਨ ਨੇ ਵੀ ਲੋਕਾਂ ਦੇ ਪਹਿਰਾਵੇ ਤੇ ਅਸਰ ਪਾਇਆ। ਪਹਿਲਾਂ ਲੋਕ ਤਿਉਹਾਰਾਂ ਮੇਲਿਆਂ ਵਿਸ਼ੇਸ਼ ਮੌਕਿਆਂ 'ਤੇ ਨਵੇ ਤੇ ਰੰਗ ਬਿਰੰਗੇ ਕੱਪੜੇ ਬੜੇ ਚਾਅ ਨਾਲ਼ ਪਾਉਂਦੇ ਸਨ। ਪਰ ਜਿਉਂ-ਜਿਉਂ ਲੋਕਾਂ ਦੀ ਚੇਤਨਤਾ ਵਧੀ, ਆਮਦਨ ਵਧੀ, ਉਹ ਆਮ ਤੌਰ ਤੇ ਹੀ ਚੰਗੇ ਅਤੇ ਸਾਫ਼ ਸੁਥਰੇ ਕੱਪੜੇ ਪਹਿਨਣ ਲੱਗ ਪਏ।



ਨਿਹੰਗ ਸਿੰਘਾਂ ਦਾ ਬਾਣਾ

ਹੁਣ ਸ਼ਹਿਰਾਂ ਅਤੇ ਕਸਬਿਆਂ 'ਚ ਕੱਪੜਿਆਂ ਦੀ ਮਲਟੀਨੈਸ਼ਨਲ ਕੰਪਨੀਆਂ ਦੇ ਖੁੱਲ੍ਹੇ ਸ਼ੋਅ ਰੂਮ, ਮਾਲ ਅਤੇ ਪਾਰਲਰ ਪੰਜਾਬੀਆਂ ਦੇ ਪਹਿਰਾਵੇ ਅਤੇ ਜੀਵਨ-ਸ਼ੈਲੀ 'ਤੇ ਡੂੰਘਾ ਅਸਰ ਪਾ ਰਹੇ ਹਨ।



ਯਾਦ ਰੱਖਣ ਯੋਗ ਨੁਕਤੇ :

1. ਮਨੁੱਖ ਨੇ ਲੋੜ ਤੇ ਸਮਾਜਿਕ ਕਾਰਨਾਂ ਕਰਕੇ ਕੱਪੜੇ ਪਹਿਨਣੇ ਸ਼ੁਰੂ ਕੀਤੇ।
2. ਕੱਪੜੇ ਆਮ ਤੌਰ ਤੇ ਚਾਰ ਤਰ੍ਹਾਂ ਦੇ ਰੇਸ਼ਿਆਂ ਤੋਂ ਬਣੇ ਹੁੰਦੇ ਹਨ, ਸੂਤੀ, ਊਨੀ, ਰੇਸ਼ਮੀ ਅਤੇ ਬਣਾਵਟੀ।
3. ਮਰੀਨੋ ਭੇਡਾਂ ਦੀ ਉੱਨ ਸਭ ਤੋਂ ਉੱਤਮ ਮੰਨੀ ਜਾਂਦੀ ਹੈ।
4. ਉਦਯੋਗਿਕ ਕ੍ਰਾਂਤੀ ਅਤੇ ਵਿਸ਼ਵ ਯੁੱਧ ਨੇ ਵੀ ਲੋਕਾਂ ਦੇ ਪਹਿਰਾਵੇ ਤੇ ਆਪਣਾ ਪ੍ਰਭਾਵ ਪਾਇਆ।
5. ਅੰਗਰੇਜ਼ਾਂ ਦੇ ਭਾਰਤ ਆਉਣ ਤੇ ਪਹਿਰਾਵੇ ਵਿੱਚ ਬਹੁਤ ਪਰਿਵਰਤਨ ਆਇਆ।
6. ਗਿਆਨਦਾਨਦੀਨੀ ਟੈਗੋਰ ਨੇ ਰਾਸ਼ਟਰੀ ਪੁਸ਼ਾਕ ਤਿਆਰ ਕਰਨ ਵਿੱਚ ਬਹੁਤ ਯੋਗਦਾਨ ਦਿੱਤਾ ਹੈ।
7. ਖਾਦੀ ਲਹਿਰ ਦੁਆਰਾ ਗਾਂਧੀ ਜੀ ਨੇ ਲੋਕਾਂ ਨੂੰ ਅਜ਼ਾਦੀ ਅੰਦੋਲਨ ਨਾਲ ਜੋੜਿਆ।
8. ਫਿਫਟੀ ਬੰਨਣ ਦਾ ਰਿਵਾਜ਼ ਅੰਗਰੇਜ਼ਾਂ ਦੇ ਸਮੇਂ ਤੋਂ ਸ਼ੁਰੂ ਹੋਇਆ।

# ਅਭਿਆਸ

## 1. ਵਸਤੂਨਿਸ਼ਠ ਪ੍ਰਸ਼ਨ

### (ੳ) ਬਹੁ ਵਿਕਲਪੀ ਪ੍ਰਸ਼ਨ -

1. ਸੂਤੀ ਕੱਪੜਾ ਕਿਸ ਤੋਂ ਬਣਦਾ ਹੈ?
   (ੳ) ਕਪਾਹ (ਅ) ਜਾਨਵਰਾਂ ਦੀ ਖੱਲ
   (ੲ) ਰੇਸ਼ਮ ਦੇ ਕੀੜੇ (ਸ) ਉੱਨ
2. ਬਣਾਉਟੀ ਰੇਸ਼ੇ ਦਾ ਵਿਚਾਰ ਸਭ ਤੋਂ ਪਹਿਲਾਂ ਕਿਹੜੇ ਵਿਗਿਆਨੀ ਨੂੰ ਆਇਆ?
   (ੳ) ਮੈਰੀ ਕਿਊਰੀ (ਅ) ਰਾਬਰਟ ਹੁੱਕ
   (ੲ) ਲੂਈਸ ਸੁਬਾਬ (ਸ) ਲਾਰਡ ਕਰਜ਼ਨ
3. ਕਿਹੜੀ ਸਦੀ ਵਿੱਚ ਯੂਰਪ ਦੇ ਲੋਕ ਆਪਣੇ ਸਮਾਜਿਕ ਰੁਤਬੇ, ਵਰਗ ਜਾਂ ਲਿੰਗ ਦੇ ਅਨੁਸਾਰ ਕੱਪੜੇ ਪਹਿਨਦੇ ਸਨ?
   (ੳ) ਪੰਦਰਵੀਂ (ਅ) ਸੋਲਵੀਂ ਸਦੀ
   (ੲ) ਸਤਾਰਵੀਂ (ਸ) ਅਠਾਰਵੀਂ
4. ਕਿਹੜੇ ਵਪਾਰੀਆਂ ਨੇ ਭਾਰਤ ਦੀ ਛੀਟ ਦਾ ਆਯਾਤ ਸ਼ੁਰੂ ਕੀਤਾ ?
   (ੳ) ਚੀਨ (ਅ) ਯੂਰਪੀਨ
   (ੲ) ਅਮੇਰਕਿਨ (ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

### (ਅ) ਖ਼ਾਲੀ ਥਾਵਾਂ ਭਰੋ:

1) ਪੁਰਾਤੱਤਵ ਵਿਗਿਆਨਕਾਂ ਨੂੰ........... ਦੇ ਨਜ਼ਦੀਕ ਾਥੀ ਦੰਦ ਦੀਆਂ ਬਣੀਆਂ ਹੋਈਆਂ ਸੂਈਆਂ ਪ੍ਰਾਪਤ ਹੋਈਆਂ ਹਨ।
2) ਰੇਸ਼ਮ ਦਾ ਕੀੜਾ ਆਮ ਤੌਰ ਤੇ ..........ਦਰੱਖਤਾਂ ਉੱਤੇ ਪਾਲਿਆ ਜਾਂਦਾ ਹੈ।
3) ............ਕੱਪੜਿਆਂ ਦੇ ਅਵੇਸ਼ਸ਼ ਮਿਸਰ, ਬੇਬੀਲੋਨ, ਸਿੰਧ ਘਾਟੀ ਦੀ ਸੱਭਿਅਤਾ ਤੋਂ ਮਿਲੇ ਹਨ।
4) ਉਦਯੋਗਿਕ ਕ੍ਰਾਂਤੀ ਦਾ ਆਰੰਭ ........ਮਹਾਂਦੀਪ ਵਿੱਚ ਹੋਇਆ ਸੀ।
5. ਸਵਦੇਸ਼ੀ ਅੰਦੋਲਨ ..........ਈਸਵੀ ਵਿੱਚ ਆਰੰਭ ਹੋਇਆ।

### (ੲ) ਸਹੀ ਮਿਲਾਨ ਕਰੋ:

| ੳ | ਅ |
| --- | --- |
| ਬੰਗਾਲ ਦੀ ਵੰਡ | ਰਬਿੰਦਰ ਨਾਥ ਟੈਗੋਰ |
| ਰੇਸ਼ਮੀ ਕੱਪੜਾ | ਚੀਨ |
| ਰਾਸ਼ਟਰੀ ਗਾਣ | 1789 ਈ. |
| ਫਰਾਂਸੀਸੀ ਕ੍ਰਾਂਤੀ | ਮਹਾਤਮਾ ਗਾਂਧੀ |
| ਸਵਦੇਸ਼ੀ ਲਹਿਰ | ਲਾਰਡ ਕਰਜ਼ਨ |

**(ਸ) ਅੰਤਰ ਦੱਸੋ:**

1. ਊਨੀ ਅਤੇ ਰੇਸ਼ਮੀ
2. ਸੂਤੀ ਕੱਪੜਾ ਅਤੇ ਬਣਾਵਟੀ ਰੇਸ਼ਿਆਂ ਤੋਂ ਬਣਿਆ ਕੱਪੜਾ।

## 2. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ :

1. ਆਦਿ ਕਾਲ ਵਿੱਚ ਮਨੁੱਖ ਸਰੀਰ ਢਕਣ ਲਈ ਕਿਸ ਚੀਜ ਦੀ ਵਰਤੋਂ ਕਰਦਾ ਸੀ?
2. ਕੱਪੜੇ ਕਿੰਨੇ ਤਰ੍ਹਾਂ ਦੇ ਰੇਸ਼ਿਆਂ ਤੋਂ ਬਣਦੇ ਹਨ?
3. ਕਿਸ ਕਿਸਮ ਦੀਆਂ ਭੇਡਾਂ ਦੀ ਉੱਨ ਸਭ ਤੋਂ ਵਧੀਆ ਹੁੰਦੀ ਹੈ?
4. ਕਿਸ ਦੇਸ਼ ਦੀਆਂ ਇਸਤਰੀਆਂ ਨੇ ਸਭ ਤੋਂ ਪਹਿਲਾਂ ਪਹਿਰਾਵੇ ਦੀ ਆਜ਼ਾਦੀ ਸੰਬੰਧੀ ਆਵਾਜ਼ ਉੱਠਾਈ।
5. ਉਦਯੋਗਿਕ ਕ੍ਰਾਂਤੀ ਤੋਂ ਪਹਿਲਾਂ ਇੰਗਲੈਂਡ ਕਿਸ ਦੇਸ਼ ਤੋਂ ਸੂਤੀ ਕੱਪੜੇ ਦਾ ਆਯਾਤ ਕਰਦਾ ਸੀ।
6. ਖਾਦੀ ਲਹਿਰ ਚਲਾਉਣ ਵਾਲੇ ਪ੍ਰਮੁੱਖ ਭਾਰਤੀ ਨੇਤਾਵਾਂ ਦੇ ਨਾਂ ਲਿਖੋ?
7. ਨਾਮਧਾਰੀ ਸੰਪਰਦਾਇ ਦੇ ਲੋਕ ਕਿਸ ਰੰਗ ਦੇ ਕੱਪੜੇ ਪਹਿਨਦੇ ਸਨ।

## 3. ਛੋਟੇ ਉੱਤਰ ਵਾਲੇ ਪ੍ਰਸ਼ਨ:

1. ਮਨੁੱਖ ਨੂੰ ਪਹਿਰਾਵੇ ਦੀ ਲੋੜ ਕਿਉਂ ਪਈ?
2. ਰੇਸ਼ਮੀ ਕੱਪੜਾ ਕਿਵੇਂ ਤਿਆਰ ਹੁੰਦਾ ਹੈ?
3. ਉਦਯੋਗਿਕ ਕ੍ਰਾਂਤੀ ਦਾ ਪਹਿਰਾਵੇ ਉੱਤੇ ਕੀ ਪ੍ਰਭਾਵ ਪਿਆ?
4. ਇਸਤਰੀਆਂ ਦੇ ਪਹਿਰਾਵੇ ਤੇ ਮਹਾਂਯੁੱਧਾਂ ਦਾ ਕੀ ਅਸਰ ਪਿਆ?
5. ਸਵਦੇਸ਼ੀ ਲਹਿਰ ਬਾਰੇ ਤੁਸੀਂ ਕੀ ਜਾਣਦੇ ਹੋ?
6. ਰਾਸ਼ਟਰੀ ਪੁਸ਼ਾਕ ਤਿਆਰ ਕਰਨ ਸਬੰਧੀ ਕੀਤੇ ਗਏ ਯਤਨਾਂ ਦਾ ਵਰਨਣ ਕਰੋ।
7. ਪੰਜਾਬ ਵਿੱਚ ਇਸਤਰੀਆਂ ਦੇ ਪਹਿਰਾਵੇ 'ਤੇ ਸੰਖੇਪ ਨੋਟ ਲਿਖੋ।

## 4. ਵੱਡੇ ਉੱਤਰ ਵਾਲੇ ਪ੍ਰਸ਼ਨ:

1. ਕੱਪੜਿਆਂ ਵਿੱਚ ਵਰਤੇ ਜਾਣ ਵਾਲੇ ਅਲੱਗ ਵਖੱਰੇ ਰੇਸ਼ਿਆਂ ਦਾ ਵਰਣਨ ਕਰੋ?
2. ਉਦਯੋਗਿਕ ਕ੍ਰਾਂਤੀ ਨੇ ਆਮ ਲੋਕਾਂ ਅਤੇ ਇਸਤਰੀਆਂ ਦੇ ਪਹਿਰਾਵੇ ਉੱਤੇ ਕੀ ਅਸਰ ਪਿਆ?
3. ਭਾਰਤੀ ਲੋਕਾਂ ਦੇ ਪਹਿਰਾਵੇ ਵਿੱਚ ਸਵਦੇਸ਼ੀ ਅੰਦੋਲਨ ਦਾ ਕੀ ਪ੍ਰਭਾਵ ਪਿਆ?
4. ਪੰਜਾਬੀ ਲੋਕਾਂ ਦੇ ਪਹਿਰਾਵੇ ਸਬੰਧੀ ਆਪਣੇ ਵਿਚਾਰ ਲਿਖੋ।

**ਪ੍ਰੋਜੈਕਟ**

1. ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਪਹਿਰਾਵੇ ਵਿੱਚ ਬਦਲਦੇ ਸਮੇਂ ਨਾਲ ਕੀ-ਕੀ ਪਰਿਵਰਤਨ ਆਏ ਜਾਣੋਂ ਅਤੇ ਲਿਖੋ। ਇਸ ਬਾਰੇ ਆਪਣੀ ਜਮਾਤ ਵਿੱਚ ਚਰਚਾ ਕਰੋ।
2. 'ਸਾਦਾ ਪਹਿਰਾਵਾ ਅਤੇ ਉੱਚੀ ਸੋਚ' ਤੋਂ ਕੀ ਭਾਵ ਹੈ? ਇੱਕ ਰੰਗੀਨ ਚਾਰਟ ਬਣਾਓ।
3. ਭਾਰਤ ਦੇ ਕਿਸੇ ਪੰਜ ਰਾਜਾਂ ਦੇ ਪਹਿਰਾਵੇ ਦੇ ਚਿੱਤਰ ਇਕੱਠੇ ਕਰਕੇ ਆਪਣੀ ਕਾਪੀ ਵਿੱਚ ਲਗਾਓ।



# ਇਕਾਈ -4




ਵਰਤਮਾਨ ਲੋਕਤੰਤਰ ਦਾ ਇਤਿਹਾਸ, ਵਿਕਾਸ ਅਤੇ ਵਿਸਥਾਰ,
ਲੋਕਤੰਤਰ ਦਾ ਅਰਥ ਅਤੇ ਮਹੱਤਵ

ਪਾਠ 9

# ਵਰਤਮਾਨ ਲੋਕਤੰਤਰ ਦਾ ਇਤਿਹਾਸ, ਵਿਕਾਸ ਅਤੇ ਵਿਸਥਾਰ

ਪ੍ਰਾਚੀਨ ਕਾਲ ਤੋਂ ਲੈ ਕੇ ਆਧੁਨਿਕ ਕਾਲ ਤੱਕ ਵਿਸ਼ਵ ਵਿੱਚ ਕਈ ਪ੍ਰਕਾਰ ਦੀਆਂ ਸ਼ਾਸਨ ਪ੍ਰਨਾਲੀਆਂ ਪ੍ਰਚਲਿਤ ਰਹੀਆਂ ਹਨ ਜਿਨ੍ਹਾਂ ਵਿੱਚ ਰਾਜਤੰਤਰ ਸੱਤਾਵਾਦੀ, ਸਰਵ ਸੱਤਾਵਾਦੀ, ਤਾਨਾਸ਼ਾਹੀ ਤੋਂ ਸੈਨਿਕ ਤਾਨਾਸ਼ਾਹੀ ਪ੍ਰਮੁੱਖ ਹਨ। ਪਰ ਅਜੋਕਾ ਯੁੱਗ ਲੋਕਤੰਤਰ ਦਾ ਯੁੱਗ ਮੰਨਿਆ ਜਾਂਦਾ ਹੈ। ਦੁਨੀਆਂ ਭਰ ਦੇ ਬਹੁਗਿਣਤੀ ਦੇਸਾਂ ਨੇ ਲੋਕਤੰਤਰ ਨੂੰ ਅਪਣਾ ਲਿਆ ਹੈ। ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਅੱਜ ਦੇ ਯੁੱਗ ਵਿੱਚ ਬਹੁਤ ਹੀ ਹਰਮਨ ਪਿਆਰੀ ਹੋ ਚੁੱਕੀ ਹੈ ਜਿਨ੍ਹਾਂ ਦੇਸਾਂ ਵਿੱਚ ਲੋਕਤੰਤਰ ਨੂੰ ਪੂਰੀ ਤਰ੍ਹਾਂ ਨਹੀਂ ਅਪਣਾਇਆ ਗਿਆ ਉਹਨਾਂ ਦੇਸਾਂ ਦੀਆਂ ਸਰਕਾਰਾਂ ਵੀ ਆਪਣੇ ਆਪ ਨੂੰ ਲੋਕਤੰਤਰੀ ਕਹਾਉਣ ਦਾ ਦਾਅਵਾ ਕਰਦੀਆਂ ਹਨ। ਜਿਵੇਂ ਰੂਸ ਅਤੇ ਚੀਨ ਵਿੱਚ ਸਾਮਵਾਦੀ ਦਲ ਦੀ ਤਾਨਾਸ਼ਾਹੀ ਹੈ। ਹਰ ਪੰਜ ਸਾਲ ਬਾਅਦ ਸਾਮਵਾਦੀ ਦਲ ਦੀ ਹੀ ਸਰਕਾਰ ਬਣਦੀ ਹੈ। ਇਹਨਾਂ ਦੇਸਾਂ ਵਿੱਚ ਵਿਰੋਧੀ ਪਾਰਟੀ ਦੀ ਹੋਂਦ ਨੂੰ ਮਨਜ਼ੂਰ ਨਹੀਂ ਕੀਤਾ ਜਾਂਦਾ ਫਿਰ ਵੀ ਇਹ ਦੇਸ ਲੋਕਤੰਤਰੀ ਕਹਾਉਣ ਦਾ ਦਾਅਵਾ ਕਰਦੇ ਹਨ ਜਦਕਿ ਵਿਰੋਧੀ ਦਲ ਦਾ ਹੋਣਾ ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਦਾ ਮੁੱਖ ਲੱਛਣ ਹੈ। ਦੂਜੇ ਮਹਾਂਯੁੱਧ ਤੋਂ ਬਾਅਦ ਅਜ਼ਾਦ ਹੋਏ ਏਸ਼ੀਆ ਤੇ ਅਫ਼ਰੀਕਾ ਦੇ ਦੇਸਾਂ ਨੇ ਲੋਕਤੰਤਰੀ ਪ੍ਰਨਾਲ਼ੀ ਨੂੰ ਅਪਣਾਇਆ ਹੈ। ਅਮਰੀਕੀ ਲੋਕ ਲੋਕਤੰਤਰ ਨੂੰ ਹੋਰ ਸਾਰੀਆਂ ਸ਼ਾਸਨ ਪ੍ਰਨਾਲ਼ੀਆਂ ਜਿਵੇਂ ਕਮਿਊਨਿਜਮ, ਫਾਸੀਵਾਦੀ, ਸੱਤਾਵਾਦੀ ਤੇ ਤਾਨਾਸ਼ਾਹੀ ਤੋਂ ਉੱਤਮ ਮੰਨਦੇ ਹਨ।

## ਲੋਕਤੰਤਰ ਦਾ ਇਤਿਹਾਸ

**I. ਯੂਨਾਨ ਤੇ ਰੋਮਨ ਦਾ ਪ੍ਰਾਚੀਨ ਕਾਲ** – ਵਿਸ਼ਵ ਵਿੱਚ ਲੋਕਤੰਤਰ ਦਾ ਅਰੰਭ ਯੂਨਾਨ ਤੇ ਰੋਮਨ ਗਣਰਾਜਾਂ ਤੋਂ ਹੋਇਆ ਹੈ। ਪ੍ਰਾਚੀਨ ਯੂਨਾਨ ਦੇ ਨਗਰ ਰਾਜਾਂ ਵਿੱਚ ਸਿੱਧਾ ਜਾ ਪ੍ਰਤੱਖ ਲੋਕਤੰਤਰ ਪ੍ਰਚੱਲਿਤ ਸੀ। ਇਹਨਾਂ ਰਾਜਾਂ ਦੀ ਅਬਾਦੀ ਬਹੁਤ ਘੱਟ ਹੁੰਦੀ ਸੀ। ਰਾਜ ਦੇ ਨਾਗਰਿਕ ਸਿੱਧੇ ਤੌਰ 'ਤੇ ਸ਼ਾਸਨ ਸੰਬੰਧੀ ਪ੍ਰਸ਼ਾਸਨਿਕ ਨੀਤੀਗਤ ਫ਼ੈਸਲੇ ਲੈਂਦੇ ਸਨ। ਆਪਣੇ ਰਾਜ ਦੀਆਂ ਸਮਾਜਿਕ ਆਰਥਿਕ ਤੇ ਰਾਜਨੀਤਿਕ ਸਮੱਸਿਆਵਾਂ ਹੱਲ ਕਰਨ ਲਈ ਹਰੇਕ ਨਾਗਰਿਕ ਕਾਨੂੰਨ ਬਣਾਉਣ, ਸਰਵ ਜਨਕ ਨੀਤੀਆਂ ਦਾ ਨਿਰਣਾ ਕਰਨ, ਰਾਜ ਦਾ ਸਲਾਨਾ ਬਜਟ ਪਾਸ ਕਰਨ ਵਿੱਚ ਸਿੱਧੇ ਤੌਰ 'ਤੇ ਭਾਗ ਲੈਂਦਾ ਸੀ। ਪਰ ਇਹ ਲੋਕਤੰਤਰ ਸੀਮਿਤ ਲੋਕਤੰਤਰ ਸੀ ਕਿਉਂਕਿ ਇਹਨਾਂ ਨਗਰ ਰਾਜਾਂ ਵਿੱਚ ਸਮਾਜ ਦਾ ਇੱਕ ਬਹੁਤ ਵੱਡਾ ਭਾਗ ਗ਼ੁਲਾਮਾਂ ਦਾ ਸੀ ਜਿਨ੍ਹਾਂ ਨੂੰ ਪ੍ਰਸ਼ਾਸਨ ਦੇ ਕੰਮਾਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਂਦਾ ਸੀ। ਰੋਮਨ ਰਾਜਾਂ ਵਿੱਚ ਭਾਵੇਂ ਰਾਜਾ ਲੋਕਾਂ ਦੁਆਰਾ ਚੁਣਿਆ ਜਾਂਦਾ ਸੀ, ਪਰ ਰਾਜਾ ਪ੍ਰਸ਼ਾਸਨ ਆਪਣੀ ਇੱਛਾ ਅਨੁਸਾਰ ਚਲਾਉਂਦਾ ਸੀ। ਸਿਧਾਂਤਕ ਤੌਰ 'ਤੇ ਰਾਜੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਸਨ ਪਰ ਅਮਲੀ ਰੂਪ ਵਿੱਚ ਰਾਜਾ ਆਪਣੀ ਇੱਛਾ ਅਨੁਸਾਰ ਹੀ ਪ੍ਰਸ਼ਾਸਨ ਚਲਾਉਂਦਾ ਸੀ।

**II. ਭਾਰਤ ਦਾ ਪ੍ਰਾਚੀਨ ਕਾਲ** - ਪ੍ਰਾਚੀਨ ਕਾਲ ਵਿੱਚ ਭਾਰਤ ਦੇ ਕੁਝ ਰਾਜਾਂ ਵਿੱਚ ਸਵਰਾਜ ਦੇ ਸਿਧਾਂਤ ਨੂੰ ਅਪਣਾਇਆ ਗਿਆ ਸੀ। ਚੋਲ ਵੰਸ਼ ਦੇ ਰਾਜ ਕਾਲ ਵਿੱਚ ਹੇਠਲੇ ਪੱਧਰ ਦੇ ਲੋਕਤੰਤਰ ਦੀਆਂ ਉਦਾਹਰਨਾਂ ਮਿਲ਼ਦੀਆਂ ਹਨ। ਚੋਲ ਰਾਜਿਆਂ ਨੇ ਪ੍ਰਸ਼ਾਸਨ ਨੂੰ ਕੁਸ਼ਲਤਾ ਪੂਰਵਕ ਚਲਾਉਣ ਲਈ ਰਾਜ ਨੂੰ ਅੱਗੇ ਛੋਟੀਆਂ ਇਕਾਈਆਂ ਵਿੱਚ ਵੰਡਿਆ ਹੋਇਆ ਸੀ ਜਿਵੇਂ ਮੰਡਲਮ, ਵਲਾਡੂ, ਨਾਇਡੂ ਤੇ ਉਰ ਇਹ ਪ੍ਰਸ਼ਾਸਨਿਕ ਇਕਾਈਆਂ ਉਤਰਦੇ ਕ੍ਰਮ ਅਨੁਸਾਰ, ਚੋਲ ਵੰਸ਼ ਦੇ ਰਾਜਿਆਂ ਦੀ ਇਹ ਇਕ ਖ਼ਾਸ ਵਿਸ਼ੇਸ਼ਤਾ ਸੀ ਕਿ ਉਹਨਾਂ ਨੇ ਉਕਤ ਪ੍ਰਸ਼ਾਸਨਿਕ ਇਕਾਈਆਂ ਨੂੰ ਖ਼ੁਦ ਮੁਖਤਿਆਰੀ ਜਾਂ ਸ੍ਵੈ-ਸ਼ਾਸਨ ਚਲਾਉਣ ਦੀਆਂ ਸ਼ਕਤੀਆਂ ਦਿੱਤੀਆਂ ਹੋਈਆਂ ਸਨ। ਚੋਲ ਰਾਜਿਆਂ ਦੇ ਸਮੇਂ ਸਥਾਨਿਕ ਪ੍ਰਬੰਧ ਚਲਾਉਣ ਲਈ ਕਮੇਟੀ ਸਿਸਟਮ ਲਾਗੂ ਕੀਤਾ ਗਿਆ ਜਿਸ ਨੂੰ ਵਰਿਆਮ ਪ੍ਰਨਾਲ਼ੀ ਕਹਿੰਦੇ ਸਨ। ਵੱਖ-ਵੱਖ ਕੰਮਾਂ ਲਈ ਵੱਖ-ਵੱਖ ਕਮੇਟੀਆਂ ਬਣਾਈਆਂ ਜਾਂਦੀਆਂ ਸਨ ਜਿਵੇਂ ਕਰ ਕਮੇਟੀ, ਸਫ਼ਾਈ ਦੇ ਪ੍ਰਬੰਧ ਲਈ ਕਮੇਟੀ,

ਪਾਣੀ ਦੇ ਪ੍ਰਬੰਧ ਲਈ ਕਮੇਟੀ, ਨਿਆਂ ਦੇ ਕੰਮਾਂ ਲਈ ਕਮੇਟੀ। ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ 'ਉਰ' ਸੀ ਜੋ ਕਿ ਅੱਜ ਦੇ ਪਿੰਡਾਂ ਦੀ ਤਰ੍ਹਾਂ ਹੀ ਸੀ। ਇਸ ਦਾ ਪ੍ਰਬੰਧ ਚਲਾਉਣ ਲਈ 30 ਮੈਂਬਰਾਂ ਦੀ ਕਮੇਟੀ ਇੱਕ ਸਾਲ ਲਈ ਉਰ ਦੇ ਬਾਲਗਾਂ ਦੁਆਰਾ ਚੁਣੀ ਜਾਂਦੀ ਸੀ। ਉਰ ਨੂੰ 30 ਵਾਰਡਾਂ ਵਿੱਚ ਵੰਡਿਆਂ ਜਾਂਦਾ ਸੀ। ਹਰ ਵਾਰਡ ਵਿੱਚੋਂ ਇੱਕ ਮੈਂਬਰ ਚੁਣਿਆ ਜਾਂਦਾ ਸੀ। ਹਰ ਵਾਰਡ ਦੇ ਲੋਕ ਇੱਕ ਤੋਂ ਵੱਧ ਉਮੀਦਵਾਰਾਂ ਦੇ ਨਾਵਾਂ ਦੀ ਸਿਫਾਰਸ਼ ਕਰਦੇ ਸਨ। ਇਹਨਾਂ ਉਮੀਦਵਾਰਾਂ ਦੇ ਨਾਵਾਂ ਨੂੰ ਤਾੜ ਦੇ ਪੱਤਿਆਂ 'ਤੇ ਲਿਖ ਕੇ ਇੱਕ ਡੱਬੇ ਵਿੱਚ ਪਾ ਦਿੱਤਾ ਜਾਂਦਾ ਸੀ। ਫਿਰ ਡੱਬੇ ਵਿੱਚੋਂ ਕੋਈ 30 ਪੱਤੇ ਵਾਰੀ-ਵਾਰੀ ਕਿਸੇ ਬੱਚੇ ਦੁਆਰਾ ਕਢਵਾਏ ਜਾਂਦੇ ਸਨ। ਜਿਨ੍ਹਾਂ ਦੇ ਨਾਂ ਬੱਚੇ ਦੁਆਰਾ ਡੱਬੇ ਵਿੱਚੋਂ ਬਾਹਰ ਕੱਢੇ ਜਾਂਦੇ ਸਨ ਉਸ ਨੂੰ ਮੈਂਬਰ ਮੰਨ ਲਿਆ ਜਾਂਦਾ ਸੀ। ਇਸ ਚੋਣ ਢੰਗ ਨੂੰ (ਕੁਦੁਬਲਾਇ) ਕਿਹਾ ਜਾਂਦਾ ਸੀ। ਪਰ ਕੁੱਲ-ਮਿਲਾ ਕੇ ਪ੍ਰਾਚੀਨ ਭਾਰਤ ਵਿੱਚ ਲੋਕਤੰਤਰ ਸਥਾਪਿਤ ਨਹੀਂ ਹੋ ਸਕਿਆ। ਪ੍ਰਸ਼ਾਸਨਿਕ ਕਮੇਟੀਆਂ ਪਿੰਡਾਂ ਦਾ ਪ੍ਰਬੰਧ ਚਲਾਉਣ ਲਈ ਫ਼ੈਸਲੇ ਆਮ ਤੌਰ 'ਤੇ ਦਰੱਖਤਾਂ ਜਾਂ ਮੰਦਰਾਂ ਦੇ ਵਿਹੜਿਆਂ ਵਿੱਚ ਬੈਠ ਕੇ ਲੈਂਦੀਆਂ ਸਨ।

**III. ਮੱਧਕਾਲ** – ਯੂਰਪ ਵਿਚ 5ਵੀਂ ਸਦੀ ਤੋਂ 15ਵੀਂ ਸਦੀ ਤੱਕ ਦੇ ਫ਼ਾਸਲੇ ਨੂੰ ਮੱਧਕਾਲ ਦਾ ਯੁੱਗ ਮੰਨਿਆ ਜਾਂਦਾ ਹੈ। ਭਾਰਤ ਵਿੱਚ ਇਹ ਕਾਲ 7ਵੀਂ ਸਦੀ ਤੋਂ ਲੈ ਕੇ 18ਵੀਂ ਸਦੀ ਤੱਕ ਮੰਨਿਆ ਜਾਂਦਾ ਹੈ। ਇਸ ਕਾਲ ਨੂੰ ਸਾਮੰਤਵਾਦ ਦਾ ਕਾਲ ਵੀ ਕਿਹਾ ਜਾਂਦਾ ਹੈ। ਸਾਮੰਤਵਾਦ ਇੱਕ ਆਰਥਿਕ ਤੇ ਸਮਾਜਿਕ ਵਿਵਸਥਾ ਸੀ। ਰਾਜਾ ਸਾਮੰਤਾਂ ਨੂੰ ਭੂਮੀ ਵੰਡ ਦਿੰਦਾ ਸੀ। ਭੂਮੀ ਬਦਲੇ ਰਾਜਾ ਸਾਮੰਤਾਂ ਤੋਂ ਸੈਨਿਕ ਤੇ ਆਰਥਿਕ ਸਹਾਇਤਾ ਪ੍ਰਾਪਤ ਕਰਦਾ ਸੀ। ਸਾਮੰਤ ਅੱਗੇ ਕਾਸ਼ਤਕਾਰਾਂ ਨੂੰ ਭੂਮੀ ਵੰਡਦੇ ਸਨ। ਕਾਸ਼ਤਕਾਰਾਂ ਨੂੰ ਭੂਮੀ ਦੀ ਉਪਜ ਦਾ ਬਹੁਤ ਥੋੜ੍ਹਾ ਹਿੱਸਾ ਦਿੱਤਾ ਜਾਂਦਾ ਸੀ। ਸਾਮੰਤ ਅੱਤਿਆਚਾਰੀ ਹੁੰਦੇ ਸਨ। ਇਸ ਯੁੱਗ ਨੂੰ ਹਨੇਰੇ ਦਾ ਯੁੱਗ ਵੀ ਕਿਹਾ ਜਾਂਦਾ ਹੈ। ਇਸ ਯੁੱਗ ਵਿੱਚ ਲੋਕਤੰਤਰ ਦੇ ਕੋਈ ਅੰਸ਼ ਨਹੀਂ ਮਿਲਦੇ। ਆਮ ਜਨਤਾ ਨੂੰ ਕੋਈ ਅਧਿਕਾਰ ਪ੍ਰਾਪਤ ਨਹੀਂ ਸੀ। ਇਸ ਯੁੱਗ ਦੇ ਅੰਤ ਵਿੱਚ ਪੁਨਰ ਜਾਗ੍ਰਿਤੀ ਦੀ ਲਹਿਰ ਸ਼ੁਰੂ ਹੋ ਚੁੱਕੀ ਸੀ ਪਰ ਫਿਰ ਵੀ ਇਸ ਕਾਲ ਵਿੱਚ ਲੋਕਤੰਤਰ ਦਾ ਉਭਾਰ ਨਹੀਂ ਹੋ ਸਕਿਆ। ਕਿਉਂਕਿ ਇਸ ਯੁੱਗ ਦੇ ਹਾਲਾਤ ਸਾਮੰਤਵਾਦ ਦੇ ਪੱਖ ਵਿੱਚ ਸਨ।

**IV. ਆਧੁਨਿਕ ਕਾਲ** – ਰਾਜਿਆਂ ਦੀਆਂ ਨਿਰੰਕੁਸ਼ ਤੇ ਦਮਨਕਾਰੀ ਨੀਤੀਆਂ ਵਿਰੁੱਧ ਯੂਰਪ ਵਿੱਚ ਵਿਰੋਧੀ ਪ੍ਰਕਿਰਿਆ ਸ਼ੁਰੂ ਹੋ ਗਈ। ਮਾਨਟੈਸਕਿਉ, ਵਾਲਟੇਅਰ ਤੇ ਰੂਸੋ ਵਰਗੇ ਵਿਦਵਾਨਾਂ ਦੇ ਨਵੇਂ-ਨਵੇਂ ਵਿਚਾਰਾਂ ਨੇ ਰਾਜਿਆਂ ਦੀ ਜਨਤਾ ਉੱਤੇ ਪਕੜ ਨੂੰ ਕਮਜ਼ੋਰ ਕਰ ਦਿੱਤਾ। ਰਾਜਿਆਂ ਦੇ ਦੈਵੀ ਅਧਿਕਾਰਾਂ ਨੂੰ ਇੰਗਲੈਂਡ ਦੀ ਸੰਸਦ ਨੇ ਚੁਣੌਤੀ ਦਿੱਤੀ। ਰਾਜਤੰਤਰ ਨੂੰ ਸੰਵਿਧਾਨਿਕ ਬਣਾਉਣ ਦੇ ਉਦੇਸ਼ ਨਾਲ ਰਾਜੇ ਦੀਆਂ ਸ਼ਕਤੀਆਂ ਨੂੰ ਕਾਫ਼ੀ ਹੱਦ ਤੱਕ ਸੀਮਿਤ ਕਰ ਦਿੱਤਾ। ਅਖ਼ੀਰ ਵਿੱਚ ਸੰਸਦੀ ਲੋਕਤੰਤਰ ਦੀ ਜਿੱਤ ਹੋਈ। ਇੰਗਲੈਂਡ ਨੇ ਦੁਨੀਆਂ ਦੇ ਲੋਕਾਂ ਨੂੰ ਸੰਸਦੀ ਲੋਕਤੰਤਰ ਅਪਨਾਉਣ ਲਈ ਪ੍ਰੇਰਿਆ ਅਤੇ ਲੋਕਤੰਤਰੀ ਆਦਰਸ਼ਾਂ ਨੂੰ ਸਥਾਪਿਤ ਕੀਤਾ।

ਲੋਕਤੰਤਰ ਵਿੱਚ ਸ਼ਾਸਨ ਕਰਨ ਦੀ ਅੰਤਿਮ ਸ਼ਕਤੀ ਲੋਕਾਂ ਦੇ ਚੁਣੇ ਹੋਏ ਨੇਤਾਵਾਂ ਕੋਲ਼ ਹੁੰਦੀ ਹੈ। ਲੋਕਾਂ ਨੂੰ ਆਪਣੀ ਪਸੰਦ ਦੇ ਨੇਤਾ ਚੁਣਨ ਦੀ ਅਜ਼ਾਦੀ ਹੁੰਦੀ ਹੈ। ਲੋਕਤੰਤਰ ਪ੍ਰਨਾਲ਼ੀ ਵਿੱਚ ਜਨਤਕ ਪ੍ਰਭੂਸੱਤਾ ਦਾ ਸਿਧਾਂਤ ਲਾਗੂ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਲੋਕਤੰਤਰ ਵਿੱਚ ਪ੍ਰਭੂਸੱਤਾ ਅਸਲ ਵਿੱਚ ਸਾਰੇ ਲੋਕਾਂ ਕੋਲ਼ ਹੁੰਦੀ ਹੈ। ਇਸ ਲਈ ਅਮਰੀਕੀ ਰਾਸ਼ਟਰਪਤੀ ਇਬ੍ਰਾਹਿਮ ਲਿੰਕਨ ਨੇ ਕਿਹਾ ਹੈ ਕਿ ਲੋਕਤੰਤਰੀ ਸਰਕਾਰ, ਲੋਕਾਂ ਦੀ, ਲੋਕਾਂ ਲਈ ਤੇ ਲੋਕਾਂ ਦੁਆਰਾ ਚੁਣੀ ਗਈ ਸਰਕਾਰ ਹੁੰਦੀ ਹੈ। ਲੋਕਤੰਤਰ ਪ੍ਰਨਾਲ਼ੀ ਵਿੱਚ ਕਾਨੂੰਨ ਦਾ ਸ਼ਾਸਨ ਹੁੰਦਾ ਹੈ ਅਤੇ ਲੋਕਾਂ ਦੁਆਰਾ ਬਣਾਏ ਸੰਵਿਧਾਨ ਨੂੰ ਕਾਨੂੰਨੀ ਪੱਖ ਤੋਂ ਸਰਵਉੱਚਤਾ ਪ੍ਰਾਪਤ ਹੁੰਦੀ ਹੈ।

**ਪਰਿਭਾਸ਼ਾ :**

I. ਸੀਲੇ ਅਨੁਸਾਰ ਲੋਕਤੰਤਰ ਅਜਿਹੀ ਸਰਕਾਰ ਹੈ ਜਿਸ ਵਿੱਚ ਹਰ ਇੱਕ ਵਿਅਕਤੀ ਦਾ ਹਿੱਸਾ ਹੁੰਦਾ ਹੈ।

II. ਯੂਨਾਨ ਦੇ ਪ੍ਰਸਿੱਧ ਲੇਖਕ ਹੈਰੋਡੋਟਸ ਅਨੁਸਾਰ ਪ੍ਰਜਾਤੰਤਰ ਇੱਕ ਅਜਿਹਾ ਸ਼ਾਸਨ ਹੈ ਜਿਸ ਵਿੱਚ ਸਭ ਤੋਂ ਉੱਚੀ ਸ਼ਕਤੀ ਲੋਕਾਂ ਕੋਲ ਹੁੰਦੀ ਹੈ।

III. ਲਾਰਡ ਬ੍ਰਾਈਸ ਅਨੁਸਾਰ ਲੋਕਤੰਤਰ ਉਹ ਸ਼ਾਸਨ ਹੈ ਜਿਸ ਵਿੱਚ ਰਾਜ ਦੀ ਸ਼ਾਸਨ ਸ਼ਕਤੀ ਕਿਸੇ ਵਿਸ਼ੇਸ਼ ਸ਼੍ਰੇਣੀ ਜਾਂ ਸ਼੍ਰੇਣੀਆਂ ਦੇ ਹੱਥਾਂ ਵਿੱਚ ਨਹੀਂ ਸਗੋਂ ਸਮੁੱਚੇ ਸਮਾਜ ਦੇ ਹੱਥਾਂ ਵਿੱਚ ਹੁੰਦੀ ਹੈ।

**ਵਿਦਿਆਰਥੀਓ ਕੀ ਤੁਸੀਂ ਜਾਣਦੇ ਹੋ —**
ਪੰਜਾਬ ਵਿੱਚ ਕਿਹੜੀਆਂ-ਕਿਹੜੀਆਂ ਸਥਾਨਕ ਪੱਧਰ ਦੀਆਂ ਸੰਸਥਾਵਾਂ ਪੇਂਡੂ ਤੇ ਸ਼ਹਿਰੀ ਖੇਤਰ ਵਿੱਚ ਕਾਰਜ ਕਰ ਰਹੀਆਂ ਹਨ ?

ਅਮਰੀਕਾ ਵਿੱਚ ਸਥਾਪਿਤ ਅੰਗਰੇਜ਼ ਬਸਤੀਆਂ ਨੇ ਬਰਤਾਨਵੀਂ ਹਕੂਮਤ ਦੇ ਰਾਜਤੰਤਰ ਜਾਂ ਰੋਕਤੰਤਰ ਵਿਰੁੱਧ ਅਵਾਜ਼ ਉਠਾਈ। 1775-83 ਦੀ ਕ੍ਰਾਂਤੀ ਤੋਂ ਬਾਅਦ ਅੰਗਰੇਜ਼ੀ ਹਕੂਮਤ ਤੋਂ ਅਜ਼ਾਦੀ ਪ੍ਰਾਪਤ ਕੀਤੀ। ਸੰਯੁਕਤ ਰਾਜ ਅਮਰੀਕਾ ਨੇ ਜਨਤਕ ਪ੍ਰਭੁਸੱਤਾ ਤੇ ਅਧਿਕਾਰਾਂ ਲਈ ਪਿੱਠ ਭੂਮੀ ਤਿਆਰ ਕੀਤੀ। ਅਮਰੀਕਾ ਨੇ ਲੋਕਤੰਤਰੀ ਸੰਵਿਧਾਨ ਦੀ ਰਚਨਾ ਕੀਤੀ। ਫਰਾਂਸ ਵਿੱਚ 1789-1794 ਈ. ਦੀ ਕ੍ਰਾਂਤੀ ਤੋਂ ਬਾਅਦ ਰਾਜਤੰਤਰ ਖ਼ਤਮ ਹੋ ਗਿਆ ਤੇ ਫਰਾਂਸ ਗਣਤੰਤਰ ਦੇਸ ਬਣ ਗਿਆ। ਫਰਾਂਸ ਨੇ ਲੋਕਤੰਤਰ ਪ੍ਰਨਾਲ਼ੀ ਨੂੰ ਚੁਣਿਆ।

**ਲੋਕਤੰਤਰ ਦਾ ਸੁਨਹਿਰੀ ਯੁੱਗ —** 20ਵੀਂ ਸਦੀ ਨੂੰ ਲੋਕਤੰਤਰ ਦਾ ਸੁਨਹਿਰੀ ਯੁੱਗ ਕਿਹਾ ਜਾਂਦਾ ਹੈ। ਯੂਰਪ ਦੇ ਲੋਕਾਂ ਦਾ ਲੋਕਤੰਤਰ ਵੱਲ ਰੁਝਾਨ ਸ਼ੁਰੂ ਹੋ ਗਿਆ। ਬਰਤਾਨੀਆਂ ਤੇ ਅਮਰੀਕਾ ਨੇ ਕਿਹਾ ਕਿ ਪਹਿਲਾ ਮਹਾਂਯੁੱਧ (1914-18) ਲੋਕਤੰਤਰ ਦੀ ਸੁਰੱਖਿਆ ਅਤੇ ਆਤਮ ਨਿਰਣੇ ਦੇ ਸਿਧਾਂਤ ਲਈ ਲੜਿਆ ਗਿਆ। ਪਹਿਲੇ ਮਹਾਂਯੁੱਧ ਤੋਂ ਬਾਅਦ ਕਈ ਨਵੇ ਦੇਸ ਹੋਂਦ ਵਿੱਚ ਆਏ। ਇਹਨਾਂ ਦੇਸਾਂ ਨੇ ਲੋਕਤੰਤਰ ਪ੍ਰਨਾਲ਼ੀ ਅਪਣਾਉਣ ਨੂੰ ਹੀ ਤਰਜੀਹ ਦਿੱਤੀ। ਜਿਹੜੇ ਦੇਸ਼ ਸਮਰਾਜਵਾਦ ਦੇ ਸ਼ਿਕਾਰ ਸਨ ਉਹਨਾਂ ਸਾਰਿਆਂ ਨੇ ਆਪਣੇ ਆਪ ਨੂੰ ਸਮਰਾਜਵਾਦ ਤੋਂ ਮੁਕਤ ਕਰਵਾਉਣ ਤੇ ਉੱਥੇ ਲੋਕਤੰਤਰੀ ਸੰਸਥਾਵਾਂ ਸਥਾਪਿਤ ਕਰਨ ਦੀ ਇੱਛਾ ਪ੍ਰਗਟਾਈ। ਪਰੰਤੂ ਲੋਕਤੰਤਰ ਦੇ ਸੁਨਹਿਰੀ ਯੁੱਗ ਦਾ ਜਲਦੀ ਹੀ ਅੰਤ ਹੋ ਗਿਆ। ਲੋਕਤੰਤਰ ਨੂੰ ਭੈੜੇ ਹਲਾਤ ਦਾ ਸਾਮ੍ਹਣਾ ਕਰਨਾ ਪਿਆ। ਪਹਿਲੇ ਵਿਸ਼ਵ ਯੁੱਧ ਦੇਸ ਤੋਂ ਬਾਅਦ ਇਟਲੀ ਅਤੇ ਜਰਮਨੀ ਵਿੱਚ ਦੋ ਅਜਿਹੀਆਂ ਲਹਿਰਾਂ ਚੱਲੀਆਂ ਜਿਨ੍ਹਾਂ ਨਾਲ ਲੋਕਤੰਤਰ ਨੂੰ ਬਹੁਤ ਵੱਡਾ ਧੱਕਾ ਲੱਗਾ। ਜਰਮਨੀ ਵਿੱਚ ਨਸਲਵਾਦੀ ਵਿਚਾਰਧਾਰਾ, ਨਾਜ਼ੀਵਾਦ ਤੇ ਇਟਲੀ ਵਿੱਚ ਫ਼ਾਸੀਵਾਦ ਵਿਚਾਰਧਾਰਾ ਦਾ ਆਗਮਨ ਹੋਣ ਨਾਲ ਲੋਕਤੰਤਰੀ ਪ੍ਰਕ੍ਰਿਆ ਇੱਕ ਵਾਰੀ ਠੱਪ ਹੋ ਕੇ ਰਹਿ ਗਈ। ਇਹ ਦੋਨੋਂ ਵਿਚਾਰਧਾਰਾਵਾਂ ਤਾਨਾਸ਼ਾਹੀ ਦੀਆਂ ਸਮਰਥਕ ਸਨ। ਇਹਨਾਂ ਵਿਚਾਰਧਾਰਾਵਾਂ ਕਾਰਨ ਦੂਜੇ ਮਹਾਂਯੁੱਧ ਦੀ ਸ਼ੁਰੂਆਤ ਹੋਈ ਜੋ ਕਿ 1939 ਤੋਂ ਲੈ ਕੇ 1945 ਤੱਕ ਚੱਲਿਆ।

ਦੂਜੇ ਮਹਾਂਯੁੱਧ ਬਾਅਦ ਏਸ਼ੀਆ ਅਤੇ ਅਫ਼ਰੀਕਾ ਮਹਾਂਦੀਪ ਦੇ ਬਹੁਤ ਸਾਰੇ ਦੇਸਾਂ ਨੇ ਅਜ਼ਾਦੀ ਪ੍ਰਾਪਤ ਕੀਤੀ। 1947 ਵਿੱਚ ਭਾਰਤ ਨੂੰ ਪੂਰਨ ਅਜ਼ਾਦੀ ਪ੍ਰਾਪਤ ਹੋ ਗਈ। ਭਾਰਤ 1950 ਵਿੱਚ ਪ੍ਰਭੂਸੱਤਾ ਸੰਪਨ ਲੋਕਤੰਤਰੀ ਗਣਰਾਜ ਬਣ ਗਿਆ। ਭਾਰਤ ਵਿੱਚੋਂ ਇੱਕ ਨਵਾਂ ਦੇਸ ਪਾਕਿਸਤਾਨ ਬਣ ਗਿਆ। ਪਾਕਿਸਤਾਨ ਵਿੱਚ ਲੋਕਤੰਤਰ ਦਾ ਪ੍ਰਚਲਨ ਲਗਾਤਾਰ ਨਹੀਂ ਹੋ ਸਕਿਆ। ਇੱਥੇ ਅਕਸਰ ਸੱਤਾ ਫ਼ੌਜੀ ਜਰਨੈਲ ਦੇ ਹੱਥਾ ਵਿੱਚ ਰਹੀ ਹੈ। ਜਿਵੇਂ 1958 ਤੋਂ 1968 ਤੱਕ ਜਨਰਲ ਆਯੂਬ ਖਾਂ ਨੇ ਸੈਨਿਕ ਤਾਨਾਸ਼ਾਹੀ ਸਥਾਪਿਤ ਕੀਤੀ। ਇਸੇ ਤਰ੍ਹਾਂ 1999 ਵਿੱਚ ਜਨਰਲ ਪ੍ਰਵੇਜ਼ ਮੁਸ਼ਰਫ ਨੇ ਚੁਣੀ ਹੋਈ ਸਰਕਾਰ ਦਾ ਤਖ਼ਤਾ ਪਲਟ ਦਿੱਤਾ ਤੇ ਦੇਸ ਦੇ ਸ਼ਾਸਨ ਦੀ ਵਾਗ-ਡੋਰ ਆਪਣੇ ਹੱਥਾਂ ਵਿੱਚ ਲੈ ਲਈ। ਰਾਸ਼ਟਰਪਤੀ ਸੁਕਰਾਨੋ ਨੇ ਨਿਯੰਤਰਿਤ ਲੋਕਤੰਤਰ ਸਥਾਪਿਤ ਕੀਤਾ।

## ਲੋਕਤੰਤਰ ਦੇ ਵਿਕਾਸ ਅਤੇ ਵਿਸਥਾਰ ਵੱਲ ਵੱਧਦੇ ਕਦਮ

ਲੋਕਤੰਤਰ ਦੇ ਇਤਿਹਾਸ ਬਾਰੇ ਮੁਢਲੀ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਅਸੀਂ ਹੁਣ ਇਹ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਦੁਨੀਆਂ ਦੇ ਦੇਸਾਂ ਵਿੱਚ ਲੋਕਤੰਤਰ ਦੇ ਵਿਕਾਸ ਅਤੇ ਵਿਸਥਾਰ ਦੀ ਦਿਸ਼ਾ ਕਿਹੋ-ਜਿਹੀ ਰਹੀ ਹੈ? ਕੀ ਲੋਕਤੰਤਰ ਦਾ ਵਿਕਾਸ ਤੇ ਵਿਸਥਾਰ ਦੁਨੀਆਂ ਵਿੱਚ ਲਗਾਤਾਰ ਹੋ ਰਿਹਾ ਹੈ? ਕੀ ਇਸ ਦੇ ਰਸਤੇ ਵਿੱਚ ਰੁਕਾਵਟਾਂ ਆ ਰਹੀਆਂ ਹਨ? ਲੋਕਤੰਤਰ ਦੇ ਵਿਕਾਸ ਅਤੇ ਵਿਸਥਾਰ ਨੂੰ ਜਾਨਣ ਤੋਂ ਬਾਅਦ ਅਸੀਂ ਵਿਸ਼ਵ ਪੱਧਰੀ ਲੋਕਤੰਤਰੀ ਸੰਸਥਾਵਾਂ ਦਾ ਵੀ ਜ਼ਿਕਰ ਕਰਾਂਗੇ। ਅਸੀਂ ਇਹ ਵੀ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਵਿਸ਼ਵ ਪੱਧਰੀ ਲੋਕਤੰਤਰੀ ਸੰਸਥਾਵਾਂ ਦੀ ਕਾਰਜਸ਼ੀਲਤਾ ਲੋਕਤੰਤਰੀ ਹੈ ਜਾਂ ਇਸ ਵਿੱਚ ਕੁਝ ਕਮੀਆਂ ਹਨ।

ਲੋਕਤੰਤਰ ਦੇ ਵਿਕਾਸ ਅਤੇ ਵਿਸਥਾਰ ਨੂੰ ਜਾਨਣ ਲਈ ਸਾਨੂੰ ਵਿਸ਼ਵ ਦੇ ਦੇਸਾਂ ਦੀਆਂ ਕੁਝ ਉਦਾਹਰਨਾਂ ਲੈਣੀਆਂ ਪੈਣਗੀਆਂ। ਸਭ ਤੋਂ ਪਹਿਲਾਂ ਅਸੀਂ **ਚਿੱਲੀ** ਦੀ ਉਦਾਹਰਨ ਲੈਂਦੇ ਹਾਂ ਜੋ ਕਿ ਦੱਖਣੀ ਅਮਰੀਕਾ ਮਹਾਂਦੀਪ ਦਾ ਦੇਸ ਹੈ। ਅਲੈਂਡੇ ਨਾਂ ਦੇ ਵਿਅਕਤੀ ਨੇ ਚਿੱਲੀ ਵਿੱਚ ਸੋਸ਼ਲਿਸਟ ਨਾਂ ਦੀ ਪਾਰਟੀ ਦੀ ਅਗਵਾਈ ਕੀਤੀ। ਇਸ ਪਾਰਟੀ ਨੇ ਰਾਸ਼ਟਰਪਤੀ ਚੋਣਾਂ ਵਿੱਚ ਜਿੱਤ ਹਾਸਲ ਹੋਈ। ਅਲੈਂਡੇ 1970 ਵਿੱਚ ਚਿੱਲੀ ਦਾ ਰਾਸ਼ਟਰਪਤੀ ਚੁਣਿਆ ਗਿਆ। ਰਾਸ਼ਟਰਪਤੀ ਚੁਣੇ

ਜਾਣ ਤੋਂ ਬਾਅਦ ਅਲੈਂਡੇ ਨੇ ਗ਼ਰੀਬਾਂ ਅਤੇ ਕਿਰਤੀਆਂ ਦੀ ਭਲਾਈ ਲਈ ਕਈ ਅਹਿਮ ਫ਼ੈਸਲੇ ਲਏ। ਉਸ ਨੇ ਸਿੱਖਿਆ ਪ੍ਰਨਾਲ਼ੀ ਵਿੱਚ ਵੀ ਕਈ ਸੁਧਾਰ ਕੀਤੇ। ਬੱਚਿਆਂ ਲਈ ਮੁਫ਼ਤ ਦੁੱਧ ਤੇ ਭੂਮੀਹੀਣਾਂ ਨੂੰ ਜ਼ਮੀਨ ਦੀ ਵੰਡ ਕੀਤੀ ਗਈ। ਉਸ ਨੇ ਵਿਦੇਸ਼ੀ ਕੰਪਨੀਆਂ ਦਾ ਵਿਰੋਧ ਕੀਤਾ ਜੋ ਦੇਸ ਦੇ ਕੁਦਰਤੀ ਸਾਧਨਾਂ ਦਾ ਸ਼ੋਸ਼ਣ ਕਰ ਰਹੀਆਂ ਸਨ। ਜਗੀਰਦਾਰਾਂ, ਅਮੀਰਾਂ ਅਤੇ ਚਰਚ ਨੇ ਉਸ ਦੀਆਂ ਨੀਤੀਆਂ ਦਾ ਵਿਰੋਧ ਕੀਤਾ। ਚਿੱਲੀ ਵਿੱਚ ਕੁਝ ਹੋਰ ਪਾਰਟੀਆਂ ਨੇ ਵੀ ਅਲੈਂਡੇ ਦੀ ਸਰਕਾਰ ਦਾ ਵਿਰੋਧ ਕੀਤਾ।

11 ਸਤੰਬਰ, 1973 ਨੂੰ ਸੈਨਿਕ ਸਾਜ਼ਿਸ਼ ਦੁਆਰਾ ਅਲੈਂਡੇ ਨੂੰ ਗੱਦੀ ਛੱਡਣ ਲਈ ਮਜਬੂਰ ਕੀਤਾ। ਅਲੈਂਡੇ ਨੇ ਅਸਤੀਫ਼ਾ ਦੇਣ ਤੋਂ ਮਨ੍ਹਾਂ ਕਰ ਦਿੱਤਾ। ਸੈਨਾ ਨੇ ਰਾਸ਼ਟਰਪਤੀ ਭਵਨ ਨੂੰ ਘੇਰ ਲਿਆ ਤੇ ਹਮਲਾ ਕਰ ਦਿੱਤਾ। ਇਸ ਸੈਨਿਕ ਹਮਲੇ ਵਿੱਚ ਅਲੈਂਡੇ ਦੀ ਮੌਤ ਹੋ ਗਈ। ਸੱਤ੍ਹਾ ਮਿਲਟਰੀ ਕਮਾਂਡਰ ਪਿਨੌਸ਼ ਦੇ ਹੱਥ ਵਿੱਚ ਆ ਗਈ। ਪਿਨੌਸ਼ ਨੇ ਲੱਗਭਗ 17 ਸਾਲ ਤੱਕ ਆਪ ਬਣੇ ਸੈਨਿਕ ਤਾਨਾਸ਼ਾਹ ਵਜੋਂ ਰਾਜ ਕੀਤਾ। ਇਸ ਕਾਲ ਦੌਰਾਨ ਲੋਕਤੰਤਰ ਦੇ ਸਮਰਥਕਾਂ ਤੇ ਉਹਨਾਂ ਫ਼ੌਜੀ ਅਫ਼ਸਰਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਜਿਨ੍ਹਾਂ ਨੇ ਸੈਨਿਕ ਸਾਜ਼ਿਸ਼ ਵਿੱਚ ਭਾਗ ਲੈਣ ਤੋਂ ਮਨ੍ਹਾਂ ਕਰ ਦਿੱਤਾ ਸੀ। ਇਹਨਾਂ ਵਿੱਚ ਚਿੱਲੀ ਹਵਾਈ ਸੈਨਾ ਦਾ ਕਮਾਂਡਰ ਜਨਰਲ ਐਲਬਰਟੋ ਬੈਚਲੇ ਵੀ ਸੀ। ਜਨਰਲ ਬੈਚਲੇ ਦੀ ਧੀ ਮਿਸ਼ੇਲ ਤੇ ਪਤਨੀ ਨੂੰ ਵੀ ਕੈਦ ਕਰ ਲਿਆ ਗਿਆ।

**ਚਿੱਲੀ ਵਿੱਚ ਲੋਕਤੰਤਰ ਦੀ ਬਹਾਲੀ —** ਪਿਨੌਸ਼ ਦੀ ਸੈਨਿਕ ਤਾਨਾਸ਼ਾਹੀ ਦਾ 1988 ਵਿੱਚ ਅੰਤ ਹੋ ਗਿਆ ਜਦੋਂ ਉਸ ਨੇ ਲੋਕਾਂ ਦੀ ਰਾਇ ਸੰਗ੍ਰਹਿ ਕਰਵਾਉਣ ਦਾ ਨਿਸ਼ਚਾ ਕੀਤਾ। ਪਿਨੌਸ਼ ਨੂੰ ਭਰੋਸਾ ਸੀ ਕਿ ਜਨਤਾ ਉਸ ਨੂੰ ਸੱਤ੍ਹਾ ਤੇ ਕਾਬਜ਼ ਰਹਿਣ ਲਈ ਹਾਂ ਕਰੇਗੀ ਪਰ ਜਨਤਾ ਆਪਣੀਆਂ ਲੋਕਤੰਤਰੀ ਪਰੰਪਰਾਵਾਂ ਨੂੰ ਭੁੱਲੀ ਨਹੀਂ ਸੀ। ਇਸ ਲਈ ਜਨਮੱਤ ਸੰਗ੍ਰਹਿ ਪਿਨੌਸ਼ ਦੇ ਵਿਰੁੱਧ ਸਾਬਤ ਹੋਇਆ। ਪਿਨੌਸ਼ ਨੂੰ ਸੈਨਿਕ ਤਾਨਾਸ਼ਾਹ ਵੱਜੋਂ ਗੱਦੀ ਛੱਡਣ ਲਈ ਮਜਬੂਰ ਹੋਣਾ ਪਿਆ। ਉਦੋਂ ਤੋਂ ਲੈ ਕੇ ਚਿੱਲੀ ਵਿੱਚ ਚਾਰ ਵਾਰੀ ਚੋਣਾਂ ਹੋ ਚੁੱਕੀਆਂ ਹਨ ਜਿਨ੍ਹਾਂ ਵਿੱਚ ਵੱਖ-ਵੱਖ ਰਾਜਨੀਤਿਕ ਦਲਾਂ ਨੇ ਭਾਗ ਲਿਆ। ਹੌਲੀ-ਹੌਲੀ ਚਿੱਲੀ ਵਿੱਚੋਂ ਸੈਨਿਕ ਸ਼ਾਸਨ ਖ਼ਤਮ ਹੋ ਗਿਆ। ਲੋਕਾਂ ਨੂੰ ਰਾਜਨੀਤਿਕ ਅਜ਼ਾਦੀ ਪ੍ਰਾਪਤ ਹੋਈ। ਚੁਣੀ ਹੋਈ ਸਰਕਾਰ ਨੇ ਪਿਨੌਸ਼ ਦੇ ਸ਼ਾਸਨ ਕਾਲ ਵਿੱਚ ਹੋਈਆਂ ਜ਼ਿਆਦਤੀਆਂ ਦੀ ਪੜਤਾਲ ਕਰਵਾਈ। ਜਿਨ੍ਹਾਂ ਤੋਂ ਪਤਾ ਚੱਲਿਆ ਕਿ ਉਸ ਦੇ ਸ਼ਾਸਨ ਵਿੱਚ ਲੋਕਾਂ 'ਤੇ ਨਾ ਕੇਵਲ ਅੱਤਿਆਚਾਰ ਹੀ ਹੋਏ ਸਗੋਂ ਉਸ ਦੇ ਸ਼ਾਸਨ ਵਿੱਚ ਭ੍ਰਿਸ਼ਟਾਚਾਰ ਵੀ ਜ਼ੋਰਾਂ 'ਤੇ ਸੀ।

ਜਿਵੇਂ ਕਿ ਅਸੀਂ ਦੱਸ ਚੁੱਕੇ ਹਾਂ ਕਿ ਹਵਾਈ ਸੈਨਾ ਦੇ ਕਮਾਂਡਰ ਐਲਬਰਟੋ ਬੈਚਲੇ ਦੀ ਪੁੱਤਰੀ ਮਿਸ਼ੇਲ ਤੇ ਉਸ ਦੀ ਪਤਨੀ ਨੂੰ ਸੈਨਿਕ ਤਾਨਾਸ਼ਾਹੀ ਸਥਾਪਿਤ ਹੋਣ ਤੇ ਜੇਲ੍ਹ ਵਿੱਚ ਸੁੱਟ ਦਿੱਤਾ ਸੀ ਤੇ ਉਨ੍ਹਾਂ ਨੂੰ ਤਸੀਹੇ ਵੀ ਦਿੱਤੇ ਗਏ ਸਨ ਇਹੀ ਕੁੜੀ ਮਿਸ਼ੇਲ ਬੈਚਲੇ ਜਨਵਰੀ 2006 ਵਿੱਚ ਚਿੱਲੀ ਦੀ ਰਾਸ਼ਟਰਪਤੀ ਚੁਣੀ ਗਈ।

**ਪੋਲੈਂਡ ਵਿੱਚ ਲੋਕਤੰਤਰ —** ਆਓ ਅਸੀਂ ਇੱਕ ਹੋਰ ਘਟਨਾ ਬਾਰੇ ਗੱਲ ਕਰੀਏ। 1980 ਵਿੱਚ ਪੋਲੈਂਡ ਵਿੱਚ ਪੌਲਿਸ਼ ਯੂਨਾਈਟਡ ਵਰਕਰਜ਼ ਪਾਰਟੀ ਦੀ ਸਰਕਾਰ ਸੀ। ਇਹ ਪਾਰਟੀ ਪੂਰਬੀ ਯੂਰਪ ਦੇ ਕਈ ਦੇਸਾਂ ਵਿੱਚ ਸ਼ਾਸਨ ਕਰ ਰਹੀ ਸੀ। ਇਹਨਾਂ ਦੇਸਾਂ ਵਿੱਚ ਕਿਸੇ ਹੋਰ ਪਾਰਟੀ ਨੂੰ ਕੰਮ ਨਹੀਂ ਕਰਨ ਦਿੱਤਾ ਜਾਂਦਾ ਸੀ। ਲੋਕ ਆਪਣੇ ਨੇਤਾਵਾਂ ਦੀ ਚੋਣ ਅਜ਼ਾਦੀ ਨਾਲ਼ ਨਹੀਂ ਕਰ ਸਕਦੇ ਸਨ। ਜਿਹੜਾ ਵਿਅਕਤੀ ਇਸ ਪਾਰਟੀ ਜਾ ਸਰਕਾਰ ਦੇ ਵਿਰੁੱਧ ਬੋਲਦਾ ਸੀ ਉਸ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ ਸੀ। ਪੋਲੈਂਡ ਦੀ ਸਰਕਾਰ ਨੂੰ ਸੋਵੀਅਤ ਸੰਘ ਦਾ ਸਮਰਥਨ ਪ੍ਰਾਪਤ ਸੀ ਜਿਹੜਾ ਕਿ ਉਹਨਾਂ ਦਿਨਾਂ ਵਿੱਚ ਇੱਕ ਵੱਡਾ ਤੇ ਸ਼ਕਤੀਸ਼ਾਲੀ ਕਮਿਊਨਿਸਟ ਦੇਸ ਸੀ।

14 ਅਗਸਤ, 1980 ਨੂੰ ਗਧਮਕ ਸ਼ਹਿਰ ਵਿੱਚ ਲੈਨਿਨ ਸ਼ਿਪਯਾਰਡ ਦੇ ਕਾਮਿਆਂ ਨੇ ਹੜਤਾਲ ਕਰ ਦਿੱਤੀ। ਇਹ ਸ਼ਿਪਯਾਰਡ ਸਰਕਾਰ ਦੇ ਅਧੀਨ ਸੀ। ਦਰਅਸਲ ਪੋਲੈਂਡ ਵਿੱਚ ਸਾਰੇ ਕਾਰਖ਼ਾਨੇ ਤੇ ਸੰਪਤੀ ਸਰਕਾਰ ਦੇ ਅਧੀਨ ਸੀ। ਇਹ ਹੜਤਾਲ ਇੱਕ ਮਹਿਲਾ ਕਰੇਨ ਵਰਕਰ ਨੂੰ ਵਾਪਸ ਨੌਕਰੀ ਵਿੱਚ ਲੈਣ ਲਈ ਕੀਤੀ ਗਈ ਸੀ। ਜਿਸ ਨੂੰ ਕਿ ਅਨਿਆਂਪੂਰਨ ਢੰਗ ਨਾਲ ਨੌਕਰੀ ਤੋਂ ਹਟਾ ਦਿੱਤਾ ਗਿਆ ਸੀ। ਹੜਤਾਲ ਨੂੰ ਪੋਲੈਂਡ ਦੀ ਸਰਕਾਰ ਨੇ ਗ਼ੈਰ-ਕਾਨੂੰਨੀ ਕਰਾਰ ਦਿੱਤਾ ਕਿਉਂਕਿ ਪੋਲੈਂਡ ਵਿੱਚ ਟ੍ਰੇਡ ਯੂਨੀਅਨ ਬਣਾਉਣ ਤੇ ਹੜਤਾਲ ਕਰਨ ਦੀ ਮਨਾਹੀ ਸੀ। ਹੜਤਾਲ ਜਾਰੀ ਰਹੀ, ਕੁਝ ਦੇਰ ਬਾਅਦ ਲੇਕਵਲੇਸਾ ਜਿਹੜਾ ਕਿ ਸ਼ਿਪਯਾਰਡ ਵਿੱਚ ਇਲੈਕਟ੍ਰੀਸ਼ਨ ਸੀ, ਹੜਤਾਲ ਵਿੱਚ ਸ਼ਾਮਲ ਹੋ ਗਿਆ। ਲੇਕਵਲੇਸਾ ਨੂੰ 1976 ਵਿੱਚ ਵੱਧ ਤਨਖ਼ਾਹ ਮੰਗਣ 'ਤੇ ਨੌਕਰੀ ਵਿੱਚੋਂ ਕੱਢ ਦਿੱਤਾ ਸੀ। ਜਲਦੀ ਹੀ ਲੇਕਵਲੇਸਾ ਇੱਕ ਨੇਤਾ ਦੇ ਤੌਰ 'ਤੇ ਉਭਰ ਕੇ ਸਾਹਮਣੇ ਆਇਆ। ਉਸ ਦੇ ਯਤਨਾਂ ਸਦਕਾ ਹੜਤਾਲ ਵੱਡੇ ਪੱਧਰ 'ਤੇ ਫੈਲ ਗਈ। ਹੜਤਾਲੀਆਂ ਨੇ ਅਜ਼ਾਦ ਟ੍ਰੇਡ ਸੰਘ ਬਣਾਉਣ ਦੀ ਮੰਗ ਕੀਤੀ। ਹੜਤਾਲੀਆਂ ਨੇ ਰਾਜਨੀਤਿਕ ਕੈਦੀਆਂ ਨੂੰ ਰਿਹਾ ਕਰਨ ਤੇ ਪ੍ਰੈਸ ਉੱਤੋਂ ਸੈਂਸਰਸ਼ਿਪ ਹਟਾਉਣ ਦੀ ਵੀ ਮੰਗ ਕੀਤੀ। ਆਖ਼ਰਕਾਰ ਸਰਕਾਰ ਨੂੰ ਝੁਕਣਾ ਪਿਆ। ਕਾਮਿਆਂ ਨੇ ਵਾਲੇਸਾ ਦੀ ਅਗਵਾਈ ਹੇਠ ਸਰਕਾਰ ਨਾਲ 21 ਸੂਤਰੀ ਸਮਝੌਤਾ ਕੀਤਾ ਤੇ ਹੜਤਾਲ ਖ਼ਤਮ ਹੋ ਗਈ। ਹੜਤਾਲ ਤੋਂ ਬਾਅਦ ਸਰਕਾਰ ਨੇ ਅਜ਼ਾਦ ਟ੍ਰੇਡ ਸੰਘ ਬਣਾਉਣ ਤੇ ਕਾਮਿਆਂ ਦੁਆਰਾ ਹੜਤਾਲ ਕਰਨ ਦੇ ਅਧਿਕਾਰ ਨੂੰ ਮੰਨ ਲਿਆ। ਇਸ ਸਮਝੌਤੇ ਤੋਂ ਬਾਅਦ ਇੱਕ ਨਵੀਂ ਟ੍ਰੇਡ ਯੂਨੀਅਨ ਦੀ ਸਥਾਪਨਾ ਕੀਤੀ ਗਈ। ਜਿਸ ਦਾ ਨਾਂ ਸੋਲੀਡੈਰੇਟੀ ਰੱਖਿਆ ਗਿਆ। ਸਾਲ ਭਰ ਵਿੱਚ ਸੌਲੀਡੈਰੇਟੀ ਸੰਘ ਸਾਰੇ ਪੋਲੈਂਡ ਵਿੱਚ

ਪ੍ਰਸਿੱਧ ਹੋ ਗਿਆ ਤੇ ਇਸ ਦੇ ਲਗਪਗ ਇੱਕ ਕਰੋੜ ਮੈਂਬਰ ਬਣ ਗਏ, ਸਰਕਾਰ ਵਿੱਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਹੋਣ ਕਾਰਨ ਹਾਲਾਤ ਵਿਗੜਦੇ ਗਏ। ਜਨਰਲ ਜੇਰੂਜੈਲਸਕੀ ਦੀ ਅਗਵਾਈ ਹੇਠ ਚੱਲ ਰਹੀ ਸਰਕਾਰ ਨੇ ਦੇਸ ਵਿੱਚ 1981 ਵਿੱਚ ਸੈਨਿਕ ਸ਼ਾਸਨ ਲਾਗੂ ਕਰ ਦਿੱਤਾ। ਸੌਲੀਡੈਰੇਟੀ ਸੰਘ ਦੇ ਹਜ਼ਾਰਾਂ ਕਾਮਿਆਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਗਿਆ। ਰੋਸ ਪ੍ਰਗਟ ਕਰਨ ਤੇ ਰਾਇ ਪ੍ਰਗਟਾਉਣ ਦੀ ਅਜ਼ਾਦੀ ਨੂੰ ਇੱਕ ਵਾਰੀ ਫਿਰ ਖੋਹ ਲਿਆ ਗਿਆ।

ਸੌਲੀਡੈਰੇਟੀ ਸੰਘ ਦੀ ਅਗਵਾਈ ਹੇਠ ਇੱਕ ਵਾਰੀ ਫਿਰ ਹੜਤਾਲ ਸ਼ੁਰੂ ਹੋ ਗਈ। ਇਸ ਸਮੇਂ ਪੌਲਿਸ਼ ਸਰਕਾਰ ਕਮਜ਼ੋਰ ਹੋ ਚੁੱਕੀ ਸੀ। ਉਸ ਨੂੰ ਸੋਵੀਅਤ ਸੰਘ ਦੁਆਰਾ ਸਮਰਥਨ ਨਹੀ ਸੀ। ਦੇਸ ਦੀ ਆਰਥਿਕਤਾ ਪਤਨ ਵਲ ਜਾ ਰਹੀ ਸੀ। ਵਲੇਸਾ ਤੇ ਸਰਕਾਰ ਵਿੱਚ ਗੱਲਬਾਤ ਹੋਈ ਤੇ 1989 ਵਿੱਚ ਇੱਕ ਨਵਾਂ ਸਮਝੌਤਾ ਹੋਇਆ। ਜਿਸ ਅਨੁਸਾਰ ਦੇਸ ਵਿੱਚ ਸੁਤੰਤਰ ਚੋਣ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਸੌਲੀਡੈਰੇਟੀ ਸੰਘ ਨੇ ਸੀਨੇਟ ਦੀਆਂ 100 ਸੀਟਾਂ 'ਤੇ ਚੋਣ ਲੜੀ ਤੇ ਉਸ ਨੂੰ 99 ਸੀਟਾਂ 'ਤੇ ਜਿੱਤ ਹਾਸਲ ਹੋਈ। 1990 ਵਿੱਚ ਪਹਿਲੀ ਵਾਰ ਪੋਲੈਂਡ ਵਿੱਚ ਰਾਸ਼ਟਰਪਤੀ ਦੀ ਪਦਵੀ ਲਈ ਚੋਣਾਂ ਹੋਈਆ। ਜਿਸ ਵਿੱਚ ਇੱਕ ਤੋਂ ਜ਼ਿਆਦਾ ਪਾਰਟੀਆਂ ਨੇ ਭਾਗ ਲਿਆ ਅਤੇ ਵਲੇਸਾ ਪੋਲੈਂਡ ਦਾ ਰਾਸ਼ਟਰਪਤੀ ਚੁਣਿਆ ਗਿਆ।

ਉਪਰੋਕਤ ਦੋ ਦੇਸਾਂ ਦੀਆਂ ਅਸਲੀ ਕਹਾਣੀਆਂ ਹਨ। ਚਿੱਲੀ ਵਿੱਚ ਅਲੈਂਡੇ ਦੁਆਰਾ ਲੋਕਤੰਤਰੀ ਸਰਕਾਰ ਚਲਾਈ ਗਈ ਸੀ। ਪਿਨੌਸ਼ ਦਾ ਤਾਨਾਸ਼ਾਹੀ ਤੋਂ ਬਾਅਦ ਲੋਕਤੰਤਰ ਬਹਾਲ ਹੋਇਆ। ਮਿਸ਼ੇਲ ਬੈਚਲੇ ਦੇਸ਼ ਦੀ ਰਾਸ਼ਟਰਪਤੀ ਚੁਣੀ ਗਈ। ਪੋਲੈਂਡ ਵਿੱਚ ਗ਼ੈਰ-ਲੋਕਤੰਤਰੀ ਸਰਕਾਰ ਤੋਂ ਬਾਅਦ ਲੋਕਤੰਤਰ ਦੀ ਸਥਾਪਨਾ ਹੋਈ। ਇਹਨਾਂ ਦੋ ਉਦਾਹਰਨਾਂ ਤੋਂ ਪਤਾ ਲੱਗਦਾ ਹੈ ਕਿ ਦੁਨੀਆਂ ਵਿੱਚ ਲੋਕਤੰਤਰ ਦਾ ਵਿਕਾਸ ਇਕ ਸਿੱਧੀ ਰੇਖਾ ਵਿੱਚ ਨਹੀਂ ਹੋਇਆ। ਲੋਕਤੰਤਰ ਦੇ ਵਿਕਾਸ ਵਿੱਚ ਕਈ ਵਾਰੀ ਖੜੋਤ ਆਉਂਦੀ ਰਹੀ ਹੈ। ਉਸ ਤੋਂ ਬਾਅਦ ਫਿਰ ਲੋਕਤੰਤਰ ਬਹਾਲ ਹੋਇਆ ਹੈ।

ਹੁਣ ਅਸੀਂ ਪਿਛਲੇ 200 ਸਾਲਾਂ ਦੌਰਾਨ ਦੁਨੀਆਂ ਵਿੱਚ ਹੋਏ ਲੋਕਤੰਤਰ ਦੇ ਵਿਸਥਾਰ ਬਾਰੇ ਸੰਖੇਪ ਰੂਪ ਵਿੱਚ ਜਾਣਕਾਰੀ ਹਾਸਲ ਕਰਾਂਗੇ। ਪਾਠ ਦੇ ਸ਼ੁਰੂ ਵਿੱਚ ਫ਼ਰਾਂਸ ਦੀ 1789 ਈ. ਦੀ ਸ਼ਾਨਦਾਰ ਕ੍ਰਾਂਤੀ ਦਾ ਜ਼ਿਕਰ ਕੀਤਾ ਗਿਆ ਹੈ। ਪਰ ਇਸ ਕ੍ਰਾਂਤੀ ਤੋਂ ਬਾਅਦ ਫ਼ਰਾਂਸ ਵਿੱਚ ਲਗਾਤਾਰ ਲੋਕਤੰਤਰ ਸਥਾਪਿਤ ਨਹੀਂ ਹੋ ਸਕਿਆ। 19ਵੀਂ ਸਦੀ ਦੌਰਾਨ ਫ਼ਰਾਂਸ ਵਿੱਚ ਕਈ ਵਾਰੀ ਤਾਨਾਸ਼ਾਹ ਸ਼ਾਸਨ ਕਾਇਮ ਹੋਇਆ ਤੇ ਫਿਰ ਲੋਕਤੰਤਰ ਦੀ ਬਹਾਲੀ ਹੋਈ। ਪਰ ਇਕ ਗੱਲ ਵਰਨਣਯੋਗ ਹੈ ਕਿ ਫਰਾਂਸ ਦੀ ਕ੍ਰਾਂਤੀ ਨੇ ਯੂਰਪ ਦੇ ਕਈ ਦੇਸਾਂ ਵਿੱਚ ਲੋਕਤੰਤਰੀ ਲਹਿਰਾਂ ਨੂੰ ਜਨਮ ਦਿੱਤਾ। ਬਰਤਾਨੀਆਂ ਵਿੱਚ ਲੋਕਤੰਤਰ ਦੀ ਸ਼ੁਰੂਆਤ ਫਰਾਂਸ ਦੀ ਕ੍ਰਾਂਤੀ ਤੋਂ ਪਹਿਲਾਂ ਹੋ ਚੁੱਕੀ ਸੀ। ਪਰੰਤੂ ਇਸ ਦੀ ਗਤੀ ਬਹੁਤ ਹੌਲੀ ਸੀ। 18ਵੀਂ ਅਤੇ 19ਵੀਂ ਸਦੀ ਵਿੱਚ ਵਾਪਰੀਆਂ ਰਾਜਨੀਤਿਕ ਘਟਨਾਵਾਂ ਨੇ ਰਾਜਤੰਤਰ ਤੇ ਸਾਮੰਤਵਾਦ ਦੀਆਂ ਸ਼ਕਤੀਆਂ ਨੂੰ ਕਾਫ਼ੀ ਹੱਦ ਤੱਕ ਘੱਟ ਕਰ ਦਿੱਤਾ। ਉੱਤਰੀ ਅਮਰੀਕਾ ਵਿੱਚ ਸਥਾਪਿਤ ਬ੍ਰਿਟਿਸ਼ ਕਲੋਨੀਆਂ ਦੇ ਸੰਘਰਸ਼ ਤੋਂ ਬਾਅਦ 1776 ਵਿੱਚ ਅਜ਼ਾਦੀ ਮਿਲ਼ ਗਈ। ਅਗਲੇ ਕੁਝ ਸਾਲਾਂ ਵਿੱਚ ਇਹਨਾਂ ਕਲੋਨੀਆਂ ਨੇ ਇਕੱਠੇ ਹੋ ਕੇ ਸੰਯੁਕਤ ਰਾਜ ਅਮਰੀਕਾ ਦੀ ਸਥਾਪਨਾ ਕੀਤੀ। ਅਮਰੀਕਾ ਨੇ 1787 ਵਿੱਚ ਲੋਕਤੰਤਰੀ ਸੰਵਿਧਾਨ ਨੂੰ ਗ੍ਰਹਿਣ ਕੀਤਾ ਪਰ ਵੋਟ ਦਾ ਅਧਿਕਾਰ ਕੁਝ ਲੋਕਾਂ ਤੱਕ ਹੀ ਸੀਮਤ ਰੱਖਿਆ ਗਿਆ। 19ਵੀਂ ਸਦੀ ਵਿੱਚ ਲੋਕਤੰਤਰ ਲਈ ਸੰਘਰਸ਼ ਤਿੰਨ ਮੁੱਖ ਗੱਲਾਂ 'ਤੇ ਕੇਂਦਰਿਤ ਰਿਹਾ, ਜਿਵੇਂ ਰਾਜਨੀਤਿਕ ਸਮਾਨਤਾ, ਅਜ਼ਾਦੀ ਅਤੇ ਨਿਆਂ। ਇਹਨਾਂ ਅੰਦੋਲਨਾਂ ਵਿੱਚ ਸਾਰੇ ਬਾਲਗ ਨਾਗਰਿਕਾਂ ਨੇ ਵੋਟ ਦੇ ਅਧਿਕਾਰ ਦੀ ਮੰਗ ਕੀਤੀ। ਯੂਰਪ ਦੇ ਬਹੁਤ ਸਾਰੇ ਲੋਕ ਜਿਹੜੀ ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਅਪਣਾ ਰਹੇ ਸਨ ਉਸ ਅਨੁਸਾਰ ਸ਼ੁਰੂ ਵਿੱਚ ਸਾਰੇ ਨਾਗਰਿਕਾਂ ਨੂੰ ਵੋਟ ਦਾ ਅਧਿਕਾਰ ਨਹੀਂ ਦਿੱਤਾ ਗਿਆ ਸੀ। ਕੁਝ ਦੇਸਾਂ ਵਿੱਚ ਵੋਟ ਦਾ ਅਧਿਕਾਰ ਕੇਵਲ ਉਹਨਾਂ ਲੋਕਾਂ ਨੂੰ ਦਿੱਤਾ ਗਿਆ ਸੀ ਜਿਨ੍ਹਾਂ ਕੋਲ ਸੰਪਤੀ ਸੀ। ਅਕਸਰ ਔਰਤਾਂ ਨੂੰ ਵੀ ਇਹ ਅਧਿਕਾਰ ਪ੍ਰਾਪਤ ਨਹੀਂ ਸੀ। 1965 ਤੱਕ ਸੰਯੁਕਤ ਰਾਜ ਅਮਰੀਕਾ ਵਿੱਚ ਕਾਲੇ ਲੋਕਾਂ ਨੂੰ ਵੋਟ ਦਾ ਅਧਿਕਾਰ ਪ੍ਰਾਪਤ ਨਹੀਂ ਸੀ। ਜਿਹੜੇ ਲੋਕ, ਲੋਕਤੰਤਰ ਦੀ ਬਹਾਲੀ ਲਈ ਸੰਘਰਸ਼ ਕਰ ਰਹੇ ਸਨ ਉਹਨਾਂ ਨੇ ਸਰਵ ਵਿਆਪਕ ਬਾਲਗ-ਮੱਤ-ਅਧਿਕਾਰ ਦੀ ਮੰਗ ਕੀਤੀ। ਮਰਦ ਜਾਂ ਇਸਤਰੀ, ਅਮੀਰ ਜਾਂ ਗ਼ਰੀਬ, ਚਿੱਟੇ ਜਾਂ ਕਾਲ਼ੇ, ਸਾਰਿਆਂ ਨੇ ਵੋਟ ਦੇ ਅਧਿਕਾਰ ਦੀ ਮੰਗ ਲਈ ਜ਼ੋਰ ਫੜਿਆ।


**(ਸਰਵ ਵਿਆਪਕ ਬਾਲਗ-ਮੱਤ-ਅਧਿਕਾਰ)**

ਸਾਰੇ ਨਾਗਰਿਕਾਂ ਨੂੰ ਰੰਗ, ਨਸਲ, ਜਾਤੀ ਜਨਮ, ਧਰਮ ਤੇ ਲਿੰਗ ਦੇ ਵਿਤਕਰੇ ਤੋਂ ਬਿਨਾਂ ਇੱਕ ਨਿਸਚਤ ਉਮਰ ਤੱਕ ਪਹੁੰਚਣ 'ਤੇ ਵੋਟ ਦਾ ਅਧਿਕਾਰ ਦੇ ਦਿੱਤਾ ਜਾਂਦਾ ਹੈ। ਇਸ ਅਧਿਕਾਰ ਨੂੰ ਸਰਵ ਵਿਆਪਕ ਬਾਲਗ-ਮੱਤ-ਅਧਿਕਾਰ ਕਹਿੰਦੇ ਹਨ।


ਵਿਦਿਆਰਥੀਓ ਆਪਣੇ ਅਧਿਆਪਕ ਨਾਲ ਉਸ ਦੇਸ਼ ਦਾ ਨਾਂ ਜਾਨਣ ਦੀ ਕੋਸ਼ਿਸ਼ ਕਰੋ ਜਿਸ ਨੇ ਸੰਵਿਧਾਨ ਲਾਗੂ ਕਰਨ ਸਮੇਂ ਤੋਂ ਹੀ ਸਰਵ-ਵਿਆਪਕ ਬਾਲਗ-ਮੱਤ-ਅਧਿਕਾਰ ਆਪਣੇ ਨਾਗਰਿਕਾਂ ਨੂੰ ਦਿੱਤਾ।

## ਸੰਸਾਰ ਦੇ ਨਕਸ਼ਿਆਂ ਵਿੱਚ ਲੋਕਤੰਤਰੀ ਦੇਸ਼ਾਂ ਦੀ ਸਥਿਤੀ

ਨਕਸ਼ਾ 1.1




ਨਕਸ਼ਾ 1.2



**ਬਸਤੀਵਾਦ ਦਾ ਖ਼ਾਤਮਾ —** ਅਫ਼ਰੀਕਾ ਅਤੇ ਏਸ਼ੀਆ ਮਹਾਂਦੀਪ ਦੇ ਦੇਸ ਬਹੁਤ ਲੰਮਾ ਸਮਾਂ ਯੂਰਪੀਨ ਕੌਮਾਂ ਦੀ ਬਸਤੀਵਾਦ ਨੀਤੀ ਦਾ ਸ਼ਿਕਾਰ ਰਹੇ। ਯੂਰਪੀਨ ਕੌਮਾਂ ਨੇ ਇਹਨਾਂ ਦੇਸਾਂ ਦੀ ਰਾਜਨੀਤਿਕ, ਆਰਥਿਕ ਤੇ ਸਮਾਜਿਕ ਪ੍ਰਨਾਲ਼ੀ ਉੱਤੇ ਕਾਬੂ ਪਾਇਆ ਹੋਇਆ ਸੀ। ਬਸਤੀਵਾਦ ਦੇਸ ਕਾਬੂ ਕੀਤੇ ਦੇਸਾਂ ਦੇ ਮਨੁੱਖੀ ਤੇ ਭੌਤਿਕ ਸਾਧਨਾਂ ਦਾ ਸ਼ੋਸ਼ਣ ਕਰਦੇ ਰਹੇ। ਬਸਤੀਵਾਦ ਦੇ ਸ਼ਿਕਾਰ ਦੇਸਾਂ ਦੇ ਲੋਕਾਂ ਨੂੰ ਅਜ਼ਾਦੀ ਪ੍ਰਾਪਤ ਕਰਨ ਲਈ ਅੰਦੋਲਨ ਕਰਨੇ ਪਏ। ਉਹਨਾਂ ਵਿੱਚੋਂ ਭਾਰਤ ਵੀ ਇੱਕ ਸੀ। ਸਾਡੇ ਭਾਰਤ ਵਿੱਚ ਅਜ਼ਾਦੀ ਪ੍ਰਾਪਤ ਕਰਨ ਲਈ ਲੋਕਾਂ ਨੇ ਅੰਗਰੇਜ਼ਾਂ ਦੇ ਵਿਰੁੱਧ ਅੰਦੋਲਨ ਚਲਾਇਆ। ਦੂਜਾ ਮਹਾਂਯੁੱਧ ਜੋ ਕਿ 1945 ਵਿੱਚ ਖ਼ਤਮ ਹੋਇਆ ਤੋਂ ਬਾਅਦ ਏਸ਼ੀਆ ਤੇ ਅਫ਼ਰੀਕਾ ਦੇ ਬਹੁਤ ਸਾਰੇ ਦੇਸ ਯੂਰਪੀਨ ਕੌਮਾਂ ਤੋਂ ਅਜ਼ਾਦ ਹੋ ਗਏ।

ਸਾਡਾ ਭਾਰਤ 15 ਅਗਸਤ, 1947 ਨੂੰ ਅਜ਼ਾਦ ਹੋ ਗਿਆ। ਬਸਤੀਵਾਦ ਤੋਂ ਅਜ਼ਾਦ ਹੋਏ ਦੇਸਾਂ ਨੇ ਲੋਕਤੰਤਰੀ ਪ੍ਰਨਾਲ਼ੀ ਅਪਣਾਉਣ 'ਤੇ ਜ਼ੋਰ ਦਿੱਤਾ। ਭਾਰਤ ਨੇ ਵੀ ਅਜ਼ਾਦੀ ਤੋਂ ਬਾਅਦ ਲੋਕਤੰਤਰੀ ਪ੍ਰਨਾਲ਼ੀ ਨੂੰ ਅਪਣਾਇਆ ਜੋ ਕਿ ਹੋਰ ਦੇਸਾਂ ਦੇ ਲੋਕਤੰਤਰ ਦੇ ਮੁਕਾਬਲੇ ਸਫਲਤਾਪੂਰਬਕ ਚੱਲ ਰਿਹਾ ਹੈ। ਕਮੀਆਂ ਦੇ ਬਾਵਜੂਦ ਅਸੀਂ ਭਾਰਤ ਵਿੱਚ ਲੋਕਤੰਤਰ ਦੇ ਸਫ਼ਲ ਭਵਿੱਖ ਦੀ ਆਸ ਰੱਖ ਸਕਦੇ ਹਾਂ।

ਭਾਰਤ ਦੀ ਤਰ੍ਹਾਂ ਅਫ਼ਰੀਕਾ ਮਹਾਂਦੀਪ ਦੇ ਦੇਸ ਘਾਨਾ ਵਿੱਚ ਵੀ ਬਸਤੀਵਾਦ ਭਾਰੂ ਸੀ। ਇਹ ਅੰਗਰੇਜ਼ਾਂ ਦੇ ਅਧੀਨ ਸੀ। ਪਹਿਲਾਂ ਇਹ ਗੋਲਡ ਕੋਸਟ ਦੇ ਨਾਂ ਨਾਲ਼ ਜਾਣਿਆ ਜਾਂਦਾ ਸੀ। ਇਹ ਦੇਸ ਅਫ਼ਰੀਕਾ ਦਾ ਪਹਿਲਾ ਦੇਸ ਸੀ ਜਿਸ ਨੇ 1957 ਵਿੱਚ ਅੰਗਰੇਜ਼ਾਂ ਤੋਂ ਅਜ਼ਾਦੀ ਪ੍ਰਾਪਤ ਕੀਤੀ। ਇਸ ਦੇਸ ਨੇ ਅਫ਼ਰੀਕਾ ਦੇ ਹੋਰ ਦੇਸਾਂ ਨੂੰ ਅਜ਼ਾਦ ਹੋਣ ਲਈ ਪ੍ਰੇਰਨਾ ਦਿੱਤੀ। ਘਾਨਾ ਦੇ ਇੱਕ ਮਹਾਨ ਵਿਅਕਤੀ ਜੋ ਇੱਕ ਕਿਰਤੀ ਦਾ ਪੁੱਤਰ ਸੀ, ਨੇ ਅਜ਼ਾਦੀ ਲਈ ਸੰਘਰਸ਼ ਦੀ ਅਗਵਾਈ ਕੀਤੀ ਤੇ ਆਪਣੇ ਦੇਸ ਨੂੰ ਅਜ਼ਾਦ ਕਰਵਾਇਆ। ਉਹ ਘਾਨਾ ਦਾ ਪਹਿਲਾਂ ਪ੍ਰਧਾਨ ਮੰਤਰੀ ਕਵਾਮੇ ਨਕਰੁਮਾਹ ਬਣਿਆ ਤੇ ਉਸ ਤੋਂ ਬਾਅਦ ਰਾਸ਼ਟਰਪਤੀ ਬਣ ਗਿਆ। ਭਾਰਤ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਨਾਲ ਉਸਦਾ ਸਹਿਚਾਰ ਸੀ। ਇਸ ਨੇ ਅਫ਼ਰੀਕਾ ਮਹਾਂਦੀਪ ਵਿੱਚ ਲੋਕਤੰਤਰ ਸਥਾਪਿਤ ਕਰਨ ਲਈ ਦੇਸਾਂ ਦੇ ਲੋਕਾਂ ਨੂੰ ਪ੍ਰੇਰਿਆ ਪਰ ਫ਼ਿਰ ਉਸ ਨੇ ਆਪਣੇ ਆਪ ਨੂੰ ਪੂਰੇ ਜੀਵਨ ਕਾਲ ਲਈ ਰਾਸ਼ਟਰਪਤੀ ਚੁਣਵਾ ਲਿਆ ਸੰਨ 1966 ਵਿੱਚ ਉਸ ਦੀ ਸੱਤਾ ਨੂੰ ਸੈਨਿਕ ਸਾਜ਼ਿਸ਼ ਦੁਆਰਾ ਖ਼ਤਮ ਕਰ ਦਿੱਤਾ ਗਿਆ। ਘਾਨਾ ਵਿੱਚ ਸੈਨਿਕ ਤਾਨਾਸ਼ਾਹੀ ਕਾਇਮ ਹੋ ਗਈ। ਘਾਨਾ ਦੀ ਤਰ੍ਹਾਂ ਜਿਹੜੇ ਦੇਸ ਅਜ਼ਾਦ ਹੋਣ ਤੋਂ ਬਾਅਦ ਲੋਕਤੰਤਰੀ ਬਣੇ ਉਹਨਾਂ ਵਿੱਚ ਲੋਕਤੰਤਰ ਲਗਾਤਾਰ ਕਾਇਮ ਨਹੀਂ ਰਹਿ ਸਕਿਆ। ਸਾਡੇ ਦੇਸ ਭਾਰਤ ਵਿੱਚ ਅਜ਼ਾਦੀ ਤੋਂ ਬਾਅਦ ਲਗਾਤਾਰ ਲੋਕਤੰਤਰ ਕਾਇਮ ਹੈ।

ਵਿਦਿਆਰਥੀਓ ਆਪ ਦੀ ਜਾਣਕਾਰੀ ਲਈ ਹੈ ਕਿ ਭਾਰਤ ਲੰਮੇ ਸਮੇਂ ਤੱਕ ਬਸਤੀਵਾਦ ਦਾ ਸ਼ਿਕਾਰ ਰਿਹਾ ਹੈ। ਸੰਨ 1945 ਤੋਂ ਬਾਅਦ ਵਿਸ਼ਵ ਦੇ ਕਾਫ਼ੀ ਦੇਸ ਬਸਤੀਵਾਦ ਨਾਮੀ ਬੁਰਾਈ ਤੋਂ ਸੁਤੰਤਰ ਹੋਏ। ਭਾਰਤ ਉਨ੍ਹਾਂ ਵਿੱਚੋਂ ਹੀ ਇੱਕ ਦੇਸ ਹੈ।

1980 ਤੋਂ ਬਾਅਦ ਲੋਕਤੰਤਰ ਨੂੰ ਇੱਕ ਹੋਰ ਵੱਡੀ ਸਫ਼ਲਤਾ ਮਿਲ਼ੀ। ਲਾਤੀਨੀ (Latin) ਅਮਰੀਕਾ ਦੇ ਬਹੁਤ ਸਾਰੇ ਦੇਸਾਂ ਵਿੱਚ ਲੋਕਤੰਤਰ ਦੀ ਬਹਾਲੀ ਹੋਈ। ਸੋਵੀਅਤ ਸੰਘ ਦੇ ਟੁਟਣ ਨਾਲ਼ ਲੋਕਤੰਤਰ ਦੀ ਗਤੀ ਤੇਜ਼ ਹੋਈ। ਜਿਵੇਂ ਪਹਿਲਾਂ ਵੀ ਅਸੀਂ ਪੋਲੈਂਡ ਦੀ ਕਹਾਣੀ ਪੜ੍ਹ ਚੁੱਕੇ ਹਾਂ, ਉੱਤੇ ਸੋਵੀਅਤ ਸੰਘ ਦਾ ਕੰਟਰੋਲ ਸੀ। ਪੂਰਬੀ ਯੂਰਪ ਵਿੱਚ ਸੋਵੀਅਤ ਸੰਘ ਨੇ ਕਈ ਕਮਿਊਨਿਸਟ ਦੇਸਾਂ ਉੱਤੇ ਕਬਜ਼ਾ ਕੀਤਾ ਹੋਇਆ ਸੀ। ਪੋਲੈਂਡ ਤੇ ਕਈ ਹੋਰ ਦੇਸ 1989-90 ਵਿੱਚ ਸੋਵੀਅਤ ਸੰਘ ਦੇ ਕੰਟਰੋਲ ਤੋਂ ਅਜ਼ਾਦ ਹੋ ਗਏ। ਇਹਨਾਂ ਸਾਰੇ ਦੇਸਾਂ ਨੇ ਲੋਕਤੰਤਰ ਪ੍ਰਨਾਲ਼ੀ ਨੂੰ ਚੁਣਿਆ। 1991 ਵਿੱਚ ਸੋਵੀਅਤ ਸੰਘ ਜਿਸ ਵਿੱਚ 15 ਦੇਸ ਸ਼ਾਮਲ ਸਨ ਦਾ ਵਿਭਾਜਨ ਹੋ ਗਿਆ। ਸੋਵੀਅਤ ਸੰਘ ਤੋਂ ਵੱਖ ਹੋਏ ਦੇਸਾਂ ਨੇ ਵੀ ਲੋਕਤੰਤਰ ਪ੍ਰਨਾਲ਼ੀ ਨੂੰ ਅਪਣਾਇਆ। ਪੂਰਬੀ ਯੂਰਪ ਦੇ ਦੇਸਾਂ ਤੇ ਸੋਵੀਅਤ ਸੰਘ ਦੇ ਕੰਟਰੋਲ ਹੱਟ ਜਾਣ ਤੇ ਸੋਵੀਅਤ ਸੰਘ ਦੇ ਟੁੱਟਣ ਕਾਰਨ ਦੁਨੀਆਂ ਦਾ ਰਾਜਨੀਤਿਕ ਨਕਸ਼ਾ ਹੀ ਬਦਲ ਗਿਆ। ਇਸ ਸਮੇਂ ਦੌਰਾਨ ਸਾਡੇ ਗੁਆਂਢੀ ਦੇਸਾਂ ਪਾਕਿਸਤਾਨ ਤੇ ਬੰਗਲਾਦੇਸ਼ ਵਿੱਚ ਇੱਕ ਵੱਡੀ ਤਬਦੀਲੀ ਆਈ। ਇਹਨਾਂ ਦੋਨਾਂ ਦੇਸਾਂ ਵਿੱਚ 1990 ਵਿੱਚ ਸੈਨਿਕ ਤਾਨਾਸ਼ਾਹੀ ਖ਼ਤਮ ਹੋ ਗਈ ਤੇ ਲੋਕਤੰਤਰ ਪ੍ਰਨਾਲ਼ੀ ਅਪਣਾਈ ਗਈ। ਨੇਪਾਲ ਦੇ ਰਾਜਿਆਂ ਨੇ ਆਪਣੀਆਂ ਬਹੁਤ ਸਾਰੀਆਂ ਸ਼ਕਤੀਆਂ ਜਨਤਾ ਦੇ ਚੁਣੇ ਹੋਏ ਲੀਡਰਾਂ ਨੂੰ ਸੌਂਪ ਦਿੱਤੀਆਂ ਪਰ 1999 ਵਿੱਚ ਪਾਕਿਸਤਾਨ ਵਿੱਚ ਫਿਰ ਸੱਤਾ ਸੈਨਿਕ ਤਾਨਾਸ਼ਾਹ ਪ੍ਰਵੇਜ਼ ਮੁਸ਼ੱਰਫ ਦੇ ਹੱਥ ਵਿੱਚ ਆ ਗਈ। 2005 ਵਿੱਚ ਨੇਪਾਲ ਦੇ ਨਵੇਂ ਰਾਜੇ ਨੇ ਚੁਣੀ ਹੋਈ

ਸਰਕਾਰ ਨੂੰ ਬਰਖ਼ਾਸਤ ਕਰ ਦਿੱਤਾ। ਲੋਕਾਂ ਦੀ ਰਾਜਨੀਤਿਕ ਅਜ਼ਾਦੀ ਵਾਪਸ ਲੈ ਲਈ ਜਿਹੜੀ ਕਿ ਲੋਕਾਂ ਨੇ ਪਹਿਲਾਂ ਪ੍ਰਾਪਤ ਕੀਤੀ ਸੀ। ਪਿਛਲੇ 100 ਸਾਲਾਂ ਦੇ ਰੁਝਾਨ ਤੋਂ ਪਤਾ ਲੱਗਦਾ ਹੈ ਕਿ ਬਹੁਤ ਸਾਰੇ ਦੇਸਾਂ ਵਿੱਚ ਲੋਕਤੰਤਰ ਦੀ ਸਥਾਪਨਾ ਹੋ ਚੁੱਕੀ ਹੈ। ਸੰਨ 2005 ਵਿੱਚ 140 ਦੇਸਾਂ ਵਿੱਚ ਚੋਣ ਹੋਈ ਜਿਸ ਵਿੱਚ ਕਈ ਰਾਜਨੀਤਿਕ ਦਲਾਂ ਨੇ ਚੋਣਾਂ ਵਿੱਚ ਭਾਗ ਲਿਆ। 1980 ਤੋਂ ਬਾਅਦ ਲਗ-ਪਗ 80 ਦੇਸਾਂ ਨੇ ਜਿਹੜੇ ਕਿ ਗ਼ੈਰ-ਲੋਕਤੰਤਰੀ ਸਨ, ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਨੂੰ ਅਪਣਾ ਲਿਆ। ਪਰੰਤੂ ਦੁਨੀਆਂ ਦੇ ਅਜੇ ਵੀ ਬਹੁਤ ਸਾਰੇ ਦੇਸ ਅਜਿਹੇ ਹਨ ਜਿੱਥੇ ਲੋਕਾਂ ਨੂੰ ਆਪਣੀ ਰਾਇ ਪ੍ਰਗਟਾਉਣ ਦਾ ਅਧਿਕਾਰ ਨਹੀਂ। ਉਹ ਆਪਣੇ ਨੇਤਾ ਨਹੀਂ ਚੁਣ ਸਕਦੇ।

ਅਜਿਹਾ ਇੱਕ ਦੇਸ਼ ਮਿਆਂਮਰ ਹੈ ਜਿਸ ਨੂੰ ਪਹਿਲਾਂ ਬਰਮਾ ਕਹਿੰਦੇ ਸਨ। ਇਹ ਦੇਸ ਬਸਤੀਵਾਦ ਤੋਂ 1948 ਵਿੱਚ ਅਜ਼ਾਦ ਹੋਇਆ ਤੇ ਲੋਕਤੰਤਰੀ ਦੇਸ ਬਣਿਆ। ਪਰੰਤੂ 1962 ਵਿੱਚ ਲੋਕਤੰਤਰੀ ਸ਼ਾਸਨ ਖ਼ਤਮ ਹੋ ਗਿਆ। ਦੇਸ ਵਿੱਚ ਸੈਨਿਕ ਤਾਨਾਸ਼ਾਹੀ ਸਥਾਪਿਤ ਹੋ ਗਈ। 1990 ਵਿੱਚ ਲਗ-ਪਗ 30 ਸਾਲ ਬਾਅਦ ਚੋਣਾਂ ਕਰਵਾਈਆਂ ਗਈਆਂ। ਰਾਸ਼ਟਰੀ ਲੋਕਤੰਤਰੀ ਲੀਗ ਜਿਸ ਦੀ ਅਗਵਾਈ ਔਂਗ ਸੈਂਗ ਸੂ ਕੀ ਨੇ ਕੀਤੀ, ਨੇ ਚੋਣਾਂ ਵਿੱਚ ਜਿੱਤ ਹਾਸਲ ਕੀਤੀ। ਪਰੰਤੂ ਸੈਨਿਕ ਤਾਨਾਸ਼ਾਹਾਂ ਨੇ ਸੱਤ੍ਹਾ ਛੱਡਣ ਤੋਂ ਇਨਕਾਰ ਕਰ ਦਿੱਤਾ ਅਤੇ ਚੋਣ ਨਤੀਜਿਆਂ ਨੂੰ ਨਕਾਰ ਦਿੱਤਾ। ਲੋਕਤੰਤਰ ਦੇ ਸਮਰਥਕਾਂ ਅਤੇ ਸੂ ਕੀ ਨੂੰ ਬੰਦੀ ਬਣਾ ਲਿਆ ਗਿਆ। ਬੰਦੀ ਬਣਾਉਣ ਦੇ ਬਾਵਜੂਦ ਵੀ ਸੂ ਕੀ ਨੇ ਲੋਕਤੰਤਰ ਲਈ ਸੰਘਰਸ਼ ਜਾਰੀ ਰੱਖਿਆ। ਇਸ ਸੰਘਰਸ਼ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਮਾਨਤਾ ਮਿਲੀ। ਸੂ ਕੀ ਨੂੰ ਸ਼ਾਂਤੀ ਲਈ ਨੋਬਲ ਪੁਰਸਕਾਰ ਵੀ ਮਿਲਿਆ। ਅਜੇ ਤੱਕ ਵੀ ਲੋਕ ਮਿਆਂਮਰ ਵਿੱਚ ਲੋਕਤੰਤਰ ਦੀ ਸਥਾਪਨਾ ਲਈ ਸੰਘਰਸ਼ ਕਰ ਰਹੇ ਹਨ।

> ਆਪਣੇ ਅਧਿਆਪਕ ਦੀ ਮਦਦ ਨਾਲ ਉਹਨਾਂ ਦੇਸਾਂ ਦੇ ਨਾਂ ਲਿਖੋ ਜਿਹਨਾਂ ਨੇ ਕਾਫ਼ੀ ਲੰਮੇ ਸਮੇਂ ਤੱਕ ਦੂਜੇ ਦੇਸਾਂ ਨੂੰ ਬਸਤੀਵਾਦ ਦਾ ਸ਼ਿਕਾਰ ਬਣਾਇਆ। ਕੇਵਲ ਇੰਗਲੈਂਡ (ਬ੍ਰਿਟੇਨ) ਹੀ ਅਜਿਹੇ ਦੇਸਾਂ ਵਿੱਚ ਨਹੀਂ ਆਉਂਦਾ ਹੋਰ ਵੀ ਬਸਤੀਵਾਦ ਸ਼ਕਤੀਆਂ ਹਨ—ਚਰਚਾ ਕਰੋ।

**ਅੰਤਰਰਾਸ਼ਟਰੀ ਪੱਧਰ 'ਤੇ ਲੋਕਤੰਤਰ ਦੀ ਸਥਾਪਨਾ —** ਹੁਣ ਅਸੀਂ ਇਸ ਗੱਲ ਦੀ ਚਰਚਾ ਕਰਾਂਗੇ ਕਿ ਅੰਤਰਰਾਸ਼ਟਰੀ ਪੱਧਰ 'ਤੇ ਕੋਈ ਲੋਕਤੰਤਰੀ ਸਰਕਾਰ ਕੰਮ ਕਰ ਰਹੀ ਹੈ ਜਾਂ ਨਹੀਂ? ਕੀ ਅਜਿਹੀ ਸਰਕਾਰ ਦਾ ਕਿਹਾ ਸਾਰੀ ਦੁਨੀਆਂ ਦੇ ਦੇਸ ਮੰਨਦੇ ਹਨ? ਦੁਨੀਆਂ ਦੇ ਕੁਝ ਅਜਿਹੇ ਸਥਾਨ ਹਨ ਜਿਨ੍ਹਾਂ ਉੱਤੇ ਕਿਸੇ ਵੀ ਦੇਸ ਦਾ ਅਧਿਕਾਰ ਨਹੀਂ। ਅਜਿਹੀਆਂ ਥਾਂਵਾਂ ਦੇ ਪ੍ਰਬੰਧ ਲਈ ਕਿਹੜੀ ਸਰਕਾਰ ਕਾਨੂੰਨ ਬਣਾਉਂਦੀ ਹੈ। ਕੀ ਅਜਿਹੀ ਸਰਕਾਰ ਦੀ ਕਾਰਜਸ਼ੀਲਤਾ ਲੋਕਤੰਤਰੀ ਹੈ? ਉਕਤ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਪਹਿਲੀ ਗੱਲ ਤਾਂ ਇਹ ਕਿ ਦੁਨੀਆਂ ਵਿੱਚ ਕੋਈ ਅਜਿਹੀ ਸਰਕਾਰ ਨਹੀਂ ਜੋ ਸਾਰੇ ਦੇਸਾਂ ਦੀਆਂ ਸਰਕਾਰਾਂ ਨੂੰ ਹੁਕਮ ਦੇ ਸਕੇ। ਪਰ ਅੰਤਰ-ਰਾਸ਼ਟਰੀ ਪੱਧਰ 'ਤੇ ਕੁਝ ਅਜਿਹੀਆਂ ਸੰਸਥਾਵਾਂ ਜ਼ਰੂਰ ਹਨ ਜੋ ਦੁਨੀਆਂ ਵਿੱਚ ਸ਼ਾਂਤੀ ਕਾਇਮ ਕਰਨ, ਦੁਨੀਆਂ ਦੇ ਦੇਸਾਂ ਦੀ ਸੁਰੱਖਿਆ ਨੂੰ ਨਿਸਚਿਤ ਕਰਨ, ਗ਼ਰੀਬ ਦੇਸਾਂ ਨੂੰ ਆਰਥਿਕ ਸਹਾਇਤਾ ਦੇਣ, ਦੁਨੀਆਂ ਵਿੱਚ ਵਾਤਾਵਰਨ ਨੂੰ ਪੈਦਾ ਹੋਏ ਖ਼ਤਰੇ ਨੂੰ ਰੋਕਣ, ਅਨਿਆਂਪੂਰਨ ਢੰਗ ਨਾਲ ਇੱਕ ਦੇਸ ਦੇ ਦੂਜੇ ਦੇਸ ਉੱਤੇ ਹਮਲੇ ਨੂੰ ਰੋਕਣ ਤੇ ਦੁਨੀਆਂ ਵਿੱਚ ਸਮਾਜਿਕ ਸਮਾਨਤਾ ਲਿਆਉਣ ਲਈ ਯਤਨਸ਼ੀਲ ਹਨ। ਅਸੀਂ ਇਹ ਵੀ ਜਾਨਣ ਦਾ ਯਤਨ ਕਰਾਂਗੇ ਕਿ ਕੀ ਇਹਨਾਂ ਅੰਤਰ-ਰਾਸ਼ਟਰੀ ਸੰਸਥਾਵਾਂ ਦੀ ਕਾਰਜਸ਼ੀਲਤਾ ਲੋਕਤੰਤਰੀ ਸਿਧਾਂਤ 'ਤੇ ਆਧਾਰਿਤ ਹੈ ਜਾਂ ਨਹੀਂ ?

ਹੁਣ ਅਸੀਂ ਸੰਯੁਕਤ ਰਾਸ਼ਟਰ ਸੰਘ ਦੀ ਉਦਾਹਰਨ ਲੈਂਦੇ ਹਾਂ। ਇਹ ਇੱਕ ਅੰਤਰ-ਰਾਸ਼ਟਰੀ ਪੱਧਰ ਦੀ ਸੰਸਥਾ ਹੈ। ਹੁਣ ਤੱਕ ਇਸ ਦੇ 193 ਦੇਸ ਮੈਂਬਰ ਹਨ। ਇਸ ਦੀ ਇੱਕ ਪਾਰਲੀਮੈਂਟ ਹੈ। ਜਿਸ ਵਿੱਚ ਹਰ ਦੇਸ ਨੂੰ ਇੱਕ ਵੋਟ, ਇੱਕ ਬਰਾਬਰ ਦੀ ਮੱਤ ਦਾ ਅਧਿਕਾਰ ਮਿਲ਼ਿਆ ਹੋਇਆ ਹੈ। ਇਸ ਪਾਰਲੀਮੈਂਟ ਨੂੰ ਮਹਾਂਸਭਾ ਦਾ ਨਾਂ ਦਿੱਤਾ ਗਿਆ ਹੈ। ਇਸ ਵਿੱਚ ਸਾਰੇ ਦੇਸਾਂ ਦੇ ਮੈਂਬਰ ਦੁਨੀਆਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰੇ ਵਿੱਚ ਭਾਗ ਲੈਂਦੇ ਹਨ। ਮਹਾਂਸਭਾ ਦਾ ਇੱਕ ਪ੍ਰਧਾਨ ਹੁੰਦਾ ਹੈ। ਯੂ ਐਨ ਦਾ ਇਕ ਦਫ਼ਤਰ ਹੈ ਜਿਸ ਨੂੰ ਸਕੱਤਰੇਤ ਕਹਿੰਦੇ ਹਨ। ਸਕੱਤਰੇਤ ਦੇ ਮੁਖੀ ਨੂੰ ਮਹਾਂ ਸਕੱਤਰ (ਸੈੱਕਰੇਟਰੀ ਜਨਰਲ) ਕਿਹਾ ਜਾਂਦਾ ਹੈ। ਮੀਟਿੰਗਾਂ ਦੀ ਕਾਰਵਾਈ ਸੈੱਕਰੇਟਰੀ ਜਨਰਲ ਦੀ ਦੇਖ-ਰੇਖ ਵਿੱਚ ਹੁੰਦੀ ਹੈ। ਸੰਯੁਕਤ ਰਾਸ਼ਟਰ ਮਹਾਂਸਭਾ (ਜਨਰਲ ਅਸੈਂਬਲੀ) ਵਿੱਚ ਫ਼ੈਸਲੇ ਮੈਂਬਰਾਂ ਦੀ ਸਲਾਹ ਨਾਲ ਲਏ ਜਾਂਦੇ ਹਨ। ਮਹਾਂਸਭਾ ਦੀ ਕਾਰਜ ਸ਼ੀਲਤਾ ਲੋਕਤੰਤਰੀ ਲੱਗਦੀ ਹੈ। ਪਰ ਮਹਾਂਸਭਾ ਦੇਸਾਂ ਵਿਚਕਾਰ ਝਗੜਿਆਂ ਸੰਬੰਧੀ ਕੋਈ ਫ਼ੈਸਲਾ

ਨਹੀਂ ਲੈ ਸਕਦੀ। ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ (ਸਕਿਓਰਿਟੀ ਕੌਂਸਲ-ਸਲਾਮਤੀ ਕੌਂਸਲ) ਅਜਿਹੇ ਝਗੜਿਆਂ ਨੂੰ ਨਿਪਟਾਉਣ ਲਈ ਫ਼ੈਸਲੇ ਲੈਂਦੀ ਹੈ। ਸੁਰੱਖਿਆ ਪ੍ਰੀਸ਼ਦ ਦੇ 15 ਮੈਂਬਰ ਹਨ ਜਿਨ੍ਹਾਂ ਵਿੱਚ 5 ਸਥਾਈ ਮੈਂਬਰ ਅਤੇ 10 ਅਸਥਾਈ ਮੈਂਬਰ ਹਨ। ਅਸਥਾਈ ਮੈਂਬਰ ਦਾ ਅਹੁਦਾ 2 ਸਾਲ ਲਈ ਹੁੰਦਾ ਹੈ ਜੋ ਕਿ ਸੰਯੁਕਤ ਰਾਸ਼ਟਰ ਦੇ ਮੈਂਬਰ ਦੇਸਾਂ ਵਿਚੋਂ ਘੁੰਮਦਾ ਰਹਿੰਦਾ ਹੈ। ਭਾਰਤ ਵੀ ਸੁਰੱਖਿਆ ਪ੍ਰੀਸ਼ਦ ਦਾ ਕਈ ਵਾਰੀ ਅਸਥਾਈ ਮੈਂਬਰ ਰਹਿ ਚੁਕਿਆ ਹੈ। ਸੰਯੁਕਤ ਰਾਜ ਅਮਰੀਕਾ, ਇੰਗਲੈਂਡ, ਰੂਸ, ਫਰਾਂਸ ਤੇ ਚੀਨ ਸੁਰੱਖਿਆ ਪ੍ਰੀਸ਼ਦ ਦੇ ਸਥਾਈ ਮੈਂਬਰ ਹਨ। ਇਹਨਾਂ 5 ਮੈਂਬਰ ਦੇਸਾਂ ਕੋਲ ਵੀਟੋ ਸ਼ਕਤੀ ਹੈ। ਵੀਟੋ ਸ਼ਕਤੀ ਦਾ ਭਾਵ ਹੈ ਨਾਂਹ ਕਹਿਣ ਦੀ ਸ਼ਕਤੀ। ਜੇਕਰ 5 ਮੈਂਬਰਾਂ ਵਿੱਚੋਂ ਕੋਈ ਵੀ ਇੱਕ ਦੇਸ ਵੀਟੋ ਸ਼ਕਤੀ ਦੀ ਵਰਤੋਂ ਕਰਦਾ ਹੈ ਤਾਂ ਉਹ ਮਤਾ ਪਾਸ ਨਹੀਂ ਹੋ ਸਕਦਾ। ਸੁਰੱਖਿਆ ਪ੍ਰੀਸ਼ਦ ਦੁਨੀਆਂ ਵਿੱਚ ਸ਼ਾਂਤੀ ਤੇ ਸੁਰੱਖਿਆ ਸਥਾਪਿਤ ਕਰਨ ਲਈ ਜ਼ਿੰਮੇਵਾਰ ਹੈ। ਸੁਰੱਖਿਆ ਪ੍ਰੀਸ਼ਦ ਇੱਕ ਦੂਜੇ ਦੇਸ ਉੱਪਰ ਹਮਲਿਆਂ ਨੂੰ ਰੋਕਣ ਦਾ ਯਤਨ ਕਰਦੀ ਹੈ। ਜਿਹੜਾ ਦੇਸ ਗ਼ਲਤੀ ਕਰਦਾ ਹੈ ਉਸ ਵਿਰੁੱਧ ਮੈਂਬਰ ਦੇਸਾਂ ਦੀ ਸੈਨਾ ਦੁਆਰਾ ਕਾਰਵਾਈ ਕੀਤੀ ਜਾਂਦੀ ਹੈ। ਸੰਯੁਕਤ ਰਾਸ਼ਟਰ ਦੇ ਪ੍ਰਬੰਧ ਨੂੰ ਚਲਾਉਣ ਲਈ ਸੰਯੁਕਤ ਰਾਜ ਅਮਰੀਕਾ ਸਭ ਤੋਂ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ।

ਵਿਦਿਆਰਥੀਓ — ਸੰਯੁਕਤ ਰਾਸ਼ਟਰ ਸੰਘ (U.N.O) ਨਾਮੀ ਅੰਤਰਰਾਸ਼ਟਰੀ ਸੰਸਥਾ ਦਾ ਜਨਮ 24 ਅਕਤੂਬਰ, 1945 ਨੂੰ ਹੋਇਆ। ਜਿਸ ਦੇ ਮੁਢਲੇ 51 ਮੈਂਬਰ ਸਨ—ਭਾਰਤ ਵੀ ਸੰਯੁਕਤ ਰਾਸ਼ਟਰ ਦਾ ਮੁਢਲਾ ਮੈਂਬਰ ਹੈ।

ਹੁਣ ਅਸੀਂ ਅੰਤਰ-ਰਾਸ਼ਟਰੀ ਪੱਧਰ ਦੀ ਇੱਕ ਹੋਰ ਸੰਸਥਾ ਦੀ ਗੱਲ ਕਰਦੇ ਹਾਂ। ਇਸ ਦਾ ਨਾਂ ਅੰਤਰ-ਰਾਸ਼ਟਰੀ ਮੁਦਰਾ ਕੋਸ਼ (IMF) ਹੈ। ਇਹ ਸੰਸਥਾ ਦੁਨੀਆਂ ਭਰ ਦੇ ਦੇਸਾਂ ਨੂੰ ਕਰਜ਼ੇ ਦੇਣ ਦਾ ਕੰਮ ਕਰਦੀ ਹੈ। ਇਸ ਸੰਸਥਾ ਦੇ 189 ਦੇਸ ਮੈਂਬਰ ਹਨ। ਸਾਰੇ ਮੈਂਬਰ ਦੇਸਾਂ ਕੋਲ ਬਰਾਬਰ ਵੋਟ ਦਾ ਅਧਿਕਾਰ ਨਹੀਂ। ਹਰ ਇੱਕ ਮੈਂਬਰ ਦੇਸ ਦੀ ਵੋਟ ਉਸ ਦੁਆਰਾ ਇਸ ਸੰਸਥਾ ਨੂੰ ਦਿੱਤੀ ਗਈ ਰਾਸ਼ੀ ਦੇ ਅਨੁਸਾਰ ਨਿਸਚਤ ਕੀਤੀ ਜਾਂਦੀ ਹੈ। ਅੰਤਰ-ਰਾਸ਼ਟਰੀ ਮੁਦਰਾ ਕੋਸ਼ ਦੀ 52% ਵੋਟ ਸ਼ਕਤੀ ਕੇਵਲ 10 ਦੇਸਾਂ ਕੋਲ਼ ਹੈ। ਇਹਨਾਂ ਦੇਸਾਂ ਵਿੱਚ ਸੰਯੁਕਤ ਰਾਜ ਅਮਰੀਕਾ, ਜਪਾਨ, ਜਰਮਨੀ, ਫ਼ਰਾਂਸ, ਇੰਗਲੈਂਡ, ਚੀਨ, ਇਟਲੀ, ਸਾਊਦੀ ਅਰਬ, ਕੈਨੇਡਾ ਅਤੇ ਰੂਸ ਹਨ। ਬਾਕੀ 178 ਦੇਸਾਂ ਦੇ ਵੋਟ ਦੀ ਸ਼ਕਤੀ ਬਹੁਤ ਘੱਟ ਹੈ। ਇਸ ਕਰਕੇ ਇਹਨਾਂ 178 ਦੇਸਾਂ ਦੀ ਅੰਤਰ-ਰਾਸ਼ਟਰੀ ਮੁਦਰਾ ਕੋਸ਼ ਵਿੱਚ ਫ਼ੈਸਲੇ ਲੈਣ ਵਿੱਚ ਬਹੁਤ ਘੱਟ ਭੂਮਿਕਾ ਹੁੰਦੀ ਹੈ। ਤੀਜੀ ਵੱਡੀ ਸੰਸਥਾ ਸੰਸਾਰ ਬੈਂਕ (World Bank) ਹੈ। ਇਸ ਦੀ ਵਿਵਸਥਾ ਵੀ ਅੰਤਰ-ਰਾਸ਼ਟਰੀ ਮੁਦਰਾ ਕੋਸ਼ ਦੀ ਤਰ੍ਹਾਂ ਹੀ ਹੈ। ਸੰਸਾਰ ਬੈਂਕ ਦਾ ਪ੍ਰਧਾਨ ਹਮੇਸ਼ਾ ਸੰਯੁਕਤ ਰਾਜ ਅਮਰੀਕਾ ਦੇ ਨਾਗਰਿਕ ਨੂੰ ਹੀ ਬਣਾਇਆ ਜਾਂਦਾ ਹੈ।

ਹੁਣ ਇਸ ਗੱਲ 'ਤੇ ਵਿਚਾਰ ਕਰਾਂਗੇ ਕਿ ਉਪਰੋਕਤ ਸੰਸਥਾਵਾਂ ਦੇ ਕੰਮ-ਕਾਜ ਦਾ ਢੰਗ ਲੋਕਤੰਤਰੀ ਹੈ ਜਾ ਨਹੀਂ। ਮੰਨ ਲਓ ਕਿਸੇ ਸਰਕਾਰ ਦੇ ਮੰਤਰੀ-ਮੰਡਲ ਵਿੱਚ ਪੰਜ ਮੰਤਰੀਆਂ ਨੂੰ ਵੀਟੋ ਸ਼ਕਤੀ ਦੇ ਦਿੱਤੀ ਜਾਵੇ ਤੇ ਇਹ ਮੰਤਰੀ, ਮੰਤਰੀ-ਮੰਡਲ ਦੇ ਫ਼ੈਸਲਿਆਂ ਨੂੰ ਰੱਦ ਕਰ ਸਕਣ ਤਾਂ ਕੀ ਅਸੀਂ ਅਜਿਹੀ ਸਰਕਾਰ ਨੂੰ ਲੋਕਤੰਤਰੀ ਕਹਾਂਗੇ ? ਜੇਕਰ ਕਿਸੇ ਦੇਸ ਦੀ ਸੰਸਦ ਵਿੱਚ ਕੁਝ ਮੈਂਬਰਾਂ ਦੀ ਵੋਟ ਸ਼ਕਤੀ ਦੂਜੇ ਮੈਂਬਰਾਂ ਤੋਂ ਜ਼ਿਆਦਾ ਤੈਅ ਕਰ ਦਿੱਤੀ ਜਾਵੇ ਤਾਂ ਕੀ ਅਜਿਹੀ ਸੰਸਦ ਨੂੰ ਅਸੀ ਲੋਕਤੰਤਰੀ ਕਹਾਂਗੇ ? ਜ਼ਿਆਦਾਤਰ ਅੰਤਰ-ਰਾਸ਼ਟਰੀ ਸੰਸਥਾਵਾਂ ਲੋਕਤੰਤਰ ਦੇ ਸਿਧਾਂਤਾ ਤੇ ਖ਼ਰਾ ਨਹੀਂ ਉਤਰਦੀਆਂ। ਜੇਕਰ ਅੰਤਰ-ਰਾਸ਼ਟਰੀ ਸੰਸਥਾਵਾਂ ਲੋਕਤੰਤਰੀ ਨਹੀਂ ਹਨ ਤਾਂ ਕੀ ਇਹ ਸੰਸਥਾਵਾਂ ਪਹਿਲਾਂ ਨਾਲ਼ੋਂ ਵਧੇਰੇ ਲੋਕਤੰਤਰੀ ਬਣ ਰਹੀਆਂ ਹਨ ? ਇੱਥੇ ਵੀ ਸਾਨੂੰ ਕੋਈ ਉਤਸ਼ਾਹਜਨਕ ਜਾਂ ਠੋਸ ਸਬੂਤ ਨਹੀਂ ਮਿਲ਼ਦਾ। ਦਰਅਸਲ ਜਿਵੇਂ-ਜਿਵੇਂ ਦੁਨੀਆਂ ਦੇ ਦੇਸ ਲੋਕਤੰਤਰੀ ਬਣ ਰਹੇ ਹਨ, ਤਿਵੇਂ-ਤਿਵੇਂ ਅੰਤਰ-ਰਾਸ਼ਟਰੀ ਸੰਸਥਾਵਾਂ ਘੱਟ ਲੋਕਤੰਤਰੀ ਬਣ ਰਹੀਆਂ ਹਨ। ਅੱਜ ਤੋਂ ਕੋਈ 27 ਸਾਲ ਪਹਿਲਾਂ ਦੁਨੀਆਂ ਵਿੱਚ ਦੋ ਮਹਾਂ ਸ਼ਕਤੀਆਂ ਸੰਯੁਕਤ ਰਾਜ ਅਮਰੀਕਾ ਤੇ ਸਾਬਕਾ ਸੋਵੀਅਤ ਸੰਘ ਸਨ। ਇਹਨਾਂ ਦੋ ਮਹਾਂ ਸ਼ਕਤੀਆਂ ਕਾਰਨ ਸੰਸਾਰ ਵਿੱਚ ਅੰਤਰ-ਰਾਸ਼ਟਰੀ ਸੰਸਥਾਵਾਂ ਵਿੱਚ ਸੰਤੁਲਨ ਬਣਿਆ ਰਿਹਾ ਪਰ 1991 ਵਿੱਚ ਸੋਵੀਅਤ ਸੰਘ ਦੇ ਵਿਘਟਨ ਕਾਰਨ ਸੰਯੁਕਤ ਰਾਜ ਅਮਰੀਕਾ ਹੀ ਮਹਾਂ ਸ਼ਕਤੀ ਬਣ ਗਿਆ ਹੈ। ਅਮਰੀਕਾ ਦੀ ਦਾਦਾਗਿਰੀ ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਕੰਮ-ਕਾਜ ਨੂੰ ਪ੍ਰਭਾਵਿਤ ਕਰ ਰਹੀ ਹੈ।



ਸੰਯੁਕਤ ਰਾਸ਼ਟਰ ਸੰਘ ਦੀ ਤਸਵੀਰ

**ਕੀ ਦੁਨੀਆਂ ਦੇ ਸ਼ਕਤੀਸ਼ਾਲੀ ਲੋਕਤੰਤਰੀ ਦੇਸ ਅਤੇ ਬਹੁਕੌਮੀ ਕੰਪਨੀਆਂ ਲੋਕਤੰਤਰ ਲਈ ਖ਼ਤਰਾ ਹਨ ?**

ਦੁਨੀਆਂ ਦੇ ਸ਼ਕਤੀਸ਼ਾਲੀ ਦੇਸ ਅਣਲੋਕਤੰਤਰੀ ਦੇਸਾਂ ਵਿੱਚ ਲੋਕਤੰਤਰ ਸਥਾਪਿਤ ਕਰਨ ਲਈ ਸੈਨਿਕ ਕਾਰਵਾਈਆਂ ਕਰ ਰਹੇ ਹਨ। ਉਹਨਾਂ ਦੇਸਾਂ ਵਿੱਚ ਆਪਣੇ ਪਸੰਦ ਦੀ ਸਰਕਾਰ ਦੀ ਸਥਾਪਨਾ ਕਰ ਰਹੇ ਹਨ। ਕੀ ਅਜਿਹਾ ਕਰਨਾ ਲੋਕਤੰਤਰੀ ਹੈ ? ਬਿਲਕੁਲ ਨਹੀ। ਹਿੰਸਕ ਸਾਧਨਾਂ ਦੁਆਰਾ ਲੋਕਤੰਤਰ ਦੀ ਸਥਾਪਨਾ ਕਰਨਾ ਲੋਕਤੰਤਰੀ ਸਿਧਾਂਤ ਦੇ ਵਿਰੁੱਧ ਹੈ। ਹੁਣ ਪ੍ਰਸ਼ਨ ਇਹ ਵੀ ਪੈਦਾ ਹੁੰਦਾ ਹੈ ਕਿ ਸੈਨਿਕ ਕਾਰਵਾਈ ਦੁਆਰਾ ਕਿਸੇ ਅਣਲੋਕਤੰਤਰੀ ਦੇਸ ਵਿੱਚ ਲੋਕਤੰਤਰ ਦੀ ਸਥਾਪਨਾ ਹੋਣ ਨਾਲ ਉਸ ਦੇਸ ਵਿੱਚ ਲੋਕਤੰਤਰ ਲੰਮਾ ਸਮਾਂ ਚਲ ਸਕੇਗਾ ਜਾਂ ਨਹੀਂ ? ਜਿਸ ਦੇਸ ਦੇ ਲੋਕ, ਲੋਕਤੰਤਰ ਦੀ ਸਥਾਪਨਾ ਲਈ ਸੰਘਰਸ਼ ਕਰ ਰਹੇ ਹੋਣ ਉੱਥੋਂ ਦੇ ਲੋਕਾਂ ਦੀ ਮਦਦ ਕਰਨਾ ਲੋਕਤੰਤਰੀ ਹੈ ਜਾਂ ਨਹੀਂ ? ਇਹਨਾਂ ਪ੍ਰਸ਼ਨਾਂ ਦੇ ਉੱਤਰ ਜਾਨਣ ਦੀ ਕੋਸ਼ਿਸ਼ ਕਰੋ।

ਆਓ, ਹੁਣ ਇਰਾਕ ਦੀ ਉਦਾਹਰਨ ਲਈਏ। ਇਰਾਕ ਪੱਛਮੀ ਏਸ਼ੀਆ ਦਾ ਦੇਸ ਹੈ। ਇਹ ਸੰਨ 1932 ਵਿੱਚ ਬ੍ਰਿਟਿਸ਼ ਬਸਤੀਵਾਦ ਤੋਂ ਅਜ਼ਾਦ ਹੋ ਗਿਆ। ਤਿੰਨ ਦਹਾਕਿਆਂ ਬਾਅਦ ਸੈਨਿਕ ਅਫ਼ਸਰਾਂ ਦੁਆਰਾ ਸੱਤ੍ਹਾ ਪਲਟਣ ਦੀਆਂ ਕਈ ਕਾਰਵਾਈਆਂ ਹੋਈਆਂ। ਸੰਨ 1968 ਤੱਕ ਇਰਾਕ ਵਿੱਚ ਅਰਬ ਸੋਸ਼ਲਿਸਟ ਪਾਰਟੀ ਦਾ ਰਾਜ ਰਿਹਾ। ਇਸ ਤੋਂ ਬਾਅਦ ਇਸ ਪਾਰਟੀ ਦੀ ਅਗਵਾਈ ਸਦਾਮ ਹੁਸੈਨ ਨੇ ਕੀਤੀ ਤੇ ਪਾਰਟੀ ਨੂੰ ਸਾਜ਼ਸ਼ ਦੁਆਰਾ ਸੱਤ੍ਹਾ ਵਿੱਚ ਲਿਆਂਦਾ। ਇਸ ਪਾਰਟੀ ਨੇ ਕਈ ਰਿਵਾਇਤੀ ਇਸਲਾਮਿਕ ਕਾਨੂੰਨਾਂ ਨੂੰ ਖ਼ਤਮ ਕਰ ਦਿੱਤਾ। ਇਸਤਰੀਆਂ ਨੂੰ ਵੋਟ ਦਾ ਅਧਿਕਾਰ ਅਤੇ ਕਈ ਤਰ੍ਹਾਂ ਦੀਆਂ ਅਜ਼ਾਦੀਆਂ ਦਿੱਤੀਆਂ ਗਈਆਂ ਜਿਹੜੀਆਂ ਕਿ ਹੋਰ ਇਸਲਾਮਿਕ ਦੇਸਾਂ ਵਿੱਚ ਨਹੀਂ ਦਿੱਤੀਆਂ ਗਈਆਂ ਸਨ। ਸਦਾਮ ਹੁਸੈਨ ਸੰਨ 1979 ਵਿੱਚ ਇਰਾਕ ਦਾ ਰਾਸ਼ਟਰਪਤੀ ਬਣ ਗਿਆ ਤੇ ਇੱਕ ਤਾਨਾਸ਼ਾਹ ਦੀ ਤਰ੍ਹਾਂ ਸਰਕਾਰ ਚਲਾਉਣ ਲੱਗ ਪਿਆ। ਕਿਹਾ ਜਾਂਦਾ ਹੈ ਕਿ ਉਸ ਨੇ ਆਪਣੇ ਬਹੁਤ ਸਾਰੇ ਵਿਰੋਧੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਕਈ ਘੱਟ ਗਿਣਤੀ ਨਸਲਾਂ ਦੇ ਲੋਕਾਂ ਦਾ ਕਤਲੇ-ਆਮ ਕੀਤਾ।

ਅਮਰੀਕਾ ਅਤੇ ਇੰਗਲੈਂਡ ਨੇ ਇਰਾਕ 'ਤੇ ਦੋਸ਼ ਲਾਇਆ ਕਿ ਉਸ ਕੋਲ਼ ਪ੍ਰਮਾਣੂ ਅਤੇ ਵੱਡੇ ਪੱਧਰ 'ਤੇ ਵਿਨਾਸ਼ ਕਰਨ ਵਾਲ਼ੇ ਹਥਿਆਰ ਹਨ। ਜਿਨ੍ਹਾਂ ਤੋਂ ਸੰਸਾਰ ਨੂੰ ਖ਼ਤਰਾ ਹੈ। ਸੰਯੁਕਤ ਰਾਸ਼ਟਰ ਸੰਘ ਦੀ ਟੀਮ ਇਹਨਾਂ ਹਥਿਆਰਾਂ ਦਾ ਪਤਾ ਲਗਾਉਣ ਲਈ ਇਰਾਕ ਭੇਜੀ ਗਈ। ਪਰ ਇਸ ਟੀਮ ਨੂੰ ਇਰਾਕ ਕੋਲ਼ ਕੋਈ ਪਰਮਾਣੂ ਜਾਂ ਵੱਡੇ ਪੱਧਰ 'ਤੇ ਵਿਨਾਸ਼ ਕਰਨ ਵਾਲ਼ਾ ਹਥਿਆਰ ਨਹੀਂ ਮਿਲ਼ਿਆ। ਫਿਰ ਵੀ ਅਮਰੀਕਾ ਤੇ ਇਸ ਦੇ ਭਾਈਵਾਲ ਦੇਸਾਂ ਨੇ ਸੰਨ 2003 ਵਿੱਚ ਇਰਾਕ ਉੱਤੇ ਹਮਲਾ ਕਰ ਦਿੱਤਾ। ਸਦਾਮ ਨੂੰ ਸੱਤ੍ਹਾ ਤੋਂ ਹਟਾ ਕੇ ਆਪਣੇ ਪਸੰਦ ਦੀ ਸਰਕਾਰ ਸਥਾਪਿਤ ਕਰ

ਦਿੱਤੀ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਇਸ ਕਾਰਵਾਈ ਨੂੰ ਗ਼ੈਰ-ਕਾਨੂੰਨੀ ਕਰਾਰ ਦਿੱਤਾ। ਅਮਰੀਕਾ ਤੇ ਉਸ ਦੇ ਭਾਈਵਾਲ ਦੇਸਾਂ ਦੀ ਇਹ ਕਾਰਵਾਈ ਅਨਲੋਕਤੰਤਰੀ ਸੀ।

ਆਓ ਹੁਣ **ਬਹੁਕੌਮੀ ਕੰਪਨੀਆਂ** ਦੇ ਬਾਰੇ ਵਿਚਾਰ ਕਰੀਏ। ਕੀ ਇਹ ਅਸਿੱਧੇ ਢੰਗ ਨਾਲ ਸਮਰਾਜਵਾਦ ਫੈਲਾ ਰਹੀਆਂ ਹਨ। ਕੀ ਉਹ ਕੰਪਨੀਆਂ ਲੋਕਤੰਤਰ ਲਈ ਖ਼ਤਰਾ ਹਨ ? ਅੱਜ-ਕੱਲ੍ਹ ਵਿਕਾਸਸ਼ੀਲ ਤੇ ਪਿਛੜੇ ਹੋਏ ਦੇਸਾਂ ਨੇ ਵੀ ਖੁਲ੍ਹੇ ਮੁਕਾਬਲੇ ਤੇ ਵਿਸ਼ਵੀਕਰਨ ਦੀ ਨੀਤੀ ਨੂੰ ਅਪਣਾ ਲਿਆ ਹੈ। ਇਸ ਨੀਤੀ ਅਧੀਨ ਬਹੁਕੌਮੀ ਕੰਪਨੀਆਂ ਇਹਨਾਂ ਦੇਸਾਂ ਵਿੱਚ ਆਪਣਾ ਕਾਰੋਬਾਰ ਕਰ ਰਹੀਆਂ ਹਨ। ਇਹਨਾਂ ਕੰਪਨੀਆਂ ਦਾ ਇੱਕੋ-ਇੱਕ ਉਦੇਸ਼ ਵੱਧ ਤੋਂ ਵੱਧ ਲਾਭ ਕਮਾਉਣਾ ਹੈ। ਲਾਭ ਕਮਾਉਣ ਦੀ ਪ੍ਰਵਿਰਤੀ ਨਾਲ਼ ਲੋਕਾਂ ਨੂੰ ਮਿਲ਼ਣ ਵਾਲ਼ੀਆ ਸੇਵਾਵਾਂ ਦਿਨ ਪ੍ਰਤਿ ਦਿਨ ਮਹਿੰਗੀਆਂ ਹੋ ਰਹੀਆਂ ਹਨ। ਆਮ ਆਦਮੀ ਦਾ ਕਿਸੇ ਨਾ ਕਿਸੇ ਰੂਪ ਵਿੱਚ ਇਹਨਾਂ ਕੰਪਨੀਆਂ ਦੁਆਰਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਅੱਜ-ਕੱਲ੍ਹ ਦੀਆਂ ਸਰਕਾਰਾਂ ਦੇਖਣ ਨੂੰ ਤਾਂ ਲੋਕਤੰਤਰੀ ਲੱਗਦੀਆਂ ਹਨ ਪਰ ਇਹਨਾਂ ਨੂੰ ਦੇਸ ਦੇ ਵਪਾਰਕ ਘਰਾਣੇ ਹੀ ਚਲਾ ਰਹੇ ਹਨ। ਇਹਨਾਂ ਵਪਾਰਕ ਘਰਾਣਿਆ ਦਾ ਬਹੁਕੌਮੀ ਕੰਪਨੀਆਂ ਵਿੱਚ ਏਕਾਧਿਕਾਰ ਹੈ। ਇਸ ਲਈ ਇਹ ਘਰਾਣੇ ਸਰਕਾਰੀ ਨੀਤੀਆਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਕਾਮਯਾਬ ਹੋ ਰਹੇ ਹਨ। ਇਹਨਾਂ ਕੰਪਨੀਆਂ ਨੇ ਗ਼ਰੀਬ ਤੇ ਅਮੀਰ ਦੇ ਅੰਤਰ ਨੂੰ ਵਧਾ ਦਿੱਤਾ ਹੈ। ਇਹਨਾਂ ਵਪਾਰਕ ਕੰਪਨੀਆਂ ਤੇ ਸ਼ਕਤੀਸ਼ਾਲੀ ਦੇਸਾਂ ਵਿਰੁੱਧ ਅੰਤਰ-ਰਾਸ਼ਟਰੀ ਲੋਕ ਰਾਇ ਬਣਾਉਣੀ ਪਵੇਗੀ ਤਾਂ ਹੀ ਦੁਨੀਆਂ ਵਿੱਚ ਅਸਲੀ ਲੋਕਤੰਤਰ ਦੀ ਸਥਾਪਨਾ ਹੋ ਸਕੇਗੀ।

ਵਿਦਿਆਰਥੀਓ—ਆਪ ਜੀ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਸਵਦੇਸ਼ੀ ਕੰਪਨੀਆਂ ਦੇ ਉਤਪਾਦਨ ਕਰਨ ਤੇ ਲੋਕਾਂ ਨੂੰ ਜਿੱਥੇ ਦੇਸ ਵਿੱਚ ਹੀ ਰੁਜ਼ਗਾਰ ਮਿਲ਼ਦਾ ਹੈ ਉੱਥੇ ਆਮਦਨ ਵੀ ਆਪਣੇ ਦੇਸ ਵਿੱਚ ਹੀ ਰਹਿੰਦੀ ਹੈ।

## ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

- **ਖ਼ਾਲੀ ਥਾਂਵਾਂ ਭਰੋ :**
  1. ਚੋਲ ਰਾਜਿਆਂ ਸਮੇਂ ਪ੍ਰਸ਼ਾਸਨ ਦੀ ਸਭ ਤੋਂ ਛੋਟੀ ਇਕਾਈ .................... ਸੀ ।
  2. ਚਿੱਲੀ ਵਿੱਚ ਸੋਸ਼ਲਿਸਟ ਪਾਰਟੀ ਦੀ ਅਗਵਾਈ .................... ਨੇ ਕੀਤੀ।
- **ਠੀਕ/ਗ਼ਲਤ ਦੱਸੋ :**
  1. ਭਾਰਤ ਸੰਯੁਕਤ ਰਾਸ਼ਟਰ ਸੰਘ ਦੀ ਸੁਰੱਖਿਆ ਪ੍ਰੀਸ਼ਦ ਦਾ ਸਥਾਈ ਮੈਂਬਰ ਹੈ।
  2. ਸਾਡੇ ਗੁਆਂਢੀ ਦੇਸ ਪਾਕਿਸਤਾਨ ਵਿੱਚ ਲੋਕਤੰਤਰ ਲਗਾਤਾਰ ਚੱਲ ਰਿਹਾ ਹੈ।
- **ਬਹੁ-ਵਿਕਲਪੀ ਪ੍ਰਸ਼ਨ :**
  1. ਹੇਠ ਲਿਖਿਆਂ ਵਿੱਚੋਂ ਕਿਸ ਦੇਸ ਨੇ ਦੁਨੀਆਂ ਦੇ ਦੇਸਾਂ ਨੂੰ ਸੰਸਦੀ ਲੋਕਤੰਤਰ ਪ੍ਰਨਾਲ਼ੀ ਅਪਣਾਉਣ ਦੀ ਪ੍ਰੇਰਨਾ ਦਿੱਤੀ।

     1. ਜਰਮਨੀ 2. ਫ਼ਰਾਂਸ 3. ਇੰਗਲੈਂਡ 4. ਚੀਨ
  2. ਹੇਠ ਲਿਖੇ ਦੇਸਾਂ ਵਿੱਚੋਂ ਵੀਟੋ ਸ਼ਕਤੀ ਕਿਹੜੇ ਦੇਸ ਕੋਲ਼ ਨਹੀਂ ਹੈ।

     1. ਭਾਰਤ 2. ਅਮਰੀਕਾ 3. ਫਰਾਂਸ 4. ਚੀਨ

### 2. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ:

1. ਅੱਜ-ਕੱਲ੍ਹ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਕਿਹੜੀ ਸ਼ਾਸਨ ਪ੍ਰਨਾਲ਼ੀ ਅਪਣਾਈ ਜਾ ਰਹੀ ਹੈ ?
2. ਪਹਿਲੇ ਵਿਸ਼ਵ ਯੁੱਧ ਤੋਂ ਬਾਅਦ ਇਟਲੀ ਤੇ ਜਰਮਨੀ ਵਿੱਚ ਪ੍ਰਚੱਲਿਤ ਵਿਚਾਰ ਧਾਰਾਵਾਂ ਦੇ ਨਾਂ ਲਿਖੋ ਜਿਨ੍ਹਾਂ ਕਾਰਨ ਲੋਕਤੰਤਰ ਨੂੰ ਇੱਕ ਵੱਡਾ ਧੱਕਾ ਲੱਗਾ।

3. ਅਲੈਂਡੇ, ਚਿੱਲੀ ਦੇਸ਼ ਦਾ ਰਾਸ਼ਟਰਪਤੀ ਕਦੋਂ ਚੁਣਿਆ ਗਿਆ ?
4. ਚਿੱਲੀ ਵਿੱਚ ਲੋਕਤੰਤਰ ਦੀ ਬਹਾਲੀ ਕਦੋਂ ਹੋਈ ?
5. ਪੋਲੈਂਡ ਵਿੱਚ ਲੋਕਤੰਤਰੀ ਅਧਿਕਾਰਾਂ ਦੀ ਮੰਗ ਲਈ ਹੜਤਾਲ ਦੀ ਅਗਵਾਈ ਕਿਸ ਨੇ ਕੀਤੀ ?
6. ਪੋਲੈਂਡ ਵਿੱਚ ਰਾਸ਼ਟਰਪਤੀ ਦੀ ਪਦਵੀ ਲਈ ਪਹਿਲੀ ਵਾਰ ਚੋਣਾਂ ਕਦੋਂ ਹੋਈਆਂ ਤੇ ਕੌਣ ਰਾਸ਼ਟਰਪਤੀ ਚੁਣਿਆ ਗਿਆ ?
7. ਭਾਰਤ ਵਿੱਚ ਸਰਵ ਵਿਆਪਕ ਬਾਲਗ ਮੱਤ ਅਧਿਕਾਰ ਕਦੋਂ ਦਿੱਤਾ ਗਿਆ ?
8. ਕਿਹੜੇ ਦੋ ਵੱਡੇ ਮਹਾਂਦੀਪ ਬਸਤੀਵਾਦ ਦਾ ਸ਼ਿਕਾਰ ਰਹੇ ?
9. ਦੱਖਣੀ ਅਫ਼ਰੀਕਾ ਮਹਾਂਦੀਪ ਦੇ ਦੇਸ਼ ਘਾਨਾ ਨੂੰ ਕਦੋਂ ਅਜ਼ਾਦੀ ਪ੍ਰਾਪਤ ਹੋਈ ?
10. ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਵਿੱਚ ਕਿਸ ਫ਼ੌਜੀ ਕਮਾਂਡਰ ਨੇ 1999 ਵਿੱਚ ਚੁਣੀ ਹੋਈ ਸਰਕਾਰ ਦੀ ਸੱਤ੍ਹਾ ਤੇ ਕਬਜ਼ਾ ਕਰ ਲਿਆ ?
11. ਦੋ ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਨਾਂ ਦੱਸੋ।
12. ਅੰਤਰ-ਰਾਸ਼ਟਰੀ ਮੁਦਰਾ ਕੋਸ਼ ਸੰਸਥਾ ਕੀ ਕੰਮ ਕਰਦੀ ਹੈ ?
13. ਸੰਯੁਕਤ ਰਾਸ਼ਟਰ ਸੰਘ ਵਿੱਚ ਕਿੰਨੇ ਦੇਸ ਮੈਂਬਰ ਹਨ ?
14. ਦੁਨੀਆਂ ਭਰ ਵਿੱਚ ਪ੍ਰਚਲਿਤ ਸ਼ਾਸਨ ਪ੍ਰਨਾਲ਼ੀਆਂ ਦੇ ਨਾਂ ਦੱਸੋ।

### 3. ਛੋਟੇ ਉੱਤਰ ਵਾਲੇ ਪ੍ਰਸ਼ਨ:

1. ਸਰਵ ਵਿਆਪਕ ਬਾਲਗ ਮੱਤ ਅਧਿਕਾਰ ਤੋਂ ਕੀ ਭਾਵ ਹੈ ?
2. ਚੋਲ ਵੰਸ਼ ਦੇ ਰਾਜਿਆਂ ਸਮੇਂ ਸਥਾਨਿਕ ਪੱਧਰ ਦੇ ਲੋਕਤੰਤਰ 'ਤੇ ਨੋਟ ਲਿਖੋ।
3. ਵੀਟੋ ਸ਼ਕਤੀ ਤੋਂ ਕੀ ਭਾਵ ਹੈ ? ਸੰਯੁਕਤ ਰਾਸ਼ਟਰ ਸੰਘ ਵਿੱਚ ਵੀਟੋ ਸ਼ਕਤੀ ਕਿਹੜੇ-ਕਿਹੜੇ ਦੇਸਾਂ ਕੋਲ਼ ਹੈ ?
4. ਅੰਤਰ-ਰਾਸ਼ਟਰੀ ਸੰਸਥਾਵਾਂ ਦੀ ਕਾਰਜ-ਪ੍ਰਨਾਲ਼ੀ ਲੋਕਤੰਤਰੀ ਸਿਧਾਂਤਾ ਤੇ ਖ਼ਰੀ ਨਹੀਂ ਉਤਰਦੀ। ਇਸ ਕਥਨ ਦੀ ਵਿਆਖਿਆ ਕਰੋ।
5. ਚਿੱਲੀ ਦੇ ਲੋਕਤੰਤਰ ਦੇ ਇਤਿਹਾਸ 'ਤੇ ਨੋਟ ਲਿਖੋ।
6. ਅਫਰੀਕਾ ਮਹਾਂਦੀਪ ਦੇ ਦੇਸ਼ ਘਾਨਾ ਨੂੰ ਅਜ਼ਾਦ ਕਰਵਾਉਣ ਵਿੱਚ ਕਿਸ ਵਿਅਕਤੀ ਨੇ ਭੂਮਿਕਾ ਨਿਭਾਈ ? ਘਾਨਾ ਦੀ ਅਜ਼ਾਦੀ ਦਾ ਅਫਰੀਕਾ ਦੇ ਹੋਰ ਦੇਸਾਂ ਉੱਤੇ ਕੀ ਪ੍ਰਭਾਵ ਪਿਆ ?
7. ਚੋਲ ਵੰਸ਼ ਦੇ ਰਾਜਿਆਂ ਸਮੇਂ ਸਥਾਨਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਦੀ ਚੋਣ ਕਰਨ ਲਈ ਅਪਣਾਏ ਗਏ ਚੋਣ ਢੰਗ ਦੀ ਵਿਆਖਿਆ ਕਰੋ।

### 4. ਵੱਡੇ ਉੱਤਰ ਵਾਲੇ ਪ੍ਰਸ਼ਨ:

1. ਅੰਤਰ ਰਾਸ਼ਟਰੀ ਮੁਦਰਾ ਕੋਸ਼ 'ਤੇ ਨੋਟ ਲਿਖੋ।
2. ਸੰਯੁਕਤ ਰਾਸ਼ਟਰ ਸੰਘ ਤੇ ਨੋਟ ਲਿਖੋ।
3. ਯੂਨਾਨ ਅਤੇ ਰੋਮ ਦੇ ਪ੍ਰਾਚੀਨ ਕਾਲ ਵਿੱਚ ਲੋਕਤੰਤਰ ਦੇ ਵਿਕਾਸ ਦਾ ਸੰਖੇਪ ਵਰਨਣ ਕਰੋ।
4. ਅੱਜ ਦੇ ਯੁਗ ਵਿੱਚ ਬਹੁਕੌਮੀ ਕੰਪਨੀਆਂ ਲੋਕਤੰਤਰ ਦੇ ਵਿਕਾਸ ਲਈ ਖਤਰਾ ਹਨ। ਇਸ ਕਥਨ ਦੀ ਵਿਆਖਿਆ ਕਰੋ।

*****

ਪਾਠ
10

# ਲੋਕਤੰਤਰ ਦਾ ਅਰਥ ਅਤੇ ਮਹੱਤਵ




ਪਿਆਰੇ ਵਿਦਿਆਰਥੀਓ ਅਸੀਂ ਇਸ ਪਾਠ ਵਿੱਚ ਲੋਕਤੰਤਰ ਸੰਬੰਧੀ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਜਾਣਨ ਦੀ ਕੋਸ਼ਿਸ਼ ਕਰਾਂਗੇ।

- ਲੋਕਤੰਤਰ ਦਾ ਅਰਥ ਕੀ ਹੈ ?
- ਲੋਕਤੰਤਰ ਦੇ ਮੁਢਲੇ ਸਿਧਾਂਤ ਕੀ ਹਨ ?
- ਲੋਕਤੰਤਰ ਦਾ ਮਹੱਤਵ ਕੀ ਹੈ ?
- ਲੋਕਤੰਤਰ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਕਿਹੜੀਆਂ-ਕਿਹੜੀਆਂ ਹਨ ?
- ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤਾਂ ਕਿਹੜੀਆਂ ਹਨ ?

ਉਕਤ ਪ੍ਰਸ਼ਨਾਂ ਤੋਂ ਇਲਾਵਾ ਤੁਸੀਂ ਇਹ ਜਾਨਣ ਦੇ ਯੋਗ ਵੀ ਹੋ ਜਾਓਗੇ ਕਿ ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਅਤੇ ਗ਼ੈਰ-ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਵਿੱਚ ਕੀ ਅੰਤਰ ਹੈ।

ਅਸੀਂ ਪਹਿਲਾਂ ਲੋਕਤੰਤਰ ਦੇ ਸ਼ਾਬਦਿਕ ਅਰਥ ਜਾਨਣ ਦੀ ਕੋਸ਼ਿਸ਼ ਕਰਾਂਗੇ ਫਿਰ ਕਦਮ-ਦਰ-ਕਦਮ ਅਸੀਂ ਲੋਕਤੰਤਰ ਦੇ ਵਿਸ਼ਾਲ ਅਰਥਾਂ ਬਾਰੇ ਜਾਣਕਾਰੀ ਹਾਸਲ ਕਰਾਂਗੇ।

ਲੋਕਤੰਤਰ ਦਾ ਸ਼ਾਬਦਿਕ ਅਰਥ

ਲੋਕਤੰਤਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਡੈਮੋਕ੍ਰੇਸੀ ਦਾ ਪੰਜਾਬੀ ਅਨੁਵਾਦ ਹੈ। Democracy ਸ਼ਬਦ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ (Demos+Cratia) ਤੋਂ ਬਣਿਆ ਹੈ। ਜਿਸ ਵਿੱਚ Demos ਦਾ ਅਰਥ ਹੈ ਲੋਕ ਅਤੇ Cratia ਦਾ ਅਰਥ ਹੈ ਸ਼ਾਸਨ ਅਰਥਾਤ ਲੋਕਾਂ ਦਾ ਸ਼ਾਸਨ। ਲੋਕਤੰਤਰ ਦੇ ਅਰਥਾਂ ਨੂੰ ਵਿਦਵਾਨਾਂ ਨੇ ਭਿੰਨ-ਭਿੰਨ ਢੰਗਾਂ ਨਾਲ ਪਰਿਭਾਸ਼ਿਤ ਕੀਤਾ ਹੈ। ਕੁਝ ਵਿਦਵਾਨ ਲੋਕਤੰਤਰ ਨੂੰ ਇੱਕ ਸਰਕਾਰ ਦਾ ਰੂਪ ਮੰਨਦੇ ਹਨ। ਜਿਸ ਵਿੱਚ ਲੋਕ ਰਾਜਨੀਤਿਕ ਸ਼ਕਤੀ

ਉਪਰ ਨਿਯੰਤਰਣ ਰੱਖਦੇ ਹਨ। ਸ਼ਾਸਕ ਲੋਕਾਂ ਦੁਆਰਾ ਚੁਣੇ ਜਾਂਦੇ ਹਨ ਜੋ ਜਨਤਾ ਦੇ ਪ੍ਰਤੀਨਿੱਧ ਦੇ ਤੌਰ 'ਤੇ ਸ਼ਾਸਨ ਨੂੰ ਚਲਾਉਂਦੇ ਹਨ। ਕੁਝ ਵਿਦਵਾਨ ਸਰਕਾਰ ਦੇ ਰੂਪ ਤੋਂ ਇਲਾਵਾ ਲੋਕਤੰਤਰ ਨੂੰ ਇੱਕ ਜੀਵਨ ਢੰਗ, ਵਿਚਾਰਾਂ ਅਤੇ ਦ੍ਰਿਸ਼ਟੀਕੋਣਾਂ ਦਾ ਸੰਗ੍ਰਹਿ ਮੰਨਦੇ ਹਨ। ਜੋ ਮਨੁੱਖਾਂ ਦੇ ਮਨੁੱਖਾਂ ਪ੍ਰਤੀ ਵਿਹਾਰ ਨੂੰ ਪ੍ਰੇਰਿਤ ਅਤੇ ਅਗਵਾਈ ਦੇਣ ਦਾ ਕੰਮ ਕਰਦੇ ਹਨ। ਇਹ ਵਿਚਾਰ ਅਤੇ ਦ੍ਰਿਸ਼ਟੀਕੋਣ ਨਾ ਕੇਵਲ ਮਨੁੱਖ ਨੂੰ ਰਾਜਨੀਤਿਕ ਖੇਤਰ ਵਿੱਚ ਹੀ ਪ੍ਰੇਰਿਤ ਤੇ ਅਗਵਾਈ ਦਿੰਦੇ ਹਨ ਸਗੋਂ ਮਨੁੱਖ ਦੇ ਹਰ ਖੇਤਰ ਵਿੱਚ ਜਿਵੇਂ ਸਮਾਜਿਕ, ਆਰਥਿਕ ਤੇ ਸੱਭਿਆਚਾਰਿਕ ਜੀਵਨ ਵਿੱਚ ਵੀ ਦਿਸ਼ਾ ਅਗਵਾਈ ਦਾ ਕੰਮ ਕਰਦੇ ਹਨ।

**ਲੋਕਤੰਤਰ ਦਾ ਸਰੂਪ —** ਲੋਕਤੰਤਰ ਇੱਕ ਅਜਿਹਾ ਸੰਗਠਨਾਤਮਕ ਪ੍ਰਬੰਧ ਹੈ ਜਿਸ ਵਿੱਚ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨ ਲਈ ਲੋਕਾਂ ਦੀ ਸੁਤੰਤਰ ਰੂਪ ਵਿੱਚ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਂਦਾ ਹੈ। ਲੋਕਤੰਤਰ ਵਿੱਚ ਜਨਤਾ ਸਰਕਾਰ ਉੱਤੇ ਨਿਯੰਤਰਨ ਰੱਖਦੀ ਹੈ। ਕਈ ਵਾਰੀ ਲੋਕਤੰਤਰ ਨੂੰ ਸਾਰੇ ਲੋਕਾਂ ਦਾ ਸ਼ਾਸਨ ਕਹਿ ਦਿੱਤਾ ਜਾਂਦਾ ਹੈ। ਇਹ ਇੱਕ ਕਲਪਨਾ ਹੀ ਹੈ ਕਿਉਂਕਿ ਸਾਰੇ ਲੋਕ ਇੱਕ ਮੱਤ ਨਹੀਂ ਹੋ ਸਕਦੇ। ਕਈ ਵਾਰੀ ਲੋਕਤੰਤਰ ਨੂੰ ਬਹੁਗਿਣਤੀ ਦਾ ਸ਼ਾਸਨ ਕਹਿ ਦਿੱਤਾ ਜਾਂਦਾ ਹੈ। ਇਹ ਵੀ ਠੀਕ ਨਹੀਂ। ਉਦਾਹਰਨ ਦੇ ਤੌਰ 'ਤੇ ਕਈ ਵਾਰੀ ਇੱਕ ਤਾਨਾਸ਼ਾਹ ਬਹੁਗਿਣਤੀ ਲੋਕਾਂ ਦਾ ਸਮਰਥਨ ਸ਼ਕਤੀ ਦੇ ਨਾਲ ਹਾਸਲ ਕਰਨ ਵਿੱਚ ਕਾਮਯਾਬ ਹੋ ਜਾਂਦਾ ਹੈ। ਤਾਂ ਕੀ ਅਸੀਂ, ਅਜਿਹੇ ਸ਼ਾਸਨ ਨੂੰ ਲੋਕਤੰਤਰ ਕਹਾਂਗੇ ? ਚੁਨਣ ਦੀ ਅਜ਼ਾਦੀ ਹੀ ਲੋਕਤੰਤਰ ਦਾ ਮੁੱਢਲਾ ਆਧਾਰ ਹੈ। ਲੋਕਤੰਤਰ ਦੀ ਹੋਂਦ ਵਿਚਾਰਾਂ ਦੀ ਭਿੰਨਤਾ ਵਿੱਚ ਪਾਈ ਜਾਂਦੀ ਹੈ। ਹਰ ਇੱਕ ਵਿਅਕਤੀ ਦਾ ਦੇਸ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਆਪਣਾ-ਆਪਣਾ ਦ੍ਰਿਸ਼ਟੀਕੋਣ ਹੁੰਦਾ ਹੈ। ਲੋਕਤੰਤਰ ਵਿੱਚ ਵਿਚਾਰਾਂ ਦੀ ਵਿਭਿੰਨਤਾ ਦਾ ਹੱਲ ਗੋਲ਼ੀਆਂ ਨਾਲ ਨਹੀਂ ਸਗੋਂ ਵੋਟਾਂ ਦੁਆਰਾ ਕੀਤਾ ਜਾਂਦਾ ਹੈ। ਲੋਕਤੰਤਰ ਵਿੱਚ ਹਿੰਸਾ ਦੀ ਕੋਈ ਥਾਂ ਨਹੀ। ਚੋਣਾਂ ਵਿੱਚ ਕੋਈ ਇੱਕ ਵਿਚਾਰਧਾਰਾ ਬਹੁਗਿਣਤੀ ਲੋਕਾਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਸਫ਼ਲ ਹੋ ਜਾਂਦੀ ਹੈ। ਇਹੀ ਵਿਚਾਰਧਾਰਾ ਰਾਜਨੀਤਿਕ ਸ਼ਕਤੀ ਹਾਸਲ ਕਰਨ ਵਿੱਚ ਸਫ਼ਲ ਹੋ ਜਾਂਦੀ ਹੈ।

ਰਾਜਨੀਤਿਕ ਦਲ ਵਿਚਾਰਧਰਾਵਾਂ ਦੀਆਂ ਮਸ਼ੀਨਾਂ ਹੁੰਦੀਆਂ ਹਨ। ਵੱਖ-ਵੱਖ ਵਿਚਾਰ ਹੋਣ ਦੇ ਕਾਰਨ ਹੀ ਵੱਖ-ਵੱਖ ਰਾਜਨੀਤਿਕ ਦਲ ਹੋਂਦ ਵਿੱਚ ਆਉਂਦੇ ਹਨ। ਰਾਜਨੀਤਿਕ ਪਾਰਟੀਆਂ ਅਜਿਹੇ ਯੰਤਰ ਹਨ ਜਿਨ੍ਹਾਂ ਦੁਆਰਾ ਵੱਖ-ਵੱਖ ਵਿਚਾਰਾਂ ਨੂੰ ਸਮਾਜ ਵਿੱਚ ਪ੍ਰਗਟ ਕੀਤਾ ਜਾਂਦਾ ਹੈ ਫਿਰ ਇਸ ਨੂੰ ਰਾਜ ਪੱਧਰ ਤੇ ਪ੍ਰਗਟ ਕੀਤਾ ਜਾਂਦਾ ਹੈ। ਰਾਜਨੀਤਿਕ ਦਲ ਲੋਕਤੰਤਰ ਵਿੱਚ ਲੋਕਾਂ ਅਤੇ ਰਾਜਨੀਤਿਕ ਸ਼ਕਤੀ (ਸਰਕਾਰ) ਵਿੱਚ ਪੁਲ਼ ਦਾ ਕੰਮ ਕਰਦੇ ਹਨ।

ਉਪਰੋਕਤ ਵਿਚਾਰ ਵਟਾਂਦਰੇ ਤੋਂ ਬਾਅਦ ਲੋਕਤੰਤਰ ਬਾਰੇ ਹੇਠ ਲਿਖੇ ਤੱਤ ਸਾਹਮਣੇ ਆਉਂਦੇ ਹਨ।

1. ਵੱਖ-ਵੱਖ ਵਿਚਾਰਾਂ ਅਤੇ ਰਾਜਨੀਤਿਕ ਦਲਾਂ ਦੀ ਹੋਂਦ
2. ਸੁਤੰਤਰ ਤੌਰ 'ਤੇ ਵਿਚਾਰ ਪ੍ਰਗਟਾਉਣ ਦਾ ਅਧਿਕਾਰ
3. ਸਰਵ ਵਿਆਪਕ ਬਾਲਗ ਮੱਤ ਅਧਿਕਾਰ
4. ਨਿਯਮਤਕਾਲੀ ਚੋਣਾਂ।

ਲੋਕਤੰਤਰ ਇੱਕ ਆਦਰਸ਼ ਦੇ ਤੌਰ 'ਤੇ ਜਨਮ ਅਤੇ ਧਨ ਦੇ ਆਧਾਰ 'ਤੇ ਵਿਸ਼ੇਸ ਅਧਿਕਾਰਾਂ ਵਾਲੇ ਪ੍ਰਬੰਧ ਦੀ ਨਿੰਦਾ ਕਰਦਾ ਹੈ। ਲੋਕਤੰਤਰ ਇੱਕ ਅਜਿਹੇ ਸਮਾਜ ਦੀ ਮੰਗ ਕਰਦਾ ਹੈ ਜਿਸ ਵਿੱਚ ਸੁਤੰਤਰਤਾ, ਸਮਾਨਤਾ, ਨਾਗਰਿਕਾਂ ਦੀ ਨਿਆਂਸ਼ੀਲਤਾ ਤੇ ਚੇਤਨਾ ਹੋਣਾ ਜ਼ਰੂਰੀ ਹੈ। ਲੋਕਤੰਤਰ ਸਮਾਜ ਵਿੱਚ ਵੱਖ-ਵੱਖ ਵਰਗਾਂ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ। ਅੱਜ ਦੇ ਯੁੱਗ ਵਿੱਚ ਹਰ ਇੱਕ ਦੇਸ ਵਿੱਚ ਵੱਖ-ਵੱਖ ਧਰਮਾਂ ਤੇ ਨਸਲਾਂ ਦੇ ਲੋਕ ਰਹਿ ਰਹੇ ਹਨ। ਲੋਕਤੰਤਰ ਵਿਭਿੰਨਤਾ ਵਿੱਚ ਏਕਤਾ ਦੀ ਮੰਗ ਕਰਦਾ ਹੈ। ਲੋਕਤੰਤਰ ਅੰਤਰ ਰਾਜੀ ਸੰਬੰਧਾਂ ਵਿੱਚ ਨਿਆਂ ਅਤੇ ਤਰਕ ਦੇ ਆਧਾਰ 'ਤੇ ਆਤਮ ਨਿਰਣੇ ਦੀ ਪ੍ਰੋੜ੍ਹਤਾ ਕਰਦਾ ਹੈ। ਅੰਤਰ ਰਾਜੀ ਸੰਬੰਧਾਂ ਵਿੱਚ ਪ੍ਰਭੂਸੱਤਾ ਦੀ ਸ਼ਕਤੀ ਲੋਕਤੰਤਰ ਦੇ ਉਦੇਸ਼ ਨੂੰ ਖ਼ਤਮ ਕਰ ਦਿੰਦੀ ਹੈ।

**ਲੋਕਤੰਤਰ ਦੀਆਂ ਪਰਿਭਾਸ਼ਾਵਾਂ —**

1. ਇਬਰਾਹਿਮ ਲਿੰਕਨ — "ਲੋਕਤੰਤਰ ਦੀ ਸਭ ਤੋਂ ਸੁੰਦਰ ਪਰਿਭਾਸ਼ਾ, ਲੋਕਤੰਤਰ ਲੋਕਾਂ ਦੀ, ਲੋਕਾਂ ਲਈ ਤੇ ਲੋਕਾਂ ਰਾਹੀਂ ਚੁਣੀ ਹੋਈ ਸਰਕਾਰ ਹੈ"।

2. ਸੀਲੇ — ਲੋਕਤੰਤਰ ਇੱਕ ਅਜਿਹੀ ਸਰਕਾਰ ਹੈ ਜਿਸ ਵਿੱਚ ਹਰ ਇੱਕ ਵਿਅਕਤੀ ਦਾ ਹਿੱਸਾ ਹੁੰਦਾ ਹੈ।

3. ਹਾਲ — ਲੋਕਤੰਤਰ ਇੱਕ ਅਜਿਹਾ ਰਾਜਨੀਤਿਕ ਸੰਗਠਨ ਹੈ ਜਿਸ ਵਿੱਚ ਲੋਕ ਰਾਇ ਨਿਯੰਤਰਨ ਕਰਦੀ ਹੈ।

4. ਡਾਇਸੀ — ਲੋਕਤੰਤਰ ਸਰਕਾਰ ਦਾ ਇੱਕ ਅਜਿਹਾ ਰੂਪ ਹੈ ਜਿਸ ਵਿੱਚ ਸ਼ਾਸਕ ਦਲ ਜਨਤਾ ਦਾ ਇੱਕ ਬਹੁਤ ਵੱਡਾ ਹਿੱਸਾ ਹੁੰਦਾ ਹੈ।



ਇਬਰਾਹਿਮ ਲਿੰਕਨ

5. ਬ੍ਰਾਈਸ — ਲੋਕਤੰਤਰ ਸਾਰੇ ਲੋਕਾਂ ਦੇ ਸ਼ਾਸਨ ਤੋਂ ਸਿਵਾਏ ਹੋਰ ਕੁਝ ਨਹੀਂ ਜਿਸ ਵਿੱਚ ਜਨਤਾ ਆਪਣੀ ਪ੍ਰਭੂਸੱਤਾ ਦੀ ਇੱਛਾ ਦਾ ਪ੍ਰਗਟਾਵਾ ਵੋਟਾਂ ਦੁਆਰਾ ਕਰਦੀ ਹੈ।

ਲੋਕਤੰਤਰ ਦੀ ਕੋਈ ਇੱਕ ਸੰਖੇਪ ਜਾਂ ਪੂਰਨ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ ਇਸ ਕਰਕੇ ਲੋਕਤੰਤਰ ਦੇ ਅਰਥਾਂ ਨੂੰ ਹੋਰ ਚੰਗੀ ਤਰ੍ਹਾਂ ਸਮਝਣ ਲਈ ਸਾਨੂੰ ਲੋਕਤੰਤਰ ਦੇ ਮੁਢਲੇ ਸਿਧਾਂਤਾਂ ਬਾਰੇ ਜਾਣਕਾਰੀ ਹਾਸਲ ਕਰਨੀ ਪਵੇਗੀ। ਜੋ ਕਿ ਹੇਠ ਲਿਖੇ ਅਨੁਸਾਰ ਹਨ।

**ਲੋਕਤੰਤਰ ਦੇ ਮੁਢਲੇ ਸਿਧਾਂਤ —**

1. ਲੋਕਤੰਤਰ ਸਾਰੇ ਵਿਅਕਤੀਆਂ ਨੂੰ ਵਿਚਾਰ ਪ੍ਰਗਟਾਉਣ, ਅਲੋਚਨਾ ਕਰਨ ਤੇ ਦੂਜਿਆਂ ਨਾਲ ਅਸਹਿਮਤ ਹੋਣ ਦਾ ਅਧਿਕਾਰ ਦਿੰਦਾ ਹੈ।
2. ਲੋਕਤੰਤਰ ਵਿੱਚ ਵੱਖ-ਵੱਖ ਵਿਚਾਰ ਰੱਖਣ ਦੀ ਖੁੱਲ੍ਹ ਹੁੰਦੀ ਹੈ। ਲੋਕਤੰਤਰ ਨਿਸਚਤ ਤੌਰ 'ਤੇ ਸਹਿਣਸ਼ੀਲਤਾ 'ਤੇ ਆਧਾਰਿਤ ਹੈ।
3. ਲੋਕਤੰਤਰ ਵਿੱਚ ਝਗੜਿਆਂ ਦਾ ਹੱਲ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਪ੍ਰੇਰਨਾ ਤੇ ਸ਼ਾਂਤੀ ਪੂਰਨ ਢੰਗਾਂ ਦੁਆਰਾ ਲੱਭਿਆ ਜਾਂਦਾ ਹੈ।
4. ਲੋਕਤੰਤਰ ਸਪਸ਼ਟ ਤੌਰ 'ਤੇ ਹਿੰਸਾਤਮਕ ਸਾਧਨ ਦੇ ਵਿਰੁੱਧ ਹੈ ਭਾਵੇਂ ਇਹ ਸਮਾਜ ਦੀ ਭਲਾਈ ਲਈ ਹੀ ਕਿਉਂ ਨਾ ਵਰਤੇ ਜਾਣ।
5. ਸਮਾਜ ਦੀ ਭਲਾਈ ਦੇ ਨਾਂ 'ਤੇ ਜਿਹੜੀ ਸਰਕਾਰ ਅਣਉਚਿਤ ਜਬਰ ਜਾਂ ਤਾਕਤ (ਸ਼ਕਤੀ) ਦੀ ਵਰਤੋਂ ਕਰਦੀ ਹੈ ਉਸ ਨੂੰ ਲੋਕਤੰਤਰੀ ਸਰਕਾਰ ਨਹੀਂ ਕਹਿ ਸਕਦੇ।
6. ਲੋਕਤੰਤਰ ਮਨੁੱਖ ਦੀ ਸ਼ਖ਼ਸੀਅਤ ਦੇ ਮਾਣ-ਤਾਣ ਨੂੰ ਯਕੀਨੀ ਬਣਾਉਂਦਾ ਹੈ ਇਸੇ ਕਰਕੇ ਲੋਕਤੰਤਰੀ ਦੇਸਾਂ ਵਿੱਚ ਵਿਅਕਤੀਆਂ ਨੂੰ ਕਈ ਤਰ੍ਹਾਂ ਦੇ ਅਧਿਕਾਰ ਦਿੱਤੇ ਜਾਂਦੇ ਹਨ।
7. ਲੋਕਤੰਤਰ ਇੱਕ ਅਜਿਹੀ ਸਰਕਾਰ ਹੈ ਜਿਸ ਵਿੱਚ ਪ੍ਰਭੂਸੱਤਾ ਜਨਤਾ ਕੋਲ ਹੁੰਦੀ ਹੈ।
8. ਵਿਹਾਰਿਕ ਤੌਰ 'ਤੇ ਲੋਕਤੰਤਰ ਬਹੁਗਿਣਤੀ ਦਾ ਸ਼ਾਸਨ ਹੁੰਦਾ ਹੈ ਜਿਸ ਵਿੱਚ ਘੱਟ ਗਿਣਤੀ ਦੇ ਅਧਿਕਾਰਾਂ ਦਾ ਪੂਰਾ ਧਿਆਨ ਰੱਖਿਆ ਜਾਂਦਾ ਹੈ।
9. ਲੋਕਤੰਤਰ ਲੋਕਾਂ ਦੇ ਪ੍ਰਤੀਨਿਧਾਂ ਦੀ ਸਰਕਾਰ ਹੁੰਦੀ ਹੈ ਜਿਹੜੇ ਕਿ ਬਾਲਗ ਨਾਗਰਿਕਾਂ ਦੁਆਰਾ ਚੁਣੇ ਜਾਂਦੇ ਹਨ। ਬਾਲਗਾਂ ਨੂੰ ਸੁਤੰਤਰ ਤੌਰ 'ਤੇ ਬਿਨਾਂ ਕਿਸੇ ਡਰ ਅਤੇ ਦਬਾਅ ਤੋਂ ਵੋਟਾਂ ਦੁਆਰਾ ਆਪਣੇ ਪ੍ਰਤੀਨਿਧਾਂ ਨੂੰ ਚੁਣਨ ਦੀ ਖੁੱਲ੍ਹ ਹੁੰਦੀ ਹੈ।
10. ਲੋਕਤੰਤਰ ਸਰਕਾਰ ਸੰਵਿਧਾਨ ਅਨੁਸਾਰ ਕੰਮ ਕਰਦੀ ਹੈ ਜਿਹੜਾ ਸੰਵਿਧਾਨ ਲੋਕਾਂ ਦੁਆਰਾ ਪ੍ਰਵਾਨ ਕੀਤਾ ਗਿਆ ਹੋਵੇ।

11. ਲੋਕਤੰਤਰ ਵਿੱਚ ਸਾਰੇ ਲੋਕਾਂ ਦੀ ਭਲਾਈ ਦਾ ਉਦੇਸ਼ ਛੁਪਿਆ ਹੁੰਦਾ ਹੈ।

12. ਲੋਕਤੰਤਰ ਵਿੱਚ ਸੰਵਿਧਾਨਿਕ ਤਰੀਕਿਆਂ ਦੁਆਰਾ ਸਰਕਾਰ ਨੂੰ ਬਦਲਿਆ ਜਾ ਸਕਦਾ ਹੈ। ਲੋਕਤੰਤਰ ਹਿੰਸਕ ਢੰਗ ਦੁਆਰਾ ਸਰਕਾਰ ਨੂੰ ਬਦਲਣ ਦੇ ਵਿਰੁੱਧ ਹੈ।

**ਲੋਕਤੰਤਰ ਦਾ ਮਹੱਤਵ —** ਹਰ ਇੱਕ ਸ਼ਾਸਨ ਪ੍ਰਨਾਲ਼ੀ ਦੇ ਆਪਣੇ-ਆਪਣੇ ਗੁਣ ਔਗੁਣ ਹਨ ਪਰ ਅਜੋਕੇ ਯੁੱਗ ਵਿੱਚ ਲੋਕਤੰਤਰ ਪ੍ਰਨਾਲ਼ੀ ਨੂੰ ਅਪਣਾਇਆ ਜਾ ਰਿਹਾ ਹੈ। ਭਾਵੇਂ ਲੋਕਤੰਤਰ ਸ਼ਾਸਨ ਪ੍ਰਨਾਲ਼ੀ ਦੀਆਂ ਆਪਣੀਆ ਕੁਝ ਕਮੀਆਂ ਹੁੰਦੀਆਂ ਹਨ ਪਰ ਫਿਰ ਵੀ ਇਹ ਸ਼ਾਸਨ ਪ੍ਰਨਾਲ਼ੀ ਦੁਨੀਆਂ ਭਰ ਦੀਆਂ ਹੋਰ ਸ਼ਾਸਨ ਪ੍ਰਨਾਲ਼ੀਆਂ ਦੀ ਤੁਲਨਾ ਵਿੱਚ ਮਹੱਤਵਪੂਰਨ ਹੈ। ਇਸ ਦੀ ਮਹੱਤਤਾ ਦਾ ਪਤਾ ਸਾਨੂੰ ਹੇਠ ਲਿਖੇ ਸਿਰਲੇਖਾਂ ਤੋਂ ਲੱਗਦਾ ਹੈ।

**1. ਖ਼ੂਨੀ ਕ੍ਰਾਂਤੀ ਦੀ ਘੱਟ ਸੰਭਾਵਨਾ —** ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਵਿੱਚ ਲੋਕ ਸਰਕਾਰ ਨੂੰ ਸ਼ਾਂਤੀ ਪੂਰਵ ਢੰਗਾਂ ਦੁਆਰਾ ਆਪਣੇ ਮਤਦਾਨ ਦੀ ਵਰਤੋਂ ਕਰਕੇ ਬਦਲ ਸਕਦੇ ਹਨ। ਲੋਕਤੰਤਰ ਵਿੱਚ ਸਰਕਾਰ ਨੂੰ ਬਦਲਣ ਲਈ ਖ਼ੂਨ-ਖ਼ਰਾਬੇ ਦੀ ਲੋੜ ਨਹੀਂ ਪੈਂਦੀ। ਬੁਲੇਟ ਭਾਵ ਹਿੰਸਾ ਦੀ ਬਜਾਏ ਬੈਲੇਟ ਭਾਵ ਅਹਿੰਸਾ ਦੀ ਵਰਤੋਂ ਨਾਲ ਸਰਕਾਰ ਬਦਲੀ ਜਾ ਸਕਦੀ ਹੈ।

**2. ਦੇਸ-ਭਗਤੀ ਦੀ ਭਾਵਨਾ ਵਿੱਚ ਵਾਧਾ —** ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਲੋਕਾਂ ਅੰਦਰ ਦੇਸ-ਭਗਤੀ ਦੀ ਭਾਵਨਾ ਪੈਦਾ ਕਰਦੀ ਹੈ। ਜਨਤਾ ਜਦੋਂ ਆਪਣੇ ਪ੍ਰਤੀਨਿਧ ਚੁਣਦੀ ਹੈ ਤਾਂ ਉਹਨਾਂ ਅੰਦਰ ਇਹ ਭਾਵਨਾ ਆਉਂਦੀ ਹੈ ਕਿ ਉਸ ਦੀ ਦੇਸ ਦੇ ਸ਼ਾਸਨ ਨੂੰ ਚਲਾਉਣ ਵਿੱਚ ਭਾਗੀਦਾਰੀ ਹੈ।

**3. ਲੋਕਤੰਤਰ ਸਮਾਨਤਾ 'ਤੇ ਆਧਾਰਿਤ ਹੈ —** ਲੋਕਤੰਤਰ ਨੈਤਿਕ ਸਰੂਪ ਦੀ ਪ੍ਰਨਾਲ਼ੀ ਹੈ। ਕਿਉਂਕਿ ਇਸ ਵਿੱਚ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ ਕੀਤਾ ਜਾਂਦਾ।

ਲੋਕਤੰਤਰ ਵਿੱਚ ਗ਼ਰੀਬ ਅਤੇ ਅਮੀਰ ਨੂੰ ਆਪਣਾ ਪ੍ਰਗਟਾਵਾ ਕਰਨ ਦੀ ਸਮਾਨ ਅਜ਼ਾਦੀ ਹੁੰਦੀ ਹੈ। ਲੋਕਤੰਤਰ ਵਿੱਚ ਹਰ ਇੱਕ ਵਿਅਕਤੀ ਦੀ ਵੋਟ ਦੀ ਕੀਮਤ ਇੱਕ ਮੰਨੀ ਜਾਂਦੀ ਹੈ।

**4. ਲੋਕ ਮੱਤ ਦੀ ਪ੍ਰਤੀਨਿਧਤਾ —** ਲੋਕਤੰਤਰੀ ਸਰਕਾਰ ਲੋਕਾਂ ਦੀ ਅਸਲੀ ਪ੍ਰਤੀਨਿਧ ਸਰਕਾਰ ਹੁੰਦੀ ਹੈ। ਲੋਕਤੰਤਰ ਸਰਕਾਰ ਸ਼ਾਸਤ ਲੋਕਾਂ ਦੀ ਸਧਾਰਨ ਇੱਛਾ ਅਨੁਸਾਰ ਕਾਨੂੰਨ ਬਣਾਉਂਦੀ ਹੈ। ਲੋਕਤੰਤਰ ਸਰਕਾਰ ਲੋਕ ਰਾਇ ਨੂੰ ਅਣਗੌਲ਼ਿਆ ਨਹੀਂ ਕਰ ਸਕਦੀ। ਜਿਹੜੀ ਸਰਕਾਰ ਲੋਕ ਰਾਇ ਦੀ ਉਲੰਘਣਾ ਕਰਦੀ ਹੈ ਲੋਕ ਉਸ ਨੂੰ ਅਗਲੀਆਂ ਚੋਣਾਂ ਵਿੱਚ ਹਰਾ ਦਿੰਦੇ ਹਨ।

**5. ਲੋਕਤੰਤਰ ਵਿਅਕਤੀਗਤ ਸੁਤੰਤਰਤਾ ਨੂੰ ਯਕੀਨੀ ਬਣਾਉਂਦਾ ਹੈ —** ਕੇਵਲ ਲੋਕਤੰਤਰ ਸਰਕਾਰ ਵਿੱਚ ਹੀ ਵਿਅਕਤੀਆਂ ਦੀਆਂ ਅਜ਼ਾਦੀਆਂ ਅਤੇ ਅਧਿਕਾਰਾਂ ਨੂੰ ਕਾਇਮ ਰੱਖਿਆ ਜਾਂਦਾ ਹੈ। ਲੋਕਤੰਤਰ ਵਿੱਚ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ, ਸ਼ਾਤੀਪੂਰਵਕ ਇਕੱਠੇ ਹੋਣ ਦੀ ਅਜ਼ਾਦੀ, ਸੰਘ ਜਾਂ ਯੂਨੀਅਨ ਬਣਾਉਣ ਦੀ ਅਜ਼ਾਦੀ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ। ਲੋਕਤੰਤਰ ਵਿੱਚ ਪ੍ਰੈਸ ਨੂੰ ਵੀ ਸੁਤੰਤਰ ਰੱਖਿਆ ਜਾਂਦਾ ਹੈ। ਲਾਵੇਲ ਦੇ ਅਨੁਸਾਰ ਪੂਰਨ ਲੋਕਤੰਤਰ ਵਿੱਚ ਕੋਈ ਵੀ ਇਹ ਸ਼ਿਕਾਇਤ ਨਹੀਂ ਕਰ ਸਕਦਾ ਕਿ ਉਸ ਦੀ ਗੱਲ ਨਹੀਂ ਸੁਣੀ ਗਈ।

**6. ਲੋਕਤੰਤਰ ਵਿੱਚ ਲੋਕਾਂ ਨੂੰ ਰਾਜਨੀਤਿਕ ਸਿੱਖਿਆ ਵਧੇਰੇ ਮਿਲਦੀ ਹੈ —** ਲੋਕਤੰਤਰ ਵਿੱਚ ਨਿਯਮਿਤ ਚੋਣਾਂ ਹੁੰਦੀਆਂ ਹਨ। ਚੋਣ ਪ੍ਰਚਾਰ ਦੁਆਰਾ ਲੋਕਾਂ ਨੂੰ ਰਾਜਨੀਤਿਕ ਸਿੱਖਿਆ ਪ੍ਰਾਪਤ ਹੁੰਦੀ ਹੈ। ਵੱਖ-ਵੱਖ ਦਲ ਆਪਣੀਆਂ-ਆਪਣੀਆਂ ਨੀਤੀਆਂ ਤੇ ਪ੍ਰੋਗਰਾਮ ਜਨਤਾ ਸਾਹਮਣੇ ਰੱਖਦੇ ਹਨ। ਵੋਟਰ ਆਪਣੇ ਤਰਕ ਦੇ ਆਧਾਰ 'ਤੇ ਇਹਨਾਂ ਦਲਾਂ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਦਾ ਮੁਲਾਂਕਣ ਕਰਦੇ ਹਨ ਤੇ ਆਪਣੀ ਪਸੰਦ ਦੇ ਦਲ ਦੇ ਉਮੀਦਵਾਰ ਦੇ ਹੱਕ ਵਿੱਚ ਵੋਟ ਦੀ ਵਰਤੋਂ ਕਰਦੇ ਹਨ। ਬਰਨ ਦੇ ਅਨੁਸਾਰ ਸਾਰੇ ਤਰ੍ਹਾਂ ਦੀਆਂ ਸ਼ਾਸਨ ਪ੍ਰਣਾਲ਼ੀਆਂ ਸਿੱਖਿਆ ਦਾ ਸਾਧਨ ਹਨ। ਪਰ ਸ੍ਵੈ ਸਿੱਖਿਆ ਸਭ ਤੋਂ ਵਧੀਆ ਸਾਧਨ ਹੈ। ਇਸ ਲਈ ਸਭ ਤੋਂ ਵਧੀਆ ਸਰਕਾਰ ਸ੍ਵੈ ਸਰਕਾਰ ਹੈ ਜੋ ਕਿ ਲੋਕਤੰਤਰ ਹੈ।

**7. ਲੋਕਤੰਤਰ ਵਿੱਚ ਸ਼ਾਂਤੀ ਦੀ ਵਿਵਸਥਾ ਬਣੀ ਰਹਿੰਦੀ ਹੈ ਇਸ ਕਰਕੇ ਤਰੱਕੀ ਹੁੰਦੀ ਹੈ —** ਲੋਕਤੰਤਰ ਵਿੱਚ ਇੱਕ ਅਜਿਹੀ ਸਰਕਾਰ ਹੈ ਜਿਸ ਵਿੱਚ ਸ਼ਾਂਤੀ ਦੀ ਵਿਵਸਥਾ ਬਣੀ ਰਹਿੰਦੀ ਹੈ ਤਾਂ ਤਰੱਕੀ ਵਧੇਰੇ ਹੁੰਦੀ ਹੈ। ਇਹ ਪ੍ਰਣਾਲ਼ੀ ਲੋਕਾਂ ਨੂੰ ਸ਼ਾਂਤਮਈ ਢੰਗ ਨਾਲ ਰਹਿਣ ਦੇ ਯੋਗ ਬਣਾਉਂਦੀ ਹੈ। ਜਨਤਾ ਨੂੰ ਤਰੱਕੀ ਦੀ ਰਾਹ 'ਤੇ ਚੱਲਣ ਲਈ ਪ੍ਰੇਰਦੀ ਹੈ।




8. ਲੋਕਤੰਤਰ ਵਿੱਚ ਜਨਤਾ ਅੰਦਰ ਨੈਤਿਕ ਗੁਣਾਂ ਦਾ ਵਿਕਾਸ ਹੁੰਦਾ ਹੈ — ਲੋਕਤੰਤਰ ਹੋਰ ਸ਼ਾਸਨ ਪ੍ਰਨਾਲ਼ੀਆਂ ਦੇ ਮੁਕਾਬਲੇ ਲੋਕਾਂ ਅੰਦਰ ਵਧੇਰੇ ਚੰਗੇ ਗੁਣ ਪੈਦਾ ਕਰਦੀ ਹੈ। ਲੋਕਾਂ ਦਾ ਆਚਰਨ ਉੱਚਾ ਚੁੱਕਣ ਵਿੱਚ ਮਦਦ ਕਰਦੀ ਹੈ। ਇਹ ਪ੍ਰਨਾਲ਼ੀ ਲੋਕਾਂ ਨੂੰ ਸਹਿਨਸ਼ੀਲਤਾ, ਸਹਿਯੋਗ ਤੇ ਆਤਮ ਬਲਿਦਾਨ ਜਿਹੇ ਗੁਣ ਸਿਖਾਉਂਦੀ ਹੈ।

ਉਪਰੋਕਤ ਸਿਰਲੇਖਾਂ ਨੂੰ ਪੜ੍ਹ ਕੇ ਅਸੀਂ ਲੋਕਤੰਤਰ ਦੇ ਮਹੱਤਵ ਬਾਰੇ ਭਲੀ ਭਾਂਤ ਜਾਣੂ ਹੋ ਗਏ ਹਾਂ, ਜੋ ਅਧਿਕਾਰ ਤੇ ਅਜ਼ਾਦੀਆਂ ਲੋਕਾਂ ਨੂੰ ਲੋਕਤੰਤਰ ਸ਼ਾਸਨ ਪ੍ਰਨਾਲ਼ੀ ਵਿਚ ਉਪਲਬਧ ਹੁੰਦੀਆਂ ਹਨ ਉਹ ਹੋਰ ਕਿਸੇ ਸ਼ਾਸਨ ਪ੍ਰਨਾਲ਼ੀ ਵਿੱਚ ਉਪਲਬਧ ਨਹੀਂ ਹੁੰਦੀਆਂ। ਇਸੇ ਕਰਕੇ ਅਜੋਕੇ ਯੁੱਗ ਵਿੱਚ ਇਸ ਸ਼ਾਸਨ ਪ੍ਰਨਾਲ਼ੀ ਨੂੰ ਹਰਮਨ ਪਿਆਰਾ ਮੰਨਿਆ ਜਾਂਦਾ ਹੈ। ਹੁਣ ਅਸੀਂ ਲੋਕਤੰਤਰ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਦਾ ਜ਼ਿਕਰ ਕਰਾਂਗੇ।

### ਲੋਕਤੰਤਰ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ —

ਲੋਕਤੰਤਰ ਭਾਵੇਂ ਬਹੁਤ ਹੀ ਹਰਮਨ ਪਿਆਰੀ ਸ਼ਾਸਨ ਪ੍ਰਨਾਲ਼ੀ ਹੈ। ਪਰ ਬਹੁਤ ਸਾਰੀਆਂ ਗੰਭੀਰ ਰੁਕਾਵਟਾਂ ਕਰਕੇ ਲੋਕਤੰਤਰ ਸਫਲਤਾ-ਪੂਰਵਕ ਨਹੀਂ ਚੱਲ ਰਿਹਾ। ਇਹਨਾਂ ਰੁਕਾਵਟਾਂ ਦਾ ਵਰਨਣ ਇਸ ਪ੍ਰਕਾਰ ਹੈ।

1. ਖੇਤਰਵਾਦ—ਲੋਕਾਂ ਅੰਦਰ ਖੇਤਰਵਾਦ ਦੀ ਭਾਵਨਾ ਲੋਕਤੰਤਰ ਨੂੰ ਖਤਰੇ ਵਿੱਚ ਪਾ ਦਿੰਦੀ ਹੈ। ਖੇਤਰੀਵਾਦ ਦੀ ਭਾਵਨਾ ਲੋਕਾਂ ਦੀ ਸੋਚ ਨੂੰ ਛੋਟਾ ਬਣਾ ਦਿੰਦੀ ਹੈ। ਉਹ ਰਾਸ਼ਟਰੀ ਹਿੱਤਾਂ ਦੀ ਥਾਂ ਤੇ ਆਪਣੇ ਖੇਤਰੀ ਹਿੱਤਾਂ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਜਿਸ ਨਾਲ ਰਾਸ਼ਟਰੀ ਏਕਤਾ ਭੰਗ ਹੁੰਦੀ ਹੈ।

2. ਬਿਮਾਰੀ—ਬਿਮਾਰੀ ਵੀ ਲੋਕਤੰਤਰ ਦੀ ਰਾਹ ਵਿੱਚ ਇੱਕ ਵੱਡੀ ਰੁਕਾਵਟ ਹੈ। ਲੰਮੀ ਬਿਮਾਰੀ ਭੋਗ ਰਹੇ ਵਿਅਕਤੀਆਂ ਦੀ ਜਨਤਕ ਮਾਮਲਿਆਂ ਵਿੱਚ ਕੋਈ ਰੁਚੀ ਨਹੀਂ ਰਹਿੰਦੀ।

3. ਜਾਤੀਵਾਦ ਤੇ ਸੰਪਰਦਾਇਕਤਾ—ਜਾਤੀਵਾਦ ਤੇ ਸੰਪਰਦਾਇਕਤਾ ਦਾ ਸਰਾਪ ਸਮਾਜ ਵਿੱਚ ਨਫ਼ਰਤ ਤੇ ਤਣਾਅ ਪੈਦਾ ਕਰਦਾ ਹੈ। ਜਾਤੀਵਾਦ ਤੇ ਸੰਪਰਦਾਇਕਤਾ ਦੇਸ ਦੀ ਏਕਤਾ ਤੇ ਅਖੰਡਤਾ ਲਈ ਖ਼ਤਰਾ ਸਿੱਧ ਹੁੰਦੀਆਂ ਹਨ।

4. ਅਨਪੜ੍ਹਤਾ—ਅਨਪੜ੍ਹਤਾ ਲੋਕਤੰਤਰ ਦੀ ਵੱਡੀ ਦੁਸ਼ਮਣ ਹੈ। ਅਨਪੜ੍ਹਤਾ ਕਾਰਨ ਲੋਕਤੰਤਰੀ ਕਦਰਾਂ-ਕੀਮਤਾਂ ਦਾ ਪਤਨ ਹੁੰਦਾ ਹੈ। ਅਨਪੜ੍ਹ ਵਿਅਕਤੀ ਲੋਕਤੰਤਰ ਵਿੱਚ ਅਹਿਮ ਭੂਮਿਕਾ ਨਹੀਂ ਨਿਭਾ ਸਕਦਾ। ਉਸ ਨੂੰ ਦੇਸ ਦੀਆਂ ਆਰਥਿਕ, ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਬਾਰੇ ਸਹੀ ਜਾਣਕਾਰੀ ਨਹੀਂ ਹੁੰਦੀ। ਅਨਪੜ੍ਹ ਵਿਅਕਤੀ ਚਲਾਕ ਤੇ ਸਵਾਰਥੀ ਨੇਤਾਵਾਂ ਦੇ ਝੂਠੇ ਵਾਅਦਿਆਂ ਵਿੱਚ ਆ ਕੇ ਆਪਣੇ ਵੋਟ ਦੀ ਵਰਤੋਂ ਸਹੀ ਨਹੀਂ ਕਰਦੇ।

5. ਗ਼ਰੀਬੀ—ਲੋਕਤੰਤਰ ਦੇ ਰਾਹ ਵਿੱਚ ਗ਼ਰੀਬੀ ਵੀ ਇੱਕ ਵੱਡੀ ਰੁਕਾਵਟ ਹੈ। ਗ਼ਰੀਬ ਵਿਅਕਤੀ ਆਪਣੀ ਵੋਟ ਨੂੰ ਵੇਚਣ ਲਈ ਮਜਬੂਰ ਹੋ ਜਾਂਦਾ ਹੈ। ਗ਼ਰੀਬ ਵਿਅਕਤੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਵੀ ਖੁੱਲ੍ਹ ਕੇ ਨਹੀਂ ਕਰ ਸਕਦੇ। ਕਈ ਵਾਰੀ ਉਹ ਆਪਣੇ ਮੱਤ ਦੀ ਵਰਤੋਂ ਹੀ ਨਹੀਂ ਕਰਦੇ। ਗ਼ਰੀਬੀ ਲੋਕਤੰਤਰ ਲਈ ਖਤਰਾ ਪੈਦਾ ਕਰਦੀ ਹੈ। ਧਨਵਾਨ ਵਿਅਕਤੀ ਗ਼ਰੀਬ ਦੀਆਂ ਵੋਟਾਂ ਖਰੀਦਣ ਵਿੱਚ ਕਾਮਯਾਬ ਹੋ ਜਾਂਦੇ ਹਨ।

6. ਉਦਾਸੀਨਤਾ ਜਾਂ ਨਿਰਾਸ਼ਤਾ—ਉਦਾਸੀਨ ਤੇ ਆਲਸੀ ਲੋਕ ਸਮਾਜ 'ਤੇ ਇੱਕ ਭਾਰ ਹੁੰਦੇ ਹਨ। ਉਦਾਸੀਨ ਤੇ ਆਲਸੀ ਲੋਕ ਰਾਜਨੀਤਿਕ ਗਤੀਵਿਧੀਆਂ ਵਿੱਚ ਭਾਗ ਨਹੀਂ ਲੈਂਦੇ। ਆਲਸੀ ਲੋਕ ਵੋਟ ਦੀ ਵਰਤੋਂ ਨਹੀਂ ਕਰਦੇ।

> ਵਿਦਿਆਰਥੀਓ— ਪੜ੍ਹੇ ਲਿਖੇ ਤੇ ਜਾਗਰੂਕ ਨਾਗਰਿਕ ਹੋਣ ਦੇ ਨਾਤੇ ਤੁਸੀਂ ਆਪਣੇ ਸਕੂਲ, ਪਿੰਡ ਤੇ ਸ਼ਹਿਰ ਵਿੱਚ ਕੀ-ਕੀ ਸੁਧਾਰ ਕਰ ਸਕਦੇ ਹੋ ? ਚਰਚਾ ਕਰੋ।

ਨੇਤਾਵਾਂ ਦਾ ਭਾਸ਼ਣ ਸੁਣਨ ਜਾਂ ਰੈਲੀਆਂ ਵਿੱਚ ਜਾਣ ਦੀ ਉਹਨਾਂ ਦੀ ਰੁਚੀ ਨਹੀਂ ਹੁੰਦੀ। ਅਜਿਹੇ ਲੋਕ ਲੋਕਤੰਤਰ ਲਈ ਖ਼ਤਰਾ ਪੈਦਾ ਕਰਦੇ ਹਨ।

ਇਹਨਾਂ ਤੋਂ ਇਲਾਵਾ ਚੰਗੇ, ਸਿਧਾਂਤਕ ਤੇ ਸੰਗਠਿਤ ਰਾਜਨੀਤਿਕ ਦਲਾਂ ਦੀ ਅਣਹੋਂਦ, ਭ੍ਰਿਸ਼ਟਾਚਾਰ ਵਿੱਚ ਵਾਧਾ, ਰਾਜਨੀਤਿਕ ਦਲਾਂ ਪ੍ਰਤੀ ਲੋਕਾਂ ਦੇ ਵਿਸ਼ਵਾਸ ਵਿਚ ਕਮੀ, ਦੇਸ਼ ਭਗਤੀ ਦੀ ਘੱਟ ਰਹੀ ਭਾਵਨਾ ਅਤੇ ਵਿਰੋਧੀ ਦਲਾਂ ਵਿੱਚ ਸਕਾਰਾਤਮਕ ਸੋਚ ਦੀ ਕਮੀ ਵਰਗੀਆਂ ਸਮੱਸਿਆਵਾਂ ਵੀ ਭਾਰਤੀ ਲੋਕਤੰਤਰ ਨੂੰ ਦੁਨੀਆਂ ਦਾ ਸਭ ਤੋਂ ਵਧੀਆ ਲੋਕਤੰਤਰ ਬਣਨ ਦੇ ਰਾਹ ਵਿੱਚ ਸਮੱਸਿਆਵਾਂ ਹਨ।

ਹੁਣ ਅਸੀਂ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤਾਂ ਦਾ ਵਰਨਣ ਕਰਾਂਗੇ —

**ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤਾਂ —**

**1. ਰਾਜਨੀਤਿਕ ਅਜ਼ਾਦੀ —** ਲੋਕਤੰਤਰ ਦੀ ਸਫ਼ਲਤਾ ਲਈ ਲੋਕਾਂ ਨੂੰ ਭਾਸ਼ਣ ਦੇਣ, ਵਿਚਾਰ ਪ੍ਰਗਟਾਉਣ, ਇਕੱਠੇ ਹੋਣ ਤੇ ਸੰਘ ਬਣਾਉਣ ਦੀ ਅਜ਼ਾਦੀ ਹੋਣੀ ਚਾਹੀਦੀ ਹੈ। ਲੋਕਾਂ ਨੂੰ ਸਰਕਾਰ ਦੀਆਂ ਗ਼ਲਤ ਨੀਤੀਆਂ ਦੀ ਅਲੋਚਨਾ ਕਰਨ ਦੀ ਅਜ਼ਾਦੀ ਹੋਣੀ ਚਾਹੀਦੀ ਹੈ।

**2. ਆਰਥਿਕ ਸਮਾਨਤਾ —** ਰਾਜਨੀਤਿਕ ਲੋਕਤੰਤਰ ਆਰਥਿਕ ਸਮਾਨਤਾ ਤੋਂ ਬਿਨਾਂ ਸਫ਼ਲ ਨਹੀਂ ਹੋ ਸਕਦਾ। ਵੱਡੇ ਪੱਧਰ 'ਤੇ ਆਰਥਿਕ ਅਸਮਾਨਤਾ ਕ੍ਰਾਂਤੀ ਨੂੰ ਜਨਮ ਦਿੰਦੀ ਹੈ। ਪੂਰੀ ਤਰ੍ਹਾਂ ਆਰਥਿਕ ਸਮਾਨਤਾ ਸੰਭਵ ਨਹੀਂ ਪਰ ਹਰ ਇਕ ਵਿਅਕਤੀ ਦੀਆਂ ਮੁੱਢਲੀਆਂ ਜ਼ਰੂਰਤਾਂ ਜ਼ਰੂਰ ਪੂਰੀਆਂ ਹੋਣੀਆਂ ਚਾਹੀਦੀਆਂ ਹਨ। ਵਿਅਕਤੀ ਦਾ ਵਿਅਕਤੀ ਦੁਆਰਾ ਸ਼ੋਸ਼ਣ ਨਾ ਹੋਵੇ। ਦੇਸ ਦੇ ਆਰਥਿਕ ਸਾਧਨਾਂ ਦਾ ਲਾਭ ਸਾਰੇ ਲੋਕਾਂ ਤੱਕ ਪਹੁੰਚੇ। ਦੇਸ ਦਾ ਧਨ ਥੋੜ੍ਹੇ ਜਿਹੇ ਵਿਅਕਤੀਆਂ ਦੇ ਹੱਥਾਂ ਵਿੱਚ ਇਕੱਠਾ ਨਾ ਹੋਣ ਦਿੱਤਾ ਜਾਵੇ।

**3. ਸਮਾਜਿਕ ਸਮਾਨਤਾ —** ਸਮਾਜਿਕ ਸਮਾਨਤਾ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤ ਹੈ। ਸਮਾਜ ਵਿਚ ਨਸਲ, ਧਰਮ, ਲਿੰਗ, ਜਨਮ, ਜਾਤੀ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ। ਲੋਕਤੰਤਰ ਵਿਸ਼ੇਸ਼ ਅਧਿਕਾਰਾਂ 'ਤੇ ਆਧਾਰਿਤ ਕੁਲੀਨਤੰਤਰ ਨੂੰ ਨਸ਼ਟ ਕਰਨ ਦੀ ਮੰਗ ਕਰਦਾ ਹੈ। ਦੂਜੇ ਪਾਸੇ ਕਿਰਤੀਆਂ ਤੇ ਕਿਸਾਨਾਂ ਦੇ ਪੂੰਜੀਪਤੀ ਵਰਗ ਵੱਲੋਂ ਸ਼ੋਸ਼ਣ ਨੂੰ ਖ਼ਤਮ ਕਰਨ ਦੀ ਮੰਗ ਕਰਦਾ ਹੈ।

**4. ਪੜ੍ਹੇ-ਲਿਖੇ ਨਾਗਰਿਕ —** ਪੜ੍ਹੇ-ਲਿਖੇ ਲੋਕ ਲੋਕਤੰਤਰ ਨੂੰ ਸਫ਼ਲ ਬਣਾਉਂਦੇ ਹਨ। ਕੇਵਲ ਪੜ੍ਹੇ-ਲਿਖੇ ਲੋਕ ਹੀ ਦੇਸ ਦੀਆਂ ਆਰਥਿਕ, ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਨੂੰ ਸਮਝ ਸਕਦੇ ਹਨ ਤੇ ਉਹਨਾਂ ਨੂੰ ਹੱਲ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਸਿੱਖਿਆ ਲੋਕਾਂ ਦੇ ਮਨਾਂ ਵਿੱਚ ਉਦਾਰਵਾਦੀ ਰੁਚੀਆਂ ਪੈਦਾ ਕਰਦੀ ਹੈ। ਉਦਾਰਵਾਦੀ ਵਿਚਾਰ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਹਨ।

**5. ਨੈਤਿਕ ਆਚਰਨ —** ਉੱਚੇ ਆਚਰਨ ਵਾਲੇ ਲੋਕ ਲੋਕਤੰਤਰ ਨੂੰ ਸਫ਼ਲ ਬਣਾਉਂਦੇ ਹਨ। ਜੇਕਰ ਦੇਸ ਦੇ ਲੋਕ, ਰਾਜਨੀਤਿਕ ਨੇਤਾ ਤੇ ਸ਼ਾਸਕ ਭ੍ਰਿਸ਼ਟ ਹਨ ਤਾਂ ਲੋਕਤੰਤਰ ਤਾਸ਼ ਦੇ ਪੱਤਿਆਂ ਦੀ ਤਰ੍ਹਾਂ ਢੇਰੀ ਹੋ ਜਾਵੇਗਾ।

**6. ਚੇਤਨ ਨਾਗਰਿਕ —** ਚੇਤੰਨ ਤੇ ਜਾਗਰੂਕ ਨਾਗਰਿਕ ਲੋਕਤੰਤਰ ਨੂੰ ਸਫ਼ਲ ਬਣਾਉਂਦੇ ਹਨ। ਨਾਗਰਿਕਾਂ ਨੂੰ ਆਪਣੇ ਅਧਿਕਾਰਾਂ ਪ੍ਰਤਿ ਹਮੇਸ਼ਾਂ ਜਾਗਰੂਕ ਰਹਿਣਾ ਚਾਹੀਦਾ ਹੈ। ਇਸ ਦੇ ਨਾਲ਼-ਨਾਲ਼ ਆਪਣੇ ਕਰਤੱਵਾਂ ਦੀ ਵੀ ਪੂਰੀ ਤਰ੍ਹਾਂ ਇਮਾਨਦਾਰੀ ਨਾਲ਼ ਪਾਲਣਾ ਕਰਨੀ ਜ਼ਰੂਰੀ ਹੈ। ਜੇਕਰ ਨਾਗਰਿਕ ਚੇਤੰਨ ਨਹੀਂ ਹੋਣਗੇ ਤਾਂ ਕੋਈ ਵੀ ਸਰਕਾਰ ਤਾਨਾਸ਼ਾਹ ਬਣ ਸਕਦੀ ਹੈ।

**7. ਚੰਗੇ ਨੇਤਾ —** ਲੋਕਤੰਤਰ ਦੀ ਸਫ਼ਲਤਾ ਲਈ ਬੁੱਧੀਮਾਨ, ਇਮਾਨਦਾਰ ਤੇ ਚੰਗੇ ਨੇਤਾਵਾਂ ਦਾ ਹੋਣਾ ਜ਼ਰੂਰੀ ਹੈ। ਨੇਤਾਵਾਂ ਵਿੱਚੋਂ ਸਹੀ ਫ਼ੈਸਲੇ ਲੈਣ ਦੀ ਸ਼ਕਤੀ ਹੋਣੀ ਚਾਹੀਦੀ ਹੈ। ਨੇਤਾਵਾਂ ਦਾ ਆਚਰਨ ਉੱਚਾ ਹੋਣਾ ਚਾਹੀਦਾ ਹੈ। ਉਹਨਾਂ ਵਿੱਚ ਪਹਿਲ ਕਦਮੀ ਕਰਨ ਦਾ ਗੁਣ ਹੋਣਾ ਚਾਹੀਦਾ ਹੈ।

**8. ਸਥਾਨਕ ਸ੍ਵੈ ਸਰਕਾਰ ਦੀਆਂ ਸੰਸਥਾਵਾਂ —** ਸਥਾਨਕ ਸਰਕਾਰ ਦੀਆਂ ਸੰਸਥਾਵਾਂ ਜਿਵੇਂ ਗ੍ਰਾਮ ਪੰਚਾਇਤ, ਪੰਚਾਇਤ ਸੰਮਤੀ, ਜ਼ਿਲ੍ਹਾ ਪਰਿਸ਼ਦ, ਨਗਰ ਪਾਲਿਕਾਵਾਂ ਲੋਕਾਂ ਨੂੰ ਪ੍ਰਸ਼ਾਸਨ ਚਲਾਉਣ ਦੀ ਕਲਾ ਦੀ ਸਿੱਖਿਆ ਦਿੰਦੀਆਂ ਹਨ। ਸਥਾਨਿਕ ਸਰਕਾਰ ਦੀਆਂ ਸੰਸਥਾਵਾਂ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਹਨ।

**9. ਨਿਆਂਪਾਲਿਕਾ ਦੀ ਸੁਤੰਤਰਤਾ —** ਇੱਕ ਸੱਚੇ ਲੋਕਤੰਤਰ ਵਿੱਚ ਨਿਆਂਪਾਲਿਕਾ ਦੀ ਸੁਤੰਤਰਤਾ ਬਹੁਤ ਜ਼ਰੂਰੀ ਹੈ। ਨਿਆਂਪਾਲਿਕਾ ਇਮਾਨਦਾਰ ਅਤੇ ਨਿਡਰ ਹੋਣੀ ਵੀ ਜ਼ਰੂਰੀ ਹੈ। ਸੁਤੰਤਰ ਨਿਆਂਪਾਲਿਕਾ ਲੋਕਾਂ ਦੇ ਅਧਿਕਾਰਾਂ ਅਤੇ ਅਜ਼ਾਦੀ ਦੀ ਰੱਖਿਅਕ ਮੰਨੀ ਜਾਂਦੀ ਹੈ। ਸੁਤੰਤਰ ਤੇ ਇਮਾਨਦਾਰ ਨਿਆਂਪਾਲਿਕਾ ਸਰਕਾਰਾਂ ਦੀ ਨਿਰੰਕੁਸ਼ਤਾ 'ਤੇ ਰੋਕ ਲਾਉਂਦੀ ਹੈ। ਲਾਰਡ ਬਰਾਈਸ ਦੇ ਅਨੁਸਾਰ, "ਕਿਸੇ ਵੀ ਦੇਸ ਦੀ ਸਰਕਾਰ ਦੀ ਕਾਰਜ ਕੁਸ਼ਲਤਾ ਨੂੰ ਜਾਨਣ ਲਈ ਉਸ ਦੀ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਤੋਂ ਬਿਨ੍ਹਾਂ ਹੋਰ ਕੋਈ ਕਸੌਟੀ ਨਹੀਂ।"

**10. ਕਨੂੰਨ ਦਾ ਸ਼ਾਸਨ —** ਕਾਨੂੰਨ ਦਾ ਸ਼ਾਸਨ ਲੋਕਤੰਤਰ ਦੀ ਸਫ਼ਲਤਾ ਲਈ ਅਤਿ ਜ਼ਰੂਰੀ ਹੈ। ਇਸਦਾ ਅਰਥ ਹੈ ਕਿ ਕੋਈ ਵੀ ਵਿਅਕਤੀ ਕਾਨੂੰਨ ਤੋਂ ਉਪਰ ਨਹੀਂ। ਕਿਸੇ ਨੂੰ ਵੀ ਪੱਖਪਾਤੀ ਢੰਗ ਨਾਲ ਸਜ਼ਾ ਨਹੀਂ ਮਿਲਣੀ ਚਾਹੀਦੀ। ਹਰ ਇੱਕ ਨੂੰ ਕਾਨੂੰਨ ਦੇ ਸਾਹਮਣੇ ਸਮਾਨ ਸਮਝਣਾ ਜ਼ਰੂਰੀ ਹੈ।

**11. ਸ਼ਕਤੀਆਂ ਦਾ ਵਿਕੇਂਦਰੀਕਰਨ —** ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਹੈ ਕਿ ਸ਼ਕਤੀਆਂ ਦਾ ਕੇਂਦਰੀਕਰਨ ਨਾ ਹੋਣ ਦਿੱਤਾ ਜਾਵੇ। ਸ਼ਕਤੀਆਂ ਦਾ ਵਿਕੇਂਦਰੀਕਰਨ ਲੋਕਾਂ ਨੂੰ ਪ੍ਰਸ਼ਾਸਨ ਚਲਾਉਣ ਦੀ ਕਲਾ ਵਿੱਚ ਸਿੱਖਿਅਤ ਕਰਦਾ ਹੈ। ਸ਼ਕਤੀਆਂ ਦੇ ਵਿਕੇਂਦਰੀਕਰਨ ਕਾਰਨ ਸਰਕਾਰ ਦਾ ਕੋਈ ਵੀ ਅੰਗ ਜਾਂ ਅਧਿਕਾਰੀ ਨਿਰੰਕੁਸ਼ ਨਹੀਂ ਬਣ ਸਕਦਾ।

**12. ਸਿਧਾਂਤ 'ਤੇ ਆਧਾਰਿਤ ਸੰਗਠਿਤ ਰਾਜਨੀਤਿਕ ਦਲ —** ਰਾਜਨੀਤਿਕ ਦਲ ਲੋਕਤੰਤਰ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਸਿਧਾਂਤਾਂ ਤੇ ਆਧਾਰਿਤ ਸੰਗਠਿਤ ਰਾਜਨੀਤਿਕ ਦਲ ਲੋਕਤੰਤਰ ਵਿੱਚ ਸਥਿਰਤਾ ਤੇ ਮਜ਼ਬੂਤੀ ਲਿਆਉਂਦੇ ਹਨ। ਜਾਤੀਵਾਦ ਅਤੇ ਸੰਪਰਦਾਇਕਤਾ 'ਤੇ ਆਧਾਰਿਤ ਦਲ ਨਹੀਂ ਹੋਣੇ ਚਾਹੀਦੇ।

ਬੜੇ ਮਾਣ ਦੀ ਗੱਲ ਹੈ ਕਿ ਭਾਰਤ ਵਿੱਚ ਸੰਵਿਧਾਨ ਲਾਗੂ ਹੋਣ 'ਤੇ 1950 ਤੋਂ ਹੀ ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਵੋਟ ਦਾ ਅਧਿਕਾਰ ਪ੍ਰਾਪਤ ਹੈ ਜਦੋਂਕਿ ਵੱਡੇ ਤੇ ਵਿਕਸਤ ਦੇਸ ਅਮਰੀਕਾ ਵਿੱਚ ਇਹ ਅਧਿਕਾਰ ਪੁਰਸ਼ਾਂ ਤੋਂ ਕਾਫ਼ੀ ਦੇਰ ਬਾਅਦ ਮਿਲਿਆ।

ਲੋਕਤੰਤਰ ਦੇ ਰਸਤੇ ਵਿੱਚ ਰੁਕਾਵਟਾਂ, ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤਾਂ ਤੇ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਅਸੀਂ ਹੁਣ ਇਸ ਗੱਲ 'ਤੇ ਵਿਚਾਰ ਕਰਾਂਗੇ ਕਿ ਹਰ ਇੱਕ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਲੋਕਤੰਤਰੀ ਹੋ ਸਕਦੀ ਹੈ ਜਾਂ ਨਹੀਂ ? ਇਸ ਪ੍ਰਸ਼ਨ ਦਾ ਉੱਤਰ ਜਾਨਣ ਲਈ ਅਸੀਂ ਕੁਝ ਉਦਾਹਰਨਾਂ ਲਵਾਂਗੇ। ਸਾਡੇ ਗੁਆਂਢੀ ਦੇਸ ਪਾਕਿਸਤਾਨ ਵਿੱਚ ਉੱਥੋ ਦੇ ਸੈਨਿਕ ਕਮਾਂਡਰ ਪਰਵੇਜ਼ ਮੁਸ਼ਰਫ ਨੇ 1999 ਵਿੱਚ ਸੈਨਿਕੀ ਸਾਜ਼ਿਸ਼ ਦੁਆਰਾ ਸੱਤਾ ਸੰਭਾਲ਼ ਲਈ। ਪਾਕਿਸਤਾਨੀ ਕੇਂਦਰੀ ਸੰਸਦ ਤੇ ਪ੍ਰਾਂਤਿਕ ਅਸੈਂਬਲੀਆਂ ਦੀਆਂ ਸ਼ਕਤੀਆਂ ਨੂੰ ਘਟਾ ਦਿੱਤਾ। ਇੱਕ ਕਾਨੂੰਨ ਪਾਸ ਕਰ ਦਿੱਤਾ ਜਿਸ ਵਿਚ ਆਪਣੇ ਆਪ ਨੂੰ ਦੇਸ਼ ਦਾ ਰਾਸ਼ਟਰਪਤੀ ਐਲਾਨ ਦਿੱਤਾ। ਇਸੇ ਕਾਨੂੰਨ ਤਹਿਤ ਇਹ ਵਿਵਸਥਾ ਕਰ ਦਿੱਤੀ ਕਿ ਰਾਸ਼ਟਰਪਤੀ ਜਦੋਂ ਚਾਹੇ ਸੰਸਦ ਨੂੰ ਭੰਗ ਕਰ ਸਕਦਾ ਹੈ। ਸੰਸਦ ਤੇ ਅਸੈਂਬਲੀਆਂ 'ਤੇ ਨਜ਼ਰਸਾਨੀ ਕਰਨ ਲਈ ਇੱਕ ਸੈਨਿਕ ਅਫ਼ਸਰਾਂ ਦੀ ਕੌਂਸਿਲ ਬਣਾ ਦਿੱਤੀ ਗਈ। ਲੋਕਤੰਤਰ ਵਿੱਚ ਅੰਤਿਮ ਸ਼ਕਤੀ ਜਨਤਾ ਦੇ ਚੁਣੇ ਹੋਏ ਪ੍ਰਤੀਨਿਧਾਂ ਕੋਲ਼ ਹੁੰਦੀ ਹੈ। ਪਰ ਮੁਸ਼ਰਫ ਦੇ ਕਾਲ ਵਿੱਚ ਜਨਤਾ ਦੇ ਚੁਣੇ ਹੋਏ ਪ੍ਰਤੀਨਿਧਾਂ ਕੋਲ਼ੋਂ ਅੰਤਿਮ ਸ਼ਕਤੀ ਖੋਹ ਲਈ ਗਈ। ਸੋ ਅਜਿਹੀ ਸਰਕਾਰ ਨੂੰ ਅਸੀਂ ਲੋਕਤੰਤਰੀ ਸਰਕਾਰ ਨਹੀਂ ਕਹਿ ਸਕਦੇ।

ਅਗਲੀ ਉਦਾਹਰਨ ਅਸੀਂ ਸਾਡੇ ਗੁਆਂਢੀ ਦੇਸ ਚੀਨ ਦੀ ਲੈਂਦੇ ਹਾਂ। ਚੀਨ ਵਿੱਚ ਹਰ ਪੰਜ ਸਾਲਾਂ ਬਾਅਦ ਚੋਣਾਂ ਹੁੰਦੀਆਂ ਹਨ। ਪਰ ਵੋਟਰਾਂ ਕੋਲ਼ ਕਮਿਊਨਿਸਟ ਪਾਰਟੀ ਨੂੰ ਵੋਟ ਪਾਉਣ ਤੋਂ ਸਿਵਾਏ ਹੋਰ ਕੋਈ ਵਿਕਲਪ ਨਹੀਂ ਹੁੰਦਾ। ਚੀਨ ਵਿੱਚ ਕਮਿਊਨਿਸਟ ਪਾਰਟੀ ਦੁਆਰਾ ਮਨੋਨੀਤ ਕੀਤੇ ਉਮੀਦਵਾਰ ਹਰ ਚੋਣ ਲੜ ਸਕਦੇ ਹਨ। ਚੀਨ ਦੀ ਸੰਸਦ ਵਿੱਚ ਕੁਝ ਪ੍ਰਤੀਨਿਧ ਸੈਨਿਕ ਅਫ਼ਸਰਾਂ ਵਿੱਚੋਂ ਵੀ ਲਏ ਜਾਂਦੇ ਹਨ। ਜਿਸ ਦੇਸ ਵਿੱਚ ਇੱਕ ਹੀ ਦਲ ਦੀ ਸਰਕਾਰ ਬਣਦੀ ਰਹੇ ਹੋਰ ਦਲਾਂ ਦੀ ਹੋਂਦ ਨਾ ਹੋਵੇ ਤਾਂ ਅਜਿਹੇ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਨੂੰ ਕੀ ਅਸੀਂ ਲੋਕਤੰਤਰੀ ਕਹਿ ਸਕਦੇ ਹਾਂ ? ਜਿਸ ਦੇਸ ਵਿੱਚ ਵਿਰੋਧੀ ਦਲਾਂ ਦੀ ਹੋਂਦ ਨਹੀਂ ਉਸ ਦੇਸ ਨੂੰ ਵੀ ਅਸੀਂ ਲੋਕਤੰਤਰ ਨਹੀਂ ਕਹਿ ਸਕਦੇ।

ਹੁਣ ਅਸੀਂ ਫਿਜੀ ਦੇਸ ਦੀ ਉਦਾਹਰਨ ਲੈਂਦੇ ਹਾਂ। ਫਿਜੀ ਵਿੱਚ ਮੂਲ ਫਿਜੀਅਨ ਲੋਕਾਂ ਦੀ ਵੋਟ ਦੀ ਕੀਮਤ ਭਾਰਤੀ ਫਿਜੀਅਨ ਲੋਕਾਂ ਦੀ ਵੋਟ ਤੋਂ ਜ਼ਿਆਦਾ ਮੰਨੀ ਜਾਂਦੀ ਹੈ। ਲੋਕਤੰਤਰ ਵਿੱਚ ਇੱਕ ਬਾਲਗ ਇੱਕ ਵੋਟ ਇੱਕ ਕੀਮਤ ਦਾ ਸਿਧਾਂਤ ਲਾਗੂ ਹੁੰਦਾ ਹੈ। ਇਸ ਕਰਕੇ ਫਿਜੀ ਦੇਸ ਨੂੰ ਵੀ ਅਸੀਂ ਲੋਕਤੰਤਰ ਨਹੀਂ ਕਹਿ ਸਕਦੇ। ਹੁਣ ਅਸੀਂ ਮੈਕਸੀਕੋ ਦੇਸ ਦੀ ਉਦਾਹਰਨ ਲੈਂਦੇ ਹਾਂ। ਮੈਕਸੀਕੋ 1930 ਵਿੱਚ ਅਜ਼ਾਦ ਹੋਇਆ ਉਦੋਂ ਤੋਂ ਹੀ ਮੈਕਸੀਕੋ ਵਿੱਚ ਹਰ 6 ਸਾਲ ਬਾਅਦ ਰਾਸ਼ਟਰਪਤੀ ਦੀ ਚੋਣ ਹੁੰਦੀ ਰਹੀ ਹੈ। ਦੇਸ ਦੀ ਸੱਤਾ ਕਦੇ ਵੀ ਸੈਨਾ ਜਾਂ ਤਾਨਾਸ਼ਾਹਾਂ ਦੇ ਹੱਥਾਂ ਵਿੱਚ ਨਹੀਂ ਰਹੀ। ਪਰ ਸੰਨ 2000 ਤੱਕ ਹਰ ਇੱਕ ਚੋਣ PRI ਪਾਰਟੀ ਦੁਆਰਾ ਜਿੱਤੀ ਗਈ ਹੈ। ਹੋਰ ਪਾਰਟੀਆਂ ਨੂੰ ਚੋਣਾਂ ਲੜਨ ਦੀ ਖੁੱਲ੍ਹ ਹੈ। ਪਰ PRI ਹਾਕਮ ਪਾਰਟੀ ਹੋਣ ਕਰਕੇ ਚੋਣਾਂ ਵਿੱਚ ਅਣਉਚਿਤ ਢੰਗਾਂ ਦੀ ਵਰਤੋਂ ਕਰਦੀ ਰਹੀ ਹੈ। ਸਰਕਾਰੀ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਪਾਰਟੀ ਦੀਆਂ ਮੀਟਿੰਗਾਂ ਅਟੈਂਡ ਕਰਨ ਲਈ ਮਜਬੂਰ ਕੀਤਾ ਜਾਂਦਾ ਸੀ। ਸਰਕਾਰੀ ਅਧਿਆਪਕਾਂ ਨੂੰ, ਬੱਚਿਆਂ ਦੇ ਮਾਪਿਆਂ ਨੂੰ PRI (ਸੰਸਥਾਗਤ ਕ੍ਰਾਂਤੀਕਾਰੀ ਦਲ ਪਾਰਟੀ ਦੇ ਹੱਕ ਵਿੱਚ ਵੋਟ ਪਾਉਣ ਲਈ ਕਿਹਾ ਜਾਂਦਾ ਸੀ। ਚੋਣਾਂ ਵਾਲੇ ਦਿਨ ਅੰਤਿਮ ਮਿੰਟਾਂ 'ਤੇ ਪੋਲਿਗ ਬੂਥਾਂ ਨੂੰ ਸ਼ਿਫਟ ਕੀਤਾ ਜਾਂਦਾ ਸੀ ਤਾਂ ਕਿ ਵਿਰੋਧੀ ਸੁਰ ਰੱਖਣ ਵਾਲੇ ਵੋਟਰ ਆਪਣੇ ਮੱਤ ਦੀ ਵਰਤੋਂ ਕਰਨ ਵਿੱਚ ਅਸਫਲ ਰਹਿਣ। ਉਪਰ ਦਿੱਤੀਆਂ ਉਦਾਹਰਨਾਂ ਤੋਂ ਸਪਸ਼ਟ ਹੈ ਕਿ ਲੋਕਤੰਤਰ ਵਿੱਚ ਕੇਵਲ ਚੋਣਾਂ ਹੋਣੀਆਂ ਹੀ ਜ਼ਰੂਰੀ ਨਹੀਂ ਸਗੋਂ ਇਹਨਾਂ ਚੋਣਾਂ ਦਾ ਸੁਤੰਤਰ ਤੇ ਨਿਰਪੱਖ ਹੋਣਾ ਵੀ ਜ਼ਰੂਰੀ ਹੈ। ਜੇਕਰ ਕੋਈ ਸ਼ਾਸਕ ਦਲ ਦਮਨਕਾਰੀ ਨੀਤੀਆਂ ਨਾਲ਼ ਜਾਂ ਅਣਉਚਿਤ ਸਾਧਨਾਂ ਨਾਲ ਚੋਣਾਂ ਜਿੱਤ ਜਾਂਦਾ ਹੈ ਤਾਂ ਅਸੀਂ ਇਸ ਨੂੰ ਸੱਚਾ ਲੋਕਤੰਤਰ ਨਹੀਂ ਕਹਿ ਸਕਦੇ। ਉਪਰੋਕਤ ਉਦਾਹਰਨਾਂ ਤੋਂ ਅਸੀਂ ਲੋਕਤਾਂਤਰਿਕ ਤੇ ਅਲੋਕਤਾਂਤਰਿਕ ਸਰਕਾਰਾਂ ਵਿੱਚ ਅੰਤਰ ਜਾਨਣ ਦੇ ਯੋਗ ਹੋ ਜਾਵਾਂਗੇ। ਲੋਕਤੰਤਰੀ ਸ਼ਾਸਨ ਪ੍ਰਣਾਲ਼ੀ ਵਿੱਚ ਨਿਯਮਤਕਾਲੀ, ਸੁਤੰਤਰ ਤੇ ਨਿਰਪੱਖ ਚੋਣਾਂ ਹੋਣਾ ਜ਼ਰੂਰੀ ਹੈ। ਸ਼ਾਸਨ ਕਰਨ ਦੀ ਸ਼ਕਤੀ ਜਨਤਾ ਦੇ ਚੁਣੇ ਹੋਏ ਪ੍ਰਤੀਨਿਧਾਂ ਕੋਲ਼ ਹੋਣੀ ਜ਼ਰੂਰੀ ਹੈ। ਲੋਕਤੰਤਰ ਪ੍ਰਣਾਲੀ ਵਿੱਚ ਵਿਰੋਧੀ ਦਲਾਂ ਦੀ ਹੋਂਦ ਵੀ ਜ਼ਰੂਰੀ ਹੈ। ਹਰ ਇੱਕ ਬਾਲਗ ਨੂੰ ਇੱਕ ਵੋਟ ਤੇ ਇੱਕ ਕੀਮਤ ਦਾ ਸਿਧਾਂਤ ਲਾਗੂ ਹੋਣਾ ਜ਼ਰੂਰੀ ਹੈ।

ਪਾਠ ਦੇ ਅਖ਼ੀਰ ਵਿੱਚ ਅਸੀਂ ਲੋਕਤੰਤਰ ਕਿੰਨੀ ਕਿਸਮ ਦਾ ਹੁੰਦਾ ਹੈ, ਇਸ ਗੱਲ ਦੀ ਚਰਚਾ ਕਰਾਂਗੇ। ਮੁੱਖ ਤੌਰ 'ਤੇ ਲੋਕਤੰਤਰ ਦੀਆਂ ਦੋ ਕਿਸਮਾਂ ਹਨ ਪ੍ਰਤੱਖ ਅਤੇ ਅਪ੍ਰਤੱਖ। ਪਰ ਅੱਜ-ਕੱਲ੍ਹ ਬਹੁਤੇ ਦੇਸਾਂ ਵਿੱਚ ਅਪ੍ਰਤੱਖ ਲੋਕਤੰਤਰ ਹੀ ਅਪਣਾਇਆ ਗਿਆ ਹੈ। ਅਪ੍ਰਤੱਖ ਲੋਕਤੰਤਰ ਨੂੰ ਪ੍ਰਤੀਨਿਧੀ ਲੋਕਤੰਤਰ ਵੀ ਕਿਹਾ ਜਾਂਦਾ ਹੈ। ਇਸ ਲੋਕਤੰਤਰ ਵਿੱਚ ਜਨਤਾ ਪ੍ਰਤੱਖ ਚੋਣ ਢੰਗ ਰਾਹੀਂ ਆਪਣੇ ਪ੍ਰਤੀਨਿਧੀ ਚੁਣਦੀ ਹੈ। ਇਹ ਪ੍ਰਤੀਨਿਧ ਸ਼ਾਸਨ ਚਲਾਉਣ ਦਾ ਕੰਮ ਕਰਦੇ ਹਨ। ਪ੍ਰਤੱਖ ਲੋਕਤੰਤਰ ਵਿੱਚ ਜਨਤਾ ਖ਼ੁਦ ਪ੍ਰਸ਼ਾਸਨ ਦੇ ਕੰਮਾਂ ਵਿੱਚ ਭਾਗ ਲੈਂਦੀ ਹੈ। ਦੇਸ ਦੀਆਂ ਆਰਥਿਕ, ਸਮਾਜਿਕ ਤੇ ਰਾਜਨੀਤਿਕ ਸਮੱਸਿਆਵਾਂ ਦੇ ਹੱਲ ਲਈ ਹਰੇਕ ਨਾਗਰਿਕ ਦੀ ਕਾਨੂੰਨ ਬਣਾਉਣ ਵਿੱਚ ਭਾਗੀਦਾਰੀ ਹੁੰਦੀ ਹੈ। ਪਰ ਅਜਿਹਾ ਲੋਕਤੰਤਰ ਅੱਜ ਦੇ ਸਮੇਂ ਵਿੱਚ ਸੰਭਵ ਨਹੀਂ। ਸਿੱਧਾ ਜਾਂ ਪ੍ਰਤੱਖ ਲੋਕਤੰਤਰ ਉਦੋਂ ਸੰਭਵ ਸੀ ਜਦੋਂ ਰਾਜਾਂ ਦੀ ਅਬਾਦੀ ਹਜਾਰਾਂ ਵਿੱਚ ਸੀ। ਛੋਟੇ-ਛੋਟੇ ਰਾਜ ਹੁੰਦੇ ਸਨ। ਜਿਵੇਂ ਯੂਨਾਨ ਦੇ ਨਗਰ ਰਾਜ।

> ਪਿਆਰੇ ਵਿਦਿਆਰਥੀਓ— ਤੁਸੀਂ ਜਾਨਣ ਦੀ ਕੋਸ਼ਿਸ਼ ਕਰੋ ਕਿ ਮੌਜੂਦਾ ਸਮੇਂ ਪੰਜਾਬ ਵਿੱਚ ਕਿਸ ਰਾਜਨੀਤਿਕ ਦਲ ਦੀ ਸਰਕਾਰ ਹੈ? ਪੰਜਾਬ ਵਿੱਚ ਕਿਹੜੇ ਦਲ ਵਿਰੋਧੀ ਦਲ ਦੇ ਰੂਪ ਵਿੱਚ ਕੰਮ ਕਰ ਰਹੇ ਹਨ? ਵਿਰੋਧੀ ਦਲ ਦੇ ਨੇਤਾ ਦੇ ਨਾਵਾਂ 'ਤੇ ਵੀ ਚਰਚਾ ਕਰੋ।

## ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

- **ਖ਼ਾਲੀ ਥਾਂਵਾਂ ਭਰੋ :**

1. ................ ਅਨੁਸਾਰ ਲੋਕਤੰਤਰ ਇੱਕ ਅਜਿਹੀ ਪ੍ਰਣਾਲ਼ੀ ਹੈ ਜਿਸ ਵਿੱਚ ਹਰ ਇੱਕ ਦਾ ਹਿੱਸਾ ਹੁੰਦਾ ਹੈ।
2. ਡੈਮੋਕ੍ਰੇਸੀ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ................ ਅਤੇ .................. ਤੋਂ ਮਿਲ਼ ਕੇ ਬਣਿਆ ਹੈ।

◆ **ਠੀਕ ਗ਼ਲਤ ਪ੍ਰਸ਼ਨ:**

1. ਲੋਕਤੰਤਰ ਵਿੱਚ ਵੱਖ-ਵੱਖ ਵਿਚਾਰ ਰੱਖਣ ਦੀ ਖੁੱਲ੍ਹ ਨਹੀਂ ਹੁੰਦੀ ? (ਠੀਕ/ਗ਼ਲਤ)
2. ਲੋਕਤੰਤਰ ਸਪਸ਼ਟ ਤੌਰ 'ਤੇ ਹਿੰਸਾਤਮਕ ਸਾਧਨਾਂ ਦੇ ਵਿਰੁੱਧ ਹੈ ਭਾਵੇਂ ਇਹ ਸਮਾਜ ਦੀ ਭਲਾਈ ਲਈ ਹੀ ਕਿਉਂ ਨਾ ਵਰਤੇ ਜਾਣ ? (ਠੀਕ/ਗ਼ਲਤ)
3. ਲੋਕਤੰਤਰ ਵਿੱਚ ਵਿਅਕਤੀਆਂ ਨੂੰ ਕਈ ਤਰ੍ਹਾਂ ਦੇ ਅਧਿਕਾਰ ਦਿੱਤੇ ਜਾਂਦੇ ਹਨ। (ਠੀਕ/ਗ਼ਲਤ)
4. ਨਾਗਰਿਕਾਂ ਦਾ ਚੇਤੰਨ ਹੋਣਾ ਲੋਕਤੰਤਰ ਲਈ ਜ਼ਰੂਰੀ ਹੈ। (ਠੀਕ/ਗ਼ਲਤ)

◆ **ਬਹੁਵਿਕਲਪੀ ਪ੍ਰਸ਼ਨ :**

1. ਲੋਕਤੰਤਰ ਦੀ ਸਫ਼ਲਤਾ ਲਈ ਹੇਠ ਲਿਖਿਆਂ ਵਿੱਚੋਂ ਕਿਹੜੀ ਸ਼ਰਤ ਜ਼ਰੂਰੀ ਹੈ।

   1. ਪੜ੍ਹੇ-ਲਿਖੇ ਲੋਕ　　2. ਸੁਚੇਤ ਨਾਗਰਿਕ

   3. ਬਾਲਗ-ਮਤ ਅਧਿਕਾਰ　　4. ਉਕਤ ਸਾਰੀਆਂ।

2. ਲੋਕਤੰਤਰ (ਡੈਮੋਕ੍ਰੇਸੀ) ਦਾ ਸ਼ਾਬਦਿਕ ਅਰਥ ਹੈ—

   1. ਇੱਕ ਵਿਅਕਤੀ ਦਾ ਸ਼ਾਸਨ　　2. ਨੌਕਰਸ਼ਾਹਾਂ ਦਾ ਸ਼ਾਸਨ

   3. ਸੈਨਿਕ ਤਾਨਾਸ਼ਾਹੀ　　4. ਲੋਕਾਂ ਦਾ ਸ਼ਾਸਨ।

## 2. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ:

1. 'ਡੈਮੋਕ੍ਰੇਸੀ' ਕਿਹੜੇ ਦੋ ਸ਼ਬਦਾਂ ਤੋਂ ਬਣਿਆ ਹੈ ? ਉਹਨਾਂ ਦੋਨੋਂ ਸ਼ਬਦਾਂ ਦੇ ਅਰਥ ਲਿਖੋ।
2. ਲੋਕਤੰਤਰ ਸ਼ਾਸਨ ਪ੍ਰਣਾਲ਼ੀ ਦੇ ਹਰਮਨ ਪਿਆਰਾ ਹੋਣ ਦੇ ਦੋ ਕਾਰਨ ਲਿਖੋ।
3. ਲੋਕਤੰਤਰ ਦੀ ਸਫ਼ਲਤਾ ਦੇ ਰਾਹ ਵਿੱਚ ਆਉਣ ਵਾਲ਼ੀਆਂ ਕੋਈ ਦੋ ਰੁਕਾਵਟਾਂ ਲਿਖੋ।
4. ਲੋਕਤੰਤਰ ਦੀ ਕੋਈ ਇੱਕ ਪਰਿਭਾਸ਼ਾ ਲਿਖੋ।
5. ਲੋਕਤੰਤਰ ਲਈ ਕੋਈ ਦੋ ਜ਼ਰੂਰੀ ਸ਼ਰਤਾਂ ਲਿਖੋ।
6. ਲੋਕਤੰਤਰ ਦੇ ਕੋਈ ਦੋ ਸਿਧਾਂਤ ਲਿਖੋ।
7. ਲੋਕਤੰਤਰ ਵਿੱਚ ਸ਼ਾਸਨ ਦੀ ਸ਼ਕਤੀ ਦਾ ਸੋਮਾ ਕੌਣ ਹੁੰਦੇ ਹਨ ?
8. ਲੋਕਤੰਤਰ ਦੇ ਦੋ ਰੂਪ ਕਿਹੜੇ ਹਨ ?

## 3. ਛੋਟੇ ਉੱਤਰ ਵਾਲੇ ਪ੍ਰਸ਼ਨ:

1. ਲੋਕਤੰਤਰ ਦੀ ਸਫ਼ਲਤਾ ਲਈ ਕੋਈ ਦੋ ਜ਼ਰੂਰੀ ਸ਼ਰਤਾਂ ਦਾ ਵਰਨਣ ਕਰੋ।
2. ਗ਼ਰੀਬੀ ਲੋਕਤੰਤਰ ਦੇ ਰਾਹ ਵਿੱਚ ਕਿਵੇਂ ਰੁਕਾਵਟ ਬਣਦੀ ਹੈ ?
3. ਅਨਪੜ੍ਹਤਾ ਲੋਕਤੰਤਰ ਦੇ ਰਾਹ ਵਿੱਚ ਕਿਵੇਂ ਰੁਕਾਵਟ ਬਣਦੀ ਹੈ ? ਵਰਨਣ ਕਰੋ ।
4. ਰਾਜਨੀਤਿਕ ਸਮਾਨਤਾ ਲੋਕਤੰਤਰ ਦੀ ਸਫ਼ਲਤਾ ਲਈ ਜ਼ਰੂਰੀ ਹੈ ਇਸ ਕਥਨ ਦੀ ਵਿਆਖਿਆ ਕਰੋ।
5. ਰਾਜਨੀਤਿਕ ਦਲਾਂ ਦੀ ਹੋਂਦ ਲੋਕਤੰਤਰ ਲਈ ਕਿਉਂ ਜ਼ਰੂਰੀ ਹੈ ? ਇਸ ਕਥਨ ਦੀ ਵਿਆਖਿਆ ਕਰੋ। ਜਾਂ ਰਾਜਨੀਤਿਕ ਦਲ ਲੋਕਤੰਤਰ ਦੀ ਗੱਡੀ ਦੇ ਪਹੀਏ ਹੁੰਦੇ ਹਨ। ਇਸ ਕਥਨ ਦੀ ਵਿਆਖਿਆ ਕਰੋ।
6. ਸ਼ਕਤੀਆਂ ਦਾ ਵਿਕੇਂਦਰੀਕਰਨ ਲੋਕਤੰਤਰ ਲਈ ਕਿਉਂ ਜ਼ਰੂਰੀ ਹੈ ?
7. ਲੋਕਤੰਤਰ ਦੇ ਕੋਈ ਦੋ ਸਿਧਾਂਤਾਂ ਦੀ ਵਿਆਖਿਆ ਕਰੋ।

4. ਵੱਡੇ ਉੱਤਰ ਵਾਲੇ ਪ੍ਰਸ਼ਨ:

1. ਲੋਕਤੰਤਰ ਦੇ ਮੁਢਲੇ ਸਿਧਾਂਤ ਦਾ ਸੰਖੇਪ ਵਿੱਚ ਵਰਨਣ ਕਰੋ।
2. ਲੋਕਤੰਤਰ ਦੇ ਰਾਹ ਵਿੱਚ ਆਉਣ ਵਾਲੀਆਂ ਮੁੱਖ ਰੁਕਾਵਟਾਂ ਦਾ ਸੰਖੇਪ ਵਿੱਚ ਵਰਨਣ ਕਰੋ।
3. ਲੋਕਤੰਤਰ ਦੀ ਸਫ਼ਲਤਾ ਲਈ ਕੋਈ ਪੰਜ ਜ਼ਰੂਰੀ ਸ਼ਰਤਾਂ ਦਾ ਸੰਖੇਪ ਵਰਨਣ ਕਰੋ।
4. ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਦੀ ਕੋਈ ਇੱਕ ਪਰਿਭਾਸ਼ਾ ਦਿਓ ਅਤੇ ਲੋਕਤੰਤਰ ਦੇ ਮਹੱਤਵ ਦਾ ਸੰਖੇਪ ਵਰਨਣ ਕਰੋ।

*****

# ਇਕਾਈ -5



I. ਭਾਰਤੀ ਲੋਕਤੰਤਰ ਦੀ ਸਥਾਪਨਾ ਅਤੇ ਸਰੂਪ

II. ਭਾਰਤ ਦਾ ਸੰਸਦੀ ਲੋਕਤੰਤਰ

**ਪਾਠ 11**

# ਭਾਰਤੀ ਲੋਕਤੰਤਰ ਦੀ ਸਥਾਪਨਾ ਅਤੇ ਸਰੂਪ

ਪਿਆਰੇ ਵਿਦਿਆਰਥੀਓ ਇਸ ਪਾਠ ਵਿੱਚ ਅਸੀਂ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਜਾਨਣ ਦੀ ਕੋਸ਼ਿਸ਼ ਕਰਾਂਗੇ।

ਭਾਰਤੀ ਸੰਵਿਧਾਨ ਦਾ ਨਿਰਮਾਣ ਕਿਸ ਨੇ ਕੀਤਾ ? ਸੰਵਿਧਾਨ ਵਿੱਚ ਭਾਰਤ ਲਈ ਕਿਹੜੀ ਸ਼ਾਸਨ ਪ੍ਰਨਾਲ਼ੀ ਦੀ ਵਿਵਸਥਾ ਕੀਤੀ ਗਈ ਹੈ ? ਭਾਰਤੀ ਸੰਵਿਧਾਨ ਦੇ ਮੂਲ ਉਦੇਸ਼ ਕੀ ਹਨ ? ਭਾਰਤੀ ਸੰਵਿਧਾਨ ਦੀਆਂ ਮੁੱਖ ਵਿਸ਼ੇਸ਼ਤਾਵਾਂ ਕੀ ਹਨ ? ਭਾਰਤ ਦੇ ਸੰਵਿਧਾਨ ਵਿੱਚ ਸੋਧ ਕਰਨ ਦੀ ਸ਼ਕਤੀ ਕਿਸ ਕੋਲ਼ ਹੈ ? ਇਸ ਪਾਠ ਨੂੰ ਪੜ੍ਹ ਕੇ ਅਸੀਂ ਇਹ ਵੀ ਜਾਨਣ ਦੇ ਯੋਗ ਹੋ ਜਾਵਾਂਗੇ ਕਿ ਕਿਹੜੀਆਂ-ਕਿਹੜੀਆਂ ਵਿਵਸਥਾਵਾਂ ਭਾਰਤ ਦੇ ਸੰਵਿਧਾਨ ਵਿੱਚ ਬਾਹਰਲੇ ਦੇਸਾਂ ਦੇ ਸੰਵਿਧਾਨਾਂ ਤੋਂ ਗ੍ਰਹਿਣ ਕੀਤੀਆਂ ਹਨ। ਭਾਰਤ ਦੇ ਸੰਵਿਧਾਨ ਦੀਆਂ ਇਕਾਤਮਕ ਤੇ ਸੰਘਾਤਮਕ ਵਿਸ਼ੇਸ਼ਤਾਵਾਂ ਦਾ ਵੀ ਸਾਨੂੰ ਪਤਾ ਲੱਗ ਜਾਵੇਗਾ। ਸੰਵਿਧਾਨ ਕੀ ਹੈ ? ਸੰਵਿਧਾਨ ਦੇਸ ਲਈ ਕਿਉਂ ਜ਼ਰੂਰੀ ਹੈ ? ਇਹਨਾਂ ਪ੍ਰਸ਼ਨਾਂ ਦਾ ਉੱਤਰ ਵੀ ਸਾਨੂੰ ਇਸ ਪਾਠ ਵਿੱਚੋਂ ਪਤਾ ਲੱਗ ਜਾਵੇਗਾ।




ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਮਨੁੱਖ ਆਪਣੇ ਸੁਭਾਅ ਕਾਰਨ ਤੇ ਆਪਣੀਆਂ ਲੋੜਾਂ ਦੀ ਪੂਰਤੀ ਕਾਰਨ ਸਮਾਜ ਵਿੱਚ ਰਹਿਣਾ ਪਸੰਦ ਕਰਦਾ ਹੈ। ਸਮਾਜ ਵਿੱਚ ਰਹਿੰਦੇ ਹੋਏ ਮਨੁੱਖ ਨੂੰ ਕਈ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਘਰ, ਸਕੂਲ, ਦਫ਼ਤਰ, ਖੇਡ ਕਲੱਬ, ਸੱਭਿਆਚਾਰਕ ਕੇਂਦਰ, ਬਸ ਸਟੈਂਡ, ਰੇਲਵੇ ਸਟੇਸ਼ਨ ਆਦਿ ਥਾਂਵਾਂ 'ਤੇ ਵਿਚਰਦੇ ਹੋਏ ਮਨੁੱਖ ਨੂੰ ਕੁਝ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਸਮਾਜ ਦਾ ਭਾਵੇਂ ਕੋਈ ਵੀ ਸਮੁਦਾਇ ਹੋਵੇ ਉਸ ਦੇ ਕੁਝ ਨਿਯਮ ਜ਼ਰੂਰ ਤੈਅ ਕੀਤੇ ਜਾਂਦੇ ਹਨ। ਇਹਨਾਂ ਨਿਯਮਾਂ ਦਾ ਪਾਲਣ ਕਰਦੇ ਹੋਏ ਹੀ ਮਨੁੱਖ ਦਾ ਵਿਕਾਸ ਹੋ ਸਕਦਾ ਹੈ। ਸਮਾਜ ਸੁਚਾਰੂ ਰੂਪ ਵਿੱਚ ਚੱਲਦਾ ਹੈ। ਅਨੁਸ਼ਾਸਨ ਵਿੱਚ ਰਹਿ ਕੇ ਤੇ ਨਿਯਮਾਂ ਦੀ ਪਾਲਣਾ ਕਰਕੇ ਹੀ ਇੱਕ ਸੱਭਿਆਚਾਰਿਕ ਸਮਾਜ ਦੀ ਹੋਂਦ ਕਾਇਮ ਰਹਿ ਸਕਦੀ ਹੈ।

ਇੱਥੇ ਅਸੀਂ ਕੁਝ ਉਦਾਹਰਨਾਂ ਲੈਂਦੇ ਹਾਂ। ਜਿਵੇਂ ਪਰਿਵਾਰ ਸਮਾਜ ਦੀ ਮੁਢਲੀ ਇਕਾਈ ਹੈ। ਪਰਿਵਾਰ ਨੂੰ ਚਲਾਉਣ ਲਈ ਵੀ ਨਿਯਮ ਤੈਅ ਕੀਤੇ ਜਾਂਦੇ ਹਨ। ਪਰਿਵਾਰ ਦਾ ਇੱਕ ਮੁੱਖੀ ਹੁੰਦਾ ਹੈ ਜੋ ਪਰਿਵਾਰ ਦੇ ਮੈਂਬਰਾਂ ਵਿੱਚ ਕੰਮ ਦੀ ਵੰਡ ਕਰਦਾ ਹੈ। ਪਰਿਵਾਰ ਦੇ ਮੈਂਬਰਾਂ ਨੇ ਮੁਖੀ ਦਾ ਕਹਿਣਾ ਮੰਨਣਾ ਹੀ ਹੁੰਦਾ ਹੈ। ਜੇਕਰ ਪਰਿਵਾਰ ਦੇ ਮੈਂਬਰ ਆਪ ਹੁਦਰੇ ਢੰਗ ਨਾਲ ਆਪਣਾ ਜੀਵਨ ਬਤੀਤ ਕਰਦੇ ਹਨ ਤਾਂ ਪਰਿਵਾਰ ਖੇਰੂ-ਖੇਰੂ ਹੋ ਜਾਂਦਾ ਹੈ। ਹੁਣ ਅਸੀਂ ਸਕੂਲ ਦੀ ਉਦਾਹਰਣ ਲੈਂਦੇ। ਹਾਂ ਸਕੂਲ ਦਾ ਦਾਇਰਾ ਪਰਿਵਾਰ ਤੋਂ ਵੱਡਾ ਹੈ। ਸਕੂਲ ਨੂੰ ਚਲਾਉਣ ਲਈ ਇੱਕ ਟਾਈਮ ਟੇਬਲ ਤਿਆਰ ਕੀਤਾ ਜਾਂਦਾ ਹੈ। ਸਕੂਲ ਦੇ ਲੱਗਣ ਦਾ ਸਮਾਂ, ਅੱਧੀ ਛੁੱਟੀ ਦਾ ਸਮਾਂ, ਸਕੂਲ ਬੰਦ ਹੋਣ ਦਾ ਸਮਾਂ ਤੈਅ ਕੀਤਾ ਜਾਂਦਾ ਹੈ। ਵੱਖ-ਵੱਖ ਵਿਸ਼ਿਆਂ ਨੂੰ ਪੜ੍ਹਾਉਣ ਲਈ ਪੀਰੀਅਡਾਂ ਦੀ ਵੰਡ ਕੀਤੀ ਜਾਂਦੀ ਹੈ। ਸਕੂਲ ਵਿੱਚ ਇੱਕ ਮੁਖੀ ਹੁੰਦਾ ਹੈ ਜੋ ਸਕੂਲ ਉੱਤੇ ਨਿਯੰਤਰਨ ਰੱਖਦਾ ਹੈ। ਮੁੱਖੀ ਦੇ ਹੁਕਮਾਂ ਦੀ ਪਾਲਣਾ ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਕਰਨੀ ਪੈਂਦੀ ਹੈ।

ਇਸੇ ਤਰ੍ਹਾਂ ਸਮਾਜ ਦੇ ਹੋਰ ਵੀ ਬਹੁਤ ਸਾਰੇ ਸਮੁਦਾਇ ਹੋ ਸਕਦੇ ਹਨ ਜਿਵੇਂ ਖੇਡ ਕਲੱਬ, ਧਾਰਮਿਕ ਸਮੁਦਾਇ, ਆਰਥਿਕ ਸਮੁਦਾਇ, ਰਾਜਨੀਤਿਕ ਸਮੁਦਾਇ। ਇਹ ਸਾਰੇ ਸਮੁਦਾਇ ਰਾਜ ਦੇ ਨਿਯਮਾਂ ਅਧੀਨ ਰਹਿ ਕੇ ਕੰਮ ਕਰਦੇ ਹਨ। ਰਾਜ ਸਮੁਦਾਵਾਂ ਦਾ ਸਮੁਦਾਇ ਹੈ। ਇਹਨਾਂ ਸਮੁਦਾਵਾਂ ਦੀ ਹੋਂਦ ਰਾਜ ਦੇ ਨਿਯਮਾਂ 'ਤੇ ਨਿਰਭਰ ਕਰਦੀ ਹੈ।

ਰਾਜ, ਸਮਾਜ ਅੰਦਰ ਸਥਿਤ ਸਾਰੇ ਸਮੁਦਾਵਾਂ ਤੋਂ ਵੱਡਾ ਹੈ। ਇਸ ਕਰਕੇ ਰਾਜ ਦੇ ਪ੍ਰਬੰਧ ਨੂੰ ਚਲਾਉਣ ਲਈ ਹੋਰ ਵੀ ਜ਼ਿਆਦਾ ਨਿਯਮਾਂ ਦੀ ਲੋੜ ਪੈਂਦੀ ਹੈ।

ਸੋ ਨਿਯਮਾਂ ਦੇ ਸੰਗ੍ਰਹਿ ਨੂੰ ਜਿਨ੍ਹਾਂ ਦੇ ਅਧਾਰ 'ਤੇ ਰਾਜ ਦਾ ਪ੍ਰਬੰਧ ਚਲਾਇਆ ਜਾਂਦਾ ਹੈ ਨੂੰ ਸੰਵਿਧਾਨ ਕਹਿੰਦੇ ਹਨ। ਦੁਨੀਆਂ ਵਿੱਚ ਹਰ ਇੱਕ ਦੇਸ ਦਾ ਆਪਣਾ-ਆਪਣਾ ਸੰਵਿਧਾਨ ਹੈ ਕਿਉਂਕਿ ਹਰ ਦੇਸ ਦੇ ਸਮਾਜਿਕ, ਆਰਥਿਕ ਤੇ ਰਾਜਨੀਤਿਕ ਹਾਲਾਤ ਵੱਖਰੇ-ਵੱਖਰੇ ਹਨ।

**ਪਰਿਭਾਸ਼ਾ —** ਵੂਲਜੇ ਦੇ ਅਨੁਸਾਰ ਸੰਵਿਧਾਨ ਉਹਨਾਂ ਨਿਯਮਾਂ ਦਾ ਸਮੂਹ ਹੈ ਜਿਨ੍ਹਾ ਅਨੁਸਾਰ ਸਰਕਾਰ ਦੀਆਂ ਸ਼ਕਤੀਆਂ, ਪਰਜਾ ਦੇ ਅਧਿਕਾਰਾਂ ਅਤੇ ਇਹਨਾਂ ਦੋਨਾਂ ਦੇ ਆਪਸੀ ਸੰਬੰਧਾਂ ਨੂੰ ਨਿਸਚਿਤ ਕੀਤਾ ਜਾਂਦਾ ਹੈ।

**ਕੁਲੇ ਦੇ ਅਨੁਸਾਰ —** ਸੰਵਿਧਾਨ ਨਿਯਮਾਂ ਅਤੇ ਪਰੰਪਰਾਵਾਂ ਦਾ ਸਮੂਹ ਹੁੰਦਾ ਹੈ ਜਿਨ੍ਹਾਂ ਦੇ ਅਨੁਸਾਰ ਪ੍ਰਭੂਸੱਤਾ ਦੀਆਂ ਸ਼ਕਤੀਆਂ ਦੀ ਸੁਭਾਵਿਕ ਰੂਪ ਵਿੱਚ ਵਰਤੋਂ ਕੀਤੀ ਜਾਂਦੀ ਹੈ।

**ਡਾਇਸੀ ਦੇ ਅਨੁਸਾਰ —** ਉਹਨਾਂ ਸਾਰੇ ਨਿਯਮਾਂ ਦੇ ਸਮੂਹ ਨੂੰ ਜਿਨ੍ਹਾਂ ਦੁਆਰਾ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਰਾਜ ਸੱਤਾ ਦੀ ਵੰਡ ਅਤੇ ਵਰਤੋਂ ਕੀਤੀ ਜਾਂਦੀ ਹੈ, ਉਸ ਨੂੰ ਰਾਜ ਦਾ ਸੰਵਿਧਾਨ ਕਿਹਾ ਜਾਂਦਾ ਹੈ।

**ਭਾਰਤੀ ਸੰਵਿਧਾਨ ਦਾ ਨਿਰਮਾਣ —** ਭਾਰਤ 15 ਅਗਸਤ, 1947 ਨੂੰ ਅਜ਼ਾਦ ਹੋਇਆ। ਪਰ ਭਾਰਤ ਲਈ ਸੰਵਿਧਾਨ ਦਾ ਨਿਰਮਾਣ ਕਰਨ ਦੀ ਪ੍ਰਕਿਰਿਆ ਅਜ਼ਾਦੀ ਤੋਂ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਸੀ। ਭਾਰਤ ਦੇ ਨੇਤਾਵਾਂ ਨੇ ਭਾਰਤ ਲਈ ਸੰਸਦੀ ਲੋਕਤੰਤਰੀ ਸ਼ਾਸਨ ਪ੍ਰਨਾਲ਼ੀ ਨੂੰ ਅਪਣਾਇਆ ਜੋ ਕਿ ਸਾਡੇ ਸੰਵਿਧਾਨ ਦੀ ਮੁੱਖ ਵਿਸ਼ੇਸ਼ਤਾ ਹੈ। ਭਾਰਤ ਦੇ ਸੰਵਿਧਾਨ ਦਾ ਨਿਰਮਾਣ ਇੱਕ ਸੰਵਿਧਾਨ ਸਭਾ ਦੁਆਰਾ ਕੀਤਾ ਗਿਆ ਜਿਸ ਦੀ ਚੋਣ ਅਪ੍ਰਤੱਖ ਢੰਗ ਨਾਲ ਕੀਤੀ ਗਈ ਸੀ। ਇਸ ਸੰਵਿਧਾਨ ਦਾ ਨਿਰਮਾਣ ਕਰਨ ਲਈ 2 ਸਾਲ, 11 ਮਹੀਨੇ, 18 ਦਿਨ ਦਾ ਸਮਾਂ ਲੱਗਾ। ਭਾਰਤ ਲਈ ਸੰਵਿਧਾਨ ਬਨਾਉਣ ਲਈ ਸੰਵਿਧਾਨ ਸਭਾ ਦੀ ਮੰਗ ਪਹਿਲੀ ਵਾਰ ਕਾਂਗਰਸ ਦੁਆਰਾ 1935 ਵਿੱਚ ਕੀਤੀ ਗਈ ਸੀ। ਅੰਗਰੇਜ਼ ਸਰਕਾਰ ਨੇ 1940 ਵਿੱਚ ਮੰਗ ਨੂੰ ਸਿਧਾਂਤਕ ਤੌਰ 'ਤੇ ਸਵੀਕਾਰ ਕਰ ਲਿਆ। ਸੰਵਿਧਾਨ ਸਭਾ ਦੀ ਚੋਣ 19 ਨਵੰਬਰ, 1946 ਵਿੱਚ ਅਪ੍ਰਤੱਖ ਚੋਣ ਢੰਗ ਨਾਲ ਪ੍ਰਾਂਤਕ ਵਿਧਾਨਪਾਲਿਕਾਵਾਂ ਦੇ ਮੈਂਬਰਾਂ ਦੁਆਰਾ ਕੀਤੀ ਗਈ ਸੀ। ਸੰਵਿਧਾਨ ਸਭਾ ਦੇ ਕੁੱਲ 389 ਮੈਂਬਰ ਸਨ। 292 ਮੈਂਬਰ ਪ੍ਰਾਂਤਾਂ ਵਿੱਚੋਂ ਵਿਧਾਨ ਪਾਲਿਕਾਵਾਂ ਦੇ ਮੈਂਬਰਾਂ ਦੁਆਰਾ ਚੁਣੇ ਗਏ ਸਨ। 93 ਮੈਂਬਰ ਦੇਸੀ ਰਿਆਸਤਾਂ ਵੱਲੋਂ ਨਾਮਜ਼ਦ ਕੀਤੇ ਗਏ ਸਨ। ਚਾਰ ਮੈਂਬਰ ਚੀਫ਼ ਕਮਿਸ਼ਨਰ ਖੇਤਰਾਂ ਵਿੱਚੋਂ ਲਏ ਗਏ ਸਨ।

ਇਹਨਾਂ ਸੀਟਾਂ ਦੀ ਵੰਡ ਸਮਾਜ ਦੇ ਤਿੰਨ ਵਰਗਾਂ ਮੁਸਲਿਮ, ਸਿੱਖ ਅਤੇ ਜਨਰਲ ਵਿੱਚ ਕੀਤੀ ਗਈ ਸੀ। ਇਹਨਾਂ ਸੀਟਾਂ ਦੀ ਵੰਡ ਅਬਾਦੀ ਦੇ ਆਧਾਰ 'ਤੇ ਕੀਤੀ ਗਈ ਸੀ। ਇੱਕ ਸੀਟ ਲਈ ਔਸਤਨ 10 ਲੱਖ ਅਬਾਦੀ ਨਿਰਧਾਰਿਤ ਕੀਤੀ ਗਈ ਸੀ।

ਡਾ. ਰਾਜਿੰਦਰ ਪ੍ਰਸਾਦ ਜੀ ਨੂੰ ਸੰਵਿਧਾਨ ਬਣਾਉਣ ਵਾਲੀ ਸਭਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਡਾ. ਭੀਮ ਰਾਓ ਅੰਬੇਦਕਰ ਜੀ ਨੂੰ ਸੰਵਿਧਾਨ ਦਾ ਮਸੌਦਾ ਲਿਖਣ ਲਈ ਕਮੇਟੀ ਦਾ ਪ੍ਰਧਾਨ ਬਣਾਇਆ ਗਿਆ।

3 ਜੂਨ, 1947 ਨੂੰ ਲਾਰਡ ਮਾਉਂਟਬੈਟਨ ਪਲਾਨ ਅਨੁਸਾਰ ਭਾਰਤ ਦੀ ਵੰਡ ਦਾ ਐਲਾਨ ਹੋ ਗਿਆ। ਭਾਰਤ ਵਿੱਚੋਂ ਇੱਕ ਨਵਾਂ ਦੇਸ ਪਾਕਿਸਤਾਨ ਬਣਾਇਆ ਜਾਣਾ ਸੀ। ਉਸ ਲਈ ਵੱਖਰੀ ਸੰਵਿਧਾਨ ਸਭਾ ਦੀ ਘੋਸ਼ਣਾ ਕਰ ਦਿੱਤੀ ਗਈ। ਸਿੱਟੇ ਦੇ ਤੌਰ 'ਤੇ ਪਾਕਿਸਤਾਨ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਖੇਤਰਾਂ ਦੀ ਪ੍ਰਤੀਨਿਧਤਾ ਕਰਨ ਵਾਲ਼ੇ ਮੈਂਬਰ ਸੰਵਿਧਾਨ ਸਭਾ ਵਿੱਚੋਂ ਅਲੱਗ ਕਰ ਦਿੱਤੇ ਗਏ। ਪਾਕਿਸਤਾਨ ਦੇ ਹਿੱਸੇ ਜਾਣ ਵਾਲ਼ੇ ਖੇਤਰ ਸਨ ਪੱਛਮੀ ਪੰਜਾਬ, ਪੂਰਬੀ ਬੰਗਾਲ, ਉੱਤਰ ਪੱਛਮ ਸਰਹੱਦ ਪ੍ਰਾਂਤ (NWFP) ਸਿੰਧ, ਬਲੋਚਿਸਤਾਨ ਤੇ ਅਸਾਮ ਦਾ ਸਿਲਹਟ ਜ਼ਿਲ੍ਹਾ, ਇਸ ਤਰ੍ਹਾਂ ਭਾਰਤੀ ਸੰਵਿਧਾਨ ਸਭਾ ਦੇ ਮੈਂਬਰਾਂ ਦੀ ਗਿਣਤੀ ਵੰਡ ਤੋਂ ਬਾਅਦ 299 ਰਹਿ ਗਈ। 26 ਨਵੰਬਰ, 1949 ਨੂੰ ਸੰਵਿਧਾਨ


ਸਭਾ ਦੇ ਮੈਂਬਰਾਂ ਨੇ ਸੰਵਿਧਾਨ ਉੱਤੇ ਦਸਤਖ਼ਤ ਕਰ ਦਿੱਤੇ। ਸੰਵਿਧਾਨ ਸਭਾ ਵੱਲੋਂ ਇਸ ਨੂੰ ਪ੍ਰਵਾਨ ਕਰ ਲਿਆ ਗਿਆ। ਪਰ ਸਾਡਾ ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ। 26 ਜਨਵਰੀ ਦੀ ਇਤਿਹਾਸਕ ਮਿਤੀ ਇਸ ਲਈ ਤੈਅ ਕੀਤੀ ਗਈ ਕਿਉਂਕਿ ਅਸੀਂ 1930 ਤੋਂ 26 ਜਨਵਰੀ ਨੂੰ ਅਜ਼ਾਦੀ ਦਿਵਸ ਵਜੋਂ ਮਨਾਉਂਦੇ ਆ ਰਹੇ ਸੀ।

**ਸੁਤੰਤਰਤਾ ਦਾ ਮੁੱਲ :—** ਸੁਤੰਤਰਤਾ, ਸਮਾਨਤਾ ਅਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਦੁਨੀਆਂ ਦੇ ਬਹੁਤੇ ਦੇਸਾਂ ਨੂੰ ਲੰਮਾ ਸੰਘਰਸ਼ ਕਰਨਾ ਪਿਆ। ਦੱਖਣੀ ਅਫ਼ਰੀਕਾ ਵਿੱਚ ਰੰਗ ਭੇਦ ਦੀ ਨੀਤੀ ਨੂੰ ਖ਼ਤਮ ਕਰਨ ਲਈ ਅਤੇ ਸਮਾਨਤਾ ਦੀ ਸਥਾਪਨਾ ਲਈ ਉਹਨਾਂ ਦੇ ਨੇਤਾ ਨੈਲਸਨ ਮੈਂਡੇਲਾ ਤੇ ਉਹਨਾਂ ਦੇ ਸਾਥੀਆਂ ਨੂੰ 28 ਸਾਲ ਜੇਲ੍ਹ ਵਿੱਚ ਲੰਘਾਉਣੇ ਪਏ।

ਸੰਵਿਧਾਨ ਨੂੰ ਬਨਾਉਣ ਵਿੱਚ ਡਾ. ਬੀ. ਆਰ. ਅੰਬੇਦਕਰ, ਪੰਡਿਤ ਜਵਾਹਰ ਲਾਲ ਨਹਿਰੂ, ਸਰਦਾਰ ਵਲੱਭ ਭਾਈ ਪਟੇਲ, ਡਾ. ਰਾਜਿੰਦਰ ਪ੍ਰਸਾਦ, ਮੌਲਾਨਾ ਅਬੁੱਲ ਕਲਾਮ ਅਜ਼ਾਦ, ਅਚਾਰਿਆ ਜੇ ਬੀ ਕ੍ਰਿਪਲਾਨੀ, ਟੀ. ਟੀ. ਕ੍ਰਿਸ਼ਨਮਚਾਰੀ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਡਾ. ਬੀ. ਆਰ. ਅੰਬੇਦਕਰ ਨੂੰ ਭਾਰਤੀ ਸੰਵਿਧਾਨ ਦਾ ਪਿਤਾਮਾ ਕਿਹਾ ਜਾਂਦਾ ਹੈ।


### ਸੰਵਿਧਾਨ ਦੀ ਪ੍ਰਸਤਾਵਨਾ

**"ਅਸੀਂ ਭਾਰਤ ਦੇ ਲੋਕ ਭਾਰਤ** ਨੂੰ ਇੱਕ **ਸੰਪੂਰਨ ਪ੍ਰਭੂਸੱਤਾ** ਸੰਪਨ, **ਸਮਾਜਵਾਦੀ, ਧਰਮ ਨਿਰਪੱਖ, ਪ੍ਰਜਾਤੰਤਰੀ ਗਣਰਾਜ** ਬਣਾਉਣ ਲਈ ਅਤੇ ਇਸ ਦੇ ਸਾਰੇ ਨਾਗਰਿਕਾਂ ਨੂੰ **ਸਮਾਜਿਕ**, ਆਰਥਿਕ ਤੇ ਰਾਜਨੀਤਿਕ **ਨਿਆਂ**, ਵਿਚਾਰ ਪ੍ਰਗਟਾਉਣ, ਵਿਸ਼ਵਾਸ, ਧਰਮ ਤੇ ਉਪਾਸਨਾ ਦੀ **ਸੁਤੰਤਰਤਾ**, ਪ੍ਰਤਿਸ਼ਠਤਾ ਦੇ ਅਵਸਰ ਦੀ **ਸਮਾਨਤਾ** ਪ੍ਰਾਪਤ ਕਰਾਉਣ ਲਈ ਅਤੇ ਉਹਨਾਂ ਸਭਨਾਂ ਵਿੱਚ ਵਿਅਕਤੀ ਦੀ ਗੌਰਵਤਾ ਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਸੁਰੱਖਿਅਤ ਕਰਨ ਲਈ **ਭਰਾਤਰੀ** ਭਾਵ ਵਧਾਉਣ ਲਈ ਦ੍ਰਿੜ ਸੰਕਲਪ ਹੋ ਕੇ ਆਪਣੀ ਇਸ ਸੰਵਿਧਾਨ ਸਭਾ ਵਿੱਚ 26 ਨਵੰਬਰ, 1949 ਨੂੰ **ਇਸ ਦੁਆਰਾ ਇਸ ਸੰਵਿਧਾਨ ਨੂੰ ਅੰਗੀਕਾਰ ਅਧਿਨਿਯਮਤ ਅਤੇ ਆਤਮ ਸਮਰਪਣ ਕਰਦੇ ਹਾਂ।"**



ਸੰਵਿਧਾਨ ਦੀ ਪ੍ਰਸਤਾਵਨਾ ਤੋਂ ਸੰਵਿਧਾਨ ਦੇ ਉਦੇਸ਼ਾਂ ਅਤੇ ਸਿਧਾਂਤਾਂ ਦਾ ਪਤਾ ਲੱਗਦਾ ਹੈ। ਇਹ ਸੰਵਿਧਾਨ ਦਾ ਝਰੋਖਾ ਹੈ ਜਿਸ ਵਿੱਚ ਝਾਤੀ ਮਾਰ ਕੇ ਅਸੀਂ ਸੰਵਿਧਾਨ ਦੇ ਮੂਲ ਉਦੇਸ਼ ਤੇ ਸਿਧਾਂਤਾਂ ਤੇ ਵਿਸ਼ੇਸ਼ਤਾਵਾਂ ਦਾ ਪਤਾ ਲਗਾ ਸਕਦੇ ਹਾਂ। ਪ੍ਰਸਤਾਵਨਾ ਨੂੰ ਸੰਵਿਧਾਨ ਦਾ ਹੀ ਇੱਕ ਅੰਗ ਮੰਨਿਆ ਜਾਂਦਾ ਹੈ। ਪ੍ਰਸਤਾਵਨਾ ਵਿੱਚ ਵੀ ਕਿਉਂਕਿ ਸੰਵਿਧਾਨ ਦੇ ਹੋਰ ਅਨੁਛੇਦਾਂ ਦੀ ਤਰ੍ਹਾਂ ਸੋਧ ਕੀਤੀ ਜਾ ਸਕਦੀ ਹੈ ਪਰ ਸੰਵਿਧਾਨ ਦੀ ਪ੍ਰਸਤਾਵਨਾ ਨਿਆਂ ਸੰਗਤ ਨਹੀਂ। ਇਸ ਦਾ ਭਾਵ ਇਹ ਹੈ ਕਿ ਅਦਾਲਤਾਂ ਪ੍ਰਸਤਾਵਨਾ ਵਿੱਚ ਦਰਜ ਉਦੇਸ਼ ਤੇ ਸਿਧਾਂਤਾਂ ਨੂੰ ਲਾਗੂ ਨਹੀਂ ਕਰਵਾ ਸਕਦੀਆਂ। ਪ੍ਰਸਤਾਵਨਾ ਭਾਰਤ ਨੂੰ ਇੱਕ ਸੰਪੂਰਨ ਪ੍ਰਭੂਸੱਤਾ ਸੰਪਨ ਸਮਾਜਵਾਦੀ ਲੋਕਤੰਤਰੀ ਧਰਮ ਨਿਰਪੱਖ ਗਣਰਾਜ ਐਲਾਨ ਕਰਦੀ ਹੈ। ਇਸਦੇ ਸਾਰੇ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਿਕ ਨਿਆਂ ਦੇਣ ਲਈ ਯਕੀਨੀ ਬਣਾਉਂਦੀ ਹੈ। ਇਸੇ ਦੇ ਸਾਰੇ ਨਾਗਰਿਕਾਂ ਨੂੰ ਮੌਕਿਆਂ ਤੇ ਰੁਤਬੇ ਦੀ ਸਮਾਨਤਾ ਦਾ ਉਦੇਸ਼ ਦਰਸਾਉਂਦੀ ਹੈ। ਇਸ ਦੇ ਸਾਰੇ ਨਾਗਰਿਕਾਂ ਨੂੰ ਵਿਚਾਰ ਪ੍ਰਗਟਾਉਣ, ਵਿਸ਼ਵਾਸ ਤੇ ਭਗਤੀ ਦੀ ਅਜ਼ਾਦੀ ਦੇਣਾ ਯਕੀਨੀ ਬਣਾਉਂਦੀ ਹੈ। ਵਿਅਕਤੀਗਤ ਮਾਣ-ਤਾਣ, ਦੇਸ ਦੀ ਏਕਤਾ ਤੇ ਅਖੰਡਤਾ ਦੇ ਆਦਰਸ਼ ਨੂੰ ਕਾਇਮ ਰੱਖਣ ਦਾ ਐਲਾਨ ਕਰਦੀ ਹੈ।



## ਸੰਵਿਧਾਨ ਦੀਆਂ ਮੁੱਖ ਵਿਸ਼ੇਸ਼ਤਾਵਾਂ

**1. ਸਾਡਾ ਸੰਵਿਧਾਨ ਲਿਖਤੀ ਸੰਵਿਧਾਨ ਹੈ**—ਇਸ ਨੂੰ ਸੰਵਿਧਾਨ ਸਭਾ ਨੇ ਬਣਾਇਆ ਹੈ। ਇਹ ਸੰਵਿਧਾਨ 26 ਨਵੰਬਰ, 1949 ਨੂੰ ਸੰਵਿਧਾਨ ਸਭਾ ਦੁਆਰਾ ਪ੍ਰਵਾਨ ਕਰ ਲਿਆ ਗਿਆ ਅਤੇ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ। ਭਾਰਤ ਵਿਚ ਸੰਘਾਤਮਕ ਸਰਕਾਰ ਹੋਣ ਕਾਰਨ ਸੰਵਿਧਾਨ ਦਾ ਲਿਖਤੀ ਹੋਣਾ ਜ਼ਰੂਰੀ ਸੀ ਤਾਂ ਕਿ ਕੇਂਦਰ ਅਤੇ ਰਾਜ ਸਰਕਾਰ ਵਿੱਚ ਝਗੜਿਆਂ ਨੂੰ ਰੋਕਿਆ ਜਾ ਸਕੇ। ਦੂਜੇ ਪਾਸੇ ਇੰਗਲੈਂਡ ਦਾ ਸੰਵਿਧਾਨ ਅਣਲਿਖਤੀ ਸੰਵਿਧਾਨ ਹੈ। ਇੰਗਲੈਂਡ ਦਾ ਸੰਵਿਧਾਨ ਪਰੰਪਰਾਵਾਂ ਤੇ ਮਾਨਤਾਵਾਂ ਦੇ ਆਧਾਰ 'ਤੇ ਇੱਕ ਲੰਮੇ ਸਮੇਂ ਦੌਰਾਨ ਵਿਕਸਤ ਹੋਇਆ ਹੈ। ਲਿਖਤੀ ਸੰਵਿਧਾਨ ਸਰਕਾਰ ਦੇ ਕੰਮ ਕਾਰ ਕਰਨ ਵਿੱਚ ਕੁਸ਼ਲਤਾ ਲਿਆਉਂਦਾ ਹੈ। ਲਿਖਤੀ ਸੰਵਿਧਾਨ ਵਿੱਚ ਸਪਸ਼ਟਤਾ ਜ਼ਿਆਦਾ ਹੁੰਦੀ ਹੈ।

**2. ਦੁਨੀਆਂ ਭਰ ਵਿੱਚ ਸਭ ਤੋਂ ਲੰਮਾ ਤੇ ਵਿਸਤ੍ਰਿਤ ਸੰਵਿਧਾਨ**— ਭਾਰਤ ਦਾ ਸੰਵਿਧਾਨ ਦੁਨੀਆਂ ਭਰ ਵਿੱਚ ਪਾਏ ਜਾਂਦੇ ਸੰਵਿਧਾਨਾਂ ਤੋਂ ਲੰਮਾ ਹੈ। ਮੂਲ ਸੰਵਿਧਾਨ ਵਿੱਚ 395 ਅਨੁਛੇਦ ਤੇ 8 ਅਨੁਸੂਚੀਆਂ ਸਨ। ਹੁਣ ਸੰਵਿਧਾਨ ਵਿੱਚ 12 ਅਨੁਸੂਚੀਆਂ ਹਨ ਤੇ ਬਹੁਤ ਸਾਰੇ ਨਵੇਂ ਅਨੁਛੇਦ ਪਹਿਲੇ ਅਨੁਛੇਦਾਂ ਦੇ ਅਧੀਨ ਹੀ ਜੋੜੇ ਗਏ ਹਨ। ਸੰਵਿਧਾਨ ਵਿੱਚ ਸੋਧਾਂ ਹੋਣ ਕਾਰਨ ਵੀ ਸੰਵਿਧਾਨ ਦਾ ਵਿਸਤਾਰ ਹੋਇਆ ਹੈ। ਸੰਵਿਧਾਨ ਦੀ 42ਵੀਂ ਸੋਧ ਪਾਸ ਹੋਣ ਨਾਲ਼ ਸੰਵਿਧਾਨ ਵਿੱਚ ਬਹੁਤ ਸਾਰੇ ਨਵੇਂ ਅਨੁਛੇਦ ਜੋੜੇ ਗਏ ਹਨ। ਇਸ ਸੋਧ ਦੁਆਰਾ ਦੋ ਨਵੇਂ ਭਾਗ 4A ਅਤੇ 14 A ਜੋੜੇ ਗਏ ਹਨ। 9ਵੀਂ ਅਨੁਸੂਚੀ ਪਹਿਲੀ ਸੋਧ ਦੁਆਰਾ 1951 ਵਿੱਚ ਜੋੜੀ ਗਈ। 10ਵੀਂ ਅਨੁਸੂਚੀ ਦਲਬਦਲੀ ਰੋਕੂ ਕਾਨੂੰਨ ਪਾਸ ਹੋਣ ਕਾਰਨ 52ਵੀਂ ਸੋਧ ਦੁਆਰਾ 1985 ਵਿੱਚ ਜੋੜੀ ਗਈ। 11ਵੀਂ ਅਨੁਸੂਚੀ ਪੰਚਾਇਤੀ ਰਾਜ ਸੰਸਥਾਵਾਂ ਨਾਲ ਸੰਬੰਧਿਤ ਹੈ ਤੇ 12ਵੀਂ ਅਨੁਸੂਚੀ ਸ਼ਹਿਰੀ ਪ੍ਰਬੰਧ ਦੀਆਂ ਸੰਸਥਾਵਾਂ ਨਾਲ਼ ਸੰਬੰਧਿਤ ਹੈ। 11ਵੀਂ ਤੇ 12ਵੀਂ ਅਨੁਸੂਚੀ 73ਵੀਂ ਤੇ 74ਵੀਂ ਸੋਧ ਦੁਆਰਾ 1992 ਵਿੱਚ ਜੋੜੀਆਂ ਗਈਆਂ ਸਨ।

**3. ਸੰਵਿਧਾਨ ਦੀ ਪ੍ਰਸਤਾਵਨਾ**— ਪ੍ਰਸਤਾਵਨਾ ਸੰਵਿਧਾਨ ਵਿੱਚ ਮਹੱਤਵਪੂਰਨ ਸਥਾਨ ਰੱਖਦੀ ਹੈ। ਪ੍ਰਸਤਾਵਨਾ ਤੋਂ ਸਾਨੂੰ ਸੰਵਿਧਾਨ ਦੇ ਸਰੂਪ ਦਾ ਪਤਾ ਲੱਗਦਾ ਹੈ। ਇਹ ਪ੍ਰਸਤਾਵਨਾ ਸਾਡੀ ਰਾਜਨੀਤਿਕ ਪ੍ਰਣਾਲੀ ਲਈ ਪ੍ਰੇਰਨਾ ਦਾ ਕੰਮ ਕਰਦੀ ਹੈ। 42ਵੀਂ ਸੋਧ ਦੁਆਰਾ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਤਿੰਨ ਨਵੇਂ ਸ਼ਬਦਾਂ ਨੂੰ ਜੋੜਿਆ ਗਿਆ ਹੈ। ਜਿਵੇਂ ਸਮਾਜਵਾਦ, ਧਰਮ ਨਿਰਪੱਖਤਾ ਤੇ ਅਖੰਡਤਾ।

**4. ਕਈ ਸ੍ਰੋਤਾਂ ਤੋਂ ਲਿਆ ਗਿਆ ਸੰਵਿਧਾਨ**— ਸੰਵਿਧਾਨ ਬਣਾਉਣ ਤੋਂ ਪਹਿਲਾਂ ਸੰਵਿਧਾਨ ਸਭਾ ਨੇ ਵੱਖ-ਵੱਖ ਦੇਸਾਂ ਦੇ ਸੰਵਿਧਾਨਾਂ ਦਾ ਅਧਿਐਨ ਕੀਤਾ। ਵੱਖ-ਵੱਖ ਐਕਟਾਂ ਦਾ ਅਧਿਐਨ ਕੀਤਾ ਜਿਹੜੇ ਕਿ ਬ੍ਰਿਟਿਸ਼ ਸਰਕਾਰ ਦੁਆਰਾ ਪਾਸ ਕੀਤੇ ਗਏ ਸਨ। ਇਸ ਅਧਿਐਨ ਨਾਲ਼ ਸੰਵਿਧਾਨ ਰਚਨਹਾਰਿਆਂ ਨੂੰ ਇਹਨਾਂ ਸੰਵਿਧਾਨਾਂ ਦੀਆਂ ਚੰਗੀਆਂ ਗੱਲਾਂ ਨੂੰ ਚੁਣਨ ਦੇ ਯੋਗ ਬਣਾਇਆ। ਵੱਖ-ਵੱਖ ਸ੍ਰੋਤਾਂ ਤੋਂ ਲਏ ਗਏ ਉਪਬੰਧ ਹੇਠ ਲਿਖੇ ਅਨੁਸਾਰ ਹਨ —

1. ਸੰਸਦੀ ਪ੍ਰਣਾਲ਼ੀ (UK – ਬ੍ਰਿਟੇਨ)
2. ਮੌਲਿਕ ਅਧਿਕਾਰ (USA – ਸੰਯੁਕਤ ਰਾਜ ਅਮਰੀਕਾ)
3. ਸੁਪਰੀਮ ਕੋਰਟ ਦੀ ਬਣਤਰ ਤੇ ਸ਼ਕਤੀਆਂ (ਸੰਯੁਕਤ ਰਾਜ ਅਮਰੀਕਾ)
4. ਨਿਆਂਇਕ ਪੁਨਰ ਨਿਰੀਖਣ (ਸੰਯੁਕਤ ਰਾਜ ਅਮਰੀਕਾ)
5. ਉਪਰਾਸ਼ਟਰਪਤੀ ਦੀ ਪਦਵੀ (ਸੰਯੁਕਤ ਰਾਜ ਅਮਰੀਕਾ)
6. ਸੰਘੀ ਢਾਂਚਾ (ਕੈਨੇਡਾ), ਗੌਰਮਿੰਟ ਆਫ਼ ਇੰਡੀਆਂ ਐਕਟ 1935
7. ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ (ਆਇਰਲੈਂਡ)
8. ਸੰਕਟਕਾਲੀਨ ਸ਼ਕਤੀਆਂ (ਜਰਮਨੀ), ਗੌਰਮਿੰਟ ਆਫ਼ ਇੰਡੀਆ ਐਕਟ 1935
9. ਮੌਲਿਕ ਕਰਤੱਵ (ਸਾਬਕਾ ਸੋਵੀਅਤ ਸੰਘ)
10. ਕਾਨੂੰਨ ਪਾਸ ਕਰਨ ਦੀ ਵਿਧੀ (UK – ਬ੍ਰਿਟੇਨ)

11. ਸੰਸਦ ਦੇ ਵਿਸ਼ੇਸ਼ ਅਧਿਕਾਰ (UK - ਬ੍ਰਿਟੇਨ)

12. ਗਣਤੰਤਰ (ਫ਼ਰਾਂਸ)

13. ਸਮਵਰਤੀ ਸੂਚੀ (ਆਸਟ੍ਰੇਲੀਆ)

14. ਸੰਵਿਧਾਨ ਵਿੱਚ ਸੋਧ (ਦੱਖਣੀ ਅਫ਼ਰੀਕਾ)

15. ਕਾਨੂੰਨ ਦਾ ਸ਼ਾਸਨ (UK – ਬ੍ਰਿਟੇਨ)

ਭਾਰਤ ਦੇ ਸੰਵਿਧਾਨ ਦਾ ਮੂਲ ਢਾਂਚਾ ਬਰਤਾਨਵੀ (British) ਸੰਵਿਧਾਨ ਦੀ ਤਰਜ਼ 'ਤੇ ਤਿਆਰ ਕੀਤਾ ਗਿਆ ਹੈ। ਭਾਵੇਂ ਬਰਤਾਨੀਆਂ ਦਾ ਸੰਵਿਧਾਨ ਅਣਲਿਖਤੀ ਹੈ। ਇਸ ਦੀਆਂ ਪਰੰਪਰਾਵਾਂ ਤੇ ਰੀਤੀ-ਰਿਵਾਜਾਂ ਨੂੰ ਭਾਰਤ ਦੇ ਸੰਵਿਧਾਨ ਵਿੱਚ ਲਿਖਤੀ ਰੂਪ ਦਿੱਤਾ ਗਿਆ ਹੈ।

**5. ਕਠੋਰ ਤੇ ਲਚਕੀਲਾ ਸੰਵਿਧਾਨ —** ਆਮ ਕਾਨੂੰਨ ਪਾਸ ਕਰਨ ਦੀ ਵਿਧੀ ਤੇ ਸੰਵਿਧਾਨ ਵਿੱਚ ਸੋਧ ਕਰਨ ਦੀ ਵਿਧੀ ਪੱਖੋਂ ਭਾਰਤ ਦਾ ਸੰਵਿਧਾਨ ਦੋ ਕਿਸਮ ਦਾ ਹੈ। ਸੰਵਿਧਾਨ ਵਿੱਚ ਸੋਧ ਕਰਨ ਲਈ ਤਿੰਨ ਤਰ੍ਹਾਂ ਦੀ ਵਿਵਸਥਾ ਕੀਤੀ ਗਈ ਹੈ।

(ੳ) **ਸੰਸਦ ਦੇ ਸਧਾਰਨ ਬਹੁਮਤ ਦੁਆਰਾ —** ਸੰਵਿਧਾਨ ਵਿੱਚ ਕੁਝ ਵਿਸ਼ੇ ਅਜਿਹੇ ਹਨ ਜਿਸ ਵਿੱਚ ਸੰਸਦ ਆਮ ਕਾਨੂੰਨ ਬਣਾਉਣ ਦੀ ਵਿਧੀ ਵਾਂਗ ਹੀ ਸੋਧ ਕਰ ਸਕਦੀ ਹੈ। ਜਿਵੇਂ ਅਨੁਛੇਦ 2, 3 ਅਤੇ 4 ਰਾਜਾਂ ਦੇ ਨਾਵਾਂ ਵਿੱਚ ਤੇ ਹੱਦਾਂ ਵਿੱਚ ਤਬਦੀਲੀ ਕਰਨੀ ਤੇ ਨਵੇਂ ਰਾਜਾਂ ਦੀ ਸਥਾਪਨਾ ਕਰਨੀ।

**(ਅ) ਸੰਸਦ ਦੇ ਦੋਨੋਂ ਸਦਨਾਂ ਦਾ ਸਪਸ਼ਟ ਬਹੁਮਤ ਹਾਜ਼ਰ ਅਤੇ ਵੋਟ ਦੇਣ ਵਾਲਿਆਂ ਦੇ ਦੋ ਤਿਹਾਈ ਬਹੁਮਤ ਤੇ ਘੱਟੋ-ਘੱਟ ਅੱਧੇ ਰਾਜਾਂ ਤੋਂ ਵੱਧ ਰਾਜਾਂ ਦੀ ਸਹਿਮਤੀ ਹੋਣੀ ਜ਼ਰੂਰੀ-** ਜਿਵੇਂ ਅਨੁਛੇਦ 54 ਅਤੇ 55 ਅਧੀਨ ਰਾਸ਼ਟਰਪਤੀ ਦੀ ਚੋਣ ਤੇ ਵਿਧੀ ਸੰਬੰਧੀ ਸੋਧ ਕਰਨਾ ਅਨੁਛੇਦ 73 ਅਤੇ 162 ਅਧੀਨ ਕੇਂਦਰ ਅਤੇ ਰਾਜ ਸਰਕਾਰਾਂ ਦੀਆਂ ਸ਼ਕਤੀਆਂ ਵਿੱਚ ਵਾਧਾ ਕਰਨਾ।

**(ੲ) ਸੰਸਦ ਦੇ ਦੋਨਾਂ ਸਦਨਾ ਦਾ ਸਪਸ਼ਟ ਬਹੁਮਤ ਹਾਜ਼ਰ ਅਤੇ ਵੋਟ ਦੇਣ ਵਾਲਿਆਂ ਦੇ ਦੋ ਤਿਹਾਈ ਬਹੁਮਤ ਦੁਆਰਾ** — ਕੁਝ ਵਿਸ਼ੇ ਅਜਿਹੇ ਹਨ ਜਿਨ੍ਹਾਂ ਵਿੱਚ ਸੋਧ ਸੰਸਦ ਦੇ ਦੋਨਾਂ ਸਦਨਾਂ ਦੇ ਸਪਸ਼ਟ ਬਹੁਮਤ ਦੁਆਰਾ ਕੀਤੀ ਜਾ ਸਕਦੀ ਹੈ। ਸੋਧ ਬਿਲ ਸੰਸਦ ਦੀ ਕਿਸੇ ਵੀ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਸੋਧ ਬਿਲ ਪਾਸ ਕਰਨ ਲਈ ਦੋਨਾਂ ਸਦਨਾਂ ਲੋਕ ਸਭਾ ਤੇ ਰਾਜ ਸਭਾ ਦੀ ਸ਼ਕਤੀ ਬਰਾਬਰ ਹੈ। ਇੱਕ ਗੱਲ ਯਾਦ ਰੱਖਣ ਵਾਲੀ ਹੈ ਕਿ ਸੰਸਦ ਸੰਵਿਧਾਨ ਦੇ ਮੂਲ ਢਾਂਚੇ ਵਿੱਚ ਸੋਧ ਨਹੀਂ ਕਰ ਸਕਦੀ। ਪਰ ਮੂਲ ਢਾਂਚੇ ਵਿੱਚ ਕੀ ਕੁਝ ਸ਼ਾਮਲ ਹੈ ਇਸ ਦਾ ਨਿਰਣਾ ਸੁਪਰੀਮ ਕੋਰਟ ਕਰਦੀ ਹੈ। 1980 ਵਿੱਚ ਸੁਪਰੀਮ ਕੋਰਟ ਦੇ ਨਿਰਨੇ ਅਨੁਸਾਰ ਨਿਆਂਇਕ ਪੁਨਰ ਨਿਰੀਖਣ ਨੂੰ ਮੂਲ ਢਾਂਚੇ ਦਾ ਅੰਗ ਮੰਨਿਆ ਗਿਆ ਹੈ।

**6. ਭਾਰਤ ਇੱਕ ਸੰਪੂਰਨ ਪ੍ਰਭੂਸੱਤਾ ਸੰਪਨ ਦੇਸ਼ —** ਸੰਪੂਰਨ ਪ੍ਰਭੂਸੱਤਾ ਤੋਂ ਭਾਵ ਭਾਰਤ ਆਪਣੇ ਅੰਦਰੂਨੀ ਅਤੇ ਬਾਹਰਲੇ ਮਾਸਲਿਆਂ ਵਿੱਚ ਪੂਰੀ ਤਰ੍ਹਾਂ ਸੁਤੰਤਰ ਹੈ। ਭਾਰਤ ਆਪਣੇ ਘਰੇਲੂ ਅਤੇ ਵਿਦੇਸ਼ੀ ਨੀਤੀ ਦਾ ਨਿਰਮਾਣ ਕਰਨ ਲਈ ਕਿਸੇ ਵੀ ਬਾਹਰੀ ਦੇਸ ਦੇ ਦਬਾਅ ਹੇਠ ਨਹੀਂ ਹੈ। ਇਸ ਦਾ ਉਦਾਹਰਨ ਭਾਰਤ ਦੁਆਰਾ ਅਪਣਾਈ ਗਈ ਗੁੱਟ ਨਿਰਪੇਖਤਾ ਦੀ ਨੀਤੀ ਹੈ। ਦੂਜੇ ਮਹਾਂ ਯੁੱਧ ਤੋਂ ਬਾਅਦ ਦੋ ਸੈਨਿਕ ਗੁੱਟ ਅਮਰੀਕਾ ਤੇ ਸੋਵੀਅਤ ਸੰਘ ਬਣ ਗਏ ਸਨ। ਭਾਰਤ ਨੇ ਇਹਨਾਂ ਦੋਨੋਂ ਗੁੱਟਾਂ ਵਿੱਚ ਸ਼ਾਮਲ ਨਾ ਹੋ ਕੇ ਭਾਰਤ ਦੇ ਸੰਪੂਰਨ ਪ੍ਰਭੂਸੱਤਾ ਹੋਣ ਦਾ ਸਬੂਤ ਦਿੱਤਾ ਹੈ।

**7. ਲੋਕਤੰਤਰੀ ਦੇਸ —** ਭਾਰਤ ਇੱਕ ਲੋਕਤੰਤਰੀ ਦੇਸ ਹੈ ਭਾਰਤ ਦੀ ਸਰਕਾਰ ਲੋਕਾਂ ਦੁਆਰਾ ਚੁਣੀ ਜਾਂਦੀ ਹੈ। ਸਰਕਾਰ ਲੋਕਾਂ ਪ੍ਰਤਿ ਉਤਰਦਾਈ ਹੈ। ਸੰਵਿਧਾਨ ਦੇ ਨਿਰਮਾਤਾ ਭਾਰਤ ਵਿੱਚ ਨਾ ਕੇਵਲ ਰਾਜਨੀਤਿਕ ਲੋਕਤੰਤਰ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਸਗੋਂ ਆਰਿਥਕ ਤੇ ਸਮਾਜਿਕ ਲੋਕਤੰਤਰ ਦੀ ਸਥਾਪਨਾ ਵੀ ਕਰਨਾ ਚਾਹੁੰਦੇ ਸਨ। ਇਸ ਕਰਕੇ ਸੰਵਿਧਾਨ ਵਿੱਚ ਆਰਥਿਕ ਤੇ ਸਮਾਜਿਕ ਨਿਆਂ ਦੇਣ ਦੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ ਜਿਵੇਂ ਸਮਾਨਤਾ ਦੇ ਅਧਿਕਾਰ ਵਿੱਚ ਸਾਰੇ ਵਿਅਕਤੀ ਕਾਨੂੰਨ ਦੇ ਸਾਹਮਣੇ ਸਮਾਨ ਮੰਨੇ ਜਾਂਦੇ ਹਨ। ਹਰ ਇੱਕ ਲਈ ਵਿਕਾਸ ਕਰਨ ਦੇ ਸਮਾਨ ਅਵਸਰ ਦੇਣ ਦੀ ਵਿਵਸਥਾ ਕੀਤੀ ਗਈ ਹੈ। ਦੇਸ ਦੇ ਪਛੜੇ ਤੇ ਗ਼ਰੀਬ ਵਰਗ ਦੇ ਲੋਕਾਂ ਲਈ ਵਿਸ਼ੇਸ਼ ਵਿਵਸਥਾਵਾਂ ਕੀਤੀਆਂ ਗਈਆਂ ਹਨ ਤਾਂ ਕਿ ਉਹ ਵੀ ਸਮਾਜ ਦੇ ਦੂਜੇ ਵਰਗਾਂ ਦੇ ਸਮਾਨ ਆਪਣਾ ਜੀਵਨ ਬਤੀਤ ਕਰ ਸਕਣ। ਭਾਰਤ ਦੇ ਲੋਕਾਂ ਨੂੰ ਵਿਚਾਰ ਪ੍ਰਗਟਾਉਣ, ਸੰਘ ਬਣਾਉਣ, ਆਪਣੇ ਨੇਤਾਵਾਂ ਦੀ ਚੋਣ ਕਰਨ, ਇਕੱਠੇ ਹੋਣ,

ਸਰਕਾਰ ਦੀਆ ਗਲਤ ਨੀਤੀਆਂ ਦੀ ਅਲੋਚਨਾ ਕਰਨ ਦੀ ਤੇ ਵਿਸ਼ਵਾਸ ਤੇ ਉਪਾਸਨਾ ਦੀ ਅਜ਼ਾਦੀ ਮਿਲੀ ਹੋਈ ਹੈ ਜੋ ਕਿ ਲੋਕਤੰਤਰੀ ਦੇਸ ਦੇ ਮੁੱਖ ਤੱਤ ਹਨ।

**8. ਗਣਤੰਤਰ ਜਾਂ ਗਣਰਾਜ—** ਭਾਰਤ ਇੱਕ ਗਣਤੰਤਰ ਦੇਸ ਹੈ। ਭਾਰਤ ਦਾ ਮੁਖੀ ਰਾਸ਼ਟਰਪਤੀ ਲੋਕਾਂ ਦੁਆਰਾ ਅਸਿੱਧੇ ਤੌਰ 'ਤੇ ਚੁਣਿਆ ਜਾਂਦਾ ਹੈ। ਜਿਸ ਦੇਸ ਦਾ ਮੁਖੀ ਲੋਕਾਂ ਦੁਆਰਾ ਸਿੱਧੇ ਜਾ ਅਸਿੱਧੇ ਤੌਰ 'ਤੇ ਚੁਣਿਆ ਜਾਂਦਾ ਹੋਵੇ ਤੇ ਦੇਸ਼ ਆਪਣੇ ਉਤੇ ਲਾਗੂ ਕਾਨੂੰਨ ਆਪ ਤਿਆਰ ਕਰਦਾ ਹੋਵੇ ਤਾਂ ਉਸ ਦੇਸ ਨੂੰ ਗਣਤੰਤਰ ਕਹਿੰਦੇ ਹਨ। ਭਾਰਤ ਦੇ ਸੰਵਿਧਾਨ ਵਿੱਚ ਇਹ ਵਿਵਸਥਾ ਮੌਜੂਦ ਹੈ। ਇਸੇ ਕਰਕੇ ਭਾਰਤ ਲੋਕਤੰਤਰ ਹੋਣ ਦੇ ਨਾਲ ਗਣਤੰਤਰ ਦੇਸ ਵੀ ਹੈ। ਗਣਤੰਤਰ ਲਈ ਇੱਕ ਸ਼ਰਤ ਇਹ ਵੀ ਹੈ ਕਿ ਉਹ ਦੇਸ਼ ਆਪਣਾ ਕਨੂੰਨ ਆਪ ਤਿਆਰ ਕਰਨ ਦਾ ਹੱਕ ਤੇ ਸਮਰਥਾ ਰੱਖਦਾ ਹੋਵੇ।

**ਹੇਠ ਲਿਖੇ ਦੇਸਾਂ ਵਿੱਚੋਂ ਆਪਣੇ ਅਧਿਆਪਕ ਦੀ ਮਦਦ ਨਾਲ 'ਗਣਰਾਜ' ਦੇਸਾਂ ਦੀ ਸੂਚੀ ਬਣਾਓ—**
ਕੈਨੇਡਾ, ਸੰਯੁਕਤ ਰਾਜ ਅਮਰੀਕਾ, ਭਾਰਤ, ਆਸਟਰੇਲੀਆ, ਇੰਗਲੈਂਡ, ਇਰਾਨ, ਇਰਾਕ, ਇਜ਼ਰਾਈਲ, ਪਾਕਿਸਤਾਨ, ਜਰਮਨੀ, ਫ਼ਰਾਂਸ, ਜਪਾਨ, ਇਟਲੀ।

**9. ਧਰਮ ਨਿਰਪੱਖ -** ਭਾਰਤੀ ਸਮਾਜ ਵਿੱਚ ਵੱਖ-ਵੱਖ ਧਰਮਾਂ ਅਤੇ ਨਸਲਾਂ ਦੇ ਲੋਕ ਰਹਿੰਦੇ ਹਨ। ਅੰਗਰੇਜ਼ਾਂ ਦੁਆਰਾ ਚਲਾਈ ਗਈ ਪਾੜੋ ਤੇ ਰਾਜ ਕਰੋ ਦੀ ਨੀਤੀ ਕਾਰਨ ਭਾਰਤੀ ਸਮਾਜ ਦੇ ਦੋ ਵੱਡੇ ਵਰਗਾਂ ਹਿੰਦੂ ਤੇ ਮੁਸਲਮਾਨ ਵਿੱਚ ਧਾਰਮਿਕ ਫਿਰਕਾਪ੍ਰਸਤੀ ਪੈਦਾ ਕਰ ਦਿੱਤੀ ਗਈ ਸੀ। ਜਿਸ ਦਾ ਸਿੱਟਾ ਭਾਰਤ ਦੀ ਵੰਡ ਵਿੱਚ ਨਿਕਲਿਆ। ਸੰਵਿਧਾਨ ਰਚਨਹਾਰਿਆਂ ਨੇ ਇਸ ਗੱਲ ਨੂੰ ਮੱਦੇ-ਨਜ਼ਰ ਰੱਖਦੇ ਹੋਏ ਭਾਰਤ ਨੂੰ ਧਰਮ ਨਿਰਪੱਖ ਰਾਜ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਨੂੰ ਹੋਰ ਸਪਸ਼ਟ ਕਰਨ ਲਈ ਭਾਰਤ ਦੇ ਸੰਵਿਧਾਨ ਵਿੱਚ Secular (ਧਰਮਨਿਰਪੱਖ) ਸ਼ਬਦ ਨੂੰ 42ਵੀਂ ਸੋਧ ਦੁਆਰਾ 1976 ਵਿੱਚ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਜੋੜਿਆ ਗਿਆ। Secularism (ਧਰਮਨਿਰਪੱਖਤਾ) ਪੱਛਮੀ ਧਾਰਨਾ ਹੈ ਜਿਸ ਦਾ ਅਰਥ ਹੈ ਧਰਮ ਅਤੇ ਰਾਜਨੀਤੀ ਦੀ ਅਲਹਿਦਗੀ। ਪਰੰਤੂ ਭਾਰਤ ਦੀ ਧਰਮ ਨਿਰਪੱਖਤਾ ਇਸ ਤੋਂ ਇਲਾਵਾ ਸਾਰੇ ਧਰਮਾਂ ਦੀ ਸਮਾਨਤਾ 'ਤੇ ਜ਼ੋਰ ਦਿੰਦੀ ਹੈ ਜਿਵੇਂ ਸਰਵ ਧਰਮ ਸਮਭਾਵ। ਭਾਰਤ ਦੀ ਧਰਮ ਨਿਰਪੱਖਤਾ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੀਆਂ ਹਨ।

(ੳ) ਕਿਸੇ ਵੀ ਧਰਮ ਨੂੰ ਭਾਰਤ ਵਿੱਚ ਰਾਜ ਧਰਮ ਕਰਾਰ ਨਹੀਂ ਦਿੱਤਾ ਜਾਵੇਗਾ।

(ਅ) ਸਰਕਾਰ ਵੱਲੋਂ ਸਾਰੇ ਧਰਮਾਂ ਨੂੰ ਸਮਾਨ ਮੰਨਿਆ ਜਾਵੇਗਾ। ਹਰ ਧਰਮ ਦੇ ਲੋਕਾਂ ਨੂੰ ਵਿਕਾਸ ਕਰਨ ਦੇ ਸਮਾਨ ਮੌਕੇ ਪ੍ਰਦਾਨ ਕੀਤੇ ਜਾਣਗੇ। ਘੱਟ ਗਿਣਤੀਆਂ ਦੀ ਸੁਰੱਖਿਆ ਲਈ ਵਿਸ਼ੇਸ਼ ਵਿਵਸਥਾਵਾਂ ਕੀਤੀਆਂ ਗਈਆਂ ਹਨ।

(ੲ) ਭਾਰਤ ਵਿੱਚ ਹਰ ਇੱਕ ਵਿਅਕਤੀ ਨੂੰ ਧਾਰਮਿਕ ਅਜ਼ਾਦੀ ਦਿੱਤੀ ਗਈ ਹੈ। ਉਹ ਆਪਣੀ ਇੱਛਾ ਅਨੁਸਾਰ ਧਾਰਮਿਕ ਵਿਸ਼ਵਾਸ ਰੱਖ ਸਕਦਾ ਹੈ ਤੇ ਉਪਾਸਨਾ ਕਰ ਸਕਦਾ ਹੈ।

(ਸ) ਧਰਮ ਦੇ ਆਧਾਰ 'ਤੇ ਕਿਸੇ ਵੀ ਵਿੱਦਿਅਕ ਸੰਸਥਾ ਨਾਲ਼ ਰਾਜ਼ ਦੁਆਰਾ ਵਿਤਕਰਾ ਨਹੀਂ ਕੀਤਾ ਜਾਵੇਗਾ।

**10. ਸੰਘਾਤਮਕ ਅਤੇ ਇਕਾਤਮਕਤਾ ਦਾ ਸੁਮੇਲ —** ਭਾਰਤ ਦੇ ਸੰਵਿਧਾਨ ਦਾ ਢਾਂਚਾ ਸੰਘਾਤਮਕ ਹੈ। ਭਾਰਤ ਵਿੱਚ ਦੋ ਤਰਾਂ ਦੀਆ ਸਰਕਾਰਾਂ ਦੀ ਸਥਾਪਨਾ ਕੀਤੀ ਗਈ ਹੈ। ਇੱਕ ਪਾਸੇ ਕੇਂਦਰ ਸਰਕਾਰ ਤੇ ਦੂਜੇ ਪਾਸੇ ਰਾਜ ਸਰਕਾਰਾਂ ਹਨ। ਇਹਨਾਂ ਦੋਨਾਂ ਵਿੱਚ ਸ਼ਕਤੀਆਂ ਦੀ ਵੰਡ ਕੀਤੀ ਗਈ ਹੈ। ਪਰ ਰਾਜਾਂ ਦੇ ਮੁਕਾਬਲੇ ਕੇਂਦਰ ਨੂੰ ਜ਼ਿਆਦਾ ਸ਼ਕਤੀਆਂ ਦਿੱਤੀਆਂ ਗਈਆਂ ਹਨ। ਬਚੀਆਂ ਸ਼ਕਤੀਆਂ ਤੇ ਕਾਨੂੰਨ ਬਨਾਉਣ ਦਾ ਅਧਿਕਾਰ ਭਾਰਤੀ ਸੰਸਦ ਕੋਲ ਹੈ

ਜੇਕਰ ਕੋਈ ਵਿਸ਼ਾ ਜਿਹੜਾ ਕਿ ਕਾਨੂੰਨ ਬਨਾਉਣ ਦੀ ਤਿੰਨ ਸੂਚੀਆਂ ਵਿੱਚ ਦਰਜ ਨਹੀਂ ਉਤਪੰਨ ਹੁੰਦਾ ਹੈ ਉਸ ਉੱਪਰ ਸੰਸਦ ਨੂੰ ਕਾਨੂੰਨ ਬਨਾਉਣ ਦੀ ਸ਼ਕਤੀ ਪ੍ਰਾਪਤ ਹੈ। ਇਸ ਨੂੰ ਬੱਚੀਆਂ ਸ਼ਕਤੀਆਂ (Residuary Power) ਕਿਹਾ ਜਾਂਦਾ ਹੈ।

**ਭਾਰਤੀ ਸੰਵਿਧਾਨ ਦੀਆਂ ਇਕਾਤਮਕ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ।**

1. ਇਕਹਿਰੀ ਨਾਗਰਿਕਤਾ
2. ਦੋਨਾਂ ਸਰਕਾਰਾਂ ਲਈ ਇਕਹਿਰਾ ਸੰਵਿਧਾਨ
3. ਰਾਸ਼ਟਰਪਤੀ ਦੀਆਂ ਸੰਕਟਕਾਲੀਨ ਸ਼ਕਤੀਆਂ
4. ਸੰਸਦ ਦੁਆਰਾ ਰਾਜਾਂ ਦੀਆਂ ਹੱਦਾਂ ਤੇ ਨਾਵਾਂ ਵਿੱਚ ਤਬਦੀਲੀ ਕਰਨ ਦੀ ਸ਼ਕਤੀ
5. ਇਕਹਿਰੀ ਨਿਆਂਪਾਲਿਕਾ
6. ਸਰਵ ਭਾਰਤੀ ਸਿਵਲ ਸੇਵਾਵਾਂ (I.A.S, I.P.S, I.F.S & ਐਲਾਇਡ ਸਰਵਸਿਜ਼ Allied Services)
7. ਕੇਂਦਰ ਦੁਆਰਾ ਰਾਜਾਂ ਵਿੱਚ ਰਾਜਪਾਲਾਂ ਦੀ ਨਿਯੁਕਤੀ
8. ਰਾਜਾਂ ਦੇ ਝਗੜਿਆਂ ਦਾ ਕੇਂਦਰ ਦੁਆਰਾ ਨਿਪਟਾਰਾ
9. ਰਾਜ ਵਿਧਾਨ ਸਭਾਵਾਂ ਦੁਆਰਾ ਪਾਸ ਕੀਤੇ ਬਿੱਲ ਨੂੰ ਰਾਸ਼ਟਰਪਤੀ ਦੀ ਪ੍ਰਵਾਨਗੀ ਲਈ ਰਾਖਵਾਂ ਰੱਖਣ ਦੀ ਸ਼ਕਤੀ
10. ਲਚਕੀਲਾ ਸੰਵਿਧਾਨ
11. ਕਾਨੂੰਨ ਬਣਾਉਣ ਦੀਆਂ ਬਚੀਆਂ ਹੋਈਆਂ ਸ਼ਕਤੀਆਂ ਦਾ ਸੰਸਦ ਕੋਲ਼ ਹੋਣਾ

**ਸੰਘਾਤਮਕ ਵਿਵਸਥਾਵਾਂ ਇਸ ਪ੍ਰਕਾਰ ਹਨ।**

1. ਸੰਵਿਧਾਨ ਦੀ ਸਰਵਉੱਚਤਾ।
2. ਕੇਂਦਰ ਅਤੇ ਰਾਜਾਂ ਵਿੱਚ ਸ਼ਕਤੀਆਂ ਦੀ ਵੰਡ।
3. ਸੰਸਦ ਦਾ ਉੱਪਰਲਾ ਸਦਨ ਰਾਜਾਂ ਦੀ ਪ੍ਰਤੀਨਿਧਤਾ ਕਰਦਾ ਹੈ।
4. ਲਿਖਤੀ ਸੰਵਿਧਾਨ।
5. ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ।

**11. ਇਕਹਿਰੀ ਨਿਆਂਪਾਲਿਕਾ —** ਭਾਰਤ ਦੇ ਸੰਵਿਧਾਨ ਵਿੱਚ ਕੇਂਦਰ ਅਤੇ ਰਾਜਾਂ ਲਈ ਇੱਕ ਸਰਵ ਉੱਚ ਅਦਾਲਤ ਦੀ ਸਥਾਪਨਾ ਕੀਤੀ ਗਈ ਹੈ। ਭਾਵੇਂ ਰਾਜਾਂ ਦੀਆਂ ਵੱਖਰੀਆਂ-ਵੱਖਰੀਆਂ ਉੱਚ ਅਦਾਲਤਾਂ ਹਨ। ਪਰ ਇਹਨਾਂ ਦਾ ਅਧਿਕਾਰ ਖੇਤਰ ਬਣਤਰ ਜੱਜਾਂ ਦੀਆਂ ਨਿਯੁਕਤੀਆਂ, ਹਾਈਕੋਰਟਾਂ ਦੇ ਫੈਸਲਿਆਂ ਵਿਰੁੱਧ ਸਰਵਉੱਚ ਅਦਾਲਤ ਵਿੱਚ ਅਪੀਲ ਕਰਨ ਦੀ ਸ਼ਕਤੀ, ਹਾਈਕੋਰਟ ਦੇ ਜੱਜਾਂ ਦੀਆਂ ਬਦਲੀਆਂ ਉਹਨਾਂ ਦੀਆਂ ਸੇਵਾ ਸ਼ਰਤਾਂ ਕੇਂਦਰ ਸਰਕਾਰ ਦੇ ਨਿਯੰਤਰਨ ਅਧੀਨ ਹਨ।

**12. ਸਰਬ-ਵਿਆਪਕ ਬਾਲਗ ਮੱਤ ਅਧਿਕਾਰ —** ਭਾਰਤ ਦਾ ਸੰਵਿਧਾਨ ਸਾਰੇ ਬਾਲਗ ਨਾਗਰਿਕਾਂ ਨੂੰ ਵੋਟ ਦਾ ਅਧਿਕਾਰ ਪ੍ਰਦਾਨ ਕਰਦਾ ਹੈ। ਵੋਟ ਦਾ ਅਧਿਕਾਰ 18 ਜਾਂ ਇਸ ਤੋਂ ਉੱਪਰ ਦੀ ਉਮਰ ਦੇ ਨਾਗਰਿਕਾਂ ਨੂੰ ਪ੍ਰਦਾਨ ਕੀਤਾ ਗਿਆ ਹੈ। ਇਹ ਅਧਿਕਾਰ ਜਾਤੀ, ਧਰਮ, ਨਸਲ, ਜਨਮ ਸਥਾਨ ਤੇ ਲਿੰਗ ਦੇ ਵਿਤਕਰੇ ਤੋਂ ਬਿਨਾਂ ਪ੍ਰਦਾਨ ਕੀਤਾ ਗਿਆ ਹੈ। 1988 ਵਿੱਚ 61 ਵੀਂ ਸੋਧ ਦੁਆਰਾ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਦੀ ਉਮਰ ਸੀਮਾ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ ਹੈ। ਪਾਗਲਾਂ, ਦੇਸ਼ ਧ੍ਰੋਹੀਆਂ ਜਾਂ ਅਦਾਲਤ ਵੱਲੋਂ ਕੁਝ ਵਿਸ਼ੇਸ਼ ਮਾਮਲਿਆਂ ਵਿੱਚ ਦੋਸ਼ੀ ਕਰਾਰ ਦਿੱਤੇ ਗਏ ਵਿਅਕਤੀਆਂ ਨੂੰ ਇਸ ਅਧਿਕਾਰ ਤੋਂ ਵਾਂਝਿਆਂ ਰੱਖਿਆ ਗਿਆ ਹੈ। ਸਰਵ ਵਿਆਪਕ ਬਾਲਗ ਮੱਤ ਅਧਿਕਾਰ ਆਧੁਨਿਕ ਲੋਕਤੰਤਰ ਦਾ ਆਧਾਰ ਹੈ।

> ਭਾਰਤ ਨੇ ਰੰਗ ਭੇਦ ਦੀ ਨੀਤੀ, ਬਸਤੀਵਾਦ, ਸਾਮਰਾਜਵਾਦ ਵਰਗੇ ਵੱਡੇ ਦੈਂਤ ਦੁੱਖਾਂ ਦਾ ਸਾਮ੍ਹਣਾ ਕਰਨ ਉਪਰੰਤ-ਅਜ਼ਾਦੀ ਨੂੰ ਹਾਸਲ ਕੀਤਾ।

**ਸੰਵਿਧਾਨਿਕ ਸੋਧ —** ਸੰਵਿਧਾਨ ਦੀ ਸਾਰਥਿਕਤਾ ਇਸ ਗੱਲ 'ਤੇ ਨਿਰਭਰ ਨਹੀਂ ਹੈ ਕਿ ਉਸ ਵਿੱਚ ਸਮੇਂ ਦੀਆਂ ਬਦਲ ਰਹੀਆਂ ਪਰਿਸਥਿਤੀਆਂ ਅਨੁਸਾਰ ਸੋਧ ਕੀਤੀ ਜਾ ਸਕੇ। ਭਾਰਤ ਦੇ ਸੰਵਿਧਾਨ ਰਚਨਹਾਰਿਆਂ ਨੇ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਦੇ ਸੰਵਿਧਾਨ ਵਿੱਚ ਸੋਧ ਕਰਨ ਦੀ ਵਿਵਸਥਾ ਕੀਤੀ ਹੈ। ਸੰਵਿਧਾਨ ਵਿੱਚ ਸੋਧ ਕਰਨ

ਦੀ ਸ਼ਕਤੀ ਭਾਰਤੀ ਸੰਸਦ ਨੂੰ ਸੌਂਪੀ ਗਈ ਹੈ। ਸੋਧ ਬਿੱਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਦੋਨਾਂ ਸਦਨਾਂ ਵਿੱਚ ਪਾਸ ਹੋਣ ਤੋਂ ਬਾਅਦ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਭੇਜਿਆ ਜਾਂਦਾ ਹੈ। ਪਰ ਇਹ ਸੋਧ ਬਿੱਲ ਹਰ ਇੱਕ ਸਦਨ ਦੇ ਕੁਲ ਮੈਂਬਰਾਂ ਦੇ ਬਹੁਮਤ ਤੇ ਹਾਜ਼ਰ ਤੇ ਵੋਟ ਦੇਣ ਵਾਲਿਆਂ ਦੇ ਦੋ ਤਿਹਾਈ ਬਹੁਮਤ ਨਾਲ ਪਾਸ ਹੋਣਾ ਜ਼ਰੂਰੀ ਹੈ। ਸੰਵਿਧਾਨ ਵਿੱਚ ਪਹਿਲੀ ਸੋਧ 1951 ਵਿੱਚ ਕੀਤੀ ਗਈ ਸੀ। 1976 ਵਿੱਚ ਸੰਵਿਧਾਨ ਵਿੱਚ 42ਵੀਂ ਸੋਧ ਬਹੁਤ ਹੀ ਮਹੱਤਵਪੂਰਨ ਸਥਾਨ ਰੱਖਦੀ ਹੈ। 73ਵੀਂ ਤੇ 74ਵੀਂ ਸੋਧ 1992 ਵਿੱਚ ਪਾਸ ਕੀਤੀ ਗਈ ਜਿਹੜੀ ਕਿ ਕਰਮਵਾਰ ਪੇਂਡੂ ਤੇ ਸ਼ਹਿਰੀ ਸਥਾਨਕ ਇਕਾਈਆਂ ਦੇ ਸੰਬੰਧ ਵਿੱਚ ਕੀਤੀ ਗਈ ਸੀ। ਸੰਵਿਧਾਨ ਵਿੱਚ 2016 ਤੱਕ 101 ਸੰਵਿਧਾਨਕ ਸੋਧਾਂ ਹੋ ਚੁੱਕੀਆਂ ਹਨ। ਸਾਡੇ ਸੰਵਿਧਾਨ ਨੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਕੇ ਦੇਸ ਵਿੱਚ ਲੋਕਤੰਤਰੀ ਸ਼ਾਸਨ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਨੂੰ ਸਥਿਰਤਾ ਪ੍ਰਦਾਨ ਕੀਤੀ ਹੈ।

**ਗਤੀਵਿਧੀ** ਸੰਵਿਧਾਨ ਦਾ ਮਸੌਦਾ ਤਿਆਰ ਕਰਨ ਵਾਲ਼ੀ 7 ਮੈਂਬਰੀ ਕਮੇਟੀ ਦੇ ਮੈਂਬਰਾਂ ਦੇ ਨਾਂ ਜਾਣਨ ਦੀ ਕੋਸ਼ਿਸ਼ ਕਰੋ ਤੇ ਉਹਨਾਂ ਦੀਆਂ ਤਸਵੀਰਾਂ ਕਾਪੀ ਤੇ ਚਿਪਕਾਓ।

## ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

- **ਖ਼ਾਲੀ ਥਾਂਵਾਂ ਭਰੋ :**

1. ਭਾਰਤੀ ਸੰਵਿਧਾਨ ਵਿੱਚ ਨਿਰਦੇਸ਼ਕ ਸਿਧਾਂਤ................ ਦੇਸ਼ ਦੇ ਸੰਵਿਧਾਨ ਤੋਂ ਲਏ ਗਏ ਹਨ।
2. "..........................." ਭਾਰਤੀ ਸੰਵਿਧਾਨ ਦੀ ਮਸੌਦਾ ਕਮੇਟੀ ਦੇ ਪ੍ਰਧਾਨ ਸਨ।

- **ਠੀਕ/ਗ਼ਲਤ ਦੱਸੋ :**

1. ਸੰਵਿਧਾਨ ਵਿੱਚ ਸਮਾਜਵਾਦ, ਧਰਮ ਨਿਰਪੱਖ ਅਤੇ ਅੰਖਡਤਾ ਸ਼ਬਦਾਂ ਨੂੰ 42ਵੀਂ ਸੋਧ ਦੁਆਰਾ ਸ਼ਾਮਿਲ ਕੀਤਾ ਗਿਆ ਹੈ। (√ / ×)
2. ਭਾਰਤ ਇਕ ਪ੍ਰਭੂਸਤ੍ਹਾ ਸੰਪਨ, ਧਰਮ ਨਿਰਪੱਖ, ਸਮਾਜਵਾਦੀ, ਲੋਕਤੰਤਰਿਕ ਅਤੇ ਗਣਰਾਜ ਦੇਸ਼ ਹੈ।(√ / ×)

- **ਬਹੁ-ਵਿਕਲਪੀ ਪ੍ਰਸ਼ਨ :**

1. ਸੰਵਿਧਾਨ ਸਭਾ ਦੇ ਪ੍ਰਧਾਨ ਸਨ।
   1. ਪੰਡਿਤ ਜਵਾਹਰਲਾਲ ਨਹਿਰੂ 2. ਮਹਾਤਮਾ ਗਾਂਧੀ
   3. ਡਾਕਟਰ ਰਾਜਿੰਦਰ ਪ੍ਰਸਾਦ 4. ਬੀ. ਆਰ. ਅੰਬੇਡਕਰ
2. ਗਣਤੰਤਰ ਦੇਸ਼ ਉਹ ਹੁੰਦਾ ਹੈ ।
   1. ਜਿਸ ਦਾ ਮੁਖੀ ਪਿਤਾ............ਪੁਰਖੀ ਹੁੰਦਾ ਹੈ। 2. ਜਿਸ ਦਾ ਮੁਖੀ ਸੈਨਿਕ ਤਾਨਾਸ਼ਾਹ ਹੁੰਦਾ ਹੈ ।
   3. ਜਿਸ ਦਾ ਮੁਖੀ ਲੋਕਾਂ ਦੁਆਰਾ ਪ੍ਰਤੱਖ ਜਾਂ ਅਪ੍ਰਤੱਖ ਢੰਗ ਰਾਹੀਂ ਨਿਸਚਿਤ ਸਮੇਂ ਲਈ ਚੁਣਿਆ ਜਾਂਦਾ ਹੈ।
   4. ਜਿਸ ਦੇਸ਼ ਦਾ ਮੁਖੀ ਮਨੋਨੀਤ ਕੀਤਾ ਜਾਂਦਾ ਹੈ।

### 2. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ:

1. ਸਾਡਾ ਦੇਸ ਕਦੋਂ ਅਜ਼ਾਦ ਹੋਇਆ ?
2. ਸੰਵਿਧਾਨ ਉਹਨਾਂ ਨਿਯਮਾਂ ਦਾ ਸਮੂਹ ਹੈ ਜਿਨ੍ਹਾਂ ਅਨੁਸਾਰ ਸਰਕਾਰ ਦੀਆਂ ਸ਼ਕਤੀਆਂ, ਪਰਜਾ ਦੇ ਅਧਿਕਾਰਾਂ ਤੇ ਇਹਨਾਂ ਦੋਨਾਂ ਦੇ ਆਪਸੀ ਸੰਬੰਧਾ ਨੂੰ ਨਿਸ਼ਚਿਤ ਕੀਤਾ ਜਾਂਦਾ ਹੈ। ਇਹ ਕਥਨ ਕਿਸ ਦਾ ਹੈ ?

3. ਭਾਰਤ ਦੇ ਸੰਵਿਧਾਨ ਨੂੰ ਬਣਾਉਣ ਲਈ ਕਿੰਨਾਂ ਸਮਾਂ ਲੱਗਾ ?
4. ਸੰਵਿਧਾਨ ਬਣਾਉਣ ਵਾਲ਼ੀ ਸਭਾ ਦੇ ਕੁੱਲ ਮੈਂਬਰ ਕਿੰਨੇ ਸਨ ?
5. ਭਾਰਤ ਦੀ ਵੰਡ ਦੀ ਘੋਸ਼ਣਾ ਕਦੋਂ ਕੀਤੀ ਗਈ ?
6. ਭਾਰਤ ਦੀ ਵੰਡ ਤੋਂ ਬਾਅਦ ਭਾਰਤ ਲਈ ਸੰਵਿਧਾਨ ਬਣਾਉਣ ਵਾਲ਼ੀ ਸਭਾ ਦੇ ਕਿੰਨੇ ਮੈਂਬਰ ਰਹਿ ਗਏ ਸਨ ?
7. ਭਾਰਤ ਦੇ ਸੰਵਿਧਾਨ ਦੀਆਂ ਕੋਈ ਦੋ ਇਕਾਤਮਕ ਵਿਸ਼ੇਸ਼ਤਾਵਾਂ ਲਿਖੋ।
8. ਭਾਰਤ ਦੇ ਸੰਵਿਧਾਨ ਦੀਆਂ ਕੋਈ ਦੋ ਸੰਘਾਤਮਕ ਵਿਸ਼ੇਸ਼ਤਾਵਾਂ ਲਿਖੋ।
9. ਸੰਵਿਧਾਨ ਦੁਆਰਾ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਕੋਈ ਦੋ ਸੁਤੰਤਰਤਾਵਾਂ ਲਿਖੋ।
10. ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਕਿਹੜੇ ਸ਼ਬਦਾਂ ਨਾਲ ਸ਼ੁਰੂ ਹੁੰਦੀ ਹੈ ?
11. 1976 ਵਿੱਚ 42ਵੀਂ ਸੋਧ ਦੁਆਰਾ ਭਾਰਤ ਦੇ ਸੰਵਿਧਾਨ ਵਿੱਚ ਕਿਹੜੇ ਨਵੇਂ ਸ਼ਬਦ ਜੋੜੇ ਗਏ ?
12. ਸੰਵਿਧਾਨ ਸਭਾ ਦੇ ਪ੍ਰਧਾਨ ਕੌਣ ਸਨ ?
13. ਸੰਵਿਧਾਨ ਲਿਖਣ ਵਾਲ਼ੀ ਕਮੇਟੀ ਦੇ ਪ੍ਰਧਾਨ ਕੌਣ ਸਨ ?

### 3. ਛੋਟੇ ਉੱਤਰਾਂ ਵਾਲੇ ਪ੍ਰਸ਼ਨ:

1. ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਕਿਹੜੇ-ਕਿਹੜੇ ਮੂਲ ਉਦੇਸ਼ਾਂ 'ਤੇ ਚਾਨਣਾ ਪਾਉਂਦੀ ਹੈ ?
2. ਗਣਤੰਤਰ ਜਾਂ ਗਣਰਾਜ ਕਿਹੜਾ ਦੇਸ ਹੁੰਦਾ ਹੈ ?
3. ਭਾਰਤ ਦੇ ਧਰਮ ਨਿਰਪੱਖ ਦੇਸ ਹੋਣ ਦੇ ਪੱਖ ਵਿੱਚ ਦਲੀਲਾਂ ਦਿਓ।
4. ਸੰਘੀ ਢਾਂਚੇ ਜਾ ਸੰਘਾਤਮਕ ਸਰਕਾਰ ਦਾ ਅਰਥ ਲਿਖੋ। ਭਾਰਤ ਦੇ ਸੰਵਿਧਾਨ ਦੀ ਇਹ ਵਿਸ਼ੇਸਤਾ ਕਿਹੜੇ ਦੇਸ ਦੇ ਸੰਵਿਧਾਨ ਤੋਂ ਲਈ ਗਈ ਹੈ ?
5. ਭਾਰਤ ਦਾ ਸੰਵਿਧਾਨ 26 ਨਵੰਬਰ, 1949 ਨੂੰ ਬਣ ਕੇ ਤਿਆਰ ਹੋ ਗਿਆ ਸੀ। ਪਰ ਭਾਰਤ ਸਰਕਾਰ ਨੇ ਇਸ ਨੂੰ 26 ਜਨਵਰੀ, 1950 ਨੂੰ ਲਾਗੂ ਕੀਤਾ। 26 ਜਨਵਰੀ ਦੀ ਮਿਤੀ ਸੰਵਿਧਾਨ ਲਾਗੂ ਕਰਨ ਲਈ ਕਿਉਂ ਮਿੱਥੀ ਗਈ ? ਵਿਆਖਿਆ ਕਰੋ।
6. ਸੰਪੂਰਨ ਪ੍ਰਭੂਸੱਤਾ ਸੰਪਨ ਰਾਜ ਦਾ ਕੀ ਅਰਥ ਹੈ ?
7. ਸਰਬ-ਵਿਆਪਕ ਬਾਲਗ ਮੱਤ ਅਧਿਕਾਰ ਤੋਂ ਕੀ ਭਾਵ ਹੈ ?
8. ਭਾਰਤ ਦੇ ਸੰਵਿਧਾਨ ਦੀਆਂ ਕੋਈ ਚਾਰ ਇਕਾਤਮਕ ਵਿਸ਼ੇਸ਼ਤਾਵਾਂ ਲਿਖੋ ?

### 4. ਵੱਡੇ ਉੱਤਰਾਂ ਵਾਲੇ ਪ੍ਰਸ਼ਨ:

1. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਇਨ-ਬਿੰਨ ਸ਼ਬਦਾਂ ਵਿੱਚ ਲਿਖੋ ?
2. ਭਾਰਤ ਇੱਕ ਧਰਮ ਨਿਰਪੱਖ ਦੇਸ਼ ਹੈ ਇਸ ਕਥਨ ਦੀ ਵਿਆਖਿਆ ਕਰੋ ?
3. ਪੂਰਨ ਪ੍ਰਭੂਸਤਾ ਰਾਜ ਤੋਂ ਕੀ ਭਾਵ ਹੈ ? ਵਿਆਖਿਆ ਕਰੋ ?

# ਪਾਠ 12

# ਭਾਰਤ ਦਾ ਸੰਸਦੀ ਲੋਕਤੰਤਰ



ਸਰਕਾਰ ਦੇ ਤਿੰਨ ਅੰਗ ਹਨ : ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ। ਕਾਰਜਪਾਲਿਕਾ ਤੇ ਵਿਧਾਨ-ਪਾਲਿਕਾ ਦੇ ਸੰਬੰਧਾਂ ਦੇ ਆਧਾਰ 'ਤੇ ਲੋਕਤੰਤਰੀ ਸਰਕਾਰਾਂ ਦੇ ਦੋ ਰੂਪ ਹਨ। ਸੰਸਦੀ ਅਤੇ ਪ੍ਰਧਾਨਗੀ। ਸੰਸਦੀ ਪ੍ਣਾਲ਼ੀ ਵਿੱਚ ਅਸਲੀ ਕਾਰਜ-ਪਾਲਿਕਾ ਭਾਵ ਮੰਤਰੀ ਮੰਡਲ ਆਪਣੀਆਂ ਨੀਤੀਆਂ ਤੇ ਕੰਮਾਂ ਪ੍ਰਤਿ ਵਿਧਾਨ-ਪਾਲਿਕਾ ਅੱਗੇ ਜਵਾਬਦੇਹ ਹੁੰਦੀ ਹੈ। ਸੰਵਿਧਾਨਿਕ ਵਿਧੀ ਦੁਆਰਾ ਵਿਧਾਨ-ਪਾਲਿਕਾ ਕਾਰਜ-ਪਾਲਿਕਾ ਨੂੰ ਹਟਾ ਸਕਦੀ ਹੈ। ਪ੍ਰਧਾਨਗੀ ਸ਼ਾਸਨ ਪ੍ਣਾਲ਼ੀ ਵਿੱਚ ਕਾਰਜ-ਪਾਲਿਕਾ ਨੂੰ ਵਿਧਾਨ-ਪਾਲਿਕਾ ਦੁਆਰਾ ਹਟਾਇਆ ਨਹੀਂ ਜਾ ਸਕਦਾ। ਸੰਸਦੀ ਪ੍ਣਾਲ਼ੀ ਪਰੰਪਰਿਕ ਤੌਰ 'ਤੇ ਇੰਗਲੈਂਡ ਨਾਲ ਜੁੜੀ ਹੋਈ ਹੈ। ਪ੍ਰਧਾਨਗੀ ਪਣਾਲ਼ੀ ਸੰਯੁਕਤ ਰਾਜ ਅਮਰੀਕਾ ਤੋਂ ਵਿਕਸਤ ਹੋਈ ਹੈ। ਸੰਸਦੀ ਪ੍ਣਾਲ਼ੀ ਵਿੱਚ ਵਿਧਾਨ-ਪਾਲਿਕਾ ਤੇ ਕਾਰਜ-ਪਾਲਿਕਾ ਦਾ ਨੇੜੇ ਦਾ ਸੰਬੰਧ ਹੁੰਦਾ ਹੈ। ਮੰਤਰੀ ਮੰਡਲ ਕਾਨੂੰਨੀ ਤੌਰ ਅਤੇ ਸਿੱਧੇ ਤੌਰ 'ਤੇ ਆਪਣੇ ਕੰਮਾਂ ਪ੍ਰਤਿ ਵਿਧਾਨ-ਪਾਲਿਕਾ ਅੱਗੇ ਜਵਾਬਦੇਹ ਹੁੰਦਾ ਹੈ।

**ਪਰਿਭਾਸ਼ਾ : ਗਾਰਨਰ —** ਸੰਸਦੀ ਸਰਕਾਰ ਉਹ ਸ਼ਾਸਨ ਪ੍ਣਾਲ਼ੀ ਹੈ ਜਿਸ ਵਿੱਚ ਅਸਲੀ ਕਾਰਜ-ਪਾਲਿਕਾ ਮੰਤਰੀ ਮੰਡਲ ਵਿਧਾਨ-ਪਾਲਿਕਾ ਜਾਂ ਉਸ ਦੇ ਇੱਕ ਲੋਕ-ਪ੍ਰਿਯ ਸਦਨ ਦੇ ਅੱਗੇ ਅੰਤ ਵਿੱਚ ਚੋਣਕਾਰਾਂ ਅੱਗੇ ਆਪਣੀਆਂ ਰਾਜਨੀਤਿਕ ਨੀਤੀਆਂ ਅਤੇ ਕੰਮਾਂ ਲਈ ਉੱਤਰਦਾਈ ਹੁੰਦੀ ਹੈ। ਜਦੋਂ ਕਿ ਰਾਜ ਦਾ ਮੁੱਖੀ ਜੋ ਨਾਂ-ਮਾਤਰ ਕਾਰਜਪਾਲਿਕਾ ਹੈ ਅਣ-ਉੱਤਰਦਾਈ ਹੁੰਦਾ ਹੈ।

ਸੰਸਦੀ ਪ੍ਣਾਲ਼ੀ ਵਿੱਚ ਕੈਬਨਿਟ ਦੇ ਮੈਂਬਰ ਵਿਭਾਗਾਂ ਦੇ ਮੁਖੀ ਹੁੰਦੇ ਹਨ। ਕੈਬਨਿਟ ਜਾਂ ਮੰਤਰੀ ਮੰਡਲ ਦੇ ਮੈਂਬਰ ਵਿਧਾਨ-ਪਾਲਿਕਾ ਵਿੱਚੋਂ ਹੀ ਲਏ ਜਾਂਦੇ ਹਨ। ਮੰਤਰੀ ਮੰਡਲ ਵਿਧਾਨ-ਪਾਲਿਕਾ ਦੀ ਕਮੇਟੀ ਦੀ ਤਰ੍ਹਾਂ ਲੱਗਦਾ ਹੈ। ਮੰਤਰੀ ਮੰਡਲ ਵਿਧਾਨ-ਪਾਲਿਕਾ ਵਿੱਚ ਬਹੁਮਤ ਪਾਰਟੀ ਦੀ ਇੱਕ ਟੀਮ ਹੁੰਦੀ ਹੈ। ਮੰਤਰੀ ਉਦੋਂ ਤੱਕ ਆਪਣੇ ਅਹੁਦੇ 'ਤੇ ਰਹਿੰਦੇ ਹਨ ਜਦੋਂ ਤੱਕ ਉਹਨਾਂ ਨੂੰ ਵਿਧਾਨ-ਪਾਲਿਕਾ ਦੇ ਮੈਂਬਰਾਂ ਦਾ ਬਹੁਮਤ ਹਾਸਲ ਰਹਿੰਦਾ ਹੈ। ਜੇਕਰ ਵਿਧਾਨ-ਪਾਲਿਕਾ ਮੰਤਰੀ ਮੰਡਲ ਵਿਰੁੱਧ ਅਵਿਸ਼ਵਾਸ ਦਾ ਮਤਾ ਪਾਸ ਕਰ ਦੇਵੇ ਤਾਂ ਮੰਤਰੀ ਮੰਡਲ ਨੂੰ ਅਸਤੀਫ਼ਾ ਦੇਣਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ ਰਾਸ਼ਟਰਪਤੀ ਵਿਧਾਨ-ਪਾਲਿਕਾ ਵਿੱਚ ਕਿਸੇ ਹੋਰ ਪਾਰਟੀ ਦੇ ਨੇਤਾ ਨੂੰ ਬਹੁਮਤ ਹਾਸਲ ਕਰਨ

ਲਈ ਸਮਾਂ ਦੇ ਸਕਦਾ ਹੈ। ਜੇਕਰ ਉਹ ਨੇਤਾ ਵਿਧਾਨ-ਪਾਲਿਕਾ ਵਿੱਚ ਬਹੁਮਤ ਦਿਖਾਉਣ ਵਿੱਚ ਸਫ਼ਲ ਹੋ ਜਾਂਦਾ ਹੈ ਤਾਂ ਨਵੇਂ ਮੰਤਰੀ ਮੰਡਲ ਦਾ ਗਠਨ ਹੁੰਦਾ ਹੈ। ਜੇਕਰ ਕੋਈ ਵੀ ਪਾਰਟੀ ਦਾ ਨੇਤਾ ਵਿਸ਼ਵਾਸ ਮੱਤ ਹਾਸਲ ਕਰਨ ਵਿੱਚ ਸਫ਼ਲ ਨਹੀਂ ਹੁੰਦਾ ਤਾ ਨਵੀਆਂ ਚੋਣਾਂ ਕਰਵਾਈਆਂ ਜਾਂਦੀਆਂ ਹਨ।

ਸੰਸਦੀ ਪ੍ਰਣਾਲ਼ੀ ਵਿੱਚ ਪ੍ਰਧਾਨ-ਮੰਤਰੀ ਕੈਬਨਿਟ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰਦਾ ਹੈ। ਮੰਤਰੀਆਂ ਦੀ ਵਿਧਾਨ-ਪਾਲਿਕਾ ਵਿੱਚ ਮਦਦ ਕਰਦਾ ਹੈ। ਹਾਕਮ ਪਾਰਟੀ ਦਾ ਨੇਤਾ ਹੋਣ ਦੇ ਨਾਤੇ ਪ੍ਰਧਾਨ-ਮੰਤਰੀ ਦਾ ਪਾਰਟੀ ਉੱਤੇ ਪੂਰਨ ਨਿਯੰਤਰਨ ਹੁੰਦਾ ਹੈ। ਕਈ ਵਾਰੀ ਸੰਸਦੀ ਪ੍ਰਣਾਲ਼ੀ ਇੱਕ ਵਿਅਕਤੀ ਦੁਆਰਾ ਚਲਾਇਆ ਜਾ ਰਿਹਾ ਸ਼ਾਸਨ ਪ੍ਰਤੀਤ ਹੁੰਦੀ ਹੈ। ਜੋ ਕਿ ਦੇਸ਼ ਦਾ ਪ੍ਰਧਾਨ ਮੰਤਰੀ ਹੁੰਦਾ ਹੈ।

**ਸੰਸਦੀ ਪ੍ਰਣਾਲ਼ੀ ਦੀਆਂ ਵਿਸ਼ੇਸ਼ਤਾਵਾਂ —** ਸੰਸਦੀ ਪ੍ਰਣਾਲ਼ੀ ਦਾ ਅਰਥ ਅਤੇ ਪਰਿਭਾਸ਼ਾ ਜਾਨਣ ਤੋਂ ਬਾਅਦ ਸਾਨੂੰ ਇਸ ਪ੍ਰਣਾਲ਼ੀ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦਾ ਪਤਾ ਲੱਗਦਾ ਹੈ।

**1. ਦੇਸ਼ ਦਾ ਮੁੱਖੀ ਨਾਂ-ਮਾਤਰ ਕਾਰਜ-ਪਾਲਿਕਾ —** ਸੰਸਦੀ ਪ੍ਰਣਾਲ਼ੀ ਵਿੱਚ ਦੇਸ ਦਾ ਇੱਕ ਮੁੱਖੀ ਹੁੰਦਾ ਹੈ। ਉਹ ਰਾਸ਼ਟਰਪਤੀ, ਗਵਰਨਰ ਜਨਰਲ, ਰਾਜਾ ਜਾਂ ਰਾਣੀ ਹੋ ਸਕਦਾ ਹੈ। ਭਾਰਤ, ਫਰਾਂਸ, ਆਸਟਰੀਆ ਵਿੱਚ ਰਾਸ਼ਟਰਪਤੀ ਦੇਸ ਦਾ ਮੁਖੀਆ ਹੈ। ਕੈਨੇਡਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਿੱਚ ਗਵਰਨਰ ਜਨਰਲ ਦੇਸ ਦਾ ਮੁਖੀਆ ਹੈ। ਜਪਾਨ, ਇੰਗਲੈਂਡ, ਡੈਨਮਾਰਕ, ਹਾਲੈਂਡ, ਸਵੀਡਨ ਅਤੇ ਨਾਰਵੇ ਵਿੱਚ ਰਾਜਾ ਜਾਂ ਰਾਣੀ ਦੇਸ ਦਾ ਮੁਖੀਆ ਹੋ ਸਕਦਾ ਹੈ। ਇਹਨਾਂ ਦੇਸਾਂ ਦੇ ਮੁਖੀ ਨਾ-ਮਾਤਰ ਕਾਰਜ-ਪਾਲਿਕਾ ਹਨ। ਸੰਸਦੀ ਪ੍ਰਣਾਲ਼ੀ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਸੰਵਿਧਾਨਿਕ ਤੌਰ 'ਤੇ ਦੇਸ ਦੇ ਮੁਖੀ ਨੂੰ ਬਹੁਤ ਸਾਰੀਆਂ ਸ਼ਕਤੀਆਂ ਮਿਲ਼ੀਆਂ ਹੁੰਦੀਆਂ ਹਨ ਪਰ ਵਿਵਹਾਰਿਕ ਤੌਰ 'ਤੇ ਉਹ ਇਹਨਾਂ ਸ਼ਕਤੀਆਂ ਦੀ ਵਰਤੋਂ ਨਹੀਂ ਕਰਦਾ। ਵਿਹਾਰਿਕ ਤੌਰ 'ਤੇ ਮੰਤਰੀ ਮੰਡਲ ਦੇਸ ਦੇ ਮੁਖੀ ਦੀਆਂ ਸ਼ਕਤੀਆਂ ਦੀ ਵਰਤੋਂ ਕਰਦਾ ਹੈ। ਸੰਸਦੀ ਪ੍ਰਣਾਲ਼ੀ ਵਾਲੇ ਦੇਸਾਂ ਦੇ ਮੁਖੀ ਭਾਰਤ ਦੇ ਰਾਸ਼ਟਰਪਤੀ ਸਮਾਨ ਹੀ ਹਨ। ਮੰਤਰੀ ਮੰਡਲ ਮੁਖੀ ਦੇ ਨਾਂ 'ਤੇ ਸ਼ਾਸਨ ਚਲਾਉਂਦੇ ਹਨ ਪਰ ਸ਼ਾਸਨ ਦੀ ਸਾਰੀ ਜ਼ਿੰਮੇਵਾਰੀ ਮੰਤਰੀ ਮੰਡਲ ਦੇ ਮੋਢਿਆਂ ਤੇ ਹੁੰਦੀ ਹੈ।

> ਅਧਿਆਪਕ ਦੀ ਮਦਦ ਨਾਲ ਭਾਰਤ ਦੇ ਰਾਸ਼ਟਰਪਤੀ ਅਤੇ ਅਮਰੀਕਾ ਦੇ ਰਾਸ਼ਟਰਪਤੀ ਵਿੱਚ ਅੰਤਰ ਜਾਣਨ ਦੀ ਕੋਸ਼ਿਸ਼ ਕਰੋ।

**2. ਸਪਸ਼ਟ ਬਹੁਮਤ —** ਸੰਸਦੀ ਪ੍ਰਣਾਲ਼ੀ ਵਾਲੇ ਦੇਸ ਵਿੱਚ ਦੇਸ ਦਾ ਸ਼ਾਸਨ ਚੋਣਾਂ ਵਿੱਚ ਬਹੁਮਤ ਪ੍ਰਾਪਤ ਪਾਰਟੀ ਦੁਆਰਾ ਚਲਾਇਆ ਜਾਂਦਾ ਹੈ। ਦੇਸ ਦਾ ਮੁਖੀਆ ਚੋਣਾਂ ਵਿੱਚ ਬਹੁਮਤ ਹਾਸਲ ਕਰਨ ਵਾਲ਼ੀ ਪਾਰਟੀ ਦੇ ਨੇਤਾ ਨੂੰ ਪ੍ਰਧਾਨ-ਮੰਤਰੀ ਬਣਨ ਲਈ ਸੱਦਾ ਦਿੰਦਾ ਹੈ। ਪ੍ਰਧਾਨ-ਮੰਤਰੀ ਆਪਣੇ ਸਾਥੀ ਮੰਤਰੀਆਂ ਦੀ ਸੂਚੀ ਦੇਸ ਦੇ ਮੁਖੀਏ ਨੂੰ ਸੌਂਪਦਾ ਹੈ। ਦੇਸ ਦਾ ਮੁਖੀਆ ਉਨ੍ਹਾਂ ਨੂੰ ਮੰਤਰੀ ਪਦ ਤੇ ਨਿਯੁਕਤ ਕਰਦਾ ਹੈ। ਇਸ ਤਰ੍ਹਾਂ ਮੰਤਰੀ ਮੰਡਲ ਦਾ ਨਿਰਮਾਣ ਕੀਤਾ ਜਾਂਦਾ ਹੈ। ਮੰਤਰੀ ਉਦੋਂ ਤੱਕ ਆਪਣੇ ਅਹੁਦੇ ਤੇ ਰਹਿੰਦੇ ਹਨ ਜਿੰਨਾਂ ਚਿਰ ਉਨ੍ਹਾਂ ਨੂੰ ਵਿਧਾਨ-ਪਾਲਿਕਾ ਜਾਂ ਸੰਸਦ ਦੇ ਹੇਠਲੇ ਸਦਨ ਵਿੱਚ ਬਹੁਮਤ ਹਾਸਲ ਰਹਿੰਦਾ ਹੈ। ਬਹੁਮਤ ਖੋਹ ਬੈਠਣ 'ਤੇ ਉਹਨਾਂ ਨੂੰ ਅਸਤੀਫ਼ਾ ਦੇਣਾ ਪੈਂਦਾ ਹੈ। ਦੋ ਦਲੀ ਪ੍ਰਣਾਲ਼ੀ ਵਾਲ਼ੇ ਦੇਸਾਂ ਵਿੱਚ ਸਰਕਾਰ ਦਾ ਗਠਨ ਕਰਨਾ ਸੌਖਾ ਰਹਿੰਦਾ ਹੈ। ਪਰੰਤੂ ਬਹੁਦਲੀ ਵਾਲ਼ੇ ਦੇਸਾਂ ਵਿੱਚ ਕਿਸੇ ਇੱਕ ਪਾਰਟੀ ਨੂੰ ਸਪਸ਼ਟ ਬਹੁਮਤ ਨਾ ਮਿਲਣ ਕਾਰਨ ਸਰਕਾਰ ਬਣਾਉਣ ਵਿੱਚ ਕਠਿਨਾਈ ਆਉਂਦੀ ਹੈ। ਬਹੁਦਲ ਪ੍ਰਣਾਲ਼ੀ ਵਾਲ਼ੇ ਦੇਸਾਂ ਵਿੱਚ ਸਰਕਾਰ ਆਮ ਤੌਰ 'ਤੇ ਸਥਿਰ ਨਹੀਂ ਰਹਿੰਦੀ। ਉਦਾਹਰਨ ਵਜੋਂ ਭਾਰਤ ਵਿੱਚ 14ਵੀਂ ਤੇ 15ਵੀਂ ਲੋਕ ਸਭਾ ਦੀਆਂ ਚੋਣਾਂ ਵਿੱਚ ਕਿਸੇ ਇੱਕ ਦਲ ਨੂੰ ਸਪਸ਼ਟ ਬਹੁਮਤ ਨਹੀਂ ਮਿਲਿਆ। ਇਸ ਕਰਕੇ ਕਾਂਗਰਸ ਦੀ ਅਗਵਾਈ ਹੇਠ ਗਠਬੰਧਨ ਸਰਕਾਰ ਬਣੀ ਸੀ। ਸ੍ਰੀ ਮਨਮੋਹਣ ਸਿੰਘ ਪ੍ਰਧਾਨ-ਮੰਤਰੀ ਬਣੇ ਸਨ।

ਸੰਨ 2019 ਵਿੱਚ ਹੋਈਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਸਪਸ਼ਟ ਬਹੁਮਤ ਪ੍ਰਾਪਤ ਹੋਇਆ ਹੈ ਲੋਕ ਸਭਾ ਦੀਆਂ 543 ਸੀਟਾਂ ਵਿੱਚ 282 ਸੀਟਾਂ ਭਾਜਪਾ ਨੂੰ ਮਿਲ਼ੀਆਂ ਹਨ। ਸ੍ਰੀ ਨਰਿੰਦਰ ਮੋਦੀ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਹਨ।

> ਵਿਦਿਆਰਥੀਓ ਆਪ ਜੀ ਦੀ ਜਾਣਕਾਰੀ ਹਿਤ ਦੱਸਿਆ ਜਾਂਦਾ ਹੈ ਕਿ ਭਾਰਤ ਵਿੱਚ ਅੱਠਵੀਂ ਲੋਕ ਸਭਾ (1984-89) ਸ੍ਰੀ ਰਾਜੀਵ ਗਾਂਧੀ ਜੀ ਦੀ ਸਰਕਾਰ ਤੋਂ ਲੰਮਾ ਸਮਾਂ ਬਾਅਦ ਹੁਣ 2014 ਵਿੱਚ 16ਵੀਂ ਲੋਕ ਸਭਾ ਵਿੱਚ ਸ੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਅਧੀਨ ਇਕ ਸਪਸ਼ਟ ਬਹੁਮਤ ਸਰਕਾਰ ਬਣੀ ਜੋ ਕਿ ਸੰਸਦੀ ਲੋਕਤੰਤਰ ਲਈ ਇਕ ਵਧੀਆ ਨਿਸ਼ਾਨੀ ਹੈ)

**3. ਸਮੂਹਿਕ ਜ਼ਿੰਮੇਵਾਰੀ —** ਸੰਸਦੀ ਪ੍ਰਨਾਲ਼ੀ ਦੀ ਇੱਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਕੈਬਨਿਟ ਜਾਂ ਮੰਤਰੀ ਮੰਡਲ ਸਮੂਹਿਕ ਤੌਰ 'ਤੇ ਸੰਸਦ ਜਾਂ ਵਿਧਾਨ-ਪਾਲਿਕਾ ਪ੍ਰਤੀ ਜ਼ਿੰਮੇਵਾਰ ਹੁੰਦਾ ਹੈ। ਇਸ ਦਾ ਭਾਵ ਇਹ ਹੈ ਕਿ ਜੇਕਰ ਮੰਤਰੀ ਮੰਡਲ ਕੋਈ ਇੱਕ ਵਾਰ ਫ਼ੈਸਲਾ ਲੈ ਲੈਂਦਾ ਹੈ ਤਾਂ ਹਰੇਕ ਮੰਤਰੀ ਨੂੰ ਉਸ ਫ਼ੈਸਲੇ ਨੂੰ ਸੰਸਦ ਦੇ ਅੰਦਰ ਤੇ ਸੰਸਦ ਤੋਂ ਬਾਹਰ ਪ੍ਰੋੜ੍ਹਤਾ ਕਰਨੀ ਪੈਂਦੀ ਹੈ। ਭਾਵੇਂ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਕੋਈ ਮੰਤਰੀ ਉਸ ਫ਼ੈਸਲੇ ਨਾਲ ਸਹਿਮਤ ਨਾ ਵੀ ਹੋਇਆ ਹੋਵੇ। ਹਰ ਇੱਕ ਵਿਭਾਗ ਦਾ ਸ਼ਾਸਨ ਚਲਾਉਣ ਤੇ ਨੀਤੀਆਂ ਬਣਾਉਣ ਲਈ ਸਾਰੇ ਮੰਤਰੀ ਸਮੂਹਿਕ ਤੌਰ 'ਤੇ ਜੁੰਮੇਵਾਰ ਹੁੰਦੇ ਹਨ। ਭਾਵੇਂ ਕੋਈ ਨੀਤੀ ਕਿਸੇ ਇੱਕ ਵਿਭਾਗ ਲਈ ਹੀ ਕਿਉਂ ਨਾ ਬਣੀ ਹੋਵੇ।

ਜੇਕਰ ਸੰਸਦ ਜਾਂ ਵਿਧਾਨ-ਪਾਲਿਕਾ ਦੁਆਰਾ ਕਿਸੇ ਇੱਕ ਮੰਤਰੀ ਵਿਰੁੱਧ ਨਿੰਦਾ ਮਤਾ ਪਾਸ ਕਰ ਦਿੱਤਾ ਜਾਵੇ ਤਾਂ ਇਹ ਮਤਾ ਸਾਰੇ ਮੰਤਰੀ ਮੰਡਲ ਵਿਰੁੱਧ ਪਾਸ ਹੋਇਆ ਮੰਨਿਆ ਜਾਵੇਗਾ। ਪ੍ਰਧਾਨ ਮੰਤਰੀ ਸਮੇਤ ਸਾਰੇ ਮੰਤਰੀ ਮੰਡਲ ਨੂੰ ਅਸਤੀਫ਼ਾ ਦੇਣਾ ਪਵੇਗਾ। ਵਿਧਾਨ-ਪਾਲਿਕਾ ਜਾਂ ਸੰਸਦ ਦੇ ਮੈਂਬਰ ਮੰਤਰੀਆਂ ਕੋਲ਼ੋਂ ਉਹਨਾਂ ਦੇ ਵਿਭਾਗ ਸੰਬੰਧੀ ਪ੍ਰਸ਼ਨ ਪੁੱਛ ਸਕਦੇ ਹਨ। ਸਥੱਗਿਤ ਮਤਾ, ਧਿਆਨ ਦਿਵਾਓ ਮਤਾ ਤੇ ਨਿੰਦਾ ਪ੍ਰਸਤਾਵ ਪਾਸ ਕਰ ਸਕਦੇ ਹਨ। ਵਿਧਾਨ-ਪਾਲਿਕਾ ਮੰਤਰੀਆਂ ਦੇ ਵਿਰੁੱਧ ਭ੍ਰਿਸ਼ਟਾਚਾਰ ਦੇ ਦੋਸਾਂ ਦੀ ਜਾਂਚ ਕਰਨ ਲਈ ਪੜਤਾਲੀਆ ਕਮੇਟੀਆਂ ਨਿਯੁਕਤ ਕਰ ਸਕਦੀ ਹੈ। ਸੰਸਦ ਦਾ ਬਜਟ ਤੇ ਪੂਰਾ ਕੰਟਰੋਲ ਹੁੰਦਾ ਹੈ। ਦੇਸ ਦੀ ਘਰੇਲੂ ਤੇ ਵਿਦੇਸ਼ੀ ਨੀਤੀ ਉੱਤੇ ਵੀ ਸੰਸਦ ਆਪਣਾ ਕੰਟਰੋਲ ਰੱਖਦੀ ਹੈ। ਮੰਤਰੀ ਵਿਅਕਤੀਗਤ ਤੌਰ 'ਤੇ ਵੀ ਆਪਣੇ ਵਿਭਾਗ ਲਈ ਜੁੰਮੇਵਾਰ ਹੁੰਦੇ ਹਨ।

**4. ਮੰਤਰੀਆਂ ਲਈ ਵਿਧਾਨ-ਪਾਲਿਕਾ ਜਾਂ ਸੰਸਦ ਦਾ ਮੈਂਬਰ ਹੋਣਾ ਜ਼ਰੂਰੀ —** ਮੰਤਰੀਆਂ ਲਈ ਸੰਸਦ ਦਾ ਮੈਂਬਰ ਹੋਣਾ ਜ਼ਰੂਰੀ ਹੈ। ਜੇਕਰ ਕੋਈ ਵਿਅਕਤੀ ਸੰਸਦ ਦੀ ਕਿਸੇ ਵੀ ਸਦਨ ਦਾ ਮੈਂਬਰ ਨਹੀਂ ਪਰ ਉਸਨੂੰ ਪ੍ਰਧਾਨ-ਮੰਤਰੀ ਦੀ ਸਿਫ਼ਾਰਸ਼ ਤੇ ਦੇਸ਼ ਦੇ ਮੁਖੀਏ ਦੁਆਰਾ ਮੰਤਰੀ ਬਣਾ ਦਿੱਤਾ ਜਾਂਦਾ ਹੈ ਤਾਂ ਅਜਿਹੇ ਮੰਤਰੀ ਨੂੰ ਨਿਸਚਿਤ ਸਮੇਂ ਦੇ ਅੰਦਰ ਸੰਸਦ ਦੀ ਮੈਂਬਰੀ ਹਾਸਲ ਕਰਨੀ ਪਵੇਗੀ। ਭਾਰਤ ਵਿੱਚ ਇਹ ਸਮਾਂ 6 ਮਹੀਨੇ ਨਿਸਚਿਤ ਕੀਤਾ ਗਿਆ ਹੈ। ਭਾਰਤ ਵਿੱਚ ਗ਼ੈਰ ਸੰਸਦੀ ਮੈਂਬਰ ਨੂੰ ਮੰਤਰੀ ਪਦ ਤਾਂ ਦਿੱਤਾ ਜਾ ਸਕਦਾ ਹੈ ਪਰ ਉਸ ਨੂੰ 6 ਮਹੀਨੇ ਦੇ ਅੰਦਰ-ਅੰਦਰ ਸੰਸਦ ਦੀ ਮੈਂਬਰੀ ਪ੍ਰਾਪਤ ਕਰਨੀ ਪਵੇਗੀ। ਜੇਕਰ ਇਹ ਅਜਿਹਾ ਕਰਨ ਵਿੱਚ ਸਫ਼ਲ ਨਹੀਂ ਹੁੰਦਾ ਤਾਂ ਉਸ ਨੂੰ ਅਸਤੀਫ਼ਾ ਦੇਣਾ ਪਵੇਗਾ।

**5. ਪ੍ਰਧਾਨ ਮੰਤਰੀ ਦੀ ਅਗਵਾਈ —** ਸੰਸਦੀ ਸ਼ਾਸਨ ਪ੍ਰਨਾਲ਼ੀ ਵਿੱਚ ਪ੍ਰਧਾਨ-ਮੰਤਰੀ ਕੈਬਨਿਟ ਦੀ ਅਗਵਾਈ ਕਰਦਾ ਹੈ। ਸੰਸਦ ਦੇ ਹੇਠਲੇ ਸਦਨ ਲੋਕ ਸਭਾ ਵਿੱਚ ਪ੍ਰਧਾਨ-ਮੰਤਰੀ ਬਹੁਮਤ ਪਾਰਟੀ ਦਾ ਨੇਤਾ ਹੁੰਦਾ ਹੈ। ਇਸ ਲਈ ਉਹ ਲੋਕ ਸਭਾ ਦਾ ਨੇਤਾ ਵੀ ਹੁੰਦਾ ਹੈ। ਦੇਸ ਦਾ ਮੁਖੀ ਉਸ ਦੀ ਸਲਾਹ 'ਤੇ ਹੀ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ। ਉਹ ਮੰਤਰੀ ਮੰਡਲ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਕਰਦਾ ਹੈ। ਉਹ ਮੰਤਰੀ ਮੰਡਲ ਦੀਆਂ ਬੈਠਕਾਂ ਦੀ ਤਰੀਖ ਅਤੇ ਏਜੰਡਾ ਤੈਅ ਕਰਦਾ ਹੈ। ਪ੍ਰਧਾਨ-ਮੰਤਰੀ ਕੈਬਨਿਟ ਦੀ ਸਲਾਹ ਨਾਲ ਕੰਮ ਕਰਦਾ ਹੈ ਪਰ ਵਿਵਾਦ ਵਾਲ਼ੇ ਮਸਲਿਆਂ ਵਿੱਚ ਉਸਦਾ ਨਿਰਣਾ ਅੰਤਿਮ ਹੁੰਦਾ ਹੈ। ਪ੍ਰਧਾਨ-ਮੰਤਰੀ ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਦਾ ਹੈ। ਮੰਤਰੀਆਂ ਦੇ ਕੰਮਾਂ ਦੀ ਨਿਗਰਾਨੀ ਕਰਦਾ ਹੈ। ਉਨ੍ਹਾਂ ਦੇ ਕੰਮਾਂ ਵਿੱਚ ਤਾਲਮੇਲ ਪੈਦਾ ਕਰਦਾ ਹੈ। ਜੇਕਰ ਕੋਈ ਮੰਤਰੀ ਉਸ ਨਾਲ਼ ਸਹਿਯੋਗ ਨਹੀਂ ਦਿੰਦਾ ਜਾਂ ਕੋਈ ਮੰਤਰੀ ਪ੍ਰਧਾਨ-ਮੰਤਰੀ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ ਹੁੰਦਾ ਤਾਂ ਉਸ ਮੰਤਰੀ ਨੂੰ ਅਸਤੀਫ਼ਾ ਦੇਣਾ ਪੈਂਦਾ ਹੈ। ਜੇਕਰ ਉਹ ਮੰਤਰੀ ਅਸਤੀਫ਼ਾ ਨਹੀਂ ਦਿੰਦਾ ਤਾਂ ਪ੍ਰਧਾਨ ਮੰਤਰੀ ਦੇਸ ਦੇ ਮੁਖੀ (ਰਾਸ਼ਟਰਪਤੀ) ਨੂੰ ਬੇਨਤੀ ਕਰਕੇ ਉਸ ਮੰਤਰੀ ਨੂੰ ਬਰਖ਼ਾਸਤ ਕਰਵਾ ਦਿੰਦਾ ਹੈ। ਪ੍ਰਧਾਨ-ਮੰਤਰੀ ਸਰਕਾਰ ਦਾ ਮੁੱਖ ਬੁਲਾਰਾ ਹੁੰਦਾ ਹੈ। ਉਹ ਰਾਸ਼ਟਰਪਤੀ ਨੂੰ ਕੈਬਨਿਟ ਦੇ ਨਿਰਣਿਆਂ ਦੀ ਜਾਣਕਾਰੀ ਦਿੰਦਾ ਹੈ। ਕਈ ਅਹਿਮ ਮਾਮਲਿਆਂ ਵਿੱਚ ਪ੍ਰਧਾਨ-ਮੰਤਰੀ ਰਾਸ਼ਟਰਪਤੀ ਦੀ ਸਲਾਹ ਲੈਂਦਾ ਹੈ। ਭਾਵੇਂ ਪ੍ਰਧਾਨ-ਮੰਤਰੀ ਰਾਸ਼ਟਰਪਤੀ ਦੀ ਸਲਾਹ ਮੰਨਣ ਲਈ ਪਾਬੰਦ ਨਹੀਂ ਪਰ ਫਿਰ ਵੀ ਪ੍ਰਧਾਨ-ਮੰਤਰੀ ਰਾਸ਼ਟਰਪਤੀ ਦੀ ਸਲਾਹ 'ਤੇ ਗੰਭੀਰਤਾ ਨਾਲ ਵਿਚਾਰ ਕਰਦਾ ਹੈ।

**6. ਰਾਜਨੀਤਿਕ ਇਕਰੂਪਤਾ —** ਰਾਜਨੀਤਿਕ ਇਕਰੂਪਤਾ ਤੋਂ ਭਾਵ ਸਾਰੇ ਮੰਤਰੀ ਇੱਕ ਟੀਮ ਦੀ ਤਰ੍ਹਾਂ ਕੰਮ ਕਰਦੇ ਹਨ। ਉਹ ਜਨਤਾ ਦੇ ਸਾਮ੍ਹਣੇ ਆਪਸੀ ਭਿੰਨ ਭੇਦਾਂ ਨੂੰ ਉਜਾਗਰ ਨਹੀਂ ਕਰਦੇ। ਆਮ ਤੌਰ 'ਤੇ ਮੰਤਰੀ ਇੱਕ ਪਾਰਟੀ ਨਾਲ ਸੰਬੰਧਿਤ ਹੁੰਦੇ ਹਨ ਅਤੇ ਉਨ੍ਹਾਂ ਦੀ ਰਾਜਨੀਤਕ ਵਿਚਾਰਧਾਰਾ ਇਕੋ ਜਿਹੀ ਹੁੰਦੀ ਹੈ। ਜਿਸ ਕਾਰਨ ਸਰਕਾਰ ਦੀਆਂ ਨੀਤੀਆਂ ਤੇ ਪ੍ਰੋਗਰਾਮ ਲਾਗੂ ਕਰਨ ਵਿੱਚ ਸੌਖ ਰਹਿੰਦੀ ਹੈ। ਪਰ ਗਠਬੰਧਨ ਸਰਕਾਰ ਵਿੱਚ ਉਹ ਇੱਕ ਤੋਂ ਵੱਧ ਪਾਰਟੀਆਂ ਨਾਲ ਵੀ ਸੰਬੰਧਿਤ ਹੋ ਸਕਦੇ ਹਨ। ਅਜਿਹੀ ਸਥਿਤੀ ਵਿੱਚ ਗਠਬੰਧਨ ਵਿੱਚ ਸ਼ਾਮਲ ਸਾਰੀਆਂ ਪਾਰਟੀਆਂ ਦੇ ਮੰਤਰੀ ਇੱਕ ਨੀਤੀ ਨਿਰਧਾਰਿਤ ਕਰ ਲੈਂਦੇ ਹਨ ਜਿਸ ਦਾ ਸਾਰੇ ਮੰਤਰੀਆਂ ਨੂੰ ਪਾਲਣ ਕਰਨਾ ਪੈਂਦਾ ਹੈ। ਕਈ ਵਾਰੀ ਗਠਬੰਧਨ ਸਰਕਾਰ ਵਿੱਚ ਸ਼ਾਮਲ ਪਾਰਟੀਆਂ ਦੇ ਮੰਤਰੀਆਂ ਵਿੱਚ ਭਿੰਨ ਭੇਦ ਜ਼ਿਆਦਾ ਹੋ ਜਾਂਦੇ ਹਨ ਕੁਝ ਪਾਰਟੀਆਂ ਦੇ ਮੰਤਰੀ ਸਰਕਾਰ ਛੱਡ ਜਾਂਦੇ ਹਨ। ਅਜਿਹੀ ਹਾਲਤ ਵਿੱਚ ਮੰਤਰੀ ਮੰਡਲ ਭੰਗ ਹੋ ਜਾਂਦਾ ਹੈ ਅਤੇ ਨਵੇਂ ਮੰਤਰੀ ਮੰਡਲ ਦਾ ਨਿਰਮਾਣ ਕੀਤਾ ਜਾਂਦਾ ਹੈ।

**7. ਗੁਪਤਤਾ —** ਮੰਤਰੀਆਂ ਦੀ ਨਿਯੁਕਤੀ ਸਮੇਂ ਮੰਤਰੀਆਂ ਨੂੰ ਸੰਵਿਧਾਨ ਪ੍ਰਤਿ ਵਿਸ਼ਵਾਸ ਤੇ ਗੁਪਤੱਤਾ ਦੀ ਸਹੁੰ ਚੁੱਕਣੀ ਪੈਂਦੀ ਹੈ। ਨੀਤੀਆਂ ਦਾ ਭੇਦ ਖੁੱਲ੍ਹਣ 'ਤੇ ਮੰਤਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਸਕਦੀ ਹੈ। ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਏ ਗਏ ਫ਼ੈਸਲਿਆਂ ਨੂੰ ਅੰਤਿਮ ਰੂਪ ਦੇਣ ਤੱਕ ਗੁਪਤ ਰੱਖਿਆ ਜਾਂਦਾ ਹੈ।

**8. ਰਾਜਨੀਤਿਕ ਦਲਾਂ ਵਿੱਚ ਆਪਸੀ ਸਹਿਨਸ਼ੀਲਤਾ —** ਰਾਜੀਨਿਤਕ ਦਲਾਂ ਤੋਂ ਬਿਨਾਂ ਸੰਸਦੀ ਸਰਕਾਰ ਚਲਾਉਣਾ ਅਸੰਭਵ ਹੈ। ਚੋਣਾਂ ਵਿੱਚ ਬਹੁਮਤ ਪ੍ਰਾਪਤ ਕਰਨ ਵਾਲ਼ੀ ਪਾਰਟੀ ਸੰਸਦ ਵਿੱਚ ਸਰਕਾਰ ਦਾ ਨਿਰਮਾਣ ਕਰਦੀ ਹੈ। ਦੂਜੀਆਂ ਪਾਰਟੀਆਂ ਵਿਰੋਧੀ ਦਲ ਦੀ ਭੂਮਿਕਾ ਨਿਭਾਉਂਦੀਆਂ ਹਨ। ਵਿਰੋਧੀ ਪਾਰਟੀ ਦਾ ਕਰਤੱਵ ਹੈ ਕਿ ਉਹ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਆਲੋਚਨਾ ਕਰੇ ਤੇ ਸਰਕਾਰ ਦੀ ਨਿਰੰਕੁਸ਼ਤਾ 'ਤੇ ਰੋਕ ਲਾਵੇ। ਸ਼ਾਸਕ ਦਲ ਦਾ ਕਰਤੱਵ ਹੈ ਕਿ ਉਹ ਵਿਰੋਧੀ ਦਲ ਦੀ ਆਲੋਚਨਾ ਨੂੰ ਸਹਿਣ ਕਰੇ ਤੇ ਆਪਣੀਆਂ ਕਮੀਆਂ ਨੂੰ ਦੂਰ ਕਰਨ ਦਾ ਯਤਨ ਕਰੇ।

ਵਿਰੋਧੀ ਪਾਰਟੀਆਂ ਦਾ ਕਰਤੱਵ ਬਣਦਾ ਹੈ ਕਿ ਉਹਨਾਂ ਦੀ ਆਲੋਚਨਾ, ਆਲੋਚਨਾ ਦੇ ਮੰਤਵ ਨਾਲ਼ ਨਾ ਹੋਵੇ ਸਗੋਂ ਉਸਾਰੂ ਪੱਖ ਤੋਂ ਹੋਵੇ। ਵਿਰੋਧੀ ਦਲ ਨੂੰ ਜ਼ਹਿਰੀਲੇ ਭਾਸ਼ਣ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਹ ਸੰਭਵ ਹੈ ਕਿ ਮੌਜੂਦਾ ਸ਼ਾਸਕ ਦਲ ਅਗਲੀਆਂ ਚੋਣਾਂ ਵਿੱਚ ਵਿਰੋਧੀ ਦਲ ਬਣ ਜਾਵੇ ਤੇ ਮੌਜੂਦਾ ਵਿਰੋਧੀ ਦਲ ਸ਼ਾਸਕ ਦਲ ਬਣ ਜਾਵੇ। ਇਸ ਕਰਕੇ ਸ਼ਾਸਕ ਦਲ ਅਤੇ ਵਿਰੋਧੀ ਦਲ ਵਿਚਕਾਰ ਸਹਿਯੋਗ ਦੀ ਭਾਵਨਾ ਹੋਣੀ ਚਾਹੀਦੀ ਹੈ। ਸ਼ਾਸਕ ਦਲ ਵੱਲੋਂ ਵਿਰੋਧੀ ਦਲ ਨੂੰ ਸਖ਼ਤੀ ਨਾਲ ਦਬਾਉਣ ਦੀ ਕੋਸ਼ਿਸ਼ ਨਹੀਂ ਹੋਣੀ ਚਾਹੀਦੀ ਤੇ ਵਿਰੋਧੀ ਦਲ ਨੂੰ ਸ਼ਾਸਕ ਦਲ ਪ੍ਰਤਿ ਝੂਠਾ ਪ੍ਰਚਾਰ ਨਹੀਂ ਕਰਨਾ ਚਾਹੀਦਾ। ਉਪਰੋਕਤ ਸੰਸਦੀ ਪ੍ਰਨਾਲੀ ਦੀਆਂ ਵਿਸ਼ੇਸ਼ਤਾਵਾਂ ਭਾਰਤੀ ਸੰਸਦੀ ਪ੍ਰਨਾਲੀ ਵਿੱਚ ਪਾਇਆ ਜਾਂਦੀਆਂ ਹਨ।



ਸੰਸਦ ਭਵਨ ਦੀ ਤਸਵੀਰ

ਭਾਰਤ ਦੇ ਰਾਜਾਂ ਵਿੱਚ ਵੀ ਸੰਸਦੀ ਪ੍ਰਨਾਲ਼ੀ ਅਪਣਾਈ ਗਈ ਹੈ। ਰਾਜਾਂ ਵਿੱਚ ਰਾਜ ਦਾ ਰਾਜਪਾਲ ਨਾਂ-ਮਾਤਰ ਦਾ ਮੁਖੀ ਹੁੰਦਾ ਹੈ ਤੇ ਮੁੱਖ ਮੰਤਰੀ ਤੇ ਮੰਤਰੀ ਮੰਡਲ ਅਸਲੀ ਕਾਰਜ-ਪਾਲਿਕਾ ਹੁੰਦੀ ਹੈ। ਰਾਜਾਂ ਵਿੱਚ ਸੰਸਦੀ ਸਰਕਾਰ ਵੀ ਕੇਂਦਰ ਵਿੱਚ ਸੰਸਦੀ ਸਰਕਾਰ ਦੀ ਤਰ੍ਹਾਂ ਹੀ ਕੰਮ ਕਰਦੀ ਹੈ। ਰਾਜਾਂ ਵਿੱਚ ਸੰਸਦੀ ਸਰਕਾਰ ਦੀਆਂ ਵਿਸ਼ੇਸ਼ਤਾਵਾਂ ਕੇਂਦਰ ਵਿੱਚ ਸੰਸਦੀ ਸਰਕਾਰ ਦੀ ਤਰ੍ਹਾਂ ਹੀ ਹਨ। ਜਿਨ੍ਹਾਂ ਦਾ ਵਰਨਣ ਉੱਪਰ ਕੀਤਾ ਜਾ ਚੁੱਕਾ ਹੈ।

**ਭਾਰਤੀ ਸੰਸਦ (ਕੇਂਦਰੀ ਵਿਧਾਨ-ਪਾਲਿਕਾ)— ਸੰਵਿਧਾਨ ਦੇ ਅਨੁਛੇਦ 79 ਅਧੀਨ ਸੰਸਦ ਦੀ ਵਿਵਸਥਾ ਕੀਤੀ ਗਈ ਹੈ। ਸੰਸਦ ਵਿੱਚ ਲੋਕ ਸਭਾ, ਰਾਜ ਸਭਾ ਤੇ ਰਾਸ਼ਟਰਪਤੀ ਸ਼ਾਮਲ ਹੈ।** ਲੋਕ ਸਭਾ ਨੂੰ ਲੋਕਾਂ ਦਾ ਸਦਨ ਤੇ ਰਾਜ ਸਭਾ ਨੂੰ ਰਾਜਾਂ ਦਾ ਸਦਨ ਕਹਿੰਦੇ ਹਨ। ਲੋਕ ਸਭਾ ਨੂੰ ਹੇਠਲਾ ਸਦਨ ਵੀ ਕਹਿੰਦੇ ਹਨ ਤੇ ਰਾਜ ਸਭਾ ਨੂੰ ਉੱਪਰਲਾ ਸਦਨ ਵੀ ਕਹਿੰਦੇ ਹਨ। ਲੋਕ ਸਭਾ ਇੰਗਲੈਂਡ ਦੀ ਸੰਸਦ ਦੇ ਹਾਊਸ ਆਫ਼ ਕਾਮਨਜ਼ ਦੀ ਤਰ੍ਹਾਂ ਹੈ ਤੇ ਰਾਜ ਸਭਾ ਇੰਗਲੈਂਡ ਦੀ ਸੰਸਦ ਦੇ ਹਾਊਸ ਆਫ਼ ਲਾਰਡਜ਼ ਦੀ ਤਰ੍ਹਾਂ ਹੈ। ਭਾਰਤ ਵਿੱਚ ਲੋਕ ਸਭਾ ਦੇ ਮੈਂਬਰਾਂ ਦੀ ਚੋਣ ਬਾਲਗ ਮੱਤ ਅਧਿਕਾਰ ਦੁਆਰਾ ਪ੍ਰਤੱਖ ਤੌਰ 'ਤੇ ਕੀਤੀ ਜਾਂਦੀ ਹੈ। ਰਾਜ ਸਭਾ ਦੇ ਮੈਂਬਰਾਂ ਦੀ ਚੋਣ ਅਪ੍ਰਤੱਖ ਤੌਰ 'ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰਾਂ ਦੁਆਰਾ ਕੀਤੀ ਜਾਂਦੀ ਹੈ। ਲੋਕ ਸਭਾ ਭਾਰਤ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੀ ਹੈ ਜਦ ਕਿ ਰਾਜ ਸਭਾ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਦੀ ਪ੍ਰਤੀਨਿਧਤਾ ਕਰਦੀ ਹੈ। ਇਹਨਾਂ ਦੋਨਾਂ ਸਦਨਾਂ ਦੀ ਬਣਤਰ ਹੇਠ ਲਿਖੇ ਅਨੁਸਾਰ ਹੈ।

**ਰਾਜ ਸਭਾ —** ਰਾਜ ਸਭਾ ਦੇ ਕੁਲ 250 ਮੈਂਬਰ ਹੋ ਸਕਦੇ ਹਨ। 238 ਮੈਂਬਰ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਦੀ ਪ੍ਰਤੀਨਿਧਤਾ ਕਰਦੇ ਹਨ। 12 ਮੈਂਬਰ ਰਾਸ਼ਟਰਪਤੀ ਦੁਆਰਾ ਨਾਮਜ਼ਦ ਕੀਤੇ ਜਾਂਦੇ ਹਨ ਜਿਨ੍ਹਾਂ ਵਿਅਕਤੀਆਂ ਨੂੰ ਸਾਹਿਤ,

ਕਲਾ ਵਿਗਿਆਨ ਤੇ ਸਮਾਜ ਸੇਵਾ ਦੇ ਖੇਤਰ ਵਿਚ ਵਿਸ਼ੇਸ਼ ਗਿਆਨ ਤੇ ਵਿਵਹਾਰਿਕ ਤਜ਼ਰਬਾ ਹੋਵੇ। 238 ਮੈਂਬਰਾਂ ਦੀ ਚੋਣ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਅਨੁਪਾਤਿਕ ਪ੍ਰਤੀਨਿਧਤਾ ਦੇ ਆਧਾਰ 'ਤੇ ਇਕਹਿਰੀ ਬਦਲਵੀਂ ਵੋਟ ਦੁਆਰਾ ਕੀਤੀ ਜਾਂਦੀ ਹੈ। ਰਾਜ ਸਭਾ ਦੇ ਮੈਂਬਰ 6 ਸਾਲਾਂ ਲਈ ਚੁਣੇ ਜਾਂਦੇ ਹਨ। ਰਾਜ ਸਭਾ ਕਦੇ ਵੀ ਭੰਗ ਨਹੀਂ ਹੁੰਦੀ। ਇਹ ਇੱਕ ਸਥਾਈ ਸਦਨ ਹੈ ਇਸ ਦੇ $\frac{1}{3}$ ਮੈਂਬਰ ਹਰ ਦੂਜੇ ਸਾਲ ਰਿਟਾਇਰ ਹੋ ਜਾਂਦੇ ਹਨ। ਖ਼ਾਲੀ ਹੋਏ ਸਥਾਨਾਂ 'ਤੇ ਨਵੇਂ ਮੈਂਬਰਾਂ ਦੀ ਚੋਣ ਕਰ ਲਈ ਜਾਂਦੀ ਹੈ। ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਚੁਣੇ ਜਾਣ ਵਾਲੇ ਰਾਜ ਸਭਾ ਦੇ ਮੈਂਬਰਾਂ ਦੀ ਚੋਣ ਸੰਸਦ ਦੁਆਰਾ ਨਿਰਧਾਰਿਤ ਵਿਧੀ ਰਾਹੀਂ ਕੀਤੀ ਜਾਂਦੀ ਹੈ। ਰਾਜ ਸਭਾ ਵਿੱਚ ਰਾਜਾਂ ਲਈ ਸਮਾਨ ਪ੍ਰਤੀਨਿਧਤਾ ਨਹੀਂ ਦਿੱਤੀ ਗਈ। ਹਰੇਕ ਰਾਜ ਤੇ ਕੇਂਦਰ ਸ਼ਾਸਤ 'ਨ' ਪ੍ਰਦੇਸ਼ ਦੀ ਪ੍ਰਤੀਨਿਧਤਾ ਦੀ ਗਿਣਤੀ ਸੰਵਿਧਾਨ ਦੀ ਚੌਥੀ ਅਨੁਸੂਚੀ ਵਿੱਚ ਦਿੱਤੀ ਗਈ ਹੈ। ਉਦਾਹਰਨ ਦੇ ਤੌਰ 'ਤੇ ਪੰਜਾਬ ਵਿੱਚੋਂ 7, ਹਰਿਆਣਾ ਵਿੱਚੋਂ 5 ਰਾਜ ਸਭਾ ਦੇ ਮੈਂਬਰ ਚੁਣੇ ਜਾਂਦੇ ਹਨ। ਕੇਂਦਰੀ ਸ਼ਾਸਤ ਪ੍ਰਦੇਸ਼ ਦਿੱਲੀ ਵਿੱਚੋਂ 3, ਪਾਂਡੀਚਰੀ ਵਿੱਚੋਂ 1 ਮੈਂਬਰ ਚੁਣਿਆ ਜਾਂਦਾ ਹੈ। ਉਪ ਰਾਸ਼ਟਰਪਤੀ ਰਾਜ ਸਭਾ ਦਾ ਚੇਅਰਮੈਨ ਹੁੰਦਾ ਹੈ।

ਵਰਤਮਾਨ ਸਮੇਂ ਰਾਜ ਸਭਾ ਦੇ ਮੈਂਬਰਾਂ ਦੀ ਗਿਣਤੀ 245 ਹੈ। ਇਹਨਾਂ ਵਿਚੋਂ 229 ਮੈਂਬਰ ਰਾਜਾਂ ਦੀਆਂ ਵਿਧਾਨ ਸਭਾਵਾਂ ਵਿੱਚੋਂ, 3 ਮੈਂਬਰ ਕੇਂਦਰ ਸ਼ਾਸਿਤ ਪ੍ਰਦੇਸ਼ ਦਿੱਲੀ, 1 ਮੈਂਬਰ ਕੇਂਦਰ ਸ਼ਾਸ਼ਿਤ ਪ੍ਰਦੇਸ਼ ਪਾਂਡੇਚੇਰੀ ਅਤੇ 12 ਮੈਂਬਰ ਰਾਸ਼ਟਰਪਤੀ ਵੱਲੋਂ ਨਾਮਜ਼ਦ ਕੀਤੇ ਗਏ ਹਨ।

**ਵੱਖ-ਵੱਖ ਰਾਜਾਂ ਅਤੇ ਸੰਘ ਖੇਤਰਾਂ ਨੂੰ ਦਿੱਤੇ ਗਏ ਰਾਜ-ਸਭਾ ਦੇ ਸਥਾਨਾਂ ਦਾ ਵੇਰਵਾ**

| ਰਾਜ ਦਾ ਨਾਂ | ਗਿਣਤੀ | ਰਾਜ ਦਾ ਨਾਂ | ਗਿਣਤੀ |
|---|---|---|---|
| 1. ਆਂਧਰਾ ਪ੍ਰਦੇਸ਼ | 11 | 2. ਅਰੁਨਾਚਲ ਪ੍ਰਦੇਸ਼ | 1 |
| 3. ਅਸਾਮ | 7 | 4. ਬਿਹਾਰ | 16 |
| 5. ਛੱਤੀਸਗੜ੍ਹ | 5 | 6. ਗੋਆ | 1 |
| 7. ਗੁਜਰਾਤ | 11 | 8. ਹਰਿਆਣਾ | 5 |
| 9. ਹਿਮਾਚਲ ਪ੍ਰਦੇਸ਼ | 3 | 11. ਕਰਨਾਟਕ | 12 |
| 10. ਝਾਰਖੰਡ | 6 | 13. ਮੱਧ ਪ੍ਰਦੇਸ਼ | 11 |
| 12. ਕੇਰਲ | 9 | 15. ਮਨੀਪੁਰ | 1 |
| 14. ਮਹਾਰਸ਼ਟਰ | 19 | 17. ਮਿਜ਼ੋਰਮ | 1 |
| 16. ਮੇਘਾਲਿਆ | 1 | 19. ਉੜੀਸ਼ਾ | 10 |
| 18. ਨਾਗਾਲੈਂਡ | 1 | 21. ਰਾਜਸਥਾਨ | 10 |
| 20. ਪੰਜਾਬ | 7 | 23. ਤਾਮਿਲਨਾਡੂ | 18 |
| 22. ਸਿੱਕਮ | 1 | 25. ਉੱਤਰ ਪ੍ਰਦੇਸ਼ | 31 |
| 24. ਤ੍ਰਿਪੁਰਾ | 1 | 27. ਪੱਛਮੀ ਬੰਗਾਲ | 16 |
| 26. ਉੱਤਰਾਖੰਡ | 3 | | |
| 28. ਤੇਲੰਗਾਨਾ | 7 | | |
| ਰਾਜਾਂ ਦੀਆਂ ਸੀਟਾਂ ਦਾ ਕੁੱਲ ਜੋੜ = | 225 | | |
| ਕੇਂਦਰੀ ਸ਼ਾਸਰ ਪ੍ਰਦੇਸ਼ ਦਿੱਲੀ = | 3 | ਜੰਮੂ ਕਸ਼ਮੀਰ ਤੇ ਲੱਦਾਖ | 4 (ਦੋਵੇਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਇਕੱਠੇ) |
| ਪੁੱਡੂਚੇਰੀ = | 1 | | |
| ਨਾਮਜ਼ਦ ਮੈਂਬਰ = | 12 | ਕੁੱਲ ਮੈਂਬਰ | = **245** |

**ਲੋਕ ਸਭਾ —** ਲੋਕ ਸਭਾ ਨੂੰ ਪਹਿਲਾ ਜਾਂ ਹੇਠਲਾ ਸਦਨ ਵੀ ਕਹਿੰਦੇ ਹਨ। ਲੋਕ ਸਭਾ ਵਿੱਚ ਵੱਧ ਤੋਂ ਵੱਧ 552 ਮੈਂਬਰ ਹੋ ਸਕਦੇ ਹਨ।

530 ਮੈਂਬਰ ਰਾਜਾਂ ਦੀ ਤੇ 20 ਮੈਂਬਰ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੇ ਲੋਕਾਂ ਦੀ ਪ੍ਰਤੀਨਿਧਤਾ ਕਰਦੇ ਹਨ। ਦੋ ਮੈਂਬਰ ਐਂਗਲੋ ਇੰਡੀਅਨ ਜਾਤੀ ਦੇ ਰਾਸ਼ਟਰਪਤੀ ਦੁਆਰਾ ਲੋਕ ਸਭਾ ਵਿੱਚ ਨਾਮਜਦ ਕੀਤੇ ਜਾ ਸਕਦੇ ਹਨ, ਜੇਕਰ ਰਾਸ਼ਟਰਪਤੀ ਨੂੰ ਵਿਸ਼ਵਾਸ ਹੋ ਜਾਵੇ ਕਿ ਇਸ ਜਾਤੀ ਦੇ ਲੋਕਾਂ ਨੂੰ ਚੋਣਾਂ ਵਿੱਚ ਪ੍ਰਤੀਨਿਧਤਾ ਨਹੀਂ ਮਿਲੀ। ਰਾਜਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿਚੋਂ ਲੋਕ ਸਭਾ ਲਈ ਚੁਣੇ ਜਾਣ ਵਾਲੇ ਮੈਂਬਰਾਂ ਦੀ ਗਿਣਤੀ ਰਾਜਾਂ ਦੀ ਅਬਾਦੀ ਦੇ ਆਧਾਰ 'ਤੇ ਨਿਸਚਿਤ ਕੀਤੀ ਗਈ ਹੈ। ਅਨੁਛੇਦ 82 ਵਿੱਚ ਇਹ ਵਿਵਸਥਾ ਕੀਤੀ ਗਈ ਹੈ ਹਰ ਜਨਗਣਨਾ ਤੋਂ ਬਾਅਦ ਲੋਕ ਸਭਾ ਦੇ ਮੈਂਬਰਾਂ ਦੀ ਸੰਖਿਆ ਨਿਸਚਿਤ ਕੀਤੀ ਜਾਵੇਗੀ। ਲੋਕ ਸਭਾ ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਮੈਂਬਰਾਂ ਦੀ ਸੰਖਿਆ ਲਈ 2000 ਤੋਂ ਬਾਅਦ ਹੋਣ ਵਾਲੀ ਪਹਿਲੀ ਜਨਗਣਨਾ ਤੱਕ 1971 ਦੀ ਅਬਾਦੀ ਦੇ ਅੰਕੜਿਆਂ ਨੂੰ ਆਧਾਰ ਮੰਨਿਆ ਗਿਆ ਸੀ। 2001 ਵਿੱਚ ਹੋਈ ਜਨਗਣਨਾ ਤੋਂ ਬਾਅਦ ਇਹਨਾਂ ਵਿੱਚ ਪਰਿਵਰਤਨ ਕੀਤਾ ਜਾਣਾ ਸੀ। ਪਰ ਭਾਰਤੀ ਸੰਸਦ ਨੇ 2001 ਵਿੱਚ ਇੱਕ ਸੰਵਿਧਾਨਿਕ ਸੋਧ ਪਾਸ ਕਰਕੇ ਇਹ ਵਿਵਸਥਾ ਕਰ ਦਿੱਤੀ ਹੈ ਕਿ 2026 ਤੱਕ ਲੋਕ ਸਭਾ ਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੇ ਕੁਲ ਸਥਾਨਾਂ ਦੀ ਗਿਣਤੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। 16ਵੀਂ ਲੋਕ ਸਭਾ ਵਿੱਚ 543 ਮੈਂਬਰ ਚੁਣੇ ਗਏ ਹਨ ਤੇ 2 ਮੈਂਬਰ ਰਾਸ਼ਟਰਪਤੀ ਦੁਆਰਾ ਨਾਮਜ਼ਦ ਕੀਤੇ ਗਏ ਹਨ। ਲੋਕ ਸਭਾ ਦਾ ਕਾਰਜਕਾਲ 5 ਸਾਲ ਹੁੰਦਾ ਹੈ। ਇਹ ਨਵੀਂ ਚੁਣੀ ਗਈ ਲੋਕ ਸਭਾ ਦੀ ਪਹਿਲੀ ਮੀਟਿੰਗ ਦੀ ਮਿਤੀ ਤੋਂ ਲਿਆ ਜਾਂਦਾ ਹੈ।

**ਵੱਖ-ਵੱਖ ਰਾਜਾਂ ਅਤੇ ਸੰਘ ਖੇਤਰਾਂ ਨੂੰ ਦਿੱਤੇ ਗਏ ਲੋਕ-ਸਭਾ ਦੇ ਸਥਾਨਾਂ ਦਾ ਵੇਰਵਾ**

| ਰਾਜ ਦਾ ਨਾਂ | ਗਿਣਤੀ | ਰਾਜ ਦਾ ਨਾਂ | ਗਿਣਤੀ |
|---|---|---|---|
| 1. ਆਂਧਰਾ ਪ੍ਰਦੇਸ਼ | 25 | 2. ਅਰੁਨਾਚਲ ਪ੍ਰਦੇਸ਼ | 02 |
| 3. ਅਸਾਮ | 14 | 4. ਬਿਹਾਰ | 40 |
| 5. ਛੱਤੀਸਗੜ੍ਹ | 11 | 6. ਗੋਆ | 02 |
| 7. ਗੁਜਰਾਤ | 26 | 8. ਹਰਿਆਣਾ | 10 |
| 9. ਹਿਮਾਚਲ ਪ੍ਰਦੇਸ਼ | 4 | 11. ਕਰਨਾਟਕ | 28 |
| 10. ਝਾਰਖੰਡ | 14 | 13. ਮੱਧ ਪ੍ਰਦੇਸ਼ | 29 |
| 12. ਕੇਰਲ | 20 | 15. ਮਨੀਪੁਰ | 02 |
| 14. ਮਹਾਰਸ਼ਟਰ | 48 | 17. ਮਿਜ਼ੋਰਮ | 01 |
| 16. ਮੇਘਾਲਿਆ | 02 | 19. ਉੜੀਸ਼ਾ | 21 |
| 18. ਨਾਗਾਲੈਂਡ | 01 | 21. ਰਾਜਸਥਾਨ | 25 |
| 20. ਪੰਜਾਬ | 13 | 23. ਤਾਮਿਲਨਾਡੂ | 39 |
| 22. ਸਿੱਕਮ | 01 | 25. ਉੱਤਰ ਪ੍ਰਦੇਸ਼ | 80 |
| 24. ਤ੍ਰਿਪੁਰਾ | 02 | 27. ਪੱਛਮੀ ਬੰਗਾਲ | 42 |
| 26. ਉੱਤਰਾਖੰਡ | 05 | | |
| 28. ਤੇਲੰਗਾਨਾ | 17 | | **524 ਮੈਂਬਰ** |

## ਕੇਂਦਰੀ ਸ਼ਾਸਤ ਪ੍ਰਦੇਸ਼

ਵਰਤਮਾਨ ਸਮੇਂ ਲੋਕ ਸਭਾ ਦੇ 545 ਮੈਂਬਰ ਹਨ। ਇਹਨਾਂ ਵਿੱਚੋਂ 524 ਮੈਂਬਰ ਰਾਜਾਂ ਵਿੱਚੋਂ, 19 ਮੈਂਬਰ ਸੰਘੀ ਖੇਤਰਾਂ ਵਿਚੋਂ ਚੁਣੇ ਜਾਂਦੇ ਹਨ ਅਤੇ 2 ਮੈਂਬਰ ਐਂ

| | | | |
|---|---|---|---|
| 1. ਅੰਡੇਮਾਨ ਨਿਕੋਬਾਰ ਦੀਪ ਸਮੂਹ | 1 | 2. ਚੰਡੀਗੜ੍ਹ | 1 |
| 3. ਦਾਦਰਾ ਤੇ ਨਗਰ ਹਵੇਲੀ ਅਤੇ ਦਮਨ | 2 | 4. ਦਿੱਲੀ | 7 |
| ਦੇ ਦਿਉ | 1 | 6. ਪੁੱਡੂਚਰੀ | 1 |
| 5. ਲਕਸ਼ਦੀਪ | 6 (ਦੋਵਾਂ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਇਕੱਠੇ) | | |
| 7. ਜੰਮੂ-ਕਸ਼ਮੀਰ ਅਤੇ ਲੱਦਾਖ | 2 | **ਕੁੱਲ = 21 ਮੈਂਬਰ** | |
| 8. ਨਾਮਜ਼ਦ ਮੈਂਬਰ | | | |

**Total Number 524 + 21 = 545**

ਵੱਖ-ਵੱਖ ਰਾਜਾਂ ਤੇ ਸੰਘੀ ਖੇਤਰਾਂ ਨੂੰ ਦਿੱਤੇ ਗਏ ਲੋਕਾ ਸਭਾ ਦੇ ਮੈਂਬਰਾਂ ਦਾ ਵੇਰਵਾ।

| State | Seats |
|---|---|
| 1 to 28 | 524 |
| **ਸੰਘੀ ਖੇਤਰ** | **Seats** |
| 1 to 7 | 19 |
| **ਨਾਮਜ਼ਦ ਮੈਂਬਰ** | **02** |
| **ਕੁੱਲ ਜੋੜ** | **545** |

ਲੋਕ ਸਭਾ ਦਾ ਮੈਂਬਰ ਬਣਨ ਲਈ ਘੱਟੋ-ਘੱਟ ਉਮਰ 25 ਸਾਲ ਤੇ ਰਾਜ ਸਭਾ ਦਾ ਮੈਂਬਰ ਬਣਨ ਲਈ ਘੱਟੋ-ਘੱਟ ਉਮਰ 30 ਸਾਲ ਹੋਣੀ ਚਾਹੀਦੀ ਹੈ।

**ਗਤੀਵਿਧੀ :**

1. ਵਰਤਮਾਨ ਸਮੇਂ ਆਪ ਜੀ ਦੇ ਰਾਜ ਪੰਜਾਬ ਵਿੱਚੋਂ ਕੌਣ-ਕੌਣ ਲੋਕ ਸਭਾ ਦਾ ਮੈਂਬਰ ਹੈ ਤੇ ਕੌਣ-ਕੌਣ ਰਾਜ ਸਭਾ ਦੇ। ਆਪਣੇ ਅਧਿਆਪਕ ਦੀ ਸਹਾਇਤਾ ਨਾਲ਼ ਇਹਨਾਂ ਦੇ ਨਾਂ ਆਪਣੀ ਸਕਰੈਪ ਬੁੱਕ ਜਾਂ ਕਾਪੀ ਤੇ ਲਿਖੋ।
2. ਭਾਰਤ ਦੇ ਰਾਜਨੀਤਿਕ ਨਕਸ਼ੇ ਵਿੱਚ ਪ੍ਰਾਂਤਵਾਰ ਲੋਕ ਸਭਾ ਤੇ ਰਾਜ ਸਭਾ ਦੇ ਮੈਂਬਰਾਂ ਦੀ ਗਿਣਤੀ ਦੇ ਸਟਿਕਰ ਬਣਾਓ ਅਤੇ ਸੰਬੰਧਤ ਰਾਜਾਂ ਵਿੱਚ (ਨਕਸ਼ੇ) ਉੱਤੇ ਚਿਪਕਾਏ ਜਾਣ।
   ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰਾਂ ਦੀ ਗਿਣਤੀ ਦਰਸਾਉਣ ਲਈ ਦੋ ਵੱਖ-ਵੱਖ ਨਕਸ਼ਿਆਂ ਦੀ ਵਰਤੋਂ ਕੀਤੀ ਜਾਵੇ।

**ਸਪੀਕਰ ਅਤੇ ਡਿਪਟੀ ਸਪੀਕਰ —** ਲੋਕ ਸਭਾ ਦੇ ਮੈਂਬਰ ਆਪਣੇ ਵਿੱਚੋਂ ਇੱਕ ਸਪੀਕਰ ਤੇ ਇੱਕ ਡਿਪਟੀ ਸਪੀਕਰ ਚੁਣਦੇ ਹਨ। ਸਪੀਕਰ ਦੀ ਗ਼ੈਰ ਹਾਜ਼ਰੀ ਵਿੱਚ ਡਿਪਟੀ ਸਪੀਕਰ, ਸਪੀਕਰ ਦੀਆਂ ਜ਼ੁੰਮੇਵਾਰੀਆਂ ਨਿਭਾਉਂਦਾ ਹੈ।

**ਰਾਸ਼ਟਰਪਤੀ —** ਸਾਡੇ ਸੰਵਿਧਾਨ ਦੇ ਅਨੁਛੇਦ 52 ਅਧੀਨ ਰਾਸ਼ਟਰਪਤੀ ਦੀ ਪਦਵੀ ਦੀ ਵਿਵਸਥਾ ਕੀਤੀ ਗਈ ਹੈ। ਰਾਸ਼ਟਰਪਤੀ ਨੂੰ ਸੰਸਦ ਦਾ ਅੰਗ ਮੰਨਿਆ ਜਾਂਦਾ ਹੈ। ਕਿਉਂਕਿ ਸੰਸਦ ਵੱਲੋਂ ਪਾਸ ਕੀਤੇ ਬਿਲ ਉਦੋਂ ਤੱਕ ਕਾਨੂੰਨ ਦਾ ਰੂਪ ਧਾਰਨ ਨਹੀਂ ਕਰਦੇ ਜਦੋਂ ਤੱਕ ਰਾਸ਼ਟਰਪਤੀ ਦੇ ਦਸਤਖ਼ਤ ਨਹੀਂ ਹੁੰਦੇ। ਪ੍ਰਧਾਨ-ਮੰਤਰੀ ਸਰਕਾਰ ਦਾ ਮੁਖੀਆ ਹੈ। ਰਾਸ਼ਟਰਪਤੀ ਨੂੰ ਦੇਸ ਦਾ ਮੁਖੀਆ ਕਹਿੰਦੇ ਹਨ। ਉਸਨੂੰ ਭਾਰਤ ਦਾ ਪਹਿਲਾ ਨਾਗਰਿਕ ਵੀ ਮੰਨਿਆ ਜਾਂਦਾ ਹੈ। ਦੇਸ ਦਾ ਸਾਰਾ ਸ਼ਾਸਨ ਰਾਸ਼ਟਰਪਤੀ ਦੇ ਨਾਂ ਤੇ ਚਲਾਇਆ ਜਾਂਦਾ ਹੈ।

ਰਾਸ਼ਟਰਪਤੀ ਬਣਨ ਲਈ

ਯੋਗਤਾਵਾਂ (ਅਨੁਛੇਦ ਧਾਰਾ 58) :-

1. ਉਹ ਭਾਰਤ ਦਾ ਨਾਗਰਿਕ ਹੋਵੇ।
2. ਉਹ 35 ਸਾਲ ਦੀ ਉਮਰ ਪੂਰੀ ਕਰ ਚੁੱਕਿਆ ਹੋਵੇ।
3. ਉਹ ਲੋਕ ਸਭਾ ਦਾ ਮੈਂਬਰ ਚੁਣੇ ਜਾਣ ਦੀਆਂ ਯੋਗਤਾਵਾਂ ਰੱਖਦਾ ਹੋਵੇ।
4. ਉਹ ਭਾਰਤ ਸਰਕਾਰ, ਰਾਜ ਸਰਕਾਰ ਜਾਂ ਸਥਾਨਿਕ ਸਰਕਾਰ ਅਧੀਨ ਕਿਸੇ ਲਾਭਕਾਰੀ ਪਦ 'ਤੇ ਨਾ ਲੱਗਾ ਹੋਵੇ।

**ਚੋਣ —** ਭਾਰਤ ਦੇ ਰਾਸ਼ਟਰਪਤੀ ਦੀ ਚੋਣ ਅਪ੍ਰੱਤਖ ਢੰਗ ਨਾਲ ਕੀਤੀ ਜਾਂਦੀ ਹੈ। ਜਿਸ ਵਿੱਚ ਲੋਕ ਸਭਾ, ਰਾਜ ਸਭਾ ਦੀਆਂ ਵਿਧਾਨ ਸਭਾਵਾਂ ਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਦੀਆਂ ਵਿਧਾਨ ਸਭਾਵਾਂ (ਦਿੱਲੀ ਤੇ ਪਾਂਡੀਚਰੀ) ਦੇ ਚੁਣੇ ਹੋਏ ਮੈਂਬਰ ਭਾਗ ਲੈਂਦੇ ਹਨ। ਨਾਮਜਦ ਮੈਂਬਰ ਰਾਸ਼ਟਰਪਤੀ ਦੀ ਚੋਣ ਵਿੱਚ ਹਿੱਸਾ ਨਹੀਂ ਲੈਂਦੇ।

**ਕਾਰਜਕਾਲ —** ਭਾਰਤ ਦਾ ਰਾਸ਼ਟਰਪਤੀ 5 ਸਾਲਾਂ ਲਈ ਚੁਣਿਆ ਜਾਂਦਾ ਹੈ। ਇਹ ਸਮਾਂ ਉਸ ਮਿਤੀ ਤੋਂ ਗਿਣਿਆ ਜਾਂਦਾ ਹੈ ਜਿਸ ਦਿਨ ਉਹ ਆਪਣੇ ਅਹੁਦੇ ਦੀ ਸਹੁੰ ਚੁੱਕਦਾ ਹੈ। ਉਸ ਨੂੰ ਮਹਾਦੋਸ਼ ਦਾ ਮੁਕੱਦਮਾ ਚਲਾ ਕੇ ਸੰਸਦ ਦੁਆਰਾ 5

ਸਾਲ ਤੋਂ ਪਹਿਲਾ ਵੀ ਹਟਾਇਆ ਜਾ ਸਕਦਾ ਹੈ। ਨਵੇਂ ਰਾਸ਼ਟਰਪਤੀ ਦੀ ਚੋਣ, ਕੰਮ ਕਰ ਰਹੇ ਰਾਸ਼ਟਰਪਤੀ ਦੇ ਅਹੁਦੇ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਕਰ ਲਈ ਜਾਂਦੀ ਹੈ। ਜੇਕਰ ਅਜਿਹਾ ਨਾ ਹੋ ਸਕੇ ਤਾਂ ਕੰਮ ਕਰ ਰਿਹਾ ਰਾਸ਼ਟਰਪਤੀ ਉਦੋਂ ਤੱਕ ਆਪਣੇ ਅਹੁਦੇ ਤੇ ਰਹਿੰਦਾ ਹੈ ਜਦੋਂ ਤੱਕ ਨਵਾਂ ਰਾਸ਼ਟਰਪਤੀ ਨਹੀਂ ਚੁਣ ਲਿਆ ਜਾਂਦਾ। ਰਾਸ਼ਟਰਪਤੀ ਦੀ ਮੌਤ ਹੋ ਜਾਣ ਕਾਰਨ, ਜਾਂ ਉਸ ਵੱਲੋਂ ਅਸਤੀਫ਼ਾ ਦੇਣ ਕਾਰਨ ਜਾਂ ਮਹਾਂਦੋਸ਼ ਦੇ ਮੁਕੱਦਮੇ ਕਾਰਨ ਖ਼ਾਲੀ ਹੋਈ ਪਦਵੀ 'ਤੇ 6 ਮਹੀਨੇ ਦੇ ਅੰਦਰ-ਅੰਦਰ ਨਵੇਂ ਰਾਸ਼ਟਰਪਤੀ ਦੀ ਚੋਣ ਕਰਨੀ ਜ਼ਰੂਰੀ ਹੈ। ਅਜਿਹੀ ਸਥਿਤੀ ਵਿਚ ਉਪ ਰਾਸ਼ਟਰਪਤੀ ਨਵੇਂ ਰਾਸ਼ਟਰਪਤੀ ਦੇ ਚੁਣੇ ਜਾਣ ਤੱਕ ਰਾਸ਼ਟਰਪਤੀ ਵਜੋਂ ਕੰਮ ਕਰਦਾ ਹੈ।

**ਰਾਸ਼ਟਰਪਤੀ ਦੀਆਂ ਸ਼ਕਤੀਆਂ —** ਰਾਸ਼ਟਰਪਤੀ ਨੂੰ ਸੰਵਿਧਾਨ ਵਿੱਚ ਅਸੀਮ ਸ਼ਕਤੀਆਂ ਦਿੱਤੀਆਂ ਗਈਆਂ ਹਨ। ਪਰ ਸੰਵਿਧਾਨ ਵਿੱਚ ਇਹ ਵਿਵਸਥਾ ਹੈ ਕਿ ਰਾਸ਼ਟਰਪਤੀ ਆਪਣੀਆਂ ਸ਼ਕਤੀਆਂ ਦੀ ਵਰਤੋਂ ਮੰਤਰੀ ਮੰਡਲ ਦੀ ਸਲਾਹ ਨਾਲ ਕਰੇਗਾ। ਵਾਸਤਵ ਵਿੱਚ ਰਾਸ਼ਟਰਪਤੀ ਦੀਆਂ ਸ਼ਕਤੀਆਂ ਦੀ ਵਰਤੋਂ ਮੰਤਰੀ ਮੰਡਲ ਦੁਆਰਾ ਕੀਤੀ ਜਾਂਦੀ ਹੈ। ਇਸੇ ਕਰਕੇ ਭਾਰਤ ਦੇ ਰਾਸ਼ਟਰਪਤੀ ਨੂੰ ਨਾਂ-ਮਾਤਰ ਦੀ ਕਾਰਜ-ਪਾਲਿਕਾ ਵੀ ਕਿਹਾ ਜਾਂਦਾ ਹੈ।

> ਵਿਦਿਆਰਥੀਓ ਆਪ ਨੂੰ ਯਾਦ ਹੈ ਕਿ ਡਾ. ਰਾਜਿੰਦਰ ਪ੍ਰਸਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਸਨ
> ਅਤੇ ਉਹ ਦੋ ਵਾਰ ਰਾਸ਼ਟਰਪਤੀ ਚੁਣੇ ਗਏ

**1. ਵਿਧਾਨਕ ਸ਼ਕਤੀਆਂ—**1. ਭਾਰਤ ਦਾ ਰਾਸ਼ਟਰਪਤੀ ਮੰਤਰੀ ਮੰਡਲ ਨੂੰ ਕਿਸੇ ਅਹਿਮ ਵਿਸ਼ੇ ਬਾਰੇ ਕਾਨੂੰਨ ਬਣਾਉਣ ਲਈ ਕਹਿ ਸਕਦਾ ਹੈ। ਅਜਿਹੇ ਵਿਸ਼ੇ 'ਤੇ ਮੰਤਰੀ ਮੰਡਲ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਪੈਂਦਾ ਹੈ।

2. ਨਵੀਂ ਚੁਣੀ ਹੋਈ ਲੋਕ ਸਭਾ ਦੇ ਪਹਿਲੇ ਸਮਾਗਮ ਨੂੰ ਰਾਸ਼ਟਰਪਤੀ ਦੁਆਰਾ ਸੰਬੋਧਨ ਕੀਤਾ ਜਾਂਦਾ ਹੈ।

ਭਾਰਤ ਦਾ ਰਾਸ਼ਟਰਪਤੀ ਸੰਸਦ ਦੇ ਦੋਨਾਂ ਸਦਨਾ ਦਾ ਇਕੱਠਾ ਸਮਾਗਮ ਵੀ ਬੁਲਾ ਸਕਦਾ ਹੈ।

3. ਸੰਸਦ ਦੁਆਰਾ ਪਾਸ ਕੀਤਾ ਬਿੱਲ ਉਦੋਂ ਤੱਕ ਕਾਨੂੰਨ ਦਾ ਰੂਪ ਧਾਰਨ ਨਹੀਂ ਕਰ ਸਕਦਾ ਜਦੋਂ ਤੱਕ ਉਸ ਉੱਤੇ ਰਾਸ਼ਟਰਪਤੀ ਦੁਆਰਾ ਦਸਤਖ਼ਤ ਨਾ ਕੀਤੇ ਜਾਣ।

**2. ਕਾਰਜਕਾਰੀ ਸ਼ਕਤੀਆਂ—**ਰਾਸ਼ਟਰਪਤੀ ਪ੍ਰਧਾਨ-ਮੰਤਰੀ ਤੇ ਉਸ ਦੇ ਸਾਥੀ ਮੰਤਰੀਆਂ ਦੀ ਨਿਯੁਕਤੀ ਕਰਦਾ ਹੈ ਤੇ ਉਹਨਾਂ ਨੂੰ ਅਹੁਦੇ ਦੀ ਸਹੁੰ ਚੁਕਾਉਂਦਾ ਹੈ।

ਰਾਸ਼ਟਰਪਤੀ ਵਿਦੇਸ਼ਾਂ ਵਿੱਚ ਭੇਜੇ ਜਾਣ ਵਾਲੇ ਰਾਜਦੂਤਾਂ ਦੀਆਂ ਨਿਯੁਕਤੀਆਂ ਕਰਦਾ ਹੈ। ਬਾਹਰਲੇ ਦੇਸਾਂ ਦੇ ਰਾਜਦੂਤਾਂ ਦੀ ਭਾਰਤ ਵਿੱਚ ਨਿਯੁਕਤੀ ਨੂੰ ਪ੍ਰਵਾਨਗੀ ਦਿੰਦਾ ਹੈ। ਦੇਸ ਦੇ ਸਾਰੇ ਉੱਚੇ ਅਹੁਦਿਆਂ ਦੀਆਂ ਨਿਯੁਕਤੀਆਂ ਰਾਸ਼ਟਰਪਤੀ ਦੁਆਰਾ ਕੀਤੀਆਂ ਜਾਂਦੀਆਂ ਹਨ। ਕਮਿਸ਼ਨਾਂ ਦੇ ਚੇਅਰਮੈਨ ਤੇ ਮੈਂਬਰਾਂ ਦੀਆਂ ਨਿਯੁਕਤੀਆਂ ਰਾਸ਼ਟਰਪਤੀ ਦੁਆਰਾ ਕੀਤੀਆਂ ਜਾਂਦੀਆਂ ਹਨ ਜਿਵੇਂ ਸੰਘ ਲੋਕ ਸੇਵਾ ਅਯੋਗ, ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ, ਚੋਣ ਕਮਿਸ਼ਨ, ਇਸਤਰੀ ਤੇ ਬਾਲ ਭਲਾਈ ਕਮਿਸ਼ਨ, ਵਿੱਤ ਕਮਿਸ਼ਨ, ਅਨੁਸੂਚਿਤ ਜਾਤੀ ਤੇ ਕਬੀਲਿਆਂ ਲਈ ਕਮਿਸ਼ਨ ਆਦਿ ਦੇ ਚੇਅਰਮੈਨ ਤੇ ਮੈਂਬਰਾਂ ਦੀਆਂ ਨਿਯੁਕਤੀਆਂ ਰਾਸ਼ਟਰਪਤੀ ਦੁਆਰਾ ਕੀਤੀਆਂ ਜਾਂਦੀਆਂ ਹਨ। ਸਰਕਾਰ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਜਨਰਲ, ਕੰਪਟਰੋਲਰ ਤੇ ਐਡੀਟਰ ਜਨਰਲ, ਸੁਪਰੀਮ ਕੋਰਟ ਤੇ ਉੱਚ ਅਦਾਲਤਾਂ ਦੇ ਜੱਜਾਂ ਦੀਆਂ ਨਿਯੁਕਤੀਆਂ ਰਾਸ਼ਟਰਪਤੀ ਦੁਆਰਾ ਕੀਤੀਆਂ ਜਾਂਦੀਆਂ ਹਨ।

**3. ਵਿੱਤੀ ਸ਼ਕਤੀਆਂ—**ਰਾਸ਼ਟਰਪਤੀ ਸਲਾਨਾ ਵਿੱਤੀ ਬਿੱਲ (ਬਜਟ), ਵਿੱਤ ਮੰਤਰੀ ਦੁਆਰਾ ਲੋਕ ਸਭਾ ਵਿੱਚ ਪੇਸ਼ ਕਰਵਾਉਂਦਾ ਹੈ। ਧਨ ਬਿੱਲ ਲੋਕ ਸਭਾ ਵਿਚ ਪੇਸ਼ ਕਰਨ ਤੋਂ ਪਹਿਲਾਂ ਰਾਸ਼ਟਰਪਤੀ ਦੀ ਅਗੇਤਰੀ ਪ੍ਰਵਾਨਗੀ ਜ਼ਰੂਰੀ ਹੈ।

**4. ਨਿਆਇਕ ਸ਼ਕਤੀਆਂ—**ਸੰਵਿਧਾਨ ਦੁਆਰਾ ਰਾਸ਼ਟਰਪਤੀ ਨੂੰ ਕੁਝ ਨਿਆਇਕ ਸ਼ਕਤੀਆਂ ਵੀ ਦਿੱਤੀਆਂ ਗਈਆਂ ਹਨ। ਭਾਰਤ ਦਾ ਰਾਸ਼ਟਰਪਤੀ ਕਿਸੇ ਵੀ ਅਪਰਾਧੀ ਦੀ ਸਜ਼ਾ ਨੂੰ ਘੱਟ ਜਾਂ ਮੁਆਫ਼ ਕਰ ਸਕਦਾ ਹੈ। ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਸਕਦਾ ਹੈ।

5. **ਸੰਕਟਕਾਲੀਨ ਸ਼ਕਤੀਆਂ—**ਭਾਰਤੀ ਰਾਸ਼ਟਰਪਤੀ ਨੂੰ ਸੰਕਟਕਾਲ ਨੂੰ ਨਜਿੱਠਣ ਲਈ ਵਿਸ਼ੇਸ਼ ਸ਼ਕਤੀਆਂ ਪ੍ਰਾਪਤ ਹਨ। ਸੰਕਟਕਾਲੀਨ ਹਾਲਾਤ ਹੇਠ ਲਿਖੇ ਅਨੁਸਾਰ ਹਨ।

* ਰਾਸ਼ਟਰੀ ਸੰਕਟਕਾਲ (ਅਨੁਛੇਦ 352)
* ਸੰਵਿਧਾਨਕ ਮਸ਼ੀਨਰੀ ਫੇਲ ਹੋਣ ਦਾ ਸੰਕਟ (ਅਨੁਛੇਦ 356)
* ਵਿਤੀ ਸੰਕਟ (ਅਨੁਛੇਦ 360)

ਭਾਰਤੀ ਰਾਸ਼ਟਰਪਤੀ ਨੂੰ 2 ਮੈਂਬਰ ਐਂਗਲੋ-ਇੰਡੀਅਨ ਜਾਤੀ ਦੇ ਲੋਕਾਂ ਨੂੰ ਲੋਕ ਸਭਾ ਵਿਚ ਨਾਮਜ਼ਦ ਕਰਨ ਦਾ ਅਧਿਕਾਰ ਹੈ। ਇਸੇ ਤਰ੍ਹਾਂ ਰਾਸ਼ਟਪਤੀ ਰਾਜ ਸਭਾ ਵਿਚ 12 ਮੈਂਬਰ ਜੋ ਵਿਗਿਆਨ, ਕਲਾ, ਸਾਹਿਤ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਖਾਸ ਭੂਮਿਕਾ ਨਿਭਾਉਣ ਵਾਲੇ ਵਿਅਕਤੀਆਂ ਨੂੰ ਨਾਮਜ਼ਦ ਕਰ ਸਕਦਾ ਹੈ।



ਰਾਸ਼ਟਰਪਤੀ ਭਵਨ

ਭਾਰਤ ਦੇ ਰਾਸ਼ਟਰਪਤੀ ਨੂੰ ਰਹਿਣ ਲਈ ਮੁਫ਼ਤ ਨਿਵਾਸ ਸਥਾਨ ਅਤੇ ਸੰਸਦ ਦੁਆਰਾ ਸਮੇਂ-ਸਮੇਂ 'ਤੇ ਪਾਸ ਕੀਤੇ ਕਾਨੂੰਨ ਰਾਹੀਂ ਤਨਖ਼ਾਹ ਤੇ ਭੱਤੇ ਮਿਲਦੇ ਹਨ। ਰਾਸ਼ਟਰਪਤੀ ਦੀ ਤਨਖ਼ਾਹ ਤੇ ਭੱਤਿਆਂ ਨੂੰ ਉਸ ਦੇ ਕਾਰਜਕਾਲ ਦੌਰਾਨ ਘਟਾਇਆ ਨਹੀਂ ਜਾ ਸਕਦਾ। ਰਾਸ਼ਟਰਪਤੀ ਦੇ ਨਿਵਾਸ ਸਥਾਨ ਨੂੰ ਰਾਸ਼ਟਰਪਤੀ ਭਵਨ ਕਿਹਾ ਜਾਂਦਾ ਹੈ ਜੋ ਕਿ ਭਾਰਤ ਦੀ ਰਾਜਧਾਨੀ ਦਿੱਲੀ ਵਿਖੇ ਹੈ।

ਭਾਰਤ ਦੇ ਰਾਸ਼ਟਰਪਤੀ ਜੋ 1950 ਤੋਂ ਵਰਤਮਾਨ ਸਮੇਂ ਤੱਕ ਹਨ, ਦੀ ਸੂਚੀ ਤਿਆਰ ਕਰਕੇ ਕਾਪੀਆਂ 'ਤੇ ਲਗਾਓ ਅਤੇ ਇਹ ਵੀ ਜਾਨਣ ਦੀ ਕੋਸ਼ਿਸ਼ ਕਰੋ ਕਿ ਕੌਣ ਇਸ ਅਹੁਦੇ 'ਤੇ ਦੋ ਵਾਰ ਰਾਸ਼ਟਰਪਤੀ ਰਹੇ ਹਨ।

**ਮੰਤਰੀ ਪ੍ਰੀਸ਼ਦ —** ਭਾਰਤ ਨੇ ਅਜ਼ਾਦੀ ਤੋਂ ਬਾਅਦ ਸੰਸਦੀ ਪ੍ਰਨਾਲ਼ੀ ਨੂੰ ਅਪਣਾਇਆ ਹੈ। ਸੰਸਦੀ ਪ੍ਰਨਾਲ਼ੀ ਵਿੱਚ ਰਾਸ਼ਟਰਪਤੀ ਨਾਂ-ਮਾਤਰ ਦੀ ਕਾਰਜ-ਪਾਲਿਕਾ ਹੁੰਦਾ ਹੈ। ਅਸਲੀ ਕਾਰਜਕਾਰੀ ਸ਼ਕਤੀਆਂ ਦੀ ਵਰਤੋਂ ਮੰਤਰੀ ਪ੍ਰੀਸ਼ਦ ਦੁਆਰਾ ਕੀਤੀ ਜਾਂਦੀ ਹੈ ਜਿਸ ਦਾ ਪ੍ਰਧਾਨ-ਮੰਤਰੀ ਮੁਖੀ ਹੁੰਦਾ ਹੈ। ਸਾਡੇ ਸੰਵਿਧਾਨ ਦੇ ਅਨੁਛੇਦ 74 (1) ਅਨੁਸਾਰ ਰਾਸ਼ਟਰਪਤੀ ਦੇ ਕੰਮਾਂ ਵਿੱਚ ਸਹਾਇਤਾ ਕਰਨ ਤੇ ਰਾਸ਼ਟਰਪਤੀ ਨੂੰ ਸਲਾਹ ਦੇਣ ਲਈ ਇੱਕ ਮੰਤਰੀ ਪ੍ਰੀਸ਼ਦ ਦੀ ਵਿਵਸਥਾ ਕੀਤੀ ਗਈ ਹੈ। ਰਾਸ਼ਟਰਪਤੀ ਪ੍ਰਧਾਨ-ਮੰਤਰੀ ਦੀ ਸਲਾਹ ਨਾਲ਼ ਕੰਮ ਕਰੇਗਾ। ਮੰਤਰੀ ਪ੍ਰੀਸ਼ਦ ਵਿੱਚ ਤਿੰਨ ਤਰ੍ਹਾਂ ਦੇ ਮੰਤਰੀ ਹੋਣਗੇ।

**(ੳ) ਕੈਬਨਿਟ ਮੰਤਰੀ —** ਕੈਬਨਿਟ ਮੰਤਰੀ, ਮੰਤਰੀ ਪ੍ਰੀਸ਼ਦ ਵਿੱਚ ਸਭ ਤੋਂ ਮਹੱਤਵਪੂਰਨ ਮੰਤਰੀ ਹੁੰਦੇ ਹਨ। ਇਹ ਵਿਭਾਗਾਂ ਦੇ ਮੁਖੀ ਹੁੰਦੇ ਹਨ। ਪ੍ਰਧਾਨ ਮੰਤਰੀ ਵੀ ਕੈਬਨਿਟ ਮਨਿਸਟਰ ਹੀ ਹੁੰਦਾ ਹੈ। ਕੈਬਨਿਟ ਜਾਂ ਮੰਤਰੀ ਮੰਡਲ ਜਿਸ ਦਾ ਪ੍ਰਧਾਨ ਮੰਤਰੀ ਮੁਖੀ ਹੁੰਦਾ ਹੈ ਦੇਸ ਲਈ ਨੀਤੀ ਬਣਾਉਣ ਵਾਲੀ ਅਸਲੀ ਸੰਸਥਾ ਹੁੰਦੀ ਹੈ। ਕੈਬਨਿਟ ਦੀਆਂ ਮੀਟਿੰਗਾਂ ਵਿੱਚ ਕੇਵਲ ਕੈਬਨਿਟ ਮੰਤਰੀ ਹੀ ਭਾਗ ਲੈ ਸਕਦੇ ਹਨ। ਕੈਬਨਿਟ ਮੰਤਰੀਆਂ ਦਾ ਰੁਤਬਾ ਉੱਚਾ ਹੁੰਦਾ ਹੈ।

**(ਅ) ਰਾਜ ਮੰਤਰੀ —** ਰਾਜ ਮੰਤਰੀਆਂ ਦਾ ਰੁਤਬਾ ਕੈਬਨਿਟ ਮੰਤਰੀਆਂ ਤੋਂ ਹੇਠਾਂ ਹੁੰਦਾ ਹੈ। ਇਹਨਾਂ ਨੂੰ ਵਿਭਾਗਾਂ ਦਾ ਸੁਤੰਤਰ ਚਾਰਜ ਦਿੱਤਾ ਵੀ ਜਾ ਸਕਦਾ ਹੈ ਜਾਂ ਨਹੀਂ ਵੀ ਦਿੱਤਾ ਜਾ ਸਕਦਾ। ਰਾਜ ਮੰਤਰੀ ਕੇਵਲ ਉਦੋਂ ਹੀ ਕੈਬਨਿਟ ਦੀਆਂ ਮੀਟਿੰਗਾਂ ਵਿੱਚ ਭਾਗ ਲੈ ਸਕਦੇ ਹਨ ਜਦੋਂ ਉਸ ਨੂੰ ਮੀਟਿੰਗ ਵਿੱਚ ਭਾਗ ਲੈਣ ਲਈ ਬੁਲਾਇਆ ਗਿਆ ਹੋਵੇ।

(ੲ) ਡਿਪਟੀ ਮੰਤਰੀ (ਉਪ ਮੰਤਰੀ) — ਮੰਤਰੀ ਪ੍ਰੀਸ਼ਦ ਵਿੱਚ ਡਿਪਟੀ ਜਾਂ ਉਪ ਮੰਤਰੀ ਤੀਜੇ ਨੰਬਰ 'ਤੇ ਆਉਂਦੇ ਹਨ। ਉਪ ਮੰਤਰੀ ਕੈਬਨਿਟ ਮੰਤਰੀਆਂ ਦੀ, ਵਿਭਾਗਾਂ ਦੇ ਕੰਮਾਂ ਵਿੱਚ ਮਦਦ ਕਰਦੇ ਹਨ। ਉਪ ਮੰਤਰੀ ਕਦੀ ਵੀ ਕੈਬਨਿਟ ਦੀਆਂ ਮੀਟਿੰਗਾਂ ਵਿੱਚ ਭਾਗ ਨਹੀਂ ਲੈ ਸਕਦੇ ਨਾ ਹੀ ਇਹਨਾਂ ਨੂੰ ਕਿਸੇ ਵਿਭਾਗ ਦਾ ਸੁਤੰਤਰ ਕੰਮ ਦਿੱਤਾ ਜਾਂਦਾ ਹੈ। ਮੰਤਰੀਆਂ ਦੀ ਤਨਖ਼ਾਹ ਅਤੇ ਭੱਤੇ ਸਮੇਂ-ਸਮੇਂ 'ਤੇ ਸੰਸਦ ਦੁਆਰਾ ਤੈਅ ਕੀਤੇ ਜਾਂਦੇ ਹਨ।

(ਸ) ਸੰਸਦੀ ਸਕੱਤਰ — **ਸੰਸਦੀ ਸਕੱਤਰ ਮੰਤਰੀ ਨਹੀਂ ਹੁੰਦੇ ਇਨ੍ਹਾਂ ਦਾ ਕੰਮ ਵਿਭਾਗ ਦੇ ਮੰਤਰੀਆਂ ਦੇ ਕੰਮਾਂ ਵਿੱਚ ਸਹਾਇਤਾ ਕਰਨਾ ਹੁੰਦਾ ਹੈ।**

**ਵਿਦਿਆਰਥੀਓ**—ਯਾਦ ਰੱਖਣਾ ਕਿ ਸਾਰੇ ਮੰਤਰੀ, ਮੰਤਰੀ ਪਰਿਸ਼ਦ ਦੇ ਮੈਂਬਰ ਹੁੰਦੇ ਹਨ ਪਰ ਉਹਨਾਂ ਵਿੱਚੋਂ ਕੁਝ ਖ਼ਾਸ ਮੰਤਰੀ ਹੀ ਮੰਤਰੀ ਮੰਡਲ ਦੇ ਮੈਂਬਰ ਹੁੰਦੇ ਹਨ।


### ਮੰਤਰੀਆਂ ਦੀ ਨਿਯੁਕਤੀ —

1. ਲੋਕ ਸਭਾ ਦੀਆਂ ਚੋਣਾਂ ਤੋਂ ਬਾਅਦ ਬਹੁਮਤ ਪ੍ਰਾਪਤ ਕਰਨ ਵਾਲ਼ੀ ਪਾਰਟੀ ਆਪਣਾ ਇੱਕ ਨੇਤਾ ਚੁਣਦੀ ਹੈ। ਇਸ ਨੇਤਾ ਨੂੰ ਰਾਸ਼ਟਰਪਤੀ ਦੁਆਰਾ ਪ੍ਰਧਾਨ-ਮੰਤਰੀ ਦੇ ਅਹੁਦੇ ਦੀ ਸਹੁੰ ਚੁਕਾਈ ਜਾਂਦੀ ਹੈ। ਇਸ ਤੋਂ ਬਾਅਦ ਪ੍ਰਧਾਨ-ਮੰਤਰੀ ਆਪਣੇ ਸਾਥੀ ਮੰਤਰੀਆਂ ਦੀ ਸੂਚੀ ਰਾਸ਼ਟਰਪਤੀ ਨੂੰ ਸੌਂਪਦਾ ਹੈ। ਰਾਸ਼ਟਰਪਤੀ ਇਹਨਾਂ ਮੰਤਰੀਆਂ ਨੂੰ ਅਹੁਦੇ ਦੀ ਸਹੁੰ ਚੁਕਾਉਂਦਾ ਹੈ।
2. ਮੰਤਰੀ ਬਣਨ ਲਈ ਸੰਸਦ ਦੇ ਕਿਸੇ ਵੀ ਸਦਨ ਦਾ ਮੈਂਬਰ ਹੋਣਾ ਜ਼ਰੂਰੀ ਹੈ। ਪ੍ਰਧਾਨ-ਮੰਤਰੀ ਦੁਆਰਾ ਅਜਿਹੇ ਵਿਅਕਤੀ ਨੂੰ ਮੰਤਰੀ ਪਦ ਸੌਂਪਣ ਲਈ ਰਾਸ਼ਟਰਪਤੀ ਨੂੰ ਸਿਫ਼ਾਰਸ਼ ਕੀਤੀ ਜਾ ਸਕਦੀ ਹੈ ਜੋ ਸੰਸਦ ਦੇ ਕਿਸੇ ਵੀ ਸਦਨ ਦਾ ਮੈਂਬਰ ਨਹੀਂ ਪਰ ਅਜਿਹਾ ਵਿਅਕਤੀ 6 ਮਹੀਨੇ ਤੱਕ ਆਪਣੇ ਅਹੁਦੇ 'ਤੇ ਰਹਿ ਸਕਦਾ ਹੈ। 6 ਮਹੀਨੇ ਦੇ ਅੰਦਰ-ਅੰਦਰ ਉਸ ਨੂੰ ਸੰਸਦ ਦੇ ਕਿਸੇ ਨਾ ਕਿਸੇ ਸਦਨ ਦੀ ਮੈਂਬਰੀ ਪ੍ਰਾਪਤ ਕਰਨੀ ਪਵੇਗੀ। ਜੇਕਰ ਉਹ ਅਜਿਹਾ ਕਰਨ ਵਿੱਚ ਅਸਫ਼ਲ ਹੁੰਦਾ ਹੈ ਤਾਂ ਉਸ ਨੂੰ ਮੰਤਰੀ ਪਦ ਤੋਂ ਅਸਤੀਫ਼ਾ ਦੇਣਾ ਪਵੇਗਾ।
3. ਪ੍ਰਧਾਨ-ਮੰਤਰੀ ਵੱਲੋਂ ਅਸਤੀਫ਼ਾ ਦੇਣ 'ਤੇ (ਜਾਂ ਉਸਦੀ ਮੌਤ ਹੋ ਜਾਣ 'ਤੇ) ਮੰਤਰੀ ਮੰਡਲ ਭੰਗ ਹੋ ਜਾਂਦਾ ਹੈ।

**ਗਤੀਵਿਧੀ :** ਆਪਣੇ ਅਧਿਆਪਕ ਦੀ ਸਹਾਇਤਾ ਨਾਲ਼ 14 ਵੀਂ ਅਤੇ 15ਵੀਂ ਲੋਕ ਸਭਾ ਵਿੱਚ ਅਜਿਹੇ ਮੰਤਰੀਆਂ ਦੇ ਨਾਂ ਜਾਣਨ ਦੀ ਕੋਸ਼ਿਸ਼ ਕਰੋ ਜੋ ਮੰਤਰੀ ਅਹੁਦਾ ਗ੍ਰਹਿਣ ਕਰਨ ਵੇਲੇ ਸੰਸਦ ਦੇ ਮੈਂਬਰ ਨਹੀਂ ਸਨ ਪਰ 6 ਮਹੀਨੇ ਦੇ ਅੰਦਰ ਲੋਕ ਸਭਾ/ ਰਾਜ ਸਭਾ ਦੇ ਮੈਂਬਰ ਬਣੇ।

ਮੰਤਰੀ ਪ੍ਰੀਸ਼ਦ ਦੀ ਸਮੂਹਿਕ ਜ਼ਿੰਮੇਵਾਰੀ — ਮੰਤਰੀ ਪ੍ਰੀਸ਼ਦ ਦੇ ਸਾਰੇ ਮੈਂਬਰ ਲੋਕ ਸਭਾ ਪ੍ਰਤੀ ਉੱਤਰਦਾਈ ਹੁੰਦੇ ਹਨ। ਜੇਕਰ ਲੋਕ ਸਭਾ ਕਿਸੇ ਇੱਕ ਮੰਤਰੀ ਵਿਰੁੱਧ ਨਿੰਦਾ ਪ੍ਰਸਤਾਵ ਪਾਸ ਕਰ ਦੇਵੇ ਤਾਂ ਸਾਰੇ ਮੰਤਰੀ ਪ੍ਰੀਸ਼ਦ ਨੂੰ ਅਸਤੀਫ਼ਾ ਦੇਣਾ ਪੈਂਦਾ ਹੈ। ਜੇਕਰ ਕਿਸੇ ਇੱਕ ਵਿਭਾਗ ਲਈ ਮੰਤਰੀ ਪ੍ਰੀਸ਼ਦ ਵਿੱਚ ਨੀਤੀ ਤੈਅ ਹੁੰਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਵੀ ਸਾਰੇ ਮੰਤਰੀ ਪ੍ਰੀਸ਼ਦ ਦੀ ਹੁੰਦੀ ਹੈ।

ਮੰਤਰੀਆਂ ਦੀ ਵਿਅਕਤੀਗਤ ਜ਼ਿੰਮੇਵਾਰੀ — ਹਰ ਇੱਕ ਮੰਤਰੀ ਵਿਅਕਤੀਗਤ ਤੌਰ 'ਤੇ ਆਪਣੇ ਵਿਭਾਗ ਲਈ ਵੀ ਜ਼ਿੰਮੇਵਾਰ ਹੁੰਦਾ ਹੈ। ਜੇਕਰ ਕਿਸੇ ਵਿਭਾਗ ਦਾ ਕੰਮ ਠੀਕ ਨਾ ਚੱਲ ਰਿਹਾ ਹੋਵੇ ਤਾਂ ਪ੍ਰਧਾਨ-ਮੰਤਰੀ ਅਜਿਹੇ ਮੰਤਰੀ ਤੋਂ ਅਸਤੀਫ਼ੇ ਦੀ ਮੰਗ ਕਰ ਸਕਦਾ ਹੈ। ਜੇਕਰ ਉਹ ਅਸਤੀਫ਼ਾ ਨਹੀਂ ਦਿੰਦਾ ਤਾਂ ਪ੍ਰਧਾਨ-ਮੰਤਰੀ ਰਾਸ਼ਟਰਪਤੀ ਨੂੰ ਕਹਿ ਕੇ ਉਸ ਮੰਤਰੀ ਨੂੰ ਬਰਖ਼ਾਸਤ ਕਰਵਾ ਦਿੰਦਾ ਹੈ।



**ਪ੍ਰਧਾਨ-ਮੰਤਰੀ —** ਪ੍ਰਧਾਨ-ਮੰਤਰੀ ਸੰਸਦੀ ਸਰਕਾਰ ਵਿੱਚ ਦੇਸ ਦਾ ਅਸਲੀ ਸ਼ਾਸਕ ਹੁੰਦਾ ਹੈ। ਸਾਰਾ ਦੇਸ ਉਸ ਵੱਲ ਦੇਖਦਾ ਹੈ। ਪ੍ਰਧਾਨ-ਮੰਤਰੀ ਨੂੰ ਕੌਮ ਦਾ ਨੇਤਾ ਵੀ ਕਿਹਾ ਜਾਂਦਾ ਹੈ। ਅਸਲ ਵਿੱਚ ਦੇਸ ਦੇ ਵੋਟਰ ਪਾਰਟੀ ਦੀ ਚੋਣ ਨਹੀਂ ਕਰਦੇ ਸਗੋਂ ਪ੍ਰਧਾਨ ਮੰਤਰੀ ਦੀ ਹੀ ਚੋਣ ਕਰਦੇ ਹਨ। ਲੋਕ ਸਭਾ ਦੀਆਂ ਚੋਣਾਂ ਤੋਂ ਬਾਅਦ ਜਿਸ ਦਲ ਨੂੰ ਬਹੁਮਤ ਪ੍ਰਾਪਤ ਹੁੰਦਾ ਹੈ ਉਸ ਦਲ ਦੇ ਨੇਤਾ ਨੂੰ ਰਾਸ਼ਟਰਪਤੀ ਦੁਆਰਾ ਪ੍ਰਧਾਨ ਮੰਤਰੀ ਬਣਾਇਆ ਜਾਂਦਾ ਹੈ। ਬਹੁਮਤ ਪਾਰਟੀ ਦਾ ਨੇਤਾ ਹੋਣ ਕਰਕੇ ਪ੍ਰਧਾਨ-ਮੰਤਰੀ ਲੋਕ ਸਭਾ ਦਾ ਵੀ ਨੇਤਾ ਹੁੰਦਾ ਹੈ। ਗਠਬੰਧਨ ਜਾਂ ਮਿਲੀ-ਜੁਲੀ ਸਰਕਾਰ ਵਿੱਚ ਕਈ ਦਲ ਰਲ਼ ਕੇ ਆਪਣੇ ਨੇਤਾ ਚੁਣਦੇ ਹਨ। ਇਸ ਨੇਤਾ ਨੂੰ ਰਾਸ਼ਟਰਪਤੀ ਦੁਆਰਾ ਪ੍ਰਧਾਨ-ਮੰਤਰੀ ਬਣਾਇਆ ਜਾਂਦਾ ਹੈ।

> ਵਿਦਿਆਰਥੀਓ ਕੀ ਆਪ ਨੂੰ ਪਤਾ ਹੈ ਕਿ ਪੰਡਿਤ ਜਵਾਹਰ ਨਾਲ ਨਹਿਰੂ ਸੁਤੰਤਰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸਨ।

**ਸ਼ਕਤੀਆਂ —**

1. ਪ੍ਰਧਾਨ-ਮੰਤਰੀ ਮੰਤਰੀ ਪ੍ਰੀਸ਼ਦ ਦਾ ਨਿਰਮਾਣ ਕਰਦਾ ਹੈ।
2. ਮੰਤਰੀਆਂ ਵਿੱਚ ਵਿਭਾਗਾਂ ਦੀ ਵੰਡ ਕਰਦਾ ਹੈ।
3. ਮੰਤਰੀਆਂ ਦੇ ਵਿਭਾਗਾਂ ਵਿੱਚ ਤਾਲਮੇਲ ਪੈਦਾ ਕਰਦਾ ਹੈ। ਮੰਤਰੀਆਂ ਦੇ ਵਿਭਾਗਾਂ ਸੰਬੰਧੀ ਆਪਸੀ ਗਤੀਰੋਧ ਨੂੰ ਦੂਰ ਕਰਦਾ ਹੈ।
4. ਪ੍ਰਧਾਨ-ਮੰਤਰੀ, ਮੰਤਰੀਆਂ ਦੀ ਵਿਭਾਗਾਂ ਵਿੱਚ ਅਦਲਾ-ਬਦਲੀ ਵੀ ਕਰ ਸਕਦਾ ਹੈ।
5. ਪ੍ਰਧਾਨ-ਮੰਤਰੀ ਕਿਸੇ ਵੀ ਮੰਤਰੀ ਤੋਂ ਅਸਤੀਫ਼ੇ ਦੀ ਮੰਗ ਕਰ ਸਕਦਾ ਹੈ।
6. ਮੰਤਰੀ ਪ੍ਰੀਸ਼ਦ ਦਾ ਪੁਨਰਗਠਨ ਵੀ ਕਰ ਸਕਦਾ ਹੈ।
7. ਰਾਸ਼ਟਰਪਤੀ ਤੇ ਮੰਤਰੀ ਮੰਡਲ ਵਿਚਕਾਰ ਕੜੀ ਦਾ ਕੰਮ ਕਰਦਾ ਹੈ। ਮੰਤਰੀ ਮੰਡਲ ਦੇ ਫ਼ੈਸਲਿਆਂ ਤੋਂ ਰਾਸ਼ਟਰਪਤੀ ਨੂੰ ਜਾਣੂ ਕਰਵਾਉਂਦਾ ਹੈ। ਪ੍ਰਧਾਨ-ਮੰਤਰੀ ਦੀ ਆਗਿਆ ਤੋਂ ਬਿਨਾਂ ਕੋਈ ਵੀ ਮੰਤਰੀ ਆਪਣੇ ਵਿਭਾਗ ਸੰਬੰਧੀ ਗੱਲਬਾਤ ਕਰਨ ਲਈ ਰਾਸ਼ਟਰਪਤੀ ਨੂੰ ਨਹੀਂ ਮਿਲ਼ ਸਕਦਾ।
8. ਪ੍ਰਧਾਨ-ਮੰਤਰੀ ਮੰਤਰੀ ਮੰਡਲ ਦੀਆਂ ਬੈਠਕਾਂ ਦਾ ਏਜੰਡਾ ਤਿਆਰ ਕਰਦਾ ਹੈ ਤੇ ਬੈਠਕਾਂ ਦੀ ਪ੍ਰਧਾਨਗੀ ਕਰਦਾ ਹੈ।
9. ਪ੍ਰਧਾਨ-ਮੰਤਰੀ ਰਾਸ਼ਟਰਪਤੀ ਨੂੰ ਸਲਾਹ ਦੇ ਕੇ ਲੋਕ ਸਭਾ ਨੂੰ ਭੰਗ ਕਰਵਾ ਸਕਦਾ ਹੈ।

ਪ੍ਰਧਾਨ-ਮੰਤਰੀ ਦੀਆਂ ਸ਼ਕਤੀਆਂ ਨੂੰ ਦੇਖ ਕੇ ਇੰਞ ਲੱਗਦਾ ਹੈ ਕਿ ਦੇਸ ਦਾ ਸ਼ਾਸਨ ਇੱਕ ਵਿਅਕਤੀ ਦੁਆਰਾ ਚਲਾਇਆ ਜਾ ਰਿਹਾ ਹੈ। ਕਈ ਆਲੋਚਕ ਇਹ ਵੀ ਕਹਿੰਦੇ ਹਨ ਕਿ ਸੰਸਦੀ ਸਰਕਾਰ ਦਾ ਨਾਂ ਬਦਲ ਕੇ ਪ੍ਰਧਾਨ-ਮੰਤਰੀ ਸਰਕਾਰ ਰੱਖ ਦਿੱਤਾ ਜਾਵੇ। ਪਰ ਅਜਿਹਾ ਨਹੀਂ ਹੈ। ਪ੍ਰਧਾਨ-ਮੰਤਰੀ ਆਪਣੀਆਂ ਸ਼ਕਤੀਆਂ ਦੀ ਵਰਤੋਂ ਸੰਵਿਧਾਨ ਦੇ ਦਾਇਰੇ ਅੰਦਰ ਰਹਿ ਕੇ ਹੀ ਕਰਦਾ ਹੈ। ਪ੍ਰਧਾਨ-ਮੰਤਰੀ ਨੂੰ ਸਹੁੰ ਚੁਕਣ ਵੇਲ਼ੇ ਸੰਵਿਧਾਨ ਦੀ ਪਾਲਣਾ ਕਰਨ ਦੀ ਸਹੁੰ ਚੁੱਕਣੀ ਪੈਂਦੀ ਹੈ। ਜੇਕਰ ਕੋਈ ਪ੍ਰਧਾਨ-ਮੰਤਰੀ ਆਪਣੀਆਂ ਸ਼ਕਤੀਆਂ ਦੀ ਗ਼ਲਤ ਵਰਤੋਂ ਕਰਦਾ ਹੈ ਤਾਂ ਉਸ ਨੂੰ ਲੋਕ ਰਾਇ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਪ੍ਰਧਾਨ-ਮੰਤਰੀ ਤੇ ਮੰਤਰੀ ਮੰਡਲ ਲੋਕ ਰਾਇ ਦੀ ਉਲੰਘਣਾ ਕਰਨ ਦਾ ਹੌਸਲਾ ਨਹੀਂ ਕਰ ਸਕਦੇ, ਪਰ ਸਹੀ ਲੋਕ ਰਾਇ ਬਣਾਉਣ ਲਈ ਚੇਤੰਨ ਤੇ ਪੜ੍ਹੇ-ਲਿਖੇ ਨਾਗਰਿਕ ਹੋਣੇ ਜ਼ਰੂਰੀ ਹਨ। ਜਿੰਨੀ ਨਾਗਰਿਕਾਂ ਵਿੱਚ ਚੇਤਨਤਾ ਆਵੇਗੀ ਓਨਾ ਹੀ ਲੋਕਤੰਤਰ ਸਫ਼ਲ ਹੋਵੇਗਾ।

## ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

- **ਖ਼ਾਲੀ ਥਾਂਵਾਂ ਭਰੋ :**

  1. ................. ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਕਰਦਾ ਹੈ।
  2. ਭਾਰਤੀ ਰਾਸ਼ਟਰਪਤੀ ਆਪਣੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ................. ਦੀ ਸਲਾਹ ਨਾਲ ਕਰਦਾ ਹੈ।

- **ਬਹੁਵਿਕਲਪੀ ਪ੍ਰਸ਼ਨ :**

  1. ਭਾਰਤ ਵਿਚ ਕਾਨੂੰਨ ਨਿਰਮਾਣ ਦੀ ਆਖਰੀ ਸ਼ਕਤੀ ਕਿਸ ਕੋਲ਼ ਹੈ?

     1. ਮੰਤਰੀ ਮੰਡਲ 2. ਪਾਰਲੀਮੈਂਟ

     3. ਲੋਕ ਸਭਾ 4. ਰਾਸ਼ਟਰਪਤੀ

  2. ਮੰਤਰੀ ਮੰਡਲ ਦੀ ਮੀਟਿੰਗਾਂ ਦੀ ਪ੍ਰਧਾਨਗੀ ਕੌਣ ਕਰਦਾ ਹੈ?

     1. ਰਾਸ਼ਟਰਪਤੀ 2. ਰਾਜਪਾਲ

     3. ਪ੍ਰਧਾਨ ਮੰਤਰੀ 4. ਪਾਰਟੀ ਦਾ ਮੁਖੀ

- **ਠੀਕ/ਗ਼ਲਤ ਦੱਸੋ :**

  1. ਪ੍ਰਧਾਨ ਮੰਤਰੀ ਦੇਸ ਦਾ ਸੰਵਿਧਾਨਕ ਮੁਖੀ ਹੁੰਦਾ ਹੈ। (√ / ×).
  2. ਭਾਰਤੀ ਸੰਸਦ ਵਿੱਚ ਲੋਕ-ਸਭਾ, ਰਾਜ-ਸਭਾ ਤੇ ਰਾਸ਼ਟਰਪਤੀ ਸ਼ਾਮਲ ਹਨ। (√ / ×)

### 2. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ:

1. ਭਾਰਤ ਵਿੱਚ ਕੇਂਦਰ ਅਤੇ ਰਾਜਾਂ ਵਿੱਚ ਕਿਹੜੀ ਸ਼ਾਸਨ ਪ੍ਰਨਾਲ਼ੀ ਅਪਣਾਈ ਗਈ ਹੈ ?
2. ਸੰਸਦੀ ਪ੍ਰਣਾਲ਼ੀ ਵਿੱਚ ਦੇਸ ਦੀ ਅਸਲੀ ਕਾਰਜ-ਪਾਲਿਕਾ ਕੌਣ ਹੁੰਦਾ ਹੈ ?
3. ਭਾਰਤ ਵਿੱਚ ਨਾਂ-ਮਾਤਰ ਦੀ ਕਾਰਜ-ਪਾਲਿਕਾ ਕਿਹੜੀ ਹੈ ?
4. ਰਾਸ਼ਟਰਪਤੀ ਚੋਣ ਵਿੱਚ ਕੌਣ-ਕੌਣ ਭਾਗ ਲੈਂਦਾ ਹੈ ?
5. ਸੰਸਦੀ ਪ੍ਰਨਾਲ਼ੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦੱਸੋ।
6. ਭਾਰਤ ਵਿੱਚ ਸੰਸਦ ਦੇ ਹੇਠਲੇ ਸਦਨ ਨੂੰ ਕੀ ਕਹਿੰਦੇ ਹਨ ?
7. ਰਾਜ-ਸਭਾ ਵਿੱਚ ਰਾਸ਼ਟਰਪਤੀ ਕਿੰਨੇ ਮੈਂਬਰ ਨਾਮਜ਼ਦ ਕਰਦਾ ਹੈ ?
8. ਰਾਜ-ਸਭਾ ਦੇ ਮੈਂਬਰ ਦਾ ਕਾਰਜ-ਕਾਲ ਕਿੰਨਾ ਹੁੰਦਾ ਹੈ ?
9. ਕੈਨੇਡਾ ਤੇ ਆਸਟ੍ਰੇਲੀਆ ਵਿੱਚ ਦੇਸ ਦੇ ਮੁਖੀ ਦੇ ਅਹੁਦੇ ਦਾ ਕੀ ਨਾਂ ਹੈ ?
10. ਪ੍ਰਧਾਨ-ਮੰਤਰੀ ਤੇ ਮੰਤਰੀਆਂ ਨੂੰ ਅਹੁਦੇ ਦੀ ਸਹੁੰ ਕੌਣ ਚੁਕਾਉਂਦਾ ਹੈ ?
11. ਮੰਤਰੀ ਮੰਡਲ ਦੀਆਂ ਬੈਠਕਾਂ ਦੀ ਪ੍ਰਧਾਨਗੀ ਕੌਣ ਕਰਦਾ ਹੈ ?

12. ਕਾਰਜ-ਪਾਲਿਕਾ ਤੇ ਵਿਧਾਨ-ਪਾਲਿਕਾ ਦੇ ਆਪਸੀ ਸੰਬੰਧਾਂ ਦੇ ਆਧਾਰ 'ਤੇ ਸ਼ਾਸਨ ਪ੍ਰਨਾਲ਼ੀ ਦੇ ਕਿਹੜੇ ਦੋ ਰੂਪ ਹੁੰਦੇ ਹਨ ?
13. ਸੰਸਦੀ ਸ਼ਾਸਨ ਪ੍ਰਨਾਲ਼ੀ ਕਿਹੜੇ ਦੇਸ ਤੋਂ ਲਈ ਗਈ ਹੈ ?
14. ਇੰਗਲੈਂਡ ਵਿੱਚ ਸੰਸਦ ਦੇ ਹੇਠਲੇ ਤੇ ਉਪਰਲੇ ਸਦਨ ਨੂੰ ਕੀ ਕਹਿੰਦੇ ਹਨ ?

### 3. ਛੋਟੇ ਉੱਤਰਾਂ ਵਾਲੇ ਪ੍ਰਸ਼ਨ:

1. ਪ੍ਰਧਾਨ ਮੰਤਰੀ ਦੀ ਨਿਯੁਕਤੀ ਕਿਵੇਂ ਹੁੰਦੀ ਹੈ ?
2. ਮੰਤਰੀਆਂ ਦੀ ਸਮੂਹਿਕ ਜਿੰਮੇਵਾਰੀ ਤੋਂ ਕੀ ਭਾਵ ਹੈ ?
3. ਵਿਧਾਨ-ਪਾਲਿਕਾ ਮੰਤਰੀਆਂ 'ਤੇ ਕਿਹੜੇ ਢੰਗਾਂ ਨਾਲ ਨਿਯੰਤਰਨ ਰੱਖਦੀ ਹੈ ?
4. ਪ੍ਰਧਾਨ ਮੰਤਰੀ ਦੇ ਕੋਈ ਤਿੰਨ ਕੰਮਾਂ ਦਾ ਸੰਖੇਪ ਵਿੱਚ ਵਰਨਣ ਕਰੋ।
5. ਲੋਕ ਸਭਾ ਦੀ ਬਣਤਰ ਤੇ ਨੋਟ ਲਿਖੋ।
6. ਰਾਜ ਸਭਾ ਦੇ ਮੈਂਬਰਾਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ ?
7. ਰਾਸ਼ਟਰਪਤੀ ਦੀਆਂ ਕੋਈ ਚਾਰ ਸ਼ਕਤੀਆਂ ਲਿਖੋ।
8. ਮੰਤਰੀ ਪ੍ਰੀਸ਼ਦ ਦੇ ਗਠਨ 'ਤੇ ਨੋਟ ਲਿਖੋ।

### 4. ਵੱਡੇ ਉੱਤਰ ਵਾਲੇ ਪ੍ਰਸ਼ਨ :

1. ਰਾਜ-ਸਭਾ ਦੀ ਬਣਤਰ ਤੇ ਨੋਟ ਲਿਖੋ।
2. ਸੰਸਦੀ ਸ਼ਾਸਨ ਪ੍ਰਨਾਲ਼ੀ ਵਿੱਚ ਪ੍ਰਧਾਨ ਮੰਤਰੀ ਦੀ ਅਗਵਾਈ 'ਤੇ ਇੱਕ ਨੋਟ ਲਿਖੋ।
3. ਰਾਸ਼ਟਰਪਤੀ ਚੁਣੇ ਜਾਣ ਲਈ ਯੋਗਤਾਵਾ, ਚੋਣ ਅਤੇ ਕਾਰਜਕਾਲ ਦਾ ਸੰਖੇਪ ਵਰਨਣ ਕਰੋ।
4. ਮੰਤਰੀ ਪ੍ਰੀਸ਼ਦ ਦੀ ਸਮੂਹਿਕ ਜਿੰਮੇਵਾਰੀ ਅਤੇ ਵਿਅਕਤੀਗਤ ਜਿੰਮੇਵਾਰੀ ਤੋਂ ਕੀ ਭਾਵ ਹੈ? ਵਿਆਖਿਆ ਕਰੋ।

**ਗਤੀਵਿਧੀ**

ਸੰਸਦ ਦੇ ਚੱਲ ਰਹੇ ਸਮਾਗਮ ਦੌਰਾਨ ਟੈਲੀਵੀਜ਼ਨ ਤੇ ਦਿਖਾਈ ਜਾਂਦੀ ਕਾਰਵਾਈ ਨੂੰ ਦੇਖੋ ਤੇ ਪਤਾ ਕਰੋ ਕਿ ਕਿਸ-ਕਿਸ ਵਿਸ਼ੇ 'ਤੇ ਬਹਿਸ ਚੱਲ ਰਹੀ ਹੈ?
— ਸਪੀਕਰ ਦੀਆਂ ਕਿਹੜੀਆਂ-ਕਿਹੜੀਆਂ ਸ਼ਕਤੀਆਂ ਹਨ?
— ਵਿਰੋਧੀ ਪਾਰਟੀਆਂ ਕੀ ਭੂਮਿਕਾ ਨਿਭਾਉਂਦੀਆਂ ਹਨ?

*****

# ਇਕਾਈ -6



I. ਲੋਕਤੰਤਰ ਅਤੇ ਚੋਣ ਰਾਜਨੀਤੀ

II. ਸੰਵਿਧਾਨ ਅਧੀਨ ਨਾਗਰਿਕਾਂ ਦੇ ਮੌਲਿਕ ਅਧਿਕਾਰ

# ਪਾਠ 13

# ਲੋਕਤੰਤਰ ਅਤੇ ਚੋਣ ਰਾਜਨੀਤੀ

**ਸਕੂਲ ਦੀ ਅੱਧੀ ਛੁੱਟੀ ਦਾ ਸਮਾਂ : ਖਾਣਾ ਖਾਣ ਉਪਰੰਤ ਆਪਸੀ ਚਰਚਾ ਕਰ ਰਹੇ ਵਿਦਿਆਰਥੀ :**

ਮਨਦੀਪ : (ਬਾਰ੍ਹਵੀਂ ਜਮਾਤ) ਦੋਸਤੋ ਇੱਕ ਨਵੀਂ ਗੱਲ ਸੁਣੋ – ਮੈਂ ਵੀ ਬਣ ਸਕਦਾ ਹਾਂ, ਇਸ ਵਾਰ ਮਤਦਾਤਾ।

ਦਿਲਾਵਰ : (ਖ਼ੁਸ਼ੀ ਨਾਲ ਮਨਦੀਪ ਨੂੰ) ਅੱਛਾ ਕਿਵੇਂ ਤੇ ਕਦੋਂ ?

ਮਨਦੀਪ : ਮੈਂ 18 ਸਾਲ ਦੀ ਉਮਰ ਅਗਲੇ ਮਹੀਨੇ ਪੂਰੀ ਕਰਾਂਗਾ ਤੇ ਆਪਣੀ ਵੋਟ ਪਾ ਸਕਾਂਗਾ।

ਸੰਦੀਪ : ਪਰ ਮੈਂ 18 ਸਾਲ ਦੀ ਉਮਰ ਨਵੰਬਰ ਵਿੱਚ ਪੂਰੀ ਕਰਾਂਗਾ (ਸੰਦੀਪ ਨੇ ਜ਼ੋਰ ਨਾਲ ਕਿਹਾ)।


ਮਨਦੀਪ : (ਖ਼ੁਸ਼ੀ ਨਾਲ) ਵਾਹ ਬਈ ਵਾਹ, ਫਿਰ ਤਾਂ ਤੂੰ ਵੀ ਬਣ ਗਿਆ ਵੋਟਰ।

ਸੁਨੀਲ : (ਨੌਵੀਂ ਦਾ ਵਿਦਿਆਰਥੀ) ਵੀਰ, ਪਰ ਮੈਨੂੰ ਨਹੀਂ ਲਗਦਾ ਕਿ ਉਮਰ ਪੂਰੀ ਕਰਨ 'ਤੇ ਹੀ ਤੁਸੀਂ ਵੋਟ ਪਾਉਣ ਦੇ ਹੱਕਦਾਰ ਬਣ ਜਾਓਗੇ। ਹੋਰ ਵੀ ਸ਼ਰਤਾਂ ਪੂਰੀਆਂ ਕਰਨੀਆਂ ਤੇ ਕਾਗਜ਼ ਬਣਾਉਣੇ ਪੈਂਦੇ ਹਨ ?

ਭੁਪਿੰਦਰ : (ਹੈਰਾਨੀ ਨਾਲ਼) ਕਿਹੜੇ ਕਾਗਜ਼ ਤੇ ਕਿਵੇਂ ਬਣਾਏ ਜਾਣਗੇ ਉਹ ਕਾਗਜ਼ ?

ਮਨਦੀਪ : ਮੇਰੇ ਕਹਿਣ ਤੋਂ ਭਾਵ ਹੈ ਕਿ ਇੱਕ ਵੋਟਰ ਕਾਰਡ ਬਣਾਉਣ ਲਈ ਸਾਨੂੰ ਕੀ ਕਰਨਾ ਪਵੇਗਾ ? "ਕੌਣ ਇਹ ਵੋਟਰ ਕਾਰਡ ਬਣਾਏਗਾ ? ਆਓ ਅਸੀਂ ਆਪਣੇ ਅਧਿਆਪਕ ਤੋਂ ਪੁੱਛੀਏ," ਮਨਦੀਪ ਨੇ ਕਿਹਾ (ਇਕੱਠੇ ਹੋ ਕੇ ਆਪਣੇ ਅਧਿਆਪਕ ਕੋਲ਼ ਜਾਣਕਾਰੀ ਲਈ ਜਾਂਦੇ ਹਨ)।

**ਅਧਿਆਪਕ** — (ਸਾਰੀ ਗੱਲਬਾਤ ਸੁਣਦੇ ਹੋਏ) ਹਾਂ ਬਹੁਤ ਖ਼ੁਸ਼ੀ ਦੀ ਗੱਲ ਹੈ ਕਿ ਤੁਸੀਂ ਸੁਤੰਤਰ ਭਾਰਤ ਦੇ ਵੋਟਰ ਬਨਣ ਜਾ ਰਹੇ ਹੋ। ਦੇਸ ਦੀ ਰਾਜਨੀਤੀ ਵਿੱਚ ਤੁਹਾਡਾ ਵੀ ਹਿੱਸਾ ਹੋਵੇਗਾ, ਤੁਸੀਂ ਵੀ ਆਪਣੀ ਸਰਕਾਰ ਚੁਣਨ ਵਿੱਚ ਭਾਗੀਦਾਰ ਹੋਵੋਗੇ।




**ਵੋਟਰ ਕਾਰਡ** ਬਨਾਉਣ ਲਈ ਤੁਸੀਂ ਆਪਣੇ ਬੂਥ ਲੈਵਲ ਅਧਿਕਾਰੀ (B.L.O) ਕੋਲ਼ ਜਾਓਗੇ। ਇਹ ਕੰਮ ਚੋਣਾਂ ਤੋਂ ਪਹਿਲਾਂ ਜ਼ਰੂਰ ਦੁਹਰਾਇਆ ਜਾਂਦਾ ਹੈ। ਨਵੇਂ ਮਤਦਾਤਾ ਆਪਣਾ ਨਾਂ ਦਰਜ ਕਰਾਉਣਗੇ ਅਤੇ ਮਰ ਚੁੱਕੇ ਜਾਂ ਉੱਥੋਂ ਜਾ ਚੁੱਕੇ ਮਤਦਾਤਾਵਾਂ ਦੇ ਨਾਂ ਖਾਰਜ ਕੀਤੇ ਜਾਂਦੇ ਹਨ। ਇਸ ਲਈ ਆਪ ਜੀ ਨੂੰ ਵੋਟਰ ਕਾਰਡ ਬਣਾਉਣ ਲਈ ਹੇਠ ਲਿਖੇ ਦਸਤਾਵੇਜ਼ ਸੰਬੰਧਤ ਅਧਿਕਾਰੀ ਨੂੰ ਸੌਂਪਣੇ ਪੈਣਗੇ

1. ਜਨਮ ਮਿਤੀ ਦਾ ਸਬੂਤ
2. ਆਪਣੀ ਰਿਹਾਇਸ਼ ਦਾ ਸਬੂਤ
3. ਆਧਾਰ ਕਾਰਡ
4. ਪਾਸਪੋਰਟ ਸਾਈਜ਼ ਦੀ ਅਪਣੀ ਫੋਟੋ

ਸਾਰੀ ਕਾਰਵਾਈ ਤੋਂ ਬਾਅਦ ਸੰਬੰਧਿਤ ਅਧਿਕਾਰੀ ਤੁਹਾਡਾ ਵੋਟਰ ਕਾਰਡ ਆਪ ਨੂੰ ਸੌਂਪੇਗਾ।

ਸਾਰੇ ਵਿਦਿਆਰਥੀ, 'ਵਾਹ-ਜੀ-ਵਾਹ....ਬਣ ਗਏ ਅਸੀਂ ਭਾਰਤ ਦੇ ਮਤਦਾਤਾ।'

ਪਿਆਰੇ ਵਿਦਿਆਰਥੀਓ ਇਸ ਪਾਠ ਵਿੱਚ ਅਸੀਂ ਇਹਨਾਂ ਪ੍ਰਸ਼ਨਾਂ ਦਾ ਉੱਤਰ ਜਾਨਣ ਦੀ ਕੋਸ਼ਿਸ਼ ਕਰਾਂਗੇ।

* ਚੋਣਾਂ ਕੀ ਹਨ ?
* ਲੋਕਤੰਤਰ ਵਿੱਚ ਚੋਣਾਂ ਦੀ ਕੀ ਮਹੱਤਤਾ ਹੈ ?
* ਸੁਤੰਤਰ ਤੇ ਨਿਰਪੱਖ ਚੋਣ ਕਰਵਾਉਣ ਦੀ ਜ਼ਿੰਮੇਵਾਰੀ ਭਾਰਤੀ ਸੰਵਿਧਾਨ ਨੇ ਕਿਸ ਨੂੰ ਸੌਂਪੀ ਹੈ।
* ਚੋਣਾਂ ਵਿੱਚ ਰਾਜਨੀਤਿਕ ਦਲਾਂ ਦੀ ਕੀ ਭੂਮਿਕਾ ਹੈ ?
* ਚੋਣ ਪ੍ਰਕਿਰਿਆ ਦੇ ਕਿਹੜੇ-ਕਿਹੜੇ ਪੜਾਅ ਹਨ ?

ਪਿੰਡ, ਸ਼ਹਿਰ, ਰਾਜ ਤੇ ਦੇਸ ਦਾ ਪ੍ਰਸ਼ਾਸਨ ਚਲਾਉਣ ਲਈ ਕੁਝ ਨਿਰਨੇ ਲੈਣੇ ਪੈਂਦੇ ਹਨ। ਨਿਰਨੇ ਲੈਣ ਲਈ ਲੋਕਾਂ ਨੂੰ ਇਕੱਠੇ ਹੋ ਕੇ ਵਿਚਾਰ-ਵਟਾਂਦਰਾ ਕਰਨਾ ਪੈਂਦਾ ਹੈ। ਅਜੋਕੇ ਯੁੱਗ ਵਿੱਚ ਪਿੰਡ, ਸ਼ਹਿਰ ਤੇ ਦੇਸਾਂ ਦੀ ਅਬਾਦੀ ਬਹੁਤ ਵਧ ਚੁੱਕੀ ਹੈ। ਹੁਣ ਅਸੀਂ ਪਹਿਲਾਂ ਪਿੰਡ ਦੀ ਉਦਾਹਰਨ ਲੈਂਦੇ ਹਾਂ ਕਿ ਕੀ ਅਸੀਂ ਸਾਰੇ ਪਿੰਡ ਦੇ ਲੋਕਾਂ ਨੂੰ ਇੱਕ ਥਾਂ 'ਤੇ ਇਕੱਠੇ ਬਿਠਾ ਸਕਦੇ ਹਾਂ ? ਸਾਨੂੰ ਅਜਿਹਾ ਕਰਨ ਲਈ ਕਾਫ਼ੀ ਵੱਡੇ ਹਾਲ ਕਮਰੇ ਜਾਂ ਸ਼ਾਮਿਆਨੇ ਦਾ ਪ੍ਰਬੰਧ ਕਰਨਾ ਪਵੇਗਾ। ਸ਼ਹਿਰ ਦੀ ਅਬਾਦੀ ਪਿੰਡ ਤੋਂ ਜ਼ਿਆਦਾ ਹੁੰਦੀ ਹੈ। ਇਸ ਕਰਕੇ ਸ਼ਹਿਰ ਦੇ ਸਾਰੇ ਲੋਕਾਂ ਨੂੰ ਇਕੱਠੇ ਇੱਕ ਥਾਂ 'ਤੇ ਬਿਠਾਉਣਾ ਹੋਰ ਵੀ ਮੁਸ਼ਕਲ ਹੈ। ਇਸ ਕਰਕੇ ਪਿੰਡ ਤੇ ਸ਼ਹਿਰ ਦੀਆਂ ਸਮੱਸਿਆਵਾਂ ਦੇ ਹੱਲ ਲਈ ਫ਼ੈਸਲੇ ਲੈਣ ਦੀ ਜ਼ਿੰਮੇਵਾਰੀ ਸਥਾਨਿਕ ਸੰਸਥਾਵਾਂ ਦੇ ਚੁਣੇ ਹੋਏ ਪ੍ਰਤੀਨਿਧਾਂ ਨੂੰ ਦਿੱਤੀ ਜਾਂਦੀ ਹੈ। ਪਿੰਡਾਂ ਵਿੱਚ ਗ੍ਰਾਮ ਪੰਚਾਇਤ ਤੇ ਸ਼ਹਿਰਾਂ ਵਿੱਚ ਨਗਰ ਕੌਂਸਲਾਂ ਜਾਂ ਨਗਰਪਾਲਿਕਾ ਦੀ ਸਥਾਪਨਾ ਕੀਤੀ ਗਈ ਹੈ। ਇਸ ਤਰ੍ਹਾਂ ਰਾਜ ਦਾ ਪ੍ਰਸ਼ਾਸਨ ਚਲਾਉਣ ਲਈ ਰਾਜ ਵਿਧਾਨ ਸਭਾ ਤੇ ਪੂਰੇ ਦੇਸ ਨਾਲ ਸੰਬੰਧਿਤ ਮਸਲਿਆਂ ਦਾ ਪ੍ਰਬੰਧ ਚਲਾਉਣ ਲਈ ਲੋਕ ਸਭਾ ਤੇ ਰਾਜ ਸਭਾ ਦੀ ਵਿਵਸਥਾ ਕੀਤੀ ਗਈ ਹੈ। ਪੇਂਡੂ ਤੇ ਸ਼ਹਿਰੀ ਸਥਾਨਿਕ ਸੰਸਥਾਵਾਂ, ਵਿਧਾਨ ਸਭਾ ਤੇ ਲੋਕ ਸਭਾ ਵਿੱਚ ਲੋਕਾਂ ਦੁਆਰਾ ਪ੍ਰਤਿਨਿਧ ਚੁਣ ਲਏ ਜਾਂਦੇ ਹਨ ਜੋ ਚੁਣੇ ਜਾਣ ਤੋਂ ਬਾਅਦ ਦੇਸ ਦਾ ਪ੍ਰਸ਼ਾਸਨ ਚਲਾਉਂਦੇ ਹਨ। ਇਹਨਾਂ ਨੁਮਾਇੰਦਿਆਂ ਦੀ ਚੋਣ ਮਤਦਾਤਾਵਾਂ ਜਾਂ ਵੋਟਰਾਂ ਦੁਆਰਾ ਕੀਤੀ ਜਾਂਦੀ ਹੈ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਮਤਦਾਤਾ ਜਾਂ ਵੋਟਰ ਕੌਣ ਹਨ ? ਇਸ ਦਾ ਉੱਤਰ ਸਪਸ਼ਟ ਹੈ ਕਿ ਜਿਹੜੇ ਨਾਗਰਿਕ ਦੀ ਉਮਰ 18 ਸਾਲ ਹੋ ਜਾਂਦੀ ਹੈ ਉਸ ਨੂੰ ਵੋਟ ਦਾ ਅਧਿਕਾਰ ਮਿਲ਼ ਜਾਂਦਾ ਹੈ, ਜਿਸ ਨੂੰ ਮਤਦਾਤਾ ਜਾਂ ਵੋਟਰ ਕਿਹਾ ਜਾਂਦਾ ਹੈ। ਚੁਣੇ ਜਾਣ ਵਾਲ਼ੇ ਉਮੀਦਵਾਰਾਂ ਦੇ ਅਹੁਦਿਆਂ ਨੂੰ ਕੀ ਕਿਹਾ ਜਾਂਦਾ ਹੈ ? ਇਸ ਬਾਰੇ ਵੀ ਸਪਸ਼ਟ ਕਰਨਾ ਜ਼ਰੂਰੀ ਹੈ। ਗ੍ਰਾਮ ਪੰਚਾਇਤ ਲਈ ਚੁਣੇ ਜਾਣ ਵਾਲੇ ਉਮੀਦਵਾਰ ਨੂੰ ਪੰਚ, ਨਗਰਪਾਲਿਕਾਵਾਂ ਲਈ ਚੁਣੇ ਜਾਣ ਵਾਲੇ ਉਮੀਦਵਾਰਾਂ ਨੂੰ ਕੌਂਸਲਰ ਜਾਂ ਪਾਰਸ਼ਦ ਕਿਹਾ ਜਾਂਦਾ ਹੈ। ਵਿਧਾਨ ਸਭਾ ਲਈ ਚੁਣੇ ਜਾਣ ਵਾਲ਼ੇ ਉਮੀਦਵਾਰ ਨੂੰ ਐਮ.ਐਲ.ਏ. ਜਾਂ ਵਿਧਾਇਕ ਕਹਿੰਦੇ ਹਨ। ਜਿਹੜਾ ਉਮੀਦਵਾਰ ਲੋਕ ਸਭਾ ਜਾਂ ਰਾਜ ਸਭਾ ਲਈ ਚੁਣਿਆ ਜਾਂਦਾ ਹੈ, ਉਸ ਨੂੰ ਐਮ.ਪੀ. (ਮੈਂਬਰ ਪਾਰਲੀਮੈਂਟ) ਕਿਹਾ ਜਾਂਦਾ ਹੈ। ਅੱਜ-ਕੱਲ੍ਹ ਅਪ੍ਰੱਤਖ ਲੋਕਤੰਤਰ ਦਾ ਯੁੱਗ ਹੈ। ਕਿਉਂਕਿ ਰਾਜਾਂ ਦੀ ਅਬਾਦੀ ਕਰੋੜਾਂ ਵਿੱਚ ਪਹੁੰਚ ਚੁੱਕੀ ਹੈ। ਸਾਰੇ ਵਿਅਕਤੀਆਂ ਨੂੰ ਪ੍ਰਸ਼ਾਸਨ ਦੇ ਕੰਮਾਂ ਵਿੱਚ ਭਾਗੀਦਾਰ ਬਣਾਉਣਾ ਮੁਸ਼ਕਲ ਹੈ। ਇਸ ਲਈ ਲੋਕ ਆਪਣੇ ਪ੍ਰਤੀਨਿਧਾਂ ਦੀ ਚੋਣ ਕਰਦੇ ਹਨ। ਇਹ ਪ੍ਰਤੀਨਿਧ ਜਨਤਾ ਲਈ ਪ੍ਰਸ਼ਾਸਨ ਚਲਾਉਣ ਦਾ ਕੰਮ ਕਰਦੇ ਹਨ। ਇਸ ਲਈ ਚੋਣਾਂ ਅੱਜ ਦੇ ਲੋਕਤੰਤਰੀ ਯੁੱਗ ਵਿੱਚ ਬਹੁਤ ਜ਼ਰੂਰੀ ਹਨ।



**ਚੋਣਾਂ ਦਾ ਮਹੱਤਵ** - ਸਾਨੂੰ ਹੇਠ ਲਿਖੇ ਨੁਕਤਿਆਂ ਤੋਂ ਚੋਣਾਂ ਦੇ ਮਹੱਤਵ ਦਾ ਪਤਾ ਲੱਗਦਾ ਹੈ —

**1. ਰਾਜਨੀਤਿਕ ਸਿੱਖਿਆਵਾਂ ਦਾ ਮੰਚ —** ਚੋਣਾਂ ਲੋਕਤੰਤਰ ਦਾ ਇੱਕ ਵੱਡਾ ਤਿਉਹਾਰ ਹੁੰਦੀਆਂ ਹਨ। ਚੋਣਾਂ ਰਾਹੀਂ ਲੋਕਾਂ ਨੂੰ ਰਾਜਨੀਤਿਕ ਸਿੱਖਿਆ ਮਿਲਦੀ ਹੈ। ਚੋਣਾਂ ਰਾਹੀਂ ਨਾਗਰਿਕਾਂ ਨੂੰ ਪ੍ਰਸ਼ਾਸਨ ਦੇ ਕੰਮਾਂ ਵਿੱਚ ਭਾਗ ਲੈਣ ਦਾ ਮੌਕਾ ਮਿਲਦਾ ਹੈ। ਜਿਸ ਨਾਲ ਨਾਗਰਿਕਾਂ ਵਿੱਚ ਪ੍ਰਸ਼ਾਸਨ ਚਲਾਉਣ ਦਾ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ।

**2. ਵਿਅਕਤੀ ਦੇ ਮਾਣ ਵਿੱਚ ਵਾਧਾ —** ਚੋਣਾਂ ਦੌਰਾਨ ਹਰ ਵਿਅਕਤੀ ਆਪਣੇ ਆਪ ਨੂੰ ਨੇਤਾ ਸਮਝਦਾ ਹੈ। ਚੋਣਾਂ ਵਿਅਕਤੀ ਵਿੱਚ ਸ੍ਵੈ-ਸਤਿਕਾਰ ਦੀ ਭਾਵਨਾ ਪੈਦਾ ਕਰਦੀਆਂ ਹਨ। ਚੋਣਾਂ ਦੌਰਾਨ ਹਰ ਦਲ ਦੇ ਨੇਤਾ ਵੋਟਰਾਂ ਨੂੰ ਆਪਣੇ ਪੱਖ ਵਿੱਚ ਕਰਨ ਲਈ ਵੋਟਰਾਂ ਕੋਲ ਜਾਂਦੇ ਹਨ। ਚੋਣਾਂ ਵਿੱਚ ਜਦੋਂ ਉਸ ਦੀ ਪਸੰਦ ਦੇ ਉਮੀਦਵਾਰ ਜਿੱਤ ਹਾਸਲ ਕਰਦੇ ਹਨ ਤਾਂ ਉਹਨਾਂ ਨੂੰ ਹੋਰ ਵੀ ਫਖ਼ਰ ਮਹਿਸੂਸ ਹੁੰਦਾ ਹੈ।

**3. ਚੋਣਾਂ ਸਰਕਾਰ ਨੂੰ ਬੇਲਗ਼ਾਮ ਹੋਣ ਤੋਂ ਰੋਕਦੀਆਂ ਹਨ —** ਚੋਣਾਂ ਤੋਂ ਬਾਅਦ ਬਹੁਮਤ ਪ੍ਰਾਪਤ ਕਰਨ ਵਾਲੇ ਦਲ ਦੀ ਸਰਕਾਰ ਬਣਦੀ ਹੈ। ਜੇਕਰ ਚੁਣੀ ਹੋਈ ਸਰਕਾਰ ਲੋਕਾਂ ਦੀਆਂ ਇੱਛਾਵਾਂ ਅਨੁਸਾਰ ਪ੍ਰਸ਼ਾਸਨ ਨਹੀਂ ਚਲਾਉਂਦੀ ਜਾਂ ਲੋਕਾਂ ਦੇ ਕਲਿਆਣ ਤੋਂ ਮੂੰਹ ਮੋੜਦੀ ਹੈ ਜਾਂ ਆਪਣੀ ਮਨਮਾਨੀ ਕਰਦੀ ਹੈ ਤੇ ਪ੍ਰਸ਼ਾਸਨ ਵਿੱਚ ਭ੍ਰਿਸ਼ਟਾਚਾਰ ਫੈਲਾਉਂਦੀ ਹੈ ਤਾਂ ਲੋਕ ਅਜਿਹੀ ਸਰਕਾਰ ਨੂੰ ਅਗਲੀਆਂ ਚੋਣਾਂ ਵਿੱਚ ਹਰਾ ਦਿੰਦੇ ਹਨ। ਇਸ ਲਈ ਹਰ ਸਰਕਾਰ ਨੂੰ ਲੋਕਮੱਤ ਦਾ ਧਿਆਨ ਰੱਖਣਾ ਪੈਂਦਾ ਹੈ।

**4. ਸਰਕਾਰ ਨੂੰ ਬਦਲਣਾ ਸੌਖਾ ਹੈ —** ਚੋਣਾਂ ਨਾਲ ਬੜੇ ਸ਼ਾਂਤੀਪੂਰਵਕ ਢੰਗ ਨਾਲ ਸਰਕਾਰ ਨੂੰ ਬਦਲ ਦਿੱਤਾ ਜਾਂਦਾ ਹੈ। ਕੋਈ ਕ੍ਰਾਂਤੀ ਜਾਂ ਖ਼ੂਨ-ਖ਼ਰਾਬਾ ਨਹੀਂ ਹੁੰਦਾ। ਅਸੀਂ ਦੇਖਦੇ ਹਾਂ ਕਿ ਜਿਹੜੇ ਦੇਸਾਂ ਵਿੱਚ ਚੋਣਾਂ ਨਹੀਂ ਕਰਵਾਈਆਂ ਜਾਂਦੀਆਂ ਉਹਨਾਂ ਦੇਸਾਂ ਵਿੱਚ ਸਰਕਾਰ ਬਦਲਣ ਲਈ ਕ੍ਰਾਂਤੀਆਂ ਹੁੰਦੀਆਂ ਹਨ ਤੇ ਖ਼ੂਨ-ਖਰਾਬਾ ਹੁੰਦਾ ਹੈ। ਜਿਸ ਤਰ੍ਹਾਂ ਇਰਾਕ ਵਿੱਚ ਸੱਦਾਮ ਹੁਸੈਨ ਦੀ ਸਰਕਾਰ ਦਾ ਸੱਤਾ ਪਲਟਣ ਵੇਲੇ ਖ਼ੂਨ-ਖਰਾਬਾ ਹੋਇਆ ਸੀ। ਲੀਬੀਆ ਵਿੱਚ ਕਰਨਲ ਗੱਦਾਫ਼ੀ ਨੂੰ ਸੱਤਾ ਤੋਂ ਉਤਾਰਨ ਲਈ ਖ਼ੂਨ-ਖਰਾਬਾ ਹੋਇਆ। ਇਸ ਤਰ੍ਹਾਂ ਮਿਸਰ ਵਿੱਚ ਵੀ ਸਰਕਾਰ ਬਦਲਣ ਲਈ ਖ਼ੂਨ-ਖਰਾਬਾ ਹੋਇਆ।

**5. ਲੋਕਾਂ ਵੱਲੋਂ ਕਾਨੂੰਨਾਂ ਦੀ ਪਾਲਣਾ ਵਧੇਰੇ —** ਚੁਣੀ ਹੋਈ ਸਰਕਾਰ ਵਿੱਚ ਲੋਕ ਕਾਨੂੰਨਾਂ ਦੀ ਪਾਲਣਾ ਵਧੇਰੇ ਕਰਦੇ ਹਨ ਕਿਉਂਕਿ ਉਹਨਾਂ ਨੂੰ ਅਹਿਸਾਸ ਹੁੰਦਾ ਹੈ ਕਿ ਇਹ ਸਰਕਾਰ ਉਹਨਾਂ ਦੀ ਆਪਣੀ ਚੁਣੀ ਹੋਈ ਹੈ। ਪ੍ਰਸ਼ਾਸਨ ਵਿੱਚ ਉਹ ਆਪਣੀ ਭਾਗੀਦਾਰੀ ਨੂੰ ਮਹਿਸੂਸ ਕਰਦੇ ਹਨ।

**6. ਰਾਸ਼ਟਰੀ ਏਕਤਾ ਬਣੀ ਰਹਿੰਦੀ ਹੈ —** ਬਹੁਦਲੀ ਪ੍ਰਨਾਲੀ ਵਾਲੇ ਦੇਸਾਂ ਵਿੱਚ ਵੋਟਰਾਂ ਦੀ ਚੋਣ ਦਾ ਦਾਇਰਾ ਵਿਸ਼ਾਲ ਹੁੰਦਾ ਹੈ। ਲੋਕ ਆਪਣੀ-ਆਪਣੀ ਵਿਚਾਰਧਾਰਾ ਦੇ ਦਲ ਦੇ ਉਮੀਦਵਾਰਾਂ ਨੂੰ ਵੋਟ ਪਾਉਂਦੇ ਹਨ। ਉਹਨਾਂ ਨੂੰ ਆਪਣੀ-ਆਪਣੀ ਪਸੰਦ ਦੇ ਉਮੀਦਵਾਰ ਚੁਣਨ ਦਾ ਮੌਕਾ ਮਿਲਦਾ ਹੈ। ਜਿਸ ਕਰਕੇ ਲੋਕਾਂ ਵਿੱਚ ਕ੍ਰਾਂਤੀ ਦੀ ਸੰਭਾਵਨਾ ਘੱਟ ਰਹਿੰਦੀ ਹੈ। ਦੇਸ ਵਿੱਚ ਰਾਸ਼ਟਰੀ ਏਕਤਾ ਬਣੀ ਰਹਿੰਦੀ ਹੈ।

**7. ਚੋਣਾਂ ਸਮਾਜ ਵਿੱਚ ਸਮਾਨਤਾ ਲਿਆਉਂਦੀਆਂ ਹਨ —** ਭਾਰਤ ਵਿੱਚ ਹਰ ਨਾਗਰਿਕ ਨੂੰ ਨਿਰਧਾਰਿਤ ਉਮਰ (18 ਸਾਲ) 'ਤੇ ਪਹੁੰਚ ਕੇ ਵੋਟ ਦਾ ਅਧਿਕਾਰ ਮਿਲ ਜਾਂਦਾ ਹੈ। ਅਮੀਰ, ਗ਼ਰੀਬ, ਇਸਤਰੀ, ਮਰਦ, ਪੜ੍ਹਿਆ ਜਾਂ ਅਨਪੜ੍ਹ ਸਾਰਿਆਂ ਨੂੰ ਬਰਾਬਰ ਵੋਟ ਦਾ ਅਧਿਕਾਰ ਦਿੱਤਾ ਜਾਂਦਾ ਹੈ।

ਸਮਾਨਤਾ ਲੋਕਤੰਤਰ ਦਾ ਆਧਾਰ ਹੈ। ਸਾਡੇ ਸੰਵਿਧਾਨ ਵਿੱਚ ਇੱਕ ਬਾਲਗ, ਇੱਕ ਵੋਟ, ਇੱਕ ਕੀਮਤ ਦਾ ਸਿਧਾਂਤ ਲਾਗੂ ਕੀਤਾ ਗਿਆ ਹੈ। ਜਿਸ ਨਾਲ ਸਮਾਨਤਾ ਲਿਆਉਣ ਵਿੱਚ ਬਲ ਮਿਲਦਾ ਹੈ। ਲੋਕਤੰਤਰ ਦੇ ਸਮਾਨਤਾ ਦੇ ਸਿਧਾਂਤ ਦੀ ਪੂਰਤੀ ਹੁੰਦੀ ਹੈ।




ਚੋਣਾਂ ਸੰਬੰਧੀ ਮੁਢਲੀ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਅਸੀਂ ਸੁਤੰਤਰ ਤੇ ਨਿਰਪੱਖ ਚੋਣਾਂ ਦੀ ਗੱਲ ਕਰਾਂਗੇ। ਭਾਰਤ ਵਿੱਚ ਸੁਤੰਤਰ ਤੇ ਨਿਰਪੱਖ ਚੋਣਾਂ ਕਰਵਾਉਣ ਦੀ ਜ਼ਿੰਮੇਵਾਰੀ ਸੰਵਿਧਾਨਿਕ ਸੰਸਥਾ, ਚੋਣ

ਕਮਿਸ਼ਨ ਨੂੰ ਸੌਂਪੀ ਗਈ ਹੈ। ਭਾਰਤੀ ਚੋਣ ਪ੍ਰਣਾਲੀ ਅਤੇ ਨਿਰਪੱਖ ਤੇ ਸੁਤੰਤਰ ਚੋਣਾਂ ਕਰਵਾਉਣ ਲਈ ਸੰਵਿਧਾਨਿਕ ਸੰਸਥਾ ਚੋਣ ਕਮਿਸ਼ਨ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ।

## ਲੋਕਤੰਤਰ ਅਤੇ ਚੋਣ ਪ੍ਰਨਾਲ਼ੀ

ਨਿਯਮਤਕਾਲੀ ਚੋਣਾਂ ਸੰਸਦੀ ਲੋਕਤੰਤਰ ਦੀ ਜ਼ਰੂਰੀ ਵਿਸ਼ੇਸ਼ਤਾ ਹੈ। ਚੋਣਾਂ ਤੋਂ ਬਿਨਾਂ ਲੋਕਤੰਤਰ ਦੀ ਸਥਾਪਨਾ ਕਰਨਾ ਇੱਕ ਕਲਪਨਾ ਹੀ ਲੱਗਦੀ ਹੈ। ਲੋਕਤੰਤਰ ਦਾ ਮੂਲ ਆਧਾਰ ਨਾਗਰਿਕਾਂ ਨੂੰ ਆਪਣੀ ਇੱਛਾ ਅਨੁਸਾਰ ਆਪਣੇ ਉਮੀਦਵਾਰਾਂ ਦੀ ਚੋਣ ਕਰਨ ਦਾ ਅਧਿਕਾਰ ਦੇਣਾ ਹੈ। ਭਾਰਤ ਦੇ ਸੰਵਿਧਾਨ ਵਿੱਚ ਰਾਸ਼ਟਰਪਤੀ ਤੇ ਉਪ-ਰਾਸ਼ਟਰਪਤੀ ਦੀ ਚੋਣ ਸੰਬੰਧੀ ਸਪਸ਼ਟ ਵਿਵਸਥਾ ਕੀਤੀ ਗਈ ਹੈ। ਬਾਕੀ ਚੋਣਾਂ ਲਈ ਸੰਸਦ ਸਮੇਂ-ਸਮੇਂ 'ਤੇ ਵਿਵਸਥਾਵਾਂ ਕਰ ਸਕਦੀ ਹੈ। ਲੋਕ ਸਭਾ, ਵਿਧਾਨ ਸਭਾਵਾਂ, ਸਥਾਨਿਕ ਸੰਸਥਾਵਾਂ ਦੀਆਂ ਚੋਣਾਂ ਲਈ ਇਕਹਿਰੀ ਵੋਟਰ ਸੂਚੀ ਤਿਆਰ ਕੀਤੀ ਜਾਂਦੀ ਹੈ। ਖੇਤਰੀ ਪ੍ਰਤੀਨਿਧਤਾ ਦੇ ਆਧਾਰ 'ਤੇ ਉਮੀਦਵਾਰ ਨੂੰ ਸਾਰੇ ਧਰਮਾਂ ਤੇ ਵਰਗਾਂ ਦੇ ਲੋਕ ਮਿਲ਼ ਕੇ ਚੁਣਦੇ ਹਨ। ਕਿਸੇ ਵਿਸੇਸ਼ ਧਰਮ ਜਾਂ ਵਰਗ ਲਈ ਵੱਖਰਾ ਚੋਣ ਖੇਤਰ ਨਹੀਂ ਬਣਾਇਆ ਜਾਂਦਾ।

**ਵਿਦਿਆਰਥੀਓ**—ਭਾਰਤ ਵਿੱਚ ਪਹਿਲੀ ਲੋਕ ਸਭਾ ਦੀ ਚੋਣ 1952 ਵਿੱਚ ਹੋਈ ਅਤੇ 2014 ਵਿੱਚ 16ਵੀਂ ਲੋਕ ਸਭਾ ਚੁਣੀ ਗਈ।

## ਭਾਰਤੀ ਚੋਣ ਪ੍ਰਨਾਲ਼ੀ ਦੀਆਂ ਮੁੱਖ ਵਿਸ਼ੇਸ਼ਤਾਵਾਂ

1. ਚੋਣਾਂ ਬਾਲਗ ਮੱਤ ਅਧਿਕਾਰ ਦੇ ਆਧਾਰ 'ਤੇ ਕਰਵਾਈਆਂ ਜਾਂਦੀਆਂ ਹਨ। ਭਾਰਤ ਦਾ ਹਰ ਨਾਗਰਿਕ ਜਿਸ ਦੀ ਉਮਰ 18 ਸਾਲ ਹੋ ਜਾਂਦੀ ਹੈ, ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਕਰ ਲੈਂਦਾ ਹੈ।
2. ਚੋਣਾਂ ਖੇਤਰੀ ਪ੍ਰਤੀਨਿਧਤਾ ਦੇ ਆਧਾਰ 'ਤੇ ਕਰਵਾਈਆਂ ਜਾਂਦੀਆਂ ਹਨ। ਸਾਰੇ ਦੇਸ ਨੂੰ ਬਰਾਬਰ ਚੋਣ ਖੇਤਰਾਂ ਵਿੱਚ ਵੰਡ ਦਿੱਤਾ ਜਾਂਦਾ ਹੈ।
3. ਇਕਹਿਰਾ ਚੋਣ ਖੇਤਰ — ਇੱਕ ਚੋਣ ਖੇਤਰ ਵਿੱਚੋਂ ਇੱਕ ਹੀ ਉਮੀਦਵਾਰ ਚੁਣਿਆ ਜਾਂਦਾ ਹੈ।
4. ਚੁਣੇ ਜਾਣ ਲਈ ਸਧਾਰਨ ਬਹੁਮਤ ਪ੍ਰਾਪਤ ਕਰਨ ਦੀ ਵਿਵਸਥਾ ਹੈ। ਭਾਵ ਕਿ ਹੋਰਾਂ ਦੇ ਮੁਕਾਬਲੇ ਜਿਸ ਉਮੀਦਵਾਰ ਨੂੰ ਕੁੱਲ ਉੱਚਿਤ ਪਈਆਂ ਵੋਟਾਂ ਵਿੱਚੋਂ ਜ਼ਿਆਦਾ ਵੋਟਾਂ ਮਿਲ਼ਦੀਆਂ ਹਨ, ਨੂੰ ਜੇਤੂ ਕਰਾਰ ਦਿੱਤਾ ਜਾਂਦਾ ਹੈ।
5. ਲੋਕ ਸਭਾ, ਵਿਧਾਨ ਸਭਾਵਾਂ ਤੇ ਸਥਾਨਿਕ ਸੰਸਥਾਵਾਂ ਦੀਆਂ ਚੋਣਾਂ ਲਈ ਪ੍ਰਤੱਖ ਚੋਣ ਢੰਗ ਅਪਣਾਇਆ ਗਿਆ ਹੈ। ਪ੍ਰਤੱਖ ਚੋਣ ਢੰਗ ਦਾ ਭਾਵ ਹੈ ਕਿ ਮਤਦਾਤਾ ਸਿੱਧੇ ਤੌਰ 'ਤੇ ਪੋਲਿੰਗ ਬੂਥਾਂ 'ਤੇ ਜਾ ਕੇ ਆਪਣੀ ਪਸੰਦ ਦੇ ਉਮੀਦਵਾਰ ਨੂੰ ਵੋਟ ਪਾਉਂਦੇ ਹਨ। ਪਰ ਰਾਜ ਸਭਾ ਤੇ ਰਾਜਾਂ ਵਿੱਚ ਵਿਧਾਨ ਪ੍ਰੀਸ਼ਦਾਂ ਦੀਆਂ ਚੋਣਾਂ ਅਪ੍ਰਤੱਖ ਢੰਗ ਨਾਲ ਕਰਵਾਈਆਂ ਜਾਂਦੀਆਂ ਹਨ। ਰਾਸ਼ਟਰਪਤੀ ਤੇ ਉਪ-ਰਾਸ਼ਟਰਪਤੀ ਦੀ ਚੋਣ ਵੀ ਅਪ੍ਰਤੱਖ ਢੰਗ ਨਾਲ ਕਰਵਾਈ ਜਾਂਦੀ ਹੈ।
6. ਅਨੁਸੂਚਿਤ ਜਾਤੀ ਤੇ ਅਨੁਸੂਚਿਤ ਕਬੀਲੇ ਦੇ ਲੋਕਾਂ ਲਈ ਕੁਝ ਸੀਟਾਂ ਰਾਖਵੀਆਂ ਰੱਖਣ ਦੀ ਵਿਵਸਥਾ ਹੈ।
7. ਭਾਰਤ ਦਾ ਰਾਸ਼ਟਰਪਤੀ ਰਾਜ ਸਭਾ ਵਿੱਚ 12 ਤੇ ਲੋਕ ਸਭਾ ਵਿੱਚ 2 ਮੈਂਬਰ ਨਾਮਜ਼ਦ ਕਰ ਸਕਦਾ ਹੈ।
8. ਗੁਪਤ ਮਤਦਾਨ — ਭਾਰਤ ਵਿਚ ਵੋਟਰਾਂ ਨੂੰ ਆਪਣੀ ਵੋਟ ਦਾ ਗੁਪਤ ਰੂਪ ਵਿਚ ਵਰਤੋਂ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਇਸ ਲਈ ਮਤਦਾਨ ਕੇਂਦਰ ਵਿੱਚ ਵੋਟਰਾਂ ਨੂੰ ਪਰਦੇ ਅੰਦਰ ਵੋਟ ਪਾਉਣ ਦੀ ਵਿਵਸਥਾ ਕੀਤੀ ਜਾਂਦੀ ਹੈ ਤਾਂ ਕਿ ਕਿਸੇ ਹੋਰ ਵਿਅਕਤੀ ਨੂੰ ਵੋਟਰ ਦੀ ਪਸੰਦ ਦਾ ਪਤਾ ਨਾ ਲੱਗ ਸਕੇ।

**ਚੋਣਾਂ ਸੰਬੰਧੀ ਝਗੜਿਆਂ ਦਾ ਨਿਪਟਾਰਾ —** ਚੋਣਾਂ ਸੰਬੰਧੀ ਸਾਰੇ ਝਗੜੇ ਉਚ-ਅਦਾਲਤਾਂ ਦੁਆਰਾ ਨਜਿੱਠੇ ਜਾਂਦੇ ਹਨ। ਉੱਚ ਅਦਾਲਤਾਂ ਦੇ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਦੀ ਵਿਵਸਥਾ ਹੈ। ਪਰ ਰਾਸ਼ਟਰਪਤੀ ਤੇ ਉਪ-ਰਾਸ਼ਟਰਪਤੀ ਦੇ ਚੋਣਾਂ ਸੰਬੰਧੀ ਝਗੜੇ ਕੇਵਲ ਸਰਬ-ਉੱਚ ਅਦਾਲਤ ਦੁਆਰਾ ਹੀ ਨਜਿੱਠੇ ਜਾ ਸਕਦੇ ਹਨ।

**ਚੋਣ ਆਯੋਗ ਜਾਂ ਕਮਿਸ਼ਨ —** ਭਾਰਤੀ ਸੰਵਿਧਾਨ ਦੇ ਅਨੁਛੇਦ 324(1) ਦੇ ਅੰਤਰਗਤ ਭਾਰਤ ਵਿੱਚ ਨਿਰਪੱਖ ਤੇ ਸੁਤੰਤਰ ਚੋਣਾਂ ਕਰਵਾਉਣ ਲਈ ਭਾਰਤ ਦੇ ਸੰਵਿਧਾਨ ਵਿੱਚ ਇੱਕ ਸੰਵਿਧਾਨਿਕ ਸੰਸਥਾ ਦੀ ਸਥਾਪਨਾ ਕਰਨ ਦਾ

ਉਪਬੰਧ ਹੈ, ਜਿਸ ਨੂੰ ਕਿ ਚੋਣ ਆਯੋਗ ਜਾਂ ਚੋਣ ਕਮਿਸ਼ਨ ਕਿਹਾ ਜਾਂਦਾ ਹੈ। ਚੋਣ ਆਯੋਗ ਇੱਕ ਮੈਂਬਰੀ ਵੀ ਹੋ ਸਕਦਾ ਹੈ ਤੇ ਬਹੁ-ਮੈਂਬਰੀ ਵੀ। ਇਸ ਦੀ ਵਿਵਸਥਾ ਦਾ ਅਧਿਕਾਰ ਭਾਰਤ ਦੇ ਸੰਵਿਧਾਨ ਨੇ ਰਾਸ਼ਟਰਪਤੀ ਦੀ ਇੱਛਾ ਤੇ ਛੱਡ ਦਿੱਤਾ ਹੈ। ਮੌਜੂਦਾ ਚੋਣ ਆਯੋਗ ਬਹੁ-ਮੈਂਬਰੀ ਹੈ। ਇਸ ਵਿੱਚ ਇੱਕ ਮੁੱਖ ਚੋਣ ਕਮਿਸ਼ਨਰ ਤੇ ਦੋ ਡਿਪਟੀ ਚੋਣ ਕਮਿਸ਼ਨਰ ਹਨ। ਮੁੱਖ ਚੋਣ ਕਮਿਸ਼ਨਰ ਤੇ ਦੂਜੇ ਕਮਿਸ਼ਨਰਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਸੰਵਿਧਾਨ ਵਿੱਚ ਕਮਿਸ਼ਨ ਦੇ ਮੈਂਬਰਾਂ ਲਈ ਕੋਈ ਯੋਗਤਾਵਾਂ ਨਿਰਧਾਰਿਤ ਨਹੀਂ ਕੀਤੀਆਂ ਗਈਆਂ। ਪਰ ਆਮ ਤੌਰ 'ਤੇ ਅਜਿਹੇ ਵਿਅਕਤੀਆਂ ਨੂੰ ਚੋਣ ਆਯੋਗ ਦੇ ਮੈਂਬਰ ਬਣਾਇਆ ਜਾਂਦਾ ਹੈ ਜਿਨ੍ਹਾਂ ਨੂੰ ਕਾਫ਼ੀ ਲੰਮਾ ਪ੍ਰਸ਼ਾਸਕੀ ਤਜ਼ਰਬਾ ਹੁੰਦਾ ਹੈ। ਚੋਣ ਆਯੋਗ ਦੇ ਮੈਂਬਰ 6 ਸਾਲ ਲਈ ਜਾਂ 65 ਸਾਲ ਦੀ ਉਮਰ ਤੱਕ ਪਦਵੀ 'ਤੇ ਰਹਿੰਦੇ ਹਨ। ਭਾਰਤ ਦੇ ਮੁੱਖ ਚੋਣ ਕਮਿਸ਼ਨਰ ਨੂੰ ਮਿਆਦ ਤੋਂ ਪਹਿਲਾਂ ਤਾਂ ਹੀ ਹਟਾਇਆ ਜਾ ਸਕਦਾ ਹੈ ਜੇਕਰ ਸੰਸਦ ਦੇ ਦੋਵੇਂ ਸਦਨ ਉਸ ਵਿਰੁੱਧ ਦੋ ਤਿਹਾਈ ਬਹੁਮਤ ਨਾਲ ਦੋਸ਼ ਮਤਾ ਪਾਸ ਕਰਕੇ ਰਾਸ਼ਟਰਪਤੀ ਨੂੰ ਭੇਜਣ। ਦੋਸ਼ ਮਤਾ ਪ੍ਰਾਪਤ ਹੋਣ 'ਤੇ ਹੀ ਰਾਸ਼ਟਰਪਤੀ ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਹਟਾ ਸਕਦਾ ਹੈ। ਬਾਕੀ ਦੇ ਮੈਂਬਰਾਂ ਨੂੰ ਮੁੱਖ ਚੋਣ ਕਮਿਸ਼ਨਰ ਦੀ ਸਿਫ਼ਾਰਿਸ਼ 'ਤੇ ਰਾਸ਼ਟਰਪਤੀ ਦੁਆਰਾ ਹਟਾਇਆ ਜਾ ਸਕਦਾ ਹੈ।

**ਚੋਣ ਕਮਿਸ਼ਨ ਦੇ ਕੰਮ —**

1. ਲੋਕ ਸਭਾ, ਵਿਧਾਨ ਸਭਾਵਾਂ ਤੇ ਸਥਾਨਿਕ ਸੰਸਥਾਵਾਂ ਦੀਆਂ ਚੋਣਾਂ ਲਈ ਵੋਟਰ ਸੂਚੀਆਂ ਤਿਆਰ ਕਰਵਾਉਣੀਆਂ ਤੇ ਇਹਨਾਂ ਦੀ ਸੁਧਾਈ ਕਰਵਾਉਣੀ।
2. ਚੋਣਾਂ ਦਾ ਨਿਰਦੇਸ਼ਨ, ਨਿਯੰਤਰਨ ਤੇ ਨਿਗਰਾਨੀ ਕਰਨਾ।
3. ਚੋਣਾਂ ਲਈ ਸਮਾਂ ਸੂਚੀ ਤਿਆਰ ਕਰਨੀ ਤੇ ਚੋਣਾਂ ਕਰਾਉਣ ਲਈ ਚੋਣ ਮਿਤੀਆਂ ਦਾ ਐਲਾਨ ਕਰਨਾ, ਚੋਣਾਂ ਨਾਲ਼ ਸੰਬੰਧਿਤ ਆਮ ਨਿਯਮ ਬਣਾਉਣਾ, ਨਾਮਜ਼ਦਗੀ ਪੱਤਰ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ।
4. ਚੋਣਾਂ ਦੌਰਾਨ ਰਾਜਨੀਤਿਕ ਦਲਾਂ ਤੇ ਉਮੀਦਵਾਰਾਂ ਲਈ ਚੋਣ ਜ਼ਾਬਤਾ ਲਾਗੂ ਕਰਨਾ।
5. ਚੋਣ ਨਿਸ਼ਾਨ ਦੇਣੇ ਤੇ ਰਾਜਨੀਤਿਕ ਦਲਾਂ ਦੀ ਰਜਿਸਟ੍ਰੇਸ਼ਨ ਕਰਨੀ ਤੇ ਮਾਨਤਾ ਦੇਣੀ।
6. ਕਿਸੇ ਖ਼ਾਸ ਕਾਰਨ ਚੋਣ ਨੂੰ ਰੱਦ ਕਰਨਾ ਜਿਵੇਂ ਪੋਲਿੰਗ ਬੂਥਾਂ 'ਤੇ ਕਬਜ਼ਾ ਜਾਂ ਵੱਡੇ ਪੱਧਰ 'ਤੇ ਹਿੰਸਾ ਹੋ ਜਾਣ ਕਾਰਨ ਚੋਣ ਆਯੋਗ ਕਿਸੇ ਖਾਸ ਕਾਰਨ ਚੋਣਾਂ ਨੂੰ ਮੁਲਤਵੀ ਵੀ ਕਰ ਸਕਦਾ ਹੈ।
7. ਰਾਜਨੀਤਿਕ ਦਲਾਂ ਲਈ ਰੇਡੀਓ ਅਤੇ ਦੂਰਦਰਸ਼ਨ ਤੋਂ ਪ੍ਰਸਾਰਨ ਲਈ ਦਿਨ ਅਤੇ ਸਮਾਂ ਨਿਸਚਿਤ ਕਰਨਾ।
8. ਨਿਆਂਪਾਲਿਕਾ ਦੁਆਰਾ ਚੋਣ ਲੜਨ ਤੋਂ ਅਯੋਗ ਕਰਾਰ ਦਿੱਤੇ ਵਿਅਕਤੀਆਂ ਲਈ ਕੁਝ ਛੋਟਾਂ ਦੇਣਾ।

ਸੁਤੰਤਰ ਤੇ ਨਿਰਪੱਖ ਚੋਣਾਂ ਲੋਕਤੰਤਰ ਦਾ ਥੰਮ੍ਹ ਹਨ। ਸੁਤੰਤਰ ਤੇ ਨਿਰਪੱਖ ਚੋਣਾਂ ਤੋਂ ਭਾਵ ਮਤਦਾਤਾ ਕਿਸੇ ਵੀ ਤਰ੍ਹਾਂ ਦੇ ਡਰ ਜਾਂ ਦਬਾਓ ਤੋਂ ਮੁਕਤ ਹੋ ਕੇ ਆਪਣੇ ਮੱਤ ਅਧਿਕਾਰ ਦੀ ਵਰਤੋਂ ਕਰਨ। ਦੂਜਾ ਉਹ ਧਨ ਦੇ ਲਾਲਚ ਵਿੱਚ ਆ ਕੇ ਆਪਣੇ ਮੱਤ ਅਧਿਕਾਰ ਦੀ ਵਰਤੋਂ ਨਾ ਕਰਨ। ਸੁਤੰਤਰ ਤੇ ਨਿਰਪੱਖ ਚੋਣਾਂ ਕਰਵਾਉਣ ਲਈ ਭਾਰਤ ਦੇ ਚੋਣ ਆਯੋਗ ਨੇ ਅਹਿਮ ਭੂਮਿਕਾ ਨਿਭਾਈ ਹੈ। ਪਰ ਜਿੰਨਾ ਚਿਰ ਭਾਰਤ ਦਾ ਮਤਦਾਤਾ ਜਾਗਰੂਕ ਨਹੀਂ ਹੁੰਦਾ ਓਨਾ ਚਿਰ ਚੋਣਾਂ ਵਿੱਚ ਪਾਈਆਂ ਜਾਂਦੀਆਂ ਬੁਰਾਈਆਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ। ਇਹ ਠੀਕ ਹੈ ਕਿ ਸਰਕਾਰ ਨੇ ਕਈ ਚੋਣ ਸੁਧਾਰ ਕੀਤੇ ਹਨ ਜਿਵੇਂ ਦਲ ਬਦਲੀ ਐਕਟ ਅਧੀਨ ਦਲ ਬਦਲੀ ਦੀ ਪੂਰੀ ਤਰ੍ਹਾਂ ਮਨਾਹੀ ਕਰ ਦਿੱਤੀ ਗਈ ਹੈ। ਜੇਕਰ ਕੋਈ ਜਿੱਤਿਆ ਹੋਇਆ ਉਮੀਦਵਾਰ ਆਪਣਾ ਦਲ ਬਦਲਦਾ ਹੈ ਤਾਂ ਉਸ ਦੀ ਮੈਂਬਰਸ਼ਿਪ ਖ਼ਤਮ ਮੰਨੀ ਜਾਵੇਗੀ। ਪਰ ਦਲ ਬਦਲੀ ਅਜੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਚੱਲਿਤ ਹੈ। ਚੋਣਾਂ ਤੋਂ ਪਹਿਲਾਂ ਕਈ ਟਿਕਟ ਦੇ ਦਾਅਵੇਦਾਰ ਹੁੰਦੇ ਹਨ। ਜਿਨ੍ਹਾਂ ਵਿਅਕਤੀਆਂ ਨੂੰ ਪਾਰਟੀ ਵੱਲੋਂ ਟਿਕਟ ਨਹੀਂ ਮਿਲਦਾ ਉਹ ਦੂਸਰੇ ਰਾਜਨੀਤਿਕ ਦਲ ਵਿੱਚ ਜਾ ਮਿਲ਼ਦੇ ਹਨ। ਦੂਜੇ ਰਾਜਨੀਤਿਕ ਦਲ ਅਜਿਹੇ ਵਿਅਕਤੀਆਂ ਨੂੰ ਆਪਣੇ ਦਲ ਵਿੱਚ ਸ਼ਾਮਲ ਕਰ ਲੈਂਦੇ ਹਨ ਤੇ ਉਹਨਾਂ ਨੂੰ ਦਲ ਅੰਦਰ ਉੱਚੇ ਅਹੁਦੇ ਦਿੱਤੇ ਜਾਂਦੇ ਹਨ। ਜਦਕਿ ਉਸ ਦਲ ਵਿੱਚ ਲੰਬੇ ਸਮੇਂ ਤੋਂ ਕੰਮ ਕਰ ਰਹੇ ਵਿਅਕਤੀਆਂ ਨੂੰ ਅਣਗੌਲ਼ਿਆ ਕਰ ਦਿੱਤਾ ਜਾਂਦਾ ਹੈ। 1988 ਵਿੱਚ ਅਨੁਛੇਦ 326 ਤਹਿਤ 61ਵੀਂ ਸੋਧ ਦੁਆਰਾ ਮੱਤ ਅਧਿਕਾਰ ਪ੍ਰਾਪਤ ਕਰਨ ਲਈ ਘੱਟੋ-ਘੱਟ ਉਮਰ ਸੀਮਾ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿੱਤੀ ਗਈ ਹੈ। ਇਹ ਇਸ ਲਈ ਕੀਤਾ ਗਿਆ ਹੈ ਤਾਂ ਕਿ ਯੁਵਾ ਸ਼ਕਤੀ ਦੀ ਰਾਜਨੀਤਿਕ ਸਹਿਭਾਗਤਾ ਨੂੰ ਵਧਾਇਆ ਜਾ ਸਕੇ। ਇਸੇ ਸੋਧ ਅਧੀਨ ਈ.ਵੀ.ਐਮ ਮਸ਼ੀਨਾਂ ਦੀ ਵਰਤੋਂ ਕਰਨ ਦੀ ਵਿਵਸਥਾ ਕੀਤੀ ਗਈ ਹੈ। ਬੂਥ ਕੈਂਪਚਰਿੰਗ ਕਾਰਨ ਚੋਣਾਂ ਨੂੰ ਮੁਲਤਵੀ ਕਰਨ ਜਾਂ ਰੱਦ ਕਰਨ ਦੀ ਵਿਵਸਥਾ ਕੀਤੀ ਗਈ ਹੈ। ਬੂਥ ਕਬਜ਼ੇ ਵਿੱਚ ਹੇਠ ਲਿਖੇ ਅਪਰਾਧਾਂ ਨੂੰ ਸ਼ਾਮਲ ਕੀਤਾ ਗਿਆ ਹੈ। ਜਿਵੇਂ:-

(ੳ) ਪੋਲਿੰਗ ਬੂਥ ਨੂੰ ਇੱਕ ਵਿਅਕਤੀ ਜਾਂ ਇੱਕ ਤੋਂ ਵੱਧ ਵਿਅਕਤੀਆਂ ਦੁਆਰਾ ਘੇਰ ਲੈਣ 'ਤੇ ਪੋਲਿੰਗ ਅਮਲੇ ਨੂੰ ਆਤਮ ਸਮਰਪਣ ਕਰਨ ਲਈ ਕਹਿਣਾ।

E.V.M. ਮਸ਼ੀਨ ਦੇ ਨਾਲ V.V.P.A.T. ਦੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਵੋਟਰ ਆਪਣੀ ਵੋਟ ਦੀ ਸਨਾਖਤ ਕਰ ਸਕਦਾ ਹੈ।

(ਅ) ਪੋਲਿੰਗ ਬੂਥ 'ਤੇ ਕਬਜ਼ੇ ਕਰਕੇ ਸਿਰਫ਼ ਆਪਣੇ ਸਮਰਥਕਾਂ ਨੂੰ ਵੋਟ ਪਾਉਣ ਦੇਣਾ ਤੇ ਦੂਜੇ ਦਲਾਂ ਦੇ ਸਮਰਥਕਾਂ ਨੂੰ ਵੋਟ ਨਾ ਪਾਉਣ ਦੇਣਾ।

(ੲ) ਪੋਲਿੰਗ ਬੂਥ ਵੱਲ ਆਉਂਦੇ ਵੋਟਰਾਂ ਨੂੰ ਰੋਕਣਾ, ਡਰਾਉਣਾ ਜਾਂ ਧਮਕਾਉਣਾ।

(ਸ) ਵੋਟਾਂ ਦੀ ਗਿਣਤੀ ਕਰਨ ਵਾਲ਼ੀ ਥਾਂ ਨੂੰ ਇੱਕ ਵਿਅਕਤੀ ਜਾਂ ਇੱਕ ਤੋਂ ਵੱਧ ਵਿਅਕਤੀਆਂ ਦੁਆਰਾ ਘੇਰਾ ਪਾਉਣਾ ਤੇ ਗਿਣਤੀ ਕਰਨ ਵਾਲ਼ੇ ਅਮਲੇ ਤੋਂ ਮਤਪੇਟੀਆਂ ਜਾਂ ਵੋਟਿੰਗ ਮਸ਼ੀਨਾਂ ਨੂੰ ਖੋਹ ਲੈਣਾ ਜਾਂ ਕੋਈ ਹੋਰ ਅਜਿਹੀ ਹਰਕਤ ਕਰਨਾ ਜਿਸ ਨਾਲ਼ ਗਿਣਤੀ ਦੇ ਕੰਮ ਵਿੱਚ ਵਿਘਨ ਪੈਦਾ ਹੋਵੇ। ਸਰਕਾਰੀ ਅਮਲੇ ਦੁਆਰਾ ਉਪਰੋਕਤ ਗਤੀਵਿਧੀਆਂ ਕਰਨ ਨੂੰ ਵੀ ਬੂਥ ਕਬਜਾ ਮੰਨਿਆ ਜਾਵੇਗਾ। ਕਾਨੂੰਨ ਅਨੁਸਾਰ ਬੂਥ ਕਬਜ਼ਾ ਕਰਨ ਵਾਲ਼ੇ ਆਮ ਵਿਅਕਤੀ ਨੂੰ ਘੱਟੋ-ਘੱਟ 6 ਮਹੀਨੇ ਦੀ ਕੈਦ ਤੇ ਜੁਰਮਾਨਾ ਹੋ ਸਕਦਾ ਹੈ। ਕੈਦ ਦੀ ਸਜ਼ਾ ਨੂੰ 2 ਸਾਲ ਤੱਕ ਵਧਾਇਆ ਜਾ ਸਕਦਾ ਹੈ। ਪਰ ਸਰਕਾਰੀ ਕਰਮਚਾਰੀ ਨੂੰ ਘੱਟੋ-ਘੱਟ ਇੱਕ ਸਾਲ ਦੀ ਕੈਦ ਤੇ ਜੁਰਮਾਨਾ ਅਤੇ ਕੈਦ ਦੀ ਸਜ਼ਾ ਨੂੰ 3 ਸਾਲ ਤੱਕ ਵਧਾਇਆ ਜਾ ਸਕਦਾ ਹੈ।

**ਚੋਣ ਪ੍ਰਕਿਰਿਆ**—ਚੋਣ ਪ੍ਰੋਗਰਾਮ ਦੇ ਸ਼ੁਰੂ ਹੋਣ ਤੋਂ ਲੈ ਕੇ ਚੋਣ ਨਤੀਜਿਆਂ ਤੱਕ ਦੀ ਪ੍ਰਕਿਰਿਆ ਨੂੰ ਚੋਣ ਪ੍ਰਕਿਰਿਆ ਕਿਹਾ ਜਾਂਦਾ ਹੈ। ਇਸ ਪ੍ਰਕਿਰਿਆ ਦੇ ਹੇਠ ਲਿਖੇ ਪੜਾਅ ਹਨ —

**1. ਚੋਣ ਖੇਤਰ ਨਿਰਧਾਰਿਤ ਕਰਨਾ —** ਲੋਕ ਸਭਾ ਦੀ ਚੋਣ ਲਈ ਸਾਰੇ ਦੇਸ ਨੂੰ ਬਰਾਬਰ ਚੋਣ ਖੇਤਰਾਂ ਵਿੱਚ ਵੰਡਿਆ ਜਾਂਦਾ ਹੈ। ਇਸੇ ਤਰ੍ਹਾਂ ਵਿਧਾਨ ਸਭਾ ਚੋਣਾਂ ਲਈ ਰਾਜ ਨੂੰ ਬਰਾਬਰ ਚੋਣ ਖੇਤਰਾਂ ਵਿੱਚ ਵੰਡਿਆ ਜਾਂਦਾ ਹੈ। ਇਹ ਕੰਮ ਯੋਜਨਾਬੰਦੀ ਕਮਿਸ਼ਨ ਦੁਆਰਾ ਕੀਤਾ ਜਾਂਦਾ ਹੈ। ਇਸ ਕਮਿਸ਼ਨ ਦਾ ਮੁੱਖ ਚੋਣ ਕਮਿਸ਼ਨਰ ਵੀ ਮੈਂਬਰ ਹੁੰਦਾ ਹੈ। ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ 117 ਚੋਣ ਖੇਤਰ ਨਿਰਧਾਰਿਤ ਕੀਤੇ ਗਏ ਹਨ। ਲੋਕ ਸਭਾ ਦੀ ਚੋਣ ਲਈ ਪੰਜਾਬ ਵਿੱਚ 13 ਚੋਣ ਖੇਤਰ ਬਣਾਏ ਗਏ ਹਨ। ਚੋਣ ਖੇਤਰਾਂ ਦੀ ਵੰਡ ਰਾਜਾਂ ਦੀ ਅਬਾਦੀ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਸਭ ਤੋਂ ਜ਼ਿਆਦਾ ਵਿਧਾਨ ਸਭਾ ਤੇ ਲੋਕ ਸਭਾ ਲਈ ਚੋਣ ਖੇਤਰ ਉੱਤਰ ਪ੍ਰਦੇਸ਼ ਵਿੱਚ ਬਣਾਏ ਗਏ ਹਨ ਕਿਉਂਕਿ ਉੱਤਰ ਪ੍ਰਦੇਸ਼ ਦੀ ਅਬਾਦੀ ਹੋਰ ਰਾਜਾਂ ਨਾਲੋਂ ਜ਼ਿਆਦਾ ਹੈ।

**2. ਚੋਣ ਮਿਤੀਆਂ ਦੀ ਘੋਸ਼ਣਾ —** ਮੁੱਖ ਚੋਣ ਆਯੋਗ ਲੋਕ ਸਭਾ ਤੇ ਵਿਧਾਨ ਸਭਾ ਲਈ ਚੋਣਾਂ ਕਰਾਉਣ ਦੀ ਸਮਾਂ-ਸਾਰਨੀ ਤਿਆਰ ਕਰਦਾ ਹੈ। ਇਸ ਸਮਾਂ-ਸਾਰਨੀ ਅਨੁਸਾਰ ਕੇਂਦਰ ਵਿੱਚ ਰਾਸ਼ਟਰਪਤੀ ਤੇ ਰਾਜਾਂ ਵਿੱਚ ਗਵਰਨਰ ਨੋਟੀਫਿਕੇਸ਼ਨ ਜਾਰੀ ਕਰਦੇ ਹਨ। ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਹੀ ਅਸਲ ਵਿੱਚ ਚੋਣ ਪ੍ਰਕ੍ਰਿਆ ਸ਼ੁਰੂ ਹੁੰਦੀ ਹੈ ਜਿਸ ਵਿੱਚ ਵੋਟਰਾਂ ਨੂੰ ਨਿਰਧਾਰਿਤ ਮਿਤੀਆਂ ਨੂੰ ਆਪਣੇ ਵੋਟ ਦੀ ਵਰਤੋਂ ਕਰਨ ਲਈ ਕਿਹਾ ਜਾਂਦਾ ਹੈ।

**3. ਨਾਮਜ਼ਦਗੀ ਪੱਤਰ ਭਰਨਾ —** ਚੋਣ ਲੜਨ ਦੇ ਚਾਹਵਾਨ ਉਮੀਦਵਾਰਾਂ ਨੂੰ ਆਮ ਤੌਰ 'ਤੇ 8 ਦਿਨਾਂ ਦਾ ਸਮਾਂ ਨਾਮਜ਼ਦਗੀ ਪੱਤਰ ਭਰਨ ਲਈ ਦਿੱਤਾ ਜਾਂਦਾ ਹੈ। ਰਿਟਰਨਿੰਗ ਅਫ਼ਸਰਾਂ ਦੁਆਰਾ ਨਾਮਜ਼ਦਗੀ ਪੱਤਰਾਂ ਦਾ ਨਿਰੀਖਣ ਕੀਤਾ ਜਾਂਦਾ ਹੈ।

**4. ਨਾਮਜ਼ਦਗੀ ਪੱਤਰ ਵਾਪਸ ਲੈਣਾ —** ਨਾਮਜ਼ਦਗੀ ਪੱਤਰ ਦਾਖ਼ਲ ਹੋ ਜਾਣ ਦੀ ਅੰਤਿਮ ਮਿਤੀ ਤੋਂ ਬਾਅਦ ਦੋ ਦਿਨ ਦਾ ਸਮਾਂ ਨਾਮਜ਼ਦਗੀ ਪੱਤਰ ਵਾਪਸ ਲੈਣ ਲਈ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਉਮੀਦਵਾਰਾਂ ਦੀ ਆਖ਼ਰੀ ਸੂਚੀ ਤਿਆਰ ਕੀਤੀ ਜਾਂਦੀ ਹੈ ਤੇ ਚੋਣ-ਨਿਸ਼ਾਨ ਵੰਡ ਦਿੱਤੇ ਜਾਂਦੇ ਹਨ।

**5. ਚੋਣ ਮੁਹਿੰਮ —** ਨਾਮਜ਼ਦਗੀ ਪੱਤਰ ਵਾਪਸ ਲੈਣ ਦੀ ਆਖ਼ਰੀ ਮਿਤੀ ਤੋਂ ਬਾਅਦ ਰਾਜਨੀਤਿਕ ਦਲਾਂ ਨੂੰ ਚੋਣ ਪ੍ਰਚਾਰ ਕਰਨ ਲਈ 20 ਦਿਨ ਜਾਂ ਇਸ ਤੋਂ ਘੱਟ ਦਾ ਸਮਾਂ ਦਿੱਤਾ ਜਾਂਦਾ ਹੈ। ਇਸ ਸਮੇਂ ਦੌਰਾਨ ਚੋਣ ਲੜ ਰਹੇ ਰਾਜਨੀਤਿਕ ਦਲ ਆਪਣੇ-ਆਪਣੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦੇ ਹਨ। ਵੋਟਰਾਂ ਨੂੰ ਲੁਭਾਉਣ ਲਈ ਰਾਜਨੀਤਿਕ ਦਲ ਆਪਣਾ ਚੋਣ ਮਨੋਰਥ ਪੱਤਰ ਜਨਤਾ ਸਾਹਮਣੇ ਰੱਖਦੇ ਹਨ। ਜਿਸ ਵਿੱਚ ਜਨਤਾ ਨਾਲ਼ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ।

**6. ਚੋਣ ਪ੍ਰਚਾਰ ਬੰਦ ਹੋਣਾ —** ਵੋਟਾਂ ਪੈਣ ਦੀ ਮਿਤੀ ਤੋਂ 48 ਘੰਟੇ ਪਹਿਲਾਂ ਚੋਣ ਪ੍ਰਚਾਰ ਬੰਦ ਕਰ ਦਿੱਤਾ ਜਾਂਦਾ ਹੈ।


**7. ਵੋਟਾਂ ਪੈਣੀਆਂ —** ਨਿਰਧਾਰਿਤ ਮਿਤੀ ਨੂੰ ਮਤਦਾਤਾ ਪੋਲਿੰਗ ਬੂਥਾਂ 'ਤੇ ਜਾ ਕੇ ਆਪਣੇ ਮੱਤ ਦੀ ਵਰਤੋਂ ਕਰਦੇ ਹਨ। ਪੋਲਿੰਗ ਦਾ ਸਮਾਂ ਵੀ ਚੋਣ ਆਯੋਗ ਦੁਆਰਾ ਨਿਰਧਾਰਿਤ ਕੀਤਾ ਜਾਂਦਾ ਹੈ।

**8. ਵੋਟਾਂ ਦੀ ਗਿਣਤੀ —** ਚੋਣ ਆਯੋਗ ਦੁਆਰਾ ਨਿਰਧਾਰਿਤ ਮਿਤੀ ਨੂੰ ਵੋਟਾਂ ਦੀ ਗਿਣਤੀ ਆਪਣੀ ਨਿਗਰਾਨੀ ਹੇਠ ਚੋਣ ਅਮਲੇ ਦੁਆਰਾ ਕਰਵਾਈ ਜਾਂਦੀ ਹੈ।

**9. ਨਤੀਜੇ —** ਵੋਟਾਂ ਦੀ ਗਿਣਤੀ ਤੋਂ ਬਾਅਦ ਜੇਤੂ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਜਾਂਦਾ ਹੈ।

ਚੋਣ ਪ੍ਰਕਿਰਿਆ ਦੇ ਕੰਮ ਨੂੰ ਨੇਪਰੇ ਚਾੜਨ ਲਈ ਚੋਣ ਆਯੋਗ ਕੇਂਦਰ ਅਤੇ ਰਾਜ ਸਰਕਾਰਾਂ ਦੇ ਕਰਮਚਾਰੀਆਂ ਨੂੰ ਡਿਊਟੀ 'ਤੇ ਤੈਨਾਤ ਕਰ ਲੈਂਦਾ ਹੈ। ਜਿੰਨਾ ਚਿਰ ਵੋਟਾਂ ਦਾ ਕੰਮ ਸਿਰੇ ਨਹੀਂ ਚੜ੍ਹਦਾ, ਇਹ ਸਰਕਾਰੀ ਅਧਿਕਾਰੀ ਤੇ ਕਰਮਚਾਰੀ ਚੋਣ ਆਯੋਗ ਅਧੀਨ ਡੈਪੂਟੇਸ਼ਨ 'ਤੇ ਰਹਿੰਦੇ ਹਨ।

ਹੇਠ ਦਿੱਤਾ ਫਲੋ ਚਾਰਟ ਵਿਦਿਆਰਥੀ ਤੋਂ ਪੂਰਾ ਕਰਵਾਇਆ ਜਾਵੇ।





**ਕੀ ਤੁਸੀਂ ਜਾਣਦੇ ਹੋ ?** ਕਿ ਲੋਕ-ਸਭਾ, ਵਿਧਾਨ ਸਭਾਵਾਂ ਤੇ ਸਥਾਨਿਕ ਸੰਸਥਾਵਾਂ ਦੀਆਂ ਚੋਣਾਂ ਪੰਜ ਸਾਲਾਂ ਲਈ ਕਰਵਾਈਆਂ ਜਾਂਦੀਆਂ ਹਨ।

**ਜ਼ਿਮਨੀ ਚੋਣ —** ਜਿੱਤੇ ਹੋਏ ਉਮੀਦਵਾਰ ਵੱਲੋਂ ਅਸਤੀਫ਼ਾ ਦੇਣ ਜਾਂ ਉਸ ਦੀ ਚੋਣ ਨੂੰ ਅਯੋਗ ਕਰਾਰ ਦਿੱਤੇ ਜਾਣ ਜਾਂ ਉਸ ਦੀ ਮੌਤ ਹੋ ਜਾਣ ਕਾਰਨ ਖ਼ਾਲੀ ਹੋਈ ਸੀਟ 'ਤੇ ਜੋ ਚੋਣ ਕਰਵਾਈ ਜਾਂਦੀ ਹੈ, ਉਸ ਚੋਣ ਨੂੰ ਜ਼ਿਮਨੀ ਚੋਣ ਕਹਿੰਦੇ ਹਨ।

**ਰਾਜਨੀਤਿਕ ਦਲ —** ਰਾਜਨੀਤਿਕ ਦਲ ਲੋਕਤੰਤਰੀ ਪ੍ਰਣਾਲੀ ਰੂਪੀ ਗੱਡੀ ਦੇ ਪਹੀਏ ਹੁੰਦੇ ਹਨ। ਰਾਜਨੀਤਿਕ ਦਲਾਂ ਤੋਂ ਬਿਨਾਂ ਲੋਕਤੰਤਰ ਚੱਲ ਨਹੀਂ ਸਕਦਾ। ਭਾਰਤ ਵਿੱਚ ਬਹੁ-ਦਲੀ ਪ੍ਰਣਾਲੀ ਹੈ, ਪਰ 1989 ਤੱਕ ਮੁੱਖ ਤੌਰ 'ਤੇ ਇੱਕ ਦਲ (ਭਾਰਤੀ ਰਾਸ਼ਟਰੀ ਕਾਂਗਰਸ) ਦਾ ਹੀ ਏਕਾ ਅਧਿਕਾਰ ਰਿਹਾ ਹੈ। ਪਰ 1989 ਤੋਂ ਬਾਅਦ ਖੇਤਰੀ ਦਲਾਂ ਦੀ ਸਥਿਤੀ

ਮਜ਼ਬੂਤ ਹੋਈ ਹੈ। ਇਹ ਦਲ ਕੇਂਦਰੀ ਸਰਕਾਰ ਵਿੱਚ ਭਾਈਵਾਲ ਹੋਏ ਹਨ। 1989 ਤੋਂ ਬਾਅਦ ਗਠਬੰਧਨ ਸਰਕਾਰਾਂ ਦਾ ਰੁਝਾਨ ਵਧਿਆ ਹੈ। ਚੌਦਵੀਂ ਤੇ ਪੰਦਰਵੀਂ ਲੋਕ ਸਭਾ ਵਿੱਚ ਕਾਂਗਰਸ ਗਠਬੰਧਨ (UPA) ਨੂੰ ਸੱਤਾ ਹਾਸਲ ਹੋਈ ਸੀ। ਪਰ ਮਈ 2014 ਵਿੱਚ ਹੋਈਆਂ 16ਵੀਂ ਲੋਕ ਸਭਾ ਦੀਆਂ ਚੋਣਾਂ ਵਿੱਚ ਭਾਜਪਾ ਗਠਬੰਧਨ (NDA) ਨੂੰ ਪੂਰਨ ਬਹੁਮਤ ਪ੍ਰਾਪਤ ਹੋਇਆ ਹੈ। ਭਾਰਤ ਵਿੱਚ ਦੋ ਤਰ੍ਹਾਂ ਦੇ ਰਾਜਨੀਤਿਕ ਦਲ ਪਾਏ ਜਾਂਦੇ ਹਨ—ਰਾਸ਼ਟਰੀ ਰਾਜਨੀਤਿਕ ਦਲ ਅਤੇ ਰਾਜ ਰਾਜਨੀਤਿਕ ਦਲ (ਖੇਤਰੀ ਦਲ)। ਦਲਾਂ ਦਾ ਚੋਣ ਕਮਿਸ਼ਨ ਕੋਲ ਰਜਿਸਟਰਡ ਹੋਣਾ ਜ਼ਰੂਰੀ ਹੈ। ਚੋਣ ਕਮਿਸ਼ਨ ਸਮੇਂ-ਸਮੇਂ 'ਤੇ ਨਿਰਧਾਰਿਤ ਸ਼ਰਤਾਂ ਅਨੁਸਾਰ ਰਾਜਨੀਤਿਕ ਦਲਾਂ ਨੂੰ ਰਾਸ਼ਟਰੀ ਜਾਂ ਖੇਤਰ ਦਲ ਵਜੋਂ ਮਾਨਤਾ ਦਿੰਦਾ ਹੈ। ਜਦੋਂ ਕੋਈ ਦਲ ਰਾਸ਼ਟਰੀ ਜਾਂ ਖੇਤਰ ਦਲ ਵਜੋਂ ਮਾਨਤਾ ਪ੍ਰਾਪਤ ਕਰਨ ਵਿੱਚ ਸਫ਼ਲ ਹੋ ਜਾਂਦਾ ਹੈ ਤਾਂ ਉਸ ਨੂੰ ਪੱਕਾ ਚੋਣ-ਨਿਸ਼ਾਨ ਅਲਾਟ ਹੋ ਜਾਂਦਾ ਹੈ। ਭਾਰਤ ਵਿੱਚ ਭਾਰਤੀ ਰਾਸ਼ਟਰੀ ਕਾਂਗਰਸ, ਭਾਰਤੀ ਜਨਤਾ ਪਾਰਟੀ, ਬਹੁਜਨ ਸਮਾਜ ਪਾਰਟੀ, ਸੀ. ਪੀ.ਆਈ., ਤੇ ਸੀ.ਪੀ.ਆਈ.ਐਮ., ਐਨ.ਸੀ.ਪੀ. ਤੇ ਤ੍ਰਿਨਮੂਲ ਕਾਂਗਰਸ(ਟੀ ਐਮ ਸੀ) ਰਾਸ਼ਟਰੀ ਰਾਜਨੀਤਿਕ ਦਲ ਹਨ। ਅੱਜ-ਕੱਲ੍ਹ ਸ੍ਰੋਮਣੀ ਅਕਾਲੀ ਦਲ , ਨੈਸ਼ਨਲ ਕਾਨਫਰੰਸ, ਰਾਸ਼ਟਰੀ ਜਨਤਾ ਦਲ, ਇੰਡੀਅਨ




ਰਾਸ਼ਟਰੀ ਰਾਜਨੀਤਿਕ ਦਲ

ਨੈਸ਼ਨਲ ਲੋਕ ਦਲ, ਡੀ.ਐਮ.ਕੇ. ਵੇ. ਆਈ. ਏ. ਡੀ. ਐਮ ਕੇ., ਪੀ.ਡੀ.ਪੀ, ਅਸਮ ਗਣ ਪ੍ਰੀਸ਼ਦ, ਤੇਲਗੂ ਦੇਸਮ ਪਾਰਟੀ, ਸ਼ਿਵ ਸੈਨਾ ਆਦਿ ਰਾਜ ਦਲ ਹਨ। ਭਾਰਤ ਵਿੱਚ ਰਾਜਨੀਤਿਕ ਦਲਾਂ ਵਿੱਚ ਸਪਸ਼ਟ ਵਿਚਾਰਧਾਰਾ ਦੀ ਘਾਟ ਪਾਈ ਜਾਂਦੀ ਹੈ। ਨਤੀਜੇ ਵਜੋਂ ਪਾਰਟੀ ਦੇ ਮੈਂਬਰਾਂ ਵਿੱਚ ਅਨੁਸ਼ਾਸਨਹੀਣਤਾ ਪਾਈ ਜਾਂਦੀ ਹੈ। ਮੈਂਬਰਾਂ ਵਿੱਚ ਇੱਕ ਪਾਰਟੀ ਤੋਂ ਦੂਜੀ ਪਾਰਟੀ ਵਿੱਚ ਜਾਣ ਦਾ ਰੁਝਾਨ ਬਣਿਆ ਰਹਿੰਦਾ ਹੈ। ਜ਼ਿਆਦਾਤਰ ਦਲ ਵਿਚਾਰਧਾਰਾ ਦੀ ਥਾਂ 'ਤੇ ਸਖਸ਼ੀਅਤ 'ਤੇ ਅਧਾਰਿਤ ਦਲ ਹਨ।

**ਗਤੀਵਿਧੀ**

ਵਿਦਿਆਰਥੀ ਆਪਣੇ ਪਰਿਵਾਰ ਅਤੇ ਆਲ਼ੇ-ਦੁਆਲ਼ੇ ਦੇ ਮਿੱਤਰਾਂ ਨਾਲ ਚਰਚਾ ਕਰਨ ਕਿ ਕਿਸ-ਕਿਸ ਨੇ ਪਿਛਲੀਆਂ ਚੋਣਾਂ ਵਿੱਚ ਭਾਗ ਲਿਆ ਅਤੇ ਉਹਨਾਂ ਨੇ ਉਮੀਦਵਾਰ ਜਾਂ ਦਲ ਦੇ ਕਿਸ ਗੁਣ ਤੋਂ ਪ੍ਰਭਾਵਿਤ ਹੋ ਕੇ ਉਸ ਦੇ ਪੱਖ ਵਿੱਚ ਵੋਟ ਦੀ ਵਰਤੋਂ ਕੀਤੀ।

## ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

◆ **ਖ਼ਾਲੀ ਥਾਂਵਾਂ ਭਰੋ :**

1. ਭਾਰਤ ਵਿੱਚ ਕੇਂਦਰੀ ਸੰਸਦ ਦੇ ਚੁਣੇ ਹੋਏ ਪ੍ਰਤਿਨਿਧ ਨੂੰ .................. ਕਿਹਾ ਜਾਂਦਾ ਹੈ।
2. ਮੁੱਖ ਚੋਣ ਕਮਿਸ਼ਨਰ ਅਤੇ ਉੱਪ ਚੋਣ ਕਮਿਸ਼ਨਰਾਂ ਦੀ ਨਿਯੁਕਤੀ .............ਦੁਆਰਾ ਕੀਤੀ ਜਾਂਦੀ ਹੈ।
3. ਪਹਿਲੀਆਂ ਲੋਕ ਸਭਾ ਚੋਣਾਂ .................. ਨੂੰ ਹੋਈਆਂ।

◆ **ਬਹੁ-ਵਿਕਲਪੀ ਪ੍ਰਸ਼ਨ :**

I. ਲੋਕਾਂ ਦੇ ਪ੍ਰਤਿਨਿਧੀ ..................

1. ਨਿਯੁਕਤ ਕੀਤੇ ਜਾਂਦੇ ਹਨ।
2. ਲੋਕਾਂ ਦੁਆਰਾ ਨਿਸ਼ਚਿਤ ਸਮੇਂ ਲਈ ਚੁਣੇ ਜਾਂਦੇ ਹਨ।
3. ਲੋਕਾਂ ਦੁਆਰਾ ਪੱਕੇ ਤੌਰ 'ਤੇ ਚੁਣੇ ਜਾਂਦੇ ਹਨ।
4. ਰਾਸ਼ਟਰਪਤੀ ਦੁਆਰਾ ਚੁਣੇ ਜਾਂਦੇ ਹਨ।

II. ਹੇਠ ਲਿਖਿਆਂ ਵਿੱਚੋਂ ਕਿਹੜਾ ਲੋਕਤੰਤਰ ਦਾ ਥੰਮ੍ਹ ਨਹੀਂ ਹੈ।

1. ਰਾਜਨੀਤਿਕ ਦਲ
2. ਨਿਰਪੱਖ ਅਤੇ ਸੁਤੰਤਰ ਚੋਣਾਂ।
3. ਗ਼ਰੀਬੀ
4. ਬਾਲਗ ਮਤ ਅਧਿਕਾਰ

◆ **ਠੀਕ/ਗ਼ਲਤ ਦੱਸੋ :**

1. ਭਾਰਤ ਵਿੱਚ ਬਹੁਦਲੀ ਪ੍ਰਨਾਲ਼ੀ ਹੈ।
2. ਚੋਣ ਕਮਿਸ਼ਨ ਦਾ ਮੁੱਖ ਕੰਮ ਚੋਣਾਂ ਦਾ ਨਿਰਦੇਸ਼ਨ, ਪ੍ਰਬੰਧ ਅਤੇ ਨਿਰੀਖਣ ਕਰਨਾ ਹੈ।

## 2. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ:

1. ਗ੍ਰਾਮ ਪੰਚਾਇਤ ਲਈ ਚੁਣੇ ਗਏ ਪ੍ਰਤਿਨਿਧ ਨੂੰ ਕੀ ਕਹਿੰਦੇ ਹਨ ?
2. ਵਿਧਾਨ ਸਭਾ ਲਈ ਚੁਣੇ ਗਏ ਪ੍ਰਤਿਨਿਧ ਨੂੰ ਕੀ ਕਹਿੰਦੇ ਹਨ ?
3. ਚੋਣ ਵਿਧੀਆਂ ਦੇ ਨਾਂ ਲਿਖੋ।
4. ਰਾਸ਼ਟਰਪਤੀ ਤੇ ਉਪ-ਰਾਸ਼ਟਰਪਤੀ ਦੀ ਚੋਣ ਕਿਹੜੀ ਵਿਧੀ ਰਾਹੀਂ ਕੀਤੀ ਜਾਂਦੀ ਹੈ ?
5. ਭਾਰਤ ਵਿੱਚ ਚੋਣਾਂ ਕਰਵਾਉਣ ਵਾਲ਼ੀ ਸੰਸਥਾ ਦਾ ਕੀ ਨਾਂ ਹੈ ?
6. ਭਾਰਤ ਵਿੱਚ ਚੋਣ ਪ੍ਰਨਾਲ਼ੀ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦੱਸੋ।
7. ਚੋਣਾਂ ਦੇ ਝਗੜਿਆਂ ਸੰਬੰਧੀ ਉਜਰਦਾਰੀ ਜਾਂ ਯਾਚਿਕਾ ਕਿੱਥੇ ਕੀਤੀ ਜਾ ਸਕਦੀ ਹੈ ?
8. ਚੋਣ ਕਮਿਸ਼ਨ ਦੇ ਕੋਈ ਦੋ ਕੰਮ ਦੱਸੋ ?
9. ਪੰਜਾਬ ਵਿਧਾਨ ਸਭਾ ਦੀਆਂ ਕਿੰਨੀਆਂ ਸੀਟਾਂ ਹਨ ? ਜਾਂ ਵਿਧਾਨ ਸਭਾ ਲਈ ਕਿੰਨੇ ਚੋਣ ਖੇਤਰ ਹਨ ?
10. ਭਾਰਤ ਵਿਚ ਚੋਣ ਪ੍ਰਕਿਰਿਆ ਦਾ ਸੰਚਾਲਨ ਕੌਣ ਕਰਦਾ ਹੈ ?
11. ਮੁੱਖ ਚੋਣ ਕਮਿਸ਼ਨਰ ਤੇ ਡਿਪਟੀ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕੌਣ ਕਰਦਾ ਹੈ ?
12. ਮੁੱਖ ਚੋਣ ਕਮਿਸ਼ਨਰ ਤੇ ਡਿਪਟੀ ਚੋਣ ਕਮਿਸ਼ਨਰਾਂ ਦੇ ਅਹੁਦੇ ਦੀ ਮਿਆਦ ਕਿੰਨੀ ਹੈ ?

## 3. ਛੋਟੇ ਉੱਤਰ ਵਾਲੇ ਪ੍ਰਸ਼ਨ:

1. ਚੋਣਾਂ ਦਾ ਲੋਕਤੰਤਰੀ ਦੇਸਾਂ ਵਿੱਚ ਕੀ ਮਹੱਤਵ ਹੈ ?
2. ਚੋਣ ਪ੍ਰਕਿਰਿਆ ਦੇ ਪੜਾਵਾਂ ਦਾ ਫਲੋ ਚਾਰਟ ਬਣਾਓ।
3. ਚੋਣ ਮੁਹਿੰਮ ਤੋਂ ਕੀ ਭਾਵ ਹੈ ?
4. ਪੋਲਿੰਗ ਬੂਥ 'ਤੇ ਕਬਜ਼ੇ ਤੋਂ ਕੀ ਭਾਵ ਹੈ ?
5. ਰਾਜਨੀਤਿਕ ਦਲਾਂ ਦੀ ਚੋਣਾਂ ਵਿੱਚ ਕੀ ਭੂਮਿਕਾ ਹੈ ?
6. ਭਾਰਤ ਦੇ ਕੋਈ ਚਾਰ ਰਾਸ਼ਟਰੀ ਦਲਾਂ ਦੇ ਨਾਂ ਦੱਸੋ।
7. ਭਾਰਤ ਦੇ ਕੋਈ ਚਾਰ ਖੇਤਰੀ ਦਲਾਂ ਦੇ ਨਾਂ ਲਿਖੋ।
8. ਮੁੱਖ ਚੋਣ ਕਮਿਸ਼ਨਰ ਨੂੰ ਅਹੁਦੇ ਤੋਂ ਕਿਵੇਂ ਹਟਾਇਆ ਜਾ ਸਕਦਾ ਹੈ ?

## 4. ਵੱਡੇ ਉੱਤਰ ਵਾਲੇ ਪ੍ਰਸ਼ਨ:

1. ਭਾਰਤੀ ਚੋਣ ਪ੍ਰਨਾਲ਼ੀ ਦੀਆਂ ਮੁੱਖ ਵਿਸ਼ੇਸਤਾਵਾਂ ਦਾ ਸੰਖੇਪ ਵਰਨਣ ਕਰੋ।
2. ਚੋਣ ਕਮਿਸ਼ਨ ਦੇ ਕੰਮਾ ਦਾ ਸੰਖੇਪ ਵਿੱਚ ਵਰਨਣ ਕਰੋ।
3. ਚੋਣ ਪ੍ਰਕਿਰਿਆ ਦੇ ਮੁੱਖ ਪੜਾਵਾਂ ਦਾ ਸੰਖੇਪ ਵਰਨਣ ਕਰੋ।
4. ਚੋਣਾਂ ਦੇ ਮਹੱਤਵ ਤੇ ਸੰਖੇਪ ਨੋਟ ਲਿਖੋ।

****

ਪਾਠ
14

# ਸੰਵਿਧਾਨ ਅਧੀਨ ਨਾਗਰਿਕਾਂ ਦੇ ਮੌਲਿਕ ਅਧਿਕਾਰ

ਪਿਆਰੇ ਵਿਦਿਆਰਥੀਓ ਮੌਲਿਕ ਅਧਿਕਾਰਾਂ ਨੂੰ ਜਾਨਣ ਤੋਂ ਪਹਿਲਾਂ ਅਸੀਂ ਅਧਿਕਾਰਾਂ ਬਾਰੇ ਕੁਝ ਮੁਢਲੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਾਂਗੇ। ਅਧਿਕਾਰ ਕੀ ਹਨ ? ਅਧਿਕਾਰ ਮਨੁੱਖ ਲਈ ਕਿਉਂ ਜ਼ਰੂਰੀ ਹਨ ? ਅਧਿਕਾਰਾਂ ਦਾ ਸਰੂਪ ਕੀ ਹੈ ? ਇਸ ਤੋਂ ਬਾਅਦ ਅਸੀਂ ਮੌਲਿਕ ਅਧਿਕਾਰਾਂ ਬਾਰੇ ਜਾਣਕਾਰੀ ਹਾਸਲ ਕਰਾਂਗੇ। ਮੌਲਿਕ ਅਧਿਕਾਰ ਕਿਹੜੇ-ਕਿਹੜੇ ਹਨ ? ਮੌਲਿਕ ਅਧਿਕਾਰਾਂ ਦੀ ਰੱਖਿਆ ਲਈ ਸਾਡੇ ਸੰਵਿਧਾਨ ਵਿੱਚ ਕੀ ਵਿਵਸਥਾਵਾਂ ਹਨ ? ਨਿਆਂ ਪਾਲਿਕਾ ਦੀ ਨਿਆਂਇਕ ਪੁਨਰ ਨਿਰੀਖਣ ਦੀ ਸ਼ਕਤੀ ਬਾਰੇ ਵੀ ਅਸੀਂ ਜਾਣਕਾਰੀ ਹਾਸਲ ਕਰਾਂਗੇ। ਅਸੀਂ ਇਹ ਵੀ ਜਾਨਣ ਦੀ ਕੋਸ਼ਿਸ਼ ਕਰਾਂਗੇ ਕਿ ਮੌਲਿਕ ਅਧਿਕਾਰ ਮੌਲਿਕ ਕਿਵੇਂ ਹਨ ?

ਸਮਾਜ ਵਿੱਚ ਰਹਿੰਦੇ ਹੋਏ ਮਨੁੱਖ ਕਈ ਤਰ੍ਹਾਂ ਦੀਆਂ ਸਹੂਲਤਾਂ ਮਾਣਦਾ ਹੈ। ਜਿਵੇਂ ਆਪਣੀਆਂ ਭਾਵਨਾਵਾਂ ਤੇ ਵਿਚਾਰਾਂ ਨੂੰ ਪ੍ਰਗਟਾ ਸਕਦਾ ਹੈ। ਭਾਸ਼ਣ ਰਾਹੀਂ ਜਾਂ ਲਿਖਤੀ ਰੂਪ ਵਿੱਚ ਵਿਚਾਰਾਂ ਨੂੰ ਦੂਜਿਆਂ ਤੱਕ ਪਹੁੰਚਾ ਸਕਦਾ ਹੈ। ਦੇਸ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਜਾ ਸਕਦਾ ਹੈ। ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਕੋਈ ਵੀ ਕਿੱਤਾ ਅਪਣਾ ਸਕਦਾ ਹੈ। ਆਪਣੀ ਇੱਛਾ ਅਨੁਸਾਰ ਕਿਸੇ ਵੀ ਧਰਮ ਦੀ ਉਪਾਸਨਾ ਕਰ ਸਕਦਾ ਹੈ। ਮਨੁੱਖ ਇਕੱਠੇ ਹੋ ਕੇ ਆਪਣੇ ਰੀਤੀ-ਰਿਵਾਜ ਤੇ ਤਿਉਹਾਰਾਂ ਨੂੰ ਮਨਾ ਸਕਦੇ ਹਨ। ਪਰਿਵਾਰਿਕ ਜ਼ਿੰਦਗੀ ਜਿਉਣ ਦੀ ਵਿਅਕਤੀਆਂ ਨੂੰ ਸਹੂਲਤ ਦਿੱਤੀ ਗਈ ਹੈ। ਪਰ ਇਹ ਸਾਰੀਆਂ ਸਹੂਲਤਾਂ ਮਨੁੱਖ ਸਮਾਜ ਵਿੱਚ ਰਹਿ ਕੇ ਹੀ ਮਾਣ ਸਕਦਾ ਹੈ। ਆਮ ਭਾਸ਼ਾ ਵਿੱਚ ਇਹਨਾਂ ਸਹੂਲਤਾਂ ਨੂੰ ਹੀ ਅਧਿਕਾਰ ਕਿਹਾ ਜਾਂਦਾ ਹੈ। ਵਿਅਕਤੀ ਨੂੰ ਅਜਿਹੀ ਸਹੂਲਤ ਨਹੀਂ ਦਿੱਤੀ ਜਾ ਸਕਦੀ ਜਿਹੜੀ ਸਮੁੱਚੇ ਸਮਾਜ ਦੇ ਹਿੱਤ ਵਿੱਚ ਨਾ ਹੋਵੇ। **ਅਧਿਕਾਰ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਵੱਲੋਂ ਕੀਤੀਆਂ ਗਈਆਂ ਉਹ ਉਚਿਤ ਮੰਗਾਂ ਹਨ ਜਿਨ੍ਹਾਂ ਨੂੰ ਸਮਾਜ ਅਤੇ ਰਾਜ ਮਾਨਤਾ ਦਿੰਦਾ ਹੈ।** ਅਧਿਕਾਰਾਂ ਵਿੱਚ ਤਿੰਨ ਨੁਕਤੇ ਸ਼ਾਮਲ ਹਨ। ਪਹਿਲਾ, ਵਿਅਕਤੀ ਵੱਲੋਂ ਕੀਤਾ ਉਚਿਤ ਦਾਅਵਾ, ਦੂਜਾ ਇਸ ਦਾਅਵੇ ਨੂੰ ਸਮਾਜਿਕ ਮਾਨਤਾ ਤੇ ਤੀਜਾ ਰਾਜਨੀਤਿਕ ਮਾਨਤਾ। ਅਧਿਕਾਰ ਨਿਰਸਵਾਰਥ ਹੁੰਦੇ ਹਨ ਜਿਨ੍ਹਾਂ ਵਿੱਚ ਸਾਰਿਆਂ ਦੀ ਭਲਾਈ ਦਾ ਉਦੇਸ਼ ਸ਼ਾਮਲ ਹੁੰਦਾ ਹੈ। ਅਧਿਕਾਰਾਂ ਨਾਲੋਂ ਕਰੱਤਵਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਜਿੰਨਾਂ ਚਿਰ ਅਧਿਕਾਰਾਂ ਨੂੰ ਰਾਜਨੀਤਿਕ ਮਾਨਤਾ ਨਹੀਂ ਮਿਲਦੀ ਓਨਾ ਚਿਰ ਅਧਿਕਾਰ ਕੇਵਲ ਨੈਤਿਕ ਦਾਅਵੇ ਹੀ ਰਹਿੰਦੇ ਹਨ। ਅਧਿਕਾਰਾਂ ਦਾ ਨੈਤਿਕ ਹੋਣਾ ਵੀ ਜ਼ਰੂਰੀ ਹੈ। ਅਜ਼ਾਦੀ, ਕਾਨੂੰਨ, ਨਿਆਂ ਤੇ ਪ੍ਰਭੂਸਤਾ ਨਾਲ਼ ਅਧਿਕਾਰਾਂ ਦਾ ਸਿੱਧਾ ਸੰਬੰਧ ਹੈ। ਵਿਅਕਤੀਗਤ ਅਜ਼ਾਦੀਆਂ ਅਧਿਕਾਰਾਂ ਦਾ ਹੀ ਵਧਿਆ ਹੋਇਆ ਰੂਪ ਹਨ। ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਅਧਿਕਾਰ ਵਿਅਕਤੀ ਜਾਂ ਵਿਅਕਤੀਆਂ ਦੇ ਉਹ ਦਾਅਵੇ ਹਨ ਜੋ ਨਿਰਸਵਾਰਥ ਭਾਵਨਾ 'ਤੇ ਅਧਾਰਿਤ ਹਨ। ਸਮਾਜ ਵੱਲੋਂ ਉਹਨਾਂ ਨੂੰ ਮਾਨਤਾ ਮਿਲ਼ੀ ਹੁੰਦੀ ਹੈ ਅਤੇ ਰਾਜ ਵੱਲੋਂ ਕਾਨੂੰਨੀ ਮਾਨਤਾ ਮਿਲ਼ੀ ਹੁੰਦੀ ਹੈ। ਇੰਨਾ ਦਾਅਵਿਆਂ ਵਿੱਚ ਵਿਅਕਤੀ ਅਤੇ ਸਮਾਜ ਦੋਨਾਂ ਦੀ ਭਲਾਈ ਜ਼ਰੂਰੀ ਹੈ।

ਆਓ ਇਸ ਗੱਲ 'ਤੇ ਵਿਚਾਰ ਕਰੀਏ ਕਿ ਅਧਿਕਾਰ ਮਨੁੱਖ ਲਈ ਕਿਉਂ ਜ਼ਰੂਰੀ ਹਨ ? ਜ਼ਰਾ ਸੋਚੋ ਜੇਕਰ ਵਿਅਕਤੀ ਨੂੰ ਵਿਚਾਰ ਪ੍ਰਗਟਾਉਣ, ਦੇਸ ਵਿੱਚ ਘੁੰਮਣ, ਰੋਜ਼ੀ-ਰੋਟੀ ਕਮਾਉਣ ਲਈ ਕੋਈ ਵੀ ਰਾਜ ਵੱਲੋਂ ਪ੍ਰਮਾਣਿਤ ਆਪਣੀ ਯੋਗਤਾ ਅਨੁਸਾਰ ਕਿੱਤਾ ਅਪਨਾਉਣਾ, ਆਪਣੀ ਸ਼ਰਧਾ ਅਨੁਸਾਰ ਕੋਈ ਵੀ ਧਰਮ ਦੀ ਉਪਾਸਨਾ ਕਰਨ, ਆਪਣੇ ਰੀਤੀ-ਰਿਵਾਜਾਂ ਤੇ ਤਿਉਹਾਰ ਮਨਾਉਣ ਦੀ ਖੁੱਲ੍ਹ ਨਾ ਹੋਵੇ ਤਾਂ ਕੀ ਮਨੁੱਖ ਦਾ ਮਾਨਸਿਕ ਵਿਕਾਸ ਹੋ ਸਕੇਗਾ ? ਨਹੀਂ। ਮਾਨਸਿਕ ਵਿਕਾਸ ਨਾਲ ਹੀ ਵਿਅਕਤੀ ਦਾ ਸਰੀਰਿਕ ਵਿਕਾਸ ਜੁੜਿਆ ਹੋਇਆ ਹੈ। ਜੇਕਰ ਕੋਈ ਵਿਅਕਤੀ ਮਾਨਸਿਕ ਤੌਰ 'ਤੇ ਤੰਦਰੁਸਤ ਨਹੀਂ ਤਾਂ ਉਸ ਦਾ ਸਰੀਰਿਕ ਵਿਕਾਸ ਵੀ ਚੰਗੀ ਤਰ੍ਹਾਂ ਨਹੀਂ ਹੋ ਸਕਦਾ। ਅਧਿਕਾਰ ਵਿਅਕਤੀ ਦੇ ਸਰਵ-ਪੱਖੀ ਵਿਕਾਸ ਲਈ ਜ਼ਰੂਰੀ ਹਨ। ਵਿਅਕਤੀ ਦੇ ਵਿਕਾਸ ਤੋਂ ਹੀ ਸਮਾਜ ਦਾ ਵਿਕਾਸ ਨਿਰਭਰ ਕਰਦਾ ਹੈ। ਜੇਕਰ ਵਿਅਕਤੀ ਮਾਨਸਿਕ ਤੇ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਹੋਣਗੇ ਤਾਂ ਹੀ ਸਮਾਜ ਤਰੱਕੀ ਕਰੇਗਾ ਤੇ ਦੇਸ ਅੱਗੇ ਵਧੇਗਾ।

### ਅਧਿਕਾਰਾਂ ਦੀਆਂ ਕੁਝ ਪਰਿਭਾਸ਼ਾਵਾਂ

I. ਪ੍ਰੋ. ਲਾਸਕੀ ਅਨੁਸਾਰ ਅਧਿਕਾਰ ਸਮਾਜਿਕ ਜੀਵਨ ਦੀਆਂ ਉਹ ਅਵੱਸਥਾਵਾਂ ਹਨ ਜਿਨ੍ਹਾਂ ਤੋਂ ਬਿਨਾਂ ਮਨੁੱਖ ਦਾ ਪੂਰਨ ਵਿਕਾਸ ਨਹੀਂ ਹੋ ਸਕਦਾ।


II. ਵਾਈਲਡ ਅਨੁਸਾਰ ਅਧਿਕਾਰ ਕੁਝ ਕੰਮਾਂ ਨੂੰ ਕਰਨ ਲਈ ਅਜ਼ਾਦੀ ਦੀ ਉੱਚਿਤ ਮੰਗ ਹੈ।

III. ਬੋਸਾਂਕ ਅਨੁਸਾਰ ਅਧਿਕਾਰ ਉਹ ਮੰਗ ਹੈ ਜਿਸ ਨੂੰ ਸਮਾਜ ਪ੍ਰਵਾਨ ਕਰਦਾ ਹੈ ਅਤੇ ਰਾਜ ਲਾਗੂ ਕਰਦਾ ਹੈ।

IV. ਟੀ.ਐਚ.ਗ੍ਰੀਨ ਅਨੁਸਾਰ ਅਧਿਕਾਰ ਉਹ ਸ਼ਕਤੀਆਂ ਹਨ ਜਿਹੜੀਆਂ ਮਨੁੱਖ ਦੇ ਨੈਤਿਕ ਪ੍ਰਾਣੀ ਹੋਣ ਕਾਰਨ ਉਸ ਦੇ ਕਿੱਤੇ ਦੀ ਪੂਰਤੀ ਵਿੱਚ ਜ਼ਰੂਰੀ ਹੁੰਦੀਆਂ ਹਨ।

ਅਧਿਕਾਰਾਂ ਬਾਰੇ ਮੁਢਲੀ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਹੁਣ ਅਸੀਂ ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਬਾਰੇ ਜਾਣਕਾਰੀ ਹਾਸਲ ਕਰਾਂਗੇ।

### ਨਾਗਰਿਕਾਂ ਦੇ ਮੌਲਿਕ ਅਧਿਕਾਰ




ਭਾਰਤ ਦੇ ਸੰਵਿਧਾਨ ਵਿਚ ਨਾਗਰਿਕਾਂ ਦੀ ਸ਼ਖ਼ਸੀਅਤ ਦਾ ਵਿਕਾਸ ਕਰਨ ਅਤੇ ਹਰ ਨਾਗਰਿਕ ਦੇ ਗੌਰਵ ਨੂੰ ਯਕੀਨੀ ਬਣਾਉਣ ਲਈ ਕੁਝ ਉਦੇਸ਼ ਮਿੱਥੇ ਗਏ ਹਨ। ਇਸੇ ਲਈ ਭਾਰਤ ਦੇ ਸੰਵਿਧਾਨ ਦੇ ਰਚਨਹਾਰਿਆਂ ਨੇ ਭਾਰਤੀ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਸ਼ਾਮਲ ਕਰਕੇ ਉਹਨਾਂ ਉਦੇਸ਼ਾਂ ਨੂੰ ਪੂਰੇ ਕਰਨ ਦਾ ਯਤਨ ਕੀਤਾ ਹੈ। ਕਿਸੇ ਵੀ ਦੇਸ ਦੇ ਲੋਕਤੰਤਰੀ ਸਰੂਪ ਦੀ ਪੁਸ਼ਟੀ ਸਾਨੂੰ ਉਸ ਦੇਸ ਵੱਲੋਂ ਦਿੱਤੇ ਗਏ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਤੋਂ ਹੋ ਜਾਂਦੀ ਹੈ। ਅਜ਼ਾਦੀ ਤੋਂ ਪਹਿਲਾ ਭਾਰਤੀ ਨਾਗਰਿਕਾਂ ਨੂੰ ਮੌਲਿਕ ਅਧਿਕਾਰ ਪ੍ਰਾਪਤ ਨਹੀਂ ਸਨ। ਭਾਰਤ ਦੀ ਅਜ਼ਾਦੀ ਪ੍ਰਾਪਤੀ ਦੀ ਲਹਿਰ ਵਿੱਚ ਸਮੇਂ-ਸਮੇਂ 'ਤੇ ਮੌਲਿਕ ਅਧਿਕਾਰਾਂ ਦੀ ਮੰਗ ਕੀਤੀ ਗਈ ਸੀ। 1895 ਵਿੱਚ ਬਾਲ ਗੰਗਾਧਰ ਤਿਲਕ ਨੇ ਅੰਗਰੇਜ਼ਾਂ ਨੂੰ ਸਵਰਾਜ ਬਿੱਲ ਪਾਸ ਕਰਨ ਲਈ ਕਿਹਾ। ਜਿਸ ਵਿੱਚ ਭਾਰਤੀ ਲੋਕਾਂ ਲਈ ਵਿਚਾਰ ਪ੍ਰਗਟਾਉਣ, ਕਾਨੂੰਨ ਦੇ ਸਾਹਮਣੇ ਸਮਾਨਤਾ ਅਤੇ ਕੁਝ ਹੋਰ ਅਧਿਕਾਰਾਂ ਦੀ ਮੰਗ ਕੀਤੀ ਗਈ। 1928 ਈ: ਵਿੱਚ ਨਹਿਰੂ ਰਿਪੋਰਟ ਵਿੱਚ ਵੀ ਅਧਿਕਾਰਾਂ ਦੀ ਮੰਗ ਕੀਤੀ ਗਈ ਜਿਸ ਵਿੱਚ ਮਰਦਾਂ ਅਤੇ ਔਰਤਾਂ ਲਈ ਸਮਾਨਤਾ ਦੇ ਅਧਿਕਾਰ ਦੀ ਮੰਗ ਕੀਤੀ ਗਈ। ਪਰ ਅੰਗਰੇਜ਼ੀ ਹਕੂਮਤ ਨੇ ਉਕਤ ਮੰਗਾਂ ਨੂੰ ਰੱਦ ਕਰ ਦਿੱਤਾ ਸੀ। 1935 ਦੇ ਗੌਰਮਿੰਟ ਆਫ਼ ਇੰਡੀਆ ਐਕਟ ਵਿੱਚ ਭਾਰਤੀ ਲੋਕਾਂ ਲਈ ਮੌਲਿਕ ਅਧਿਕਾਰਾਂ ਦੀ ਸੂਚੀ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ।

1946 ਈ: ਵਿੱਚ ਕੈਬਨਿਟ ਮਿਸ਼ਨ ਨੇ ਭਾਰਤੀ ਲੋਕਾਂ ਲਈ ਮੌਲਿਕ ਅਧਿਕਾਰਾਂ ਦੀ ਪ੍ਰੋੜ੍ਹਤਾ ਕੀਤੀ। ਸੰਵਿਧਾਨ ਸਭਾ ਨੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਦਰਜ ਕਰਨ ਲਈ ਇੱਕ ਸਲਾਹਕਾਰੀ ਕਮੇਟੀ ਦਾ ਗਠਨ ਕੀਤਾ ਸੀ। ਇਸ ਤੋਂ ਬਾਅਦ ਇੱਕ ਉਪ ਕਮੇਟੀ ਵੀ ਬਣਾਈ ਗਈ। ਜਿਸ ਨੇ ਬਰੀਕੀ ਵਿੱਚ ਮੌਲਿਕ ਅਧਿਕਾਰਾਂ ਦਾ ਅਧਿਐਨ ਕੀਤਾ। ਆਖ਼ਰ ਭਾਰਤ ਦੇ ਸੰਵਿਧਾਨ ਨਿਰਮਾਤਾਵਾਂ ਨੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਦੇ ਤੀਜੇ ਭਾਗ ਵਿੱਚ ਦਰਜ ਕਰਕੇ ਇੱਕ ਸ਼ਲਾਘਾਯੋਗ ਕੰਮ ਕੀਤਾ।

### ਮੌਲਿਕ ਅਧਿਕਾਰਾਂ ਦਾ ਸਰੂਪ

**1. ਅਤਿ ਵਿਸਤ੍ਰਿਤ —** ਭਾਰਤ ਦੇ ਸੰਵਿਧਾਨ ਵਿੱਚ ਦਿੱਤੇ ਗਏ ਮੌਲਿਕ ਅਧਿਕਾਰ ਕਾਫ਼ੀ ਵਿਸਤ੍ਰਿਤ ਰੂਪ ਵਿੱਚ ਹਨ। ਇਹ ਅਧਿਕਾਰ ਅਨੁਛੇਦ 14 ਤੋਂ 32 ਤੱਕ ਦਰਜ ਹਨ ਜਿਨ੍ਹਾਂ ਵਿੱਚ ਸਮਾਨਤਾ ਦਾ ਅਧਿਕਾਰ, ਅਜ਼ਾਦੀ ਦਾ ਅਧਿਕਾਰ, ਸ਼ੋਸ਼ਣ ਵਿਰੁੱਧ ਅਧਿਕਾਰ, ਧਾਰਮਿਕ ਅਜ਼ਾਦੀ ਦਾ ਅਧਿਕਾਰ, ਸੱਭਿਆਚਾਰਿਕ ਅਤੇ ਵਿੱਦਿਅਕ ਅਧਿਕਾਰ ਤੇ ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਸ਼ਾਮਲ ਹਨ।

**II. ਅਧਿਕਾਰਾਂ ਦਾ ਨਕਾਰਾਤਮਕ ਤੇ ਸਕਾਰਾਤਮਕ ਸਰੂਪ —** ਕੁਝ ਮੌਲਿਕ ਅਧਿਕਾਰ ਸਰਕਾਰ ਨੂੰ ਕੁਝ ਕੰਮ ਕਰਨ 'ਤੇ ਰੋਕ ਲਾਉਂਦੇ ਹਨ ਪਰ ਕੁਝ ਮੌਲਿਕ ਅਧਿਕਾਰ ਸਰਕਾਰ ਨੂੰ ਸਕਾਰਾਤਮਕ ਆਦੇਸ਼ ਦਿੰਦੇ ਹਨ। ਜਿਵੇਂ ਧਾਰਮਿਕ ਅਜ਼ਾਦੀ ਦਾ ਮੌਲਿਕ ਅਧਿਕਾਰ ਸਰਕਾਰ ਨੂੰ ਵਿਅਕਤੀਆਂ ਦੇ ਧਾਰਮਿਕ ਕੰਮਾਂ ਵਿੱਚ ਦਖ਼ਲ ਦੇਣ ਤੋਂ ਰੋਕਦਾ ਹੈ। ਦੂਜੇ ਪਾਸੇ ਸ਼ੋਸ਼ਣ ਵਿਰੁੱਧ ਅਧਿਕਾਰ ਸਰਕਾਰ ਨੂੰ ਵਿਅਕਤੀਆਂ ਦਾ ਹਰ ਤਰ੍ਹਾਂ ਦਾ ਸ਼ੋਸ਼ਣ ਰੋਕਣ ਲਈ ਕਾਨੂੰਨ ਬਣਾਉਣ ਦਾ ਅਧਿਕਾਰ ਦਿੰਦਾ ਹੈ।

**III. ਵਿਦੇਸ਼ੀ ਅਤੇ ਨਾਗਰਿਕ ਵਿੱਚ ਅੰਤਰ —** ਮੌਲਿਕ ਅਧਿਕਾਰ ਵਿਦੇਸ਼ੀ ਅਤੇ ਨਾਗਰਿਕ ਵਿੱਚ ਅੰਤਰ ਕਰਦੇ ਹਨ। ਕੁਝ ਅਧਿਕਾਰ ਅਜਿਹੇ ਹਨ ਜੋ ਕੇਵਲ ਨਾਗਰਿਕ ਹੀ ਮਾਣ ਸਕਦੇ ਹਨ। ਕੁਝ ਅਧਿਕਾਰ ਅਜਿਹੇ ਹਨ ਜਿਨ੍ਹਾਂ ਨੂੰ ਵਿਦੇਸ਼ੀ ਅਤੇ ਨਾਗਰਿਕ ਦੋਨੋਂ ਮਾਣ ਸਕਦੇ ਹਨ। ਜਿਵੇਂ ਵਿਚਾਰ ਪ੍ਰਗਟਾਉਣ, ਸੰਘ ਬਣਾਉਣ, ਬਿਨਾਂ ਹਥਿਆਰ ਇਕੱਠੇ ਹੋ ਕੇ ਮੀਟਿੰਗ ਕਰਨ, ਸਰਕਾਰੀ ਅਹੁਦਾ ਪ੍ਰਾਪਤ ਕਰਨ ਆਦਿ ਅਧਿਕਾਰ ਕੇਵਲ ਨਾਗਰਿਕ ਨੂੰ ਹੀ ਦਿੱਤੇ ਗਏ ਹਨ ਪਰ ਕਾਨੂੰਨ ਦੇ ਸਾਹਮਣੇ ਸਮਾਨਤਾ ਤੇ ਧਾਰਮਿਕ ਅਜ਼ਾਦੀ ਦਾ ਅਧਿਕਾਰ ਵਿਦੇਸ਼ੀ ਅਤੇ ਨਾਗਰਿਕ ਦੋਨਾਂ ਨੂੰ ਸਮਾਨ ਰੂਪ ਵਿੱਚ ਦਿੱਤਾ ਗਿਆ ਹੈ।

**IV. ਪੁਲਿਸ ਅਤੇ ਸੁਰੱਖਿਆ ਬਲਾਂ ਦੇ ਮੌਲਿਕ ਅਧਿਕਾਰਾਂ 'ਤੇ ਕੁਝ ਹੱਦ ਤੱਕ ਰੋਕ —** ਪੁਲਿਸ ਅਤੇ ਸੁਰੱਖਿਆ ਬਲਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਮੌਲਿਕ ਅਧਿਕਾਰ ਸੰਸਦ ਦੁਆਰਾ ਕੁਝ ਹੱਦ ਤੱਕ ਸੀਮਿਤ ਕੀਤੇ ਗਏ ਹਨ। ਅਜਿਹਾ ਇਸ ਲਈ ਕੀਤਾ ਗਿਆ ਹੈ ਤਾਂ ਕਿ ਦੇਸ ਦਾ ਪ੍ਰਬੰਧ ਚਲਾਉਣ ਵਿੱਚ ਕੁਸ਼ਲਤਾ ਆਵੇ ਤੇ ਦੇਸ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਦੇਸ ਦੀ ਏਕਤਾ ਤੇ ਅਖੰਡਤਾ ਕਾਇਮ ਰਹੇ। ਮੌਲਿਕ ਅਧਿਕਾਰਾਂ ਨੂੰ ਦੇਸ ਵਿੱਚ ਰਾਸ਼ਟਰੀ ਸੰਕਟ ਦੀ ਘੋਸ਼ਣਾ ਹੋਣ 'ਤੇ ਰਾਸ਼ਟਰਪਤੀ ਦੁਆਰਾ ਮੁਲਤਵੀ ਕੀਤਾ ਜਾ ਸਕਦਾ ਹੈ।

**V. ਇਹ ਅਧਿਕਾਰ ਅਸੀਮਿਤ ਨਹੀਂ ਹਨ —** ਮੌਲਿਕ ਅਧਿਕਾਰ ਅਸੀਮਿਤ ਨਹੀਂ ਹਨ। ਇਸ ਦੀ ਵਰਤੋਂ ਦੇ ਨਾਲ਼-ਨਾਲ਼ ਉਚਿਤ ਰੋਕਾਂ ਵੀ ਲਗਾਈਆਂ ਜਾ ਸਕਦੀਆਂ ਹਨ। ਮੌਲਿਕ ਅਧਿਕਾਰਾਂ ਉੱਤੇ ਉਚਿਤ ਰੋਕਾਂ ਲਾਉਣ ਦਾ ਅਧਿਕਾਰ ਭਾਰਤੀ ਸੰਸਦ ਨੂੰ ਦਿੱਤਾ ਗਿਆ ਹੈ।

**VI. ਮੌਲਿਕ ਅਧਿਕਾਰ ਨਾਗਰਿਕ ਅਤੇ ਰਾਜਨੀਤਿਕ ਦੋਨੋ ਸਰੂਪ ਦੇ ਹਨ —** ਕੁਝ ਮੌਲਿਕ ਅਧਿਕਾਰ ਨਾਗਰਿਕ ਸਰੂਪ ਦੇ ਹਨ ਤੇ ਕੁਝ ਰਾਜਨੀਤਿਕ ਸਰੂਪ ਦੇ ਹਨ। ਜਿਵੇਂ ਸੰਘ ਬਣਾਉਣ, ਵਿਚਾਰ ਪ੍ਰਗਟਾਉਣ, ਬਿਨਾਂ ਹਥਿਆਰ ਇਕੱਠੇ ਹੋਣ, ਰਾਜਨੀਤਿਕ ਅਧਿਕਾਰਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਸਮਾਨਤਾ ਦਾ ਅਧਿਕਾਰ, ਸੱਭਿਆਚਾਰ ਤੇ ਵਿੱਦਿਅਕ ਅਧਿਕਾਰ ਨਾਗਰਿਕ ਅਧਿਕਾਰ ਹਨ।

ਸੰਵਿਧਾਨ ਨਿਰਮਾਤਾਵਾਂ ਨੇ ਆਰਥਿਕ ਅਤੇ ਸਮਾਜਿਕ ਅਧਿਕਾਰਾਂ ਦੀ ਲੋੜ ਨੂੰ ਮਹਿਸੂਸ ਕਰਦੇ ਹੋਏ ਇਹਨਾਂ ਅਧਿਕਾਰਾਂ ਨੂੰ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾ ਅਧੀਨ ਦਰਜ ਕੀਤਾ ਹੈ।

**VII. ਮੌਲਿਕ ਅਧਿਕਾਰਾਂ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ —** ਵਿਧਾਨ ਮੰਡਲ ਸਧਾਰਨ ਕਾਨੂੰਨ ਪਾਸ ਕਰਨ ਦੀ ਵਿਧੀ ਰਾਹੀਂ ਤੇ ਕਾਰਜਪਾਲਿਕਾ ਕਿਸੇ ਆਦੇਸ਼ ਰਾਹੀਂ ਮੌਲਿਕ ਅਧਿਕਾਰਾਂ ਵਿੱਚ ਕੋਈ ਪਰਿਵਰਤਨ ਨਹੀਂ ਕਰ ਸਕਦੀ। ਜੇਕਰ ਵਿਧਾਨ ਮੰਡਲ ਦਾ ਕਾਨੂੰਨ ਜਾਂ ਕਾਰਜਪਾਲਿਕਾ ਦਾ ਆਦੇਸ਼ ਅਜਿਹਾ ਕਰਦਾ ਹੈ ਤਾਂ ਭਾਰਤ ਦੀ ਨਿਆਂਪਾਲਿਕਾ ਅਜਿਹੇ ਕਾਨੂੰਨ ਜਾਂ ਆਦੇਸ਼ ਨੂੰ ਰੱਦ ਕਰ ਸਕਦੀ ਹੈ।

**VIII. ਮੌਲਿਕ ਅਧਿਕਾਰ ਨਿਆਂ ਸੰਗਤ ਹਨ —** ਇਹ ਅਧਿਕਾਰ ਨਿਆਂ ਸੰਗਤ ਹਨ। ਇਸ ਦਾ ਭਾਵ ਇਹ ਹੈ ਕਿ ਕੋਈ ਵੀ ਵਿਅਕਤੀ ਉਸ ਦੇ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਅਦਾਲਤ ਵਿੱਚ ਜਾ ਸਕਦਾ ਹੈ। ਮੌਲਿਕ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਅਦਾਲਤ ਵਿੱਚ ਜਾਣ ਦਾ ਅਧਿਕਾਰ ਆਪਣੇ ਆਪ ਵਿੱਚ ਇੱਕ ਮੌਲਿਕ ਅਧਿਕਾਰ ਵੀ ਹੈ।

**ਮੌਲਿਕ ਅਧਿਕਾਰਾਂ ਦਾ ਵਰਗੀਕਰਨ —** ਸੰਵਿਧਾਨ ਦੇ ਭਾਗ ਤੀਜੇ ਵਿੱਚ ਦਿੱਤੇ ਗਏ ਮੌਲਿਕ ਅਧਿਕਾਰ ਛੇ ਕਿਸਮ ਦੇ ਹਨ। ਪਹਿਲਾਂ ਇਹ 7 ਕਿਸਮ ਦੇ ਸਨ। ਪਰ 1978 ਵਿੱਚ 44ਵੀਂ ਸੋਧ ਦੁਆਰਾ ਸੰਪਤੀ ਜਾਂ ਜਾਇਦਾਦ ਦਾ ਅਧਿਕਾਰ ਮੌਲਿਕ ਅਧਿਕਾਰਾਂ ਦੀ ਸ਼੍ਰੇਣੀ ਵਿੱਚੋਂ ਖ਼ਾਰਜ ਕਰ ਦਿੱਤਾ ਗਿਆ ਹੈ। **ਅਨੁਛੇਦ (300A) ਦੇ ਅਧੀਨ ਇਸ ਨੂੰ ਸਾਧਾਰਨ ਕਾਨੂੰਨੀ ਅਧਿਕਾਰ ਬਣਾ ਦਿੱਤਾ ਗਿਆ ਹੈ। ਸੰਨ 2002 ਵਿੱਚ ਭਾਰਤੀ ਸੰਸਦ ਨੇ 86ਵੀਂ ਸੋਧ ਪਾਸ ਕਰਕੇ ਬੱਚਿਆਂ ਦੇ ਸਿੱਖਿਆ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਬਣਾ ਦਿੱਤਾ ਹੈ। ਪਰ ਇਸ ਅਧਿਕਾਰ ਨੂੰ ਸੰਵਿਧਾਨ ਵਿੱਚ ਦਰਜ ਮੌਲਿਕ ਅਧਿਕਾਰਾਂ ਦੀ ਸੂਚੀ ਵਿੱਚ ਨਵਾਂ ਨੰਬਰ ਨਹੀਂ ਦਿੱਤਾ। ਇਸ ਅਧਿਕਾਰ ਨੂੰ ਅਨੁਛੇਦ 19 ਤੋਂ 22 ਵਿੱਚ ਸੁਤੰਤਰਤਾ ਦੇ ਅਧਿਕਾਰ ਅਧੀਨ 21A ਵਿੱਚ ਸ਼ਾਮਿਲ ਕੀਤਾ ਗਿਆ ਹੈ।** ਮੌਲਿਕ ਅਧਿਕਾਰਾਂ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਹੈ।

I. ਸਮਾਨਤਾ ਦਾ ਅਧਿਕਾਰ ਅਨੁਛੇਦ (14 ਤੋਂ 18)

II. ਸੁਤੰਤਰਤਾ ਦਾ ਅਧਿਕਾਰ ਅਨੁਛੇਦ (19 ਤੋਂ 22)

III. ਸ਼ੋਸ਼ਣ ਵਿਰੁੱਧ ਅਧਿਕਾਰ ਅਨੁਛੇਦ (23 ਤੋਂ 24)

IV. ਧਾਰਮਿਕ ਅਜ਼ਾਦੀ ਦਾ ਅਧਿਕਾਰ ਅਨੁਛੇਦ (25 ਤੋਂ 28)

V. ਸੱਭਿਆਚਾਰਿਕ ਅਤੇ ਵਿੱਦਿਅਕ ਅਧਿਕਾਰ ਅਨੁਛੇਦ (29 ਤੋਂ 30)

VI. ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਅਨੁਛੇਦ 32

**ਭਾਰਤ ਦੇ ਸੰਵਿਧਾਨ ਵਿੱਚ ਮੌਲਿਕ ਅਧਿਕਾਰਾਂ ਦੀ ਧਾਰਨਾ ਸੰਯੁਕਤ ਰਾਜ ਅਮਰੀਕਾ ਦੇ ਸੰਵਿਧਾਨ ਤੋਂ ਲਈ ਗਈ ਹੈ।**







**I. ਸਮਾਨਤਾ ਦਾ ਅਧਿਕਾਰ (14-18)—** ਇਸ ਅਧਿਕਾਰ ਅਧੀਨ ਪੰਜ ਤਰ੍ਹਾਂ ਦੇ ਅਧਿਕਾਰ ਸ਼ਾਮਿਲ ਕੀਤੇ ਗਏ ਹਨ। ਜਿਵੇਂ :-

**(ੳ) ਕਾਨੂੰਨ ਦੇ ਸਾਮ੍ਹਣੇ ਸਮਾਨਤਾ (ਅਨੁਛੇਦ 14) —** ਸਾਰੇ ਨਾਗਰਿਕ ਕਾਨੂੰਨ ਦੇ ਸਾਮ੍ਹਣੇ ਸਮਾਨ ਮੰਨੇ ਜਾਂਦੇ ਹਨ। ਕੋਈ ਵੀ ਨਾਗਰਿਕ ਭਾਵੇਂ ਉਹ ਉੱਚੇ ਤੋਂ ਉੱਚੇ ਅਹੁਦੇ 'ਤੇ ਹੋਵੇ ਕਾਨੂੰਨ ਤੋਂ ਉੱਪਰ ਨਹੀਂ ਹੋ ਸਕਦਾ। ਕਾਨੂੰਨ ਕਿਸੇ ਵੀ ਵਿਅਕਤੀ ਨਾਲ਼ ਨਸਲ, ਧਰਮ, ਜਾਤ ਲਿੰਗ ਦੇ ਅਧਾਰ 'ਤੇ ਵਿਤਕਰਾ ਨਹੀਂ ਕਰਦਾ।

**(ਅ) ਵਿਤਕਰੇ ਦੀ ਮਨਾਹੀ (ਅਨੁਛੇਦ 15)—** ਇਸ ਦੇ ਅਧੀਨ ਹਰ ਤਰ੍ਹਾਂ ਦੇ ਵਿਤਕਰੇ ਦੀ ਮਨਾਹੀ ਕੀਤੀ ਗਈ ਹੈ। ਸਰਵਜਨਕ ਥਾਵਾਂ, ਹੋਟਲਾਂ, ਰੈਸਟੋਰੈਂਟਾਂ, ਪਾਰਕਾਂ, ਦੁਕਾਨਾਂ ਤੇ ਮਨੋਰੰਜਨ ਵਾਲੀਆਂ ਥਾਵਾਂ 'ਤੇ ਧਰਮ, ਨਸਲ, ਜਾਤੀ, ਲਿੰਗ ਤੇ ਜਨਮ ਦੇ ਅਧਾਰ 'ਤੇ ਜਾਣ ਤੋਂ ਰੋਕਿਆ ਨਹੀਂ ਜਾ ਸਕਦਾ। ਸੰਵਿਧਾਨ ਵਿੱਚ ਅਜਿਹਾ ਉਪਬੰਧ ਸਮਾਜਿਕ ਸਮਾਨਤਾ ਲਿਆਉਣ ਲਈ ਕੀਤਾ ਗਿਆ ਹੈ।

**(ੲ) ਮੌਕਿਆਂ ਦੀ ਸਮਾਨਤਾ (ਅਨੁਛੇਦ 16 )—** ਭਾਰਤ ਦੇ ਨਾਗਰਿਕਾਂ ਨੂੰ ਸਰਕਾਰੀ ਅਹੁਦਾ ਪ੍ਰਾਪਤ ਕਰਨ ਲਈ ਉਹਨਾਂ ਦੀ ਯੋਗਤਾ ਅਨੁਸਾਰ ਬਰਾਬਰ ਮੌਕੇ ਦੇਣ ਦੀ ਵਿਵਸਥਾ ਕੀਤੀ ਗਈ ਹੈ। ਕਿਸੇ ਵੀ ਨਾਗਰਿਕ ਨੂੰ ਧਰਮ, ਜਾਤੀ, ਨਸਲ, ਜਨਮ ਸਥਾਨ, ਲਿੰਗ ਦੇ ਅਧਾਰ 'ਤੇ ਸਰਕਾਰੀ ਅਹੁਦਾ ਪ੍ਰਾਪਤ ਕਰਨ ਲਈ ਅਯੋਗ ਨਹੀਂ ਠਹਿਰਾਇਆ ਜਾ ਸਕਦਾ। ਇਹ ਅਧਿਕਾਰ ਅਪ੍ਰੱਤਖ ਤੌਰ 'ਤੇ ਇਕਹਿਰੀ ਨਾਗਰਿਕਤਾ ਦਾ ਪ੍ਰਗਟਾਵਾ ਕਰਦਾ ਹੈ।

**(ਸ) ਛੂਤ-ਛਾਤ ਵਿਰੁੱਧ ਅਧਿਕਾਰ (ਅਨੁਛੇਦ 17) —** ਭਾਰਤੀ ਸਮਾਜ ਵਿੱਚ ਸਦੀਆਂ ਤੋਂ ਚਲੀ ਆ ਰਹੀ ਇਸ ਸਮਾਜਿਕ ਬੁਰਾਈ ਨੂੰ ਖ਼ਤਮ ਕਰਨ ਲਈ ਇਸ ਅਧਿਕਾਰ ਦੀ ਵਿਵਸਥਾ ਕੀਤੀ ਗਈ ਹੈ। ਛੂਆ-ਛਾਤ ਫੈਲਾਉਣ ਜਾਂ ਅਮਲ ਵਿੱਚ ਲਿਆਉਣ ਵਾਲ਼ੇ ਵਿਅਕਤੀ ਨੂੰ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾਂਦੀ ਹੈ। ਕਾਨੂੰਨ ਅਨੁਸਾਰ ਇਸ ਬੁਰਾਈ ਦੀ ਸਮਾਪਤੀ ਉਹਨਾਂ ਲੱਖਾਂ ਲੋਕਾਂ ਲਈ ਕੀਤੀ ਗਈ ਹੈ ਜੋ ਸਦੀਆਂ ਤੋਂ ਭਾਰਤੀ ਸਮਾਜ ਵਿੱਚ ਭੈੜੇ ਵਿਵਹਾਰ ਦਾ ਸ਼ਿਕਾਰ ਹੁੰਦੇ ਆ ਰਹੇ ਹਨ।

**(ਹ) ਖਿਤਾਬਾਂ ਦਾ ਖ਼ਾਤਮਾ (ਅਨੁਛੇਦ 18) —** ਇਸ ਅਨੁਛੇਦ ਅਧੀਨ ਅੰਗਰੇਜ਼ਾਂ ਦੁਆਰਾ ਦਿੱਤੇ ਗਏ ਖਿਤਾਬ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਹੁਣ ਕੇਵਲ ਸੈਨਿਕ ਅਤੇ ਵਿੱਦਿਅਕ ਖਿਤਾਬ ਹੀ ਦਿੱਤੇ ਜਾ ਸਕਦੇ ਹਨ। ਅੰਗਰੇਜ਼ਾਂ ਦੁਆਰਾ ਦਿੱਤੇ ਗਏ ਖਿਤਾਬ ਸਮਾਜ ਵਿੱਚ ਬਣਾਉਟੀ ਭਿੰਨਤਾਵਾਂ ਪੈਦਾ ਕਰਦੇ ਸਨ। ਭਾਰਤ ਦਾ ਰਾਸ਼ਟਰਪਤੀ ਭਾਰਤ ਦੇ ਨਾਗਰਿਕਾਂ ਨੂੰ ਰਾਸ਼ਟਰੀ ਸਨਮਾਨ ਪ੍ਰਦਾਨ ਕਰ ਸਕਦਾ ਹੈ। ਜਿਨ੍ਹਾਂ ਨੇ ਸਮਾਜਿਕ ਜੀਵਨ ਦੇ ਕਿਸੇ ਵੀ ਖੇਤਰ ਵਿੱਚ ਸਨਮਾਨ ਖੱਟਿਆ ਹੋਵੇ। ਇਹਨਾਂ ਸਨਮਾਨਾਂ ਵਿੱਚ ਭਾਰਤ ਰਤਨ, ਪਦਮ ਵਿਭੂਸ਼ਨ, ਪਦਮ ਭੂਸ਼ਣ ਅਤੇ ਪਦਮ ਸ੍ਰੀ ਸ਼ਾਮਲ ਕੀਤੇ ਗਏ ਹਨ।

ਅਨੁਛੇਦ 14 ਤੋਂ 18 ਵਿੱਚ ਦਿੱਤੇ ਗਏ ਮੌਲਿਕ ਅਧਿਕਾਰ, ਕਾਨੂੰਨੀ, ਰਾਜਨੀਤਿਕ ਅਤੇ ਸਮਾਜਿਕ ਸਮਾਨਤਾ ਲਿਆਉਣ ਦੀ ਵਿਵਸਥਾ ਕਰਦੇ ਹਨ ਪਰੰਤੂ ਰਾਜਨੀਤਿਕ ਸਮਾਨਤਾ, ਆਰਥਿਕ ਸਮਾਨਤਾ ਤੋਂ ਬਿਨਾਂ ਫਜ਼ੂਲ ਲੱਗਦੀ ਹੈ।

**II. ਅਜ਼ਾਦੀ ਦਾ ਅਧਿਕਾਰ (ਅਨੁਛੇਦ 19 ਤੋਂ 22) —** ਆਰਟੀਕਲ 19 ਅਧੀਨ ਛੇ ਪ੍ਰਕਾਰ ਦੀਆਂ ਅਜ਼ਾਦੀਆਂ ਦਿੱਤੀਆਂ ਗਈਆਂ ਹਨ। ਇਹ ਇਸ ਪ੍ਰਕਾਰ ਹਨ।

(ੳ) ਵਿਚਾਰ ਪ੍ਰਗਟਾਉਣ ਅਤੇ ਭਾਸ਼ਣ ਦੇਣ ਦੀ ਅਜ਼ਾਦੀ।

(ਅ) ਬਿਨਾਂ ਹਥਿਆਰਾਂ ਤੋਂ ਇਕੱਠੇ ਹੋਣ ਦੀ ਅਜ਼ਾਦੀ।

(ੲ) ਭਾਰਤ ਵਿੱਚ ਘੁੰਮਣ ਫਿਰਨ ਦੀ ਅਜ਼ਾਦੀ।

(ਸ) ਸੰਘ ਅਤੇ ਯੂਨੀਅਨ ਬਣਾਉਣ ਦੀ ਅਜ਼ਾਦੀ।

(ਹ) ਦੇਸ ਦੇ ਕਿਸੇ ਵੀ ਭਾਗ ਵਿਚ ਨਿਵਾਸ ਸਥਾਨ ਬਣਾਉਣ ਦੀ ਅਜ਼ਾਦੀ।

(ਕ) ਕੋਈ ਕਿੱਤਾ, ਵਪਾਰ, ਧੰਦਾ ਕਰਨ ਦੀ ਅਜ਼ਾਦੀ।

ਉਪਰੋਕਤ ਛੇ ਪ੍ਰਕਾਰ ਦੀਆਂ ਅਜ਼ਾਦੀਆਂ ਸ਼ਖ਼ਸੀਅਤ ਦੇ ਵਿਕਾਸ ਲਈ ਜ਼ਰੂਰੀ ਹਨ। ਇਹ ਲੋਕਤੰਤਰ ਦੀ ਸਫ਼ਲਤਾ ਲਈ ਵੀ ਜ਼ਰੂਰੀ ਹਨ।

ਪਰ ਇਹ ਅਜ਼ਾਦੀਆਂ ਅਸੀਮਿਤ ਨਹੀਂ ਹਨ। ਹਰ ਇੱਕ ਅਜ਼ਾਦੀ ਦੇ ਨਾਲ ਉੱਚਿਤ ਰੋਕਾਂ ਵੀ ਸੰਵਿਧਾਨ ਨੇ ਲਗਾਈਆਂ ਹਨ। ਭਾਸ਼ਣ ਦੇਣ ਅਤੇ ਵਿਚਾਰ ਪ੍ਰਗਟਾਉਣ ਦੀ ਅਜ਼ਾਦੀ ਲੋਕਤੰਤਰ ਦੀ ਸਫ਼ਲਤਾ ਲਈ ਅਤਿ ਜ਼ਰੂਰੀ ਹੈ। ਲੋਕ ਆਪਣੇ ਵਿਚਾਰਾਂ ਨੂੰ ਭਾਸ਼ਣ ਰਾਹੀਂ ਜਾ ਲਿਖਤਾਂ ਰਾਹੀਂ ਪ੍ਰਗਟਾ ਸਕਦੇ ਹਨ। ਭਾਸ਼ਣ ਦੀ ਅਜ਼ਾਦੀ ਵਿਚਾਰ ਵਟਾਂਦਰੇ ਅਤੇ ਲੋਕਮੱਤ ਦੇ ਨਿਰਮਾਣ ਲਈ ਵੀ ਜ਼ਰੂਰੀ ਹੈ। ਇਸ ਅਧਿਕਾਰ ਤੋਂ ਬਿਨਾਂ ਸੰਸਦੀ ਲੋਕਤੰਤਰ ਪ੍ਰਭਾਵਸ਼ਾਲੀ ਨਹੀਂ ਹੋ ਸਕਦਾ। ਰਾਜ ਇਸ ਅਜ਼ਾਦੀ ਤੇ ਦੇਸ ਦੀ ਰੱਖਿਆ, ਕਾਨੂੰਨੀ ਵਿਵਸਥਾ, ਗੁਆਂਢੀ ਦੇਸਾਂ ਨਾਲ ਚੰਗੇ ਸੰਬੰਧ ਤੇ ਨੈਤਿਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਉਚਿਤ ਰੋਕਾਂ ਲਗਾ ਸਕਦਾ ਹੈ। ਬਿਨਾਂ ਹਥਿਆਰ ਇਕੱਠੇ ਹੋਣ ਦੀ ਅਜ਼ਾਦੀ ਨਾਲ਼ ਮੀਟਿੰਗਾਂ ਕਰਨਾ, ਰੈਲੀਆਂ ਕਰਨ ਅਤੇ ਸ਼ੋਭਾ ਯਾਤਰਾਵਾਂ ਕੱਢਣ ਦਾ ਅਧਿਕਾਰ ਵੀ ਜੁੜਿਆ ਹੋਇਆ ਹੈ। ਇਸ ਅਧਿਕਾਰ ਨਾਲ ਉਚਿਤ ਰੋਕਾਂ ਵੀ ਹਨ। ਜਿਵੇਂ ਮੀਟਿੰਗ ਸ਼ਾਂਤੀਪੂਰਵਕ ਹੋਣੀ ਚਾਹੀਦੀ ਹੈ ਅਤੇ ਬਿਨਾਂ ਹਥਿਆਰਾਂ ਤੋਂ ਹੋਣੀ ਚਾਹੀਦੀ ਹੈ। ਇਹ ਰੋਕਾਂ ਲੋਕਤੰਤਰ ਦੇ ਸ਼ਾਂਤੀਪੂਰਵਕ ਢੰਗ ਨਾਲ ਕੰਮ ਕਰਨ ਲਈ ਜ਼ਰੂਰੀ ਹਨ। ਲੋਕਤੰਤਰੀ

ਸਰਕਾਰ ਪ੍ਰੇਰਨਾ 'ਤੇ ਅਧਾਰਿਤ ਹੁੰਦੀ ਹੈ। ਸਾਡਾ ਸੰਵਿਧਾਨ ਨਾਗਰਿਕਾਂ ਨੂੰ ਆਪਣੀ ਇੱਛਾ ਅਨੁਸਾਰ ਕਿੱਤਾ ਚੁਣਨ ਦੀ ਗਾਰੰਟੀ ਦਿੰਦਾ ਹੈ। ਕਿੱਤੇ ਦੀ ਸੁਤੰਤਰਤਾ ਲੋਕਤੰਤਰੀ ਸਮਾਜ ਦੇ ਵਿਕਾਸ ਲਈ ਜ਼ਰੂਰੀ ਹੈ।

ਅਨੁਛੇਦ 20 ਤੋਂ 22 ਨਾਗਰਿਕਾਂ ਨੂੰ ਵਿਅਕਤੀਗਤ ਸੁਤੰਤਰਤਾ ਪ੍ਰਦਾਨ ਕਰਦੇ ਹਨ। ਅਨੁਛੇਦ 20 ਵਿੱਚ ਇਹ ਵਿਵਸਥਾ ਹੈ।

(ੳ) ਵਿਅਕਤੀ ਨੂੰ ਕਿਸੇ ਅਜਿਹੇ ਕਾਨੂੰਨ ਦੀ ਉਲੰਘਣਾ ਕਰਨ ਦੀ ਸਜ਼ਾ ਨਹੀਂ ਦਿੱਤੀ ਜਾ ਸਕਦੀ ਜੋ ਕਾਨੂੰਨ ਉਸ ਦੇ ਅਪਰਾਧ ਸਮੇਂ ਲਾਗੂ ਨਹੀਂ ਸੀ।

(ਅ) ਕਿਸੇ ਵਿਅਕਤੀ ਨੂੰ ਇੱਕ ਅਪਰਾਧ ਦੀ ਇੱਕ ਤੋਂ ਵੱਧ ਵਾਰ ਸਜ਼ਾ ਨਹੀਂ ਦਿੱਤੀ ਜਾ ਸਕਦੀ।

(ੲ) ਕਿਸੇ ਵਿਅਕਤੀ ਨੂੰ ਖੁਦ ਆਪਣੇ ਵਿਰੁੱਧ ਗਵਾਹੀ ਦੇਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ।

(ਸ) ਅਨੁਛੇਦ 21 ਵਿੱਚ ਇਹ ਵਿਵਸਥਾ ਹੈ ਕਿ ਕਾਨੂੰਨ ਦੁਆਰਾ ਸਥਾਪਿਤ ਵਿਧੀ ਤੋਂ ਬਿਨਾਂ ਕਿਸੇ ਵਿਅਕਤੀ ਨੂੰ ਉਸ ਦੇ ਜੀਵਨ ਅਤੇ ਵਿਅਕਤੀਗਤ ਸੁਤੰਤਰਤਾ ਤੋਂ ਵਾਂਝਿਆਂ ਨਹੀਂ ਕੀਤਾ ਜਾ ਸਕਦਾ।

ਅਨੁਛੇਦ 21-A **ਸਿੱਖਿਆ ਦਾ ਅਧਿਕਾਰ**—ਸੰਵਿਧਾਨ ਦੀ 86ਵੀਂ ਸੋਧ ਰਾਹੀਂ 2002 ਵਿੱਚ ਨਾਗਰਿਕਾਂ ਨੂੰ ਮੁਫ਼ਤ ਤੇ ਜ਼ਰੂਰੀ ਸਿੱਖਿਆ ਦਾ ਅਧਿਕਾਰ ਦਿੱਤਾ ਗਿਆ ਹੈ। ਜਿਸ ਦੇ ਅਧੀਨ 6 ਤੋਂ 14 ਸਾਲ ਦੇ ਬੱਚਿਆਂ ਨੂੰ ਸਿੱਖਿਆ ਜ਼ਰੂਰੀ ਅਤੇ ਮੁਫ਼ਤ ਦਿੱਤੀ ਜਾਵੇਗੀ।




ਅਨੁਛੇਦ 22 ਅਧੀਨ ਕੈਦੀਆਂ ਸੰਬੰਧੀ ਇਹ ਅਧਿਕਾਰ ਦਿੱਤੇ ਗਏ ਹਨ।

(ੳ) ਕਿਸੇ ਵੀ ਵਿਅਕਤੀ ਨੂੰ ਉਸ ਦੇ ਅਪਰਾਧ ਤੋਂ ਜਾਣੂ ਕਰਵਾਏ ਬਿਨਾਂ ਬੰਦੀ ਨਹੀਂ ਬਣਾਇਆ ਜਾ ਸਕਦਾ।

(ਅ) ਅਪਰਾਧੀ ਨੂੰ ਕੈਦ ਕਰਨ ਤੋਂ 24 ਘੰਟਿਆਂ ਦੇ ਅੰਦਰ ਨੇੜੇ ਦੇ ਮੈਜਿਸਟ੍ਰੇਟ ਸਾਮ੍ਹਣੇ ਪੇਸ਼ ਕਰਨਾ ਜ਼ਰੂਰੀ ਹੈ।

(ੲ) ਅਦਾਲਤ ਦੀ ਆਗਿਆ ਤੋਂ ਬਿਨਾਂ ਕਿਸੇ ਦੋਸ਼ੀ ਨੂੰ 24 ਘੰਟਿਆਂ ਤੋਂ ਵੱਧ ਸਮੇਂ ਲਈ ਕੈਦ ਵਿੱਚ ਨਹੀਂ ਰੱਖਿਆ ਜਾ ਸਕਦਾ।

**III. ਸ਼ੋਸ਼ਣ ਵਿਰੁੱਧ ਅਧਿਕਾਰ ਅਨੁਛੇਦ 23 ਤੋਂ 24 —** ਇਹ ਅਧਿਕਾਰ ਵਿਅਕਤੀਗਤ ਗੌਰਵ ਨੂੰ ਯਕੀਨੀ ਬਣਾਉਣ ਲਈ ਦਿੱਤਾ ਗਿਆ ਹੈ ਜਿਸ ਬਾਰੇ ਸਾਡੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਘੋਸ਼ਣਾ ਕੀਤੀ ਗਈ ਹੈ। ਅਨੁਛੇਦ 23 ਹਰ ਕਿਸਮ ਦੀ ਬੰਧੂਆ ਮਜ਼ਦੂਰੀ, ਬੇਗਾਰ ਤੇ ਮਨੁੱਖਾਂ ਦੇ ਵਪਾਰ ਨੂੰ ਰੋਕਦਾ ਹੈ। ਇਹਨਾਂ ਪ੍ਰਥਾਵਾਂ ਨੂੰ ਅਮਲ ਵਿੱਚ ਲਿਆਉਣਾ ਇੱਕ ਕਾਨੂੰਨੀ ਅਪਰਾਧ ਹੈ। ਕਾਨੂੰਨ ਅਨੁਸਾਰ ਇਹਨਾਂ ਅਪਰਾਧਾਂ ਦੀ ਸਜ਼ਾ ਦਿੱਤੀ ਜਾਂਦੀ ਹੈ। ਜਨਤਕ

ਉਦੇਸ਼ਾਂ ਲਈ ਰਾਜ ਵਿਅਕਤੀਆਂ ਕੋਲੋਂ ਜ਼ਰੂਰੀ ਸੇਵਾਵਾਂ ਲੈ ਸਕਦਾ ਹੈ। ਪਰ ਅਜਿਹਾ ਕਰਦੇ ਸਮੇਂ ਕਿਸੇ ਵੀ ਵਿਅਕਤੀ ਨਾਲ਼ ਧਰਮ, ਜਾਤੀ, ਲਿੰਗ, ਜਨਮ-ਸਥਾਨ ਦੇ ਅਧਾਰ 'ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ।

ਅਨੁਛੇਦ 24 ਬੱਚਿਆਂ ਦੀ ਸੁਰੱਖਿਆ ਲਈ ਹੈ। 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਫੈਕਟਰੀਆਂ, ਖਾਣਾਂ ਤੇ ਹੋਰ ਜ਼ੋਖਿਮ ਭਰੇ ਸਥਾਨਾਂ 'ਤੇ ਕੰਮ ਲੈਣ 'ਤੇ ਰੋਕ ਲਗਾਈ ਗਈ ਹੈ।

**IV. ਧਾਰਮਿਕ ਅਜ਼ਾਦੀ ਦਾ ਅਧਿਕਾਰ ਅਨੁਛੇਦ (25 ਤੋਂ 28) —** ਅਨੁਛੇਦ 25, ਸਾਰੇ ਵਿਅਕਤੀਆਂ ਨੂੰ ਕੋਈ ਵੀ ਧਰਮ ਅਪਨਾਉਣ, ਵਿਸ਼ਵਾਸ ਅਤੇ ਭਗਤੀ ਦੀ ਅਜ਼ਾਦੀ ਪ੍ਰਦਾਨ ਕਰਦਾ ਹੈ। ਇਹ ਅਧਿਕਾਰ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਦਿੱਤੇ ਭਾਰਤ ਦੇ ਧਰਮ ਨਿਰਪੱਖ ਹੋਣ ਦੇ ਉਦੇਸ਼ ਨੂੰ ਪੂਰਾ ਕਰਨ ਲਈ ਦਿੱਤਾ ਹੈ। ਧਾਰਮਿਕ ਅਜ਼ਾਦੀ ਦਾ ਅਧਿਕਾਰ ਭਾਰਤ ਵਿੱਚ ਰਹਿ ਰਹੇ ਵਿਦੇਸ਼ੀਆਂ ਨੂੰ ਵੀ ਸਮਾਨ ਰੂਪ ਵਿੱਚ ਪ੍ਰਾਪਤ ਹੈ।

ਅਨੁਛੇਦ 26, ਲੋਕਾਂ ਨੂੰ ਆਪਣੇ ਧਰਮ ਦਾ ਪ੍ਰਚਾਰ ਕਰਨ, ਧਾਰਮਿਕ ਸੰਸਥਾਵਾਂ ਸਥਾਪਿਤ ਕਰਨ, ਉਸ ਵਿੱਚ ਚਲ ਤੇ ਅਚੱਲ ਸੰਪਤੀ ਰੱਖਣ ਤੇ ਉਸ ਦਾ ਪ੍ਰਬੰਧ ਕਰਨ ਦੀ ਅਜ਼ਾਦੀ ਦਿੰਦਾ ਹੈ। ਪਰ ਇਸ ਦੇ ਨਾਲ਼ ਜਨਤਕ ਵਿਵਸਥਾ - ਸਿਹਤ ਤੇ ਨੈਤਿਕਤਾ ਦਾ ਖਿਆਲ ਰੱਖਣਾ ਜ਼ਰੂਰੀ ਹੈ। ਅਨੁਛੇਦ 27 ਅਧੀਨ ਧਰਮ ਦੇ ਨਾਂ 'ਤੇ ਚੰਦਾ ਲੈਣ ਦੀ ਮਨਾਹੀ ਕੀਤੀ ਗਈ ਹੈ। ਕਿਸੇ ਵੀ ਵਿਅਕਤੀ ਕੋਲੋਂ ਕੋਈ ਵੀ ਧਾਰਮਿਕ ਸੰਸਥਾ ਜ਼ਬਰਦਸਤੀ ਉਗਰਾਹੀ ਨਹੀਂ ਕਰ ਸਕਦੀ। ਅਨੁਛੇਦ 28 ਅਧੀਨ ਵਿੱਦਿਅਕ ਸੰਸਥਾਵਾਂ ਵਿੱਚ ਧਾਰਮਿਕ ਸਿੱਖਿਆ ਦੇਣ ਦੀ ਮਨਾਹੀ ਕੀਤੀ ਗਈ ਹੈ। ਨਿੱਜੀ ਖੇਤਰ ਦੀਆਂ ਵਿੱਦਿਅਕ ਸੰਸਥਾਵਾਂ ਧਾਰਮਿਕ ਸਿੱਖਿਆ ਦੇ ਸਕਦੀਆਂ ਹਨ ਪਰ ਕਿਸੇ ਵੀ ਬੱਚੇ ਨੂੰ ਧਾਰਮਿਕ ਸਿੱਖਿਆ ਲੈਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ।

**V. ਸੱਭਿਆਚਾਰਿਕ ਤੇ ਵਿੱਦਿਅਕ ਅਧਿਕਾਰ ਅਨੁਛੇਦ (29 ਤੋਂ 30) —** ਅਨੁਛੇਦ 29 ਅਧੀਨ ਘੱਟ ਗਿਣਤੀ ਲੋਕਾਂ ਨੂੰ ਆਪਣੀ ਭਾਸ਼ਾ, ਲਿਪੀ ਤੇ ਸੱਭਿਆਚਾਰ ਨੂੰ ਕਾਇਮ ਰੱਖਣ ਦਾ ਅਧਿਕਾਰ ਦਿੰਦਾ ਹੈ। ਇਸੇ ਅਧਿਕਾਰ ਅਧੀਨ ਰਾਜ ਆਰਥਿਕ ਤੌਰ 'ਤੇ ਪਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀ ਤੇ ਕਬੀਲਿਆਂ ਲਈ ਵਿੱਦਿਅਕ ਸੰਸਥਾਵਾਂ ਵਿੱਚ ਸੀਟਾਂ ਰਾਖਵੀਆਂ ਰੱਖ ਸਕਦਾ ਹੈ।

ਅਨੁਛੇਦ 30 ਅਧੀਨ ਭਾਸ਼ਾ ਅਤੇ ਧਰਮ ਦੇ ਅਧਾਰ 'ਤੇ ਘੱਟ ਗਿਣਤੀ ਲੋਕ ਆਪਣੀਆਂ ਵਿੱਦਿਅਕ ਸੰਸਥਾਵਾਂ ਖੋਲ੍ਹ ਸਕਦੇ ਹਨ ਅਤੇ ਉਹਨਾਂ ਦਾ ਪ੍ਰਬੰਧ ਚਲਾ ਸਕਦੇ ਹਨ। ਰਾਜ ਵਿੱਦਿਅਕ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਦਿੰਦੇ ਸਮੇਂ ਇਹ ਵਿਤਕਰਾ ਨਹੀਂ ਕਰ ਸਕਦਾ ਕਿ ਇਹ ਘੱਟ ਗਿਣਤੀ ਵੱਲੋਂ ਚਲਾਈਆਂ ਜਾ ਰਹੀਆਂ ਹਨ।

**VI. ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਅਨੁਛੇਦ (32) —** ਸੰਵਿਧਾਨ ਨਿਰਮਾਤਾਵਾਂ ਨੂੰ ਭਾਰਤ ਦੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿੱਚ ਦਰਜ ਕਰਨ ਦੇ ਨਾਲ਼-ਨਾਲ਼ ਇਹਨਾਂ ਅਧਿਕਾਰਾਂ ਨੂੰ ਲਾਗੂ ਕਰਵਾਉਣ ਦਾ ਉਪਬੰਧ ਵੀ ਕੀਤਾ ਹੈ। ਭਾਰਤ ਦੇ ਨਾਗਰਿਕ ਮੌਲਿਕ ਅਧਿਕਾਰਾਂ ਦੀ ਉਲੰਘਣਾ ਦੀ ਸੂਰਤ ਵਿੱਚ ਰਾਜ ਦੀਆਂ ਉੱਚ ਅਦਾਲਤਾਂ ਅਤੇ ਸਰਵ ਉੱਚ ਅਦਾਲਤ ਵਿੱਚ ਜਾ ਸਕਦੇ ਹਨ। ਰਾਜ ਦੀਆਂ ਉੱਚ ਅਦਾਲਤਾਂ ਤੇ ਸੁਪਰੀਮ ਕੋਰਟ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਵਾਉਣ ਲਈ ਕੁਝ ਰਿੱਟਾਂ ਜਾਰੀ ਕਰ ਸਕਦੀਆਂ ਹਨ, ਜਿਵੇਂ —

(ੳ) ਬੰਦੀ ਪ੍ਰਤੱਖੀਕਰਨ (ਅ) ਫਰਮਾਨਲੇਖ (ੲ) ਮਨਾਹੀ ਲੇਖ (ਸ) ਅਧਿਕਾਰ ਪਰਿਛਾ ਲੇਖ (ਹ) ਉਤਪ੍ਰੇਖਣ ਲੇਖ

**ਭਾਰਤੀ ਸੰਵਿਧਾਨ ਅਧੀਨ ਨਿਆਂਪਾਲਿਕਾ ਦੀ ਸੁਤੰਤਰਤਾ ਅਤੇ ਸੁਰੱਖਿਆ —** ਨਿਆਂਪਾਲਿਕਾ ਦੀ ਸੁਤੰਤਰਤਾ ਤੋਂ ਭਾਵ ਜੱਜ ਕਿਸੇ ਵੀ ਕਿਸਮ ਦੇ ਨਿਯੰਤਰਨ ਜਾਂ ਪ੍ਰਭਾਵ ਤੋਂ ਮੁਕਤ ਹੋਣੇ ਚਾਹੀਦੇ ਹਨ, ਤਾਂ ਕਿ ਉਹ ਬਿਨਾਂ ਡਰ ਤੋਂ ਨਿਰਪੱਖ ਹੋ ਕੇ ਨਿਆਂ ਦੇ ਸਕਣ। ਦੇਸ ਵਿੱਚ ਸੁਤੰਤਰ ਤੇ ਨਿਰਪੱਖ ਨਿਆਂਪਾਲਿਕਾ ਨਾਗਰਿਕਾਂ ਦੇ ਅਧਿਕਾਰਾਂ ਅਤੇ ਸੰਵਿਧਾਨਿਕ ਸਰਕਾਰ ਲਈ ਜ਼ਰੂਰੀ ਹੈ। ਸੁਤੰਤਰ ਅਤੇ ਨਿਰਪੱਖ ਨਿਆਂਪਾਲਿਕਾ ਦੀ ਜ਼ਰੂਰਤ ਪ੍ਰਤਿ ਸੰਵਿਧਾਨ ਰਚਣਹਾਰੇ ਪੂਰੀ ਤਰ੍ਹਾਂ ਜਾਗਰੂਕ ਸਨ ਤਾਂ ਕਿ ਦੇਸ ਵਿੱਚ ਲੋਕਤੰਤਰੀ ਸਰਕਾਰ ਸਰਲਤਾ ਪੂਰਵਕ ਕੰਮ ਕਰਦੀ ਰਹੇ। ਇਸ ਲਈ ਸੰਵਿਧਾਨ ਨਿਰਮਾਤਾਵਾਂ ਨੇ ਨਿਆਂਪਾਲਿਕਾ ਦੀ ਸੁਤੰਤਰਤਾ ਅਤੇ ਨਿਰਪੱਖਤਾ ਲਈ ਹੇਠ ਲਿਖੇ ਉਪਬੰਧ ਕੀਤੇ ਹਨ।

(ੳ) ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਰਾਸ਼ਟਰਪਤੀ ਦੁਆਰਾ ਕੀਤੀ ਜਾਂਦੀ ਹੈ। ਨਿਯੁਕਤੀ ਕਰਦੇ ਸਮੇਂ ਰਾਸ਼ਟਰਪਤੀ ਆਪਣੀ ਮਨਮਾਨੀ ਨਹੀਂ ਕਰ ਸਕਦਾ। ਜੱਜਾਂ ਲਈ ਜੋ ਯੋਗਤਾਵਾਂ ਰੱਖੀਆਂ ਜਾਂਦੀਆਂ ਹਨ ਉਹਨਾਂ ਦੇ ਆਧਾਰ 'ਤੇ ਹੀ ਨਿਯੁਕਤੀ ਕੀਤੀ ਜਾਂਦੀ ਹੈ। ਨਿਯੁਕਤੀ ਕਰਦੇ ਸਮੇਂ ਰਾਸ਼ਟਰਪਤੀ ਸੁਪਰੀਮ ਕੋਰਟ ਦੇ ਮੁੱਖ ਜੱਜ ਅਤੇ ਕੁਝ

ਹੋਰ ਜੱਜਾਂ ਦੀ ਸਲਾਹ ਵੀ ਲੈਂਦਾ ਹੈ।

(ਅ) ਸੰਵਿਧਾਨ ਜੱਜਾਂ ਦੀ ਪਦਵੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦਾ ਹੈ। ਸੁਪਰੀਮ ਕੋਰਟ ਦੇ ਜੱਜ 65 ਸਾਲ ਦੀ ਉਮਰ ਤੱਕ ਆਪਣੇ ਅਹੁਦੇ 'ਤੇ ਰਹਿੰਦੇ ਹਨ। ਜੱਜਾਂ ਨੂੰ ਹਟਾਉਣ ਦੀ ਵਿਧੀ ਕਠਿਨ ਹੈ। ਜੱਜਾਂ ਨੂੰ ਭੈੜੇ ਵਿਵਹਾਰ ਅਤੇ ਅਯੋਗਤਾ ਕਾਰਨ ਰਾਸ਼ਟਰਪਤੀ ਦੁਆਰਾ ਤਾਂ ਹੀ ਹਟਾਇਆ ਜਾ ਸਕਦਾ ਹੈ ਜੇਕਰ ਸੰਸਦ ਦੇ ਦੋਨੋਂ ਸਦਨ ਉਹਨਾਂ ਵਿਰੁੱਧ ਹਾਜ਼ਰ ਤੇ ਵੋਟ ਦੇਣ ਵਾਲਿਆਂ ਦੇ ਦੋ ਤਿਹਾਈ ਮੱਤ ਨਾਲ ਤੇ ਕੁੱਲ ਮੈਂਬਰਾ ਦੇ ਬਹੁਮਤ ਨਾਲ ਦੋਸ਼ ਮਤਾ ਪਾਸ ਹੋ ਜਾਵੇ।

(ੲ) ਸੁਪਰੀਮ ਕੋਰਟ ਦੇ ਜੱਜਾਂ ਦੀ ਤਨਖ਼ਾਹ ਅਤੇ ਭੱਤੇ ਉਹਨਾਂ ਦੇ ਕਾਰਜਕਾਲ ਦੌਰਾਨ ਘਟਾਏ ਨਹੀਂ ਜਾ ਸਕਦੇ।

(ਸ) ਸੁਪਰੀਮ ਕੋਰਟ ਦੇ ਜੱਜਾਂ ਦੀ ਤਨਖ਼ਾਹ ਅਤੇ ਭੱਤੇ ਅਤੇ ਸੁਪਰੀਮ ਕੋਰਟ ਦਾ ਹੋਰ ਪ੍ਰਬੰਧਕੀ ਖ਼ਰਚ ਭਾਰਤ ਦੇ ਸੰਚਿਤ ਨਿਧੀ ਫੰਡ ਵਿੱਚੋਂ ਦਿੱਤਾ ਜਾਂਦਾ ਹੈ ਜਿਸ ਨੂੰ ਸੰਸਦ ਦੇ ਲੇਖਾ ਵੋਟ ਤੋਂ ਮੁਕਤ ਰੱਖਿਆ ਗਿਆ ਹੈ।

(ਹ) ਸੰਸਦ ਸੁਪਰੀਮ ਕੋਰਟ ਦੀਆਂ ਸ਼ਕਤੀਆਂ ਵਿੱਚ ਵਾਧਾ ਤਾਂ ਕਰ ਸਕਦੀ ਹੈ ਪਰ ਸ਼ਕਤੀਆਂ ਨੂੰ ਘਟਾ ਨਹੀਂ ਸਕਦੀ।

(ਕ) ਸੁਪਰੀਮ ਕੋਰਟ ਦੇ ਰਿਟਾਇਰਡ ਜੱਜ ਕਿਸੇ ਵੀ ਅਦਾਲਤ ਵਿੱਚ ਵਕਾਲਤ ਨਹੀਂ ਕਰ ਸਕਦੇ।

(ਖ) ਸੁਪਰੀਮ ਕੋਰਟ ਆਪਣੇ ਪ੍ਰਬੰਧਕੀ ਅਮਲੇ ਦੀ ਭਰਤੀ ਤੇ ਸੇਵਾ ਸ਼ਰਤਾਂ ਲਈ ਸੁਤੰਤਰ ਹੈ।

(ਗ) ਸੁਪਰੀਮ ਕੋਰਟ ਕੋਲ਼ ਮਾਨਹਾਨੀ ਕਰਨ ਵਾਲ਼ੇ ਵਿਅਕਤੀਆਂ ਨੂੰ ਸਜ਼ਾ ਦੇਣ ਦੀ ਸ਼ਕਤੀ ਹੈ।

ਨਿਆਂਪਾਲਿਕਾ ਦੀ ਸੁਰੱਖਿਆ ਅਤੇ ਸੁਤੰਤਰਤਾ ਲਈ ਸੰਵਿਧਾਨ ਨੇ ਉਪਰੋਕਤ ਉਪਬੰਧ ਕੀਤੇ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਜੱਜਾਂ ਨੇ ਆਪਣੀ ਸਾਹਸ ਅਤੇ ਨਿਡਰਤਾ ਨਾਲ ਕਰਤੱਵਾਂ ਨੂੰ ਨਿਭਾਇਆ ਹੈ। ਭਾਰਤ ਵਿੱਚ ਕਾਨੂੰਨ ਦਾ ਸ਼ਾਸਨ ਲਾਗੂ ਕਰਨਾ ਯਕੀਨੀ ਬਣਾਇਆ ਹੈ।


ਪਿਆਰੇ ਵਿਦਿਆਰਥੀਓ—ਆਪਜੀ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਭਾਰਤ ਵਿੱਚ ਕੇਂਦਰੀ ਪੱਧਰ 'ਤੇ ਰਾਸ਼ਟਰੀ ਮਨੁੱਖੀ ਅਧਿਕਾਰ ਆਯੋਗ ਦੀ ਸਥਾਪਨਾ ਦਸੰਬਰ 1993 ਵਿੱਚ ਕੀਤੀ ਗਈ ਹੈ। ਇਸੇ ਤਰ੍ਹਾਂ ਰਾਜਾਂ ਵਿੱਚ ਵੀ ਰਾਜ ਮਨੁੱਖੀ ਅਧਿਕਾਰ ਆਯੋਗਾਂ ਦੀ ਸਥਾਪਨਾ ਕੀਤੀ ਗਈ ਤਾਂ ਜੋ ਵੱਖ-ਵੱਖ ਪੱਧਰਾਂ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਰੋਕਿਆ ਜਾ ਸਕੇ ਅਤੇ ਮਨੁੱਖੀ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ ਜਾ ਸਕੇ।

**ਨਿਆਇਕ ਪੁਨਰ ਨਿਰੀਖਣ —** ਨਿਆਇਕ ਪੁਨਰ ਨਿਰੀਖਣ ਦਾ ਅਰਥ ਹੈ ਕਿ ਨਿਆਂਪਾਲਿਕਾ ਕੋਲ ਵਿਧਾਨ ਮੰਡਲ ਦੇ ਪਾਸ ਕੀਤੇ ਕਾਨੂੰਨਾਂ ਤੇ ਕਾਰਜਪਾਲਿਕਾ ਦੇ ਜਾਰੀ ਕੀਤੇ ਆਦੇਸ਼ਾਂ ਨੂੰ ਸੰਵਿਧਾਨਿਕ ਕਸੌਟੀ ਤੋਂ ਪਰਖਣ ਦੀ ਸ਼ਕਤੀ ਹੈ। ਜੇਕਰ ਵਿਧਾਨ ਮੰਡਲ ਦਾ ਪਾਸ ਕੀਤਾ ਕਾਨੂੰਨ ਜਾਂ ਕਾਰਜਪਾਲਿਕਾ ਦਾ ਜਾਰੀ ਕੀਤਾ ਆਦੇਸ਼ ਸੰਵਿਧਾਨਿਕ ਵਿਵਸਥਾਵਾਂ ਦੀ ਉਲੰਘਣਾ ਕਰਦਾ ਹੋਵੇ ਤਾਂ ਨਿਆਂਪਾਲਿਕਾ ਅਜਿਹੇ ਕਾਨੂੰਨ ਜਾਂ ਆਦੇਸ਼ ਨੂੰ ਰੱਦ ਕਰ ਸਕਦੀ ਹੈ। ਭਾਰਤ ਵਿੱਚ ਸਰਕਾਰ ਦਾ ਸੰਘਾਤਮਕ ਰੂਪ ਅਪਣਾਏ ਜਾਣ ਕਾਰਨ ਤੇ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਸੰਵਿਧਾਨ ਵਿਚ ਦਰਜ ਕਰਨ ਕਾਰਨ ਸੁਪਰੀਮ ਕੋਰਟ ਨੂੰ ਨਿਆਂਇਕ ਪੁਨਰ ਨਿਰੀਖਣ ਦੀ ਸ਼ਕਤੀ ਦਿੱਤੀ ਗਈ ਹੈ। ਨਿਆਂਪਾਲਿਕਾ ਦੀ ਇਹ ਸ਼ਕਤੀ ਯਕੀਨੀ ਬਣਾਉਂਦੀ ਹੈ ਕਿ ਕੇਂਦਰ ਤੇ ਰਾਜ ਸਰਕਾਰਾਂ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਰਹਿ ਕੇ ਕੰਮ ਕਰਨ ਤੇ ਨਾਗਰਿਕਾਂ ਦੇ ਮੌਲਿਕ ਅਧਿਕਾਰ ਦੀ ਉਲੰਘਣਾ ਨਾ ਹੋ ਸਕੇ।

ਨਿਆਂਪਾਲਿਕਾ ਦੀ ਨਿਆਇਕ ਪੁਨਰ ਨਿਰੀਖਣ ਸ਼ਕਤੀ ਨੇ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਆਪਣੇ-ਆਪਣੇ ਅਧਿਕਾਰ ਖੇਤਰ ਵਿੱਚ ਰੱਖ ਕੇ ਦੇਸ ਵਿੱਚ ਸੰਵਿਧਾਨਿਕ ਸਰਕਾਰ ਦੀ ਵਿਵਸਥਾ ਬਣਾਏ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਬਦਲਦੇ ਹਾਲਾਤਾਂ ਅਨੁਸਾਰ ਸੰਵਿਧਾਨ ਦੀ ਮੂਲ ਭਾਵਨਾ ਨੂੰ ਕਾਇਮ ਰੱਖਿਆ ਹੈ। ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਕੇ ਨਾਗਰਿਕਾਂ ਦੀ ਅਜ਼ਾਦੀ ਨੂੰ ਯਕੀਨੀ ਬਣਾਇਆ ਹੈ। ਇਹਨਾਂ ਅਧਿਕਾਰਾਂ ਨੂੰ ਵਿਧਾਨਪਾਲਿਕਾ ਤੇ ਕਾਰਜਪਾਲਿਕਾ ਦੀ ਨਿਰੰਕੁਸ਼ਤਾ ਤੋਂ ਬਚਾ ਕੇ ਰੱਖਿਆ ਹੈ।

ਮੌਲਿਕ ਅਧਿਕਾਰ ਮੌਲਿਕ ਕਿਉਂ ਹਨ ? ਇਸ ਗੱਲ ਦੀ ਜਾਣਕਾਰੀ ਹਾਸਲ ਕਰਨ ਲਈ ਸਾਨੂੰ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿਚ ਰੱਖਣਾ ਪਵੇਗਾ—

1. ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਅਧਿਕਾਰ ਮਨੁੱਖ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹਨ। ਇਸ ਲਈ ਇਹਨਾਂ ਨੂੰ ਮੌਲਿਕ ਕਿਹਾ ਜਾਂਦਾ ਹੈ।
2. ਦੂਜੀ ਗੱਲ ਇਹਨਾਂ ਅਧਿਕਾਰਾਂ ਨੂੰ ਦੇਸ਼ ਦੇ ਸਰਵ ਉੱਚ ਕਾਨੂੰਨ ਭਾਵ ਸੰਵਿਧਾਨ ਵਿੱਚ ਅੰਕਿਤ ਕਰ ਦਿੱਤਾ ਗਿਆ ਹੈ, ਇਸ ਲਈ ਵੀ ਇਹ ਮੌਲਿਕ ਹਨ।
3. ਸਰਕਾਰ ਦਾ ਕੋਈ ਵੀ ਕਾਨੂੰਨ ਜਾਂ ਅਧਿਆਦੇਸ਼ ਮੌਲਿਕ ਅਧਿਕਾਰਾਂ ਦੀ ਉਲੰਘਣਾ ਨਹੀਂ ਕਰ ਸਕਦਾ। ਜੇਕਰ ਸਰਕਾਰ ਦੁਆਰਾ ਪਾਸ ਕੀਤਾ ਕੋਈ ਕਾਨੂੰਨ ਜਾਂ ਅਧਿਆਦੇਸ਼ ਇਹਨਾਂ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ ਤਾਂ ਭਾਰਤ ਦੀ ਨਿਆਂਪਾਲਿਕਾ ਅਜਿਹੇ ਕਾਨੂੰਨਾਂ ਤੇ ਅਧਿਆਦੇਸ਼ ਨੂੰ ਰੱਦ ਕਰ ਸਕਦੀ ਹੈ।




4. ਸੰਵਿਧਾਨਿਕ ਉਪਚਾਰਾਂ ਦਾ ਅਧਿਕਾਰ ਆਪਣੇ ਆਪ ਵਿੱਚ ਹੀ ਮੌਲਿਕ ਹੈ ਕਿਉਂਕਿ ਇਹ ਅਧਿਕਾਰ ਮੌਲਿਕ ਅਧਿਕਾਰਾਂ ਨੂੰ ਅਦਾਲਤਾਂ ਦੁਆਰਾ ਲਾਗੂ ਕਰਵਾਉਣ ਦੀ ਸ਼ਕਤੀ ਦਿੰਦਾ ਹੈ।
5. ਭਾਰਤ ਦੀ ਸੰਸਦ ਆਮ ਕਾਨੂੰਨ ਪਾਸ ਕਰਨ ਦੀ ਵਿਧੀ ਦੁਆਰਾ ਮੌਲਿਕ ਅਧਿਕਾਰਾਂ ਵਿੱਚ ਸੋਧ ਨਹੀਂ ਕਰ ਸਕਦੀ।

ਉਪਰੋਕਤ ਨੁਕਤੇ ਮੌਲਿਕ ਅਧਿਕਾਰਾਂ ਦੇ ਮੌਲਿਕ ਹੋਣ ਦਾ ਪ੍ਰਮਾਣ ਪੇਸ਼ ਕਰਦੇ ਹਨ।

**ਕੁਝ ਮਹੱਤਵਪੂਰਨ ਮਨੁੱਖੀ ਅਧਿਕਾਰ**

ਗੌਰਵਮਈ ਜੀਵਨ ਜਿਉਣ ਦਾ ਅਧਿਕਾਰ, ਰੋਜ਼ੀ-ਰੋਟੀ ਕਮਾਉਣ ਦਾ ਅਧਿਕਾਰ, ਛੁੱਟੀ ਦਾ ਅਧਿਕਾਰ, ਉੱਚਿਤ ਮਜ਼ਦੂਰੀ ਦਾ ਅਧਿਕਾਰ, ਰਾਜਨੀਤਿਕ ਸ਼ਰਨ ਲੈਣ ਦਾ ਅਧਿਕਾਰ, ਨਿੱਜੀ ਸੁਤੰਤਰਤਾ ਦਾ ਅਧਿਕਾਰ, ਪਰਿਵਾਰਿਕ ਜੀਵਨ ਦਾ ਅਧਿਕਾਰ, ਸੰਪਤੀ ਜਾਂ ਜਾਇਦਾਦ ਦਾ ਅਧਿਕਾਰ, ਆਤਮ ਨਿਰਨੇ ਦਾ ਅਧਿਕਾਰ, ਕੈਦੀਆਂ ਨੂੰ ਤਸੀਹੇ ਦੇਣ ਵਿਰੁੱਧ ਅਧਿਕਾਰ, ਜ਼ਮੀਰ ਦੇ ਕੈਦੀਆਂ ਦੇ ਅਧਿਕਾਰ, ਮੁਕੱਦਮੇ ਦੀ ਨਿਆਂਪੂਰਨ ਸੁਣਵਾਈ ਦਾ ਅਧਿਕਾਰ।

**ਗਤੀਵਿਧੀ**

**ਮੌਲਿਕ ਅਧਿਕਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਹੀ ਜੋੜੇ ਬਣਾਓ।**

| | | |
|---|---|---|
| (a) | ਅਨੁਛੇਦ 15 | ਕੋਈ ਵੀ ਧਰਮ ਅਪਨਾਉਣ, ਵਿਸ਼ਵਾਸ ਦੀ ਸੁਤੰਤਰਤਾ |
| (b) | ਅਨੁਛੇਦ 23 | ਸੰਵਿਧਾਨਕ ਉਪਚਾਰਾਂ ਦਾ ਅਧਿਕਾਰ |
| (c) | ਅਨੁਛੇਦ 32 | ਮੁਫ਼ਤ ਤੇ ਲਾਜ਼ਮੀ ਸਿੱਖਿਆ ਦਾ ਅਧਿਕਾਰ |
| (d) | ਅਨੁਛੇਦ 22 | ਵਿਤਕਰੇ ਦੀ ਮਨਾਹੀ |
| (e) | ਅਨੁਛੇਦ 21-A | ਬੰਧੂਆ ਮਜ਼ਦੂਰੀ, ਮਨੁੱਖੀ ਵਪਾਰ 'ਤੇ ਰੋਕ |
| (f) | ਅਨੁਛੇਦ 25 | ਕੈਦੀਆਂ ਦੇ ਅਧਿਕਾਰ ਤੇ ਸੁਤੰਤਰਤਾਵਾਂ |

## ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

- **ਖ਼ਾਲੀ ਥਾਂਵਾਂ ਭਰੋ :**

  1. ਸੰਵਿਧਾਨ ਦੁਆਰਾ ਸਾਨੂੰ ................ ਮੌਲਿਕ ਅਧਿਕਾਰ ਦਿੱਤੇ ਗਏ ਹਨ।
  2. ਮੁਫ਼ਤ ਅਤੇ ਜ਼ਰੂਰੀ ਸਿੱਖਿਆ ਦਾ ਅਧਿਕਾਰ ਸੰਵਿਧਾਨ ਦੇ ਅਨੁਛੇਦ ................ ਰਾਹੀਂ ................ ਸੋਧ ਰਾਹੀਂ ਦਿੱਤਾ ਗਿਆ।

- **ਬਹੁਵਿਕਲਪੀ ਪ੍ਰਸ਼ਨ :**

  1. ਬਾਲ ਮਜ਼ਦੂਰੀ ਕਿਸ ਅਧਿਕਾਰ ਦੁਆਰਾ ਬੰਦ ਕੀਤੀ ਗਈ ਹੈ ?
     1. ਸੁਤੰਤਰਤਾ ਦਾ ਅਧਿਕਾਰ
     2. ਸਮਾਨਤਾ ਦਾ ਅਧਿਕਾਰ
     3. ਸ਼ੋਸ਼ਣ ਵਿਰੁੱਧ ਅਧਿਕਾਰ
     4. ਸੰਵਿਧਾਨਿਕ ਉਪਾਵਾਂ ਦਾ ਅਧਿਕਾਰ।
  2. ਧਰਮ ਨਿਰਪੱਖ ਰਾਜ ਦਾ ਅਰਥ ਹੈ .....
     1. ਉਹ ਰਾਜ ਜਿਸ ਵਿੱਚ ਕੇਵਲ ਇੱਕ ਹੀ ਧਰਮ ਹੋਵੇ।
     2. ਉਹ ਰਾਜ ਜਿਸ ਵਿੱਚ ਕੋਈ ਧਰਮ ਨਹੀਂ।
     3. ਉਹ ਰਾਜ ਜਿੱਥੇ ਬਹੁਤ ਸਾਰੇ ਧਰਮ ਹੋਣ।
     4. ਉਹ ਰਾਜ ਜਿਸ ਦਾ ਕੋਈ ਸਰਕਾਰੀ ਧਰਮ ਨਹੀਂ।

- **ਠੀਕ/ਗ਼ਲਤ ਦੱਸੋ :**

  1. ਅਧਿਕਾਰ ਜੀਵਨ ਦੀਆਂ ਉਹ ਜ਼ਰੂਰੀ ਹਾਲਤਾਂ ਹਨ ਜਿਨ੍ਹਾਂ ਤੋਂ ਬਿਨਾਂ ਕੋਈ ਵੀ ਖ਼ੁਸ਼ਹਾਲ ਜ਼ਿੰਦਗੀ ਨਹੀਂ ਜੀ ਸਕਦਾ।
  2. ਧਰਮ ਨਿਰਪੱਖ ਦਾ ਅਰਥ ਹੈ ਕਿ ਲੋਕ ਕਿਸੇ ਵੀ ਧਰਮ ਨੂੰ ਅਪਣਾਉਣ ਲਈ ਸੁਤੰਤਰ ਹਨ।

**2. ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ:**

1. ਮੌਲਿਕ ਅਧਿਕਾਰ ਸੰਵਿਧਾਨ ਦੇ ਕਿਹੜੇ ਭਾਗ ਵਿੱਚ ਅੰਕਿਤ ਹਨ ?
2. ਮੌਲਿਕ ਅਧਿਕਾਰਾਂ ਦੀ ਰੱਖਿਆ ਲਈ ਭਾਰਤ ਦੀ ਨਿਆਂਪਾਲਿਕਾ ਨੂੰ ਕਿਹੜੀ ਸ਼ਕਤੀ ਮਿਲ਼ੀ ਹੋਈ ਹੈ ?
3. ਉਸ ਬਿੱਲ ਦਾ ਨਾਂ ਦੱਸੋ ਜਿਸ ਵਿੱਚ ਬਾਲ ਗੰਗਾਧਰ ਤਿਲਕ ਨੇ ਭਾਰਤੀਆਂ ਲਈ ਅੰਗਰੇਜ਼ਾਂ ਕੋਲ਼ੋਂ ਕੁਝ ਅਧਿਕਾਰਾਂ ਦੀ ਮੰਗ ਕੀਤੀ ਸੀ।
4. ਅੰਗਰੇਜ਼ਾਂ ਕੋਲ਼ੋਂ ਔਰਤਾਂ ਤੇ ਮਰਦਾਂ ਲਈ ਸਮਾਨ ਅਧਿਕਾਰਾਂ ਦੀ ਮੰਗ ਕਿਹੜੀ ਰਿਪੋਰਟ ਵਿੱਚ ਕੀਤੀ ਗਈ ਸੀ ?
5. ਵਿਅਕਤੀ ਦੁਆਰਾ ਕੀਤਾ ਗਿਆ ਉੱਚਿਤ ਦਾਅਵਾ ਜਿਸ ਨੂੰ ਸਮਾਜ ਪ੍ਰਵਾਨ ਕਰਦਾ ਹੈ ਤੇ ਰਾਜ ਕਾਨੂੰਨ ਰਾਹੀਂ ਲਾਗੂ ਕਰਦਾ ਹੈ, ਨੂੰ ਕੀ ਕਹਿੰਦੇ ਹਨ ?
6. ਸੰਪਤੀ ਦਾ ਮੌਲਿਕ ਅਧਿਕਾਰ, ਮੌਲਿਕ ਅਧਿਕਾਰਾਂ ਦੀ ਸੂਚੀ ਵਿੱਚੋਂ ਕਦੋਂ ਤੇ ਕਿਸ ਸੋਧ ਦੁਆਰਾ ਖਾਰਜ ਕੀਤਾ ਗਿਆ ?
7. ਕੋਈ ਦੋ ਮੌਲਿਕ ਅਧਿਕਾਰ ਦੱਸੋ ਜੋ ਵਿਦੇਸ਼ੀਆਂ ਨੂੰ ਵੀ ਪ੍ਰਾਪਤ ਹਨ।
8. ਬੱਚਿਆਂ ਦੇ ਸਿੱਖਿਆ ਦੇ ਅਧਿਕਾਰ ਨੂੰ ਮੌਲਿਕ ਅਧਿਕਾਰਾਂ ਨਾਲ ਸੰਬੰਧਿਤ ਕਿਹੜੇ ਅਨੁਛੇਦ ਅਧੀਨ ਦਰਜ ਕੀਤਾ ਗਿਆ ਹੈ ?
9. ਮੌਲਿਕ ਅਧਿਕਾਰ ਕਿਹੜੇ ਅਨੁਛੇਦ ਤੋਂ ਕਿਹੜੇ ਅਨੁਛੇਦ ਤੱਕ ਦਰਜ ਹਨ ?
10. ਛੂਆ-ਛੂਤ ਦੇ ਖ਼ਾਤਮੇ ਲਈ ਭਾਰਤ ਦੇ ਸੰਵਿਧਾਨ ਦੇ ਕਿਹੜੇ ਅਨੁਛੇਦ ਅਧੀਨ ਵਿਵਸਥਾ ਕੀਤੀ ਗਈ ਹੈ।

**3. ਛੋਟੇ ਉੱਤਰ ਵਾਲੇ ਪ੍ਰਸ਼ਨ:**

1. ਸਮਾਨਤਾ ਦੇ ਅਧਿਕਾਰ ਦੀ ਸੰਖੇਪ ਵਿਆਖਿਆ ਕਰੋ।
2. ਨਿਆਂਪਾਲਿਕਾ ਦੀ ਨਿਆਇਕ ਪੁਨਰ ਨਿਰੀਖਣ ਦੀ ਸ਼ਕਤੀ ਤੇ ਨੋਟ ਲਿਖੋ।
3. ਨਿਆਂਪਾਲਿਕਾ ਨੂੰ ਸੁਤੰਤਰ ਬਣਾਉਣ ਲਈ ਭਾਰਤ ਦੇ ਸੰਵਿਧਾਨ ਵਿੱਚ ਕੀ ਵਿਵਸਥਾਵਾਂ ਕੀਤੀਆਂ ਗਈਆਂ ਹਨ ?
4. ਧਾਰਮਿਕ ਅਜ਼ਾਦੀ ਦੇ ਮੌਲਿਕ ਅਧਿਕਾਰ ਦੀ ਵਿਆਖਿਆ ਕਰੋ।
5. ਭਾਰਤ ਦੇ ਨਾਗਰਿਕਾਂ ਨੂੰ ਅਨੁਛੇਦ 19 ਅਧੀਨ ਕਿਹੜੀਆਂ-ਕਿਹੜੀਆਂ ਸੁਤੰਤਰਤਾਵਾਂ ਪ੍ਰਾਪਤ ਹਨ ?
6. ਸ਼ੋਸ਼ਣ ਵਿਰੁੱਧ ਅਧਿਕਾਰ ਦੀ ਵਿਆਖਿਆ ਕਰੋ।
7. ਮੌਲਿਕ ਅਧਿਕਾਰ ਮੌਲਿਕ ਕਿਵੇਂ ਹਨ ? ਆਪਣੇ ਉੱਤਰ ਦੀ ਪ੍ਰੋੜ੍ਹਤਾ ਲਈ ਦਲੀਲਾਂ ਦਿਓ।

**4. ਵੱਡੇ ਉੱਤਰ ਵਾਲੇ ਪ੍ਰਸ਼ਨ:**

1. ਮੌਲਿਕ ਅਧਿਕਾਰਾਂ ਦਾ ਸਰੂਪ ਕਿਹੋ-ਜਿਹਾ ਹੈ ? ਸੰਖੇਪ ਵਿਆਖਿਆ ਕਰੋ।
2. ਅਨੁਛੇਦ 20 ਤੋਂ 22 ਤੱਕ ਮੌਲਿਕ ਅਧਿਕਾਰਾਂ ਸਬੰਧੀ ਕੀਤੀਆਂ ਵਿਵਸਥਾਵਾਂ ਦੀ ਵਿਆਖਿਆ ਕਰੋ।
3. ਧਾਰਮਿਕ ਆਜ਼ਾਦੀ ਦੇ ਅਧਿਕਾਰ ਅਨੁਛੇਦ 25 ਤੋਂ 28 ਤੱਕ ਕੀਤੀਆਂ ਵਿਵਸਥਾਵਾਂ ਦੀ ਵਿਆਖਿਆ ਕਰੋ।
4. ਸੰਵਿਧਾਨਿਕ ਉਪਚਾਰਾਂ ਦੇ ਅਧਿਕਾਰ ਦੀ ਸੰਖੇਪ ਵਿੱਚ ਵਿਆਖਿਆ ਕਰੋ।

*****

# ਵਿੱਤੀ ਕਿਰਿਆਵਾਂ ਸਬੰਧੀ

# ਅਤੇ

# ਕਨੂੰਨੀ ਅਧਿਐਨ ਸਮਗਰੀ

# ਨਿੱਜੀ ਤੇ ਵਿੱਤੀ ਪਛਾਣ ਦਸਤਾਵੇਜ਼

## 1. ਪੈਨ ਕਾਰਡ (PAN Card) :

ਪੈਨ (PAN) ਤੋਂ ਭਾਵ ਹੈ, ਸਥਾਈ ਖ਼ਾਤਾ ਨੰਬਰ (Permanent Account Number) ਜੋ ਕਿ 10 ਹਿੰਦਸਿਆਂ ਦਾ, ਅੰਕਾਂ ਤੇ ਅੱਖਰਾਂ ਦਾ ਮਿਸ਼ਰਤ ਨੰਬਰ ਹੁੰਦਾ ਹੈ। ਆਮਦਨ ਕਰ ਵਿਭਾਗ ਇਹ ਨੰਬਰ ਜਾਰੀ ਕਰਦਾ ਹੈ ਜਿਸ ਨਾਲ ਕਿਸੇ ਵਿਅਕਤੀ ਵੱਲੋਂ ਕੀਤਾ ਜਾਂਦਾ ਵਿੱਤੀ ਲੈਂਣ-ਦੇਣ ਸਥਾਈ ਖਾਤਾ ਨੰਬਰ ਦੇ ਸਹਾਰੇ ਇੱਕ ਹੀ ਪਛਾਣ ਅਧੀਨ ਆ ਜਾਂਦਾ ਹੈ। ਇਹ ਨੰਬਰ ਇਵੇਂ ਹੋ ਸਕਦਾ ਹੈ; EMMPS 22801

ਸਥਾਈ ਖਾਤਾ ਨੰਬਰ, ਆਮਦਨ ਕਰ ਦੀ ਰਿਟਰਨ ਭਰਨ ਜਾਂ ਵਿਭਾਗ ਨਾਲ਼ ਕਿਸੇ ਵੀ ਕਿਸਮ ਦੀ ਅਦਾਇਗੀ ਜਾਂ ਕਾਰਵਾਈ ਕਰਨ ਹਿੱਤ ਵਿਅਕਤੀ ਦੀ ਪੱਕੀ ਪਛਾਣ ਬਣਦਾ ਹੈ। ਕਿਸੇ ਵੀ ਵਿਭਾਗ ਵਿੱਚ ਟੈਕਸ ਭਰਨ ਜਾਂ ਵਿੱਤ ਨਾਲ ਸਬੰਧਤ ਕੋਈ ਹੋਰ ਕਾਰਵਾਈ ਕਰਨ ਲਈ ਵੀ ਪੈਨ ਦਾ ਹਵਾਲਾ ਦੇਣਾ ਲਾਜ਼ਮੀ ਹੁੰਦਾ ਹੈ। ਇਨ੍ਹਾਂ ਵਿੱਤੀ ਕਿਰਿਆਵਾਂ ਵਿੱਚ 25 ਹਜ਼ਾਰ ਰੁਪਏ ਤੋਂ ਵੱਧ ਦੀ ਹਰ ਅਦਾਇਗੀ ਸ਼ਾਮਲ ਹੈ ਭਾਵੇਂ ਉਹ ਚੱਲ (Movable) ਜਾਂ ਅਚੱਲ (Immovable) ਜਾਇਦਾਦ ਸਬੰਧੀ ਹੀ ਹੋਵੇ, ਜਿਵੇਂ ਕਿ ਕੋਈ ਵਾਹਨ ਖਰੀਦਣ ਮਗਰੋਂ ਜਾਂ ਹੋਟਲ ਵਿੱਚ ਰਹਿਣ ਤੇ ਖਾਣ-ਪੀਣ ਮਗਰੋਂ ਬਿੱਲ ਅਦਾ ਕਰਨਾ ਜਾਂ ਵਿਦੇਸ਼ ਯਾਤਰਾ ਕਰਨੀ ਆਦਿ। ਬੈਂਕ ਜਾਂ ਡਾਕਘਰ ਵਿੱਚ 50 ਹਜ਼ਾਰ ਰੁਪਏ ਤੋਂ ਵੱਧ ਧਨ ਜਮ੍ਹਾਂ ਕਰਵਾਉਣ ਵੇਲ਼ੇ ਵੀ ਪੈਨ ਦਾ ਹਵਾਲਾ ਦੇਣਾ ਜ਼ਰੂਰੀ ਹੁੰਦਾ ਹੈ।

ਪੈਨ ਕਾਰਡ ਹਰ ਟੈਕਸ ਅਦਾ ਕਰਤਾ ਲਈ ਲਾਜ਼ਮੀ ਹੁੰਦਾ ਹੈ ਤਾਂ ਕਿ ਹਰ ਵਿੱਤੀ ਕਾਰਜ ਵੇਲੇ ਉਸਦਾ ਹਵਾਲਾ ਦਿੱਤਾ ਜਾ ਸਕੇ। ਇਸ ਵਿੱਚ ਆਮਦਨ ਕਰ ਅਦਾ ਕਰਨ ਵਾਲੇ ਸਾਰੇ ਕਰਦਾਤਾ ਵੀ ਸ਼ਾਮਲ ਹੁੰਦੇ ਹਨ ਸਿਵਾਏ ਖੇਤੀਬਾੜੀ ਤੋਂ ਹੋਣ ਵਾਲੀ ਆਮਦਨ ਤੋਂ। ਆਮਦਨ ਕਰ ਵਿਭਾਗ ਦਾ ਫ਼ਾਰਮ-61 ਭਰ ਕੇ ਖੇਤੀਬਾੜੀ ਦੀ ਆਮਦਨ 'ਤੇ ਕਰ ਦੇਣ ਤੋਂ ਛੋਟ ਲਈ ਜਾ ਸਕਦੀ ਹੈ।

ਕੋਈ ਵੀ ਵਿਅਕਤੀ ਇੱਕ ਹੀ ਪੈਨ ਜਾਰੀ ਕਰਵਾ ਸਕਦਾ ਹੈ। ਵੱਧ ਨੰਬਰ ਜਾਰੀ ਕਰਵਾਉਣੇ ਕਨੂੰਨੀ ਜੁਰਮ ਹੈ।

## 2. ਆਧਾਰ ਕਾਰਡ (Aadhaar Card) :

ਆਧਾਰ ਨੰਬਰ, 12 ਹਿੰਦਸਿਆਂ ਦਾ ਵਿਲੱਖਣ ਨੰਬਰ ਹੁੰਦਾ ਹੈ ਜੋ ਕਿ ਯੂਨੀਕ ਆਇਡੰਟੀਫ਼ਿਕੇਸ਼ਨ ਅਥਾਰਿਟੀ ਆਫ਼ ਇੰਡੀਆ (Unique Identification Authority of India - UIDAI) ਵੱਲੋਂ ਭਾਰਤ ਦੇ ਨਾਗਰਿਕਾਂ ਨੂੰ ਜਾਰੀ ਕੀਤਾ ਜਾਂਦਾ ਹੈ। ਇਸਨੂੰ ਜਾਰੀ ਕਰਨ ਤੋਂ ਪਹਿਲਾਂ ਕੁਝ ਜਿਸਮਾਨੀ ਚਿੰਨ੍ਹ ਲਏ ਜਾਂਦੇ ਹਨ ਜਿਵੇਂ ਕਿ ਵਿਅਕਤੀ ਦੀ ਫ਼ੋਟੋ, ਦੱਸ ਉਂਗਲਾਂ ਦੇ ਨਿਸ਼ਾਨ ਅਤੇ ਅੱਖ ਦੀ ਪੁੱਤਲੀ ਦੀ ਤਸਵੀਰ ਆਦਿ। ਹਰ ਵਿਅਕਤੀ ਦੇ ਇਹ ਚਿੰਨ੍ਹ ਕੇਂਦਰੀ ਡੇਟਾਬੇਸ ਵਿੱਚ ਸੁਰੱਖਿਅਤ ਰੱਖੇ ਜਾਂਦੇ ਹਨ। ਹਰ ਭਾਰਤੀ ਨਾਗਰਿਕ ਨੂੰ ਇੱਕ ਵਿਲੱਖਣ ਆਧਾਰ ਨੰਬਰ ਪਛਾਣ ਦੇਣ ਦਾ ਮਨੋਰਥ ਫ਼ਰਜ਼ੀ ਪਛਾਣਾਂ ਖ਼ਤਮ ਕਰਦਿਆਂ ਹਰ ਨਾਗਰਿਕ ਨੂੰ ਇਕਹਿਰੀ ਪਛਾਣ ਦੇਣਾ ਸੀ ਤਾਂ ਜੋ ਪਛਾਣ ਜਾਤੀ,

ਧਰਮ, ਭੂਗੋਲਿਕ ਖਿੱਤਾ ਆਦਿ ਉਤੇ ਅਧਾਰਤ ਵੀ ਨਾ ਰਹੇ ਤੇ ਹਰ ਭਾਰਤੀ ਨਾਗਰਿਕ ਸੌਖਿਆਂ ਹੀ ਆਪਣੀ ਪਛਾਣ ਉਜਾਗਰ ਕਰ ਸਕੇ। ਆਧਾਰ ਨੰਬਰ ਹੁਣ ਬੈਂਕ ਖਾਤੇ, ਪਾਸਪੋਰਟ, ਡਰਾਇਵਿੰਗ ਲਾਇਸੈਂਸ ਆਦਿ ਨਾਲ ਜੁੜ ਕੇ ਇਕਹਿਰੀ ਪਛਾਣ ਬਨਾਉਣ ਵਿੱਚ ਸਹਾਈ ਹੋਏ ਹਨ।

**ਆਧਾਰ ਦੇ ਪ੍ਰਮੁੱਖ ਲਾਭ :**

(i) ਸਮਾਜ ਦੇ ਅੱਖੋਂ-ਪ੍ਰੋਖੇ ਹੋਏ ਹਿੱਸਿਆਂ ਨੂੰ ਵੀ ਨਿਵੇਕਲੀ ਪਛਾਣ ਮਿਲ ਜਾਂਦੀ ਹੈ।

(ii) ਗਰੀਬ ਤਬਕਾ ਬੈਕਿੰਗ ਪ੍ਰਨਾਲ਼ੀ ਤੇ ਹੋਰ ਵਿੱਤੀ ਸੰਸਥਾਵਾਂ ਵਿੱਚ ਪਛਾਣ ਬਣਾ ਸਕਿਆ ਹੈ।

(iii) ਸਰਕਾਰੀ ਤੇ ਪ੍ਰਾਈਵੇਟ ਖੇਤਰਾਂ ਨੂੰ ਸੇਵਾਵਾਂ ਦੇਣ ਲਈ ਪਛਾਣ ਕਰਨੀ ਸੌਖੀ ਹੋ ਗਈ ਹੈ।

(iv) ਰੋਜ਼ੀ-ਰੋਟੀ ਖਾਤਰ ਸੂਬਾਈ ਹਿਜਰਤੀਆਂ ਦੀ ਪਛਾਣ ਸੌਖੀ ਹੋ ਗਈ ਹੈ।

(v) ਸਰਕਾਰੀ ਯੋਜਨਾਵਾਂ ਦਾ ਬੈਂਕਾਂ ਤੇ ਵਿਤੀ ਅਦਾਰਿਆਂ ਜ਼ਰੀਏ ਲਾਭ ਦੇਣਾ ਸੌਖਾ ਹੋ ਗਿਆ ਹੈ।

**ਆਓ, ਪੈਨ ਤੇ ਆਧਾਰ ਬਾਰੇ ਆਪਣੀ ਜਾਣਕਾਰੀ ਵਾਚੀਏ :**

* ਵਿੱਤੀ ਕਾਰਜਾਂ ਲਈ ਨਿਜੀ ਪਛਾਣ ਦਸਤਾਵੇਜ਼ ਕਿਹੜੇ-ਕਿਹੜੇ ਹੋ ਸਕਦੇ ਹਨ ?

* ਕਿਹੜੀਆਂ ਥਾਵਾਂ ਉਤੇ ਪਛਾਣ-ਪੱਤਰਾਂ ਦੀ ਲੋੜ ਪੈ ਸਕਦੀ ਹੁੰਦੀ ਹੈ ?

* ਕੀ ਆਧਾਰ ਕਾਰਡ ਸਿਰਫ਼ ਪੇਂਡੂ ਇਲਾਕਿਆਂ ਲਈ ਹੀ ਜ਼ਰੂਰੀ ਹੈ ?

### 3. ਬੀਮਾ ਖੇਤਰ ਵਿੱਚ ਸ਼ਿਕਾਇਤ ਨਿਵਾਰਣ :

ਬੀਮੇ ਦੀ ਪਾਲਿਸੀ ਕਰਵਾਉਣ ਵਾਲਾ ਗਾਹਕ ਜਾਂ ਉਪਭੋਗੀ ਜੇਕਰ ਕਿਸੇ ਬੀਮਾ ਕੰਪਨੀ ਜਾਂ ਕੰਪਨੀ ਦੇ ਏਜੰਟ ਦੇ ਕੰਮ ਤੋਂ ਔਖਾ ਹੋਵੇ ਤਾਂ ਆਈ.ਆਰ.ਡੀ.ਏ.ਆਈ (ਪਾਲਿਸੀ ਕਰਵਾਉਣ ਵਾਲੇ ਦੇ ਹੱਕਾਂ ਦੀ ਰੱਖਿਆ) ਰੈਗੂਲੇਸ਼ਨ, 2002 ਤਹਿਤ ਉਹ ਸ਼ਿਕਾਇਤ ਨਿਵਾਰਣ ਅਫ਼ਸਰ ਕੋਲ ਆਪਣੀ ਸ਼ਿਕਾਇਤ ਜਾਂ ਇਤਰਾਜ਼ ਦਰਜ ਕਰਵਾ ਸਕਦਾ ਹੈ। ਸ਼ਿਕਾਇਤ ਜਾਂ ਇਤਰਾਜ਼ ਲਿਖਤੀ ਹੋਵੇ ਅਤੇ ਸਬੰਧਤ ਦਸਤਾਵੇਜ਼ ਨਾਲ਼ ਹੋਣ ਤਾਂ ਬਿਹਤਰ ਹੈ। ਨਿਯਮ ਅਨੁਸਾਰ ਬੀਮਾ ਕੰਪਨੀ ਨੇ ਸ਼ਿਕਾਇਤ ਜਾਂ ਇਤਰਾਜ਼ ਦਰਜ ਹੋਣ ਤੋਂ ਦੋ ਹਫ਼ਤੇ ਦੇ ਅੰਦਰ ਮਾਮਲਾ ਹੱਲ ਕਰਨਾ ਹੀ ਹੁੰਦਾ ਹੈ।

ਉਪਰੋਕਤ ਸ਼ਿਕਾਇਤ ਜਾਂ ਇਤਰਾਜ਼ ਦੋ ਹਫ਼ਤੇ ਦੇ ਵਕਫ਼ੇ ਵਿੱਚ ਹੱਲ ਨਾ ਹੋਣ ਜਾਂ ਸੁਣੇ ਹੀ ਨਾ ਜਾਣ ਦੀ ਸੂਰਤ ਵਿੱਚ ਉਪਭੋਗੀ ਜਾਂ ਗਾਹਕ ਆਈ.ਆਰ.ਡੀ.ਏ.ਆਈ ਦੇ ਖਪਤਕਾਰ ਮਾਮਲੇ ਵਿਭਾਗ ਕੋਲ ਜਾ ਸਕਦਾ ਹੈ ਤੇ ਆਨ-ਲਾਈਨ ਜਾਂ ਆਫ਼ ਲਾਈਨ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ। ਹੈਦਰਾਬਾਦ ਸਥਿਤ ਆਈ.ਆਰ.ਡੀ.ਏ.ਆਈ. ਉਚੇ ਦੇ ਤੌਰ 'ਤੇ ਬੀਮਾ ਕੰਪਨੀਆਂ ਨਾਲ ਸਬੰਧਤ ਸ਼ਿਕਾਇਤਾਂ ਦੇ ਨਿਵਾਰਣ ਲਈ ਅਦਾਰਾ ਹੈ।

### 4. ਕਰੈਡਿਟ (ਉਧਾਰ) ਕਾਰਡ ਤੇ ਡੈਬਿਟ ਕਾਰਡ :

#### (ੳ)ਕਰੈਡਿਟ ਕਾਰਡ (Credit Card)

ਅੰਮ੍ਰਿਤਾ ਦਸਵੀਂ ਸ਼੍ਰੇਣੀ ਦੀ ਵਿਦਿਆਰਥੀ ਹੈ ਅਤੇ ਰਹਾਇਸ਼ੀ (ਹੋਸਟਲ ਵਾਲ਼ੇ) ਸਕੂਲ ਵਿੱਚ ਪੜ੍ਹਦੀ ਹੈ। ਉਸਨੂੰ ਪੇਂਟਿੰਗ ਵਿੱਚ ਖ਼ਾਸ ਮੁਹਾਰਤ ਹਾਸਲ ਹੈ ਤੇ ਉਹ ਆਪਣੇ ਮਾਤਾ-ਪਿਤਾ ਦੇ ਵਿਆਹ ਦੀ ਵਰ੍ਹੇਗੰਢ ਮੌਕੇ ਉਨ੍ਹਾਂ ਨੂੰ ਤੇਲ ਅਧਾਰਤ ਰੰਗਾਂ ਨਾਲ਼ ਕੈਨਵਸ ਪੇਟਿੰਗ ਬਣਾ ਕੇ ਦੇਣਾ ਚਾਹੁੰਦੀ ਹੈ। ਇਹ ਸਮਾਨ ਖਰੀਦਣ ਲਈ ਉਸਨੂੰ 1200 ਰੁਪਏ ਲੋੜੀਂਦੇ ਹਨ। ਉਸ ਕੋਲ਼ ਪੈਸੇ ਨਹੀਂ ਹਨ ਤੇ ਮਾਪਿਆਂ ਤੋਂ ਮੰਗਣੇਂ ਨਹੀ ਚਾਹੁੰਦੀ ਕਿਉਂਕਿ ਉਨ੍ਹਾਂ ਨੂੰ ਤੋਹਫ਼ੇ ਦਾ ਪਤਾ ਲੱਗ

ਜਾਵੇਗਾ ਤੇ ਉਹ ਉਨ੍ਹਾਂ ਦੇ ਚਿਹਰਿਆਂ 'ਤੇ ਹੈਰਾਨੀ ਭਰੀ ਖ਼ੁਸ਼ੀ ਦਾ ਭਾਵ ਨਹੀਂ ਵੇਖ ਸਕੇਗੀ। ਉਹ ਪੈਸਿਆਂ ਬਾਰੇ ਹੋਰ ਵਿਕਲਪ ਸੋਚਦੀ ਹੈ ਤਾਂ ਉਸਨੂੰ ਸੁਝਦਾ ਹੈ ਕਿ ਉਸ ਕੋਲ ਤਾਂ ਕਰੈਡਿਟ ਕਾਰਡ ਹੈ ਜੋ ਉਸਦੇ ਪਿਤਾ ਨੇ ਉਸਨੂੰ ਦਿੱਤਾ ਸੀ। ਉਹ ਆਪਣੇ ਚਾਚਾ ਜੀ ਨੂੰ ਫ਼ੋਨ 'ਤੇ ਪੁੱਛਦੀ ਹੈ ਕਿ ਉਹ ਕਾਰਡ ਵਰਤ ਸਕਦੀ ਹੈ ਤੇ ਕਿਵੇਂ ? ਉਸਦੇ ਚਾਚਾ ਜੀ ਉਸਨੂੰ ਕਾਰਡ ਦੇ ਲਾਭ ਤੇ ਹਾਨੀਆਂ ਬਾਰੇ ਦਸਦੇ ਹਨ :—

### ਕਰੈਡਿਟ ਕਾਰਡ (Credit Card) ਦੇ ਲਾਭ :

(i) ਨਕਦ ਪੈਸੇ ਨਾ ਹੋਣ 'ਤੇ ਵੀ ਖਰੀਦਦਾਰੀ ਕੀਤੀ ਜਾ ਸਕਦੀ ਹੈ ਖਰੀਦਦਾਰੀ ਦਾ ਸਾਰਾ ਰਿਕਾਰਡ ਸਾਹਮਣੇ ਹੁੰਦਾ ਹੈ।

(ii) ਖਰੀਦਦਾਰੀ ਆਨ ਲਾਈਨ ਕੀਤੀ ਜਾ ਸਕਦੀ ਹੈ ਤੇ ਅਦਾਇਗੀ ਮਾਸਿਕ ਕਿਸ਼ਤਾਂ ਵਿੱਚ ਹੋ ਸਕਦੀ ਹੈ।

(iii) ਥੋੜ੍ਹੇ ਸਮੇਂ ਲਈ ਲਿਆ ਉਧਾਰ ਮਹਿੰਗਾ ਵੀ ਨਹੀਂ ਪੈਂਦਾ।

(iv) ਕਈ ਕਰੈਡਿਟ ਕਾਰਤਾਂ ਉਤੇ ਬੀਮਾ ਕਵਰ, ਸੈਰ-ਸਪਾਟੇ ਲਈ ਛੋਟ ਆਦਿ ਵਰਗੇ ਲਾਭ ਵੀ ਮਿਲ ਜਾਂਦੇ ਹਨ।

### ਕਰੈਡਿਟ ਕਾਰਡ ਦੇ ਨੁਕਸਾਨ :

(i) ਨਕਦ ਪੈਸੇ ਨਾ ਹੋਣ 'ਤੇ ਵੀ ਖਰੀਦਦਾਰੀ ਕਰਨ ਦੀ ਸਹੂਲਤ ਮਨੁੱਖ ਨੂੰ ਵਾਧੂ ਖਰਚੀਲਾ ਬਣਾ ਦਿੰਦੀ ਹੈ।

(ii) ਕਰੈਡਿਟ ਕਾਰਡ ਦੇ ਉਧਾਰ 'ਤੇ ਵਿਆਜ ਦੀ ਦਰ ਕਾਫ਼ੀ ਜ਼ਿਆਦਾ ਹੁੰਦੀ ਹੈ ਤੇ ਦੇਣਦਾਰੀ ਬਹੁਤ ਵੱਧ ਜਾਂਦੀ ਹੈ।

(iii) ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਵੱਡੀ ਦੁਰਵਰਤੋਂ ਹੋ ਸਕਦੀ ਹੁੰਦੀ ਹੈ।

(iv) ਆਨਲਾਈਨ ਖਰੀਦਦਾਰੀ ਨਾਲ ਗੁਪਤ ਰੱਖਣ ਵਾਲੇ ਤੱਤ ਲੀਕ ਹੋਣ ਦਾ ਖ਼ਤਰਾ ਹੁੰਦਾ ਹੈ।

### (ਅ)ਡੈਬਿਟ ਕਾਰਡ (Debit Card)

ਡੈਬਿਟ ਕਾਰਡ ਮੁੱਖ ਤੌਰ 'ਤੇ ਖਾਤਾਧਾਰਕ ਨੂੰ ਆਪਣੇ ਬੈਂਕ ਖਾਤੇ ਤੱਕ ਇਲੈਕਟ੍ਰਾਨਿਕ ਤੌਰ 'ਤੇ ਪੁੱਜ ਸਕਣਯੋਗ ਕਰਨ ਦੀ ਸਹੂਲਤ ਹੀ ਹੈ। ਇਸ ਰਾਹੀਂ ਏ.ਟੀ.ਐਮ. ਵਾਂਗੂੰ ਨਕਦ ਪੈਸੇ ਮੌਕੇ ਉਤੇ ਹੀ ਕਢਵਾਏ ਜਾ ਸਕਦੇ ਹਨ ਤੇ ਕਿਸੇ ਹੋਰ ਖਾਤੇ ਵਿੱਚ ਪੈਸੇ ਭੇਜਣ ਵੇਲ਼ੇ ਕਰੈਡਿਟ ਕਾਰਡ ਰਾਹੀਂ ਕਾਰਵਾਈ ਜਿੰਨਾ ਜ਼ਿਆਦਾ ਸਮਾਂ ਵੀ ਨਹੀਂ ਲੱਗਦਾ। ਪੈਸੇ ਕਢਵਾਉਣ ਤੋਂ ਇਲਾਵਾ ਖਰੀਦਦਾਰੀ ਵੀ ਇਸ ਰਾਹੀਂ ਹੋ ਸਕਦੀ ਹੈ ਤੇ ਉਧਾਰ ਲੈਣ ਦੀ ਸਹੂਲਤ ਨਾ ਹੋਣ ਕਾਰਨ ਕੋਈ ਵਿਆਜ ਵੀ ਨਹੀ ਲੱਗਦਾ ਨਾ ਹੀ ਕੋਈ ਮਾਸਿਕ ਖਰਚ ਹੀ ਹੁੰਦਾ ਹੈ।

ਆਓ ਕਰੈਡਿਟ ਤੇ ਡੈਬਿਟ ਕਾਰਡਾਂ ਬਾਰੇ ਆਪਣੀ ਜਾਣਕਾਰੀ ਵਾਚੀਏ :

* ਕਿਹੜਾ ਕਾਰਡ ਖਾਤਾ ਧਾਰਕ ਨੂੰ ਪੈਸੇ ਇਕਦਮ ਦੂਸਰੇ ਖਾਤੇ ਵਿੱਚ ਭੇਜਣੇ ਸੰਭਵ ਬਣਾਉਂਦਾ ਹੈ ?
* ਕਿਹੜੇ ਕਾਰਡ ਉਤੇ ਕੀਤੀ ਕਾਰਵਾਈ ਦਾ ਵਿਆਜ ਵੀ ਦੇਣਾ ਪੈਂਦਾ ਹੈ ?
* ਮਨੁੱਖ ਦੇ ਜ਼ਿਆਦਾ ਖਰਚੀਲਾ ਬਣਨ ਦਾ ਖਦਸ਼ਾ ਕਿਹੜੇ ਕਾਰਡ ਕਾਰਨ ਬਣ ਸਕਦਾ ਹੈ ?

# ਔਰਤਾਂ ਦੇ ਵਿਰੁੱਧ ਹੋ ਰਹੇ ਅਪਰਾਧ/ ਅੱਤਿਆਚਾਰ ਤੇ ਉਹਨਾਂ ਦੇ ਅਧਿਕਾਰ

ਔਰਤਾਂ ਨੇ ਸਮਾਜ ਦੇ ਵਿਕਾਸ ਲਈ ਮਹੱਤਵਪੂਰਣ ਭੂਮਿਕਾ ਨਿਭਾਈ ਹੈ ਅਤੇ ਇਸ ਸਮਾਜ ਨੂੰ ਆਧੁਨਿਕ ਅਤੇ ਵਿਕਸਤ ਕਰਨ ਵਿੱਚ ਯੋਗਦਾਨ ਦਿੱਤਾ ਹੈ। ਬੱਚੇ ਨੂੰ ਜਨਮ ਦੇਣ ਵਰਗੀ ਅਧਿਆਤਮਕ ਤੇ ਵਿਲੱਖਣ ਭੂਮਿਕਾ ਕੇਵਲ ਔਰਤ ਵਿੱਚ ਹੀ ਹੈ। ਕੋਈ ਵੀ ਰਾਸ਼ਟਰ ਔਰਤ ਨੂੰ ਪੂਰਣ ਸਤਿਕਾਰ ਦੇਣ ਤੋਂ ਬਿਨ੍ਹਾਂ, ਕਦੇ ਤਰੱਕੀ ਨਹੀਂ ਕਰ ਸਕਦਾ। ਭਾਰਤ ਵਿੱਚ ਔਰਤਾਂ ਨੇ ਸਦੀਆਂ ਤੋਂ ਰਾਜਨੀਤਕ, ਆਰਥਿਕ ਤੇ ਅਧਿਆਤਮਕ ਖੇਤਰਾਂ ਵਿੱਚ ਬੜੀ ਮਹੱਤਵਪੂਰਣ ਭੂਮਿਕਾ ਨਿਭਾਈ ਹੈ। ਇਸਦੇ ਬਾਵਜੂਦ ਉਹਨਾਂ ਦੇ ਖਿਲਾਫ ਕਈ ਤਰ੍ਹਾਂ ਦੇ ਅਤਿਆਚਾਰ ਕੀਤੇ ਜਾਂਦੇ ਹਨ। ਸਾਡੇ ਸੰਵਿਧਾਨ ਰਾਹੀਂ ਅਤੇ ਕਈ ਕਾਨੂੰਨੀ ਅਧਿਕਾਰਾਂ ਰਾਹੀਂ ਔਰਤਾਂ ਨੂੰ ਕਈ ਤਰ੍ਹਾਂ ਦੇ ਅਧਿਕਾਰ ਦਿੱਤੇ ਗਏ ਹਨ ਤਾਂ ਜੋ ਔਰਤਾਂ ਨੂੰ ਸੁਰੱਖਿਅਤਾ ਤੇ ਸਨਮਾਨ ਦਿੱਤਾ ਜਾ ਸਕੇ ਅਤੇ ਕੰਮ ਕਰਨ ਲਈ ਅਜਿਹਾ ਵਧੀਆ ਤੇ ਸ਼ਾਂਤਪੂਰਣ ਵਾਤਾਵਰਨ ਤਿਆਰ ਕੀਤਾ ਜਾ ਸਕੇ, ਜਿਸ ਵਿੱਚ ਰਹਿ ਕੇ ਔਰਤਾਂ ਆਪਣੀ ਯੋਗਤਾ ਤੇ ਗੁਣਵਤਾ ਦਾ ਪੂਰਣ ਵਿਕਾਸ ਕਰਕੇ ਰਾਸ਼ਟਰ ਦੇ ਵਿਕਾਸ ਤੇ ਨਿਰਮਾਣ ਵਿੱਚ ਯੋਗਦਾਨ ਦੇ ਸਕਣ।

**ਸੰਵਿਧਾਨਿਕ ਅਧਿਕਾਰ:** ਸਾਡੇ ਸੰਵਿਧਾਨ ਰਾਹੀਂ ਔਰਤਾਂ ਨੂੰ ਜੋ ਸੰਵਿਧਾਨਕ ਅਧਿਕਾਰ ਦਿੱਤੇ ਗਏ ਹਨ ਉਹਨਾਂ ਦੀ ਝਲਕ ਇਸ ਤਰ੍ਹਾਂ ਹੈ:-

**ਸੰਵਿਧਾਨ ਦੇ ਅਨੁਛੇਦ 15 (1) ਦੇ ਅਨੁਸਾਰ :-**ਭਾਰਤ ਵਿੱਚ ਕਿਸੇ ਵੀ ਔਰਤ ਨਾਲ ਕੋਈ ਵੀ ਇਸ ਆਧਾਰ ਤੇ ਵਿਤਕਰਾ ਨਹੀਂ ਕਰ ਸਕਦਾ, ਕਿ ਉਹ ਔਰਤ ਹੈ ਭਾਵ ਕੇਵਲ ਲਿੰਗ ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ।

**ਸੰਵਿਧਾਨ ਦੇ ਅਨੁਛੇਦ 15 (3) ਦੇ ਅਨੁਸਾਰ:** ਰਾਜ ਨੂੰ ਸ਼ਕਤੀਆਂ ਦਿੱਤੀਆਂ ਗਈਆਂ ਹਨ ਜਿਸ ਨਾਲ ਉਹ ਕਾਨੂੰਨ ਬਣਾਉਣ ਸਮੇਂ ਔਰਤਾਂ ਲਈ ਵਿਸ਼ੇਸ ਵਿਵਸਥਾਵਾਂ ਕਰ ਸਕੇ।

**ਸੰਵਿਧਾਨ ਦੇ ਅਨੁਛੇਦ 16 (2) ਦੇ ਅਨੁਸਾਰ :** ਰਾਜ ਵੱਲੋਂ ਸਰਕਾਰੀ ਨੌਕਰੀ ਦੇਣ ਸਮੇਂ ਕਿਸੇ ਔਰਤ ਨਾਲ ਕੇਵਲ ਲਿੰਗ ਕਾਰਣ ਵਿਤਕਰਾ ਨਹੀਂ ਕੀਤਾ ਜਾ ਸਕਦਾ ਅਤੇ ਨਾਂ ਹੀ ਲਿੰਗ ਭੇਦਭਾਵ ਕਾਰਣ ਜਾਂ ਕੇਵਲ ਇਸ ਲਈ ਕਿ ਉਹ ਔਰਤ ਹੈ ਉਸ ਨੂੰ ਰੁਜਗਾਰ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

**ਅਨੁਛੇਦ 23 (1) ਦੇ ਅਨੁਸਾਰ-** ਔਰਤਾਂ ਦਾ ਵਿਉਪਾਰ ਕਰਨ ਨੂੰ ਕਾਨੂੰਨੀ ਅਪਰਾਧ ਮੰਨਦੇ ਹੋਏ, ਇਸ ਦੀ ਸਖਤ ਮਨਾਹੀ ਕੀਤੀ ਗਈ ਹੈ।

**ਰਾਜਾਂ ਦੀ ਨੀਤੀ ਦੇ ਨਿਰਦੇਸ਼ਕ-ਸਿਧਾਂਤਾਂ ਅਨੁਸਾਰ-** ਰਾਜ ਨੀਤੀ ਦਾ ਨਿਰਮਾਣ ਇਸ ਤਰ੍ਹਾਂ ਕਰੇਗਾ ਕਿ ਔਰਤਾਂ ਨੂੰ ਉਪਜੀਵਕਾ ਕਮਾਉਣ ਦੇ, ਮਰਦਾਂ ਦੇ ਬਰਾਬਰ ਸਮਾਨ ਮੌਕੇ ਉਪਲਬੱਧ ਹੋ ਸਕਣ। ਅਜਿਹਾ ਸੰਵਿਧਾਨ ਦੇ **ਅਨੁਛੇਦ 39(a)** ਵਿੱਚ ਦਰਜ ਹੈ।

**ਅਨੁਛੇਦ 39 (D)** ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਅਧੀਨ ਰਾਜ ਨੂੰ ਨਿਰਦੇਸ਼ ਦਿੱਤਾ ਗਿਆ ਹੈ ਕਿ ਬਰਾਬਰ ਕੰਮ ਦੀ ਔਰਤਾਂ ਨੂੰ ਮਰਦਾਂ ਦੇ ਬਰਾਬਰ ਤਨਖਾਹ ਦੇਣ ਦੀ ਵਿਵਸਥਾ ਕਰੇ।

**ਅਨੁਛੇਦ 39 (E) ਨਿਰਦੇਸ਼ਕ ਸਿਧਾਂਤਾਂ ਅਧੀਨ-** ਰਾਜ ਇਸਤਰੀਆਂ ਕਾਮਿਆਂ ਦੀ ਸਿਹਤ ਤੇ ਸਮੱਰਥਾ ਸ਼ਕਤੀ

ਨੂੰ ਯਕੀਨੀ ਬਣਾਏਗਾ। ਰਾਜ ਵਲੋਂ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਇਸਤਰੀਆਂ ਨੂੰ ਆਪਣੀ ਆਰਥਕ ਲੋੜਾਂ ਤੋਂ ਮਜਬੂਰ ਹੋ ਕੇ ਅਜਿਹੇ ਕਾਰਜ ਨਾ ਕਰਨੇ ਪੈਣ, ਜਿਹੜੇ ਉਹਨਾਂ ਦੀ ਸ਼ਕਤੀ ਤੇ ਸਮਰਥਾ ਅਨੁਸਾਰ ਨਾ ਹੋਣ।

**ਨਿਰਦੇਸ਼ਕ ਸਿਧਾਂਤਾਂ ਦੇ ਅਨੁਛੇਦ 42 ਦੇ ਅਨੁਸਾਰ-** ਰਾਜ ਇਸਤਰੀਆਂ ਦੇ ਕੰਮ ਕਰਨ ਲਈ ਉਚਿੱਤ ਅਤੇ ਮਨੁੱਖੀ ਹਾਲਤਾਂ ਅਤੇ ਗਰਭਵਤੀ ਇਸਤਰੀਆਂ ਲਈ ਜਣੇਪੇ ਦੀ ਹਾਲਤ ਵਿੱਚ ਸਹਾਇਤਾ ਦੀ ਵਿਵਸਥਾ ਕਰੇਗਾ।

**ਮੌਲਿਕ ਕਰਤਵਾਂ ਅਧੀਨ- ਭਾਰਤੀ ਸੰਵਿਧਾਨ ਦੇ ਅਨੁਛੇਦ 51 (E)** ਭਾਰਤ ਦੇ ਹਰੇਕ ਨਾਗਰਿਕ ਦਾ ਇਹ ਕਰੱਤਵ ਹੈ ਕਿ ਇਸਤਰੀਆਂ ਦੇ ਗੌਰਵ ਅਤੇ ਮਾਣ ਸਤਿਕਾਰ ਦਾ ਨਿਰਾਦਰ ਕਰਨ ਵਾਲੀਆਂ ਸਾਰੀਆਂ ਪ੍ਰਥਾਵਾਂ ਤੇ ਰੀਤੀ ਰਿਵਾਜਾਂ ਦਾ ਤਿਆਗ ਕਰੋ।

- ਪੰਚਾਇਤਾਂ ਦੀਆਂ ਪ੍ਰਤੱਖ ਚੋਣਾਂ ਵਿੱਚ ਕੁੱਲ ਸੀਟਾਂ ਦਾ 1/3 ਭਾਗ ਔਰਤਾਂ ਲਈ ਰਾਖਵੀਆਂ ਰੱਖਣ ਦੀ ਵਿਵਸਥਾ ਕੀਤੀ ਗਈ ਹੈ-ਅਨੁਛੇਦ 243 (3)
- ਪੰਚਾਇਤ ਦੇ ਹਰ ਪੱਧਰ ਤੇ (ਪੰਚਾਇਤ, ਬਲਾਕ ਸੰਮਤੀ, ਜ਼ਿਲ੍ਹਾ ਪਰਿਸ਼ਦਾਂ ਵਿੱਚ) ਅਧਿਅਕਸ਼ ਦੇ ਪਦਾਂ ਵਿੱਚ ਵੀ ਔਰਤਾਂ ਲਈ 1/3 ਸਥਾਨ ਰਾਖਵੇਂ ਰੱਖਣ ਦੀ ਵਿਵਸਥਾ ਹੈ- ਅਨੁਛੇਦ 243 D (4)
- ਨਗਰ ਪਾਲਿਕਾਵਾਂ ਦੀਆਂ ਪ੍ਰਤੱਖ ਚੋਣਾਂ ਰਾਹੀਂ ਵੀ, ਔਰਤਾਂ ਲਈ ਕੁੱਲ ਸਥਾਨਾਂ ਦਾ 1/3 ਭਾਗ ਰਾਖਵਾਂ ਰੱਖ ਕੇ ਭਰਨ ਦੀ ਵਿਵਸਥਾ ਕੀਤੀ ਗਈ ਹੈ। ਅਨੁਛੇਦ 243 T (3)
- ਠੀਕ ਇਸੇ ਤਰ੍ਹਾਂ ਨਗਰਪਾਲਿਕਾਵਾਂ (ਨਗਰ ਪੰਚਾਇਤਾਂ ਤੇ ਨਗਰ ਨਿਗਮਾਂ ਸਮੇਤ) ਵਿੱਚ ਅਧਿਅਕਸ਼ ਦੀ ਪਦਵੀ ਲਈ ਵੀ 1/3 ਸਥਾਨ ਇਸਤਰੀਆਂ ਲਈ ਰਾਖਵੇਂ ਰੱਖੇ ਗਏ ਹਨ- ਅਨੁਛੇਦ 243 T (4)

**ਕਨੂੰਨੀ ਅਧਿਕਾਰ :**-ਸੰਵਿਧਾਨਕ ਅਧਿਕਾਰਾਂ ਦੇ ਨਾਲ-ਨਾਲ ਔਰਤਾਂ ਨੂੰ ਸ਼ਕਤੀਸ਼ਾਲੀ ਤੇ ਸੁਰੱਖਿਅਤ ਬਨਾਉਣ ਲਈ ਕਈ ਤਰ੍ਹਾਂ ਦੇ ਕਾਨੂੰਨੀ ਅਧਿਕਾਰ ਦਿੱਤੇ ਗਏ ਹਨ।

ਔਰਤ, ਜਦੋਂ ਉਹ ਬੇਟੀ, ਪਤਨੀ, ਬਹੁ, ਨਨਾਣ ਜਾਂ ਭਾਬੀ ਦੇ ਰੂਪ ਵਿੱਚ ਘਰ ਰਹਿ ਰਹੀ ਹੈ ਤਾਂ ਉਸਨੂੰ ਘਰੇਲੂ ਹਿੰਸਾਂ ਤੇ ਉਤਪੀੜਨ ਤੋਂ ਬਚਾਉਣ ਜਾਂ ਸੁਰੱਖਿਅਤ ਕਰਨ ਲਈ ਖਾਸ ਵਿਵਸਥਾਂਵਾਂ ਕੀਤੀਆਂ ਗਈਆਂ ਹਨ। ਇਥੋਂ ਤੱਕ ਕਿ ਜੇਕਰ ਉਹ ਬਿਨਾਂ ਵਿਆਹ ਦੇ ਕਿਸੇ ਮਰਦ ਨਾਲ ਕਿਉਂ ਨਾ ਰਹਿ ਰਹੀ ਹੋਵੇ। ਉਸਦੀ ਸਰੀਰਿਕ ਅਤੇ ਮਾਨਸਿਕ ਸਿਹਤ ਤੇ ਸਕੂਨ ਨੂੰ ਸੁਰੱਖਿਅਤ ਕੀਤਾ ਗਿਆ ਹੈ। ਔਰਤ ਨੂੰ ਸਰੀਰਕ/ਕਾਮਿਕ, ਜਜ਼ਬਾਤੀ, ਬੋਲਾਂ ਰਾਹੀਂ (ਅਸ਼ਲੀਲ ਭਾਸ਼ਾ ਦੀ ਵਰਤੋਂ)/ ਭਾਵਨਾਤਮਕ/ਆਰਥਕ ਤੌਰ ਤੇ ਕਿਸੇ ਵੀ ਗੈਰ-ਕਾਨੂੰਨੀ ਕੰਮ ਜਾਂ ਮੰਗ (ਜਿਸ ਵਿੱਚ ਦਹੇਜ ਦੀ ਮੰਗ ਵੀ ਸ਼ਾਮਲ ਹੈ) ਲਈ ਮਜਬੂਰ ਜਾਂ ਪਰੇਸ਼ਾਨ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਉਸਦੇ ਕਿਸੇ ਸਾਕ-ਸੰਬੰਧੀ ਨੂੰ ਪਰੇਸ਼ਾਨ ਕੀਤਾ ਜਾ ਸਕਦਾ ਹੈ। ਅਜਿਹਾ ਕਰਨਾ ਕਾਨੂੰਨੀ ਅਪਰਾਧ ਮੰਨਿਆ ਜਾਵੇਗਾ। ਅਜਿਹਾ ਕਰਨ ਨਾਲ ਉਹ ਆਪਣੇ ਸ਼ਾਦੀ ਕਰਵਾ ਕੇ ਆਏ ਘਰ ਵਿੱਚ/ਸਾਂਝੇ ਘਰ ਵਿੱਚ/ਇੱਥੋਂ ਤੱਕ ਕਿ ਕਿਰਾਏ ਦੇ ਘਰ ਵਿੱਚ ਸੁਰੱਖਿਅਤ ਰਹਿ ਸਕਦੀ ਹੈ। ਔਰਤ ਨੂੰ ਘਰੇਲੂ ਪੀੜਾ ਤੇ ਉਤਪੀੜਨ ਤੋਂ ਬਚਾਉਣ ਅਤੇ ਸ਼ਾਂਤਮਈ ਬਿਹਤਰ ਵਾਤਾਵਰਨ ਦੇਣ ਲਈ, ਉਸ ਦੀ ਸਰੁੱਖਿਆ ਸੰਬੰਧੀ ਸਰੁੱਖਿਆ ਦੇ ਹੁਕਮ ਵੀ ਦਿੱਤੇ ਜਾ ਸਕਦੇ ਹਨ। ਘਰੇਲੂ ਹਿੰਸਾਂ ਤੋਂ ਸੁਰੱਖਿਆ ਐਕਟ-2005

ਔਰਤਾਂ ਨੂੰ ਉਹਨਾਂ ਦੇ ਕੰਮ (ਰੁਜਗਾਰ) ਵਾਲੀ ਥਾਂ ਤੇ ਵੀ ਯੋਨ ਸ਼ੋਸਣ ਤੋਂ ਸੁਰੱਖਿਅਤ ਰੱਖਣ ਲਈ ਵਿਵਸਥਾਂਵਾਂ ਕੀਤੀਆਂ ਗਈਆਂ ਹਨ ਤਾਂ ਜੋ ਉਹ ਸੁਰੱਖਿਅਤ ਅਤੇ ਸਨਮਾਨਯੋਗ ਵਾਤਾਵਰਣ ਵਿੱਚ ਕੰਮ ਕਰ ਸਕਣ। ਉਹਨਾਂ ਨੂੰ ਨਾ ਕੇਵਲ ਸਰੀਰਕ-ਯੋਨ ਸ਼ੋਸਣ ਤੋਂ ਹੀ ਸੁਰੱਖਿਅਤ ਕੀਤਾ ਗਿਆ ਹੈ, ਸਗੋਂ ਸਰੀਰਕ ਸਪਰਸ਼ ਕਰਨਾ, ਸਪਰਸ਼ ਕਰਨ ਦੀ ਕੋਸ਼ਿਸ ਕਰਨਾ, ਉਸ ਵੱਲ ਬੁਰੀ ਨਜ਼ਰ ਨਾਲ ਦੇਖਣਾ, ਜਬਰਨ ਸਰੀਰਕ ਸੰਬੰਧ ਬਣਾਉਣੇ ਜਾਂ ਬਨਾਉਣ ਦੀ ਕੋਸ਼ਿਸ ਕਰਨਾ, ਭੱਦੀ ਤੇ ਅਸ਼ਲੀਲ ਭਾਸ਼ਾ ਦੀ ਵਰਤੋਂ ਕਰਨਾ, ਅਸ਼ਲੀਲ ਜਾਂ ਇਤਰਾਜ ਯੋਗ ਫੋਟੋਆਂ ਤੇ ਐਮ.ਐਮ. ਐਸ ਭੇਜਣੇ ਤੇ ਬਣਾਉਣੇ ਆਦਿ ਨੂੰ ਵੀ ਅਪਰਾਧ ਘੋਸ਼ਿਤ ਕਰਕੇ, ਇਹਨਾਂ ਤੋਂ ਸੁਰੱਖਿਆ ਦੁਆਉਣ ਲਈ ਕਾਨੂੰਨ ਬਣਾਏ ਗਏ ਹਨ। ਹਰੇਕ ਵਿਭਾਗ ਵਿੱਚ ਇਹਨਾਂ ਸ਼ਿਕਾਇਤਾਂ ਸੰਬੰਧੀ ਖਾਸ ਕਮੇਟੀਆਂ ਬਣਾਈਆਂ ਹਨ। (Prevention Prohibition and Redressed Act 2013)

ਔਰਤਾਂ ਨੂੰ ਇਸ਼ਤਿਹਾਰਾਂ ਰਾਹੀਂ ਦਿਖਾਈ ਜਾਣ ਵਾਲੀ ਅਸ਼ਲੀਲਤਾ ਭਾਵੇਂ ਉਹ ਲਿਖਤੀ, ਚਿੱਤਰਕਾਰੀ, ਤਸਵੀਰਾਂ ਜਾਂ ਇਸ ਤਰ੍ਹਾਂ ਦੀ ਕੋਈ ਹੋਰ ਹੋਵੇ ਤੋਂ ਸੁਰੱਖਿਅਤ ਕੀਤਾ ਗਿਆ ਹੈ। ਇਸ਼ਤਿਹਾਰ ਬਾਜੀ ਵਿੱਚ ਇੰਨ੍ਹਾਂ ਵਿਵਸਥਾਵਾਂ ਦੀ ਉਲੰਘਣਾ ਕਰਨ ਤੇ ਕੈਦ ਦੀ ਸਜਾ ਦੀ ਵਿਵਸਥਾ ਕੀਤੀ ਗਈ ਹੈ। (The indescent Representation of women protection Act 1986)

ਔਰਤਾਂ ਨੂੰ ਕਿਸੇ ਵੀ ਤਰ੍ਹਾਂ ਦੇ ਅਨੈਤਿਕ ਵਪਾਰ ਅਤੇ ਵਪਾਰਕ ਉਦੇਸ਼ ਲਈ ਯੋਨ ਉਤਪੀੜਨ ਤੋਂ ਸੁਰੱਖਿਅਤ ਰੱਖਿਆ ਗਿਆ ਹੈ। ਕਿਸੇ ਵੀ ਸਰਬਜਨਕ ਸਥਾਨ ਜਾਂ ਉਸ ਦੇ ਨੇੜੇ ਵੈਸ਼ਵਾਗਮਨੀ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਗਿਆ ਹੈ। ਕਿਸੇ ਵੀ ਔਰਤ ਨੂੰ ਦੇਹ ਵਪਾਰ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। (The immoral trafficking prevention act 1956) (ਅਨੈਤਿਕ ਵਿਵਹਾਰ ਰੋਕੂ ਐਕਟ-1956)

### ਦਹੇਜ ਵਿਰੋਧੀ ਕਾਨੂੰਨ-1961

ਕਿਸੇ ਵੀ ਰੂਪ ਵਿੱਚ ਦਹੇਜ ਦੇਣ ਤੇ ਲੈਣ ਦੀ ਮਨਾਹੀ ਹੈ। ਵਿਆਹ ਸਮੇਂ ਰਸਮਾਂ ਦੇ ਨਾਂ ਤੇ ਦਿਤੀਆਂ ਵਸਤਾਂ ਦੀ ਸੂਚੀ ਹੋਣੀ ਚਾਹੀਦੀ ਹੈ। ਕਿਸੇ ਵੀ ਕਿਸਮ ਦਾ ਦਹੇਜ, ਜੇਕਰ ਦਿੱਤਾ ਗਿਆ ਹੈ ਤਾਂ ਤਿੰਨ ਮਹੀਨੇ ਦੇ ਅੰਦਰ-ਅੰਦਰ ਔਰਤ ਦੇ ਨਾਂ ਤੇ ਟਰਾਂਸਫਰ ਹੋਣਾ ਚਾਹੀਦਾ ਹੈ। ਇਹਨਾਂ ਨਿਯਮਾਂ ਦੀ ਉਲਘੰਣਾ ਹੋਣ ਦੀ ਹਾਲਤ ਵਿੱਚ ਜੇਲ ਅਤੇ ਜੁਰਮਾਨਾ ਦੋਵੇਂ ਹੋ ਸਕਦੇ ਹਨ।

### ਸਤੀ ਪ੍ਰਥਾ (ਰੋਕੂ) ਐਕਟ 1987

ਸਤੀ ਪ੍ਰਥਾ (ਕਿਸੇ ਵਿਧਵਾ ਇਸਤਰੀ ਦਾ ਆਪਣੇ ਮ੍ਰਿਤਕ ਪਤੀ ਦੇ ਨਾਲ ਚਿਤਾ ਵਿੱਚ ਜੀਉਂਦੇ ਸਾੜੇ ਜਾਣਾ) ਦੀ ਮਨਾਹੀ ਕਰ ਦਿਤੀ ਗਈ ਹੈ। ਕਿਸੇ ਨੂੰ ਵੀ ਇਸ ਪ੍ਰਥਾ ਨੂੰ ਸ਼ਾਨਦਾਰ-ਦਿਖਾਉਣ, ਇਸ ਸੰਬੰਧੀ ਜਲਸਾ ਜਲੂਸ ਕੱਢਣ ਜਾਂ ਇਸਨੂੰ ਕਿਸੇ ਤਰ੍ਹਾਂ ਬੜਾਵਾ ਦੇਣ ਦੀ ਆਗਿਆ ਨਹੀਂ ਹੈ।

### (The Maternity Benefit Act 1961) ਜਣੇਪਾ ਸਹੂਲਤ ਐਕਟ-1961

ਹਰੇਕ ਔਰਤ ਨੂੰ ਬੱਚੇ ਨੂੰ ਜਨਮ ਦੇਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਜਣੇਪਾ ਸਹੂਲਤਾਂ, ਜਿਸ ਵਿੱਚ ਜਣੇਪਾ ਛੁੱਟੀ ਵੀ ਸ਼ਾਮਿਲ ਹੈ ਦਾ ਲਾਭ ਦਿੱਤਾ ਜਾਵੇਗਾ।

### (The Medical Termination of Pregnancy Act, 1971) (ਡਾਕਟਰੀ ਗਰਭਪਾਤ ਐਕਟ-1971)

ਗਰਭਪਾਤ ਕਰਨ ਤੇ ਆਮ ਹਾਲਤਾਂ ਵਿੱਚ ਰੋਕ ਲਗਾ ਦਿਤੀ ਹੈ। ਸਿਰਫ ਇਕ ਰਜਿਸਟਰ ਪ੍ਰਸਿੱਖਿਅਤ ਡਾਕਟਰ (RMP) ਹੀ ਉਸ ਹਾਲਤ ਵਿੱਚ ਗਰਭਪਾਤ ਕਰ ਸਕਦਾ ਹੈ, ਜੇਕਰ ਜਨਮ ਦੇਣ ਵਾਲੀ ਮਾਂ ਦੀ ਜਿੰਦਗੀ ਖਤਰੇ ਵਿੱਚ ਹੋਵੇ ਜਾਂ ਪੈਦਾ ਹੋਣ ਵਾਲਾ ਬੱਚਾ ਕਿਸੇ ਕਾਰਣ ਸਰੀਰਕ ਜਾਂ ਮਾਨਸਿਕ ਤੌਰ ਤੇ ਰੋਗੀ ਹੋਵੇ।

### (Prohibition of Sex Selection Act, 1994) (ਲਿੰਗ ਨਿਰਧਾਰਤ ਟੈਸਟ ਦੀ ਮਨਾਹੀ ਐਕਟ-1994)

ਇਸਤਰੀ ਲਿੰਗ ਨਿਰਧਾਰਤ ਕਰਨ ਲਈ ਤੇ ਭਰੂਣ ਹੱਤਿਆ ਦੇ ਉਦੇਸ਼ ਨਾਲ ਕੀਤਾ ਲਿੰਗ ਟੈਸਟ ਤੇ ਪੂਰੀ ਤਰ੍ਹਾਂ ਮਨਾਹੀ ਕੀਤੀ ਗਈ ਹੈ।

### ਸਮਾਨ ਵੇਤਨ ਐਕਟ, 1976

ਔਰਤਾਂ ਨੂੰ ਇਕੋ ਕੰਮ ਲਈ ਜਾਂ ਸਮਾਨ ਕੰਮ ਲਈ ਮਰਦਾਂ ਦੇ ਬਰਾਬਰ ਤਨਖਾਹ ਪਾਉਣ ਦਾ ਅਧਿਕਾਰ ਦਿੱਤਾ ਗਿਆ ਹੈ।

ਆਉ ਔਰਤ ਦਾ ਸਨਮਾਨ ਕਰੀਏ ਅਤੇ ਉਹਨਾਂ ਵਿਰੁੱਧ ਕਿਸੇ ਵੀ ਤਰ੍ਹਾਂ ਦੀ ਹਿੰਸਾ ਤੋਂ ਰਹਿਤ ਸਮਾਜ ਸਿਰਜਿਏ।

## ਕਨੂੰਨੀ ਉਪਚਾਰ, ਸਮੇਤ ਵਿਕਲਪੀ ਝਗੜਾ ਨਿਵਾਰਨ ਪ੍ਰਣਾਲੀ

## Legal Remedies including ADR System

ਹਰ ਸਮਾਜ ਦਾ ਪ੍ਰਸਾਸਨ ਸਰਕਾਰ ਦੇ ਬਣਾਏ ਹੋਏ ਕਾਨੂੰਨਾਂ ਦੁਆਰਾ ਚਲਾਇਆ ਜਾਂਦਾ ਹੈ। ਇਹ ਕਾਨੂੰਨ ਸੰਸਥਾਵਾਂ ਅਤੇ ਵਿਅਕਤੀਆਂ ਦੀ ਕਾਰਜਸੀਲਤਾ ਨੂੰ ਨਿਯੰਤਰਣ ਵਿੱਚ ਰੱਖਦੇ ਹਨ। ਕਾਨੂੰਨ ਦਾ ਮੋਲਿਕ ਢਾਂਚਾ ਸਾਡੇ ਦੇਸ਼ ਦੇ ਸਰਵਉੱਚ ਕਾਨੂੰਨ (ਸੰਵਿਧਾਨ) ਵਿੱਚ ਦਰਜ ਹੈ। ਸੰਵਿਧਾਨ ਕੇਂਦਰੀ ਵਿਧਾਨਪਾਲਿਕਾ (ਲੋਕ ਸਭਾ ਰਾਜ ਸਭਾ) ਅਤੇ ਪ੍ਰਾਂਤਿਕ ਵਿਧਾਨਪਾਲਿਕਾਵਾਂ ਨੂੰ ਕਾਨੂੰਨ ਬਣਾਉਣ ਦੀਆਂ ਸ਼ਕਤੀਆਂ ਪ੍ਰਦਾਨ ਕਰਦਾ ਹੈ। ਕੇਂਦਰ ਅਤੇ ਪ੍ਰਾਂਤਿਕ ਪੱਧਰ ਤੇ ਕਾਰਜਪਾਲਿਕਾਵਾਂ ਨੂੰ ਵਿਧਾਨਪਾਲਿਕਾ ਦੇ ਬਣਾਏ ਹੋਏ ਕਾਨੂੰਨਾਂ ਅਨੁਸਾਰ ਦਿਸ਼ਾ ਨਿਰਦੇਸ਼ ਜਾਰੀ ਕਰਨ ਦੀ ਸ਼ਕਤੀ ਪ੍ਰਦਾਨ ਕਰਦਾ ਹੈ। ਦੇਸ਼ ਦੇ ਪ੍ਰਸਾਸਨ ਨੂੰ ਚਲਾਉਣ ਅਤੇ ਕਨੂੰਨਾਂ ਨੂੰ ਲਾਗੂ ਕਰਦੇ ਸਮੇਂ ਕੁਝ ਝਗੜਿਆਂ ਦਾ ਉਤਪੰਨ ਹੋਣਾ ਸੁਭਾਵਿਕ ਹੈ। ਅਜਿਹੀ ਸਥਿਤੀ ਵਿੱਚ ਕਾਨੂੰਨ ਇੰਨਾਂ ਉਤਪੰਨ ਹੋਏ ਝਗੜਿਆਂ ਦੇ ਨਿਪਟਾਰੇ ਲਈ ਕਨੂੰਨੀ ਉਪਚਾਰ ਦੀ ਵਿਵਸਥਾ ਵੀ ਕਰਦਾ ਹੈ। ਸਾਡੇ ਦੇਸ਼ ਵਿੱਚ ਝਗੜਿਆਂ ਦੇ ਨਿਪਟਾਰੇ ਲਈ ਨਿਆਂ ਪਾਲਿਕਾ ਦੀ ਵਿਵਸਥਾ ਕੀਤੀ ਗਈ ਹੈ। ਜਿਸਦਾ ਸੰਸਥਾਗਤ ਢਾਂਚਾ ਹੇਠ ਲਿਖੇ ਅਨੁਸਾਰ ਹੈ।

**1. ਸੁਪਰੀਮ ਕੋਰਟ (ਸਰਵਉੱਚ ਅਦਾਲਤ):** ਸਾਡੇ ਦੇਸ਼ ਵਿੱਚ ਝਗੜਿਆਂ ਦੇ ਉਪਚਾਰ ਲਈ ਸਭ ਤੋਂ ਉੱਚੀ ਅਦਾਲਤ ਸਰਵਉੱਚ ਅਦਾਲਤ ਹੈ। ਇਸਦਾ ਦਫਤਰ ਸਾਡੇ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਸਥਿਤ ਹੈ। ਕੇਂਦਰ ਅਤੇ ਰਾਜ ਅਤੇ ਰਾਜਾਂ ਦੇ ਵਿਚਕਾਰ ਝਗੜਿਆਂ ਦਾ ਨਿਪਟਾਰਾ ਕਰਨਾ ਸੁਪਰੀਮ ਕੋਰਟ ਦੇ ਮੁਢਲੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ। ਸਾਡੇ ਦੇਸ ਦਾ ਰਾਸਟਰਪਤੀ ਜਨਤਕ ਹਿੱਤ ਦੇ ਮਹੱਤਵਪੂਰਣ ਮਾਮਲਿਆਂ ਬਾਰੇ ਸੁਪਰੀਮ ਕੋਰਟ ਤੋਂ ਸਲਾਹ ਲੈ ਸਕਦਾ ਹੈ। ਸੁਪਰੀਮ ਕੋਰਟ ਨੂੰ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਵਾਉਣ ਦੀ ਸ਼ਕਤੀ ਵੀ ਦਿੱਤੀ ਗਈ ਹੈ। ਸੁਪਰੀਮ ਕੋਰਟ ਨੂੰ ਮੌਲਿਕ ਅਧਿਕਾਰਾਂ ਨੂੰ ਲਾਗੂ ਕਰਵਾਉਣ ਦੇ ਸੰਬੰਧ ਵਿੱਚ ਕਈ ਤਰ੍ਹਾਂ ਦੇ ਅਦੇਸ਼ ਅਤੇ ਰਿੱਟ ਜਾਰੀ ਕਰਨ ਦੀ ਸ਼ਕਤੀ ਪ੍ਰਾਪਤ ਹੈ। ਜਿਵੇਂ :-

- (ਬੰਦੀ ਪ੍ਰਤੱਖੀਕਰਣ ਲੇਖ) ਹੇਬੀਅਸ ਕਾਰਪਸ (ਗੈਰ ਕਨੂੰਨੀ ਤੋਰ ਤੋਂ ਗ੍ਰਿਫਤਾਰ ਕੀਤੇ ਵਿਅਕਤੀ ਨੂੰ ਅਦਾਲਤ ਸਾਹਮਣੇ ਪੇਸ਼ ਕਰਨ ਦੇ ਹੁਕਮ)
- ਫਰਮਾਣ (ਅਜਿਹਾ ਆਦੇਸ਼ ਜਿਸ ਵਿੱਚ ਸਰਕਾਰੀ ਅਧਿਕਾਰੀ ਜਾਂ ਸਰਕਾਰ ਨੂੰ ਆਪਣਾ ਕਰਤੱਵਾਂ ਜਾਂ ਸੰਵਿਧਾਨਿਕ ਕਰਤੱਵ ਨਿਭਾਉਣ ਲਈ ਆਦੇਸ਼ ਦਿੱਤਾ ਜਾਂਦਾ ਹੈ।
- ਮਨਾਹੀ ਲੇਖ (ਹੇਠਲੀ ਅਦਾਲਤ ਵਿੱਚ ਚੱਲ ਰਹੇ ਮੁਕੱਦਮੇ ਦੀ ਸੁਣਵਾਈ ਤੇ ਰੋਕ ਲਾਉਣ ਦਾ ਆਦੇਸ਼ ਜੋ ਉਸ ਅਦਾਲਤ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ)
- ਅਧਿਕਾਰ ਪ੍ਰਿਛਾ ਲੇਖ (ਕਿਸ ਹੁਕਮ ਨਾਲ ਇਸ ਆਦੇਸ਼ ਰਾਹੀਂ ਸੁਪਰੀਮ ਕੋਰਟ ਕਿਸੇ ਸਰਕਾਰੀ ਅਧਿਕਾਰੀ ਨੂੰ ਕੰਮ ਕਰਨ ਤੋਂ ਰੋਕ ਸਕਦੀ ਹੈ। ਜਿਸਦੀ ਨਿਯੁਕਤੀ ਨਿਰਧਾਰਤ ਨਿਯਮਾਂ ਅਨੁਸਾਰ ਨਾ ਹੋਈ ਹੋਵੇ। ਉਸ ਅਧਿਕਾਰੀ ਦੀ ਪਦਵੀ ਨੂੰ ਖਾਲੀ ਘੋਸ਼ਿਤ ਕਰ ਸਕਦੀ ਹੈ।

**ਉੱਤਪ੍ਰੇਖਣ :** (ਅਦਾਲਤੀ ਫੈਸਲੇ ਨੂੰ ਰੱਦ ਕਰਨਾ)। ਇਸ ਆਦੇਸ਼ ਰਾਹੀਂ ਸੁਪਰੀਮ ਕੋਰਟ ਹੇਠਲੀ ਅਦਾਲਤ ਦੇ ਫੈਸਲੇ ਨੂੰ ਰੱਦ ਕਰ ਸਕਦੀ ਹੈ ਜੋ ਮੁਕੱਦਮਾ ਉਸ ਅਦਾਲਤ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ।

**ਹਾਈਕੋਰਟ:** ਨਿਆਂਪਾਲਿਕਾ ਦੀ ਦਰਜਾਬੰਦੀ ਅਨੁਸਾਰ ਦੂਜੇ ਨੰਬਰ ਤੇ ਰਾਜਾਂ ਦੀਆਂ ਹਾਈਕੋਰਟਾਂ ਆਉਂਦੀਆਂ ਹਨ। ਜ਼ਿਆਦਾਤਰ ਰਾਜਾਂ ਦੀਆਂ ਵੱਖਰੀਆਂ ਵੱਖਰੀਆਂ ਉੱਚ ਅਦਾਲਤਾਂ ਹਨ। ਪਰ ਕੁਝ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਲਈ ਇਕ ਸਾਂਝੀ ਉੱਚ ਅਦਾਲਤ ਸਥਾਪਿਤ ਕੀਤੀ ਗਈ ਹੈ। ਜਿਵੇਂ ਪੰਜਾਬ, ਹਰਿਆਣਾ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਲਈ ਇਕ ਸਾਂਝੀ ਉੱਚ ਅਦਾਲਤ ਸਥਾਪਿਤ ਕੀਤੀ ਗਈ ਹੈ। ਇਸ ਦਾ ਦਫਤਰ ਚੰਡੀਗੜ੍ਹ ਵਿਖੇ ਸਥਿਤ ਹੈ। ਜਿਲ੍ਹਾ ਅਦਾਲਤਾਂ ਦੇ ਫੈਸਲਿਆਂ ਵਿਰੁੱਧ ਅਪੀਲਾਂ ਸੁਨਣ ਦਾ ਅਧਿਕਾਰ ਉੱਚ ਅਦਾਲਤਾਂ ਕੋਲ ਹੈ। ਸੁਪਰੀਮ ਕੋਰਟ ਦੀ ਤਰ੍ਹਾਂ

ਹਾਈਕੋਰਟਾਂ ਨੂੰ ਮੌਲਿਕ ਅਧਿਕਾਰ ਨੂੰ ਲਾਗੂ ਕਰਵਾਉਣ ਲਈ ਰਿੱਟਾਂ ਜਾਂ ਆਦੇਸ਼ ਜਾਰੀ ਕਰਨ ਦੀ ਸ਼ਕਤੀ ਪ੍ਰਾਪਤ ਹੈ। ਇੰਨ੍ਹਾਂ ਰਿੱਟਾਂ ਜਾਂ ਆਦੇਸ਼ਾਂ ਦਾ ਉਲੇਖ ਉਪਰੋਕਤ ਕੀਤਾ ਜਾ ਚੁੱਕਾ ਹੈ।

**ਜਿਲ੍ਹਾ ਅਦਾਲਤਾਂ :** ਨਿਆਂ ਪਾਲਿਕਾ ਦੀ ਦਰਜਾਬੰਦੀ ਅਨੁਸਾਰ ਤੀਜੇ ਨੰਬਰ ਤੇ ਜਿਲ੍ਹਾ ਅਦਾਲਤਾਂ ਆਉਂਦੀਆਂ ਹਨ। ਹਰ ਪ੍ਰਾਂਤ ਵਿੱਚ ਜਿਲ੍ਹਾ ਅਦਾਲਤਾਂ ਸਥਾਪਿਤ ਕੀਤੀਆਂ ਗਈਆਂ ਹਨ। ਜਿਲ੍ਹਾ ਅਦਾਲਤ ਦਾ ਮੁੱਖੀ ਜਿਲ੍ਹਾ ਅਤੇ ਸੈਸਨ ਜੱਜ ਹੁੰਦਾ ਹੈ। ਜਿਲ੍ਹਾ ਅਤੇ ਸੈਸਨ ਜੱਜ ਅਤੇ ਵਧੀਕ ਜਿਲਾ ਅਤੇ ਸੈਸਨ ਜੱਜ, ਹੇਠਲੀਆਂ ਅਦਾਲਤਾਂ ਦੇ ਸਿਵਲ/ਜੁਡੀਸ਼ੀਅਲ ਮੈਜਿਸਟ੍ਰੇਟ ਦੇ ਫੈਸਲਿਆਂ ਅਤੇ ਪਾਸ ਕੀਤੇ ਹੁਕਮਾਂ ਵਿਰੁੱਧ ਅਪੀਲਾਂ ਸੁਣਦੇ ਹਨ। ਜਿਲ੍ਹਾ ਅਤੇ ਸੈਸ਼ਨ ਜੱਜ ਅਤੇ ਵਧੀਕ ਜਿਲਾ ਅਤੇ ਸੈਸ਼ਨ ਜੱਜ ਘਿਣਾਉਣੇ ਅਪਰਾਧਿਕ ਮਾਮਲੇ ਜਿਵੇਂ ਕਤਲ, ਬਲਾਤਕਾਰ ਵੱਡੀ ਮਾਤਰਾ ਵਿੱਚ ਪਕੜੇ ਗਏ ਨਸ਼ੀਲੇ ਪਦਾਰਥਾਂ ਦੇ ਮਾਮਲਿਆਂ ਦੀ ਸੁਣਵਾਈ ਕਰਦੇ ਹਨ।

ਨਿਆਂ ਪਾਲਿਕਾ ਦੀ ਪਦਵੀ ਤਰਤੀਬ ਜਾਂ ਦਰਜਾਬੰਦੀ ਵਿੱਚ ਚੌਥੇ ਨੰਬਰ ਤੇ ਸਿਵਲ ਜੱਜ/ਜੁਡੀਸ਼ੀਅਲ ਮੈਜਿਸਟ੍ਰੇਟ ਦੀਆਂ ਅਦਾਲਤਾਂ ਆਉਂਦੀਆਂ ਹਨ। ਇਨ੍ਹਾਂ ਦੀ ਮੁੱਢਲੇ ਅਧਿਕਾਰ ਵਿੱਚੋਂ ਘੱਟ ਸਜਾ ਵਾਲੇ ਸਾਰੀ ਤਰ੍ਹਾਂ ਦੇ ਦਿਵਾਨੀ ਅਤੇ ਫੌਜਦਾਰੀ ਮੁਕੱਦਮੇ ਆਉਂਦੇ ਹਨ। ਇਹ ਅਦਾਲਤਾਂ ਤਹਿਸੀਲ ਅਤੇ ਜਿਲ੍ਹਾ ਪੱਧਰ ਤੇ ਸਥਾਪਿਤ ਕੀਤੀਆਂ ਗਈਆਂ ਹਨ। ਇਹ ਮੁੱਢਲੀਆਂ ਅਦਾਲਤਾਂ ਹਨ ਜਿੱਥੇ ਦੋਸ਼ੀਆਂ ਵਿਰੁੱਧ ਸਬੂਤ ਅਤੇ ਤੱਥਾਂ ਨੂੰ ਇਕੱਠੇ ਕੀਤਾ ਜਾਂਦਾ ਹੈ।

**ਸਮਰੂਪੀ ਨਿਆਂਇਕ ਟ੍ਰਿਬਿਊਨਲ/ਸੰਸਥਾਵਾਂ :** ਉਪਰੋਕਤ ਪੱਕੀਆ ਅਦਾਲਤਾਂ ਤੋਂ ਬਿਨਾਂ ਸਾਡੇ ਦੇਸ਼ ਵਿੱਚ ਕੁਝ ਹੋਰ ਅਦਾਲਤਾਂ ਵੀ ਸਥਾਪਿਤ ਕੀਤੀਆਂ ਗਈਆਂ ਹਨ। ਜਿਵੇਂ ਟ੍ਰਿਬਿਊਨਲ, ਫੋਰਮਜ ਅਤੇ ਸੰਸਥਾਵਾਂ ਇੰਨ੍ਹਾਂ ਅਦਾਲਤਾਂ ਨੂੰ ਵੀ ਮੁਕੱਦਮਿਆਂ ਦੇ ਫੈਸਲੇ ਕਰਨ ਲਹੀ ਪੱਕੀਆਂ ਅਦਾਲਤਾਂ ਦੀ ਤਰ੍ਹਾਂ ਨਿਆਂਇਕ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਭਾਰਤ ਦੇ ਸੰਵਿਧਾਨ ਵਿੱਚ ਪ੍ਰਸਾਸ਼ਕੀ ਟ੍ਰਿਬਿਊਨਲ ਸਥਾਪਿਤ ਕਰਨ ਦੀ ਵਿਵਸਥਾ ਕੀਤੀ ਗਈ ਹੈ। ਜੋ ਝਗੜਿਆਂ ਦੀ ਨਿਆਂਇਕ ਜਾਂਚ ਕਰਦੇ ਹਨ। ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ ਇਕ ਅਜਿਹੀ ਹੀ ਨਿਆਇਕ ਸੰਸਥਾ ਹੈ, ਜੋ ਕੇਂਦਰ, ਰਾਜ ਅਤੇ ਕਿਸੇ ਵੀ ਸਥਾਨਿਕ ਪੱਧਰ ਦੇ ਸਰਕਾਰੀ ਅਧਿਕਾਰੀਆਂ ਦੇ ਮੁਕੱਦਮਿਆਂ ਦੀ ਜਾਂਚ ਕਰਦੀ ਹੈ। ਇਸੇ ਤਰ੍ਹਾਂ ਕਈ ਤਰ੍ਹਾਂ ਦੇ ਹੋਰ ਟ੍ਰਿਬਿਊਨਲ ਵੀ ਦੇਸ਼ ਵਿੱਚ ਸਥਾਪਿਤ ਕੀਤੇ ਗਏ ਹਨ।

ਜਿਵੇਂ :-

- ਆਰਮਡ ਫੋਰਸਜ ਟ੍ਰਿਬਿਊਨਲ (ਜੋ ਸੁਰੱਖਿਆ ਬਲਾਂ ਦੇ ਕਰਮਚਾਰੀਆਂ ਦੇ ਮੁਕੱਦਮਿਆਂ ਦੀ ਸੁਣਵਾਈ ਕਰਦਾ ਹੈ।
- ਨੈਸ਼ਨਲਗ੍ਰੀਨ ਟ੍ਰਿਬਿਊਨਲ: ਜੋ ਵਾਤਾਵਰਣ ਸੰਬਧੀ ਮੁਕੱਦਮਿਆਂ ਦੀ ਸੁਣਵਾਈ ਕਰਦਾ ਹੈ।
- ਰੇਲਵੇ ਹੱਕਦਾਰੀ ਟ੍ਰਿਬਿਊਨਲ: (ਰੇਲਵੇ ਨਾਲ ਸਬੰਧਿਤ ਮੁਕੱਦਮਿਆਂ ਦੀ ਸੁਣਵਾਈ)
- ਆਮਦਨਕਰ ਅਪੀਲ ਟ੍ਰਿਬਿਊਨਲ (ਆਮਦਨ ਕਰ ਸਬੰਧੀ ਝਗੜਿਆਂ ਦੀ ਸੁਣਵਾਈ)
- ਸੀਮਾ ਕਰ ਅਤੇ ਅਬਕਾਰੀ ਅਤੇ ਸੇਵਾਕਰ ਅਪੀਲੀ ਟ੍ਰਿਬਿਊਨਲ ਸੀਮਾ ਕਰ ਅਤੇ ਆਬਕਾਰੀ ਅਤੇ ਸੇਵਾ ਕਰ ਨਾਲ ਸਬੰਧਿਤ ਮੁਕਦਮਿਆਂ ਦੀ ਸੁਣਵਾਈ
- ਰਿਣ ਵਸੂਲੀ ਟ੍ਰਿਬਿਊਨਲ: (ਰਿਣਵਸੂਲੀ ਨਾਲ ਸਬੰਧਿਤ ਮਾਮਲਿਆਂ ਦੀ ਸੁਣਵਾਈ।)
- ਟੈਲੀਕਾਮ ਝਗੜਾ ਨਿਵਾਰਨ ਅਤੇ ਅਪੀਲੀ ਟ੍ਰਿਬਿਊਨਲ (ਦੂਰਸੰਚਾਰ ਨਾਲ ਸੰਬੰਧਿਤ ਮਾਮਲਿਆਂ ਦੀ ਸੁਣਵਾਈ)
- ਗੱਡੀ ਦੁਰਘਟਨਾ ਹੱਕਦਾਰੀ ਟ੍ਰਿਬਿਊਨਲ (ਗੱਡੀ ਦੁਰਘਟਨਾ ਨਾਲ ਸੰਬੰਧਿਤ ਮਾਮਲਿਆਂ ਦੀ ਸੁਣਵਾਈ)
- ਲੇਬਰ ਕੋਰਟਸ/ਉਦਯੋਗਿਕ ਟ੍ਰਿਬਿਊਨਲ : ਮਜਦੂਰਾਂ ਅਤੇ ਉਦਯੋਗ ਨਾਲ ਸੰਬੰਧਿਤ ਮਾਮਲਿਆਂ ਦੀ ਸੁਣਵਾਈ ਆਦਿ

# ਵਿਕਲਪੀ ਝਗੜਾ ਨਿਵਾਰਨ ਵਿਧੀਆਂ
# Alternative Dispute Resolution Modes

ਝਗੜਿਆਂ ਦੇ ਨਿਪਟਾਰੇ ਲਈ ਪਰੰਪਰਾਗਤ ਵਿਧੀਆਂ ਦੇ ਨਾਲ ਨਾਲ ਵਿਕਲਪੀ ਝਗੜਾ ਨਿਵਾਰਨ ਵਿਧੀਆਂ ਦੀ ਲੋੜ ਨੂੰ ਮਹਿਸੂਸ ਕੀਤਾ ਗਿਆ। ਵਿਕਲਪੀ ਝਗੜਾ ਨਿਵਾਰਨ ਦੀ ਧਾਰਣਾ ਨੇ ਅਜੋਕੇ ਯੁੱਗ ਵਿੱਚ ਕਾਫੀ ਮਹੱਤਵਪੂਰਣ ਸਥਾਨ ਹਾਸਲ ਕਰ ਲਿਆ ਹੈ। ਕਨੂੰਨੀ ਆਚਾਰ ਸੰਹਿਤਾ ਵਿਧੀ 1908 ਦੀ ਧਾਰਾ 89 ਵਿਕਲਪੀ ਝਗੜਾ ਨਿਵਾਰਨ ਵਿਧੀ ਦੇ ਤਹਿਤ ਚਾਰ ਤਰ੍ਹਾਂ ਦੇ ਪ੍ਰਬੰਧਾਂ ਦੀ ਵਿਵਸਥਾ ਕਰਦੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹਨ।

(ੳ) ਸਾਲਸੀ ਢੰਗ ਰਾਹੀਂ ਝਗੜਿਆਂ ਦਾ ਨਿਪਟਾਰਾ (Arbitration)

(ਅ) ਸਮਝਾਉਣਾ (Conciliation)

(ੲ) ਵਿਚੋਲਗਿਰੀ (Mediation)

(ਸ) ਅਦਾਲਤੀ ਯਤਨਾਂ ਰਾਹੀਂ ਰਾਜੀਨਾਵਾਂ ਸਮੇਤ ਲੋਕ ਅਦਾਲਤਾਂ ਰਾਹੀਂ ਰਾਜੀਨਾਵਾਂ (Judicial settlement including settlement through Lok Adalatas)

(ੳ) **ਸਾਲਸੀ ਢੰਗ ਰਾਹੀਂ ਝਗੜਿਆਂ ਦਾ ਨਿਪਟਾਰਾ (Arbitration)** :- ਝਗੜਿਆਂ ਦੇ ਨਿਪਟਾਰੇ ਲਈ ਇਹ ਵਿਧੀ ਆਰਬਿਟ੍ਰੇਸਨ ਅਤੇ ਕੰਨਸੀਲੀਏਸ਼ਨ ਐਕਟ 1996 ਦੇ ਤਹਿਤ ਅਪਣਾਈ ਜਾਂਦੀ ਹੈ। ਇਸ ਵਿਧੀ ਤਹਿਤ ਝਗੜੇ ਨੂੰ ਇੱਕ ਤੋਂ ਵੱਧ ਵਿਅਕਤੀਆਂ ਕੋਲ ਭੇਜਿਆ ਜਾਂਦਾ ਹੈ। ਜਿੰਨ੍ਹਾਂ ਨੂੰ ਸਾਲਸੀ ਕਿਹਾ ਜਾਂਦਾ ਹੈ। ਝਗੜੇ ਦੀ ਛਾਣਬੀਣ ਕਰਨ ਤੋਂ ਬਾਅਦ ਸਾਲਸੀ ਜੋ ਫੈਸਲਾ ਸੁਣਾਉਂਦੇ ਹਨ ਉਸ ਨੂੰ ਆਰਬਿਟਰੇਸ਼ਨ ਅਵਾਰਡ ਕਿਹਾ ਜਾਂਦਾ ਹੈ। ਸਬੰਧਿਤ ਧਿਰਾਂ ਇਸ ਫੈਸਲੇ ਨੂੰ ਮੰਨਣ ਲਈ ਬੰਧਨਕਾਰੀ ਹੁੰਦੀਆਂ ਹਨ। ਸਾਲਸੀ ਢੰਗ ਰਾਹੀਂ ਨਾ ਕੇਵਲ ਘਰੇਲੂ ਝਗੜੇ ਹੀ ਨਿਪਟਾਏ ਜਾਂਦੇ ਹਨ ਸਗੋਂ ਵਪਾਰਕ ਅਤੇ ਅੰਤਰ ਰਾਸ਼ਟਰੀ ਮਾਮਲਿਆਂ ਨੂੰਵੀ ਹੱਲ ਕੀਤਾ ਜਾ ਸਕਦਾ ਹੈ।

(ਅ) **ਸਮਝਾਉਣਾ (Conciliation)** :- ਝਗੜਿਆਂ ਦੀ ਨਿਪਟਾਰੇ ਲਈ ਇਹ ਵਿਧੀ ਆਰਬ੍ਰਿਟਰੇਸਨ ਅਤੇ ਕੰਨਸੀਲੀਏਸ਼ਨ ਐਕਟ 1996 ਦੇ ਅੰਤਰਗਤ ਹੀ ਅਪਣਾਈ ਜਾਂਦੀ ਹੈ। ਇਸ ਵਿਧੀ ਦੇ ਅੰਤਰਗਤ ਝਗੜੇ ਨਾਲ ਸਬੰਧਿਤ ਧਿਰਾਂ ਨੂੰ ਸਮਝੌਤਾਕਾਰੀ ਕੋਲ ਭੇਜਿਆ ਜਾਂਦਾ ਹੈ। ਸਮਝੌਤਾਕਾਰੀ ਝਗੜੇ ਨਾਲ ਸਬੰਧਿਤ ਧਿਰਾਂ ਨੂੰ ਇਕੱਲੇ ਇਕੱਲੇ ਜਾਂ ਇਕੱਠੇ ਤੌਰ ਤੇ ਮਿਲਕੇ ਉਨ੍ਹਾਂ ਦੇ ਮੱਤਭੇਦਾਂ ਨੂੰ ਦੂਰ ਕਰਨ ਦਾ ਯਤਨ ਕਰਦਾ ਹੈ। ਸਮਝੌਤਾਕਾਰੀ ਵੱਲੋਂ ਇਸ ਵਿਧੀ ਰਾਹੀਂ ਝਗੜਿਆਂ ਨੂੰ ਨਿਪਟਾਉਣ ਲਈ ਕਈ ਤਕਨੀਕਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਤਣਾਓ ਨੂੰ ਘੱਟ ਕਰਨਾ, ਸੂਚਨਾ ਦੇ ਅਦਾਨ ਪ੍ਰਦਾਨ ਵਿੱਚ ਸੁਧਾਰ ਲਿਆਉਣਾ ਮਾਮਲਿਆਂ ਦੀ ਵਿਆਖਿਆ ਕਰਨਾ, ਸੰਬੰਧਿਤ ਧਿਰਾਂ ਨੂੰਝਗੜਿਆਂ ਦੇ ਨਿਪਟਾਰੇ ਲਈ ਹੱਲ ਲੱਭਣ ਲਈ ਉਤਸਾਹਿਤ ਕਰਨਾ ਸਬੰਧਿਤ ਧਿਰਾਂ ਨੂੰ ਝਗੜਿਆਂ ਦੇ ਹੱਲ ਲਈ ਆਪਸੀ ਪ੍ਰਵਾਨਿਤ ਨਤੀਜਿਆਂ ਤੇ ਪਹੁੰਚਣ ਲਈ ਮਦਦ ਕਰਨਾ। ਇਹ ਇਕ ਗੁਪਤ ਰੱਖੀ ਜਾਣ ਵਾਲੀ ਇੰਡਕ ਅਤੇ ਨਿੱਜੀ ਪੱਧਰ ਤੇ ਝਗੜਾ ਨਿਵਾਰਨ ਵਿਧੀ ਹੈ ਜਿਸ ਵਿੱਚ ਇੱਕ ਨਿਰਪੱਖ ਵਿਅਕਤੀ ਝਗੜੇ ਨਾਲ ਸੰਬਧਿਤ ਧਿਰਾਂ ਨੂੰ ਸਮਝੌਤੇ ਉੱਤੇ ਪਹੁੰਚਣ ਲਈ ਮਦਦ ਕਰਦਾ ਹੈ।

(ੲ) **ਵਿਚੋਲਗਿਰੀ (Mediation)** :- ਝਗੜਾ ਨਿਵਾਰਨ ਦੀ ਇਹ ਵਿਧੀ ਦਿਨ ਪ੍ਰਤੀ ਦਿਨ ਹਰਮਨ ਪਿਆਰੀ ਹੋ ਰਹੀ ਹੈ। ਇਸ ਵਿਧੀ ਵਿੱਚ ਇੱਕ ਨਿਰਪੱਖ ਤੀਜੀ ਧਿਰ ਜਿਸ ਨੂੰ ਕਿ ਵਿਚੋਲਾ ਕਿਹਾ ਜਾਂਦਾ ਹੈ, ਝਗੜੇ ਨਾਲ ਸੰਬਧਿਤ ਧਿਰਾਂ ਦੇ ਝਗੜੇ ਦਾ ਹੱਲ ਕਰਵਾਉਣ ਲਈ ਵਿਸ਼ੇਸ਼ ਸੂਚਨਾ ਦੇ ਆਦਾਨ ਪ੍ਰਦਾਨ ਅਤੇ ਆਪਸੀ ਵਿਚਾਰ ਵਟਾਂਦਰੇ ਵਰਗੀਆਂ ਤਕਨੀਕਾਂ ਦੀ ਵਰਤੋਂ ਕਰਦੇ ਹੋਏ ਉਨ੍ਹਾਂ ਦੀ ਮਦਦ ਕਰਦਾ ਹੈ। ਝਗੜੇ ਦਾ ਨਿਪਟਾਰਾ ਸਬੰਧਿਤ ਧਿਰਾਂ ਵੱਲੋਂ ਤਹਿ ਕੀਤੀਆਂ ਸ਼ਰਤਾਂ ਅਨੁਸਾਰ ਕੀਤਾ ਜਾਂਦਾ ਹੈ। ਵਿਚੋਲਗਿਰੀ ਅਧਿਕਾਰੀ ਅਦਾਲਤ ਤੋਂ ਬਾਹਰ ਰਹਿ ਕੇ ਝਗੜਿਆਂ ਦਾ ਹੱਲ ਕਰਵਾਉਣ ਲਈ ਵਿਚਾਰ ਵਟਾਂਦਰੇ ਦੀ ਵਿਧੀ ਦੀ ਵਰਤੋਂ ਕਰਦਾ ਹੈ। ਪਰੰਤੂ ਸਬੰਧਿਤ ਧਿਰਾਂ

ਨਾਲ ਕੀਤੀ ਗੱਲਬਾਤ ਨੂੰ ਗੁਪਤ ਰੱਖਿਆ ਜਾਂਦਾ ਹੈ। ਇਸ ਵਿਧੀ ਰਾਹੀਂ ਝਗੜੇ ਨਾਲ ਸਬੰਧਿਤ ਧਿਰਾ ਦੀ ਸਿੱਧੀ ਭਾਗੇਦਾਰੀ ਨੂੰ ਉਤਸਾਹਿਤ ਕੀਤਾ ਜਾਂਦਾ ਹੈ। ਇਹ ਇਕ ਗੁਪਤ ਰੱਖੀ ਜਾਣ ਵਾਲੀ ਗੈਰ ਰਸਮੀ ਵਿਧੀ ਹੈ।

ਕੋਈ ਵੀ ਵਿਅਕਤੀ ਜੋ ਮਾਣਯੋਗ ਸੁਪਰੀਮ ਕੋਰਟ ਵੱਲੋਂ ਨਿਰਧਾਰਿਤ 40 ਘੰਟੇ ਦੀ ਮਿਡੀਏਟਰ ਦੀ ਸਿਖਲਾਈ ਲੈ ਲੈਂਦਾ ਹੈ। ਜਿਸ ਵਿੱਚ ਉਸ ਨੂੰ ਵਿਚੋਲਗਿਰੀ ਕਰਨ ਦੀਆਂ ਵਿਧੀਆਂ ਵਿਸ਼ੇਸ਼ ਤਕਨੀਕਾਂ ਦੀ ਜਾਣਕਾਰੀ ਦਿੱਤੀ ਜਾਂਦੀ ਹੈ, ਵਿਚੋਲਗਿਰੀ ਕਰਨ ਦੇ ਯੋਗ ਸਮਝਿਆ ਜਾਂਦਾ ਹੈ।

(ਸ) **ਅਦਾਲਤੀ ਯਤਨਾਂ ਰਾਹੀਂ ਰਾਜ਼ੀਨਾਮੇ ਸਮੇਤ ਲੋਕ ਅਦਾਲਤਾਂ ਰਾਹੀਂ ਰਾਜੀਨਾਮਾ (Judicial Settlement, including settlement through Lok Adalatas) :-** ਅਦਾਲਤਾਂ ਵਿੱਚ ਚੱਲ ਰਹੇ ਝਗੜਿਆਂ ਦਾ ਨਿਪਟਾਰਾ ਕਰਨ ਲਈ ਸੰਬੰਧਿਤ ਧਿਰਾਂ ਦੀ ਆਪਸੀ ਰਜਾਮੰਦੀ ਰਾਹੀਂ ਅਦਾਲਤਾਂ ਦੁਆਰਾ ਝਗੜਿਆਂ ਨੂੰ ਲੋਕ ਅਦਾਲਤਾਂ ਕੋਲ ਭੇਜਿਆ ਜਾਂਦਾ ਹੈ। ਲੋਕ ਅਦਾਲਤਾਂ ਦੀ ਸਥਾਪਨਾ ਕਾਨੂੰਨੀ ਸੇਵਾਵਾਂ ਅਥਾਰਟੀ ਐਕਟ 1987 ਅਧੀਨ ਕੀਤੀ ਗਈ ਹੈ।

**ਲੋਕ ਅਦਾਲਤ ਦੀ ਬਣਤਰ :** ਲੋਕ ਅਦਾਲਤ ਵਿੱਚ ਇੱਕ ਪ੍ਰਜਾਇਡਿੰਗ ਅਫਸਰ ਹੁੰਦਾ ਹੈ ਜੋ ਕਿ ਅਦਾਲਤ ਦਾ ਜੱਜ ਹੀ ਹੁੰਦਾ ਹੈ। ਇਕ ਵਕੀਲ ਅਤੇ ਇਕ ਸਮਾਜਿਕ ਕਾਰਜ ਕਰਤਾ ਹੁੰਦਾ ਹੈ।

ਇਹ ਲੋਕ ਅਦਾਲਤਾਂ ਝਗੜੇ ਨਾਲ ਸੰਬੰਧਿਤ ਧਿਰਾਂ ਦੇ ਰਾਜੀਨਾਮੇ ਰਾਹੀਂ ਝਗੜਿਆਂ ਦਾ ਫੈਸਲਾ ਕਰਦੀਆਂ ਹਨ ਜੋ ਕਿ ਦੋਨੋਂ ਧਿਰਾਂ ਨੂੰ ਪ੍ਰਵਾਨ ਹੁੰਦਾ ਹੈ। ਲੋਕ ਅਦਾਲਤਾਂ ਨਿਆਂਪਾਲਿਕਾ ਦਾ ਅਜਿਹਾ ਮੰਚ ਹਨ ਜਿਸ ਰਾਹੀਂ ਅਦਾਲਤਾਂ ਵਿੱਚ ਬਕਾਇਆ ਮਾਮਲਿਆਂ ਨੂੰ ਜਾਂ ਅਦਾਲਤੀ ਪ੍ਰੀਕ੍ਰਿਆ ਸ਼ੁਰੂ ਹੋਣ ਤੋਂ ਪਹਿਲਾਂ ਹੀ ਮਾਮਲਿਆਂ ਨੂੰ ਸੰਬੰਧਿਤ ਧਿਰਾਂ ਵਿਚਕਾਰ ਰਾਜੀਨਾਵੇਂ ਰਾਹੀਂ ਹੱਲ ਕਰ ਲਿਆ ਜਾਂਦਾ ਹੈ। ਲੋਕ ਅਦਾਲਤਾਂ ਰਾਹੀਂ ਕੀਤੇ ਫੈਸਲੇ ਅਦਾਲਤੀ ਫੈਸਲੇ ਮੰਨੇ ਜਾਂਦੇ ਹਨ। ਲੋਕ ਅਦਾਲਤਾਂ ਰਾਹੀਂ ਕੀਤੇ ਗਏ ਫੈਸਲੇ ਅੰਤਿਮ ਹੁੰਦੇ ਹਨ ਅਤੇ ਸਬੰਧਿਤ ਧਿਰਾਂ ਇਨ੍ਹਾਂ ਨੂੰ ਮੰਨਣ ਲਈ ਬੰਧਨਕਾਰੀ ਹੁੰਦੀਆਂ ਹਨ। ਅੰਤਿਮ ਫੈਸਲਿਆਂ ਦਾ ਭਾਵ ਇੰਨਾਂ ਫੈਸਲਿਆਂ ਵਿਰੁੱਧ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ। ਸੰਬੰਧਿਤ ਧਿਰਾਂ ਦੁਆਰਾ ਅਦਾ ਕੀਤੀ ਕੋਰਟ ਫੀਸ ਵਾਪਸ ਕਰ ਦਿੱਤੀ ਜਾਂਦੀ ਹੈ।

## ਨਸ਼ੀਲੇ ਪਾਦਰਥ (ਡਰਗਜ਼) ਤੇ ਧੂਮਰਪਾਨ/ਤੰਬਾਕੂਨੋਸ਼ੀ ਨਾਲ ਸੰਬੰਧਤ ਕਾਨੂੰਨ

ਡਰਗਜ਼, ਮਨੁੱਖ ਲਈ ਆਦਤ ਬਣ ਜਾਣ ਵਾਲੇ ਉਹ ਪਦਾਰਥ ਹਨ ਜੋ ਦਿਮਾਗ ਅਤੇ ਸਾਡੀ ਨਾੜੀ ਪ੍ਰਣਾਲੀ ਨੂੰ ਸਿੱਧੇ ਤੌਰ ਤੇ ਪ੍ਰਭਾਵਿਤ ਕਰਦੇ ਹਨ। ਇਹ ਸ਼ਰੀਰਕ ਕੰਮਾਂ ਤੇ ਬੁਰਾ ਪ੍ਰਭਾਵ ਪਾਉਂਦੇ ਹਨ। ਇਹਨਾਂ ਦੀ ਵਰਤੋਂ ਅਨੈਤਕ, ਸਮਾਜ ਅਤੇ ਕਾਨੂੰਨ ਵਿਰੋਧੀ ਮੰਨੀ ਗਈ ਹੈ। ਗੈਰ ਕਾਨੂੰਨੀ ਡਰਗਜ਼ ਅਤੇ ਕਿਸੇ ਡਰਗ ਦੀ ਗਲਤ ਵਰਤੋਂ ਕਰਨਾ ਦੋਵੇਂ ਹੀ ਗੈਰ ਕਾਨੂੰਨੀ ਹਨ ਤੇ ਦੋਹਾਂ ਦੀ ਹੀ ਮਨਾਹੀ ਹੈ। ਪੰਜਾਬ ਵਿੱਚ ਇਹਨਾਂ ਨਸ਼ੀਲਾਂ ਪਦਾਰਥਾਂ ਦੀ ਮਨੁੱਖਾਂ ਤੇ ਦੁਰਪ੍ਰਭਾਵਾਂ ਦੀਆਂ ਕਈ ਸ਼ਿਕਾਇਤਾਂ ਸਾਹਮਣੇ ਆਈਆਂ ਹਨ। ਇਸ ਸਭ ਤੇ ਕਾਬੂ ਪਾਉਣ ਲਈ, ਸਖਤ ਕਾਨੂੰਨ ਬਣਾਏ ਗਏ ਹਨ।

**ਮਾਦਕ ਦਵਾਈਆਂ ਅਤੇ ਮਨੋਪ੍ਰਭਾਵੀ ਪਦਾਰਥ ਐਕਟ 1985, Narcotic Drugs and Psychotrohic Substances Act-1985** ਇਸ ਕਾਨੂੰਨ ਦੇ ਅਧੀਨ, ਨਸ਼ੀਲੇ ਪਦਾਰਥਾਂ (ਡਰਗਜ਼) ਦੀ ਵਰਤੋਂ ਨੂੰ ਨਾ ਸਿਰਫ ਕਾਬੂ ਕੀਤਾ ਹੈ ਸਗੋਂ ਨਿਯਮਤ ਵੀ ਕੀਤਾ ਗਿਆ ਹੈ। ਲਾਈਸੈਂਸ ਜਾਂ ਬਿਨਾਂ ਆਗਿਆ ਤੋਂ- ਕੋਈ ਵੀ ਕਿਸੇ ਅਜਿਹੇ ਪੌਦੇ ਦੀ ਖੇਤੀ ਨਹੀਂ ਕਰ ਸਕਦਾ, ਜਿਸ ਤੋਂ ਨਸ਼ੀਲੇ ਪਦਾਰਥ ਬਣਦੇ ਹਨ। ਨਸ਼ੀਲੇ ਪਦਾਰਥਾਂ ਜਾਂ ਦਵਾਈਆਂ ਨੂੰ ਬਨਾਉਣਾ, ਸੰਚਾਲਨ ਕਰਨਾ ਵੇਚਣਾ, ਖਰੀਦਣਾ, ਇਕ ਥਾਂ ਤੋਂ ਦੂਜੀ ਥਾਂ ਭੇਜਣਾ, ਆਯਾਤ/ਨਿਰਯਾਤ ਕਰਨਾ ਸਾਰੇ ਕਾਰਜਾਂ ਨੂੰ ਨਿਯਮਤ ਕਰ ਦਿੱਤਾ ਗਿਆ ਹੈ। ਅਸਲ ਵਿੱਚ ਮੂਲ ਰੂਪ ਵਿੱਚ ਚੌਕਸੀ ਰੱਖਣ ਦਾ ਕੰਮ ਮਾਦਕ ਨਿਯੰਤਰਣ ਬਿਊਰੋ ਦੁਆਰਾ ਕੀਤਾ ਜਾਂਦਾ ਹੈ, ਜਿਸ ਦੇ ਅਧੀਨ ਰਾਜ ਅੰਦਰ ਮਾਦਕ ਨਿਯੰਤਰਣ ਮੰਡਲ ਕੰਮ ਕਰਦੇ ਹਨ। ਇਸ ਤੋਂ ਇਲਾਵਾ ਕਰ ਅਤੇ ਆਬਕਾਰੀ ਵਿਭਾਗ, ਰੈਵੀਨਿਊ ਇਨਟੈਲੀਜੈਂਸ, ਕਰ ਚੌਕਸੀ ਵਿਭਾਗ ਅਤੇ ਪੈਰਾ ਮਿਲਟਰੀ, ਆਰਮਡ ਫੋਰਸਿਜ਼ ਆਦਿ ਵੀ ਇਸ ਤੇ ਕਾਬੂ ਪਾ ਰਹੇ ਹਨ। ਇਸ ਕਾਨੂੰਨ ਅਧੀਨ ਘੱਟ ਤੋਂ ਘੱਟ 10 ਸਾਲ ਦੀ ਸਜ਼ਾ ਅਤੇ ਘੱਟੋ ਘੱਟ 1 ਲੱਖ ਜ਼ੁਰਮਾਨਾ ਨਿਸ਼ਚਿਤ ਕੀਤਾ ਹੈ ਜੇਕਰ ਕੋਈ ਇਹਨਾਂ ਨਸ਼ੀਲੇ ਪਦਾਰਥਾਂ ਦਾ ਵਿਉਪਾਰ ਕਰਦਾ ਹੈ। ਇਸ ਕਾਨੂੰਨ ਦੇ ਅਨੁਸਾਰ, ਜਿਸ ਵਿਅਕਤੀ ਕੋਲ ਨਸ਼ਾ ਪਾਇਆ ਜਾਂਦਾ ਹੈ, ਭਾਵੇਂ ਉਹ ਮੰਨੇ ਜਾਂ ਨਾਂ ਮੰਨੇ, ਕਾਨੂੰਨ ਅਨੁਸਾਰ ਉਸੇ ਨੂੰ ਹੀ ਦੋਸ਼ੀ ਮੰਨਿਆ ਜਾਂਦਾ ਹੈ। ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਵਰਤੀ ਗਈ ਗੱਡੀ, ਅਤੇ ਇਹਨਾਂ ਨੂੰ ਛੁਪਾਉਣ ਜਾਂ ਵਰਤਣ ਵਾਲੀਆਂ ਥਾਵਾਂ ਨੂੰ ਜਬਤ ਕੀਤਾ ਜਾ ਸਕਦਾ ਹੈ। ਗੈਰ ਕਾਨੂੰਨੀ ਨਸ਼ੀਲੇ ਪਦਾਰਥਾਂ ਤੋਂ ਕਮਾਇਆ ਧਨ ਵੀ ਰਾਜ ਰਾਹੀਂ ਜਬਤ ਕੀਤਾ ਜਾ ਸਕਦਾ ਹੈ। ਇਹਨਾਂ ਅਪਰਾਧਕ ਮਾਮਲਿਆਂ ਨੂੰ ਸੁਲਝਾਉਣ ਲਈ ਵਿਸ਼ੇਸ ਅਦਾਲਤ ਵੀ ਕਾਇਮ ਕੀਤੀਆਂ ਗਈਆਂ ਹਨ। ਘੱਟ ਅਤੇ ਵੱਧ ਮਾਤਰਾ ਅਤੇ ਨਾਂ ਮਾਤਰਾ ਦੇ ਨਸ਼ੀਲੇ ਪਦਾਰਥਾਂ ਦੇ ਮਾਮਲਿਆਂ ਨੂੰ ਸੈਸਨ ਜੱਜ/ਸੀਨੀਅਰ ਜੱਜ ਦੇ ਸਨਮੁੱਖ ਸੁਣਵਾਈ ਕੀਤੀ ਜਾਂਦੀ ਹੈ।

**ਮਾਦਕ ਦਵਾਈਆਂ ਅਤੇ ਮਨੋਪ੍ਰਭਾਵੀ ਪਦਾਰਥ ਦਾ ਅਵੈਧ ਤਸਕਰੀ ਮਨਾਹੀ ਐਕਟ 1988 (Prevention of illicit Trafficking in Narcotic Drugs and Psychotorophic substances Act 1988)** ਐਨੇ ਸਖਤ ਅਤੇ ਡਰ ਵਾਲੀਆਂ ਕਾਨੂੰਨੀ ਵਿਵਸਥਾਵਾਂ ਜਿਹੜੀਆਂ ਕਿ narcotic Drugs and Psychotrophic Substances Act 1985 ਦੇ ਅਧੀਨ ਕੀਤੀਆਂ ਜਾਣ ਦੇ ਬਾਵਜੂਦ ਗੈਰ ਕਾਨੂੰਨੀ ਢੰਗ ਨਾਲ ਨਸ਼ੀਲੇ ਪਦਾਰਥ ਦੀ ਵਿਉਪਾਰ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਜਾ ਸਕਿਆ ਹੈ। ਤਸਕਰਾਂ ਦੀਆਂ ਗਤੀਵਿਧੀਆਂ ਤੇ ਪ੍ਰਭਾਵਸ਼ਾਲੀ ਰੂਪ ਨਾਲ ਰੋਕ ਲਗਾਉਣ ਲਈ ਇਕ ਨਿਵਾਰਕ ਨਜਰਬੰਦੀ ਕਨੂੰਨ ਬਣਾਇਆ ਗਿਆ ਹੈ ਪਰ ਇਸਦੇ ਨਾਲ-ਨਾਲ ਇੱਕ ਅਲਗ ਨਿਵਾਰਕ ਨਜ਼ਰਬੰਦੀ ਕਨੂੰਨ ਉਹਨਾਂ ਵਿਅਕਤੀਆਂ ਲਈ ਬਣਾਇਆ ਗਿਆ ਹੈ, ਜਿਹੜੇ ਵਿਅਕਤੀ ਮਨਾਹੀ ਕੀਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਲੱਗੇ ਹੋਏ ਹਨ।

**ਤੰਬਾਕੂਨੋਸ਼ੀ ਮਨਾਹੀ ਕਨੂੰਨ (Law Prohibiting Smoking) :** ਤੰਬਾਕੂ ਸਿਹਤ ਨਾਲ ਖਿਲਵਾੜ ਕਰਨ ਦਾ ਇੱਕ ਮੁੱਖ ਕਾਰਣ ਹੈ ਜਿਸ ਨਾਲ ਕੈਂਸਰ ਵਰਗੀ ਜਾਨ ਲੇਵਾ ਬਿਮਾਰੀ ਹੋ ਸਕਦੀ ਹੈ। ਫਰਵਰੀ 2005 ਤੋਂ ਤੰਬਾਕੂਨੋਸ਼ੀ ਦੀ ਸਰਬਜਨਕ ਥਾਵਾਂ ਜਿਵੇਂ, ਹਸਪਤਾਲ, ਸਿੱਖਿਆ ਸੰਸਥਾਵਾਂ, ਸਰਕਾਰੀ ਦਫਤਰਾਂ ਤੇ ਜਨਤਕ ਆਵਾਜਾਈ ਜਿਵੇਂ ਬੱਸਾਂ, ਰੇਲਵੇ ਆਦਿ ਤੇ ਪੂਰੀ ਤਰ੍ਹਾਂ ਮਨਾਹੀ ਕੀਤੀ ਗਈ ਹੈ। ਕੋਈ ਵੀ ਉਹ ਜਗ੍ਹਾ ਜਿੱਥੇ ਘੱਟੋ-ਘੱਟ 30 ਵਿਅਕਤੀਆਂ ਦੇ ਬੈਠਣ ਦੀ ਸਮਰੱਥਾ ਹੋਵੇ ਉੱਥੇ ਤੰਬਾਕੂਨੋਸ਼ੀ ਲਈ ਇੱਕ ਵੱਖਰਾ ਕਮਰਾ/ਥਾਂ ਦਾ ਇੰਤਜਾਮ ਕੀਤਾ ਜਾਵੇ ਜਿਵੇਂ ਕਿ ਅਸੀਂ ਏਅਰ ਪੋਰਟਾਂ (ਹਵਾਈ ਅੱਡਿਆਂ, ਹੋਟਲਾਂ, ਰੈਸਟਰਾਂ ਆਦਿ ਵਿੱਚ ਦੇਖਦੇ ਹਾਂ। ਇਹਨਾਂ ਥਾਵਾਂ ਤੇ 18 ਸਾਲ ਤੋਂ ਘੱਟ ਉਮਰ ਦਾ ਕੋਈ ਵੀ

ਵਿਅਕਤੀ ਦਾਖਲ ਨਹੀਂ ਹੋ ਸਕਦਾ। ਅਜਿਹੇ ਵੱਖਰੇ ਤੰਬਾਕੂਨੋਸ਼ੀ ਦੀਆਂ ਥਾਵਾਂ ਦੀ ਡਿਓਡੀ, ਤੇ ਇਹ ਲਿਖਣਾ ਜ਼ਰੂਰੀ ਹੈ ਕਿ ਤੰਬਾਕੂਨੋਸ਼ੀ ਸਿਹਤ ਲਈ ਹਾਨੀਕਾਰਕ ਹੈ। ਤੰਬਾਕੂਨੋਸ਼ੀ ਦੀ ਮਸ਼ਹੂਰੀ/ਇਸ਼ਤਿਹਾਰਬਾਜੀ ਦੀ ਕਿਸੇ ਵੀ ਕਿਸਮ ਵਿੱਚ ਮਨਾਹੀ ਕੀਤੀ ਗਈ ਹੈ। ਤੰਬਾਕੂਨੋਸ਼ੀ ਪਦਾਰਥਾਂ ਦੀ ਕਿਸੇ ਵੀ ਵੱਡੀ ਪੈਕਿੰਗਾਂ ਉੱਤੇ ਅੰਗਰੇਜੀ ਅਤੇ ਭਾਰਤੀ ਭਾਸ਼ਾਵਾਂ ਵਿੱਚ ਨਾ ਸਿਰਫ ਸ਼ਬਦੀ ਰੂਪ ਵਿੱਚ ਚਿਤਾਵਨੀ ਦਿੱਤੀ ਹੋਵੇ ਬਲਕਿ ਚਿੱਤਰਾਂ ਰਾਹੀਂ ਵੀ ਚਿਤਾਵਨੀ ਦੇਣੀ ਜ਼ਰੂਰੀ ਕੀਤੀ ਗਈ ਹੈ। ਤੰਬਾਕੂਨੋਸ਼ੀ ਵਾਲੇ ਪਦਾਰਥਾਂ ਦੀ ਪੈਕਿੰਗ ਪਰ ਅਤੇ ਸਿੱਧੇ ਅਤੇ ਅਸਿੱਧੇ ਤੌਰ 'ਤੇ ਵਰਤੋਂ ਕਰਨ ਲਈ ਕਿਸੇ ਕਿਸਮ ਦਾ ਚਿੱਤਰ, ਸੰਦੇਸ਼ (ਸੁਨੇਹਾ), ਪ੍ਰਤੀਰੂਪ ਆਦਿ ਦੀ ਵੀ ਮਨਾਹੀ ਕੀਤੀ ਗਈ ਹੈ। ਇਸ ਨਾਲ ਸੰਬੰਧਤ ਹੇਠ ਲਿਖਿਆ ਕਾਨੂੰਨ ਬਣਿਆ ਹੋਇਆ ਹੈ-

ਸਿਗਰਟ ਅਤੇ ਹੋਰ ਤੰਬਾਕੂ ਉਤਪਾਦ (ਇਸ਼ਤਿਹਾਰਬਾਜੀ ਅਤੇ ਵਣਜ-ਵਪਾਰ, ਉਤਪਾਦਨ, ਸਪਲਾਈ ਤੇ ਵੰਡ ਰੋਕਥਾਮ ਅੰਕਟ-2003)

The cigarettes and other tobacco products (Prohibition of Advertisement and Regulation of trade and commerce production, supply and distribution Act 2003 (COTPA)

'ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ' ਪੰਜਾਬ।